# ਸਿੰਘ ਸਭਾ ਲਹਿਰ: ਚੁਣੌਤੀਆਂ ਅਤੇ ਪ੍ਰਾਪਤੀਆਂ

ਫ਼ੈਕਲਟੀ ਆਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀਜ਼ ਅਧੀਨ

ਪੀ-ਐੱਚ.ਡੀ. (ਧਰਮ ਅਧਿਐਨ)

ਦੀ ਡਿਗਰੀ ਹਿਤ ਪੇਸ਼

ਖੋਜ-ਪ੍ਰਬੰਧ

**ਅਗਸਤ-2021**


ਨਿਗਰਾਨ | ਖੋਜਾਰਥੀ

ਡਾ. ਹਰਦੇਵ ਸਿੰਘ | ਹਰਜੀਤ ਸਿੰਘ

ਸਹਾਇਕ ਪ੍ਰੋਫ਼ੈਸਰ | (ਰਜਿ. ਨੰ.: 1510902)

**ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ**

**ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ**

**ਫ਼ਤਿਹਗੜ੍ਹ ਸਾਹਿਬ**

## ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਹਰਜੀਤ ਸਿੰਘ ਨੇ 'ਸਿੰਘ ਸਭਾ ਲਹਿਰ: ਚੁਣੌਤੀਆਂ ਅਤੇ ਪ੍ਰਾਪਤੀਆਂ' ਵਿਸ਼ੇ ਉੱਤੇ ਪੀ-ਐੱਚ.ਡੀ. ਦੀ ਡਿਗਰੀ ਲਈ ਖੋਜ-ਪ੍ਰਬੰਧ ਮੇਰੀ ਨਿਗਰਾਨੀ ਹੇਠ ਤਿਆਰ ਕੀਤਾ ਹੈ। ਇਹ ਖੋਜ-ਪ੍ਰਬੰਧ ਪਹਿਲਾਂ ਕਿਸੇ ਡਿਗਰੀ ਲਈ ਪੇਸ਼ ਨਹੀਂ ਹੋਇਆ। ਇਹ ਖੋਜਾਰਥੀ ਦੀ ਮੌਲਿਕ ਖੋਜ ਅਤੇ ਮਿਹਨਤ ਦਾ ਸਿੱਟਾ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਪੀ-ਐੱਚ.ਡੀ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਵਾਸਤੇ ਪੇਸ਼ ਕਰਨ ਦੀ ਸਿਫ਼ਾਰਸ਼ ਕਰਦਾ ਹਾਂ।

ਮਿਤੀ: 23 ਅਗਸਤ, 2021

ਡਾ. ਹਰਦੇਵ ਸਿੰਘ
ਸਹਾਇਕ ਪ੍ਰੋਫ਼ੈਸਰ
ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ

# ਐਲਾਨਨਾਮਾ

ਮੈਂ ਬਿਆਨ ਕਰਦਾ ਹਾਂ ਕਿ 'ਸਿੰਘ ਸਭਾ ਲਹਿਰ: ਚੁਣੌਤੀਆਂ ਅਤੇ ਪ੍ਰਾਪਤੀਆਂ' ਵਿਸ਼ੇ ਉੱਪਰ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਖੋਜ-ਕਾਰਜ ਉੱਪਰ ਕਿਸੇ ਵੀ ਯੂਨੀਵਰਸਿਟੀ ਜਾਂ ਵਿੱਦਿਅਕ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਨਹੀਂ ਦਿੱਤਾ ਗਿਆ।

ਨਿਗਰਾਨ

ਖੋਜਾਰਥੀ

ਡਾ. ਹਰਦੇਵ ਸਿੰਘ
ਸਹਾਇਕ ਪ੍ਰੋਫੈਸਰ
ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ

ਹਰਜੀਤ ਸਿੰਘ
(ਰਜਿ. ਨੰ.: 1510902)

# ਤੱਤ-ਸਾਰ

ਉਨ੍ਹੀਵੀਂ ਸਦੀ ਵਿਚ ਸਿੱਖ ਪੰਥ ਅੰਦਰ ਪੈਦਾ ਹੋਈਆਂ ਲਹਿਰਾਂ ਵਿਚ ਸਿੰਘ ਸਭਾ ਲਹਿਰ ਦਾ ਪ੍ਰਮੁੱਖ ਸਥਾਨ ਹੈ। ਇਸ ਸਦੀ ਦੇ ਦੂਜੇ ਅੱਧ ਦੌਰਾਨ ਗੁਰਦੁਆਰਿਆਂ ਉੱਪਰ ਮਹੰਤਾਂ ਦਾ ਕਬਜ਼ਾ, ਮਸੀਹੀ ਮਿਸ਼ਨਰੀਆਂ ਦੀ ਧਰਮ ਪਰਿਵਰਤਨ ਲਹਿਰ, ਸਿੱਖੀ ਉੱਪਰ ਆਰੀਆ ਸਮਾਜ ਦੇ ਸਿਧਾਂਤਕ ਹਮਲੇ, ਮਨਮਤਿ ਦਾ ਪ੍ਰਭਾਵ ਅਤੇ ਵਹਿਮਾਂ-ਭਰਮਾਂ ਦੀ ਭਰਮਾਰ ਸਦਕਾ ਸਿੱਖ ਪੰਥ ਗੁਰਮਤਿ ਦੇ ਨਿਰਮਲ ਉਪਦੇਸ਼ ਤੋਂ ਦੂਰ ਹੋ ਰਿਹਾ ਸੀ। ਬਹੁਤ ਸਾਰੇ ਮਾਣ-ਪ੍ਰਤਿਸ਼ਠਾ ਵਾਲੇ ਸਿੱਖ ਮਸੀਹੀ, ਮੁਸਲਮਾਨ ਜਾਂ ਆਰੀਆ ਸਮਾਜੀ ਬਣ ਗਏ। ਵੱਖ-ਵੱਖ ਫਿਰਕਿਆਂ ਦੇ ਪ੍ਰਚਾਰਕਾਂ ਤੇ ਲੇਖਕਾਂ ਨੇ ਸਿੱਖ ਪਛਾਣ ਨੂੰ ਖਤਮ ਕਰਨ ਲਈ ਗੁਰੂ ਸਾਹਿਬਾਨ ਬਾਰੇ ਕਈ ਅਯੋਗ ਗੱਲਾਂ ਕੀਤੀਆਂ। ਸਿੱਖ ਇਤਿਹਾਸ ਨੂੰ ਗਲਤ ਧਾਰਨਾਵਾਂ ਸਹਿਤ ਪੇਸ਼ ਕੀਤਾ ਗਿਆ ਅਤੇ ਗੁਰਬਾਣੀ ਦੇ ਗਲਤ ਅਰਥ ਪ੍ਰਚਲਿਤ ਕੀਤੇ ਗਏ। ਪੰਜਾਬ ਦੇ ਸਰਕਾਰੀ ਤੇ ਗ਼ੈਰ-ਸਰਕਾਰੀ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਦੀ ਥਾਂ ਹੋਰਨਾਂ ਭਾਸ਼ਾਵਾਂ ਦੀ ਪੜ੍ਹਾਈ ਸ਼ੁਰੂ ਕੀਤੀ ਗਈ। ਇਸ ਦੌਰ ਵਿਚ ਸਿੱਖ ਪੰਥ ਨੂੰ ਧਾਰਮਿਕ, ਸਮਾਜਿਕ, ਵਿੱਦਿਅਕ ਅਤੇ ਰਾਜਨੀਤਿਕ ਤੌਰ 'ਤੇ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਸਿੱਖ ਪੰਥ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਮੁਕਤ ਕਰਵਾਉਣ ਅਤੇ ਸਿੱਖੀ ਦੀ ਪੁਨਰ-ਸੁਰਜੀਤੀ ਲਈ ਸਿੱਖ ਬੁੱਧੀਜੀਵੀ ਵਰਗ ਨੇ ਸਿੰਘ ਸਭਾ ਲਹਿਰ ਦੀ ਸਥਾਪਨਾ ਕੀਤੀ। ਇਸ ਲਹਿਰ ਵੱਲੋਂ ਆਪਣੇ ਸ਼ੁਰੂਆਤੀ ਵਰ੍ਹੇ ਤੋਂ ਹੀ ਸਿੱਖ ਸਿਧਾਂਤ, ਇਤਿਹਾਸ, ਮਰਯਾਦਾ ਅਤੇ ਪਰੰਪਰਾ ਆਦਿ ਸੰਬੰਧੀ ਸਿੱਖ ਸਮਾਜ ਅੰਦਰ ਜਾਗ੍ਰਿਤੀ ਪੈਦਾ ਕੀਤੀ ਗਈ। ਇਸ ਦੌਰਾਨ ਅਨੇਕਾਂ ਸਿਰੜੀ ਸਿੱਖ ਇਸ ਲਹਿਰ ਨਾਲ ਜੁੜਦੇ ਚਲੇ ਗਏ, ਜਿਨ੍ਹਾਂ ਵਿਚੋਂ ਭਾਈ ਗੁਰਮੁਖ ਸਿੰਘ, ਭਾਈ ਹਰਸਾ ਸਿੰਘ, ਗਿਆਨੀ ਦਿੱਤ ਸਿੰਘ ਅਤੇ ਭਾਈ ਜਵਾਹਰ ਸਿੰਘ ਆਦਿ ਪ੍ਰਮੁੱਖ ਸਨ।

ਮੂਲ ਰੂਪ ਵਿਚ ਸਿੰਘ ਸਭਾ ਲਹਿਰ ਦਾ ਮੁੱਖ ਮਨੋਰਥ ਸਿੱਖ ਸਮਾਜ ਨੂੰ ਆਪੇ ਦੀ ਪਛਾਣ ਕਰਵਾਉਣਾ ਸੀ। ਗੁਰੂ ਸਾਹਿਬਾਨ ਨੇ ਜਿਸ ਨਿਰਮਲ ਪੰਥ ਦੀ ਬੁਨਿਆਦ ਰੱਖੀ ਸੀ, ਸਿੰਘ ਸਭਾ ਲਹਿਰ ਨੇ ਸਿੱਖ ਸਮਾਜ ਨੂੰ ਉਸੇ ਬੁਨਿਆਦ ਦੀਆਂ ਜੜ੍ਹਾਂ ਨਾਲ ਜੋੜਨ ਲਈ ਯਤਨ ਕੀਤੇ ਅਤੇ ਸਿੱਖ ਸਮਾਜ ਜੋ ਕੁਝ ਸਮੇਂ ਤੋਂ ਅਵੇਸਲੇਪਨ ਦਾ ਸ਼ਿਕਾਰ ਸੀ, ਉਸ ਵਿਚ ਜਾਗ੍ਰਿਤੀ ਦੀ ਨਵੀਂ ਲਹਿਰ ਛੇੜ ਦਿੱਤੀ।

ਹੱਥਲੇ ਖੋਜ-ਕਾਰਜ 'ਸਿੰਘ ਸਭਾ ਲਹਿਰ: ਚੁਣੌਤੀਆਂ ਅਤੇ ਪ੍ਰਾਪਤੀਆਂ' ਵਿਚ ਸਿੰਘ ਸਭਾ ਲਹਿਰ ਨੂੰ ਦਰਪੇਸ਼ ਚੁਣੌਤੀਆਂ ਅਤੇ ਪ੍ਰਾਪਤੀਆਂ ਦਾ ਅਧਿਐਨ ਕਰਨ ਦਾ ਯਤਨ ਕੀਤਾ ਹੈ। ਇਸ ਖੋਜ-ਕਾਰਜ ਵਿਚ ਸਿੰਘ ਸਭਾ ਲਹਿਰ ਸ਼ੁਰੂ ਹੋਣ ਦੇ ਕਾਰਨਾਂ ਦਾ ਅਧਿਐਨ ਕਰਦੇ ਹੋਏ ਇਸ ਲਹਿਰ ਦੇ ਸਮੁੱਚੇ ਇਤਿਹਾਸਕ ਪਰਿਪੇਖ ਦਾ ਅਧਿਐਨ ਕੀਤਾ ਗਿਆ ਹੈ। ਉਸ ਸਮੇਂ ਸਿੰਘ ਸਭਾ ਲਹਿਰ ਸਾਹਮਣੇ ਗੁਰਦੁਆਰਿਆਂ ਅੰਦਰ ਗੁਰਮਤਿ ਮਰਯਾਦਾ ਲਾਗੂ ਕਰਨਾ ਪ੍ਰਮੁੱਖ ਚੁਣੌਤੀ ਸੀ ਕਿਉਂਕਿ ਉਸ ਸਮੇਂ ਜ਼ਿਆਦਾਤਰ ਗੁਰਦੁਆਰੇ ਮਹੰਤਾਂ ਦੇ ਕਬਜ਼ੇ ਵਿਚ ਸਨ ਅਤੇ

ਉੱਥੇ ਉਹ ਆਪਣੀ ਮਨ-ਮਰਜ਼ੀ ਕਰਦੇ ਸਨ। ਇਨ੍ਹਾਂ ਉੱਪਰ ਵੈਦਿਕ ਪਰੰਪਰਾ ਦਾ ਪ੍ਰਭਾਵ ਪ੍ਰਤੱਖ ਸੀ ਅਤੇ ਇਹ ਗੁਰਦੁਆਰਿਆਂ ਅੰਦਰ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਰੱਖ ਕੇ ਉਨ੍ਹਾਂ ਦੀ ਪੂਜਾ ਕਰਦੇ ਸਨ। ਮਸੀਹੀ ਮਿਸ਼ਨਰੀਆਂ, ਆਰੀਆ ਸਮਾਜੀਆਂ ਅਤੇ ਇਸਲਾਮ ਦਾ ਪ੍ਰਚਾਰ ਵੀ ਸਿੰਘ ਸਭਾ ਲਹਿਰ ਨੂੰ ਚੁਣੌਤੀ ਵਜੋਂ ਪੇਸ਼ ਹੋਇਆ। ਇਨ੍ਹਾਂ ਦੇ ਪ੍ਰਚਾਰ ਕਾਰਨ ਪੰਜਾਬ ਦੇ ਵਾਸੀ ਮਸੀਹੀ, ਆਰੀਆ ਸਮਾਜੀ ਅਤੇ ਮੁਸਲਮਾਨ ਬਣਨ ਲੱਗੇ ਜਿਸ ਕਾਰਨ ਸਿੱਖਾਂ ਦੀ ਗਿਣਤੀ ਲਗਾਤਾਰ ਘਟਣ ਲੱਗੀ। ਇਸ ਤੋਂ ਇਲਾਵਾ ਮਾਤਭਾਸ਼ਾ ਪੰਜਾਬੀ ਦਾ ਪੰਜਾਬ ਦੇ ਸਕੂਲਾਂ-ਕਾਲਜਾਂ ਵਿਚੋਂ ਗੈਰ-ਹਾਜ਼ਰ ਹੋਣਾ, ਗੈਰ-ਸਿੱਖ ਲੇਖਕਾਂ ਵੱਲੋਂ ਗੁਰਬਾਣੀ ਦੇ ਸਿਧਾਂਤਕ ਨੁਕਤੇ ਸਮਝੇ ਬਿਨਾਂ ਗੁਰਬਾਣੀ ਦੀ ਗਲਤ ਵਿਆਖਿਆ ਕਰਨਾ ਅਤੇ ਗੈਰ-ਸਿੱਖ ਲੇਖਕਾਂ ਦੁਆਰਾ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨਾ ਅਤੇ ਪਰੰਪਰਾਵਾਦੀ ਇਤਿਹਾਸ ਉੱਪਰ ਵੈਦਿਕ ਪਰੰਪਰਾ ਦਾ ਪ੍ਰਭਾਵ ਹੋਣਾ ਆਦਿ ਚੁਣੌਤੀਆਂ ਦਾ ਅਧਿਐਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਿੱਖੀ ਉੱਪਰ ਪਏ ਮਨਮਤਿ ਦੇ ਪ੍ਰਭਾਵ, ਸਮਾਜਿਕ ਕੁਰੀਤੀਆਂ ਅਤੇ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਨੂੰ ਵੀ ਵਿਚਾਰਨ ਦਾ ਯਤਨ ਕੀਤਾ ਗਿਆ ਹੈ।

ਸਿੰਘ ਸਭਾ ਲਹਿਰ ਦੀਆਂ ਪ੍ਰਾਪਤੀਆਂ ਵਜੋਂ ਸਿੱਖ ਪਛਾਣ ਨੂੰ ਕਾਇਮ ਰੱਖਣ, ਸਿੱਖ ਸਮਾਜ ਵਿਚ ਪੈਦਾ ਹੋਈਆਂ ਕੁਰੀਤੀਆਂ ਨੂੰ ਠੱਲ੍ਹ ਪਾਉਣ; ਸਿੱਖ ਰਹਿਤ ਮਰਯਾਦਾ, ਗੁਰਬਾਣੀ ਵਿਆਖਿਆ ਅਤੇ ਸਿੱਖ ਇਤਿਹਾਸ ਦੀ ਪੇਸ਼ਕਾਰੀ ਨੂੰ ਨਵੀਂ ਦਿਸ਼ਾ ਦੇਣ ਅਤੇ ਗੁਰਮਤਿ ਪ੍ਰਚਾਰ ਲਈ ਇਸ ਲਹਿਰ ਵੱਲੋਂ ਕੀਤੇ ਗਏ ਕਾਰਜਾਂ ਦਾ ਅਧਿਐਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇਸ ਲਹਿਰ ਦੁਆਰਾ ਵਿੱਦਿਆ ਦੇ ਪਾਸਾਰ, ਪੰਜਾਬੀ ਭਾਸ਼ਾ ਵਿਚ ਸਾਹਿਤ ਸਿਰਜਣਾ, ਪੰਜਾਬੀ ਪੱਤਰਕਾਰੀ ਦੀ ਸ਼ੁਰੂਆਤ ਸੰਬੰਧੀ ਕੀਤੇ ਮਹੱਤਵਪੂਰਨ ਕਾਰਜਾਂ ਨੂੰ ਅਧਿਐਨ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਿੱਖ ਵਿਦਵਾਨ ਪੈਦਾ ਕਰਨ ਅਤੇ ਸਿੱਖਾਂ ਨੂੰ ਰਾਜਨੀਤਿਕ ਤੌਰ ’ਤੇ ਜਥੇਬੰਦ ਕਰਨ ਵਿਚ ਇਸ ਲਹਿਰ ਦੀ ਮਹੱਤਵਪੂਰਨ ਦੇਣ ਹੈ, ਜਿਨ੍ਹਾਂ ਨੂੰ ਇਸ ਖੋਜ-ਕਾਰਜ ਵਿਚ ਵਿਚਾਰਨ ਦਾ ਯਤਨ ਕੀਤਾ ਗਿਆ ਹੈ।

## ਸੰਕੇਤ

ਹੱਥਲੇ ਖੋਜ-ਪ੍ਰਬੰਧ ਵਿਚ ਜੋ ਸ਼ਬਦ ਲਘੂ ਰੂਪ ਵਿਚ ਵਰਤੇ ਗਏ ਹਨ ਉਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:

| | | |
|---|---|---|
| ਸੰਪਾ. | – | ਸੰਪਾਦਕ |
| ਸੰਸ਼ੋ. | – | ਸੰਸ਼ੋਧਕ |
| ਅਨੁ. | – | ਅਨੁਵਾਦਕ |
| ਨੰ. | – | ਨੰਬਰ |
| ਜਿ. | – | ਜਿਲਦ ਨੰਬਰ |
| ed | - | Editer |
| p | - | Page Number |
| pp | - | Page Numbers |

# ਤਤਕਰਾ


**ਭੂਮਿਕਾ** **i-iii**

**ਅਧਿਆਇ ਪਹਿਲਾ**

**ਸਿੰਘ ਸਭਾ ਲਹਿਰ ਦਾ ਪਿਛੋਕੜ** **1–17**

**ਅਧਿਆਇ ਦੂਜਾ**

**ਸਰਵੇਖਣ ਅਤੇ ਮੁਲਾਂਕਣ** **18–35**

**ਅਧਿਆਇ ਤੀਜਾ**

**ਸਿੰਘ ਸਭਾ ਲਹਿਰ: ਇਤਿਹਾਸਕ ਸੰਦਰਭ** **36–63**

3.1. ਸਿੰਘ ਸਭਾ ਲਹਿਰ ਸ਼ੁਰੂ ਹੋਣ ਦੇ ਕਾਰਨ 36

3.2. ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ 37

3.3. ਸਿੰਘ ਸਭਾ ਲਹਿਰ ਦਾ ਵਿਕਾਸ 40

3.4. ਪ੍ਰੋ. ਗੁਰਮੁਖ ਸਿੰਘ ਦੀ ਸ਼ਮੂਲੀਅਤ 41

3.5. ਗਿਆਨੀ ਦਿੱਤ ਸਿੰਘ ਦੀ ਸ਼ਮੂਲੀਅਤ 44

3.6. ਸਿੰਘ ਸਭਾ, ਲਾਹੌਰ ਦੀ ਸਥਾਪਨਾ 47

3.7. ਸ੍ਰੀ ਗੁਰੂ ਸਿੰਘ ਸਭਾ ਜਨਰਲ 50

3.8. ਸ੍ਰੀ ਗੁਰੂ ਸਿੰਘ ਸਭਾ ਤੇ ਸ੍ਰੀ ਗੁਰੂ ਹਿਤਕਾਰਨੀ ਸਿੰਘ ਸਭਾ 51

3.9. ਖ਼ਾਲਸਾ ਦੀਵਾਨ, ਅੰਮ੍ਰਿਤਸਰ 52

3.10. ਆਗੂਆਂ ਵਿਚ ਮਤਭੇਦ 55

3.11. ਖ਼ਾਲਸਾ ਦੀਵਾਨ, ਲਾਹੌਰ ਦੀ ਸਥਾਪਨਾ 56

3.12. ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ 60

**ਅਧਿਆਇ ਚੌਥਾ**

**ਸਿੰਘ ਸਭਾ ਲਹਿਰ: ਪ੍ਰਮੁੱਖ ਚੁਣੌਤੀਆਂ** **64–127**

4.1. ਅੰਦਰੂਨੀ ਚੁਣੌਤੀਆਂ 64

4.1.1. ਮਹੰਤਵਾਦ 64

4.1.1.1. ਸਿੱਖ ਧਰਮ ਵਿਚ ਗੁਰਦੁਆਰੇ ਦਾ ਮਹੱਤਵ 64

4.1.1.2. ਮਹੰਤਵਾਦ ਦਾ ਸ਼ੁਰੂਆਤ 67

4.1.1.3. ਮਹੰਤਵਾਦ ਦਾ ਪ੍ਰਭਾਵ 69

4.1.2. ਕੇਂਦਰੀ ਜਥੇਬੰਦੀ ਦੀ ਅਣਹੋਂਦ 70

4.1.3. ਰਹਿਤ-ਮਰਯਾਦਾ ਸੰਬੰਧੀ ਭੁਲੇਖੇ 71

4.1.4. ਸਿੱਖ ਇਤਿਹਾਸ ਦੀ ਪੇਸ਼ਕਾਰੀ 74

4.1.4.1. ਵਿਗਿਆਨਕ ਦ੍ਰਿਸ਼ਟੀਕੋਣ ਦੀ ਵਿਰੋਧਤਾ 77

4.1.5. ਦੇਹਧਾਰੀ ਗੁਰੂ ਡੰਮ 79

4.1.5.1. ਨਿਰੰਕਾਰੀ ਗੁਰੂ ਡੰਮ 80

4.1.5.2. ਨਾਮਧਾਰੀ ਗੁਰੂ ਡੰਮ੍ਹ 81

4.1.5.3 ਬੇਦੀ, ਸੋਢੀ ਅਤੇ ਭੱਲੇ 81

4.1.6. ਪਤਿਤਪੁਣਾ 82

4.1.7. ਇਸਤਰੀ ਦੀ ਦਸ਼ਾ 83

4.1.8. ਜਾਤ-ਪਾਤ 87

4.1.9. ਨਸ਼ਾ 90

4.1.10. ਪੰਜਾਬੀ ਭਾਸ਼ਾ 92

4.1.11. ਗੁਰਬਾਣੀ ਵਿਆਖਿਆ ਸੰਬੰਧੀ ਚੁਣੌਤੀਆਂ 94

4.1.12. ਸਿੱਖ ਪੁਰਬਾਂ ਸੰਬੰਧੀ ਅਵੇਸਲਾਪਣ 98

4.1.12.1. ਪ੍ਰਕਾਸ਼ ਪੁਰਬ 99

4.1.12.2. ਗੁਰਿਆਈ ਪੁਰਬ 99

4.1.12.3. ਜੋਤੀ-ਜੋਤਿ ਅਤੇ ਸ਼ਹੀਦੀ ਪੁਰਬ 99

4.1.12.4. ਬੰਦੀ ਛੋੜ ਦਿਹਾੜਾ 99

4.1.12.5. ਖ਼ਾਲਸਾ ਸਾਜਨਾ ਦਿਹਾੜਾ 99

4.1.12.6. ਹੋਲਾ-ਮਹੱਲਾ 100

4.1.12.7. ਗੁਰਸਿੱਖਾਂ ਦੇ ਇਤਿਹਾਸਕ ਪੁਰਬ 100

4.1.12.8. ਸਿੱਖ ਸ਼ਹੀਦੀ ਪੁਰਬ 100

4.1.13. ਮਨਮਤਿ ਦਾ ਪ੍ਰਭਾਵ 103

4.1.13.1. ਸਖੀ ਸਰਵਰ 103

4.1.13.2. ਗੁੱਗਾ 105
4.1.13.3. ਸੀਤਲਾ ਪੂਜਾ 105
4.1.13.4. ਵਰਤ 106
4.1.13.5. ਸਰਾਧ 107
4.1.13.6. ਸੰਸਕਾਰਾਂ ਸੰਬੰਧੀ ਕਰਮਕਾਂਡ 108
4.1.13.7. ਵਹਿਮ-ਭਰਮ 109
4.2. ਬਾਹਰੀ ਚੁਣੌਤੀਆਂ 110
4.2.1. ਮਸੀਹੀ ਮਿਸ਼ਨਰੀ 110
4.2.1.1. ਮਸੀਹੀ ਮਿਸ਼ਨਰੀਆਂ ਦਾ ਸਿੱਖੀ ਉੱਪਰ ਪ੍ਰਭਾਵ 112
4.2.1.2. ਸਿੱਖ ਪੁਨਰ-ਜਾਗ੍ਰਿਤੀ 114
4.2.2. ਆਰੀਆ ਸਮਾਜ 115
4.2.2.1. ਪੰਜਾਬ ਵਿਚ ਆਰੀਆ ਸਮਾਜ 116
4.2.3. ਸਿੱਖ ਪਛਾਣ 119
4.2.4. ਧਰਮ ਪਰਿਵਰਤਨ 123
4.2.5. ਪੱਛਮੀ ਸੱਭਿਆਚਾਰ 125
4.2.5.1. ਭਾਸ਼ਾ 125
4.2.5.2. ਧਾਰਮਿਕ ਵਿਸ਼ਵਾਸ਼ 125
4.2.5.3. ਸਿੱਖ ਸੰਸਥਾਵਾਂ 126
4.2.5.4. ਰੀਤੀ-ਰਿਵਾਜ 126
4.2.5.5. ਪਹਿਰਾਵਾ 127
**ਅਧਿਆਇ ਪੰਜਵਾਂ**
**ਸਿੰਘ ਸਭਾ ਲਹਿਰ: ਪ੍ਰਮੁੱਖ ਪ੍ਰਾਪਤੀਆਂ 128–226**
5.1. ਗੁਰਮਤਿ ਪ੍ਰਚਾਰ 128
5.2. ਗੁਰਮਤਿ ਮਰਯਾਦਾ ਦੀ ਮੁੜ ਸੁਰਜੀਤੀ 132
5.3. ਸਿੱਖ ਪਛਾਣ 138
5.3.1. ਹਮ ਹਿੰਦੂ ਨਹੀਂ 138
5.3.2. ਮਸੀਹੀ ਮਿਸ਼ਨਰੀਆਂ ਨੂੰ ਜਵਾਬ 145

5.3.3. ਅਹਿਮਦੀਆ ਲਹਿਰ ਅਤੇ ਸਿੰਘ ਸਭਾ ਲਹਿਰ 148
5.4. ਗੁਰਬਾਣੀ ਵਿਆਖਿਆ ਲਈ ਯੋਗਦਾਨ 151
5.4.1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ (ਫਰੀਦਕੋਟੀ ਟੀਕਾ) 153
5.4.2. The Sikh Religion 155
5.4.3. ਬਾਣੀ ਬਿਓਰਾ 158
5.4.4. ਸ਼ਬਦ-ਬ੍ਰਿਤੀ ਪ੍ਰਕਾਸ਼ 158
5.4.5. ਗੁਰਮਤਿ ਪ੍ਰਭਾਕਰ 159
5.4.6. ਗੁਰੁਛੰਦ ਦਿਵਾਕਰ 160
5.4.7. ਗੁਰਸ਼ਬਦਾਲੰਕਾਰ 160
5.4.8. ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ 160
5.4.9. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ 161
5.4.10. ਸ੍ਰੀ ਗੁਰੂ ਗ੍ਰੰਥ ਕੋਸ਼ 162
5.4.11. ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ 163
5.4.12. ਟ੍ਰੈਕਟ 165
5.4.13. ਸ੍ਰੀ ਦਸਮ ਗ੍ਰੰਥ ਬਾਣੀ 166
5.4.14. ਹੋਰ ਯਤਨ 166
5.5. ਸਿੱਖ ਇਤਿਹਾਸਕਾਰੀ ਨੂੰ ਦੇਣ 168
5.5.1. ਵਾਰਤਕ ਸ਼ੈਲੀ ਦੀ ਸ਼ੁਰੂਆਤ 169
5.5.2. ਮਿਤੀਆਂ ਸੰਬੰਧੀ ਨਿਰਣਾ 170
5.5.3. ਇਤਿਹਾਸ ਖੋਜੀ ਸੰਸਥਾਵਾਂ ਦੀ ਸਥਾਪਨਾ 172
5.5.4. ਇਤਿਹਾਸਕ ਸਰੋਤਾਂ ਦਾ ਸੰਪਾਦਨ 172
5.5.5. ਗਿਆਨੀ ਦਿੱਤ ਸਿੰਘ ਦੀਆਂ ਰਚਨਾਵਾਂ 174
5.5.6. ਭਾਈ ਵੀਰ ਸਿੰਘ ਦੀਆਂ ਰਚਨਾਵਾਂ 175
5.5.7. ਟ੍ਰੈਕਟ 176
5.5.8. ਹੋਰ ਯਤਨ 177
5.6. ਸਮਾਜਕ ਸੁਧਾਰ 178
5.6.1. ਜਾਤ-ਪਾਤ 179

5.6.2. ਇਸਤਰੀ ਦਸ਼ਾ ਵਿਚ ਸੁਧਾਰ 182
5.6.3. ਨਸ਼ਾਖੋਰੀ ਦਾ ਵਿਰੋਧ 184
5.6. ਵਿੱਦਿਅਕ ਪ੍ਰਾਪਤੀਆਂ 185
5.6.1. ਪੰਜਾਬ ਅੰਦਰ ਪ੍ਰਚੱਲਿਤ ਵਿੱਦਿਅਕ ਢਾਂਚਾ 185
5.6.2. ਸਿੱਖ ਵਿੱਦਿਅਕ ਲਹਿਰ 186
5.6.3. ਬਾਬਾ ਖੇਮ ਸਿੰਘ ਬੇਦੀ ਵੱਲੋਂ ਸ਼ੁਰੂ ਕੀਤੇ ਸਕੂਲ 187
5.6.4. ਸਿੱਖ ਕੰਨਯਾ ਮਹਾਂਵਿਦਿਆਲਾ, ਫੀਰੋਜ਼ਪੁਰ 188
5.6.5. ਖ਼ਾਲਸਾ ਕਾਲਜ, ਅੰਮ੍ਰਿਤਸਰ 190
5.6.6. ਸਿੱਖ ਐਜੂਕੇਸਨਲ ਕਾਨਫ਼ਰੰਸ 193
5.7. ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਦੇਣ 196
5.7.1. ਪੰਜਾਬੀ ਭਾਸ਼ਾ ਨੂੰ ਦੇਣ 197
5.7.2. ਪੰਜਾਬੀ ਸਾਹਿਤ ਰਚਨਾ 201
5.7.3. ਸਿੱਖ ਵਿਦਵਾਨ ਪੈਦਾ ਕਰਨਾ 206
5.7.3.1 ਪ੍ਰੋ. ਗੁਰਮੁਖ ਸਿੰਘ 207
5.7.3.2. ਗਿਆਨੀ ਦਿੱਤ ਸਿੰਘ 208
5.7.3.3. ਗਿਆਨੀ ਗਿਆਨ ਸਿੰਘ 210
5.7.3.4. ਚਰਨ ਸਿੰਘ 211
5.7.3.5. ਭਾਈ ਕਾਨ੍ਹ ਸਿੰਘ ਨਾਭਾ 212
5.7.3.6. ਭਾਈ ਵੀਰ ਸਿੰਘ 213
5.7.3.7. ਹੋਰ ਵਿਦਵਾਨ 215
5.8. ਪੰਜਾਬੀ ਪੱਤਰਕਾਰੀ ਨੂੰ ਦੇਣ 215
5.8.1. ਭਾਰਤ ਵਿਚ ਪੱਤਰਕਾਰੀ ਦਾ ਇਤਿਹਾਸ 216
5.8.2. ਪੰਜਾਬੀ ਪੱਤਰਕਾਰੀ ਦੀ ਸ਼ੁਰੂਆਤ 217
5.8.3. ਸਿੰਘ ਸਭਾ ਲਹਿਰ ਦੀ ਪੰਜਾਬੀ ਪੱਤਰਕਾਰੀ ਨੂੰ ਦੇਣ 217
5.8.3.1. ਅਕਾਲ ਪ੍ਰਕਾਸ਼ 218
5.8.3.2. ਗੁਰਮੁਖੀ ਅਖ਼ਬਾਰ 218
5.8.3.3. ਵਿਦਯਾਰਕ ਪੰਜਾਬ 219

5.8.3.4. ਸ੍ਰੀ ਗੁਰਮਤਿ ਪ੍ਰਕਾਸ਼ਕ 220
5.8.3.5. ਸੁਧਾਰਾਰਕ 220
5.8.3.6. ਖ਼ਾਲਸਾ ਅਖ਼ਬਾਰ 221
5.8.3.7. ਸਿੰਘ ਸਭਾ ਗਜ਼ਟ 222
5.8.3.8. ਖ਼ਾਲਸਾ ਧਰਮ ਪ੍ਰਚਾਰਕ 222
5.8.3.9. ਨਿਰਗੁਣੀਆਰਾ 223
5.8.3.10. ਖ਼ਾਲਸਾ ਸਮਾਚਾਰ 224
**ਸਾਰਾਂਸ਼ 227–230**
**ਪੁਸਤਕ ਸੂਚੀ 231–241**

# ਭੂਮਿਕਾ

ਉਨ੍ਹੀਵੀਂ ਸਦੀ ਵਿਚ ਸਿੱਖ ਪੰਥ ਅੰਦਰ ਪੈਦਾ ਹੋਈਆਂ ਲਹਿਰਾਂ ਵਿਚ ਸਿੰਘ ਸਭਾ ਲਹਿਰ ਦਾ ਪ੍ਰਮੁੱਖ ਸਥਾਨ ਹੈ। ਇਸ ਸਦੀ ਦੇ ਦੂਜੇ ਅੱਧ ਦੌਰਾਨ ਗੁਰਦੁਆਰਿਆਂ ਉੱਪਰ ਮਹੰਤਾਂ ਦਾ ਕਬਜ਼ਾ, ਮਸੀਹੀ ਮਿਸ਼ਨਰੀਆਂ ਦੀ ਧਰਮ ਪਰਿਵਰਤਨ ਲਹਿਰ, ਸਿੱਖੀ ਉੱਪਰ ਆਰੀਆ ਸਮਾਜ ਦੇ ਸਿਧਾਂਤਕ ਹਮਲੇ, ਮਨਮਤਿ ਦਾ ਪ੍ਰਭਾਵ ਅਤੇ ਵਹਿਮਾਂ-ਭਰਮਾਂ ਦੀ ਭਰਮਾਰ ਸਦਕਾ ਸਿੱਖ ਪੰਥ ਗੁਰਮਤਿ ਦੇ ਨਿਰਮਲ ਉਪਦੇਸ਼ ਤੋਂ ਦੂਰ ਹੋ ਰਿਹਾ ਸੀ। ਬਹੁਤ ਸਾਰੇ ਮਾਣ-ਪ੍ਰਤਿਸ਼ਠਾ ਵਾਲੇ ਸਿੱਖ ਮਸੀਹੀ, ਮੁਸਲਮਾਨ ਜਾਂ ਆਰੀਆ ਸਮਾਜੀ ਬਣ ਗਏ। ਵੱਖ-ਵੱਖ ਫਿਰਕਿਆਂ ਦੇ ਪ੍ਰਚਾਰਕਾਂ ਤੇ ਲੇਖਕਾਂ ਨੇ ਸਿੱਖ ਪਛਾਣ ਨੂੰ ਖਤਮ ਕਰਨ ਲਈ ਗੁਰੂ ਸਾਹਿਬਾਨ ਬਾਰੇ ਕਈ ਅਯੋਗ ਗੱਲਾਂ ਕੀਤੀਆਂ। ਸਿੱਖ ਇਤਿਹਾਸ ਨੂੰ ਗਲਤ ਧਾਰਨਾਵਾਂ ਸਹਿਤ ਪੇਸ਼ ਕੀਤਾ ਗਿਆ ਅਤੇ ਗੁਰਬਾਣੀ ਦੇ ਗਲਤ ਅਰਥ ਪ੍ਰਚਲਿਤ ਕੀਤੇ ਗਏ। ਪੰਜਾਬ ਦੇ ਸਰਕਾਰੀ ਤੇ ਗ਼ੈਰ-ਸਰਕਾਰੀ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਦੀ ਥਾਂ ਹੋਰਨਾਂ ਭਾਸ਼ਾਵਾਂ ਦੀ ਪੜ੍ਹਾਈ ਸ਼ੁਰੂ ਕੀਤੀ ਗਈ। ਇਸ ਦੌਰ ਵਿਚ ਸਿੱਖ ਪੰਥ ਨੂੰ ਧਾਰਮਿਕ, ਸਮਾਜਿਕ, ਵਿੱਦਿਅਕ ਅਤੇ ਰਾਜਨੀਤਿਕ ਤੌਰ ’ਤੇ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਸਿੱਖ ਪੰਥ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਮੁਕਤ ਕਰਵਾਉਣ ਅਤੇ ਸਿੱਖੀ ਦੀ ਪੁਨਰ-ਸੁਰਜੀਤੀ ਲਈ ਸਿੱਖ ਬੁੱਧੀਜੀਵੀ ਵਰਗ ਨੇ ਸਿੰਘ ਸਭਾ ਲਹਿਰ ਦੀ ਸਥਾਪਨਾ ਕੀਤੀ। ਇਸ ਲਹਿਰ ਵੱਲੋਂ ਆਪਣੇ ਸ਼ੁਰੂਆਤੀ ਵਰ੍ਹੇ ਤੋਂ ਹੀ ਸਿੱਖ ਸਿਧਾਂਤ, ਇਤਿਹਾਸ, ਮਰਯਾਦਾ ਅਤੇ ਪਰੰਪਰਾ ਆਦਿ ਸੰਬੰਧੀ ਸਿੱਖ ਸਮਾਜ ਅੰਦਰ ਜਾਗ੍ਰਿਤੀ ਪੈਦਾ ਕੀਤੀ ਗਈ। ਇਸ ਦੌਰਾਨ ਅਨੇਕਾਂ ਸਿਰੜੀ ਸਿੱਖ ਇਸ ਲਹਿਰ ਨਾਲ ਜੁੜਦੇ ਚਲੇ ਗਏ, ਜਿਨ੍ਹਾਂ ਵਿਚੋਂ ਭਾਈ ਗੁਰਮੁਖ ਸਿੰਘ, ਭਾਈ ਹਰਸਾ ਸਿੰਘ, ਗਿਆਨੀ ਦਿੱਤ ਸਿੰਘ ਅਤੇ ਭਾਈ ਜਵਾਹਰ ਸਿੰਘ ਆਦਿ ਪ੍ਰਮੁੱਖ ਸਨ।

ਸਿੰਘ ਸਭਾ ਲਹਿਰ ਸੰਬੰਧੀ ਯੂਨੀਵਰਸਿਟੀ ਪੱਧਰ ਦੇ ਤਿੰਨ ਖੋਜ-ਪ੍ਰਬੰਧ ਅਤੇ ਚਾਰ ਖੋਜ-ਨਿਬੰਧ ਪ੍ਰਾਪਤ ਹੁੰਦੇ ਹਨ। ਇਹ ਕਾਰਜ ਸਿੰਘ ਸਭਾ ਲਹਿਰ ਦੇ ਇਤਿਹਾਸਕ ਪੱਖ ਅਤੇ ਸਾਹਿਤਕ ਯੋਗਦਾਨ ਨੂੰ ਹੀ ਪੇਸ਼ ਕਰਦੇ ਹਨ। ਇਸ ਲਹਿਰ ਬਾਰੇ ਸਿੱਖ ਦ੍ਰਿਸ਼ਟੀਕੋਣ ਤੋਂ ਕਾਰਜ ਦੀ ਘਾਟ ਰੜਕਦੀ ਰਹੀ ਹੈ। ਇਸ ਲਈ ਹੱਥਲੇ ਕਾਰਜ ਵਿਚ ਸਿੰਘ ਸਭਾ ਲਹਿਰ ਨੂੰ ਸਿੱਖ ਦ੍ਰਿਸ਼ਟੀਕੋਣ ਅਨੁਸਾਰ ਸਮਝਣ ਦਾ ਯਤਨ ਕੀਤਾ ਗਿਆ ਹੈ। ਕਿਸੇ ਵੀ ਲਹਿਰ ਨੂੰ ਸਮਝਣ ਲਈ ਉਸ ਲਹਿਰ ਸਮੇਂ ਦੇ ਹਾਲਾਤ, ਮਨੋਰਥ ਅਤੇ ਸਾਧਨਾਂ ਦਾ ਅਧਿਐਨ ਜਰੂਰੀ ਹੁੰਦਾ ਹੈ। ਪ੍ਰਾਪਤ ਅਧਿਐਨ ਵਿਚ ਸਿੰਘ ਸਭਾ ਲਹਿਰ ਦੇ ਇਤਿਹਾਸ, ਸਾਹਿਤਕ ਯੋਗਦਾਨ ਅਤੇ ਵਿੱਦਿਅਕ ਪ੍ਰਾਪਤੀਆਂ ਦੀਆਂ ਗੱਲਾਂ ਤਾਂ ਮਿਲਦੀਆਂ ਹਨ ਪਰ ਇਸ ਲਹਿਰ ਦੇ ਸਮਕਾਲੀ ਹਾਲਾਤ ਅਤੇ ਚੁਣੌਤੀਆਂ ਸ਼ਾਮਿਲ ਹੋਣੋਂ ਰਹਿ ਗਈਆਂ ਹਨ। ਕਈ ਵਾਰੀ ਸੰਬੰਧਿਤ ਲਹਿਰ ਨੂੰ ਸਮੇਂ ਅਤੇ ਹਾਲਾਤ ਨੂੰ ਧਿਆਨ ਵਿਚ ਰੱਖਦੇ ਹੋਏ ਕੁਝ ਸਖ਼ਤ ਫੈਸਲੇ ਲੈਣੇ ਪੈਂਦੇ ਹਨ ਜੋ ਉਪਰੀ ਨਜ਼ਰੇ ਕਾਫੀ ਅਜੀਬ ਲੱਗ ਸਕਦੇ ਹਨ ਪਰ ਇਹ ਫੈਸਲੇ ਉਸ ਲਹਿਰ ਦੇ ਮਨੋਰਥਾਂ ਦੀ ਪ੍ਰਾਪਤੀ

ਲਈ ਬਹੁਤ ਜਰੂਰੀ ਹੋ ਜਾਂਦੇ ਹਨ। ਹੱਥਲੇ ਖੋਜ-ਕਾਰਜ ਵਿਚ ਇਨ੍ਹਾਂ ਗੱਲਾਂ ਨੂੰ ਸ਼ਾਮਿਲ ਕਰਨ ਦਾ ਯਤਨ ਕੀਤਾ ਹੈ।

ਹੱਥਲੇ ਖੋਜ-ਪ੍ਰਬੰਧ ਨੂੰ ਵਿਧੀਵਤ ਢੰਗ ਨਾਲ ਸੰਪੂਰਨ ਕਰਨ ਲਈ ਪੰਜ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ *'ਜਾਣ-ਪਛਾਣ'* ਵਿਚ ਸਿੰਘ ਸਭਾ ਲਹਿਰ ਦੇ ਪਿਛੋਕੜ ਨੂੰ ਸਮਝਣ ਦਾ ਯਤਨ ਕੀਤਾ ਹੈ। ਇਸ ਅਧਿਆਇ ਵਿਚ ਗੁਰੂ ਸਾਹਿਬਾਨ ਦੇ ਜੀਵਨ ਅਤੇ ਉਪਦੇਸ਼ਾਂ ਨਾਲ ਮੁੱਢਲੀ ਜਾਣ-ਪਛਾਣ ਕਰਦੇ ਹੋਏ ਸਿੱਖ ਸਿਧਾਂਤ, ਮਰਯਾਦਾ ਅਤੇ ਸੰਸਥਾਵਾਂ ਦੇ ਸਰੂਪ ਨੂੰ ਅਧਿਐਨ ਦਾ ਹਿੱਸਾ ਬਣਾਇਆ ਹੈ। ਬਾਬਾ ਬੰਦਾ ਸਿੰਘ ਸਿੰਘ ਬਹਾਦਰ, ਮਿਸਲ ਕਾਲ, ਮਹਾਰਾਜਾ ਰਣਜੀਤ ਸਿੰਘ ਕਾਲ ਅਤੇ ਬਰਤਾਨਵੀ ਰਾਜ ਵਿਚ ਸਿੱਖ ਪੰਥ ਦੀ ਸਥਿਤੀ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਨਿਰੰਕਾਰੀ ਲਹਿਰ ਅਤੇ ਨਾਮਧਾਰੀ ਲਹਿਰ ਦੇ ਯੋਗਦਾਨ ਅਤੇ ਸੀਮਾਵਾਂ ਬਾਰੇ ਵੀ ਸੰਖੇਪ ਜਾਣਕਾਰੀ ਦੇਣ ਦਾ ਯਤਨ ਕੀਤਾ ਹੈ।

ਦੂਜੇ ਅਧਿਆਇ *'ਸਰਵੇਖਣ ਅਤੇ ਮੁਲਾਂਕਣ'* ਵਿਚ ਸਿੰਘ ਸਭਾ ਲਹਿਰ ਸੰਬੰਧੀ ਪੀ-ਐੱਚ.ਡੀ., ਐਮ.ਫਿਲ., ਐਮ.ਏ. ਅਤੇ ਐਮ.ਲਿਟ. ਦੇ ਉਪਾਧੀ-ਸਾਪੇਖ ਰੂਪ ਵਿਚ ਖੋਜ-ਕਾਰਜ ਦਾ ਸਰਵੇਖਣ ਅਤੇ ਮੁਲਾਂਕਣ ਕੀਤਾ ਗਿਆ ਹੈ। ਇਸ ਸਰਵੇਖਣ ਅਤੇ ਮੁਲਾਂਕਣ ਵਿਚ ਸਿੰਘ ਸਭਾ ਲਹਿਰ ਦੇ ਇਤਿਹਾਸ ਅਤੇ ਸਾਹਿਤ ਸੰਬੰਧੀ ਕਿਤਾਬ ਰੂਪ ਵਿਚ ਉਪਲਬਧ ਕਾਰਜ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਸ ਦੌਰਾਨ ਤਿੰਨ ਖੋਜ-ਪ੍ਰਬੰਧ, ਚਾਰ ਖੋਜ-ਨਿਬੰਧ ਅਤੇ ਅੱਠ ਪੁਸਤਕਾਂ ਨੂੰ ਸਰਵੇਖਣ ਵਿਚ ਸ਼ਾਮਿਲ ਕੀਤਾ ਗਿਆ ਹੈ।

ਤੀਜੇ ਅਧਿਆਇ *'ਸਿੰਘ ਸਭਾ ਲਹਿਰ: ਇਤਿਹਾਸਕ ਸੰਦਰਭ'* ਵਿਚ ਸਿੰਘ ਸਭਾ ਲਹਿਰ ਦੇ ਸ਼ੁਰੂਆਤੀ ਕਾਰਨਾਂ ਦਾ ਅਧਿਐਨ ਕਰਦੇ ਹੋਏ ਇਸ ਲਹਿਰ ਦੀ ਸ਼ੁਰੂਆਤ ਅਤੇ ਵਿਕਾਸ ਦਾ ਅਧਿਐਨ ਕੀਤਾ ਗਿਆ ਹੈ। ਸਿੰਘ ਸਭਾ ਲਹਿਰ ਦੇ ਤਤਕਾਲੀ ਕਾਰਨਾਂ ਵਿਚ ਮਸੀਹੀ ਮਿਸ਼ਨਰੀਆਂ ਦਾ ਪ੍ਰਚਾਰ, ਮਿਸ਼ਨ ਸਕੂਲ ਦੀ ਘਟਨਾ ਅਤੇ ਸ਼ਰਧਾ ਰਾਮ ਫਿਲੌਰੀ ਦੇ ਵਿਆਖਿਆਨ ਆਦਿ ਪ੍ਰਮੁੱਖ ਕਾਰਨਾਂ ਦਾ ਅਧਿਐਨ ਕੀਤਾ ਗਿਆ ਹੈ। ਇਨ੍ਹਾਂ ਤਤਕਾਲੀ ਕਾਰਨਾਂ ਦੇ ਜਵਾਬ ਵਜੋਂ ਸਿੰਘ ਸਭਾ ਲਹਿਰ ਹੋਂਦ ਵਿਚ ਆਈ ਅਤੇ ਬਹੁਤ ਥੋੜ੍ਹੇ ਸਮੇਂ ਵਿਚ ਪੂਰੇ ਪੰਜਾਬ ਅੰਦਰ ਫੈਲ ਗਈ। ਪਿੰਡਾਂ ਅਤੇ ਸ਼ਹਿਰਾਂ ਵਿਚ ਥਾਂ-ਥਾਂ ਸਿੰਘ ਸਭਾਵਾਂ ਬਣਨ ਲੱਗੀਆਂ ਅਤੇ ਸਿੱਖ ਪੰਥ ਨੂੰ ਆਪਣੀ ਪਰੰਪਰਾ, ਸਾਹਿਤ ਅਤੇ ਧਰਮ ਪ੍ਰਤੀ ਸੁਚੇਤ ਕਰਨ ਲੱਗੀਆਂ। ਇਸ ਅਧਿਆਇ ਵਿਚ ਲੋੜ ਅਨੁਸਾਰ ਉਪ-ਸਿਰਲੇਖ ਬਣਾ ਕੇ ਸਿੰਘ ਸਭਾ ਲਹਿਰ ਦੇ ਸਮੁੱਚੇ ਇਤਿਹਾਸਕ ਪਰਿਪੇਖ ਦਾ ਅਧਿਐਨ ਕੀਤਾ ਗਿਆ ਹੈ।

ਚੌਥੇ ਅਧਿਆਇ *'ਸਿੰਘ ਸਭਾ ਲਹਿਰ: ਪ੍ਰਮੁੱਖ ਚੁਣੌਤੀਆਂ'* ਵਿਚ ਸਿੰਘ ਸਭਾ ਲਹਿਰ ਨੂੰ ਦਰਪੇਸ਼ ਪ੍ਰਮੁੱਖ ਚੁਣੌਤੀਆਂ ਦਾ ਅਧਿਐਨ ਕੀਤਾ ਗਿਆ ਹੈ। ਸਿੰਘ ਸਭਾ ਲਹਿਰ ਸਾਹਮਣੇ ਗੁਰਦੁਆਰਿਆਂ ਅੰਦਰ ਗੁਰਮਤਿ ਮਰਯਾਦਾ ਲਾਗੂ ਕਰਨਾ ਪ੍ਰਮੁੱਖ ਚੁਣੌਤੀ ਸੀ ਕਿਉਂਕਿ ਉਸ ਸਮੇਂ ਜ਼ਿਆਦਾਤਰ ਗੁਰਦੁਆਰੇ ਮਹੰਤਾਂ ਦੇ ਕਬਜ਼ੇ ਵਿਚ ਸਨ ਅਤੇ ਉੱਥੇ ਉਹ ਆਪਣੀ ਮਨ-ਮਰਜ਼ੀ ਕਰਦੇ ਸਨ। ਇਨ੍ਹਾਂ ਉੱਪਰ ਵੈਦਿਕ ਪਰੰਪਰਾ ਦਾ ਪ੍ਰਭਾਵ ਪ੍ਰਤੱਖ ਸੀ ਅਤੇ ਇਹ ਗੁਰਦੁਆਰਿਆਂ ਅੰਦਰ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਰੱਖ ਕੇ ਉਨ੍ਹਾਂ ਦੀ ਪੂਜਾ ਕਰਦੇ ਸਨ।

ਮਸੀਹੀ ਮਿਸ਼ਨਰੀਆਂ, ਆਰੀਆ ਸਮਾਜੀਆਂ ਅਤੇ ਇਸਲਾਮ ਦਾ ਪ੍ਰਚਾਰ ਵੀ ਸਿੰਘ ਸਭਾ ਲਹਿਰ ਨੂੰ ਚੁਣੌਤੀ ਵਜੋਂ ਪੇਸ਼ ਹੋਇਆ। ਇਨ੍ਹਾਂ ਦੇ ਪ੍ਰਚਾਰ ਕਾਰਨ ਪੰਜਾਬ ਦੇ ਵਾਸੀ ਮਸੀਹੀ, ਆਰੀਆ ਸਮਾਜੀ ਅਤੇ ਮੁਸਲਮਾਨ ਬਣਨ ਲੱਗੇ ਜਿਸ ਕਾਰਨ ਸਿੱਖਾਂ ਦੀ ਗਿਣਤੀ ਲਗਾਤਾਰ ਘਟਣ ਲੱਗੀ। ਇਸ ਤੋਂ ਇਲਾਵਾ ਮਾਤਭਾਸ਼ਾ ਪੰਜਾਬੀ ਦਾ ਪੰਜਾਬ ਦੇ ਸਕੂਲਾਂ-ਕਾਲਜਾਂ ਵਿਚੋਂ ਗੈਰ-ਹਾਜ਼ਰ ਹੋਣਾ, ਗੈਰ-ਸਿੱਖ ਲੇਖਕਾਂ ਵੱਲੋਂ ਗੁਰਬਾਣੀ ਦੇ ਸਿਧਾਂਤਕ ਨੁਕਤੇ ਸਮਝੇ ਬਿਨਾਂ ਗੁਰਬਾਣੀ ਦੀ ਗਲਤ ਵਿਆਖਿਆ ਕਰਨਾ ਅਤੇ ਗੈਰ-ਸਿੱਖ ਲੇਖਕਾਂ ਵੱਲੋਂ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨਾ ਅਤੇ ਪਰੰਪਰਾਵਾਦੀ ਇਤਿਹਾਸ ਉੱਪਰ ਵੈਦਿਕ ਪਰੰਪਰਾ ਦਾ ਪ੍ਰਭਾਵ ਹੋਣਾ ਆਦਿ ਚੁਣੌਤੀਆਂ ਦਾ ਅਧਿਐਨ ਕੀਤਾ ਗਿਆ ਹੈ।

ਪੰਜਵੇਂ ਅਧਿਆਇ *'ਸਿੰਘ ਸਭਾ ਲਹਿਰ: ਪ੍ਰਮੁੱਖ ਪ੍ਰਾਪਤੀਆਂ'* ਵਿਚ ਸਿੱਖ ਪਛਾਣ ਨੂੰ ਕਾਇਮ ਰੱਖਣ, ਸਿੱਖ ਸਮਾਜ ਵਿਚ ਪੈਦਾ ਹੋਈਆਂ ਕੁਰੀਤੀਆਂ ਨੂੰ ਠੱਲ੍ਹ ਪਾਉਣ, ਸਿੱਖ ਰਹਿਤ ਮਰਯਾਦਾ, ਗੁਰਬਾਣੀ ਵਿਆਖਿਆ ਅਤੇ ਸਿੱਖ ਇਤਿਹਾਸ ਦੀ ਪੇਸ਼ਕਾਰੀ ਨੂੰ ਨਵੀਂ ਦਿਸ਼ਾ ਦੇਣ ਅਤੇ ਗੁਰਮਤਿ ਪ੍ਰਚਾਰ ਲਈ ਸਿੰਘ ਸਭਾ ਲਹਿਰ ਵੱਲੋਂ ਕੀਤੇ ਸ਼ਲਾਘਾਯੋਗ ਕਾਰਜਾਂ ਦਾ ਅਧਿਐਨ ਕੀਤਾ ਹੈ। ਇਸ ਦੇ ਨਾਲ ਹੀ ਇਸ ਲਹਿਰ ਵੱਲੋਂ ਕੀਤੇ ਵਿੱਦਿਆ ਦੇ ਪਾਸਾਰ, ਪੰਜਾਬੀ ਭਾਸ਼ਾ ਵਿਚ ਸਾਹਿਤ ਸਿਰਜਣਾ, ਪੰਜਾਬੀ ਪੱਤਰਕਾਰੀ ਦੀ ਸ਼ੁਰੂਆਤ ਸੰਬੰਧੀ ਕੀਤੇ ਮਹੱਤਵਪੂਰਨ ਕਾਰਜਾਂ ਨੂੰ ਅਧਿਐਨ ਵਿਚ ਸ਼ਾਮਿਲ ਕੀਤਾ ਗਿਆ ਹੈ। ਸਿੰਘ ਸਭਾ ਦੇ ਲੇਖਕਾਂ ਨੇ ਜਾਂ ਇਸ ਲਹਿਰ ਦੇ ਪ੍ਰਭਾਵ ਅਧੀਨ ਸਾਹਿਤ ਸਿਰਜਣਾ ਵੱਲ ਆਏ ਲੇਖਕਾਂ ਨੇ ਸਾਹਿਤ ਦੇ ਨਵੇਂ ਰੂਪ (ਸਿਧਾਂਤਕ ਤੇ ਸਾਹਿਤਕ) ਪੰਜਾਬੀ ਸਾਹਿਤ ਲਈ ਨਿਰਧਾਰਿਤ ਕੀਤੇ। ਇਸ ਤੋਂ ਇਲਾਵਾ ਸਿੱਖ ਵਿਦਵਾਨ ਪੈਦਾ ਕਰਨ ਅਤੇ ਸਿੱਖਾਂ ਨੂੰ ਰਾਜਨੀਤਿਕ ਤੌਰ 'ਤੇ ਜਥੇਬੰਦ ਕਰਨ ਵਿਚ ਇਸ ਲਹਿਰ ਦੀ ਮਹੱਤਵਪੂਰਨ ਦੇਣ ਹੈ, ਜਿਨ੍ਹਾਂ ਨੂੰ ਇਸ ਅਧਿਆਇ ਵਿਚ ਵਿਚਾਰਿਆ ਗਿਆ ਹੈ। ਅੰਤ ਵਿਚ ਇਸ ਅਧਿਐਨ ਦੌਰਾਨ ਪ੍ਰਾਪਤ ਸਿੱਟਿਆਂ ਨੂੰ ਸਾਰਾਂਸ਼ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ।

# ਅਧਿਆਇ ਪਹਿਲਾ

# ਸਿੰਘ ਸਭਾ ਲਹਿਰ ਦਾ ਪਿਛੋਕੜ

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਸ਼ੁਰੂ ਹੋਈ ਸਿੰਘ ਸਭਾ ਲਹਿਰ ਦਾ ਸਿੱਖ ਇਤਿਹਾਸ ਵਿਚ ਮਹੱਤਵਪੂਰਨ ਸਥਾਨ ਹੈ। ਆਮ ਤੌਰ ’ਤੇ ਸਿੰਘ ਸਭਾ ਲਹਿਰ ਨੂੰ ਆਰੀਆ ਸਮਾਜ ਅਤੇ ਬ੍ਰਹਮੋ ਸਮਾਜ ਆਦਿ ਲਹਿਰਾਂ ਦੀ ਤਰ੍ਹਾਂ ਸੁਧਾਰਕ ਲਹਿਰ ਸਮਝ ਲਿਆ ਜਾਂਦਾ ਹੈ। ਸਿੰਘ ਸਭਾ ਲਹਿਰ ਦੇ ਅਧਿਐਨ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਿੰਘ ਸਭਾ ਲਹਿਰ ਸੁਧਾਰਕ ਲਹਿਰ ਨਹੀਂ ਸਗੋਂ ਪੁਨਰ-ਸੁਰਜੀਤੀ ਦੀ ਲਹਿਰ ਹੈ। ਸੁਧਾਰਕ ਲਹਿਰ ਦਾ ਮੁੱਖ ਮਨੋਰਥ ਸੰਬੰਧਿਤ ਧਰਮ ਜਾਂ ਸਮਾਜ ਵਿਚ ਮੌਜੂਦ ਕਿਸੇ ਗਲਤ ਵਿਚਾਰ ਤੇ ਅਮਲ ਨੂੰ ਸੁਧਾਰਨਾ ਹੁੰਦਾ ਹੈ। ਜਿਵੇਂ ਹਿੰਦੂ ਧਰਮ ਦੀਆਂ ਸੁਧਾਰ ਲਹਿਰਾਂ ਨੇ ਹਿੰਦੂ ਧਾਰਮਿਕ ਪਰੰਪਰਾ ਵਿਚ ਮੌਜੂਦ ਮੂਰਤੀ ਪੂਜਾ, ਜਾਤ-ਪਾਤ ਤੇ ਸਤੀ ਪ੍ਰਥਾ ਆਦਿ ਦੇ ਵਿਚਾਰ ਤੇ ਅਮਲ ਨੂੰ ਰੱਦ ਕੀਤਾ ਹੈ। ਇਸ ਲਈ ਇਨ੍ਹਾਂ ਲਹਿਰਾਂ ਨੂੰ ਸੁਧਾਰਕ ਲਹਿਰ ਕਿਹਾ ਜਾਂਦਾ ਹੈ। ਸਿੰਘ ਸਭਾ ਲਹਿਰ ਦਾ ਮੁੱਖ ਮਨੋਰਥ ਸਿੱਖੀ ਵਿਚ ਸੁਧਾਰ ਕਰਨਾ ਨਹੀਂ ਸੀ ਸਗੋਂ ਸਿੱਖਾਂ ਨੂੰ ਆਪੇ ਦੀ ਪਛਾਣ ਕਰਵਾਉਣਾ ਸੀ। ਇਸ ਲਹਿਰ ਨੇ ਗੁਰੂ ਸਾਹਿਬਾਨ ਵੱਲੋਂ ਸਥਾਪਿਤ ਸਿਧਾਂਤ, ਮਰਯਾਦਾ ਅਤੇ ਸੰਸਥਾਵਾਂ ਨੂੰ ਪੁਨਰ-ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ ਹੈ ਨਾ ਕਿ ਸੁਧਾਰਨ ਦੀ। ਇਸ ਲਹਿਰ ਨੇ ਗੁਰਮਤਿ ਸਿਧਾਂਤ ਨੂੰ ਸਪਸ਼ਟ ਕਰਨ, ਗੁਰਮਤਿ ਮਰਯਾਦਾ ਲਾਗੂ ਕਰਨ ਅਤੇ ਪੰਥਕ ਰਵਾਇਤਾਂ ਨੂੰ ਮੁੜ ਸੁਰਜੀਤ ਕਰਨ ਦੇ ਯਤਨ ਕੀਤੇ। ਇਨ੍ਹਾਂ ਸੰਕਲਪਾਂ ਦਾ ਮੂਲ ਸਿੱਖ ਪਰੰਪਰਾ ਵਿਚ ਪਿਆ ਸੀ ਪਰ ਸਮੇਂ ਨਾਲ ਇਨ੍ਹਾਂ ਵਿਚ ਫ਼ਰਕ ਆ ਗਿਆ ਅਤੇ ਸਿੰਘ ਸਭਾ ਲਹਿਰ ਨੇ ਇਨ੍ਹਾਂ ਦੀ ਮੁੜ ਸੁਰਜੀਤੀ ਦੀ ਕੋਸ਼ਿਸ਼ ਕੀਤੀ। ਸਿੰਘ ਸਭਾ ਲਹਿਰ ਨੂੰ ਸਹੀ ਪਰਿਪੇਖ ਵਿਚ ਸਮਝਣ ਲਈ ਗੁਰੂ ਸਾਹਿਬਾਨ ਵੱਲੋਂ ਸਥਾਪਤ ਕੀਤੇ ਗਏ ਗੁਰਮਤਿ ਮਾਰਗ ਦੇ ਸਰੂਪ ਅਤੇ ਇਤਿਹਾਸ ਉੱਪਰ ਸੰਖੇਪ ਝਾਤ ਪਾਉਣੀ ਲਾਹੇਵੰਦ ਹੋਵੇਗੀ।

1469 ਈ. ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਤੋਂ ਲੈ ਕੇ 1708 ਈ. ਤੱਕ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੱਕ ਗੁਰੂ ਸਾਹਿਬ ਦੇਹ ਰੂਪ ਵਿਚ ਸਿੱਖ ਧਰਮ ਦੀ ਅਗਵਾਈ ਕਰਦੇ ਰਹੇ। ਦਸ ਗੁਰੂ-ਸਾਹਿਬਾਨ ਨੇ ਸਰੀਰਕ ਜਾਮਾ ਜਰੂਰ ਤਬਦੀਲ ਕੀਤਾ ਪਰ ਇਹ ਦਸ ਸ਼ਖਸੀ ਗੁਰੂ ਸਾਹਿਬਾਨ ਤੱਤ ਰੂਪ ਵਿਚ ਇਕੋ ਜੋਤਿ ਹਨ ਅਤੇ ਇਨ੍ਹਾਂ ਦਾ ਜੀਵਨ-ਉਦੇਸ਼ ਤੇ ਸੰਦੇਸ਼ ਵੀ ਇਕੋ ਹੈ:

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥[1]

**ਗੁਰੂ ਨਾਨਕ ਦੇਵ ਜੀ** ਨੇ ਧਰਮ ਜਗਤ ਅੰਦਰ ਇਕ ਨਿਵੇਕਲੀ ਵਿਚਾਰਧਾਰਾ ਤੇ ਫ਼ਲਸਫ਼ਾ ਦੇ ਕੇ ਸਿੱਖ ਧਰਮ ਦੀ ਬੁਨਿਆਦ ਰੱਖੀ। ਗੁਰੂ ਸਾਹਿਬ ਨੇ ਅੰਧ ਵਿਸ਼ਵਾਸ਼ਾਂ ਅਤੇ ਫੋਕਟ ਕਰਮਕਾਂਡ ਵਿਚ ਉਲਝੇ ਸਮਾਜ ਨੂੰ

[1] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 966.

ਇਕ ਅਕਾਲ ਪੁਰਖ ਨਾਲ ਜੁੜਨ ਦਾ ਮਾਰਗ ਦਿੱਤਾ। ਲੋਕਾਂ ਨੂੰ ਝੂਠ, ਫਰੇਬ, ਨਿੰਦਾ ਅਤੇ ਪਾਖੰਡ ਭਰੀ ਜ਼ਿੰਦਗੀ ਨੂੰ ਤਿਆਗ ਕੇ ਸੱਚ ਅਤੇ ਹਕੀਕੀ ਜ਼ਿੰਦਗੀ ਜਿਊਣ ਦਾ ਉਪਦੇਸ਼ ਦਿੱਤਾ। ਭਾਈ ਗੁਰਦਾਸ ਜੀ ਇਸ ਨਵੇਂ ਮਾਰਗ ਨੂੰ ਨਿਰਮਲ ਪੰਥ ਦਸਦੇ ਹਨ:

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।[2]

ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ, "ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਨ-ਸਮਾਜ ਦੇ ਸੁਧਾਰ ਲਈ ਇਕ ਈਸ਼ਵਰਵਾਦ ਨੂੰ ਮੁੱਖ ਰਖ ਕੇ ਨਿਰੰਕਾਰ ਪ੍ਰਭੂ ਦੀ ਉਪਾਸਨਾ ਦਾ ਪ੍ਰਚਾਰ ਕਰਕੇ ਹਰ ਪ੍ਰਕਾਰ ਦੇ ਵਹਿਮਾਂ, ਭਰਮਾਂ ਤੇ ਪੁਰਾਣਿਕ ਕਰਮਾਂ ਤੇ ਆਧਾਰਿਤ ਕਾਲਪਨਿਕ ਦੇਵਤਾਵਾਦ ਦਾ ਖੰਡਨ ਕੀਤਾ ਜਿਸ ਕਰਕੇ ਹਿੰਦੂਆਂ ਤੇ ਮੁਸਲਮਾਨਾਂ ਨੂੰ, ਜੋ ਉਸ ਸਮੇਂ ਵਾਧੂ ਜਿਹੇ ਮਜ਼ਹਬੀ ਝਗੜੇ ਛੇੜ ਕੇ ਪਰਸਪਰ ਗੁੱਥਮ ਗੁੱਥਾ ਹੁੰਦੇ ਰਹਿੰਦੇ ਸਨ, "ਏਕ ਪਿਤਾ ਏਕਸ ਕੇ ਹਮ ਬਾਰਿਕ" ਬਣਨ ਲਈ ਕੌਮੀ ਏਕਤਾ ਦਾ ਰਾਹ ਦਸਿਆ।"[3] ਗੁਰੂ ਸਾਹਿਬ ਨੇ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਨੂੰ ਸਿੱਖੀ ਦਾ ਅਹਿਮ ਸਿਧਾਂਤ ਸਥਾਪਿਤ ਕੀਤਾ। ਪਿਆਰਾ ਸਿੰਘ ਪਦਮ ਅਨੁਸਾਰ, "ਰਾਜ ਜੋਗ ਦਾ ਮਤ ਚਲਾਉਣਾ ਉਨ੍ਹਾਂ ਦੀ ਕਰਾਮਾਤੀ ਕਾਢ ਸੀ। ਨਾਮ ਸਿਮਰਨ ਦੇ ਸਿਧਾਂਤ ਨਾਲ ਕਿਰਤ ਕਮਾਈ ਕਰਨ ਤੇ ਵੰਡ ਛਕਣ ਦੀ ਮਰਯਾਦਾ ਨੂੰ ਬਰਾਬਰ ਲਿਆ ਕੇ ਘਰ-ਬਾਰੀ ਜੀਵਨ ਨੂੰ ਉਚਿਆਉਣਾ ਉਨ੍ਹਾਂ ਦਾ ਹੀ ਕੰਮ ਸੀ।"[4] ਗੁਰੂ ਸਾਹਿਬ ਨੇ ਗ੍ਰਹਿਸਥ ਜੀਵਨ ਨੂੰ ਉੱਚਾ ਦੱਸਿਆ ਅਤੇ ਸਪਸ਼ਟ ਕੀਤਾ ਕਿ ਘਰ ਨੂੰ ਤਿਆਗਣ ਤੋਂ ਬਗੈਰ ਵੀ ਮੁਕਤੀ ਦੀ ਪ੍ਰਾਪਤੀ ਹੋ ਸਕਦੀ ਹੈ:

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੧॥[5]

ਚਾਰੇ ਦਿਸ਼ਾਵਾਂ ਵਿਚ ਕੀਤੀਆਂ ਉਦਾਸੀਆਂ ਦੌਰਾਨ ਗੁਰੂ ਨਾਨਕ ਦੇਵ ਜੀ ਜਿੱਥੇ ਵੀ ਗਏ ਉੱਥੇ ਹੀ ਉਨ੍ਹਾਂ ਧਰਮਸਾਲ ਕਾਇਮ ਕੀਤੀ। ਇਹ ਧਰਮਸਾਲ ਬਾਅਦ ਵਿਚ ਸਿੱਖੀ ਦਾ ਕੇਂਦਰ ਗੁਰਦੁਆਰੇ ਦੇ ਰੂਪ ਵਿਚ ਸਥਾਪਿਤ ਹੋ ਗਈ। ਗੁਰੂ ਸਾਹਿਬ ਨੇ ਇਸਤਰੀ ਨੂੰ ਮਰਦ ਤੋਂ ਘਟੀਆਂ ਸਿੱਧ ਕਰਨ ਵਾਲੀ ਮਾਨਸਿਕਤਾ ਉੱਪਰ ਵੀ ਕਟਾਖਸ਼ ਕੀਤਾ ਅਤੇ ਇਸਤਰੀ ਨੂੰ ਮਰਦ ਦੇ ਬਰਾਬਰ ਜੀਵ ਸਮਝਿਆ।[6] ਬਰਾਬਰੀ ਦੇ ਉਪਦੇਸ਼ ਨੂੰ ਅਮਲੀ ਰੂਪ ਦੇਣ ਲਈ ਗੁਰੂ ਸਾਹਿਬ ਨੇ ਸੰਗਤ ਦੇ ਨਾਲ ਪੰਗਤ ਦਾ ਸਿਧਾਂਤ ਅਤੇ ਅਮਲ ਪੇਸ਼ ਕੀਤਾ।

**ਗੁਰੂ ਅੰਗਦ ਦੇਵ ਜੀ** ਨੇ ਸਿੱਖਾਂ ਨੂੰ ਰਿਸ਼ਟ ਪੁਸ਼ਟ ਰਹਿਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਸਿੱਖਾਂ ਨੂੰ ਨਿਤਨੇਮ ਮਗਰੋਂ ਸਰੀਰਕ ਅਭਿਆਸ ਅਤੇ ਖੇਡ ਦੇ ਮੁਕਾਬਲਿਆਂ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਅਤੇ ਸੰਗਤ ਦੇ ਕੇਂਦਰ ਨਾਲ ਕੁਸ਼ਤੀਆਂ ਲਈ ਅਖਾੜੇ ਬਣਵਾਏ। ਇਸ ਤਰ੍ਹਾਂ ਗੁਰੂ ਸਾਹਿਬ ਨੇ ਅਜਿਹੀ ਪਰਿਪਾਟੀ ਤੋਰ ਦਿੱਤੀ ਜਿਸ

---

[2] ਅਮਰ ਸਿੰਘ ਚਾਕਰ (ਸੰਪਾ.), *ਵਾਰਾਂ ਗਿਆਨ ਰਤਨਾਵਲੀ (ਭਾਈ ਗੁਰਦਾਸ ਜੀ),* ਸ਼ਮਸ਼ੇਰ ਸਿੰਘ ਅਸ਼ੋਕ (ਸੰਸ਼ੋ.), ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2011, ਪੰਨਾ 23.

[3] ਸ਼ਮਸ਼ੇਰ ਸਿੰਘ ਅਸ਼ੋਕ, "ਸਿੱਖ ਧਰਮ", *ਨਾਨਕ ਪ੍ਰਕਾਸ਼ ਪੱਤ੍ਰਿਕਾ,* ਬਲਕਾਰ ਸਿੰਘ (ਸੰਪਾ.), ਜੂਨ/ਦਸੰਬਰ, 1986, ਪੰਨਾ 1.

[4] ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ,* ਅੰਮ੍ਰਿਤਸਰ: ਸਿੰਘ ਬ੍ਰਦਰਜ਼, ਪੰਜਵੀਂ ਵਾਰ, 2014, ਪੰਨਾ 20.

[5] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 730.

[6] ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 473)

ਨੇ ਸਿੱਖ ਧਰਮ ਦੇ ਪ੍ਰਮੁੱਖ ਸਿਧਾਂਤ ਸੰਤ-ਸਿਪਾਹੀ ਲਈ ਨੀਂਹ ਦਾ ਕੰਮ ਕੀਤਾ।[7] ਗੁਰਮੁਖੀ ਲਿਪੀ ਉਂਜ ਤਾਂ ਗੁਰੂ ਨਾਨਕ ਦੇਵ ਜੀ ਨੇ ਵਰਤਨੀ ਸ਼ੁਰੂ ਕਰ ਦਿੱਤੀ ਸੀ, 'ਪੱਟੀ' ਬਾਣੀ ਇਸ ਦੀ ਸਪਸ਼ਟ ਉਦਾਹਰਨ ਹੈ ਪਰ ਉਹ ਗੁਰਮੁਖੀ ਦਾ ਮੁੱਢਲਾ ਰੂਪ ਸੀ। ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿੱਪੀ ਨੂੰ ਤਰਤੀਬਵਾਰ ਰੂਪ ਦੇ ਕੇ ਇਸ ਨੂੰ ਇਕ ਲਿਪੀ ਦੇ ਰੂਪ ਵਿਚ ਵਿਕਸਤ ਕੀਤਾ। ਇਸ ਨਾਲ ਸਿੱਖ ਪੰਥ ਅਤੇ ਪੰਜਾਬ ਅੰਦਰ ਆਪਣੀ ਵੱਖਰੀ ਲਿੱਪੀ ਵਰਤਨੀ ਸ਼ੁਰੂ ਹੋਈ।[8] ਗੁਰੂ ਸਾਹਿਬਾਨ ਵੱਲੋਂ ਵੱਖਰੀ ਤੇ ਸੁਤੰਤਰ ਲਿੱਪੀ ਦੇ ਇਸਤੇਮਾਲ ਨੇ ਸਿੱਖ ਧਰਮ ਦੇ ਵੱਖਰੇਪਣ ਨੂੰ ਸਿਧਾਂਤਕ ਤੌਰ 'ਤੇ ਹੋਰ ਸਪਸ਼ਟ ਕੀਤਾ। ਇਸ ਸੰਬੰਧੀ ਖੁਸ਼ਵੰਤ ਸਿੰਘ ਲਿਖਦੇ ਹਨ, "ਉਨ੍ਹਾਂ (ਗੁਰੂ ਅੰਗਦ ਦੇਵ ਜੀ) ਨੇ ਗੁਰੂ ਨਾਨਕ (ਦੇਵ ਜੀ) ਦੇ ਸ਼ਬਦਾਂ ਦੇ ਉਤਾਰੇ ਕੀਤੇ ਅਤੇ ਹਰ ਕੇਂਦਰ ਵਿਚ ਇੱਕ ਇੱਕ ਉਤਾਰਾ ਭੇਜ ਦਿੱਤਾ। ਇਹ ਉਤਾਰੇ ਉਸ ਲਿੱਪੀ ਵਿੱਚ ਕੀਤੇ ਗਏ ਜਿਸ ਦੀ ਉਸ ਸਮੇਂ ਤੀਕ ਵਰਨ ਮਾਲਾ ਨਹੀਂ ਸੀ। (ਗੁਰੂ) ਅੰਗਦ (ਦੇਵ ਜੀ) ਨੇ (ਗੁਰੂ) ਨਾਨਕ (ਦੇਵ ਜੀ) ਦੀ ਰਚੀ 'ਪੱਟੀ' ਦੇ ਪੈਂਤੀ ਅੱਖਰ ਲਏ ਤੇ ਉਤਰ ਭਾਰਤ ਵਿੱਚ ਪਰਚਲਤ ਦੂਸਰੀਆਂ ਵਰਨਮਾਲਾਵਾਂ 'ਚੋਂ ਢੁਕਵੇਂ ਅੱਖਰ ਲੈ ਕੇ ਨਵੀਂ ਲਿੱਪੀ ਨੂੰ 'ਗੁਰਮੁਖੀ' ਨਾਮ ਦੇ ਕੇ ਪਰਚਲਤ ਕਰ ਦਿੱਤਾ। ਇਸ ਕਦਮ ਦੇ ਬੜੇ ਦੂਰ-ਰਸ ਸਿੱਟੇ ਨਿਕਲੇ। (ਗੁਰੂ) ਅੰਗਦ (ਦੇਵ ਜੀ) ਦੀ ਰਚਨਾ ਗੁਰਮੁਖੀ ਲਿੱਪੀ ਸਿੱਖ ਧਰਮ ਦੇ ਪਵਿੱਤਰ ਗ੍ਰੰਥਾਂ ਦੀ ਧੁਰੀ ਜਾਂ ਆਧਾਰ-ਸ਼ਿਲਾ ਬਣੀ। ਇਸ ਨੇ ਸਿੱਖਾਂ ਨੂੰ ਹਿੰਦੂਆਂ ਤੇ ਮੁਸਲਮਾਨਾਂ ਤੋਂ ਵੱਖਰੀ ਲਿਖਤੀ ਭਾਸ਼ਾ ਦਿੱਤੀ ਤੇ ਇਸ ਤਰ੍ਹਾਂ ਉਹਨਾਂ ਦੇ ਇੱਕ ਵੱਖਰੀ ਕੌਮ ਦੀ ਭਾਵਨਾ ਨੂੰ ਵਿਕਸਤ ਕੀਤਾ।"[9]

**ਗੁਰੂ ਅਮਰਦਾਸ ਜੀ** ਨੇ ਸਿੱਖ ਸਿਧਾਂਤ ਤੇ ਸੰਸਥਾਵਾਂ ਦਾ ਹੋਰ ਪ੍ਰਚਾਰ ਅਤੇ ਪਾਸਾਰ ਕੀਤਾ। ਗੁਰੂ ਸਾਹਿਬ ਦੇ ਸਮੇਂ ਲੰਗਰ ਦੀ ਸੰਸਥਾ ਇੰਨੀ ਮਹੱਤਵਪੂਰਨ ਸੀ ਕਿ ਕੋਈ ਵੀ ਬਾਹਰੋਂ ਆਉਣ ਵਾਲਾ ਸ਼ਰਧਾਲੂ ਪਹਿਲਾਂ ਲੰਗਰ ਛਕ ਕੇ ਹੀ ਗੁਰੂ ਸਾਹਿਬ ਦੇ ਦਰਸ਼ਨ ਕਰ ਸਕਦਾ ਸੀ। ਇਸ ਸੰਸਥਾ ਰਾਹੀਂ ਸਮਾਜਕ ਬਰਾਬਰੀ ਕਾਇਮ ਹੋਈ ਅਤੇ ਊਚ-ਨੀਚ ਦਾ ਭੇਦ-ਭਾਵ ਖ਼ਤਮ ਹੋਇਆ।[10] ਗੋਇੰਦਵਾਲ ਸਾਹਿਬ ਵਿਖੇ ਪੀਣ ਵਾਲੇ ਪਾਣੀ ਲਈ ਬਾਉਲੀ ਤਿਆਰ ਕਰਨਾ ਇਸ ਦੀ ਇੱਕ ਹੋਰ ਸਪਸ਼ਟ ਉਦਾਹਰਨ ਹੈ। ਇਸ ਬਾਉਲੀ ਵਿਚੋਂ ਹਰ ਜਰੂਰਤਮੰਦ ਪਾਣੀ ਲਿਜਾ ਸਕਦਾ ਸੀ ਕਿਸੇ ਨਾਲ ਕੋਈ ਭੇਦ-ਭਾਵ ਨਹੀਂ ਕੀਤਾ ਜਾਂਦਾ ਸੀ।

ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦੀ ਬਾਣੀ ਨੂੰ ਇਕੱਤਰ ਕਰ ਕੇ ਗੁਰਬਾਣੀ ਵਿਚ ਮਿਲਾਈ ਜਾ ਰਹੀ ਵਾਧੂ ਬਾਣੀ ਨੂੰ ਰੋਕਣ ਲਈ ਗੁਰਬਾਣੀ ਦੇ ਸੰਗ੍ਰਹਿ ਤਿਆਰ ਕਰਵਾਏ। ਇਸ ਤਹਿਤ ਉਨ੍ਹਾਂ ਦੇ ਪੋਤਰੇ ਸਹੰਸਰਾਮ ਨੇ ਲਿਖਾਰੀ ਦੀ ਭੂਮਿਕਾ ਨਿਭਾਈ।[11] ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਹਿਤ ਅਤੇ ਸਿੱਖਾਂ ਨੂੰ ਜਥੇਬੰਦ ਕਰਨ ਲਈ ਬਾਈ (22) ਪ੍ਰਚਾਰ ਮੰਜੀਆਂ ਦੇਸ਼ ਦੇ ਕੋਨੇ-ਕੋਨੇ ਵਿੱਚ, ਜਿੱਥੇ ਵੀ ਨਾਨਕ

---

[7] ਖੁਸ਼ਵੰਤ ਸਿੰਘ, *ਸਿੱਖ ਇਤਿਹਾਸ (ਭਾਗ ਪਹਿਲਾ)*, ਗੁਰਚਰਨ ਸਿੰਘ ਔਲਖ (ਅਨੁ.), ਲੁਧਿਆਣਾ: ਲਾਹੌਰ ਬੁੱਕ ਸ਼ਾਪ, ਦੂਜੀ ਵਾਰ, 2013, ਪੰਨਾ 56.

[8] ਤੇਜਾ ਸਿੰਘ ਅਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2013, ਪੰਨੇ 18-19.

[9] ਖੁਸ਼ਵੰਤ ਸਿੰਘ, *ਸਿੱਖ ਇਤਿਹਾਸ (ਭਾਗ ਪਹਿਲਾ)*, ਪੰਨਾ 56.

[10] ਸੁਖਦਿਆਲ ਸਿੰਘ, *ਸ਼ਿਰੋਮਣੀ ਸਿੱਖ ਇਤਿਹਾਸ (1469-1708)*, ਸਮਾਣਾ: ਸੰਗਮ ਪਬਲੀਕੇਸ਼ਨਜ਼, 2014, ਪੰਨਾ 106.

[11] ਸਤਿਬੀਰ ਸਿੰਘ, *ਪਰਬਤੁ ਮੇਰਾਣੁ (ਜੀਵਨੀ ਗੁਰੂ ਅਮਰਦਾਸ ਜੀ)*, ਜਲੰਧਰ: ਨਿਊ ਬੁੱਕ ਕੰਪਨੀ, ਸਤਵੀਂ ਵਾਰ, 2007, ਪੰਨੇ 32-33.

ਨਾਮ ਲੇਵਾ ਸੰਗਤ ਵੱਸਦੀ ਸੀ, ਸਥਾਪਿਤ ਕੀਤੀਆਂ। ਇਨ੍ਹਾਂ ਬਾਈ (22) ਮੰਜੀਆਂ ਦੇ ਬਾਈ (22) ਮੰਜੀਦਾਰ ਥਾਪੇ ਗਏ। ਇਹ ਮੰਜੀਦਾਰ ਵੱਖ-ਵੱਖ ਇਲਾਕਿਆਂ ਵਿੱਚ ਸਿੱਖ ਧਰਮ ਦਾ ਪ੍ਰਚਾਰ, ਸਿੱਖ ਸੰਗਤਾਂ ਦੀ ਅਗਵਾਈ ਅਤੇ ਸੰਗਤ ਦੀਆਂ ਭੇਟਾਵਾਂ ਗੁਰੂ-ਖ਼ਜਾਨੇ ਵਿਚ ਪਹੁੰਚਾਉਣ ਦਾ ਪ੍ਰਬੰਧ ਕਰਦੇ ਸਨ। ਇਨ੍ਹਾਂ ਮੰਜੀਦਾਰਾਂ ਨੇ ਸਿੱਖ ਪੰਥ ਨੂੰ ਇੱਕ ਇਕਾਈ ਵਿਚ ਪਰੋਈ ਰੱਖਣ ਲਈ ਅਹਿਮ ਭੂਮਿਕਾ ਨਿਭਾਈ।[12] ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਦਾ ਵਿਰੋਧ ਕੀਤਾ। ਉਨ੍ਹਾਂ ਨੇ ਪਤੀ ਦੀ ਮੌਤ ਹੋਣ 'ਤੇ ਉਸ ਦੀ ਚਿਖਾ ਵਿਚ ਸੜ ਕੇ ਮਰਨ ਨਾਲੋਂ ਉਸ ਦੀ ਜੁਦਾਈ ਦੀ ਚੋਟ ਨਾਲ ਮਰਨ ਨੂੰ ਉੱਚਾ ਮੰਨਿਆ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍॥
ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍॥[13]

ਗੁਰੂ ਸਾਹਿਬ ਨੇ ਸਤੀ ਪ੍ਰਥਾ ਦੇ ਨਾਲ-ਨਾਲ ਬਾਲ ਵਿਆਹ ਦਾ ਵਿਰੋਧ ਅਤੇ ਵਿਧਵਾ ਦਾ ਪੁਨਰ ਵਿਆਹ ਕਰਵਾਉਣ ਉੱਪਰ ਵੀ ਜੋਰ ਦਿੱਤਾ। ਜਿੱਥੇ ਉਨ੍ਹਾਂ ਇਹੋ ਜਿਹੀਆਂ ਕੁਰੀਤੀਆਂ ਦਾ ਖੰਡਨ ਕੀਤਾ ਉੱਥੇ ਨਾਲ ਹੀ ਪਰਦੇ ਦੀ ਪ੍ਰਥਾ ਦਾ ਵੀ ਖੰਡਨ ਕੀਤਾ। ਉਨ੍ਹਾਂ ਐਲਾਨ ਕੀਤਾ ਕਿ ਕੋਈ ਵੀ ਔਰਤ ਸੰਗਤ ਵਿਚ ਪਰਦਾ ਕਰਕੇ ਨਾ ਆਵੇ।[14] ਗੁਰੂ ਅਮਰਦਾਸ ਜੀ ਨੇ ਸਿੱਖ ਰਹਿਤ ਨੂੰ ਪਛਾਣ ਦੇਣ ਲਈ ਸਿੱਖ ਰਸਮਾਂ ਦੀ ਬੁਨਿਆਦ ਰੱਖੀ। ਉਨ੍ਹਾਂ ਵਿਆਹ ਅਤੇ ਮੌਤ ਸਮੇਂ ਦੀਆਂ ਰਸਮਾਂ ਨਿਰਧਾਰਤ ਕੀਤੀਆਂ ਅਤੇ ਗੁਰਮਤਿ ਅਨੁਸਾਰ ਸਾਰੀਆਂ ਰਸਮਾਂ ਕਰਨ ਦੀ ਰੀਤ ਚਲਾਈ। ਗੁਰੂ ਸਾਹਿਬ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਆਪਣੇ ਪੁੱਤਰਾਂ, ਰਿਸ਼ਤੇਦਾਰਾਂ ਅਤੇ ਸਿੱਖਾਂ ਨੂੰ ਹੁਕਮ ਕੀਤਾ ਕਿ ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ ਪੁਰਾਣ ਪੜ੍ਹਨ ਲਈ ਪੰਡਤ ਨੂੰ ਨਾ ਬੁਲਾਇਆ ਜਾਵੇ, ਜੌਂ ਆਦਿ ਭੇਂਟ ਨਾ ਕੀਤੇ ਜਾਣ, ਨਾ ਦੀਵੇ ਬਾਲੇ ਜਾਣ ਸਗੋਂ ਅਕਾਲ ਪੁਰਖ ਦੀ ਉਸਤਤ ਵਿਚ ਗੁਰਬਾਣੀ ਦੇ ਸ਼ਬਦ ਗਾਏ ਜਾਣ।[15]

**ਗੁਰੂ ਰਾਮਦਾਸ ਜੀ** ਨੇ ਸਿੱਖ ਧਰਮ ਦੀ ਮੁੱਢਲੀ ਮਰਯਾਦਾ ਕਾਇਮ ਕਰਨ ਲਈ ਕਦਮ ਚੁੱਕੇ। ਉਨ੍ਹਾਂ ਲਾਵਾਂ ਬਾਣੀ ਦੀ ਰਚਨਾ ਕੀਤੀ, ਜੋ ਸਿੱਖਾਂ ਵਿਚ ਵਿਆਹ ਦੀ ਰਸਮ ਸਮੇਂ ਪੜ੍ਹੀ ਜਾਂਦੀ ਹੈ। ਸਿੱਖੀ ਦੇ ਨਿੱਤ ਕਰਮ ਨੂੰ ਨਿਸ਼ਚਿਤ ਕਰਨ ਲਈ ਗੁਰੂ ਰਾਮਦਾਸ ਨੇ ਗਉੜੀ ਰਾਗ ਵਿਚ ਫ਼ਰਮਾਇਆ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥

---

[12] ਸੁਖਦਿਆਲ ਸਿੰਘ, *ਸ਼ਿਰੋਮਣੀ ਸਿੱਖ ਇਤਿਹਾਸ (1469-1708)*, ਪੰਨੇ 108-09.
[13] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 787.
[14] ਸਤਿਬੀਰ ਸਿੰਘ, *ਪਰਬਤੁ ਮੇਰਾਣੁ (ਜੀਵਨੀ ਗੁਰੂ ਅਮਰਦਾਸ ਜੀ)*, ਪੰਨਾ 31.
[15] ਤੇਜਾ ਸਿੰਘ ਅਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 24.

ਜੋ ਸਾਸਿ ਗਿਰਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥[16]

ਗੁਰੂ ਰਾਮਦਾਸ ਜੀ ਨੇ ਸਿੱਖੀ ਦੇ ਪ੍ਰਮੁੱਖ ਕੇਂਦਰ ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਕੀਤੀ। ਇਸ ਕਾਰਜ ਦੀ ਸ਼ੁਰੂਆਤ ਗੁਰੂ ਅਮਰਦਾਸ ਜੀ ਨੇ ਕਰ ਦਿੱਤੀ ਸੀ ਪਰ ਇਸ ਨੂੰ ਸੰਪੂਰਨ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਕੀਤਾ ਸੀ। ਇਸ ਨਗਰ ਅੰਦਰ ਹਰ ਧਰਮ, ਜਾਤ, ਸੱਭਿਆਚਾਰ ਅਤੇ ਭਾਸ਼ਾ ਨਾਲ ਸੰਬੰਧਿਤ ਲੋਕਾਂ ਨੂੰ ਬਰਾਬਰ ਦਾ ਸਥਾਨ ਦਿੱਤਾ ਗਿਆ। ਗੁਰੂ ਸਾਹਿਬ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਗੁਰੂ ਅਮਰਦਾਸ ਜੀ ਦੁਆਰਾ ਸ਼ੁਰੂ ਕੀਤੀ ਮੰਜੀ ਪ੍ਰਥਾ ਨੂੰ ਹੋਰ ਪਕੇਰਾ ਅਤੇ ਮਜ਼ਬੂਤ ਕਰਨ ਲਈ ਯੋਗ ਕਦਮ ਚੁੱਕੇ। ਅੰਮ੍ਰਿਤਸਰ ਸਾਹਿਬ ਵਿਖੇ ਚੱਲ ਰਹੇ ਕਾਰਜਾਂ ਪ੍ਰਤੀ ਸੰਗਤਾਂ ਨੂੰ ਜਾਣੂੰ ਕਰਵਾਉਣ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਪੰਜਾਬ ਹੀ ਨਹੀਂ ਸਗੋਂ ਪੰਜਾਬ ਤੋਂ ਬਾਹਰ ਵੀ ਕੁੱਝ ਪ੍ਰਸਿੱਧ ਅਤੇ ਨਾਮਵਰ ਸਿੱਖਾਂ ਨੂੰ ਭੇਜਿਆ ਗਿਆ। ਇਨ੍ਹਾਂ ਪ੍ਰਚਾਰਕਾਂ ਨੂੰ 'ਮਸੰਦ' ਕਿਹਾ ਗਿਆ।[17] ਸ਼ੁਰੂਆਤੀ ਸਮੇਂ ਦੌਰਾਨ ਮਸੰਦ ਪ੍ਰਥਾ ਨੇ ਸਿੱਖ ਪੰਥ ਦੀ ਹੋ ਰਹੀ ਉਸਾਰੀ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਪਰ ਬਾਅਦ ਵਿਚ ਇਹ ਮਸੰਦ ਆਪਣੇ ਫ਼ਰਜ਼ ਤੋਂ ਭਟਕ ਗਏ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪ੍ਰਥਾ ਦਾ ਅੰਤ ਕਰ ਦਿੱਤਾ ਸੀ।

**ਗੁਰੂ ਅਰਜਨ ਦੇਵ ਜੀ** ਨੇ ਗੁਰਬਾਣੀ ਦਾ ਪ੍ਰਮਾਣਿਕ ਸਰੂਪ 'ਸ੍ਰੀ ਆਦਿ ਗ੍ਰੰਥ ਸਾਹਿਬ' ਤਿਆਰ ਕੀਤਾ। ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੇ ਸੰਕਲਨ ਅਤੇ ਸੰਪਾਦਨ ਸਮੇਂ ਪਹਿਲੇ ਪੰਜ ਗੁਰੂ ਸਾਹਿਬਾਨ, ਪੰਦਰਾਂ ਭਗਤ ਸਾਹਿਬਾਨ, ਗਿਆਰਾਂ ਭੱਟ ਸਾਹਿਬਾਨ ਅਤੇ ਤਿੰਨ ਗੁਰਸਿੱਖਾਂ ਦੀ ਬਾਣੀ ਨੂੰ ਰਾਗ ਬੱਧ ਢੰਗ ਨਾਲ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤਾ। (ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਬਾਅਦ ਵਿਚ ਗੁਰੂ ਗੋਬਿੰਦ ਸਿੰਘ ਨੇ ਦਮਦਮਾ ਸਾਹਿਬ ਦੇ ਅਸਥਾਨ 'ਤੇ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਦਰਜ ਕਰਵਾਈ ਸੀ।) ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸਿਰਜਨਾ ਦਾ ਕਾਰਜ 1604 ਈ. ਵਿਚ ਸੰਪੂਰਨ ਹੋਇਆ ਅਤੇ ਇਸ ਬੀੜ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਅੰਦਰ ਕੀਤਾ ਗਿਆ ਤੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ ਗਿਆ।[18]

ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਜੀ ਜੀ ਦੁਆਰਾ ਸ਼ੁਰੂ ਕੀਤੇ ਕਾਰਜ ਸੰਪੂਰਨ ਕਰਦੇ ਹੋਏ ਪਹਿਲਾਂ ਅੰਮ੍ਰਿਤਸਰ ਸਰੋਵਰ ਪੱਕਾ ਕਰਨ ਅਤੇ ਸ਼ਹਿਰ ਦੀ ਉਸਾਰੀ ਦਾ ਕਾਰਜ ਕੀਤਾ। 1588 ਈ. ਵਿਚ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ 'ਸ੍ਰੀ ਹਰਿਮੰਦਰ ਸਾਹਿਬ' ਦੀ ਨੀਂਹ ਰੱਖੀ।[19] ਤਰਨ ਤਾਰਨ ਨਗਰ ਵਸਾਇਆ ਅਤੇ ਉੱਥੇ ਇੱਕ ਵੱਡਾ ਸਰੋਵਰ, ਸੁੰਦਰ ਧਰਮਸਾਲ ਅਤੇ ਇਕ ਕੁਸ਼ਟ ਆਸ਼ਰਮ ਖੋਲ੍ਹਿਆ।[20] ਇਸੇ ਤਰ੍ਹਾਂ ਗੁਰੂ ਸਾਹਿਬ ਨੇ ਕਰਤਾਰਪੁਰ ਅਤੇ ਹਰਗੋਬਿੰਦਪੁਰ ਨਗਰ ਵਸਾਏ। ਗੁਰੂ ਹਰਿਗੋਬਿੰਦ ਜੀ ਦੇ ਜਨਮ 'ਤੇ ਛੇਹਰਟਾ ਖੂਹ ਲਵਾਇਆ

[16] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 305.
[17] ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ (ਪਹਿਲਾ-ਦੂਜਾ ਭਾਗ)*, ਅਜੈਬ ਸਿੰਘ (ਅਨੁ.), ਗੁਰਚਰਨ ਸਿੰਘ ਔਲਖ (ਸੋਧਕ), ਲੁਧਿਆਣਾ: ਲਾਹੌਰ ਬੁਕ ਸ਼ਾਪ, 2014, ਪੰਨਾ 325.
[18] ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ (ਪਹਿਲਾ-ਦੂਜਾ ਭਾਗ)*, ਪੰਨੇ 387-92.
[19] ਜੋਧ ਸਿੰਘ, *ਗੁਰੂ ਅਰਜਨ ਦੇਵ: ਸ਼ਹੀਦੀ ਅਤੇ ਰਚਨਾ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2007, ਪੰਨਾ 67.
[20] ਉਹੀ, ਪੰਨਾ 75.

ਜਿਸ ਤੋਂ ਛੇਹਰਟਾ ਪਿੰਡ ਵਸਿਆ। ਇਸੇ ਤਰ੍ਹਾਂ ਆਪ ਜੀ ਨੇ ਲਾਹੌਰ ਡੱਬੀ ਬਾਜ਼ਾਰ ਵਿੱਚ ਇਕ ਬਉਲੀ ਦਾ ਨਿਰਮਾਣ ਵੀ ਕਰਵਾਇਆ।[21] ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਗੁਰਿਆਈ ਸਮੇਂ ਪ੍ਰਮੁੱਖ ਸਿੱਖ ਸੰਸਥਾਵਾਂ ਦਾ ਵਿਕਾਸ ਹੋਇਆ ਅਤੇ ਸ੍ਰੀ ਆਦਿ ਗ੍ਰੰਥ ਸਾਹਿਬ ਹੋਂਦ ਵਿਚ ਆਏ।

ਸਿੱਖਾਂ ਦੀ ਆਜ਼ਾਦ ਤੇ ਸੁਤੰਤਰ ਹੋਂਦ ਮੁਗ਼ਲ ਬਾਦਸ਼ਾਹ ਜਹਾਂਗੀਰ ਦੀ ਧਾਰਮਿਕ ਤੰਗਦਿਲੀ ਦੀਆਂ ਅੱਖਾਂ ਵਿਚ ਰੜਕਣ ਲੱਗੀ ਅਤੇ ਉਸ ਨੇ ਵਾਧੂ ਜਿਹਾ ਬਹਾਨਾ ਬਣਾ ਕੇ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਵਿਖੇ ਸ਼ਹੀਦ ਕਰ ਦਿੱਤਾ। ਇਸ ਸ਼ਹੀਦੀ ਨੇ ਸਿੱਖਾਂ ਅੰਦਰ ਰੋਹ ਭਰ ਦਿੱਤਾ। ਗੁਰੂ ਹਰਿਗੋਬਿੰਦ ਜੀ ਨੇ ਗੁਰਿਆਈ ਸਮੇਂ ਪੀਰੀ ਤੇ ਮੀਰੀ ਦੀਆਂ ਪ੍ਰਤੀਕ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਸਿੱਖਾਂ ਨੂੰ ਵੀ ਸ਼ਸਤਰਬਧ ਹੋਣ ਲਈ ਆਦੇਸ਼ ਦਿੱਤਾ।[22] ਗੁਰੂ ਸਾਹਿਬ ਨੇ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਰੂਹਾਨੀ ਸੱਤਾ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ। ਸੁਖਦਿਆਲ ਸਿੰਘ ਅਨੁਸਾਰ, "ਸਿਰੀ ਅਕਾਲ ਤਖ਼ਤ ਸਾਹਿਬ, ਗੁਰੂ ਅਰਜਨ ਦੇਵ ਜੀ ਦੇ ਡੁੱਲੇ ਪਵਿੱਤਰ ਖੂਨ ਦੀ ਪੈਦਾਵਾਰ ਸੀ। ਇਹ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਪਰਤੀਕਰਮ ਵੀ ਸੀ ਅਤੇ ਸ਼ਹਾਦਤ ਦੇ ਰੂਪ ਵਿਚ ਦਿੱਤੇ ਚੈਲੰਜ ਨੂੰ ਮਨਜ਼ੂਰ ਕਰਨ ਦਾ ਐਲਾਨ ਵੀ ਸੀ। ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਸਿੱਖ ਸਮਾਜ ਦੀ ਸੁਤੰਤਰ ਹਸਤੀ ਨੂੰ ਦਰਸਾਉਣ ਦਾ ਐਲਾਨਨਾਮਾ ਸੀ ਅਤੇ ਸਿੱਖ ਸਮਾਜ ਦੇ ਆਤਮ-ਨਿਰਣੈ ਦੇ ਸਿਧਾਂਤ ਨੂੰ ਅਮਲੀ ਰੂਪ ਵਿਚ ਲਿਆਉਣ ਦਾ ਇਕ ਨਵਾਂ ਕਦਮ ਸੀ।"[23]

ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਤੱਕ ਸਿੱਖਾਂ ਦੀ ਆਪਣੀ ਲਿਪੀ, ਧਰਮ ਗ੍ਰੰਥ, ਸਿਧਾਂਤ, ਮਰਯਾਦਾ, ਧਰਮ ਅਸਥਾਨ ਅਤੇ ਤਖ਼ਤ ਹੋਂਦ ਵਿਚ ਆ ਗਏ ਸਨ। ਸਿੱਖ ਗੁਰੂ ਸਾਹਿਬਾਨ ਨੂੰ ਸਚਾ ਪਾਤਿਸ਼ਾਹ ਸਮਝ ਕੇ ਸੁਤੰਤਰ ਤੌਰ 'ਤੇ ਆਪਣੇ ਧਾਰਮਿਕ ਫ਼ਰਜ ਨਿਭਾਉਣ ਲੱਗੇ। ਹਕੂਮਤ ਦੀ ਸਿੱਖਾਂ ਪ੍ਰਤੀ ਧਾਰਮਿਕ ਤੰਗਦਿਲੀ ਕਾਰਨ ਗੁਰੂ ਹਰਿਗੋਬਿੰਦ ਸਾਹਿਬ ਨੂੰ ਪਹਿਲਾਂ ਬਾਦਸ਼ਾਹ ਜਹਾਂਗੀਰ ਦੇ ਸਮੇਂ ਨਜ਼ਰਬੰਦੀ ਕੱਟਣੀ ਪਈ ਅਤੇ ਫਿਰ ਸ਼ਾਹ ਜਹਾਨ ਦੇ ਸਮੇਂ ਚਾਰ ਧਰਮ ਯੁੱਧ ਲੜਨੇ ਪਏ। ਇਨ੍ਹਾਂ ਲੜਾਈਆਂ ਪਿੱਛੇ ਤਤਕਾਲੀ ਕਾਰਨ ਚਾਹੇ ਕੁੱਝ ਵੀ ਰਹੇ ਹੋਣ ਪਰ ਸਭ ਤੋਂ ਵੱਡਾ ਕਾਰਨ ਮੁਗ਼ਲ ਹਾਕਮਾਂ ਦੀ ਸਿੱਖ ਗੁਰੂ ਸਾਹਿਬਾਨ ਪ੍ਰਤੀ ਕੱਟੜਤਾ ਭਰੀ ਨੀਤੀ ਸੀ ਜਿਸ ਅਨੁਸਾਰ ਉਹ ਗੁਰੂ ਸਾਹਿਬਾਨ ਦੇ ਵੱਧ ਰਹੇ ਪ੍ਰਭਾਵ ਨੂੰ ਖ਼ਤਮ ਕਰਨਾ ਚਾਹੁੰਦੇ ਸਨ।[24] ਇਕ ਪਾਸੇ ਹਕੂਮਤ ਆਪਣੀ ਧਾਰਮਿਕ ਤੰਗਦਿਲੀ ਕਾਰਨ ਗੁਰੂ ਸਾਹਿਬ ਨੂੰ ਖ਼ਤਮ ਕਰਨਾ ਚਾਹੁੰਦੀ ਸੀ ਅਤੇ ਦੂਜੇ ਪਾਸੇ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਮੁਸਲਮਾਨ ਸ਼ਰਧਾਲੂਆਂ ਲਈ ਹਰਿਗੋਬਿੰਦਪੁਰ ਵਿਖੇ ਮਸੀਤ ਦਾ ਨਿਰਮਾਣ ਕਰਵਾਇਆ ਸੀ।[25] ਇਸ ਤਰ੍ਹਾਂ ਗੁਰੂ ਸਾਹਿਬ ਨੇ ਧਾਰਮਿਕ ਆਜ਼ਾਦੀ ਅਤੇ ਸਹਿਹੋਂਦ ਨੂੰ ਅਮਲੀ ਰੂਪ ਵਿਚ ਗੁਰਮਤਿ ਦਾ ਹਿੱਸਾ ਬਣਾਇਆ

---

[21] ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ,* ਪੰਨਾ 35.

[22] ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ,* ਭਾਗ ਪਹਿਲਾ, ਕੇ. ਐਸ. ਰਾਜੂ (ਸੰਪਾ.), ਪਟਿਆਲਾ: ਭਾਸ਼ਾ ਵਿਭਾਗ ਪੰਜਾਬ, ਪੰਜਵੀਂ ਵਾਰ, 2011, ਪੰਨਾ 440.

[23] ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ,* ਪਟਿਆਲਾ: ਪੰਜਾਬੀ ਯੂਨੀਵਰਸਿਟੀ, ਦੂਜੀ ਵਾਰ, 2002, ਪੰਨਾ 1.

[24] ਸੁਖਦਿਆਲ ਸਿੰਘ, *ਸ਼ਿਰੋਮਣੀ ਸਿੱਖ ਇਤਿਹਾਸ (1469-1708)*, ਪੰਨਾ 161.

[25] ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ,* ਭਾਗ ਪਹਿਲਾ, ਪੰਨਾ 456.

ਹੈ। ਗੁਰੂ ਸਾਹਿਬ ਨੇ ਸਤਲੁਜ ਤੋਂ ਪਾਰ ਦੇ ਇਲਾਕੇ ਵਿਚ ਸਿੱਖੀ ਦੇ ਪ੍ਰਚਾਰ ਲਈ ਕੀਰਤਪੁਰ ਸ਼ਹਿਰ ਵਸਾਇਆ ਅਤੇ ਆਪਣੀ ਰਿਹਾਇਸ਼ ਇਸੇ ਇਲਾਕੇ ਵਿਚ ਕਰ ਲਈ। ਗੁਰੂ ਸਾਹਿਬ ਨੇ ਚਰਣਾਮ੍ਰਿਤ ਅਰਥਾਤ ਚਰਣ ਪਾਹੁਲ ਦੀ ਮਰਯਾਦਾ ਜੋ ਪਹਿਲਾਂ ਆਦਿ ਗੁਰੂ ਜੀ ਦੇ ਸਮੇਂ ਤੋਂ ਕੇਵਲ ਇਕੋ ਸਿੱਖ ਗੁਰੂ ਜਾਂ ਮਹਾਨ ਵਿਅਕਤੀ ਦਿਆ ਕਰਦੇ ਸਨ, ਇਕ ਦੀ ਥਾਂ ਪੰਜਾਂ ਸਿੱਖਾਂ ਰਾਹੀਂ ਦੇਣੀ ਸ਼ੁਰੂ ਕੀਤੀ। ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਿੰਘ ਜੀ ਨੇ ਸਿੱਖੀ ਵਿਚ ਪੰਜ ਪਰਧਾਨੀ ਮਰਯਾਦਾ ਦੀ ਬੁਨਿਆਦ ਵੀ ਰੱਖ ਦਿੱਤੀ ਸੀ।[26]

**ਗੁਰੂ ਹਰਿਰਾਇ ਸਾਹਿਬ** ਦਾ ਵਧੇਰਾ ਸਮਾਂ ਕੀਰਤਪੁਰ ਸਾਹਿਬ ਦੇ ਇਲਾਕੇ ਵਿਚ ਸਿੱਖੀ ਦੇ ਪ੍ਰਚਾਰ ਵਿਚ ਗੁਜ਼ਰਿਆ। ਆਪ ਜੀ ਨੇ ਸਿੱਖੀ ਦੇ ਪਰਚਾਰ ਨੂੰ ਜਥੇਬੰਦ ਕੀਤਾ ਅਤੇ ਖੁਦ ਵੀ ਕੀਰਤਪੁਰ ਸਾਹਿਬ ਤੋਂ ਬਾਹਰ ਪੰਜਾਬ ਦੀਆਂ ਵੱਖ-ਵੱਖ ਥਾਵਾਂ 'ਤੇ ਧਰਮ ਪਰਚਾਰ ਲਈ ਗਏ ਸਨ।[27] ਗੁਰੂ ਹਰਿਰਾਇ ਜੀ ਤਕਰੀਬਨ 1651 ਈ. ਦੇ ਨੇੜੇ ਅੰਮ੍ਰਿਤਸਰ ਪਹੁੰਚੇ। ਉਸ ਸਮੇਂ ਅੰਮ੍ਰਿਤਸਰ ਦੇ ਧਾਰਮਕ ਅਸਥਾਨਾਂ ਦਾ ਪ੍ਰਬੰਧ ਪਿਰਥੀ ਚੰਦ ਦੀ ਔਲਾਦ ਸੰਭਾਲ ਰਹੀ ਸੀ। ਗੁਰੂ ਸਾਹਿਬ ਨੇ ਇੱਥੇ ਪਹੁੰਚ ਕੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਪ੍ਰਬੰਧ ਕਰਨ ਲਈ ਨਵੇਂ ਸੇਵਾਦਾਰ ਨਿਯੁਕਤ ਕੀਤੇ।[28] ਸਿੱਖਾਂ ਲਈ ਗੁਰਬਾਣੀ ਦਾ ਮਹੱਤਵ ਗੁਰੂ ਹਰਿਰਾਇ ਜੀ ਦੇ ਜੀਵਨ ਵਿਚੋਂ ਸਪਸ਼ਟ ਹੋ ਜਾਂਦਾ ਹੈ। ਔਰੰਗਜ਼ੇਬ ਨੇ ਜਦੋਂ ਗੁਰੂ ਸਾਹਿਬ ਨੂੰ ਦਿੱਲੀ ਵਿਚ ਹਾਜ਼ਰ ਹੋਣ ਲਈ ਸੁਨੇਹਾ ਭੇਜਿਆ ਤਾਂ ਗੁਰੂ ਸਾਹਿਬ ਨੇ ਆਪਣੇ ਵੱਡੇ ਪੁੱਤਰ ਰਾਮਰਾਇ ਨੂੰ ਦਿੱਲੀ ਭੇਜ ਦਿੱਤਾ। ਰਾਮਰਾਇ ਨੂੰ ਆਦੇਸ਼ ਦਿੱਤਾ ਗਿਆ ਕਿ ਦਿੱਲੀ ਦਰਬਾਰ ਵਿਚ ਬਿਨਾ ਕਿਸੇ ਦੇ ਡਰ ਤੋਂ ਸਿੱਖ ਧਰਮ ਗ੍ਰੰਥ ਅਤੇ ਗੁਰਮਤਿ ਸਿਧਾਂਤ ਦੀ ਵਿਆਖਿਆ ਕਰਨੀ।[29] ਕੁਝ ਮਸੰਦਾਂ ਦੇ ਭੜਕਾਉਣ ਅਤੇ ਖੁਦ ਦੀ ਨਿੱਜੀ ਮੰਸ਼ਾ ਕਾਰਨ ਰਾਮਰਾਇ ਦਿੱਲੀ ਦਰਬਾਰ ਵਿਚ ਜਾ ਕੇ ਆਪਣੇ ਮੂਲ ਮਨੋਰਥ ਤੋਂ ਡੋਲ ਗਿਆ ਅਤੇ ਔਰੰਗਜ਼ੇਬ ਨੂੰ ਖ਼ੁਸ਼ ਕਰਨ ਲਈ ਗੁਰਬਾਣੀ ਦੇ ਗਲਤ ਅਰਥ ਕਰ ਦਿੱਤੇ। ਜਦੋਂ ਗੁਰੂ ਪਿਤਾ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਨ੍ਹਾਂ ਰਾਮ ਰਾਇ ਨੂੰ ਗੁਰਬਾਣੀ ਦੀ ਬੇਅਦਬੀ ਕਰਨ ਕਰਕੇ ਤਿਆਗ ਦਿੱਤਾ ਅਤੇ ਸਿੱਖਾਂ ਨੂੰ ਵੀ ਉਸ ਨਾਲ ਕੋਈ ਸੰਬੰਧ ਨਾ ਰੱਖਣ ਦਾ ਆਦੇਸ਼ ਦੇ ਦਿੱਤਾ ਗਿਆ।[30] ਗੁਰਮਤਿ ਵਿਚ ਗੁਰਬਾਣੀ ਦਾ ਸਤਿਕਾਰ ਬਹੁਤ ਅਹਿਮ ਹੈ। ਗੁਰਬਾਣੀ ਨਾਲ ਛੇੜ-ਛਾੜ ਜਾਂ ਗਲਤ ਅਰਥ ਪ੍ਰਚਲਿਤ ਕਰਨ ਨੂੰ ਭਾਰੀ ਗੁਨਾਹ ਮੰਨਿਆ ਗਿਆ ਹੈ।

**ਗੁਰੂ ਹਰਿਕ੍ਰਿਸ਼ਨ ਜੀ** ਬਾਲ ਰੂਪ ਵਿਚ ਹੀ ਜੋਤੀ-ਜੋਤਿ ਸਮਾ ਗਏ ਸਨ। ਉਨ੍ਹਾਂ ਕੀਰਤਪੁਰ ਰਹਿ ਕੇ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਦਿੱਲੀ ਜਾ ਕੇ ਵੀ ਗੁਰਮਤਿ ਦੇ ਉਪਦੇਸ਼ ਦਿੱਤੇ। ਸਿੱਖ ਪਰੰਪਰਾ ਵਿਚ ਗੁਰੂ ਸਾਹਿਬ ਦੇ ਜੀਵਨ ਨਾਲ ਇਕ ਘਟਨਾ ਜੁੜੀ ਹੋਈ ਹੈ ਕਿ ਪੰਜੋਖਰਾ ਸਾਹਿਬ ਵਿਖੇ ਗੁਰੂ ਸਾਹਿਬ ਦੀ ਨਦਰ ਨਾਲ ਇਕ ਸਿਧਾ-ਸਾਧਾ ਬੰਦਾ ਛੱਜੂ ਝਿਊਰ ਗੀਤਾ ਦੇ ਅਰਥ ਕਰਨ ਲੱਗ ਪਿਆ ਸੀ। ਇਹ ਘਟਨਾ ਦੱਸਦੀ ਹੈ ਕਿ ਗੁਰੂ ਸਾਹਿਬਾਨ ਨੇ

---

[26] ਸ਼ਮਸ਼ੇਰ ਸਿੰਘ ਅਸ਼ੋਕ, "ਸਿੱਖ ਧਰਮ", *ਨਾਨਕ ਪ੍ਰਕਾਸ਼ ਪੱਤ੍ਰਿਕਾ,* ਬਲਕਾਰ ਸਿੰਘ (ਸੰਪਾ.), ਪੰਨਾ 2.
[27] ਸੁਖਦਿਆਲ ਸਿੰਘ, *ਸ਼ਿਰੋਮਣੀ ਸਿੱਖ ਇਤਿਹਾਸ (1469-1708),* ਪੰਨਾ 180.
[28] ਉਹੀ, ਪੰਨਾ 181.
[29] ਸੰਗਤ ਸਿੰਘ, *ਇਤਿਹਾਸ 'ਚ ਸਿੱਖ,* ਅੰਮ੍ਰਿਤਸਰ: ਸਿੰਘ ਬ੍ਰਦਰਜ਼, ਤੀਜੀ ਵਾਰ, 2008, ਪੰਨਾ 57.
[30] ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ,* ਭਾਗ ਪਹਿਲਾ, ਪੰਨੇ 648-49.

ਅਧਿਆਤਮ ਗਿਆਨ ਸੰਬੰਧੀ ਬ੍ਰਾਹਮਣਵਾਦ ਦੇ ਅਖੌਤੀ ਜਾਤ-ਪਾਤ ਅਤੇ ਛੂਤ-ਛਾਤ ਦੇ ਪ੍ਰਬੰਧ ਨੂੰ ਤੋੜ ਕੇ ਰੱਖ ਦਿੱਤਾ ਸੀ। ਬ੍ਰਾਹਮਣਵਾਦ ਅਖੌਤੀ ਸ਼ੂਦਰਾਂ ਨੂੰ ਧਰਮ ਗ੍ਰੰਥ ਪੜ੍ਹਨ ਤੋਂ ਰੋਕਦਾ ਸੀ ਅਤੇ ਗੁਰੂ ਸਾਹਿਬਾਨ ਨੇ ਇਨ੍ਹਾਂ ਨੂੰ ਧਾਰਮਿਕ ਗ੍ਰੰਥ ਪੜ੍ਹਨ ਤੇ ਪ੍ਰਚਾਰਨ ਲਈ ਉਤਸ਼ਾਹਿਤ ਕੀਤਾ ਸੀ।[31]

**ਗੁਰੂ ਤੇਗ ਬਹਾਦਰ ਜੀ** ਦੇ ਸਮੇਂ ਸਿੱਖੀ ਦਾ ਦੂਰ-ਦੂਰ ਤੱਕ ਪ੍ਰਚਾਰ ਹੋਇਆ। ਗੁਰੂ ਸਾਹਿਬ ਦੇ ਪੂਰਬੀ ਭਾਰਤ ਤੇ ਪੰਜਾਬ-ਹਰਿਆਣਾ ਵਿਚ ਕੀਤੇ ਪ੍ਰਚਾਰਕ ਦੌਰੇ ਬਹੁਤ ਮਹੱਤਵ ਵਾਲੇ ਹਨ। ਗੁਰੂ ਸਾਹਿਬ ਨੇ ਜਿੱਥੇ ਲੋਕਾਂ ਨੂੰ ਦਰਪੇਸ਼ ਸਮਾਜਿਕ ਸਮੱਸਿਆਵਾਂ ਦਾ ਹੱਲ ਕੀਤਾ ਉੱਥੇ ਨਾਲ ਹੀ ਲੋਕਾਂ ਨੂੰ ਸਿੱਖੀ ਦੇ ਨਿਰਮਲ ਸੰਦੇਸ਼ ਤੋਂ ਜਾਣੂੰ ਕਰਵਾਇਆ। ਇਨ੍ਹਾਂ ਅਸਥਾਨਾਂ ਵਿਖੇ ਗੁਰੂ ਸਾਹਿਬ ਨਾਲ ਸੰਬੰਧਿਤ ਅਸਥਾਨ ਅਤੇ ਯਾਦ ਚਿੰਨ੍ਹ ਅੱਜ ਵੀ ਇਸ ਗੱਲ ਦੀ ਸ਼ਾਹਦੀ ਭਰ ਰਹੇ ਹਨ ਕਿ ਗੁਰੂ ਸਾਹਿਬ ਦੇ ਸੰਦੇਸ਼ ਸੁਣ ਕੇ ਲੋਕ ਭਾਰੀ ਗਿਣਤੀ ਵਿਚ ਸਿੱਖੀ ਦੇ ਲੜ ਲੱਗੇ ਸਨ। ਗੁਰੂ ਸਾਹਿਬ ਨੇ ਲੋਕਾਂ ਨੂੰ ਸਹਿਣਸ਼ੀਲਤਾ ਅਤੇ ਸਹਿਹੋਂਦ ਨਾਲ ਆਤਮਕ ਉੱਨਤੀ ਕਰਨ ਦੇ ਉਪਦੇਸ਼ ਦਿੱਤੇ ਅਤੇ ਬਿਨਾ ਕਿਸੇ ਕਾਰਨ ਨਾ ਡਰਨ ਤੇ ਨਾ ਡਰਾਉਣ ਦਾ ਮਾਰਗ ਦਿੱਤਾ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥[32].

ਦੂਜੇ ਪਾਸੇ ਔਰੰਗਜ਼ੇਬ ਤਲਵਾਰ ਦੇ ਜੋਰ ਨਾਲ ਗੈਰ-ਮੁਸਲਮਾਨਾਂ ਨੂੰ ਮੁਸਲਮਾਨ ਬਣਾਉਣ ਲਈ ਯਤਨ ਕਰ ਰਿਹਾ ਸੀ।[33] ਔਰੰਗਜ਼ੇਬ ਦੀ ਇਸ ਪੱਖਪਾਤੀ ਨੀਤੀ ਤੋਂ ਤੰਗ ਹੋ ਕੇ ਕਸ਼ਮੀਰ, ਕੁਰੂਕਸ਼ੇਤਰ, ਹਰਿਦੁਆਰ ਅਤੇ ਬਨਾਰਸ ਦੇ ਪੰਡਿਤ (ਬ੍ਰਾਹਮਣ) ਕਿਰਪਾ ਰਾਮ ਦੀ ਅਗਵਾਈ ਹੇਠ ਆਨੰਦਪੁਰ ਸਾਹਿਬ ਆ ਹਾਜ਼ਰ ਹੋਏ। ਉਨ੍ਹਾਂ ਇਸ ਮੁਸੀਬਤ ਦੀ ਘੜੀ ਵਿਚ ਗੁਰੂ ਸਾਹਿਬ ਅੱਗੇ ਮਦਦ ਲਈ ਫ਼ਰਿਆਦ ਕੀਤੀ। ਗੁਰੂ ਸਾਹਿਬ ਦੇ ਪ੍ਰਚਾਰ ਅਤੇ ਸਿੱਖੀ ਦੇ ਵੱਧ ਰਹੇ ਪ੍ਰਭਾਵ ਦੀਆਂ ਖ਼ਬਰਾਂ ਪਹਿਲਾਂ ਹੀ ਔਰੰਗਜ਼ੇਬ ਤੱਕ ਪਹੁੰਚ ਚੁੱਕੀਆਂ ਸਨ। ਔਰੰਗਜ਼ੇਬ ਨੂੰ ਜਦ ਪਤਾ ਲੱਗਾ ਕਿ ਗੁਰੂ ਸਾਹਿਬ ਨੇ ਕਸ਼ਮੀਰੀ ਪੰਡਤਾਂ ਦੀ ਬਾਂਹ ਫੜੀ ਹੈ ਤਾਂ ਉਸ ਨੇ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿੱਤਾ। ਉਸ ਸਮੇਂ ਗੁਰੂ ਸਾਹਿਬ ਰੋਪੜ ਦੇ ਇਲਾਕੇ ਵਿਚ ਸਨ। ਅੰਤ ਉਨ੍ਹਾਂ ਨੂੰ ਮਲਕਪੁਰ ਰੰਘੜਾਂ ਦੇ ਅਸਥਾਨ ਤੋਂ ਗ੍ਰਿਫ਼ਤਾਰ ਕਰਕੇ ਦਿੱਲੀ ਭੇਜ ਦਿੱਤਾ ਗਿਆ।[34] ਗੁਰੂ ਸਾਹਿਬ ਨੂੰ ਕੈਦ ਵਿਚ ਅਨੇਕਾਂ ਤਸੀਹੇ ਦਿੱਤੇ ਗਏ ਅਤੇ ਅਖ਼ੀਰ ਉਨ੍ਹਾਂ ਦੇ ਸਾਥੀ ਸਿੱਖਾਂ ਨੂੰ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਸ਼ਹੀਦ ਕੀਤਾ ਗਿਆ। ਗੁਰੂ ਸਾਹਿਬ ਨੂੰ ਇਸਲਾਮ ਧਰਮ ਕਬੂਲ ਕਰਵਾਉਣ ਲਈ ਤਰ੍ਹਾਂ-ਤਰ੍ਹਾਂ ਦੀਆਂ ਪੇਸ਼ਕਸ਼ਾਂ ਕੀਤੀਆਂ ਗਈਆਂ। ਸਭ ਤਰ੍ਹਾਂ ਦੀਆਂ ਪੇਸ਼ਕਸ਼ਾਂ ਨੂੰ ਜਦ ਗੁਰੂ ਜੀ ਨੇ ਨਕਾਰ ਦਿੱਤਾ ਤਾਂ ਬਾਦਸ਼ਾਹੀ ਹੁਕਮ ਅਨੁਸਾਰ ਆਪ ਜੀ ਨੂੰ ਸ਼ਹੀਦ ਕਰ ਦਿੱਤਾ।[35] ਗੁਰੂ ਗੋਬਿੰਦ ਸਿੰਘ ਜੀ ਇਸ ਨੂੰ ਧਰਮ ਦੀ ਰੱਖਿਆ ਲਈ ਦਿੱਤੀ ਸ਼ਹਾਦਤ ਕਹਿੰਦੇ ਹਨ:

ਤਿਲਕ ਜੰਞੂ ਰਾਖਾ ਪ੍ਰਭ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ।

---

[31] ਸੁਖਦਿਆਲ ਸਿੰਘ, *ਸ਼ਿਰੋਮਣੀ ਸਿੱਖ ਇਤਿਹਾਸ (1469-1708)*, ਪੰਨਾ 190.
[32] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1427.
[33] ਤੇਜਾ ਸਿੰਘ ਅਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 54.
[34] ਉਹੀ, ਪੰਨਾ 56.
[35] ਸਾਹਿਬ ਸਿੰਘ, *ਗੁਰ ਇਤਿਹਾਸ ਪਾਤਸ਼ਾਹੀ ੨ ਤੋਂ ੯*, ਅੰਮ੍ਰਿਤਸਰ: ਸਿੰਘ ਬ੍ਰਦਰਜ਼, 2011, ਪੰਨਾ 342.

ਸਾਧਨ ਹੇਤਿ ਇਤੀ ਜਿਨਿ ਕਰੀ। ਸੀਸੁ ਦੀਯਾ ਪਰੁ ਸੀ ਨ ਉਚਰੀ।

ਧਰਮ ਹੇਤਿ ਸਾਕਾ ਜਿਨਿ ਕੀਆ। ਸੀਸੁ ਦੀਆ ਪਰੁ ਸਿਰਰੁ ਨ ਦੀਆ।[36]

**ਗੁਰੂ ਗੋਬਿੰਦ ਸਿੰਘ ਜੀ** ਨੇ 1699 ਈ. ਦੀ ਵਿਸਾਖੀ ਨੂੰ 'ਖ਼ਾਲਸਾ' ਸਾਜ ਕੇ ਸਿੱਖ ਪੰਥ ਦੀ ਨਿਵੇਕਲੀ ਪਛਾਣ ਨੂੰ ਸਿੱਕੇਬੰਦ ਰੂਪ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਜਿਸ ਪੰਥ ਦੀ ਨੀਂਹ ਰੱਖੀ ਸੀ ਗੁਰੂ ਗੋਬਿੰਦ ਸਿੰਘ ਜੀ ਨੇ ਉਸੇ ਪੰਥ ਸੰਪੂਰਨਤਾ ਬਖ਼ਸ਼ੀ। ਗੁਰੂ ਸਾਹਿਬ ਨੇ ਸਮੇਂ ਦੇ ਹਾਕਮਾਂ ਤੇ ਧਾਰਮਿਕ ਆਗੂਆਂ ਵੱਲੋਂ ਲਿਤਾੜੀ ਜਨਤਾ ਨੂੰ 'ਸਿੰਘ' ਬਣਾ ਕੇ ਉਨ੍ਹਾਂ ਅੰਦਰ ਨਵਾਂ ਜੋਸ਼ ਭਰ ਦਿੱਤਾ। ਇਹੀ ਜੋਸ਼ ਬਾਅਦ ਵਿਚ ਸਿੱਖ-ਰਾਜ ਸਥਾਪਿਤ ਕਰਨ ਅਤੇ ਮੁਗ਼ਲ ਸਲਤਨਤ ਦੇ ਅੱਤਿਆਚਾਰ ਨੂੰ ਖ਼ਤਮ ਕਰਨ ਦਾ ਸਬੱਬ ਬਣਿਆ। ਤੇਜਾ ਸਿੰਘ ਅਤੇ ਗੰਡਾ ਸਿੰਘ ਅਨੁਸਾਰ, "ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੁਆਰਾ ਆਪਣਾ ਜੀਵਨ ਸਿੱਖਾਂ ਦੇ ਅੰਦਰ ਭਰ ਦਿੱਤਾ ਅਤੇ ਉਨ੍ਹਾਂ ਉੱਤੇ ਆਪਣੀ ਸ਼ਖ਼ਸੀਅਤ ਦੀ ਛਾਪ ਲਾ ਦਿੱਤੀ। ਉਨ੍ਹਾਂ ਦੇ ਚਿਹਨ ਚੱਕਰ ਉੱਤੇ ਇਕ ਦੇਵ ਲੋਕੀ ਪ੍ਰਭਾਵ ਸੀ ਜੋ ਉਨ੍ਹਾਂ ਦੇ ਸਿੱਖਾਂ ਨੂੰ ਸਪਸ਼ਟ ਰੂਪ ਵਿਚ ਦਿਖਾਈ ਦਿੰਦਾ ਸੀ। ਉਨ੍ਹਾਂ ਦੀ ਛਾਪ ਨਾਲ ਸਿੱਖਾਂ ਦੇ ਮਨ ਦੀ ਬਣਤਰ ਨਾ ਕੇਵਲ ਉੱਚੀ ਅਤੇ ਬਦਲੇ ਹੋਏ ਰੂਪ ਵਿਚ ਹੀ ਸਾਹਮਣੇ ਆਉਂਦੀ ਸੀ ਸਗੋਂ ਮਾਨਵ-ਵੰਸ਼ ਵਿਗਿਆਨ ਦੇ ਮਾਹਿਰਾ ਦੇ ਤਜਰਬੇ ਦੇ ਉਲਟ ਇਸ ਦਾ ਪਦਾਰਥਕ ਤੌਰ ਤੇ ਵੀ ਅਸਰ ਹੋਇਆ ਅਤੇ ਉਨ੍ਹਾਂ ਦੇ ਜਿਸਮਾਨੀ ਅੰਗਾਂ ਨੂੰ ਵੀ ਵਡੱਤਣ ਪ੍ਰਾਪਤ ਹੋਈ।"[37]

ਸਿੱਖੀ ਦੀ ਸੁਤੰਤਰ ਹੋਂਦ ਛੇਤੀ ਹੀ ਸਿੱਖ ਵਿਰੋਧੀਆਂ ਲਈ ਸਹਿਨ ਕਰਨੀ ਔਖੀ ਹੋ ਗਈ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਪਹਾੜੀ ਰਾਜਿਆਂ ਤੇ ਮੁਗ਼ਲ ਫ਼ੌਜ ਨਾਲ ਕਈ ਜੰਗ ਲੜਨੇ ਪਏ। ਇਹ ਜੰਗ ਸਵੈ-ਰੱਖਿਆ ਲਈ ਲੜੇ ਗਏ। ਗੁਰੂ ਸਾਹਿਬ ਨੇ ਕਿਤੇ ਵੀ ਪਹਿਲਾਂ ਵਾਰ ਨਹੀਂ ਕੀਤਾ। ਜ਼ਫ਼ਰਨਾਮੇ ਵਿਚ ਗੁਰੂ ਸਾਹਿਬ ਨੇ ਲਿਖਿਆ ਹੈ ਕਿ ਜਦੋਂ ਕੋਈ ਹੀਲਾ ਨਾ ਰਹੇ ਤਾਂ ਤਲਵਾਰ ਹੱਥ ਲੈਣੀ ਜਾਇਜ਼ ਹੈ:

ਚੁ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ।

ਹਲਾਲ ਅਸਤੁ ਬੁਰਦਨ ਬ ਸ਼ਮਸ਼ੀਰ ਦਸਤ।22।[38]

ਇਸ ਦੌਰਾਨ ਗੁਰੂ ਸਾਹਿਬ ਨੂੰ ਆਨੰਦਪੁਰ ਸਾਹਿਬ ਛੱਡਣਾ ਪਿਆ ਅਤੇ ਚਾਰੇ ਸਾਹਿਬਜ਼ਾਦੇ, ਮਾਤਾ ਜੀ ਤੇ ਸੈਂਕੜੇ ਸਿੰਘ ਸ਼ਹੀਦ ਹੋ ਗਏ। ਗੁਰੂ ਸਾਹਿਬ ਚਮਕੌਰ ਸਾਹਿਬ ਤੋਂ ਮਾਛੀਵਾੜਾ, ਦਮਦਮਾ ਸਾਹਿਬ ਹੁੰਦੇ ਹੋਏ ਨਾਂਦੇੜ ਪਹੁੰਚੇ। ਇਸ ਅਸਥਾਨ ਤੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਥਾਪੜਾ ਦੇ ਕੇ ਪੰਜਾਬ ਵੱਲ ਭੇਜਿਆ। ਨਾਂਦੇੜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰੂ ਥਾਪ ਕੇ ਗੁਰੂ ਗੋਬਿੰਦ ਸਿੰਘ ਜੀ ਜੋਤੀ-ਜੋਤਿ ਸਮਾ ਗਏ।[39]

---

[36] ਰਤਨ ਸਿੰਘ ਜੱਗੀ ਤੇ ਗੁਰਸ਼ਰਨ ਕੌਰ ਜੱਗੀ, *ਸ੍ਰੀ ਦਸਮ-ਗ੍ਰੰਥ ਸਾਹਿਬ: ਪਾਠ-ਸੰਪਾਦਨ ਅਤੇ ਵਿਆਖਿਆ,* ਨਵੀਂ ਦਿੱਲੀ: ਗੋਬਿੰਦ ਸਦਨ, ਦੂਜੀ ਵਾਰ, 2007, ਪੰਨਾ 144.

[37] ਤੇਜਾ ਸਿੰਘ ਅਤੇ ਗੰਡਾ ਸਿੰਘ, *ਸਿੱਖ ਇਤਿਹਾਸ (1469-1765)*, ਪੰਨਾ 73.

[38] ਰਤਨ ਸਿੰਘ ਜੱਗੀ ਤੇ ਗੁਰਸ਼ਰਨ ਕੌਰ ਜੱਗੀ, *ਸ੍ਰੀ ਦਸਮ-ਗ੍ਰੰਥ ਸਾਹਿਬ: ਪਾਠ-ਸੰਪਾਦਨ ਅਤੇ ਵਿਆਖਿਆ,* ਪੰਨਾ 678.

[39] ਸੁਖਦਿਆਲ ਸਿੰਘ, *ਸ਼ਿਰੋਮਣੀ ਸਿੱਖ ਇਤਿਹਾਸ (1469-1708)*, ਪੰਨਾ 190.

**ਗੁਰੂ–ਕਾਲ ਤੋਂ ਬਾਅਦ** ਸਿੱਖਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਮੁਗ਼ਲ ਫ਼ੌਜਾਂ ਨਾਲ ਕਰੜਾ ਹਥਿਆਰਬੰਦ ਸੰਘਰਸ਼ ਕੀਤਾ। ਇਸ ਸੰਘਰਸ਼ ਦੌਰਾਨ ਬਾਬਾ ਬੰਦਾ ਸਿੰਘ ਬਹਾਦਰ ਨੇ ਸਤਲੁਜ ਤੋਂ ਜਮਨਾ ਤੱਕ ਸਿੱਖ ਰਾਜ ਸਥਾਪਿਤ ਕਰ ਕੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਸਿੱਕਾ ਜਾਰੀ ਕੀਤਾ। ਬਾਬਾ ਬੰਦਾ ਸਿੰਘ ਦੁਆਰਾ ਸਥਾਪਿਤ ਸਿੱਖ ਰਾਜ ਬਹੁਤ ਥੋੜ੍ਹਾ ਸਮਾਂ ਰਿਹਾ। ਬਾਬਾ ਜੀ ਨੂੰ ਮੁਗ਼ਲ ਫ਼ੌਜ ਨੇ ਗੁਰਦਾਸ ਨੰਗਲ ਤੋਂ ਗ੍ਰਿਫ਼ਤਾਰ ਕਰ ਲਿਆ ਅਤੇ ਦਿੱਲੀ ਵਿਖੇ ਸਾਥੀ ਸਿੰਘਾਂ ਸਹਿਤ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।[40] ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਵਿਚੋਂ ਅਜਿਹੇ ਅਨੇਕਾਂ ਹਵਾਲੇ ਮਿਲਦੇ ਹਨ ਕਿ ਇਸ ਸੰਘਰਸ਼ ਵਿਚ ਸਿੱਖ ਆਪਣੇ ਮੂਲ ਨਾਲ ਜੁੜੇ ਰਹੇ ਅਤੇ ਸਿੱਖੀ ਦੀ ਚੜ੍ਹਦੀਕਲਾ ਲਈ ਯਤਨ ਕਰਦੇ ਰਹੇ। ਇਕ ਪਾਸੇ ਸਿੱਖ ਹਕੂਮਤ ਨਾਲ ਹਥਿਆਰਬੰਦ ਲੜਾਈ ਲੜ ਰਹੇ ਸਨ ਅਤੇ ਦੂਜੇ ਪਾਸੇ ਆਪਣੇ ਧਰਮ, ਸੰਸਕਾਰ ਅਤੇ ਮਰਯਾਦਾ ਉੱਪਰ ਵੀ ਪੂਰੀ ਚੇਤਨਤਾ ਨਾਲ ਪਹਿਰਾ ਦੇ ਰਹੇ ਸਨ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਜਦੋਂ ਕੈਦ ਕਰ ਲਿਆ ਜਾਂਦਾ ਹੈ ਅਤੇ ਦਿੱਲੀ ਵਿਖੇ ਉਨ੍ਹਾਂ ਦੇ ਨਾਲ ਕੈਦ ਕੀਤੇ ਸਿੱਖਾਂ ਨੂੰ ਸ਼ਹੀਦ ਕੀਤਾ ਜਾਂਦਾ ਹੈ ਤਾਂ ਇਤਿਹਾਸ ਵਿਚੋਂ ਇਕ ਵੀ ਅਜਿਹੀ ਮਿਸਾਲ ਨਹੀਂ ਮਿਲਦੀ ਜਿੱਥੇ ਕੋਈ ਸਿੱਖ ਸਿੱਖੀ ਤੋਂ ਥਿੜਕਿਆ ਹੋਵੇ ਅਤੇ ਧਰਮ ਬਦਲੀ ਲਈ ਸਹਿਮਤ ਹੋਇਆ ਹੋਵੇ। ਸਗੋਂ ਅਜਿਹੀਆਂ ਮਿਸਾਲਾਂ ਮਿਲਦੀਆਂ ਹਨ ਕਿ ਸਿੱਖ ਆਪਣੇ ਧਰਮ, ਪਰੰਪਰਾ ਅਤੇ ਮਰਯਾਦਾ ਦੀ ਹੋਂਦ ਨੂੰ ਬਚਾਉਣ ਲਈ ਇਕ-ਦੂਜੇ ਤੋਂ ਅੱਗੇ ਹੋ ਕੇ ਸ਼ਹੀਦੀ ਦੇਣ ਲਈ ਤਿਆਰ ਹੁੰਦੇ ਸਨ।[41]

**ਮਿਸਲ ਕਾਲ** ਵਿਚ ਵੀ ਸਿੱਖ ਆਪਣੀ ਪਛਾਣ, ਪਰੰਪਰਾ, ਸਿਧਾਂਤ ਅਤੇ ਗੁਰਮਤਿ ਮਰਯਾਦਾ ਉੱਪਰ ਡਟ ਕੇ ਪਹਿਰਾ ਦਿੰਦੇ ਰਹੇ। ਪਿਆਰਾ ਸਿੰਘ ਪਦਮ ਅਨੁਸਾਰ, "ਬੰਦਾ ਬਹਾਦਰ ਤੋਂ ਬਾਅਦ ਸਿੱਖਾਂ ਨੇ ਅਗਲੇ ਪੰਜਾਹ ਸਾਲਾਂ ਵਿਚ ਇਸ ਅੰਦੋਲਨ ਨੂੰ ਜਿਸ ਸਰਗਰਮੀ ਨਾਲ ਚਲਾਇਆ, ਉਹ ਸੰਸਾਰ ਦੇ ਇਤਿਹਾਸ ਦਾ ਇਕ ਸ਼ਾਨਦਾਰ ਲਾਸਾਨੀ ਹਿੱਸਾ ਹੈ। ਸਿੱਖਾਂ ਇਹ ਸੰਗਰਾਮ ਲੜਦਿਆਂ ਬਨਵਾਸ, ਦੁਖ, ਭੁੱਖ, ਗਰੀਬੀ, ਕੈਦਾਂ, ਜੁੱਧ ਜੰਗ ਤੇ ਸ਼ਹੀਦੀਆਂ ਸਭ ਸਿਰ 'ਤੇ ਝੱਲੀਆਂ। ਉਨ੍ਹਾਂ ਤਲਵਾਰਾਂ, ਰੰਬੀਆਂ, ਚਰਖੜੀਆਂ ਹੇਠ ਕੱਟ ਪਿਸ ਕੇ ਵੀ ਸਿੱਖੀ ਨੂੰ ਬਚਾਈ ਰੱਖਿਆ। ਉਹ ਹਥਿਆਰਬੰਦ ਹੋ ਕੇ ਇਕੱਠੇ ਵੀ ਲੜੇ, ਤੇ ਇਕੱਲੇ-ਇਕੱਲੇ ਵੀ ਲੜੇ, ਉਨ੍ਹਾਂ ਬਿਨਾਂ ਹਥਿਆਰਾਂ ਤੋਂ ਵੀ ਤਰ੍ਹਾਂ ਤਰ੍ਹਾਂ ਦੇ ਜ਼ਾਲਮ ਹਥਿਆਰਾਂ-ਖ਼ੰਜਰਾਂ, ਆਰਿਆਂ, ਚਰਖੜੀਆਂ ਤੇ ਜੱਲਾਦਾਂ ਦੀਆਂ ਤੇਗ਼ਾਂ ਨਾਲ ਮੁਕਾਬਲਾ ਕੀਤਾ ਪਰ ਕਿਸੇ ਵੀ ਟਾਕਰੇ ਵਿਚ ਉਨ੍ਹਾਂ ਆਪਣਾ ਸਿੰਘਊ ਨਹੀਂ ਗਵਾਇਆ।"[42] ਇਸ ਸੰਘਰਸ਼ ਦੀ ਵਿਸ਼ੇਸ਼ਤਾ ਇਹ ਰਹੀ ਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸਰਬੱਤ ਖ਼ਾਲਸਾ ਅਤੇ ਗੁਰਮਤਾ ਦੇ ਦੁਆਲੇ ਕੇਂਦਰਿਤ ਰਿਹਾ ਅਤੇ ਸਿੱਖ ਸਿਧਾਂਤ ਤੇ ਸੰਸਥਾਵਾਂ ਨੂੰ ਪਰਣਾਇਆ ਰਿਹਾ।

---

[40] ਗੰਡਾ ਸਿੰਘ, *ਬੰਦਾ ਸਿੰਘ ਬਹਾਦਰ,* ਪਟਿਆਲਾ: ਪੰਜਾਬੀ ਯੂਨੀਵਰਸਿਟੀ, ਮੁੜ ਪ੍ਰਕਾਸ਼ਨ, 2008, ਪੰਨਾ 137.
[41] ਉਹੀ, ਪੰਨਾ 133.
[42] ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ,* ਪੰਨਾ 69.

**ਮਹਾਰਾਜਾ ਰਣਜੀਤ ਸਿੰਘ** ਅਤੇ ਹੋਰ ਸਿੱਖ ਰਿਆਸਤਾਂ ਵੀ ਆਪਣੇ ਧਰਮ, ਪਰੰਪਰਾ ਅਤੇ ਮਰਯਾਦਾ ਤੋਂ ਅਗਵਾਈ ਲੈ ਕੇ ਆਪਣਾ ਰਾਜ ਚਲਾਉਂਦੀਆਂ ਰਹੀਆਂ। ਮਹਾਰਾਜਾ ਰਣਜੀਤ ਸਿੰਘ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦ੍ਰਿੜ ਵਿਸ਼ਵਾਸ, ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਭਰੋਸਾ ਅਤੇ ਸਿੱਖ ਫ਼ੌਜ ਪ੍ਰਤੀ ਉਸ ਦਾ ਆਦਰ ਆਦਿ ਤੱਥ ਬਿਆਨ ਕਰਦੇ ਹਨ ਕਿ ਮਹਾਰਾਜੇ ਦੀ ਸਿੱਖੀ ਵਿਚ ਕਿੰਨੀ ਸ਼ਰਧਾ ਸੀ। ਉਸ ਨੇ ਆਪਣਾ ਰਾਜ ਸਿੱਖ ਪਰੰਪਰਾ ਅਨੁਸਾਰ ਚਲਾਉਣ ਲਈ ਯਤਨ ਕੀਤੇ। ਸੁਖਦਿਆਲ ਸਿੰਘ ਅਨੁਸਾਰ, "ਰਣਜੀਤ ਸਿੰਘ ਨੇ ਆਪਣੇ ਰਾਜ ਨੂੰ ਖ਼ਾਲਸਾ ਜੀ ਦਾ ਰਾਜ ਐਲਾਨਿਆ ਸੀ ਅਤੇ ਆਪਣੇ ਆਪ ਨੂੰ ਖ਼ਾਲਸੇ ਦੀ ਸਰਕਾਰ ਅਖਵਾਇਆ ਸੀ। ਰਣਜੀਤ ਸਿੰਘ ਦਾ ਹੁਕਮ ਸੀ ਕਿ ਉਸ ਨੂੰ 'ਸਿੰਘ ਸਾਹਿਬ' ਕਹਿ ਕੇ ਬੁਲਾਇਆ ਜਾਵੇ। ਇਸੇ ਤਰ੍ਹਾਂ ਉਸ ਨੇ ਆਪਣੇ ਜਾਰੀ ਕੀਤੇ ਹੋਏ ਸਿੱਕਿਆਂ ਉੱਪਰ ਸਿੱਖ ਧਾਰਮਿਕ ਨਿਸ਼ਾਨੀਆਂ ਹੀ ਉਲੀਕੀਆਂ ਸਨ। ਜਿਵੇਂ ਕਿ ਗੁਰੂ ਸਾਹਿਬਾਨ ਦੀ ਸਿਫਤ-ਸਲਾਹ, ਅਕਾਲ ਤਖ਼ਤ ਸਾਹਿਬ ਦਾ ਨਾਂ, ਚੌਰ ਅਤੇ ਚਾਨਣੀ ਦੀਆਂ ਤਸਵੀਰਾਂ ਆਦਿ। ਇਨ੍ਹਾਂ ਦੀ ਵਰਤੋਂ ਇਸ ਗੱਲ ਨੂੰ ਵੀ ਪਰਗਟ ਕਰ ਰਹੀ ਹੈ ਕਿ ਰਣਜੀਤ ਸਿੰਘ ਦੇ ਰਾਜ-ਪਰਬੰਧ ਰਾਹੀਂ ਸਿੱਖ ਧਰਮ ਦਾ ਪਰਭਾਵ ਹੀ ਉਭਰ ਕੇ ਸਾਹਮਣੇ ਆਇਆ ਸੀ। ਭਾਵੇਂ ਉਸ ਦੇ ਦਰਬਾਰੀ ਹਿੰਦੂ, ਸਿੱਖ, ਮੁਸਲਮਾਨ ਅਤੇ ਫ਼ਰਾਸੀਸੀ ਸਨ ਪਰ ਉਸ ਦੇ ਦਰਬਾਰ ਦਾ ਪ੍ਰਭਾਵ ਖਾਲਸਾਈ ਰੰਗਤ ਵਿਚ ਰੰਗਿਆ ਹੋਇਆ ਸੀ। ਕਿਉਂਕਿ ਸਭ ਦੇ ਸਿਰਾਂ ਉੱਪਰ ਪੱਗਾਂ ਹੁੰਦੀਆਂ ਸਨ। ਜਿਨ੍ਹਾਂ ਦੇ ਦਾੜ੍ਹੀ-ਮੁੱਛਾਂ ਹੁੰਦੀਆਂ ਸਨ ਉਨ੍ਹਾਂ ਦੀਆਂ ਦਾੜ੍ਹੀਆਂ ਖੁੱਲੀਆਂ ਸਨ ਅਤੇ ਲਿਬਾਸ ਕੇਸਰੀ ਰੰਗ ਦਾ ਹੁੰਦਾ ਸੀ। ਇਸ ਮਹਾਨ ਸਲਤਨਤ ਦਾ ਝੰਡਾ ਕੇਸਰੀ ਨਿਸ਼ਾਨ ਸਾਹਿਬ ਸੀ।"[43]

ਮਹਾਰਾਜਾ ਰਣਜੀਤ ਸਿੰਘ ਨੇ ਭਾਵੇਂ ਸਿੱਖ ਰਾਜ ਨੂੰ ਸਿੱਖੀ ਅਨੁਸਾਰ ਨਿਭਾਉਣ ਦੀ ਕੋਸ਼ਿਸ਼ ਕੀਤੀ ਅਤੇ ਗੁਰਧਾਮਾਂ ਦੇ ਨਾਂ ਜਾਗੀਰਾਂ ਲਗਵਾਈਆਂ ਤੇ ਬਹੁਤ ਸਾਰਾ ਦਾਨ ਦਿੱਤਾ। ਇਸ ਦੇ ਬਾਵਜੂਦ ਇਸ ਦੌਰਾਨ ਸਿੱਖ ਗੁਰਮਤਿ ਦੇ ਨਾਲ-ਨਾਲ ਕਈ ਅਨਮਤੀ ਕਰਮਕਾਂਡ ਕਰਨ ਲੱਗ ਪਏ ਸਨ। ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਬਹੁਤੇ ਗੁਰਦੁਆਰਿਆਂ ਦਾ ਪ੍ਰਬੰਧ ਉਦਾਸੀਆਂ, ਨਿਰਮਲਿਆਂ ਅਤੇ ਉਨ੍ਹਾਂ ਲੋਕਾਂ ਦੇ ਹੱਥਾਂ ਵਿਚ ਰਿਹਾ ਜੋ ਸਿੱਖ ਮਤ ਨੂੰ ਮੰਨਦੇ ਤਾਂ ਸਨ ਪਰ ਸਿੱਖੀ ਦੇ ਬਾਹਰੀ ਚਿੰਨ੍ਹਾਂ ਨੂੰ ਪੂਰੀ ਤਰ੍ਹਾਂ ਨਹੀਂ ਅਪਣਾਉਂਦੇ ਸਨ। ਇਸ ਤਰ੍ਹਾਂ ਇਹ ਹਕੂਮਤ ਦੇ ਜ਼ੁਲਮ ਤੋਂ ਬਚੇ ਰਹੇ ਅਤੇ ਗੁਰਧਾਮਾਂ ਦੇ ਪ੍ਰਬੰਧ ਦੀ ਦੇਖਭਾਲ ਕਰਦੇ ਰਹੇ। ਇਨ੍ਹਾਂ ਨੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਕੇ ਸਿੱਖ ਧਰਮ ਦੀ ਮਹੱਤਵਪੂਰਨ ਸੇਵਾ ਕੀਤੀ। ਇਨ੍ਹਾਂ ਲੋਕਾਂ ਨੂੰ ਉੱਚੇ ਸਦਾਚਾਰੀ ਅਤੇ ਧਰਮੀ ਬੰਦਿਆਂ ਵਾਂਗ ਵੱਡਾ ਆਦਰ ਮਾਣ ਦਿੱਤਾ ਜਾਂਦਾ ਸੀ। ਇਹ ਸਿੱਖ ਧਰਮ ਗ੍ਰੰਥਾਂ ਦੇ ਚੰਗੇ ਵਿਦਵਾਨ ਸਨ ਅਤੇ ਇਹਨਾਂ ਨੇ ਆਪਣੇ-ਆਪ ਨੂੰ ਮੁੱਖ ਤੌਰ 'ਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦੀ ਵਿਆਖਿਆ ਕਰਨ ਅਤੇ ਪ੍ਰਚਾਰ ਕਰਨ ਲਈ ਅਰਪਣ ਕੀਤਾ ਹੋਇਆ ਸੀ। ਇਸ ਦੇ ਬਾਵਜੂਦ ਕੁਝ ਪ੍ਰਬੰਧਕ ਇਹੋ ਜਿਹੇ ਵੀ ਸਨ, ਜਿਨ੍ਹਾਂ ਨੇ ਸੰਸਥਾਵਾਂ

[43] ਸੁਖਦਿਆਲ ਸਿੰਘ, *ਪੰਜ ਦਰਿਆਵਾਂ ਦਾ ਸ਼ੇਰ ਮਹਾਰਾਜਾ ਰਣਜੀਤ ਸਿੰਘ,* ਪਟਿਆਲਾ: ਸੰਗਮ ਪਬਲੀਕੇਸ਼ਨਜ਼, 2015, ਪੰਨਾ 451.

ਕਾਇਮ ਕਰਨ ਲਈ ਆਪਣੇ ਚੇਲੇ ਬਣਾ ਲਏ ਤੇ ਡੇਰਿਆਂ ਅਤੇ ਗੁਰਦੁਆਰਿਆਂ ਦੇ ਮੁਖੀ ਬਣ ਗਏ ਅਤੇ ਮਹੰਤ ਕਰਕੇ ਜਾਣੇ ਜਾਣ ਲੱਗੇ।[44]

ਮਿਸਲ ਸਰਦਾਰਾਂ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਲਗਭਗ ਸਾਰੇ ਹੀ ਇਤਿਹਾਸਕ ਗੁਰਦੁਆਰਿਆਂ ਨੇ ਨਾਂ ਕਰ ਮੁਕਤ ਵੱਡੀਆਂ ਜਾਗੀਰਾਂ ਲਗਾਈਆਂ ਸਨ। ਇਸ ਨਾਲ ਗੁਰਦੁਆਰਿਆਂ ਦੀ ਆਮਦਨ ਵਿਚ ਚੋਖਾ ਵਾਧਾ ਹੋ ਗਿਆ ਅਤੇ ਇਹ ਆਮਦਨ ਸੰਬੰਧਿਤ ਗੁਰਦੁਆਰੇ ਦੇ ਮਹੰਤ ਦੇ ਅਧਿਕਾਰ ਖੇਤਰ ਵਿਚ ਆਉਂਦੀ ਸੀ। ਮਹਿੰਦਰ ਸਿੰਘ ਲਿਖਦੇ ਹਨ, "ਕੁਝ ਮਹੱਤਵਪੂਰਨ ਗੁਰਦੁਆਰਿਆਂ ਦੇ ਮਹੰਤਾਂ ਦੀ ਆਮਦਨ ਵਿਚ ਅਚਾਨਕ ਵਾਧੇ ਨਾਲ ਉਹਨਾਂ ਦੇ ਰਹਿਣ-ਸਹਿਣ ਦੇ ਢੰਗ ਵਿਚ ਅਚਾਨਕ ਤਬਦੀਲੀ ਆ ਗਈ।...ਇਸ ਦਾ ਨਤੀਜਾ ਇਹ ਹੋਇਆ ਕਿ ਮਹੰਤਾਂ ਤੇ ਉਹਨਾਂ ਦੇ ਵਧ ਰਹੇ ਚੇਲੇ-ਚਾਟੜਿਆਂ ਨੇ ਗੁਰਦੁਆਰਿਆਂ ਦੀ ਸਾਂਝੀ ਸੰਪਤੀ ਨੂੰ ਆਪਣੀਆਂ ਨਿੱਜੀ ਜਾਇਦਾਦਾਂ ਬਣਾਉਣਾ ਸ਼ੁਰੂ ਕਰ ਦਿੱਤਾ। ਇਹ ਗੱਲ ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਧਰਮ ਗ੍ਰੰਥਾਂ ਦੇ ਨੇਮਾਂ ਦੀ ਘੋਰ ਉਲੰਘਣਾ ਸੀ। ਹੌਲੀ-ਹੌਲੀ ਮਹੰਤਾਂ ਤੇ ਉਹਨਾਂ ਦੇ ਚੇਲਿਆਂ ਨੇ ਵਿਲਾਸਤਾ ਦਾ ਜੀਵਨ ਜੀਉਣਾ ਸ਼ੁਰੂ ਕਰ ਦਿੱਤਾ ਅਤੇ ਬਦਚਲਨੀ ਅਤੇ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੋ ਗਏ।"[45]

ਮਹਾਰਾਜਾ ਰਣਜੀਤ ਦੇ ਰਾਜ ਦੀ ਚੜ੍ਹਤ ਦੇਖ ਕੇ ਕੁਝ ਅਜਿਹੇ ਲੋਕ ਵੀ ਸਿੱਖੀ ਭੇਸ ਬਣਾ ਕੇ ਸਿੱਖਾਂ ਵਿਚ ਸ਼ਾਮਲ ਹੋ ਗਏ ਜੋ ਕੇਵਲ ਆਪਣੇ ਪੈਰ ਪੁਜਾਉਣ ਦੇ ਚਾਹਵਾਨ ਸਨ ਅਤੇ ਉਨ੍ਹਾਂ ਦਾ ਸਿੱਖੀ ਨਾਲ ਬਹੁਤਾ ਲੈਣਾ-ਦੇਣਾ ਨਹੀਂ ਸੀ। ਮਹਾਰਾਜੇ ਦੀ ਮੌਤ ਅਤੇ ਖ਼ਾਲਸਾ ਰਾਜ ਦੇ ਖਾਤਮੇ ਤੋਂ ਬਾਅਦ ਅਜਿਹੇ ਲੋਕਾਂ ਨੇ ਛੇਤੀ ਹੀ ਗੁਰਮਤਿ ਮਰਯਾਦਾ ਨੂੰ ਭੰਗ ਕਰਕੇ ਗੁਰਦੁਆਰਿਆਂ ਅੰਦਰ ਹਿੰਦੂ ਦੇਵੀ-ਦੇਵਤਿਆਂ ਦੇ ਬੁੱਤ ਸਥਾਪਿਤ ਕਰ ਦਿੱਤੇ।[46] ਇਸ ਕਾਲ ਵਿਚ ਸਿੱਖ ਪੰਥ ਉੱਪਰ ਪਏ ਬ੍ਰਾਹਮਣੀ ਪ੍ਰਭਾਵ ਨੂੰ ਸਪਸ਼ਟ ਕਰਦੇ ਹੋਏ ਫੌਜਾ ਸਿੰਘ ਨੇ ਲਿਖਿਆ ਹੈ, "ਰਣਜੀਤ ਸਿੰਘ ਦੇ ਜ਼ਮਾਨੇ ਵਿਚ ਹਿੰਦੂਆਂ ਤੇ ਸਿੱਖਾਂ ਵਿਚ ਨਖੇੜਾ ਕਰਨਾ ਵੀ ਕਠਿਨ ਹੋ ਗਿਆ। ਆਮ ਹਿੰਦੂਆਂ ਨੇ ਸਿੱਖਾਂ ਵਾਂਗ ਦਾੜ੍ਹੀਆਂ ਰਖਣੀਆਂ ਤੇ ਪੱਗਾਂ ਬੰਨਣੀਆਂ ਆਰੰਭ ਦਿਤੀਆਂ। ਦੂਸਰੇ ਪਾਸੇ ਸਿੱਖਾਂ ਨੇ ਵੀ ਹਿੰਦੂਆਂ ਵਾਂਗੂੰ ਮੰਦਰਾਂ ਵਿਚ ਜਾਣਾ, ਬੁੱਤ ਪੂਜਣੇ, ਹਿੰਦੂ ਰਹੁ-ਰੀਤਾਂ ਕਰਨਾ, ਦੇਵੀ ਦੇਵਤਿਆਂ ਨੂੰ ਮੰਨਣਾ, ਆਰਤੀਆਂ ਤੇ ਹਵਨ ਕਰਨਾ, ਵਿਧਵਾ ਔਰਤਾਂ ਨੂੰ ਸਾੜਨਾ ਸ਼ੁਰੂ ਕਰ ਦਿਤਾ। ਸਿੱਖ ਘਰਾਂ ਵਿਚ ਬ੍ਰਾਹਮਣਾ ਦੀ ਪੁੱਛ-ਗਿੱਛ ਇੰਨੀ ਵਧ ਗਈ ਕਿ ਉਨ੍ਹਾਂ ਦੀ ਸਲਾਹ ਤੋਂ ਬਿਨਾਂ ਕੋਈ ਕੰਮ ਕਰਨਾ ਵੀ ਮੁਸ਼ਕਲ ਹੋ ਗਿਆ। ਸਿੱਖ ਹਿੰਦੂਆਂ ਵਾਂਗ ਸਰਾਧ ਕਰਨ, ਪਿੱਤਰ ਪੂਜਣ, ਵਰਤ ਰੱਖਣ, ਤੇ ਮੜ੍ਹੀਆਂ-ਸਮਾਧਾਂ ਪੂਜਣ ਲੱਗ ਪਏ।"[47]

**ਬਰਤਾਨਵੀ ਰਾਜ** ਵਿਚ ਰਾਜ-ਸੱਤਾ ਖੁੱਸ ਜਾਣ ਕਾਰਨ ਸਿੱਖ ਜਥੇਬੰਦ ਰੂਪ ਵਿਚ ਆਪਣੇ ਧਾਰਮਿਕ ਮਾਮਲਿਆਂ ਵੱਲ ਧਿਆਨ ਦੇਣ ਤੋਂ ਅਸਮੱਰਥ ਹੋ ਗਏ। ਗੁਰਧਾਮਾਂ ਦਾ ਪ੍ਰਬੰਧ ਸਿੱਖਾਂ ਹੱਥੋਂ ਖੁੱਸ ਕੇ ਉਨ੍ਹਾਂ ਗ੍ਰੰਥੀਆਂ

---

[44] ਮਹਿੰਦਰ ਸਿੰਘ, *ਅਕਾਲੀ ਲਹਿਰ,* ਕਰਨਜੀਤ ਸਿੰਘ (ਅਨੁ.), ਅੰਮ੍ਰਿਤਸਰ: ਸਿੰਘ ਬ੍ਰਦਰਜ਼, 2005, ਪੰਨਾ 18.
[45] ਉਹੀ.
[46] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ,* ਪਟਿਆਲਾ: ਕਵਿਰਾਜ ਨਾਰਾਇਣ ਸਿੰਘ 'ਵੱਲਭ', 1954, ਪੰਨਾ 21.
[47] ਫੌਜਾ ਸਿੰਘ, "ਸਿੰਘ ਸਭਾ ਲਹਿਰ ਦਾ ਇਤਿਹਾਸਕ ਪਿਛੋਕੜ", *ਸਿੰਘ ਸਭਾ ਪਤ੍ਰਿਕਾ,* ਗੁਰਦਿੱਤ ਸਿੰਘ (ਸੰਪਾ.), ਅੰਮ੍ਰਿਤਸਰ, ਜਨਵਰੀ, 1974, ਪੰਨਾ 22.

ਜਾਂ ਪੁਜਾਰੀਆਂ ਹੱਥ ਚਲਾ ਗਿਆ ਜੋ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਤੋਂ ਗੁਰਧਾਮਾਂ ਵਿਖੇ ਸੇਵਾ ਨਿਭਾ ਰਹੇ ਸਨ। ਇਸ ਦਾ ਨਤੀਜਾ ਇਹ ਨਿਕਲਿਆ ਕਿ ਸਿੱਖਾਂ ਦੇ ਧਾਰਮਿਕ ਵਿਵਹਾਰ ਉੱਪਰ ਪੁਜਾਰੀਵਾਦ ਦਾ ਕਬਜ਼ਾ ਹੋ ਗਿਆ। ਪੁਜਾਰੀਵਾਦ ਜਾਂ ਮਹੰਤਵਾਦ ਨੇ ਆਪਣੇ ਨਿੱਜੀ ਹਿਤਾਂ ਦੀ ਪੂਰਤੀ ਲਈ ਗੁਰਮਤਿ ਸਿਧਾਂਤ ਅਤੇ ਮਰਯਾਦਾ ਨੂੰ ਮੂਲੋਂ ਵਿਸਾਰ ਦਿੱਤਾ ਅਤੇ ਗੁਰਦੁਆਰਾ ਸਾਹਿਬਾਨ ਵਿਚ ਗੁਰਮਤਿ ਦੇ ਉਲਟ ਕੰਮ ਹੋਣ ਲੱਗ ਪਏ। ਇਸ ਦਾ ਅਸਰ ਸਿੱਖਾਂ ਉੱਪਰ ਵੀ ਪੈਣਾ ਸ਼ੁਰੂ ਹੋ ਗਿਆ। ਨਰੈਣ ਸਿੰਘ ਐਮ. ਏ. ਇਸ ਸੰਬੰਧੀ ਲਿਖਦੇ ਹਨ, "ਉਸ ਸਮੇਂ ਸਿੱਖਾਂ ਦੇ ਨਿਤ ਕਰਮ ਤੇ ਰਸਮਾਂ-ਰੀਤਾਂ ਬਹੁਤ ਹੱਦ ਤਕ ਹਿੰਦੂਆਂ ਵਾਲੀਆਂ ਹੋ ਚੁੱਕੀਆਂ ਸਨ। ਜਨਮ ਤੋਂ ਲੈ ਕੇ ਮ੍ਰਿਤੂ ਤੱਕ ਦੇ ਸੰਸਕਾਰ ਹਿੰਦੂ ਰੀਤੀ ਅਨੁਸਾਰ ਕੀਤੇ ਜਾਂਦੇ ਸਨ, ਜਿਨ੍ਹਾਂ ਵਹਿਮਾਂ ਤੇ ਭੁਲੇਖਿਆਂ ਵਿਚੋਂ ਕੱਢ ਕੇ ਸਤਿਗੁਰੂ ਜੀ ਨੇ ਇਨ੍ਹਾਂ ਨੂੰ ਸਰਲ ਸਿੱਧਾ ਸਿੱਖੀ ਦਾ ਰਸਤਾ ਦੱਸਿਆ ਸੀ। ਇਹ ਉਸ ਰਸਤੇ ਨੂੰ ਭੁੱਲ ਕੇ ਮੁੜ ਉਨ੍ਹਾਂ ਹੀ ਰਸਮਾਂ ਰੀਤਾਂ ਤੇ ਕਰਮ-ਕਾਂਡਾਂ ਵਿਚ ਫਸ ਰਹੇ ਸਨ।"[48]

ਇਸ ਕਾਲ ਵਿਚ ਮਸੀਹੀ ਮਿਸ਼ਨਰੀਆਂ ਦਾ ਪ੍ਰਚਾਰ ਵੀ ਸਿੱਖਾਂ ਨੂੰ ਸਿੱਖੀ ਤੋਂ ਪਤਿਤ ਕਰਨ ਲੱਗ ਪਿਆ ਸੀ। ਬ੍ਰਿਟਿਸ਼ ਅਧਿਕਾਰੀਆਂ ਨੇ ਪਹਿਲਾਂ ਤਾਂ ਸਿੱਧੇ ਤੌਰ 'ਤੇ ਇਨ੍ਹਾਂ ਮਿਸ਼ਨਰੀਆਂ ਵੱਲ ਕੋਈ ਧਿਆਨ ਨਹੀਂ ਦਿੱਤਾ ਪਰ ਹੌਲੀ-ਹੌਲੀ ਇਨ੍ਹਾਂ ਦੇ ਪ੍ਰਚਾਰ ਨੂੰ ਮਾਨਤਾ ਦੇਣੀ ਅਤੇ ਮਾਇਕ ਸਹਾਇਤਾ ਕਰਨੀ ਵੀ ਸ਼ੁਰੂ ਕਰ ਦਿੱਤੀ।[49] ਇਸ ਤੋਂ ਬਾਅਦ ਮਸੀਹੀ ਮਿਸ਼ਨਰੀਆਂ ਨੇ ਆਪਣੀਆਂ ਸਰਗਰਮੀਆਂ ਹੋਰ ਤੇਜ਼ ਕਰ ਦਿੱਤੀਆਂ। ਸਿੱਖੀ ਨੂੰ ਮਸੀਹੀਅਤ ਦਾ ਅੰਗ ਦਸ ਕੇ ਅਤੇ ਮਹਾਰਾਜਾ ਦਲੀਪ ਸਿੰਘ ਦੇ ਮਸੀਹੀ ਬਣ ਜਾਣ ਦੀ ਦਲੀਲ ਦੇ ਕੇ ਸਿੱਖ ਇਲਾਕਿਆਂ ਵਿਚ ਪ੍ਰਚਾਰ ਕੀਤਾ ਜਾਂਦਾ ਕਿ ਜਦੋਂ ਉਨ੍ਹਾਂ ਦਾ ਰਾਜਾ ਹੀ ਮਸੀਹੀ ਬਣ ਗਿਆ ਹੈ ਤਾਂ ਉਨ੍ਹਾਂ ਨੂੰ ਵੀ ਮਸੀਹੀ ਬਣ ਜਾਣਾ ਚਾਹੀਦਾ ਹੈ। ਏਥੋਂ ਤੱਕ ਕਿ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਟ੍ਰੈੱਕਟ ਅਤੇ ਪੈਂਫ਼ਲਿਟ ਵੰਡ ਕੇ ਪਾਦਰੀ ਲੋਕ ਈਸਾ ਮਸੀਹ ਦੇ ਗੁਣ ਗਾਉਂਦੇ ਅਤੇ ਸਿੱਖੀ ਦਾ ਖੁੱਲ੍ਹਮ-ਖੁੱਲ੍ਹਾ ਮਜ਼ਾਕ ਉਡਾਉਂਦੇ ਸਨ। ਦਾਊਦ ਸਿੰਘ ਨਾਂ ਦੇ ਕਿਸੇ ਪਿੰਡ ਦੇ ਗੁਰਦੁਆਰੇ ਦੇ ਸੇਵਾਦਾਰ ਨੂੰ ਹਰਿਮੰਦਰ ਸਾਹਿਬ ਦੀ ਹੱਦ ਅੰਦਰ ਕੇਸ ਕਤਲ ਕਰ ਕੇ, ਮਸੀਹੀ ਬਣਾਇਆ ਗਿਆ। ਸਿੱਟੇ ਵਜੋਂ ਲੋਕਾਂ ਅੰਦਰ ਧਰਮ ਪਰਿਵਰਤਨ ਦਾ ਰੁਝਾਨ ਵੱਧ ਗਿਆ ਅਤੇ ਸਿੱਖਾਂ ਦੀ ਗਿਣਤੀ ਵਿਚ ਗਿਰਾਵਟ ਦਰਜ ਕੀਤੀ ਗਈ।[50]

ਬ੍ਰਿਟਿਸ਼ ਅਧਿਕਾਰੀਆਂ ਵੱਲੋਂ ਪੰਜਾਬੀ ਭਾਸ਼ਾ ਨੂੰ ਗੰਵਾਰ ਅਤੇ ਅਨਪੜ੍ਹ ਲੋਕਾਂ ਦੀ ਭਾਸ਼ਾ ਕਹਿ ਕੇ ਉਰਦੂ ਨੂੰ ਸਰਕਾਰੀ ਜ਼ਬਾਨ ਦਾ ਦਰਜਾ ਦੇ ਦਿੱਤਾ ਗਿਆ। ਇਸ ਤਰ੍ਹਾਂ ਸਿੱਖਾਂ ਦੀ ਆਪਣੀ ਪੰਜਾਬੀ ਭਾਸ਼ਾ ਜਿਸ ਦੀ ਗੁਰਮੁਖੀ ਲਿਪੀ ਨੂੰ ਗੁਰੂ ਸਾਹਿਬਾਨ ਵਰਤਿਆ ਤੇ ਪ੍ਰਚਾਰਿਆ ਸੀ, ਪੰਜਾਬ ਅੰਦਰ ਵਿਸਾਰ ਦਿੱਤੀ ਗਈ। ਗੁਰਦੁਆਰਿਆਂ ਉੱਤੇ ਮਹੰਤਾ ਦਾ ਕਬਜ਼ਾ ਹੋਣ ਕਾਰਨ, ਇਨ੍ਹਾਂ ਗੁਰਧਾਮਾਂ ਦੀ ਪਵਿੱਤਰਤਾ ਤੇ ਮਾਨ-ਮਰਯਾਦਾ ਨੂੰ ਕਾਫ਼ੀ ਢਾਹ ਲੱਗੀ। ਮਸੀਹੀ ਪ੍ਰਚਾਰ ਵੀ ਸਿੱਖ ਧਰਮ ਲਈ ਖ਼ਤਰਾ ਬਣ ਗਿਆ। ਇਸ ਵਰਤਾਰੇ ਅਤੇ ਨਵੀਂ ਵਿੱਦਿਆ ਦੇ ਪਾਸਾਰ ਨੇ

---

[48] ਨਰੈਣ ਸਿੰਘ ਐਮ. ਏ., *ਅਕਾਲੀ ਮੋਰਚੇ ਅਤੇ ਝੱਬਰ,* ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2009, ਪੰਨਾ 7.
[49] ਪਰਮਿੰਦਰ ਸਿੰਘ, *ਈਸਾਈ ਮਿਸ਼ਨਰੀਆਂ ਦਾ ਪੰਜਾਬੀ ਸਾਹਿਤ ਨੂੰ ਯੋਗਦਾਨ,* ਲੁਧਿਆਣਾ: ਲਾਹੌਰ ਬੁੱਕ ਸ਼ਾਪ, 1987, ਪੰਨਾ 88.
[50] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ,* ਲੁਧਿਆਣਾ: ਲਾਹੌਰ ਬੁੱਕ ਸ਼ਾਪ, 1987, ਪੰਨੇ 5-6.

ਸਿੱਖਾਂ ਦੇ ਦਿਲਾਂ ਅਤੇ ਦਿਮਾਗਾਂ ਨੂੰ ਹਲੂਣਿਆਂ। ਨਤੀਜੇ ਵਜੋਂ ਸਿੱਖਾਂ ਅੰਦਰ ਨਿਰੰਕਾਰੀ, ਨਾਮਧਾਰੀ ਅਤੇ ਸਿੰਘ ਸਭਾ ਆਦਿ ਪ੍ਰਮੁੱਖ ਲਹਿਰਾਂ ਹੋਂਦ ਵਿਚ ਆਈਆਂ।[51]

**ਨਿਰੰਕਾਰੀ ਲਹਿਰ** ਬਾਬਾ ਦਿਆਲ (1783 ਈ.-1854 ਈ.) ਦੁਆਰਾ ਸ਼ੁਰੂ ਕੀਤੀ ਗਈ ਸੀ। ਉਨ੍ਹਾਂ ਦੇ ਉਪਦੇਸ਼ ਵਹਿਮ-ਭਰਮ, ਸੂਤਕ, ਪਾਤਕ, ਫੋਕੇ ਕਰਮਕਾਂਡ ਅਤੇ ਦੇਵੀ-ਦੇਵਤਿਆਂ ਦੀ ਪੂਜਾ ਦੇ ਵਿਰੁੱਧ ਹੁੰਦੇ ਸਨ। ਉਨ੍ਹਾਂ ਐਲਾਨ ਕੀਤਾ ਕਿ, "ਸਿੰਘੋ ਗੁਰੂ ਦਿਓ! ਜੇ ਬਚਣਾ ਹੈ ਤਾਂ ਇਹ ਨੁਕਸਦਾਰ ਗੱਲਾਂ ਛੱਡੋ। ਕੋਈ ਐਬ ਨਾ ਕਰੋ ਤੇ ਨਸ਼ੀਲੀਆਂ ਚੀਜ਼ਾਂ ਨਾ ਵਰਤੋ। ਸ਼ਰਾਬ ਪੀਣੀ ਹਰੇਕ ਸਿੱਖ ਲਈ ਗੁਨਾਹ ਹੈ। ਏਕਣ ਮਾਸ ਖਾਣਾ ਵੀ ਅੱਛਾ ਨਹੀਂ; ਕਿਸੇ ਦੇਵੀ-ਦੇਵਤੇ ਤਟ ਤੀਰਥ, ਮੜ੍ਹੀ ਮਸਾਣੀ, ਜਾਦੂ-ਟੂਣੇ, ਸਾਧੂ ਫ਼ਕੀਰ ਤੇ ਪੀਰ-ਪੈਗੰਬਰ ਨੂੰ ਨਾ ਮੰਨੋ; ਨਿਰੰਕਾਰ (ਅਕਾਲ ਪੁਰਖ) ਤੋਂ ਛੁੱਟ ਕੋਈ ਵੱਡਾ ਨਹੀਂ, ਇਸ ਲਈ ਬਣਾਉਟੀ ਰੱਬਾਂ ਅੱਗੇ ਨੱਕ ਨਾ ਰਗੜੋ। ਅਰਦਾਸਾ ਸੋਧਣ ਲਗੋ-'ਪ੍ਰਿਥਮੈ ਸਤਿ ਨਿਰੰਕਾਰ ਜੀ ਸਿਮਰਕੈ ਆਖੋ, ਕਿਉਂਕਿ ਇਹੋ ਅਸਲ ਅਰਦਾਸਾ ਜਾਂ ਬੇਨਤੀ ਹੈ। ਆਪਣੇ ਬੱਚੇ ਬੱਚੀਆਂ ਦੇ ਵਿਆਹ ਗੁਰਮਤਿ ਅਨੁਸਾਰ ਕਰੋ। ਜ਼ਨਾਨੀਆਂ ਨੂੰ ਵਿਆਹਾਂ-ਸ਼ਾਦੀਆਂ ਤੇ ਗੰਦੇ ਗੀਤ ਨਾ ਗਾਉਣ ਦਿਓ ਤੇ ਕੰਜਰੀਆਂ ਦੇ ਨਾਚ ਨਾ ਕਰਵਾਓ। ਕਿਸੇ ਸੰਬੰਧੀ ਦੇ ਮਰਨ ਤੇ ਰੋਓ ਕਰਲਾਓ ਨਾ ਤੇ ਨਾਹੀ ਸਿਆਪਾ ਹੋਣ ਦਿਓ। ਸ਼ਾਂਤ ਚਿਤ ਰਹਿਕੇ ਬਾਣੀ ਦਾ ਪਾਠ ਕਰੋ ਤੇ ਅਕਾਲ ਪੁਰਖ ਦਾ ਭਾਣਾ ਮੰਨੋ। ਪਿੰਡ, ਪੱਤਲ, ਕ੍ਰਿਆ, ਦੀਵਾ ਤੇ ਫੁੱਲ ਚੁਣਨੇ ਅਥਵਾ ਮੋਇਆਂ ਦੀਆਂ ਮੜ੍ਹੀਆਂ ਫੋਲਣੀਆਂ ਆਦਿ ਕਰਮ ਗੁਰਮਤ ਤੋਂ ਉਲਟ ਹਨ। ਇਹ ਮਨਮਤਾਂ ਕਰਨੀਆਂ ਛੱਡੋ। ਕਿਸੇ ਪੰਡਿਤ, ਪਾਂਧੇ, ਜੋਤਸ਼ੀ, ਨਜੂਮੀ ਜਾਂ ਮੁੱਲਾਂ ਮੁਲਾਣੇ ਦੀਆਂ ਗੱਲਾਂ ਤੇ ਨਾ ਜਾਓ। ਰਾਹੂ ਕੇਤੂ ਆਦਿ ਗ੍ਰਹ ਤੇ ਹੋਰ ਦੇਵਤੇ ਅਥਵਾ ਪ੍ਰੇਤ ਜੂਨੀ ਦੇ ਜੀਵ ਤੁਹਾਡਾ ਕੁਝ ਨਹੀਂ ਵਿਗਾੜ ਸਕਦੇ, ਇਸ ਲਈ ਉਨ੍ਹਾਂ ਤੋਂ ਨਾਂ ਡਰੋ, ਤਦੇ ਹੀ ਤੁਹਾਡਾ ਭਲਾ ਹੋਵੇਗਾ"[52]

ਬਾਬਾ ਦਿਆਲ ਨੇ ਅਨੰਦ ਕਾਰਜ ਦੀ ਰਸਮ ਦਾ ਬਹੁਤ ਪ੍ਰਚਾਰ ਕੀਤਾ ਅਤੇ ਉਨ੍ਹਾਂ ਆਪਣਾ ਵਿਆਹ ਵੀ ਇਸ ਰਸਮ ਅਨੁਸਾਰ ਕੀਤਾ। ਇਸ ਲਹਿਰ ਦੇ ਦੂਜੇ ਗੱਦੀਦਾਰ ਬਾਬਾ ਦਰਬਾਰਾ ਸਿੰਘ ਨੇ ਵੀ ਬਾਬਾ ਦਿਆਲ ਦੁਆਰਾ ਸ਼ੁਰੂ ਕੀਤਾ ਗੁਰਮਤਿ ਪ੍ਰਚਾਰ ਜਾਰੀ ਰੱਖਿਆ। 12 ਮਾਰਚ, 1855 ਈ. ਨੂੰ ਉਨ੍ਹਾਂ ਭਾਈ ਨਿਹਾਲ ਸਿੰਘ ਦੇ ਪੁੱਤਰ ਭੋਲਾ ਸਿੰਘ ਅਤੇ ਭਾਈ ਵਾਹਿਗੁਰੂ ਸਿੰਘ ਦੀ ਪੁੱਤਰੀ ਨਿਹਾਲ ਕੌਰ ਦਾ ਅਨੰਦ ਕਾਰਜ ਕਰਵਾ ਕੇ ਸਿੱਖਾਂ ਨੂੰ ਆਪਣੇ ਬੱਚਿਆਂ ਦੇ ਵਿਆਹ ਇਸ ਰਸਮ ਅਨੁਸਾਰ ਕਰਨ ਲਈ ਪ੍ਰੇਰਿਆ। ਬਾਬਾ ਦਰਬਾਰਾ ਸਿੰਘ ਦੀ ਅਗਵਾਈ ਵਿਚ ਉਸ ਸਮੇਂ ਦੂਜੀ ਅਨੰਦ ਕਾਰਜ ਦੀ ਰਸਮ ਖਾਟੜੇ ਦੇ ਇਲਾਕੇ ਵਿਚ ਪਿੰਡ ਫਤਹਿ ਜੰਗ ਵਿਚ ਕੀਤੀ ਗਈ। ਇਨ੍ਹਾਂ ਦੋ ਅਨੰਦ ਕਾਰਜਾਂ ਨਾਲ ਸਿੱਖਾਂ ਵਿਚ ਗੁਰ ਮਰਯਾਦਾ ਅਨੁਸਾਰ ਆਪਣੇ ਬੱਚਿਆਂ ਦੇ ਵਿਆਹ ਕਰਨ ਲਈ ਬਹੁਤ ਉਤਸ਼ਾਹ ਵਧਿਆ। ਮਨਮੋਹਨ ਸਿੰਘ ਅਨੁਸਾਰ ਅਨੰਦ ਕਾਰਜ ਦੀ ਰਸਮ ਜੋ ਰਹਿਤਨਾਮਿਆਂ ਵਿਚ ਤਾਂ ਦਰਜ ਸੀ ਪਰ ਮਨਮਤਿ ਦੇ ਜੋਰ ਕਾਰਨ ਕੁਝ ਸਮੇਂ ਤੋਂ ਬੰਦ ਸੀ, ਇਸ ਸਮੇਂ ਬਾਬਾ ਦਰਬਾਰਾ ਸਿੰਘ ਦੇ ਉੱਦਮ ਨਾਲ ਮੁੜ

---

[51] ਗੁਰਸੇਵਕ ਸਿੰਘ ਲੰਬੀ, *ਬਸਤੀਵਾਦ ਤੇ ਉੱਤਰ ਬਸਤੀਵਾਦ ਸਿਧਾਂਤਕ ਸਰੋਕਾਰ*, ਪਟਿਆਲਾ: ਗ੍ਰੇਸ਼ੀਅਸ ਬੁਕਸ, 2015, ਪੰਨਾ 27.
[52] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ,* ਪੰਨੇ 31-32.

ਸ਼ੁਰੂ ਹੋ ਗਈ।[53] ਬਾਬਾ ਦਰਬਾਰਾ ਸਿੰਘ ਨੇ ਲੋਕਾਂ ਦੇ ਮਨਾਂ ਵਿਚ ਸਿੱਖੀ ਪ੍ਰਤਿ ਚੇਤਨਾ ਪੈਦਾ ਕਰਨ ਲਈ ਇਕ ਹੁਕਮਨਾਮਾ ਜਾਰੀ ਕੀਤਾ ਅਤੇ ਜਨਮ, ਮਰਨ ਅਤੇ ਵਿਆਹ ਆਦਿ ਦੀ ਮਰਯਾਦਾ ਸਪਸ਼ਟ ਕੀਤੀ। ਉਸ ਨੇ ਅਨੰਦ ਕਾਰਜ ਦੀ ਰੀਤ ਨੂੰ ਹੋਰ ਪ੍ਰਸਾਰਨ ਲਈ 15 ਅਪ੍ਰੈਲ 1861 ਈ. ਨੂੰ ਅੰਮ੍ਰਿਤਸਰ ਵਿਚ ਇਕ ਅਨੰਦ ਕਾਰਜ ਕਰਵਾਇਆ। ਵਿਆਹ ਵੇਲੇ ਦਾਜ ਦੇਣਾ ਅਤੇ ਫ਼ਜ਼ੂਲ ਖ਼ਰਚ ਕਰਨਾ ਆਦਿ ਦਾ ਵਿਰੋਧ ਵੀ ਚਲਦਾ ਰਿਹਾ।[54]

ਇਸ ਲਹਿਰ ਦਾ ਪ੍ਰਭਾਵ 1862 ਈ. ਤੋਂ ਬਾਅਦ ਹੀ ਘਟਣਾ ਸ਼ੁਰੂ ਹੋ ਗਿਆ ਸੀ। ਇਸ ਲਹਿਰ ਦੇ ਪੈਰੋਕਾਰਾਂ ਨੇ ਨਿਰੰਕਾਰੀ ਆਗੂਆਂ ਨੂੰ ਦੇਹ ਰੂਪ ਵਿਚ ਪੂਜਣਾ ਸ਼ੁਰੂ ਕਰ ਦਿੱਤਾ ਅਤੇ ਸਿੱਖ ਅਰਦਾਸ ਵਿਚ ਫੇਰ-ਬਦਲ ਕਰ ਲਿਆ ਜਿਸ ਕਾਰਨ ਬਹੁਤ ਸਾਰੇ ਸਿੱਖ ਇਸ ਲਹਿਰ ਦਾ ਸਾਥ ਛੱਡ ਗਏ। ਨਿਰੰਕਾਰੀ ਲਹਿਰ ਸਿੱਖਾਂ ਵਿਚੋਂ ਮਨਮਤਿ ਅਤੇ ਕੁਰੀਤੀਆਂ ਨੂੰ ਠੱਲ੍ਹ ਪਾਉਣ ਲਈ ਸ਼ੁਰੂ ਹੋਈ ਸੀ ਪਰ ਸਮੇਂ ਦੇ ਨਾਲ ਉਹੀ ਮਨਮਤਿ ਅਤੇ ਕੁਰੀਤੀਆਂ ਇਸ ਲਹਿਰ ਵਿਚ ਵੀ ਪੈਦਾ ਹੋ ਗਈਆਂ ਜਿਸ ਕਾਰਨ ਇਹ ਲਹਿਰ ਇਕ ਅਲੱਗ ਸੰਪ੍ਰਦਾ ਬਣ ਕੇ ਰਹਿ ਗਈ।

**ਨਾਮਧਾਰੀ ਲਹਿਰ** ਬਰਤਾਨਵੀ ਰਾਜ ਦੌਰਾਨ ਸਿੱਖਾਂ ਅੰਦਰ ਸ਼ੁਰੂ ਹੋਈ ਦੂਜੀ ਲਹਿਰ ਸੀ। ਇਸ ਲਹਿਰ ਦਾ ਮਨੋਰਥ ਧਰਮ-ਸੁਧਾਰ ਅਤੇ ਰਾਜਨੀਤਿਕ ਚੇਤਨਾ ਦੋਵੇਂ ਤਰ੍ਹਾਂ ਦਾ ਸੀ। ਇਸ ਲਹਿਰ ਦੀ ਸ਼ੁਰੂਆਤ ਸਿੱਖ ਧਰਮ ਵਿਚੋਂ ਮਨਮਤਿ ਅਤੇ ਕੁਰੀਤੀਆਂ ਨੂੰ ਦੂਰ ਕਰਨ ਲਈ ਹੋਈ ਸੀ। ਇਸ ਲਹਿਰ ਦਾ ਸ਼ੁਰੂਆਤੀ ਮਨੋਰਥ ਗੁਰੂ ਸਾਹਿਬਾਨ ਵੱਲੋਂ ਸਥਾਪਿਤ ਗੁਰ-ਮਰਯਾਦਾ ਨੂੰ ਸਿੱਖਾਂ ਅੰਦਰ ਨਵੇਂ ਸਿਰੇ ਤੋਂ ਬਹਾਲ ਕਰਨਾ ਸੀ। ਇਸ ਲਹਿਰ ਦੇ ਆਗੂ ਬਾਬਾ ਰਾਮ ਸਿੰਘ ਨੇ ਸਿੱਖ ਰਾਜ ਨੂੰ ਬ੍ਰਿਟਿਸ਼ਾਂ ਦੇ ਹੱਥੋਂ ਖ਼ਤਮ ਹੁੰਦਿਆਂ ਆਪਣੀਆਂ ਅੱਖਾਂ ਨਾਲ ਦੇਖਿਆ ਸੀ। ਇਸ ਲਈ ਉਨ੍ਹਾਂ ਮੁੱਢ ਤੋਂ ਹੀ ਬਰਤਾਨਵੀ ਸਰਕਾਰ ਨਾਲ ਨਾ-ਮਿਲਵਰਤਨ ਦੀ ਨੀਤੀ ਅਪਣਾਈ ਅਤੇ ਸਿੱਖ ਰਾਜ ਮੁੜ ਪ੍ਰਾਪਤ ਕਰਨ ਦੇ ਸੁਪਨੇ ਵੇਖੇ।[55]

ਗੁਰਬਾਣੀ ਵਿਚ ਪੂਰੀ ਤਰ੍ਹਾਂ ਯਕੀਨ ਕਰਨਾ, ਅਕਾਲ ਪੁਰਖ ਤੋਂ ਭਿੰਨ ਕਿਸੇ ਸੱਤਾ ਵਿਚ ਵਿਸ਼ਵਾਸ ਨਾ ਕਰਨਾ, ਸੱਚਾ-ਸੁੱਚਾ ਜੀਵਨ ਬਤੀਤ ਕਰਨਾ ਅਤੇ ਧਰਮ ਦੀ ਕਮਾਈ ਕਰਨਾ ਆਦਿ ਇਸ ਲਹਿਰ ਦੇ ਸੰਸਥਾਪਕ ਬਾਬਾ ਬਾਲਕ ਸਿੰਘ ਦੀਆਂ ਪ੍ਰਮੁੱਖ ਸਿੱਖਿਆਵਾਂ ਸਨ। ਅੰਤ-ਕਾਲ ਨੇੜੇ ਆਇਆ ਵੇਖ ਕੇ ਆਪਣੇ ਸਿੱਖ-ਸੇਵਕਾਂ ਨੂੰ ਦਿੱਤੇ ਆਦੇਸ਼ ਤੋਂ ਉਨ੍ਹਾਂ ਦਾ ਪ੍ਰਚਾਰ-ਮਨੋਰਥ ਭਲੀ-ਭਾਂਤ ਸਪਸ਼ਟ ਹੋ ਜਾਂਦਾ ਹੈ। ਉਹ ਆਪਣੇ ਸੇਵਕਾਂ ਲਈ ਹੁਕਮ ਛੱਡ ਗਏ ਕਿ, "ਬਹਿੰਦੇ ਉਠਦੇ, ਸੌਂਦੇ ਜਾਗਦੇ, ਵਾਹਿਗੁਰੂ ਦਾ ਭਜਨ ਕਰਿਆ ਕਰੋ ਤੇ ਅੱਠਾਂ ਪਹਿਰਾਂ ਵਿਚ ਤਿੰਨ ਵਾਰੀ ਇਸ਼ਨਾਨ ਕਰੋ। ...ਲੜਕੀ ਨੂੰ ਦਾਜ ਵਿਚ ਕੁਝ ਨ ਦੇਵੋ। ਲੜਕੀ ਦੇ ਸਹੁਰਿਆਂ ਪਾਸੋਂ ਕੁਝ ਨ ਲਵੋ। ਮਾਸ

[53] ਮਨਮੋਹਨ ਸਿੰਘ, *ਸੂਫ਼ੀਮਤ ਅਤੇ ਧਾਰਮਿਕ ਲਹਿਰਾਂ,* ਪਟਿਆਲਾ: ਪੰਜਾਬੀ ਯੂਨੀਵਰਸਿਟੀ, 1993, ਪੰਨਾ 112.
[54] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਤੀਜਾ, ਪਟਿਆਲਾ: ਗ੍ਰੇਸ਼ੀਅਸ ਬੁੱਕਸ, 2014, ਪੰਨਾ 1242.
[55] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ,* ਪੰਨੇ 105-106.

ਨਾ ਖਾਓ, ਸ਼ਰਾਬ ਨਾ ਪੀਓ, ਤਮਾਕੂ ਨਾ ਵਰਤੋਂ, ਭਿਖ ਨ ਮੰਗੋ, ਕਿਰਤ ਕਮਾਈ ਕਰਕੇ ਗੁਜ਼ਰਾਨ ਕਰੋ। ਝੂਠ ਨ ਬੋਲੋ, ਵਿਭਚਾਰ ਨ ਕਰੋ। ”[56]

ਬਾਬਾ ਬਾਲਕ ਸਿੰਘ ਨੇ ਆਪਣੀ ਸੰਪ੍ਰਦਾਇ ਦੇ ਵਿਕਾਸ ਦਾ ਕਾਰਜ-ਭਾਰ ਆਪਣੇ ਜਿਉਂਦੇ ਜੀ ਬਾਬਾ ਰਾਮ ਸਿੰਘ ਨੂੰ ਸੌਂਪ ਦਿੱਤਾ। ਗੰਡਾ ਸਿੰਘ ਅਨੁਸਾਰ ਬਾਬਾ ਰਾਮ ਸਿੰਘ ਦੇ ਪ੍ਰਚਾਰ ਦਾ ਮੁੱਖ ਮਨੋਰਥ ਧਾਰਮਿਕ ਤੌਰ ’ਤੇ ਡਾਵਾਂਡੋਲ ਹੋ ਰਹੇ ਸਿੱਖਾਂ ਵਿਚੋਂ ਕੁਰੀਤੀਆਂ ਦੂਰ ਕਰਕੇ ਗੁਰਮਤਿ ਨੂੰ ਸੁਰਜੀਤ ਰੱਖਣਾ ਸੀ। ਬਾਬਾ ਜੀ ਪ੍ਰਚਾਰ ਲਈ ਜਿੱਥੇ ਵੀ ਜਾਂਦੇ, ਸਿੱਖੀ ਤੋਂ ਦੂਰ ਹੋ ਚੁੱਕੇ ਜਾਂ ਨਵੇਂ ਬਣੇ ਸ਼ਰਧਾਲੂਆਂ ਨੂੰ ਬਿਨਾ ਇਸਤਰੀ ਮਰਦ ਦੇ ਵਿਤਕਰੇ ਦੇ ਖੰਡੇ ਦਾ ਅੰਮ੍ਰਿਤ ਛਕਾਉਂਦੇ ਅਤੇ ਪੰਜ ਕਕਾਰ ਅਤੇ ਖ਼ਾਲਸਾ ਰਹਿਤ ਦੇ ਧਾਰਨੀ ਬਣਾਉਂਦੇ।[57] ਬਾਬਾ ਰਾਮ ਸਿੰਘ ਜੀ ਨੇ ਆਤਮਿਕ ਉੱਚਤਾ ਲਈ ਯਤਨ ਕੀਤੇ ਅਤੇ ਸਮਾਜ ਵਿਚ ਪ੍ਰਚਲਿਤ ਕੁਰੀਤੀਆਂ ਨੂੰ ਦੂਰ ਕਰਨ ’ਤੇ ਜੋਰ ਦਿੱਤਾ। ਸਵੱਛ ਬਸਤਰ ਪਹਿਨਣੇ, ਪੂਰੀ ਸਰੀਰਕ ਸਫ਼ਾਈ ਰੱਖਣੀ, ਵਹਿਮ-ਭਰਮ ਛੱਡ ਕੇ ਇੱਕੋ ਵਾਹਿਗੁਰੂ ਦਾ ਭਜਨ ਕਰਨਾ ਅਤੇ ਇਸਤਰੀ ਮਰਦ ਦਾ ਬਰਾਬਰ ਸਤਿਕਾਰ ਕਰਨਾ ਆਦਿ ਅਜੇਹੀਆਂ ਗੱਲਾਂ ਸਨ ਜਿਨ੍ਹਾਂ ਨੂੰ ਉਨ੍ਹਾਂ ਨੇ ਵਿਸ਼ੇਸ਼ ਤੌਰ ’ਤੇ ਪ੍ਰਚਾਰਿਆ। ਬਾਬਾ ਰਾਮ ਸਿੰਘ ਨੇ ਸਿੱਖਾਂ ਵਿਚ ਜਾਤ-ਪਾਤ ਦੇ ਭਿੰਨ ਭੇਦ ਮਿਟਾਉਣ ਲਈ ਯਤਨ ਕੀਤੇ, ਉਹ ਸਭ ਜਾਤੀਆਂ ਵਿਚ ਪਰਸਪਰ ਖੁੱਲ੍ਹੇ ਵਿਆਹ-ਸੰਬੰਧਾਂ ਦੇ ਹੱਕ ਵਿਚ ਸੀ। ਉਸ ਨੇ ਵਿਧਵਾ ਵਿਆਹ ਲਈ ਵੀ ਪ੍ਰਚਾਰ ਕੀਤਾ ਅਤੇ ਸ਼ਰਾਬ ਤੇ ਹੋਰ ਨਸ਼ਿਆਂ ਤੋਂ ਵੀ ਲੋਕਾਂ ਨੂੰ ਵਰਜਿਆ। ਉਹ ਆਪਣੇ ਸੇਵਕਾਂ ਉੱਪਰ ਸੱਚੇ ਅਤੇ ਪਵਿੱਤਰ ਬਣਨ ਲਈ ਜੋਰ ਦਿੰਦਾ ਸੀ।[58]

ਬਾਬਾ ਰਾਮ ਸਿੰਘ ਤੋਂ ਬਾਅਦ ਨਾਮਧਾਰੀ ਲਹਿਰ ਵਿਚ ਗਿਰਾਵਟ ਆਉਂਦੀ ਚੱਲੀ ਗਈ ਅਤੇ ਕੁਝ ਅਸੂਲੀ ਪਰਿਵਰਤਨ ਕਾਰਨ ਇਹ ਲਹਿਰ ਸਿੱਖ ਪੰਥ ਤੋਂ ਵੱਖਰੀ ਸੰਪ੍ਰਦਾਇ ਬਣ ਕੇ ਰਹਿ ਗਈ। ਨਾਮਧਾਰੀਆਂ ਦੁਆਰਾ ਬਾਬਾ ਬਾਲਕ ਸਿੰਘ ਅਤੇ ਬਾਬਾ ਰਾਮ ਸਿੰਘ ਨੂੰ 11ਵੀਂ-12ਵੀਂ ਪਾਤਸ਼ਾਹੀ ਅਥਵਾ ਗੁਰੂ ਮੰਨਿਆ ਜਾਣ ਲੱਗ ਪਿਆ। ਇਸੇ ਤਰ੍ਹਾਂ ਇਨ੍ਹਾਂ ਨੇ ‘ੴ’ ਸ਼ਬਦ ਦੇ ਨਾਲ ‘ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ’ ਜੋੜ ਕੇ ਨਵਾਂ ਵਾਧਾ ਕਰ ਲਿਆ। ਅਰਦਾਸ ਵਿਚ ਵੀ ਆਪਣੇ ਆਗੂਆਂ ਦੇ ਨਾਮ ਜੋੜ ਲਏ ਅਤੇ ਹੋਰ ਕਈ ਵਾਧੇ-ਘਾਟੇ ਕਰ ਲਏ। ਇਨ੍ਹਾਂ ਦੀ ਰਹੁਰੀਤ ਵੀ ਸਿੱਖਾਂ ਨਾਲੋਂ ਵੱਖਰੀ ਹੈ। ਇਹ ਆਮ ਤੌਰ ’ਤੇ ਚਿੱਟੇ ਕੱਪੜੇ ਪਹਿਨਦੇ ਅਤੇ ਉੱਨ ਦੀ ਮਾਲਾ ਰੱਖਦੇ ਹਨ। ਅੰਮ੍ਰਿਤ ਇਕ ਬਾਟੇ ਵਿਚ ਨਹੀਂ ਸਗੋਂ ਵੱਖ-ਵੱਖ ਛਕਾਉਂਦੇ ਹਨ। ਸ਼ਬਦ ਕੀਰਤਨ ਸਮੇਂ ਮਸਤ ਹੋ ਕੇ ਕੂਕਾਂ ਮਾਰਨ ਲੱਗ ਪੈਂਦੇ ਹਨ ਜਿਸ ਕਾਰਨ ਕਈ ਵਾਰੀ ਦਸਤਾਰ ਵੀ ਸਿਰ ਤੋਂ ਲਹਿ ਜਾਂਦੀ ਹੈ। ਨਾਮਧਾਰੀ ਇਸ ਨੂੰ ਆਪਣੇ ਸੰਕੇਤ ਅਨੁਸਾਰ ਸੂਤ੍ਰ ਪੈਣਾ ਮੰਨਦੇ ਹਨ। ਗੁਰਮਤਿ ਦੇ ਨਾਲ-ਨਾਲ ਕਈ ਅਨਮਤਿ ਰੀਤਾਂ ਵੀ ਇਨ੍ਹਾਂ ਵਿਚ ਪ੍ਰਚਲਿਤ ਹੋ ਗਈਆਂ ਹਨ। ਇਹ ਅਨੰਦ ਕਾਰਜ ਸਮੇਂ ਵੇਦੀ ਗੱਡਦੇ ਹਨ, ਹਵਨ ਕਰਦੇ ਹਨ, ਵਰ-ਵਧੂ ਨੂੰ ਅੱਗ ਦੇ

[56] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ*, ਪੰਨਾ 91.
[57] ਗੰਡਾ ਸਿੰਘ, *ਕੂਕਿਆਂ ਦੀ ਵਿਥਿਆ*, ਅੰਮ੍ਰਿਤਸਰ: ਖ਼ਾਲਸਾ ਕਾਲਜ, 1946, ਦੂਜੀ ਵਾਰ, ਪੰਨਾ 35.
[58] ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ,* ਪੰਨਾ 194.

ਦੁਆਲੇ ਘੁੰਮਾਉਂਦੇ ਹਨ। ਇਹ ਲਹਿਰ ਜੋ ਸਿੱਖ ਰਹਿਤ ਨੂੰ ਸਥਾਪਿਤ ਕਰਨ ਲਈ ਸ਼ੁਰੂ ਹੋਈ ਸੀ ਪਰ ਉਪਰੋਕਤ ਮਤਭੇਦਾਂ ਕਾਰਨ ਵੱਖਰੀ ਸੰਪ੍ਰਦਾਇ ਬਣ ਗਈ ਅਤੇ ਇਨ੍ਹਾਂ ਦੇ ਸਿੱਖਾਂ ਨਾਲ ਕਈ ਵਾਰ ਝਗੜੇ ਵੀ ਹੁੰਦੇ ਰਹੇ ਹਨ।[59]

1469 ਈ. ਤੋਂ 1708 ਈ. ਤੱਕ ਸਿੱਖ ਧਰਮ ਦੇ ਸਿਧਾਂਤ, ਮਰਯਾਦਾ ਅਤੇ ਸੰਸਥਾਵਾਂ ਗੁਰੂ ਸਾਹਿਬਾਨ ਦੀ ਦੇਖ-ਰੇਖ ਹੇਠ ਸਥਾਪਿਤ ਹੋਈਆਂ। ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦੁਆਰਾ ਨਵਾਂ ਮਨੁੱਖ (ਗੁਰਮੁਖ), ਨਵਾਂ ਸਮਾਜ (ਸਿੱਖ ਪੰਥ), ਨਵਾਂ ਦਰਸ਼ਨ ਤੇ ਰੂਹਾਨੀਅਤ ਦਾ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ), ਸਿੱਖੀ ਦਾ ਕੇਂਦਰ (ਗੁਰਦੁਆਰਾ), ਸ਼ਕਤੀ ਦਾ ਪ੍ਰਤੀਕ (ਸ੍ਰੀ ਅਕਾਲ ਤਖ਼ਤ ਸਾਹਿਬ) ਸਿਰਜੇ ਗਏ। ਗੁਰੂ ਸਾਹਿਬਾਨ ਨੇ ਬਰਾਬਰਤਾ, ਸਾਂਝੀਵਾਲਤਾ, ਸਚਾਈ ਆਦਿ ਸਦਗੁਣਾਂ ਨੂੰ ਸਿੱਖੀ ਦੇ ਅਮਲੀ ਜੀਵਨ ਦਾ ਹਿੱਸਾ ਬਣਾਇਆ। ਆਪਣੇ ਹੱਥੀਂ ਕਿਰਤ ਕਰਨ, ਇਕ ਪਰਮਾਤਮਾ ਦਾ ਨਾਮ ਜਪਣ ਅਤੇ ਵੰਡ ਛਕਣ ਦੇ ਅਹਿਮ ਸਿਧਾਂਤ ਸਥਾਪਿਤ ਕੀਤੇ। ਇਸਤਰੀ ਦੀ ਦਸ਼ਾ ਸੁਧਾਰਨ ਲਈ ਗੁਰੂ ਸਾਹਿਬ ਨੇ ਯਤਨ ਕੀਤੇ ਅਤੇ ਸਤੀ ਪ੍ਰਥਾ ਤੇ ਪਰਦਾ ਪ੍ਰਥਾ ਵਰਗੀਆਂ ਕੁਰੀਤੀਆਂ ਨੂੰ ਤਿਆਗਣ ਲਈ ਲੋਕਾਂ ਨੂੰ ਜਾਗਰੂਕ ਕੀਤਾ। ਬੰਦਾ ਸਿੰਘ ਬਹਾਦਰ ਅਤੇ ਮਿਸਲ ਕਾਲ ਦੇ ਸੰਘਰਸ਼ਮਈ ਦੌਰ ਵਿਚ ਵੀ ਸਿੱਖੀ ਆਪਣੇ ਮੂਲ ਨਾਲ ਜੁੜੀ ਰਹੀ ਅਤੇ ਆਪਣੇ ਫ਼ਰਜ ਲਈ ਤਸੀਹੇ ਸਹਿਣ ਤੇ ਕੁਰਬਾਨ ਹੋਣ ਦੀਆਂ ਮਿਸਾਲਾਂ ਕਾਇਮ ਕੀਤੀਆਂ। ਮਹਾਰਾਜਾ ਰਣਜੀਤ ਸਿੰਘ ਕਾਲ ਅਤੇ ਬਰਤਾਨਵੀ ਰਾਜ ਦੌਰਾਨ ਸਿੱਖੀ ਆਪਣੇ ਮੂਲ ਸੋਮੇ ਤੋਂ ਦੂਰ ਹੋਣ ਲੱਗ ਪਈ। ਮਹਾਰਾਜਾ ਰਣਜੀਤ ਸਿੰਘ ਕਾਲ ਦੌਰਾਨ ਮਹੰਤਾਂ ਨੇ ਸਿੱਖੀ ਦੀਆਂ ਜੜ੍ਹਾ ਵਿਚ ਤੇਲ ਦੇਣ ਦਾ ਕੰਮ ਕੀਤਾ ਅਤੇ ਬਰਤਾਨਵੀ ਰਾਜ ਦੌਰਾਨ ਮਸੀਹੀ ਮਿਸ਼ਨਰੀ, ਆਰੀਆ ਸਮਾਜ ਤੇ ਮਨਮਤਿ ਦੇ ਪ੍ਰਭਾਵ ਨੇ ਸਿੱਖ ਪਛਾਣ ਨੂੰ ਧੁੰਧਲਾ ਕਰਨ ਦਾ ਕਾਰਜ ਕੀਤਾ। ਇਸ ਦੌਰਾਨ ਨਿਰੰਕਾਰੀ ਲਹਿਰ ਅਤੇ ਨਾਮਧਾਰੀ ਲਹਿਰ ਨੇ ਕੁਝ ਕੁ ਸਾਰਥਕ ਕਾਰਜ ਕਰਕ ਦੇ ਯਤਨ ਕੀਤੇ ਪਰ ਕੁਝ ਸਮੇਂ ਬਾਅਦ ਇਹ ਲਹਿਰਾਂ ਆਪਣੇ ਸੀਮਤ ਘੇਰਿਆਂ ਵਿਚ ਸੁੰਗੜ ਕੇ ਰਹਿ ਗਈਆਂ। ਇਸ ਤੋਂ ਬਾਅਦ ਸਿੰਘ ਸਭਾ ਲਹਿਰ ਨੇ ਵਧੇਰੇ ਵਿਆਪਕ ਤਰੀਕੇ ਨਾਲ ਸਿੱਖੀ ਵਿਚ ਸ਼ਾਮਿਲ ਹੋ ਰਹੀਆਂ ਸਮਾਜਿਕ ਤੇ ਧਾਰਮਿਕ ਕੁਰੀਤੀਆਂ ਨੂੰ ਖ਼ਤਮ ਕਰਨ, ਸਿੱਖ ਪਛਾਣ ਦੇ ਨਿਆਰੇਪਣ ਨੂੰ ਸਪਸ਼ਟ ਕਰਨ ਅਤੇ ਸਿੱਖ ਇਤਿਹਾਸ ਤੇ ਪਰੰਪਰਾ ਨੂੰ ਪ੍ਰਚਾਰਨ ਲਈ ਯਤਨ ਕੀਤੇ। ਇਸ ਲਹਿਰ ਨੇ ਗੁਰੂ ਸਾਹਿਬਾਨ ਵੱਲੋਂ ਸਥਾਪਿਤ ਸਿਧਾਂਤ, ਮਰਯਾਦਾ ਅਤੇ ਸੰਸਥਾਵਾਂ ਨੂੰ ਪੁਨਰ-ਸੁਰਜੀਤ ਕਰਕੇ ਸਿੱਖੀ ਦੀਆਂ ਢਹਿੰਦੀਆਂ ਕਲਾ ਨੂੰ ਮੁੜ ਚੜ੍ਹਦੀ ਕਲਾ ਵਿਚ ਲਿਆ ਖੜ੍ਹਾ ਕੀਤਾ। ਸਿੰਘ ਸਭਾ ਲਹਿਰ ਦੇ ਇਤਿਹਾਸਕ ਸੰਦਰਭ, ਦਰਪੇਸ਼ ਚੁਣੌਤੀਆਂ ਅਤੇ ਇਸ ਲਹਿਰ ਦੀਆਂ ਪ੍ਰਾਪਤੀਆਂ ਨੂੰ ਅਗਲੇ ਅਧਿਆਇਆਂ ਵਿਚ ਵਿਚਾਰਨ ਦਾ ਯਤਨ ਕੀਤਾ ਹੈ।

[59] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ,* ਪੰਨੇ 154-55.

# ਅਧਿਆਇ ਦੂਜਾ

# ਸਰਵੇਖਣ ਅਤੇ ਮੁਲਾਂਕਣ

ਹੱਥਲੇ ਖੋਜ-ਕਾਰਜ ਵਿਚ ਅਸੀਂ ਸਿੰਘ ਸਭਾ ਲਹਿਰ ਦਾ ਅਧਿਐਨ ਕਰ ਰਹੇ ਹਾਂ, ਸੋ ਲਾਜ਼ਮੀ ਹੋ ਜਾਂਦਾ ਹੈ ਕਿ ਸਿੰਘ ਸਭਾ ਲਹਿਰ ਬਾਰੇ ਗੱਲ ਕਰਨ ਤੋਂ ਪਹਿਲਾਂ ਇਸ ਉੱਪਰ ਪਹਿਲਾਂ ਹੋ ਚੁੱਕੇ ਖੋਜ-ਕਾਰਜ ਨੂੰ ਵਾਚ ਲਿਆ ਜਾਵੇ। ਇਸ ਮਨੋਰਥ ਦੀ ਪੂਰਤੀ ਲਈ ਇਸ ਅਧਿਆਇ ਵਿਚ ਸਿੰਘ ਸਭਾ ਲਹਿਰ ਸੰਬੰਧੀ ਪਹਿਲਾਂ ਹੋ ਚੁੱਕੇ ਖੋਜ-ਕਾਰਜ ਦਾ ਸਰਵੇਖਣ ਅਤੇ ਮੁਲਾਂਕਣ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਸਰਵੇਖਣ ਵਿਚ ਯੂਨੀਵਰਸਿਟੀ ਪੱਧਰ ਉੱਪਰ ਹੋਏ ਤਿੰਨ ਖੋਜ-ਪ੍ਰਬੰਧ, ਚਾਰ ਖੋਜ-ਨਿਬੰਧ ਅਤੇ ਅੱਠ ਪੁਸਤਕਾਂ ਨੂੰ ਸ਼ਾਮਿਲ ਕੀਤਾ ਗਿਆ ਹੈ।

**2.1. ਉਪਾਧੀ ਸਾਪੇਖ:** ਉਪਾਧੀ ਸਾਪੇਖ ਅਧੀਨ ਸਿੰਘ ਸਭਾ ਲਹਿਰ ਨਾਲ ਸੰਬੰਧਿਤ ਪੀ-ਐੱਚ.ਡੀ., ਐਮ.ਫਿਲ, ਐਮ.ਏ. ਅਤੇ ਐਮ.ਲਿਟ. ਆਦਿ ਡਿਗਰੀਆਂ ਦੀ ਪ੍ਰਾਪਤੀ ਲਈ ਪੇਸ਼ ਕੀਤੇ ਗਏ ਖੋਜ-ਕਾਰਜ ਦਾ ਸਰਵੇਖਣ ਕੀਤਾ ਗਿਆ ਹੈ। ਇਸ ਸਰਵੇਖਣ ਨੂੰ ਨਿਮਨ ਵਰਗ ਵੰਡ ਅਨੁਸਾਰ ਵਿਚਾਰਨ ਦਾ ਯਤਨ ਕੀਤਾ ਹੈ:

**2.1.1. ਪੀ-ਐਚ. ਡੀ. ਪੱਧਰ ਦਾ ਕੰਮ: (ੳ)** ਇਸ ਵਰਗ ਅੰਦਰ ਪਹਿਲਾ ਕਾਰਜ ਸੰਨ 1974 ਈ. ਵਿਚ ਗੁਰਦਰਸ਼ਨ ਸਿੰਘ ਢਿਲੋਂ ਵੱਲੋਂ 'Character and Impact of The Singh Sabha Movement on the history of the Punjab' ਸਿਰਲੇਖ ਹੇਠ ਫੌਜਾ ਸਿੰਘ ਦੀ ਨਿਗਰਾਨੀ ਅਧੀਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪੇਸ਼ ਕੀਤਾ ਗਿਆ। ਇਸ ਖੋਜ-ਪ੍ਰਬੰਧ ਨੂੰ ਕੁੱਲ ਗਿਆਰਾਂ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ 'General Background' ਵਿਚ ਉਨ੍ਹੀਵੀਂ ਸਦੀ ਦੌਰਾਨ ਪੰਜਾਬ ਵਿਚ ਪੈਦਾ ਹੋਈਆਂ ਜਾਂ ਪ੍ਰਚਾਰੀਆਂ ਗਈਆਂ ਪ੍ਰਮੁੱਖ ਲਹਿਰਾਂ ਬ੍ਰਹਮੋ ਸਮਾਜ, ਪ੍ਰਾਰਥਨਾ ਸਮਾਜ, ਦੇਵ ਸਮਾਜ, ਧਰਮ ਸਭਾ, ਆਰੀਆ ਸਮਾਜ, ਥਿਉਸੋਫੀਕਲ ਸੁਸਾਇਟੀ, ਰਾਮ ਕ੍ਰਿਸ਼ਨ ਮਿਸ਼ਨ, ਵਾਹਾਬੀ ਲਹਿਰ ਅਤੇ ਅਹਿਮਦੀਆ ਲਹਿਰ ਬਾਰੇ ਸੰਖੇਪ ਚਰਚਾ ਕੀਤੀ ਗਈ ਹੈ। ਦੂਜੇ ਅਧਿਆਇ 'Beginnings of Sikh Resurgence' ਵਿਚ ਗੁਰੂ ਸਾਹਿਬਾਨ ਦੇ ਜੀਵਨ ਉੱਪਰ ਚਾਨਣਾ ਪਾਉਂਦੇ ਹੋਏ, ਬਾਬਾ ਬੰਦਾ ਸਿੰਘ ਬਹਾਦਰ ਦੇ ਸੰਘਰਸ਼ ਦੀ ਗੱਲ ਕੀਤੀ ਗਈ ਹੈ। ਇਸ ਦੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਬਾਰੇ ਸੰਖੇਪ ਚਰਚਾ ਕਰਦੇ ਹੋਏ ਪੰਜਾਬ ਅੰਦਰ ਮਸੀਹੀ ਮਿਸ਼ਨਰੀਆਂ ਦੇ ਇਤਿਹਾਸਕ ਪਰਿਪੇਖ ਨੂੰ ਅਧਿਐਨ ਦਾ ਕੇਂਦਰ ਬਣਾਇਆ ਹੈ। ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ ਅਤੇ ਰਾਧਾ ਸਵਾਮੀਆਂ ਬਾਰੇ ਵੀ ਇਸ ਅਧਿਆਇ ਵਿਚ ਜਾਣਕਾਰੀ ਦਿੱਤੀ ਗਈ ਹੈ।

ਸਿੰਘ ਸਭਾ ਲਹਿਰ ਦੇ ਇਤਿਹਾਸਕ ਪਰਿਪੇਖ; ਸਿੰਘ ਸਭਾ ਲਹਿਰ ਦੇ ਉਸਰੱਈਆਂ ਦੇ ਸੰਖੇਪ ਜੀਵਨ; ਸਿੰਘ ਸਭਾ ਲਹਿਰ ਦੇ ਉਦੇਸ਼ ਅਤੇ ਸਿੰਘ ਸਭਾ ਲਹਿਰ ਵੱਲੋਂ ਸਥਾਪਿਤ ਕੀਤੇ ਗਿਆ ਖ਼ਾਲਸਾ ਦੀਵਾਨਾਂ ਦੀ ਕਾਰਜ ਪ੍ਰਣਾਲੀ ਨੂੰ ਅਧਿਆਇ ਤੀਜੇ '*Origin and Development of The Singh Sabha Movement-Ideological Aspects*' ਵਿਚ ਵਿਚਾਰਿਆ ਗਿਆ ਹੈ। ਜਦੋਂ ਕਿ ਚੌਥੇ ਅਧਿਆਇ 'Origin and

Development of Singh Sabha Movement-Constitutional Aspects' ਵਿਚ ਸਿੰਘ ਸਭਾ ਦੇ ਮੈਂਬਰਾਂ ਦੀ ਚੋਣ ਤੇ ਫ਼ਰਜ, ਸਿੰਘ ਸਭਾ ਦੀਆਂ ਮੀਟਿੰਗਾਂ, ਸਿੰਘ ਸਭਾ ਦੀ ਇਨਕਮ, ਸਿੰਘ ਸਭਾਵਾਂ ਦੇ ਸੰਗਠਨ ਅਤੇ ਸਿੰਘ ਸਭਾ ਦੀ ਸੰਵਿਧਾਨਿਕ ਕਾਰਜ-ਪ੍ਰਣਾਲੀ ਆਦਿ ਦਾ ਅਧਿਐਨ ਕੀਤਾ ਗਿਆ ਹੈ।

ਖੋਜ-ਪ੍ਰਬੰਧ ਦੇ ਪੰਜਵੇਂ ਅਧਿਆਇ 'Singh Sabha and Religious Reform' ਵਿਚ ਸਿੰਘ ਸਭਾ ਸਮੇਂ ਸਿੱਖ ਧਰਮ ਦੀ ਧਾਰਮਿਕ ਸਥਿਤੀ ਦਾ ਅਧਿਐਨ ਕੀਤਾ ਹੈ। ਇਸ ਅਧਿਆਇ ਵਿਚ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਵਿਖੇ ਬ੍ਰਾਹਮਣਾਂ ਵੱਲੋਂ ਮੂਰਤੀਆਂ ਸਥਾਪਿਤ ਕਰਨਾ, ਟਰੰਪ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੱਧਾ-ਪਚੱਧਾ ਕੀਤਾ ਵਿਵਾਦਿਤ ਟੀਕਾ, ਸਿੱਖ ਧਰਮ ਵਿਚ ਮੂਰਤੀ ਪੂਜਾ ਦੇ ਵੱਧ ਰਹੇ ਰੁਝਾਨ, ਸਿੱਖ-ਹਿੰਦੂ ਝਗੜੇ ਦਾ ਅਧਿਐਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸਿੰਘ ਸਭਾ ਵੱਲੋਂ ਧਾਰਮਿਕ ਜਾਗ੍ਰਿਤੀ ਲਈ ਰਚੇ ਗਏ ਸਾਹਿਤ ਬਾਰੇ ਜਾਣਕਾਰੀ ਦਿੱਤੀ ਗਈ ਹੈ। ਜਾਤ-ਪਾਤ, ਨਸ਼ਾ, ਲਿੰਗ ਅਨੁਪਾਤ ਵਿਚ ਕਮੀ, ਦਾਜ, ਬਾਲ-ਵਿਆਹ, ਵਿਧਵਾ-ਵਿਆਹ ਅਤੇ ਸਿੱਖ ਰੀਤੀ-ਰਿਵਾਜ ਉੱਪਰ ਸਨਾਤਨੀ ਪ੍ਰਭਾਵ ਆਦਿ ਨੂੰ ਛੇਵੇਂ ਅਧਿਆਇ 'Singh Sabha and Social Reform' ਵਿਚ ਵਿਚਾਰਿਆ ਗਿਆ ਹੈ। ਸੱਤਵੇਂ ਅਧਿਆਇ 'Singh Sabha in the filed of Education' ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪ੍ਰਚਲਿਤ ਸਿੱਖਿਆ ਪ੍ਰਣਾਲੀ, ਮਸੀਹੀ ਮਿਸ਼ਨਰੀਆਂ, ਨਾਮਧਾਰੀ ਅਤੇ ਨਿਰੰਕਾਰੀ ਲਹਿਰ ਦੁਆਰਾ ਸਿੱਖਿਆ ਲਈ ਕੀਤੇ ਕਾਰਜ ਦਾ ਅਧਿਐਨ ਕਰਦੇ ਹੋਏ ਸਿੰਘ ਸਭਾ ਲਹਿਰ ਵੱਲੋਂ ਸਿੱਖਿਆ ਦੇ ਖੇਤਰ ਵਿਚ ਵਿਚ ਪਾਏ ਯੋਗਦਾਨ ਨੂੰ ਅਧਿਐਨ ਦਾ ਹਿੱਸਾ ਬਣਾਇਆ ਗਿਆ ਹੈ।

ਅੱਠਵੇਂ ਅਧਿਆਇ 'Development of Punjabi Language and Literature under The Singh Sabha Movement' ਵਿਚ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਹੋਏ ਵਿਕਾਸ ਦਾ ਆਲੋਚਨਾਤਮਕ ਅਧਿਐਨ ਕੀਤਾ ਗਿਆ ਹੈ। ਸਿੰਘ ਸਭਾ ਲਹਿਰ ਦੇ ਆਗੂਆਂ ਦਾ ਬਰਤਾਨਵੀ ਰਾਜ ਪ੍ਰਤੀ ਨਜ਼ਰੀਆ, ਮਹਾਰਾਜਾ ਦਲੀਪ ਸਿੰਘ ਤੇ ਸਿੰਘ ਸਭਾ ਲਹਿਰ, 1910 ਈ. ਤੋਂ ਬਾਅਦ ਸਿੱਖ-ਬ੍ਰਿਟਿਸ਼ ਸੰਬੰਧ, ਜ਼ਿਲਿਆ ਵਾਲਾ ਬਾਗ ਦਾ ਸਾਕਾ (1919 ਈ.) ਆਦਿ ਨੂੰ ਖੋਜ-ਪ੍ਰਬੰਧ ਦੇ ਨੌਂਵੇ ਅਧਿਆਇ 'The Singh Sabha Movement and the British Govt.' ਵਿਚ ਵਿਚਾਰਿਆ ਗਿਆ ਹੈ।

ਖੋਜ-ਪ੍ਰਬੰਧ ਦੇ ਆਖ਼ਰੀ ਅਤੇ ਦਸਵੇਂ ਅਧਿਆਇ 'Singh Sabha Movement and the other Communities' ਵਿਚ ਸਿੱਖਾਂ ਦੇ ਹਿੰਦੂ, ਆਰੀਆ ਸਮਾਜ, ਬ੍ਰਹਮੋ ਸਮਾਜ, ਦੇਵ ਸਮਾਜ ਆਦਿ ਨਾਲ ਸੰਬੰਧਾਂ ਬਾਰੇ ਅਧਿਐਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸਿੰਘ ਸਭਾ ਲਹਿਰ ਅਤੇ ਅਹਿਮਦੀਆ ਲਹਿਰ, ਸਿੰਘ ਸਭਾ ਲਹਿਰ ਅਤੇ ਮਸੀਹੀ ਮਿਸ਼ਨਰੀ ਆਦਿ ਦੇ ਪਰਸਪਰਿਕ ਸੰਬੰਧਾਂ ਨੂੰ ਵੀ ਅਧਿਐਨ ਦਾ ਹਿੱਸਾ ਬਣਾਇਆ ਗਿਆ ਹੈ।

ਇਸ ਖੋਜ-ਕਾਰਜ ਵਿਚ ਮੁੱਖ ਤੌਰ 'ਤੇ ਸਿੰਘ ਸਭਾ ਲਹਿਰ ਦੇ ਪੰਜਾਬ ਉੱਪਰ ਪਏ ਪ੍ਰਭਾਵ ਨੂੰ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਕਾਰਨ ਸਿੰਘ ਸਭਾ ਲਹਿਰ ਦੁਆਰਾ ਧਾਰਮਿਕ, ਸਮਾਜਿਕ, ਵਿੱਦਿਅਕ ਅਤੇ ਸਾਹਿਤਕ ਖੇਤਰ ਵਿਚ ਪਾਏ ਯੋਗਦਾਨ ਦਾ ਇਤਿਹਾਸਕ ਪੱਖ ਹੀ ਸਪਸ਼ਟ ਹੋਇਆ ਹੈ।

ਇਸ ਲਹਿਰ ਵੱਲੋਂ ਇਨ੍ਹਾਂ ਖੇਤਰਾਂ ਵਿਚ ਪਾਏ ਯੋਗਦਾਨ ਦੌਰਾਨ ਵਰਤੀਆਂ ਪਹੁੰਚ ਵਿਧੀਆਂ ਇਸ ਖੋਜ-ਕਾਰਜ ਵਿਚ ਸ਼ਾਮਿਲ ਹੋਣੋਂ ਰਹਿ ਗਈਆਂ ਹਨ। ਜਿਵੇਂ ਸਿੰਘ ਸਭਾ ਲਹਿਰ ਨੇ ਗੁਰਬਾਣੀ ਦੀ ਵਿਆਖਿਆ ਕਰਨ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਕਿ ਗੁਰਬਾਣੀ ਦੇ ਅਰਥ ਗੁਰਬਾਣੀ ਵਿਚੋਂ ਲੱਭੇ ਜਾਣ। ਸਿੱਖ ਇਤਿਹਾਸ ਦੀ ਪੇਸ਼ਕਾਰੀ ਸਮੇਂ ਸਿੱਖ ਦ੍ਰਿਸ਼ਟੀਕੋਣ, ਸਿੱਖ ਭਾਵਨਾ ਅਤੇ ਅਨੁਭਵ ਨੂੰ ਧਿਆਨ ਵਿਚ ਰੱਖ ਕੇ ਇਤਿਹਾਸਕ ਲਿਖਤਾਂ ਦੀ ਰਚਨਾ ਕੀਤੀ ਗਈ। ਇਹ ਪਹੁੰਚ ਵਿਧੀਆਂ ਸਿੰਘ ਸਭਾ ਲਹਿਰ ਦੀ ਦੇਣ ਹਨ, ਜਿਨ੍ਹਾਂ ਦੀ ਘਾਟ ਇਸ ਖੋਜ-ਕਾਰਜ ਵਿਚ ਰੜਕਦੀ ਹੈ।

**(ਅ)** ਸੰਨ 1974 ਈ. ਵਿਚ ਕਰਤਾਰ ਸਿੰਘ ਸੂਰੀ ਦੀ ਨਿਗਰਾਨੀ ਹੇਠ ਨਿਰਮਲ ਸਿੰਘ ਵੱਲੋਂ ਪੀ-ਐੱਚ.ਡੀ. ਦੀ ਡਿਗਰੀ ਹਿਤ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੰਜਾਬੀ ਵਿਭਾਗ ਵਿਚ ਖੋਜ-ਪ੍ਰਬੰਧ 'Imapct of Singh Sabha Movement on Punjabi Litrature' ਪੇਸ਼ ਕੀਤਾ ਗਿਆ। ਇਸ ਖੋਜ-ਪ੍ਰਬੰਧ ਨੂੰ ਵਿਸ਼ੇ ਦੇ ਘੇਰੇ ਅਨੁਸਾਰ ਛੇ ਕਾਂਡਾਂ ਵਿਚ ਵੰਡਿਆ ਗਿਆ ਹੈ। ਪਹਿਲਾ ਕਾਂਡ 'ਸਿੰਘ-ਸਭਾ ਲਹਿਰ ਦਾ ਜਨਮ ਤੇ ਵਿਕਾਸ' ਹੈ। ਇਸ ਕਾਂਡ ਵਿਚ ਬਰਤਾਨਵੀ ਰਾਜ ਅਧੀਨ ਸਿੱਖਾਂ ਦੇ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਮਾਨਸਿਕ ਪੱਖ ਦਾ ਅਧਿਐਨ ਕੀਤਾ ਗਿਆ ਹੈ। ਇਸ ਕਾਲ ਵਿਚ ਸਿੱਖ ਆਚਰਨ ਅਤੇ ਮਰਿਯਾਦਾ ਵਿਚ ਆਈ ਕਮਜ਼ੋਰੀ ਨੂੰ ਮਹਾਰਾਜਾ ਰਣਜੀਤ ਸਿੰਘ ਕਾਲ ਦੀ ਦੇਣ ਮੰਨਿਆ ਗਿਆ ਹੈ।[1] ਨਿਰੰਕਾਰੀ ਲਹਿਰ ਅਤੇ ਨਾਮਧਾਰੀ ਲਹਿਰ ਦਾ ਆਲੋਚਨਾਤਮਕ ਅਧਿਐਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸਿੰਘ ਸਭਾ ਲਹਿਰ ਦੇ ਸ਼ੁਰੂ ਹੋਣ ਦੇ ਕਾਰਨ, ਇਸ ਲਹਿਰ ਦਾ ਮਨੋਰਥ, ਇਸ ਵੱਲੋਂ ਕੀਤੇ ਕਾਰਜ ਅਤੇ ਇਸ ਲਹਿਰ ਦੀਆਂ ਸੀਮਾਵਾਂ ਨੂੰ ਅਧਿਐਨ ਵਿਚ ਸ਼ਾਮਿਲ ਕੀਤਾ ਗਿਆ ਹੈ। ਦੂਜੇ ਕਾਂਡ 'ਸਿੰਘ-ਸਭਾ ਲਹਿਰ ਦਾ ਸਾਹਿਤਕ ਪਿਛੋਕੜ' ਵਿਚ ਸਿੰਘ ਸਭਾ ਦੇ ਸਾਹਿਤਕ ਪਿਛੋਕੜ ਦਾ ਅਧਿਐਨ ਕੀਤਾ ਗਿਆ ਹੈ। ਇਸ ਅਧਿਐਨ ਵਿਚ ਸਿੰਘ ਸਭਾ ਲਹਿਰ ਦਾ ਸਾਹਿਤਕ ਪਿਛੋਕੜ ਮਸੀਹੀ ਮਿਸ਼ਨਰੀਆਂ ਵਿਚੋਂ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ।

ਖੋਜ-ਪ੍ਰਬੰਧ ਦੇ ਤੀਜੇ ਕਾਂਡ 'ਵਾਦ-ਵਿਵਾਦੀ ਸਾਹਿਤ' ਵਿਚ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਹਿੰਦੂ, ਮੁਸਲਮਾਨ, ਮਸੀਹੀ ਮਿਸ਼ਨਰੀ, ਬ੍ਰਹਮੋ ਸਮਾਜ ਅਤੇ ਦੇਵ ਸਮਾਜ ਆਦਿ ਨਾਲ ਪਰਸਪਰ ਵਿਰੋਧ ਵਿਚੋਂ ਪੈਦਾ ਹੋਏ ਸਾਹਿਤ ਦਾ ਸੰਖੇਪ ਸਰਵੇਖਣ ਕੀਤਾ ਗਿਆ ਹੈ। ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਰਚੇ ਗਏ ਸਾਹਿਤ ਦਾ ਚੌਥੇ ਕਾਂਡ 'ਗਿਆਨਮਈ ਸਾਹਿਤ' ਵਿਚ ਸਰਵੇਖਣ ਕੀਤਾ ਹੈ ਅਤੇ ਇਸ ਸਾਹਿਤ ਦੇ ਪੰਜਾਬੀ ਸਾਹਿਤ ਉੱਪਰ ਪਏ ਪ੍ਰਭਾਵ ਦਾ ਆਲੋਚਨਾਤਮਕ ਅਧਿਐਨ ਕੀਤਾ ਹੈ। ਪੰਜਵੇਂ ਕਾਂਡ 'ਸਿਰਜਨਾਤਮਕ ਸਾਹਿਤ' ਵਿਚ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਸਾਹਿਤ ਦੀਆਂ ਨੰਵੀਆਂ ਵੰਨਗੀਆਂ ਹੇਠ ਰਚੇ ਗਏ ਸਾਹਿਤ ਦਾ ਵਿਵਰਣਾਤਮਕ ਅਧਿਐਨ ਕੀਤਾ ਹੈ। ਖੋਜ-ਪ੍ਰਬੰਧ ਦਾ ਛੇਵਾਂ ਕਾਂਡ 'ਸਿਖ ਵਿਦਿਅਕ ਲਹਿਰ ਤੇ ਪੰਜਾਬੀ ਸਾਹਿਤ' ਹੈ। ਇਸ ਕਾਂਡ ਵਿਚ ਬਰਤਾਨਵੀ

---

[1] Nirmal Singh, *Impact of Singh Sabha Movement on Punjabi Litrature*, Kartar Singh Suri (Supervisor), Chandigarh: Punjab University, Ph.D. Thesis, 1974, p. 12.

ਰਾਜ ਦੌਰਾਨ ਪੰਜਾਬ ਅੰਦਰ ਵਿੱਦਿਆ ਦੀ ਸਥਿਤੀ ਦਾ ਅਧਿਐਨ ਕੀਤਾ ਹੈ। ਸਿੰਘ ਸਭਾ ਲਹਿਰ ਦੁਆਰਾ ਵਿੱਦਿਆ ਦੇ ਖੇਤਰ ਵਿਚ ਕੀਤੇ ਕਾਰਜ ਦਾ ਆਲੋਚਨਾਤਮਕ ਅਧਿਐਨ ਕਰਦੇ ਹੋਏ ਸਿੰਘ ਸਭਾ ਲਹਿਰ ਦੀ ਵਿੱਦਿਆ ਦੇ ਖੇਤਰ ਵਿਚ ਪੰਜਾਬ ਨੂੰ ਦੇਣ ਸੰਬੰਧੀ ਵਿਸਤਾਰ ਸਹਿਤ ਚਰਚਾ ਕੀਤੀ ਹੈ।

ਇਸ ਖੋਜ-ਕਾਰਜ ਵਿਚ ਸਿੰਘ ਸਭਾ ਲਹਿਰ ਨੂੰ ਸੰਪ੍ਰਦਾਇਕ ਦ੍ਰਿਸ਼ਟੀਕੋਣ ਅਨੁਸਾਰ ਵਾਚਿਆ ਗਿਆ ਹੈ। ਸਿੰਘ ਸਭਾ ਦੀ ਹਰ ਪ੍ਰਾਪਤੀ ਨੂੰ ਮਸੀਹੀ ਮਿਸ਼ਨਰੀਆਂ ਦੀ ਦੇਣ ਮੰਨਿਆ ਹੈ। ਇਸ ਖੋਜ-ਕਾਰਜ ਵਿਚ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸਿੰਘ ਸਭਾ ਲਹਿਰ ਨੂੰ ਬਰਤਾਨਵੀ ਅਧਿਕਾਰੀਆਂ ਨੇ ਆਪਣੇ ਹਿਤਾਂ ਲਈ ਸ਼ੁਰੂ ਕਰਵਾਇਆ ਸੀ। ਇਸ ਤਰ੍ਹਾਂ ਇਸ ਖੋਜ-ਕਾਰਜ ਵਿਚ ਸਿੰਘ ਸਭਾ ਲਹਿਰ ਦੇ ਮੂਲ ਮਨੋਰਥ ਨੂੰ ਸਮਝੇ ਬਿਨਾਂ ਸਤਹੀ ਅਧਿਐਨ ਕੀਤਾ ਗਿਆ ਹੈ।

**(ੲ)** ਸੰਨ 2011 ਈ. ਵਿਚ ਗੁਰਤੇਜ ਸਿੰਘ ਨੇ ਹਰਿਭਜਨ ਸਿੰਘ ਦੀ ਨਿਗਰਾਨੀ ਹੇਠ ਪੀ-ਐੱਚ.ਡੀ. ਦੀ ਡਿਗਰੀ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਚ ਖੋਜ-ਪ੍ਰਬੰਧ 'ਸਿਖ ਪੁਨਰ-ਜਾਗ੍ਰਿਤੀ ਵਿਚ ਖ਼ਾਲਸਾ ਸਮਾਚਾਰ ਦਾ ਯੋਗਦਾਨ: ਸਮੀਖਿਆਤਮਕ ਅਧਿਐਨ' ਪੇਸ਼ ਕੀਤਾ। ਖੋਜ-ਪ੍ਰਬੰਧ ਨੂੰ ਅੱਠ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ 'ਸਿਖ ਪੁਨਰ-ਜਾਗ੍ਰਿਤੀ: ਕਾਰਨ, ਸਮਾਂ ਅਤੇ ਯਤਨ' ਵਿਚ ਸਿਖ ਰਾਜ ਸਮੇਂ ਅਤੇ ਉਸ ਤੋਂ ਬਾਅਦ ਸਿਖ ਆਰਚਰਨ ਵਿਚ ਆਏ ਮਿਲਗੋਭੇ ਦਾ ਵਰਣਨ ਕੀਤਾ ਗਿਆ ਹੈ ਜਿਸ ਵਿਚ ਮਸੀਹੀ ਮਿਸ਼ਨਰੀ, ਆਰੀਆ ਸਮਾਜ ਅਤੇ ਕਾਦੀਆਨ ਜਮਾਤ ਆਦਿ ਦੁਆਰਾ ਸਿੱਖ ਪੰਥ ਉੱਪਰ ਕੀਤੇ ਜਾ ਰਹੇ ਹਮਲਿਆਂ ਦਾ ਵਿਸ਼ੇਸ਼ ਤੌਰ 'ਤੇ ਅਧਿਐਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸਿੱਖ ਪੁਨਰ-ਜਾਗ੍ਰਿਤੀ ਲਈ ਕੀਤੇ ਗਏ ਯਤਨਾਂ ਦਾ ਵੀ ਸਮੀਖਿਆਤਮਕ ਅਧਿਐਨ ਕੀਤਾ ਗਿਆ ਹੈ।

ਦੂਜੇ ਅਧਿਆਇ 'ਖ਼ਾਲਸਾ ਸਮਾਚਾਰ: ਆਰੰਭ, ਵਿਕਾਸ ਅਤੇ ਪ੍ਰਬੰਧ' ਵਿਚ ਖ਼ਾਲਸਾ ਸਮਾਚਾਰ ਦੇ ਆਰੰਭ, ਉਦੇਸ਼, ਨਿਯਮ, ਸੰਪਾਦਕ ਅਤੇ ਵਿਸ਼ੇਸ਼ਤਾਵਾਂ ਆਦਿ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਹੈ। ਤੀਜੇ ਅਧਿਆਇ 'ਗੁਰਬਾਣੀ ਅਤੇ ਸਿਖ ਇਤਿਹਾਸ ਦਾ ਅਧਿਐਨ ਅਤੇ ਅਧਿਆਪਨ' ਵਿਚ ਖ਼ਾਲਸਾ ਸਮਾਚਾਰ ਦੁਆਰਾ ਗੁਰਬਾਣੀ ਵਿਆਖਿਆਕਾਰੀ, ਸਿਖ ਇਤਿਹਾਸ ਦੀ ਪੇਸ਼ਕਾਰੀ ਅਤੇ ਇਨ੍ਹਾਂ ਦੋਵਾਂ ਵੰਨਗੀਆਂ ਵਿਚ ਪਏ ਰਲਾ ਨੂੰ ਵੱਖ ਕਰਨ ਸੰਬੰਧੀ ਪਾਏ ਯੋਗਦਾਨ ਦਾ ਅਧਿਐਨ ਕੀਤਾ ਗਿਆ ਹੈ।

ਚੌਥਾ ਅਧਿਆਇ 'ਸਿੰਘ ਸਭਾ ਅਤੇ ਅਕਾਲੀ ਲਹਿਰ ਦਾ ਆਰੰਭ ਅਤੇ ਵਿਕਾਸ' ਹੈ। ਇਸ ਅਧਿਆਇ ਵਿਚ ਸਿੰਘ ਸਭਾ ਲਹਿਰ ਅਤੇ ਅਕਾਲੀ ਲਹਿਰ ਦੇ ਆਰੰਭ, ਵਿਕਾਸ, ਮਨੋਰਥ ਅਤੇ ਕਾਰਜ ਆਦਿ ਨੂੰ ਅਧਿਐਨ ਵਿਚ ਸ਼ਾਮਿਲ ਕੀਤਾ ਹੈ। ਇਨ੍ਹਾਂ ਦੋਹਾਂ ਲਹਿਰਾਂ ਦੇ ਸਮੁੱਚੇ ਅਧਿਐਨ ਨੂੰ ਸਾਰਥਕ ਢੰਗ ਰਾਹੀਂ ਨੇਪਰੇ ਚਾੜ੍ਹਨ ਲਈ ਅੱਗੇ ਅਧਿਆਇ ਨੂੰ ਵੱਖ-ਵੱਖ ਉਪ-ਸਿਰਲੇਖਾਂ ਵਿਚ ਵੰਡਿਆ ਗਿਆ ਹੈ। ਪੰਜਵੇਂ ਅਧਿਆਇ 'ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਵਿਕਾਸ' ਵਿਚ ਵੱਖ-ਵੱਖ ਉਪ-ਸਿਰਲੇਖਾਂ ਅਧੀਨ ਭਾਸ਼ਾ ਅਤੇ ਸਾਹਿਤ ਦਾ ਮਹੱਤਵ ਸਪਸ਼ਟ ਕਰਦੇ ਹੋਏ ਖ਼ਾਲਸਾ ਸਮਾਚਾਰ ਦੁਆਰਾ ਪੰਜਾਬੀ ਭਾਸ਼ਾ ਅਤੇ ਸਾਹਿਤ ਵਿਚ ਯੋਗਦਾਨ ਦਾ ਅਧਿਐਨ ਕੀਤਾ ਹੈ।

ਛੇਵੇਂ ਅਧਿਆਇ 'ਵਿਦਿਅਕ ਖੇਤਰ ਅਤੇ ਸਿਖ ਵਿਦਿਅਕ ਸੰਸਥਾਵਾਂ ਦੇ ਨਿਰਮਾਨ ਵਿਚ ਯੋਗਦਾਨ' ਵਿਚ ਸਿੱਖ ਵਿੱਦਿਅਕ ਨੀਤੀ, ਵਿੱਦਿਅਕ ਸੰਸਥਾਵਾਂ ਦਾ ਨਿਰਮਾਨ, ਸਿੱਖ ਐਜੂਕੇਸ਼ਨਲ ਕਾਰਫਰੰਸਾਂ ਦੀਆਂ ਗਤੀਵਿਧੀਆਂ ਅਤੇ ਇਸਤਰੀ ਵਿੱਦਿਆ ਸੰਬੰਧੀ ਖ਼ਾਲਸਾ ਸਮਾਚਾਰ ਦੇ ਯੋਗਦਾਨ ਦਾ ਵਿਸਤਾਰ ਸਹਿਤ ਵਰਣਨ ਕੀਤਾ ਗਿਆ ਹੈ। ਸੱਤਵਾਂ ਅਧਿਆਇ 'ਗੁਰਦੁਆਰਾ, ਗੁਰਮਰਯਾਦਾ ਅਤੇ ਗੁਰਪੁਰਬ ਨੂੰ ਪੁਨਰ-ਪਰਿਭਾਸ਼ਿਤ ਕਰਨ ਦਾ ਯਤਨ' ਹੈ। ਇਸ ਅਧਿਆਇ ਵਿਚ ਖ਼ਾਲਸਾ ਸਮਾਚਾਰ ਵੱਲੋਂ ਗੁਰਦੁਆਰਾ, ਗੁਰਮਰਯਾਦਾ ਅਤੇ ਗੁਰਪੁਰਬ ਦੇ ਸਿਧਾਂਤਕ ਅਤੇ ਵਿਹਾਰਕ ਰੂਪ ਨੂੰ ਸਪਸ਼ਟ ਕਰਨ ਵਿਚ ਪਾਏ ਯੋਗਦਾਨ ਦਾ ਵਿਵੇਚਨ ਕੀਤਾ ਹੈ। ਖੋਜ-ਪ੍ਰਬੰਧ ਦੇ ਆਖ਼ਰੀ ਅਤੇ ਅੱਠਵੇਂ ਅਧਿਆਇ 'ਉਪਦੇਸ਼ਕ ਅਤੇ ਗ੍ਰੰਥੀ ਸ਼੍ਰੇਣੀ ਦਾ ਪੁਨਰ-ਉਥਾਨ' ਵਿਚ ਖ਼ਾਲਸਾ ਸਮਾਚਾਰ ਦੁਆਰਾ ਉਪਦੇਸ਼ਕ ਜਾਂ ਪ੍ਰਚਾਰਕ ਅਤੇ ਗ੍ਰੰਥੀ ਸ਼੍ਰੇਣੀ ਦੇ ਪੁਨਰ-ਉਥਾਨ ਵਿਚ ਪਾਏ ਯੋਗਦਾਨ ਸੰਬੰਧੀ ਅਤੇ ਵਰਤਮਾਨ ਸਮੇਂ ਗ੍ਰੰਥੀਆਂ ਦੀ ਲੋੜ, ਘੱਟ ਪੜ੍ਹੇ ਲਿਖੇ ਗ੍ਰੰਥੀਆਂ ਦੇ ਨੁਕਸਾਨ, ਗ੍ਰੰਥੀਆਂ ਦੇ ਵਿੱਦਿਆ ਪ੍ਰਬੰਧ ਦੀ ਲੋੜ ਆਦਿ ਸੰਬੰਧੀ ਵਿਸਤਾਰ ਸਹਿਤ ਅਧਿਐਨ ਕੀਤਾ ਹੈ।

ਇਸ ਖੋਜ-ਕਾਰਜ ਵਿਚ ਸਿੰਘ ਸਭਾ ਲਹਿਰ ਦੇ ਪ੍ਰਮੁੱਖ ਅਖ਼ਬਾਰ 'ਖ਼ਾਲਸਾ ਸਮਾਚਾਰ' ਨੂੰ ਅਧਿਐਨ ਦਾ ਹਿੱਸਾ ਬਣਾਇਆ ਹੈ। ਇਸ ਖੋਜ-ਕਾਰਜ ਵਿਚ ਇਸ ਖ਼ਾਲਸਾ ਸਮਾਚਾਰ ਦੇ ਆਰੰਭ, ਵਿਕਾਸ ਅਤੇ ਯੋਗਦਾਨ ਬਾਰੇ ਚਾਨਣਾ ਪਾਇਆ ਗਿਆ ਹੈ। ਖ਼ਾਲਸਾ ਸਮਾਚਾਰ ਸਿੰਘ ਸਭਾ ਲਹਿਰ ਦਾ ਹਿੱਸਾ ਸੀ ਇਸ ਲਈ ਇਹ ਕਾਰਜ ਸਾਡੇ ਲਈ ਮਹੱਵਪੂਰਨ ਹੈ ਪਰ ਇਸ ਖੋਜ-ਕਾਰਜ ਵਿਚ ਸਿੰਘ ਸਭਾ ਲਹਿਰ ਨੂੰ ਦਰਪੇਸ਼ ਚੁਣੌਤੀਆਂ ਅਤੇ ਇਸ ਲਹਿਰ ਦੀਆਂ ਸਮੁੱਚੀਆਂ ਪ੍ਰਾਪਤੀਆਂ ਸ਼ਾਮਿਲ ਨਹੀਂ ਹੋ ਸਕੀਆਂ।

**2.1.2. ਐਮ.ਫਿਲ. ਪੱਧਰ ਦਾ ਕੰਮ: (ੳ)** ਸੰਨ 1984 ਈ. ਵਿਚ ਮੁਖਤਿਆਰ ਸਿੰਘ ਨੇ ਸੁਰਿੰਦਰਪਾਲ ਸਿੰਘ ਦੀ ਨਿਗਰਾਨੀ ਹੇਠ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ਵਿਚ ਖੋਜ-ਨਿਬੰਧ 'ਧਾਰਮਿਕ-ਸੁਧਾਰਕ ਲਹਿਰਾਂ ਤੇ ਪੰਜਾਬੀ ਨਾਵਲ' ਐਮ.ਫਿਲ. ਦੀ ਡਿਗਰੀ ਹਿਤ ਪੇਸ਼ ਕੀਤਾ। ਖੋਜ-ਪ੍ਰਬੰਧ ਨੂੰ ਵਿਸ਼ੇ ਦੇ ਘੇਰੇ ਮੁਤਾਬਕ ਤਿੰਨ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ 'ਪੰਜਾਬ ਦੀਆਂ ਧਰਮ-ਸੁਧਾਰਕ ਲਹਿਰਾਂ' ਵਿਚ ਪੰਜਾਬ ਅੰਦਰ ਪ੍ਰਵੇਸ਼ ਕੀਤੇ ਬਰਤਾਨਵੀ ਸੱਭਿਆਚਾਰ ਤੋਂ ਗੱਲ ਸ਼ੁਰੂ ਕਰਕੇ, ਮਸੀਹੀ ਮਿਸ਼ਨਰੀਆਂ ਵੱਲੋਂ ਪੰਜਾਬ ਅੰਦਰ ਹੋਏ ਵਿਆਪਕ ਪ੍ਰਚਾਰ ਦੀ ਗੱਲ ਕਰਦੇ ਹੋਏ, ਸਿੰਘ ਸਭਾ ਲਹਿਰ, ਆਰੀਆ ਸਮਾਜ ਅਤੇ ਅੰਜੁਮਨ-ਏ-ਹਮਾਇਤ-ਏ-ਇਸਲਾਮ ਨਾਲ ਜਾਣ-ਪਛਾਣ ਕਰਵਾਉਂਦੇ ਹੋਏ ਅਧਿਆਇ ਨੂੰ ਸਮੇਟਿਆ ਗਿਆ ਹੈ।

ਇਨ੍ਹਾਂ ਧਰਮ-ਸੁਧਾਰਕ ਲਹਿਰਾਂ ਦੌਰਾਨ ਰਚੇ ਗਏ ਸਾਹਿਤ ਨਾਲ ਟ੍ਰੈਕਟ, ਕਵਿਤਾ, ਟੀਕਾਕਾਰੀ, ਨਿੱਕੀ ਕਹਾਣੀ, ਨਾਟਕ, ਵਾਰਤਕ, ਨਿਬੰਧ, ਜੀਵਨੀ ਅਤੇ ਪੱਤਰਕਾਰੀ ਆਦਿ ਵਰਗ ਵੰਡ ਅਨੁਸਾਰ ਦੂਜੇ ਅਧਿਆਇ 'ਧਰਮ-ਸੁਧਾਰਕ ਲਹਿਰਾਂ ਤੇ ਪੰਜਾਬੀ ਸਾਹਿਤ' ਵਿਚ ਸੰਖੇਪ ਜਾਣ-ਪਛਾਣ ਕਰਵਾਈ ਗਈ ਹੈ। ਤੀਜੇ ਅਧਿਆਇ 'ਧਰਮ-ਸੁਧਾਰਕ ਲਹਿਰਾਂ ਤੇ ਪੰਜਾਬੀ ਨਾਵਲ' ਵਿਚ ਮਸੀਹੀ ਮਿਸ਼ਨਰੀਆਂ ਵੱਲੋਂ ਪੰਜਾਬੀ ਵਿਚ ਰਚੇ ਗਏ ਨਾਵਲ 'ਜਯੋਤਿਰੁਦਯਾ' ਅਤੇ 'ਮਸੀਹ ਮੁਸਾਫਰ ਦੀ ਜਾਤ੍ਰਾ' ਨਾਲ ਜਾਣ-ਪਛਾਣ ਕਰਵਾਉਂਦੇ ਹੋਏ ਸਿੰਘ ਸਭਾ ਲਹਿਰ ਦੇ

ਪ੍ਰਮੁੱਖ ਨਾਵਲਕਾਰ ਭਾਈ ਵੀਰ ਸਿੰਘ, ਚਰਨ ਸਿੰਘ ਸ਼ਹੀਦ, ਮੋਹਨ ਸਿੰਘ ਵੈਦ ਅਤੇ ਮਾਸਟਰ ਤਾਰਾ ਸਿੰਘ ਆਦਿ ਵੱਲੋਂ ਰਚੇ ਨਾਵਲਾਂ ਦਾ ਅਧਿਐਨ ਸਬ-ਟਾਈਟਲ 'ਸਿੰਘ ਸਭਾ ਲਹਿਰ ਤੇ ਪੰਜਾਬੀ ਨਾਵਲ' ਹੇਠ ਕੀਤਾ ਗਿਆ ਹੈ।

**(ਅ)** ਸੰਨ 2009 ਈ. ਵਿਚ ਹਰਬੀਰ ਕੌਰ ਨੇ ਪਰਮਵੀਰ ਸਿੰਘ ਦੀ ਨਿਗਰਾਨੀ ਹੇਠ ਐਮ.ਫਿਲ. ਦੀ ਡਿਗਰੀ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵਿਚ ਖੋਜ-ਪ੍ਰਬੰਧ 'ਗਿਆਨੀ ਦਿੱਤ ਸਿੰਘ ਦੀ ਸਿੰਘ ਸਭਾ ਲਹਿਰ ਨੂੰ ਦੇਣ' ਪੇਸ਼ ਕੀਤਾ। ਵਿਸ਼ੇ ਦੀ ਸੀਮਾ ਅਨੁਸਾਰ ਖੋਜ-ਪ੍ਰਬੰਧ ਨੂੰ ਤਿੰਨ ਅਧਿਆਇਆਂ ਵਿਚ ਵੰਡਿਆ ਗਿਆ ਹੈ। ਖੋਜ-ਪ੍ਰਬੰਧ ਦਾ ਪਹਿਲਾ ਅਧਿਆਇ 'ਸਿੰਘ ਸਭਾ ਲਹਿਰ ਦੀ ਸੰਖੇਪ ਜਾਣਕਾਰੀ' ਹੈ। ਇਸ ਅਧਿਆਇ ਵਿਚ ਸਿੰਘ ਸਭਾ ਲਹਿਰ ਸਮੇਂ ਪੰਜਾਬ ਅਤੇ ਸਿੱਖ ਧਰਮ ਦੇ ਹਾਲਾਤ ਅਤੇ ਸਿੰਘ ਸਭਾ ਲਹਿਰ ਦੇ ਹੋਂਦ ਵਿਚ ਆਉਣ ਪਿਛੇ ਕਾਰਜਸ਼ੀਲ ਕਾਰਨਾਂ ਸੰਬੰਧੀ ਸੰਖੇਪ ਚਰਚਾ ਕੀਤੀ ਗਈ ਹੈ। ਇਸ ਦੇ ਨਾਲ ਹੀ ਸਿੰਘ ਸਭਾ ਲਹਿਰ ਦੇ ਪ੍ਰਮੁੱਖ ਆਗੂਆਂ ਦੇ ਜੀਵਨ ਉੱਪਰ ਵੀ ਪੰਛੀ-ਝਾਤ ਪਾਈ ਗਈ ਹੈ।

ਦੂਜੇ ਅਧਿਆਇ 'ਗਿਆਨੀ ਦਿੱਤ ਸਿੰਘ: ਜੀਵਨ ਤੇ ਰਚਨਾ' ਵਿਚ ਗਿਆਨੀ ਦਿੱਤ ਸਿੰਘ ਦੇ ਜੀਵਨ ਅਤੇ ਸ਼ਖ਼ਸੀਅਤ ਸੰਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਹੈ। ਇਸ ਦੇ ਨਾਲ ਹੀ ਗਿਆਨੀ ਦਿੱਤ ਸਿੰਘ ਵੱਲੋਂ ਵੱਖ-ਵੱਖ ਵਿਸ਼ਿਆਂ ਉੱਪਰ ਲਿਖੀਆਂ 25 ਕਿਤਾਬਾਂ ਸੰਬੰਧੀ ਵੀ ਸੰਖੇਪ ਪਰ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ। ਖੋਜ-ਪ੍ਰਬੰਧ ਦਾ ਆਖ਼ਰੀ ਅਤੇ ਤੀਜਾ ਅਧਿਆਇ 'ਗਿਆਨੀ ਦਿੱਤ ਸਿੰਘ ਦੀ ਸਿੰਘ ਸਭਾ ਲਹਿਰ ਨੂੰ ਦੇਣ' ਹੈ। ਇਸ ਅਧਿਆਇ ਵਿਚ ਗਿਆਨੀ ਦਿੱਤ ਸਿੰਘ ਦੀ ਕਲਮ ਦੁਆਰਾ ਪੰਥਕ ਚੇਤਨਾ ਪੈਦਾ ਕਰਨ, ਸਿੰਘ ਸਭਾ ਲਾਹੌਰ ਦੀ ਸਥਾਪਨਾ ਵਿਚ ਯੋਗਦਾਨ ਅਤੇ ਗਿਆਨੀ ਜੀ ਦਾ ਸਾਹਿਤਕ ਯੋਗਦਾਨ ਆਦਿ ਉਪ-ਸਿਰਲੇਖਾਂ ਅਧੀਨ ਗਿਆਨੀ ਦਿੱਤ ਸਿੰਘ ਜੀ ਦੇ ਸਮੁੱਚੇ ਯੋਗਦਾਨ ਦਾ ਅਧਿਐਨ ਕੀਤਾ ਗਿਆ ਹੈ।

**2.1.3. ਐਮ.ਏ. ਪੱਧਰ ਦਾ ਕੰਮ: (ੳ)** ਸੰਨ 1973 ਈ. ਵਿਚ ਦੇਵਿੰਦਰ ਸਿੰਘ ਨੇ ਸ੍ਰ. ਸਤਿਬੀਰ ਸਿੰਘ ਦੀ ਅਗਵਾਈ ਵਿਚ ਐਮ.ਏ. ਧਰਮ ਅਧਿਐਨ ਦੀ ਪੂਰਤੀ ਲਈ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਖੋਜ-ਨਿਬੰਧ 'Origin of The Singh Sabha Movement' ਪੇਸ਼ ਕੀਤਾ। ਇਸ ਖੋਜ-ਨਿਬੰਧ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ 'Brief survey leading to the rise of The Singh Sabha Movement' ਵਿਚ ਗੁਰੂ ਕਾਲ ਤੋਂ ਸ਼ੁਰੂ ਕਰਕੇ, ਮਿਸਲ ਕਾਲ, ਮਹਾਰਾਜਾ ਰਣਜੀਤ ਸਿੰਘ ਕਾਲ ਅਤੇ ਬਰਤਾਨਵੀ ਕਾਲ ਦੌਰਾਨ ਸਿੱਖ ਧਰਮ-ਸਮਾਜ ਦਾ ਆਲੋਚਨਾਤਮਕ ਅਧਿਐਨ ਕੀਤਾ ਹੈ। ਇਸ ਸਮੇਂ ਦੌਰਾਨ ਸਿੱਖ ਧਰਮ-ਸਮਾਜ ਵਿਚ ਆਏ ਉਤਾਰ-ਚੜਾਅ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ।

ਦੂਜੇ ਅਧਿਆਇ 'Age of Reform' ਵਿਚ ਹਿੰਦੂ, ਮੁਸਲਮਾਨ ਅਤੇ ਮਸੀਹੀ ਸਮਾਜ ਵਿਚ ਸ਼ੁਰੂ ਹੋਈਆਂ ਸਿੰਘ ਸਭਾ ਲਹਿਰ ਦੀਆਂ ਸਮਕਾਲੀ ਲਹਿਰਾਂ ਦਾ ਅਧਿਐਨ ਕੀਤਾ ਗਿਆ ਹੈ। ਇਨ੍ਹਾਂ ਲਹਿਰਾਂ ਦੇ ਮਨੋਰਥ ਅਤੇ ਕਾਰਜ ਨੂੰ ਅਧਿਐਨ ਵਿਚ ਸ਼ਾਮਿਲ ਕੀਤਾ ਗਿਆ ਹੈ। ਤੀਜੇ ਅਧਿਆਇ 'The Sikh Resurgence' ਵਿਚ ਸਿੰਘ ਸਭਾ ਲਹਿਰ ਤੋਂ ਪਹਿਲਾਂ ਪੰਜਾਬ ਅੰਦਰ ਸ਼ੁਰੂ ਹੋਈਆਂ ਲਹਿਰਾਂ ਜਾਂ ਸੰਪ੍ਰਦਾਵਾਂ ਦਾ ਸੰਖੇਪ ਅਧਿਐਨ ਕੀਤਾ ਗਿਆ

ਹੈ। ਇਸ ਅਧਿਐਨ ਵਿਚ ਗੁਲਾਬ ਦਾਸੀ, ਨਿਰੰਕਾਰੀ, ਨਾਮਧਾਰੀ ਅਤੇ ਰਾਧਾ ਸਵਾਮੀ ਆਦਿ ਨੂੰ ਸ਼ਾਮਿਲ ਕੀਤਾ ਗਿਆ ਹੈ। ਚੌਥੇ ਅਧਿਆਇ 'History of The Singh Sabha Movement' ਵਿਚ ਸਿੰਘ ਸਭਾ ਲਹਿਰ ਦੇ ਇਤਿਹਾਸਕ ਪਰਿਪੇਖ ਨੂੰ ਅਧਿਐਨ ਵਿਚ ਸ਼ਾਮਿਲ ਕੀਤਾ ਹੈ। ਇਸ ਅਧਿਆਇ ਵਿਚ ਸਿੰਘ ਸਭਾ ਲਹਿਰ ਦੇ ਇਤਿਹਾਸ ਅਤੇ ਇਸ ਦੀ ਸਿੱਖ ਪੰਥ ਨੂੰ ਸਾਹਿਤਕ ਤੇ ਸਮਾਜਕ ਦੇਣ ਸੰਬੰਧੀ ਸੰਖੇਪ ਚਰਚਾ ਕੀਤੀ ਹੈ। ਖੋਜ-ਨਿਬੰਧ ਦਾ ਪੰਜਵਾਂ ਅਧਿਆਇ 'Impact of The Singh Sabha Movement' ਹੈ। ਇਸ ਅਧਿਆਇ ਵਿਚ ਸਿੰਘ ਸਭਾ ਲਹਿਰ ਦੇ ਪੰਜਾਬ ਉੱਪਰ ਪਏ ਪ੍ਰਭਾਵ ਨੂੰ ਵੱਖ-ਵੱਖ ਉਪ-ਸਿਰਲੇਖਾਂ ਅਧੀਨ ਸਪਸ਼ਟ ਕੀਤਾ ਗਿਆ ਹੈ।

**2.1.4. ਐਮ.ਲਿਟ. ਪੱਧਰ ਦਾ ਕੰਮ: (ੳ)** ਨਵੰਬਰ, 1974 ਈ. ਵਿਚ ਅਮਰੀਕ ਸਿੰਘ ਨੇ ਹਰਚਰਨ ਸਿੰਘ ਦੀ ਨਿਗਰਾਨੀ ਹੇਠ ਐਮ.ਲਿਟ. ਦੀ ਡਿਗਰੀ ਲਈ ਖੋਜ-ਪ੍ਰਬੰਧ 'ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ' ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ਵਿਚ ਪੇਸ਼ ਕੀਤਾ। ਖੋਜ-ਪ੍ਰਬੰਧ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਪੰਜ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ 'ਸਿੰਘ ਸਭਾ ਲਹਿਰ ਸਮੇਂ ਦਾ ਪੰਜਾਬ' ਵਿਚ ਮਹਾਰਾਜਾ ਰਣਜੀਤ ਸਿੰਘ ਕਾਲ ਅਤੇ ਬਰਤਾਨਵੀ ਰਾਜ ਦਾ ਆਲੋਚਨਾਤਮਕ ਅਧਿਐਨ ਕੀਤਾ ਹੈ। ਇਸ ਅਧਿਐਨ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਰਾਸ਼ਟਰਵਾਦ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ ਅਤੇ ਬਰਤਾਨਵੀ ਰਾਜ ਦੇ ਸੁਧਾਰ-ਕਾਰਜ ਨੂੰ ਪੰਜਾਬ ਲਈ ਵਰਦਾਨ ਵਜੋਂ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਿੱਖ ਆਚਰਨ ਵਿਚ ਆਈ ਗਿਰਾਵਟ ਜਾਂ ਬ੍ਰਾਹਮਣੀ ਕਰਮਕਾਂਡ ਦੇ ਸਿੱਖ ਧਰਮ ਵਿਚ ਪ੍ਰਵੇਸ਼ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਨਾਕਾਮੀ ਨਾਲ ਜੋੜਿਆ ਗਿਆ ਹੈ। ਪੰਜਾਬ ਅੰਦਰ ਮਸੀਹੀ ਪ੍ਰਚਾਰ ਅਤੇ ਮਹਾਰਾਜਾ ਦਲੀਪ ਸਿੰਘ ਵੱਲੋਂ ਮਸੀਹੀਅਤ ਅਪਣਾਉਣ ਨੂੰ ਵੀ ਅਧਿਐਨ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸਿੰਘ ਸਭਾ ਲਹਿਰ ਤੋਂ ਪਹਿਲਾਂ ਪੰਜਾਬ ਅੰਦਰ ਸ਼ੁਰੂ ਹੋਈਆਂ ਜਾਂ ਬਾਹਰੋਂ ਪ੍ਰਵੇਸ਼ ਕੀਤੀਆਂ ਧਰਮ-ਸਮਾਜ ਸੁਧਾਰ ਲਹਿਰਾਂ ਵਿਚ ਹਿੰਦੂ ਅਤੇ ਮੁਸਲਿਮ ਲਹਿਰਾਂ ਉੱਪਰ ਪੰਛੀ-ਝਾਤ ਪਾਈ ਗਈ ਹੈ।

ਦੂਜੇ ਅਧਿਆਇ 'ਸਿੰਘ ਸਭਾ ਲਹਿਰ ਦਾ ਜਨਮ ਅਤੇ ਵਿਕਾਸ' ਵਿਚ ਇਸ ਲਹਿਰ ਦੇ ਜਨਮ, ਬਣਤਰ, ਸ਼ੁਰੂ ਹੋਣ ਦੇ ਕਾਰਨ ਅਤੇ ਮਨੋਰਥ ਦੇ ਨਾਲ-ਨਾਲ ਇਸ ਲਹਿਰ ਦੇ ਵਿਕਾਸ ਨੂੰ ਵੀ ਅਧਿਐਨ ਵਿਚ ਸ਼ਾਮਿਲ ਕੀਤਾ ਗਿਆ ਹੈ। ਤੀਜੇ ਅਧਿਆਇ 'ਸਿੰਘ ਸਭਾ ਲਹਿਰ ਤੋਂ ਪਹਿਲਾਂ ਦਾ ਪੰਜਾਬੀ ਸਾਹਿਤ' ਵਿਚ ਬਾਰ੍ਹਵੀਂ ਸਦੀ ਤੋਂ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਤੱਕ ਦੇ ਪੰਜਾਬੀ ਸਾਹਿਤ ਨਾਲ ਸੰਖੇਪ ਜਾਣ-ਪਛਾਣ ਕਰਵਾਈ ਗਈ ਹੈ। ਇਸ ਅਧਿਐਨ ਨੂੰ ਤਿੰਨ ਭਾਗਾਂ-ਸੂਫ਼ੀ ਕਾਵਿਧਾਰਾ, ਗੁਰਮਤਿ ਕਾਵਿਧਾਰਾ ਅਤੇ ਕਿੱਸਾ ਕਾਵਿਧਾਰਾ ਵਿਚ ਵੰਡਿਆ ਗਿਆ ਹੈ। ਸੂਫ਼ੀ ਕਾਵਿਧਾਰਾ ਵਿਚ ਮੁੱਖ ਤੌਰ 'ਤੇ ਸ਼ੇਖ ਫ਼ਰੀਦ ਜੀ, ਗੁਰਮਤਿ ਕਾਵਿਧਾਰਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਅਤੇ ਭਾਈ ਗੁਰਦਾਸ ਜੀ ਅਤੇ ਕਿੱਸਾ ਕਾਵਿਧਾਰਾ ਵਿਚ ਦਮੋਦਰ, ਪੀਲੂ, ਫਜ਼ਲਸ਼ਾਹ, ਹਾਸ਼ਮ ਤੇ ਕਾਦਰਯਾਰ ਆਦਿ ਨੂੰ ਅਧਿਐਨ ਦਾ ਮੁੱਖ ਕੇਂਦਰ ਬਣਾਇਆ ਗਿਆ ਹੈ। ਇਸ ਦੇ ਨਾਲ ਹੀ ਇਸ ਕਾਲ ਵਿਚ ਰਚੇ ਗਏ ਜੰਗਨਾਮੇ, ਵਾਰਾਂ, ਜਨਮਸਾਖੀਆਂ, ਗੁਰਬਾਣੀ ਦੇ ਟੀਕੇ ਅਤੇ ਰਹਿਤਨਾਮੇ ਆਦਿ ਨਾਲ ਵੀ ਸੰਖੇਪ ਜਾਣ-ਪਛਾਣ

ਕਰਵਾਈ ਗਈ ਹੈ। ਇਸ ਅਧਿਆਇ ਦੇ ਅੰਤ ਵਿਚ ਮਸੀਹੀ ਮਿਸ਼ਨਰੀਆਂ ਵੱਲੋਂ ਪੰਜਾਬੀ ਵਿਚ ਕੀਤੇ ਗਏ ਕਾਰਜ ਦੇ ਨਾਲ-ਨਾਲ ਸ਼ਰਧਾ ਰਾਮ ਫਿਲੌਰੀ ਅਤੇ ਬਿਹਾਰੀ ਲਾਲ ਪੁਰੀ ਦੇ ਕਾਰਜ ਨੂੰ ਵੀ ਅਧਿਐਨ ਦਾ ਹਿੱਸਾ ਬਣਾਇਆ ਹੈ।

ਖੋਜ-ਪ੍ਰਬੰਧ ਦੇ ਚੌਥੇ ਅਧਿਆਇ 'ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਰਚਿਤ ਸਾਹਿਤ' ਵਿਚ ਸਾਹਿਤ ਦੇ ਮਹੱਤਵ ਨੂੰ ਉਜਾਗਰ ਕਰਦੇ ਹੋਏ ਸੰਨ 1874 ਈ. ਤੋਂ 1900 ਈ. ਤੱਕ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਸਾਸ਼ਿਤ ਸਾਹਿਤ ਦੀ ਸੂਚੀ ਦਿੱਤੀ ਗਈ ਹੈ। ਪੰਜਵੇਂ ਅਧਿਆਇ 'ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਰਚਿਤ ਪੰਜਾਬੀ ਸਾਹਿਤ ਦਾ ਸਰਵੇਖਣ' ਵਿਚ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਰਚੇ ਗਏ ਸਾਹਿਤ ਦਾ ਸਰਵੇਖਣ ਸ਼ਾਮਿਲ ਕੀਤਾ ਗਿਆ ਹੈ। ਇਸ ਸਰਵੇਖਣ ਨੂੰ ਸਾਹਿਤ ਦੀਆਂ ਵੱਖ-ਵੱਖ ਵੰਨਗੀਆਂ ਅਨੁਸਾਰ ਵਰਗ-ਵੰਡ ਕਰਕੇ ਪੂਰਾ ਕੀਤਾ ਗਿਆ ਹੈ। ਇਸ ਵਰਗ-ਵੰਡ ਵਿਚ ਵਾਰਤਕ, ਪੱਤਰਕਾਰੀ, ਟੀਕਾਕਾਰੀ, ਸੰਪਾਦਨ ਕਾਰਜ, ਨਾਵਲ, ਕਹਾਣੀ ਅਤੇ ਕਵਿਤਾ ਆਦਿ ਨੂੰ ਸ਼ਾਮਿਲ ਕੀਤਾ ਗਿਆ ਹੈ।

ਸਿੰਘ ਸਭਾ ਲਹਿਰ ਸੰਬੰਧੀ ਵਰਤਮਾਨ ਸਮੇਂ ਤੱਕ ਪੀ-ਐੱਚ.ਡੀ., ਐਮ. ਫਿਲ., ਐਮ.ਏ. ਅਤੇ ਐਮ.ਲਿਟ. ਦੀ ਡਿਗਰੀ ਲਈ ਹੋਏ ਉਪਾਧੀ ਸਾਪੇਖ ਖੋਜ-ਕਾਰਜ ਲਈ ਮੁਲਾਂਕਣ ਦੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਗੁਰਦਰਸ਼ਨ ਸਿੰਘ, ਨਿਰਮਲ ਸਿੰਘ, ਗੁਰਤੇਜ ਸਿੰਘ, ਮੁਖਤਿਆਰ ਸਿੰਘ, ਹਰਬੀਰ ਕੌਰ, ਦੇਵਿੰਦਰ ਸਿੰਘ ਅਤੇ ਅਮਰੀਕ ਸਿੰਘ ਆਦਿ ਵੱਲੋਂ ਕੀਤਾ ਸਿੰਘ ਸਭਾ ਲਹਿਰ ਦਾ ਅਧਿਐਨ ਮਹੱਤਵਪੂਰਨ ਕਾਰਜ ਹੈ। ਇਨ੍ਹਾਂ ਖੋਜ ਕਰਤਾਵਾਂ ਨੇ ਆਪਣੇ-ਆਪਣੇ ਵਿਸ਼ੇ ਦੀ ਸੀਮਾ ਅਨੁਸਾਰ ਸਿੰਘ ਸਭਾ ਲਹਿਰ ਦੇ ਵੱਖ-ਵੱਖ ਪੱਖਾਂ ਨੂੰ ਛੋਹਿਆ ਹੈ। ਜੋ ਸਿੰਘ ਸਭਾ ਲਹਿਰ ਸੰਬੰਧੀ ਹੋਣ ਵਾਲੇ ਅਗਲੇਰੇ ਖੋਜ-ਕਾਰਜ ਲਈ ਰਾਹ ਮੋਕਲੇ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਹਰ ਖੋਜਕਾਰ ਦੀ ਖੋਜ ਨੂੰ ਉਸ ਦੀ ਸਮਰੱਥਾ, ਉਸ ਦੇ ਵਿਸ਼ੇ ਦੀ ਸੀਮਾ ਅਤੇ ਖੋਜ ਲਈ ਉਪਲਬਧ ਸਾਧਨ ਆਦਿ ਤੱਤ ਪ੍ਰਭਾਵਿਤ ਕਰਦੇ ਹਨ। ਸੋ ਇਨ੍ਹਾਂ ਖੋਜਕਾਰਾਂ ਨੇ ਇਨ੍ਹਾਂ ਸੀਮਾਵਾਂ ਵਿਚੋਂ ਦੀ ਲੰਘਦੇ ਹੋਏ ਆਪਣੇ-ਆਪਣੇ ਖੋਜ-ਕਾਰਜ ਨੂੰ ਪੂਰਾ ਕੀਤਾ ਹੈ। ਇਸ ਉਪਲਬਧ ਖੋਜ-ਕਾਰਜ ਵਿਚ ਹੱਥਲੇ ਖੋਜ ਵਿਸ਼ੇ ਨਾਲ ਸਿੱਧੇ ਤੌਰ 'ਤੇ ਸੰਬੰਧਿਤ ਕੋਈ ਖੋਜ-ਕਾਰਜ ਨਹੀਂ ਮਿਲਿਆ ਹੈ। ਹੱਥਲੇ ਖੋਜ-ਕਾਰਜ ਦੀ ਆਪਣੀ ਸੀਮਾ ਹੈ ਜੋ ਵੱਖ-ਵੱਖ ਖੋਜ ਵਿਧੀਆਂ ਰਾਹੀਂ ਉਪਲਬਧ ਖੋਜ-ਕਾਰਜ ਦੀ ਰੌਸ਼ਨੀ ਵਿਚ ਪੂਰਾ ਕਰਨ ਦਾ ਯਤਨ ਕੀਤਾ ਜਾਵੇਗਾ।

**2.2. ਕਿਤਾਬ ਰੂਪ ਵਿਚ ਉਪਲਬਧ ਕੰਮ: (ੳ)** ਜੂਨ, 1973 ਈ. ਵਿਚ ਸਿੱਖ ਪੰਥ ਦੇ ਉੱਘੇ ਵਿਦਵਾਨ ਭਾਈ ਮੋਹਨ ਸਿੰਘ ਵੈਦ ਦੇ ਪੁੱਤਰ ਜਗਜੀਤ ਸਿੰਘ ਨੇ 'ਸਿੰਘ ਸਭਾ ਲਹਿਰ' ਵਿਸ਼ੇ ਉੱਪਰ ਲਾਹੌਰ ਬੁਕ ਸ਼ਾਪ, ਲੁਧਿਆਣਾ ਤੋਂ ਕਿਤਾਬ ਪ੍ਰਕਾਸ਼ਿਤ ਕਰਵਾਈ। ਇਹ ਕਿਤਾਬ ਉਨ੍ਹਾਂ 1940 ਈ. ਦੇ ਕਰੀਬ ਲਿਖ ਕੇ ਤਿਆਰ ਕਰ ਲਈ ਸੀ ਅਤੇ ਕਈ ਅਖ਼ਬਾਰਾਂ ਅਤੇ ਰਸਾਲਿਆਂ ਨੇ ਇਸ ਨੂੰ ਇਸੇ ਰੂਪ ਵਿਚ ਛਾਪ ਵੀ ਦਿੱਤਾ ਸੀ ਪਰ ਕਿਤਾਬ ਰੂਪ ਵਿਚ ਇਹ 1973 ਈ. ਵਿਚ ਹੀ ਪ੍ਰਕਾਸ਼ਿਤ ਕਰਵਾਈ ਗਈ।[2]

---

[2] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਲੁਧਿਆਣਾ: ਲਾਹੌਰ ਬੁਕ ਸ਼ਾਪ, ਦੂਜੀ ਵਾਰ, 1974, ਆਰੰਭਕ ਸ਼ਬਦ.

87 ਪੰਨਿਆਂ ਦੀ ਇਸ ਕਿਤਾਬ ਨੂੰ ਵਿਸ਼ੇ ਦੀ ਪਹੁੰਚ ਅਨੁਸਾਰਾ 13 ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ 'ਸਿਖ-ਰਾਜ' ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਦੇ ਲਾਹੌਰ ਦਰਬਾਰ ਦੇ ਹਾਲਾਤ ਦਾ ਵਰਣਨ ਕਰਦੇ ਹੋਏ ਬ੍ਰਿਟਿਸ਼-ਸਿੱਖ ਲੜਾਈਆਂ ਦਾ ਵੀ ਸੰਖੇਪ ਅਧਿਐਨ ਕੀਤਾ ਹੈ। ਦੂਜੇ ਭਾਗ 'ਅੰਗਰੇਜ਼ੀ ਰਾਜ' ਵਿਚ ਪੰਜਾਬ ਉੱਪਰ ਬਰਤਾਨਵੀ ਕਬਜ਼ਾ, ਸਿੱਖਾਂ ਦੇ ਸਮਾਜਿਕ ਅਤੇ ਧਾਰਮਿਕ ਜੀਵਨ ਉੱਪਰ ਇਸ ਦਾ ਪ੍ਰਭਾਵ, ਸਿੱਖਾਂ ਉੱਪਰ ਹੋਰ ਅਨਮਤੀ ਹਮਲੇ ਅਤੇ ਸਿੱਖਾਂ ਦੀ ਗਿਣਤੀ ਵਿਚ ਗਿਰਾਵਟ ਆਉਣਾ ਆਦਿ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ। ਤੀਜੇ ਭਾਗ 'ਸ੍ਰੀ ਗੁਰੂ ਸਿੰਘ ਸਭਾ ਸ੍ਰੀ ਅੰਮ੍ਰਿਤਸਰ ਜੀ' ਵਿਚ ਸਿੰਘ ਸਭਾ ਲਹਿਰ ਦੇ ਹੋਂਦ ਵਿਚ ਆਉਣ ਦੇ ਪ੍ਰਮੁੱਖ ਕਾਰਨਾਂ ਉੱਪਰ ਪੰਛੀ-ਝਾਤ ਪਾਉਂਦੇ ਹੋਏ ਸਿੰਘ ਸਭਾ ਲਹਿਰ ਦੀ ਮੁੱਢਲੀ ਸਭਾ, ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ ਸਾਹਿਬ ਦੀ ਹੋਂਦ ਅਤੇ ਬਣਤਰ ਬਾਰੇ ਜਾਣਕਾਰੀ ਦਿੱਤੀ ਹੈ। ਇਸ ਦੇ ਨਾਲ ਹੀ ਇਸ ਸਭਾ ਵੱਲੋਂ ਕੀਤੇ ਮਹੱਤਵਪੂਰਨ ਕਾਰਜਾਂ ਉੱਪਰ ਵੀ ਚਾਨਣਾ ਪਾਇਆ ਹੈ। ਚੌਥੇ ਭਾਗ 'ਸ੍ਰੀ ਗੁਰੂ ਸਿੰਘ ਸਭਾ ਲਾਹੌਰ' ਵਿਚ ਸ੍ਰੀ ਗੁਰੂ ਸਿੰਘ ਸਭਾ, ਲਾਹੌਰ ਦੇ ਹੋਂਦ ਵਿਚ ਆਉਣ ਦੇ ਕਾਰਨ, ਇਸ ਦੀ ਬਣਤਰ ਅਤੇ ਇਸ ਦੁਆਰਾ ਕੀਤੇ ਕਾਰਜਾਂ ਸੰਬੰਧੀ ਸੰਖੇਪ ਚਰਚਾ ਕੀਤੀ ਗਈ ਹੈ। ਪੰਜਵੇਂ ਭਾਗ 'ਖਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ ਜੀ' ਵਿਚ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੀ ਬਣਤਰ, ਇਸ ਦੇ ਮੈਂਬਰਾਂ ਦੀ ਚੋਣ ਅਤੇ ਦੀਵਾਨ ਵੱਲੋਂ ਕੀਤੇ ਗਏ ਕਾਰਜਾਂ ਨੂੰ ਅਧਿਐਨ ਦਾ ਹਿੱਸਾ ਬਣਾਇਆ ਹੈ। ਛੇਵੇਂ ਭਾਗ 'ਖਾਲਸਾ ਦੀਵਾਨ ਲਾਹੌਰ' ਵਿਚ ਖ਼ਾਲਸਾ ਦੀਵਾਨ, ਲਾਹੌਰ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਇਸ ਭਾਗ ਵਿਚ ਖ਼ਾਲਸਾ ਦੀਵਾਨ, ਲਾਹੌਰ ਦੇ ਮਨੋਰਥ ਅਤੇ ਇਸ ਦੀਵਾਨ ਵੱਲੋਂ ਕੀਤੇ ਕਾਰਜਾਂ ਨੂੰ ਸੰਖੇਪ ਰੂਪ ਵਿਚ ਸਪਸ਼ਟ ਕੀਤਾ ਗਿਆ ਹੈ।

ਇਸ ਕਿਤਾਬ ਦਾ ਸੱਤਵਾਂ ਭਾਗ 'ਮਕਾਲਿਫ਼ ਸਾਹਿਬ ਦਾ ਇਤਿਹਾਸ' ਹੈ। ਇਸ ਵਿਚ ਐਮ.ਏ. ਮੈਕਾਲਿਫ਼ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਹੈ ਅਤੇ ਉਸ ਦੁਆਰਾ ਕੀਤੇ ਸਾਹਿਤਕ ਕਾਰਜ ਬਾਰੇ ਵੀ ਦੱਸਿਆ ਗਿਆ ਹੈ। ਅੱਠਵੇਂ ਭਾਗ 'ਖਾਲਸਾ ਕਾਲਜ ਅੰਮ੍ਰਿਤਸਰ' ਵਿਚ ਖ਼ਾਲਸਾ ਕਾਲਜ, ਅੰਮ੍ਰਿਤਸਰ ਸ਼ੁਰੂ ਕਰਨ ਪਿੱਛਲੇ ਮਨੋਰਥ ਅਤੇ ਇਸ ਕਾਲਜ ਨੂੰ ਸ਼ੁਰੂ ਕਰਨ ਲਈ ਸਿੰਘ ਸਭਾ ਦੇ ਮੈਂਬਰਾਂ ਵੱਲੋਂ ਕੀਤੇ ਸੰਘਰਸ਼ ਨੂੰ ਪੇਸ਼ ਕੀਤਾ ਹੈ। ਨੌਵੇਂ ਭਾਗ 'ਸ਼ੁਧੀ ਪਰਚਾਰ' ਵਿਚ ਵਿਚ ਸ਼ੁਧੀ ਪਰਚਾਰ ਸਭਾ ਦੇ ਮੋਢੀ ਜੈ ਸਿੰਘ ਦੇ ਜੀਵਨ ਅਤੇ ਸ਼ੁਧੀ ਪਰਚਾਰ ਸਭਾ ਦੇ ਕਾਰਜ ਬਾਰੇ ਸੰਖੇਪ ਚਰਚਾ ਕੀਤੀ ਗਈ ਹੈ। ਦਸਵਾਂ ਭਾਗ 'ਖਾਲਸਾ ਦੀਵਾਨ ਲਾਹੌਰ ਦੀ ਵਿਰੋਧਤਾ' ਹੈ। ਇਸ ਭਾਗ ਵਿਚ ਉਸ ਸਮੇਂ ਗੁਰਦੁਆਰਿਆਂ ਖਾਸ ਕਰ ਤਖਤਾਂ ਤੋਂ ਜਾਰੀ ਕੀਤੇ ਗਏ ਹੁਕਨਾਮਿਆਂ ਵਿਚ ਸਿੰਘ ਸਭਾ ਲਾਹੌਰ ਦੇ ਕਾਰਜਾਂ ਦੀ ਕੀਤੀ ਜਾਂਦੀ ਵਿਰੋਧਤਾ ਨੂੰ ਸਮਸ਼ਟ ਕੀਤਾ ਗਿਆ ਹੈ। ਗਿਆਰ੍ਹਵੇਂ ਭਾਗ 'ਸੇਵਕਾਂ ਦਾ ਨਿਖੜਨਾ ਤੇ ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਦਾ ਬਣਨਾ' ਵਿਚ ਸਿੰਘ ਸਭਾ ਲਹਿਰ ਦੇ ਮੋਢੀ ਮੈਂਬਰਾਂ ਦੇ ਅਕਾਲ ਚਲਾਣੇ ਅਤੇ ਚੀਫ਼ ਖਾਲਸਾ ਦੀਵਾਨ ਦੇ ਹੋਂਦ ਵਿਚ ਆਉਣ ਅਤੇ ਸਿੰਘ ਸਭਾ ਲਹਿਰ ਦਾ ਕੇਂਦਰੀ ਦੀਵਾਨ ਬਣਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਬਾਰ੍ਹਵੇਂ ਭਾਗ 'ਖਾਲਸਾ ਦੀਵਾਨ ਦੀ ਰਾਜ ਭਗਤ' ਵਿਚ ਖ਼ਾਲਸਾ ਦੀਵਾਨ ਦੇ ਬਰਤਾਨਵੀ ਰਾਜ ਪ੍ਰਤੀ ਨਰਮ ਰਵੱਈਏ ਦਾ ਆਲੋਚਨਾਤਮਕ ਅਧਿਐਨ ਕੀਤਾ ਗਿਆ ਹੈ। ਕਿਤਾਬ ਦੇ ਆਖ਼ਰੀ

ਅਤੇ ਤੇਰ੍ਹਵੇਂ ਭਾਗ 'ਸੇਵਕਾਂ ਦੇ ਜੀਵਨ' ਵਿਚ ਸਿੰਘ ਸਭਾ ਲਹਿਰ ਦੇ ਮੋਢੀ ਮੈਂਬਰਾਂ- ਰਾਜਾ ਬਿਕ੍ਰਮਾ ਸਿੰਘ ਫ਼ਰੀਦਕੋਟ, ਬਾਬਾ ਖੇਮ ਸਿੰਘ ਬੇਦੀ, ਪ੍ਰੋ. ਗੁਰਮੁਖ ਸਿੰਘ, ਸ੍ਰ. ਅਤਰ ਸਿੰਘ ਭਦੌੜ, ਗਿਆਨੀ ਦਿੱਤ ਸਿੰਘ, ਭਾਈ ਜਵਾਹਰ ਸਿੰਘ ਕਪੂਰ ਅਤੇ ਭਾਈ ਕਾਨ੍ਹ ਸਿੰਘ ਨਾਭਾ ਆਦਿ ਦੇ ਜੀਵਨ, ਸ਼ਖ਼ਸੀਅਤ ਅਤੇ ਕਾਰਜਾਂ ਬਾਰੇ ਸੰਖੇਪ ਚਰਚਾ ਕੀਤੀ ਗਈ ਹੈ।

**(ਅ)** ਸ਼ਮਸ਼ੇਰ ਸਿੰਘ ਅਸ਼ੋਕ ਨੇ 'ਪੰਜਾਬ ਦੀਆਂ ਲਹਿਰਾਂ' ਵਿਸ਼ੇ ਉੱਪਰ ਸੰਨ 1954 ਈ. ਵਿਚ ਪਟਿਆਲਾ ਤੋਂ ਕਿਤਾਬ ਪ੍ਰਕਾਸ਼ਿਤ ਕਰਵਾਈ। ਇਸ ਕਿਤਾਬ ਨੂੰ ਮੁੱਖ ਤੌਰ 'ਤੇ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲਾ ਭਾਗ 'ਨਿਰੰਕਾਰੀ ਲਹਿਰ' ਹੈ। ਇਸ ਭਾਗ ਵਿਚ ਨਿਰੰਕਾਰੀ ਲਹਿਰ ਦੇ ਸ਼ੁਰੂ ਹੋਣ ਦੇ ਕਾਰਨ, ਮਨੋਰਥ, ਕਾਰਜ ਅਤੇ ਸੀਮਾ ਬਾਰੇ ਵਿਸਤਾਰ ਸਹਿਤ ਚਰਚਾ ਕੀਤੀ ਗਈ ਹੈ। ਨਿਰੰਕਾਰੀ ਲਹਿਰ ਦੇ ਮੋਢੀ ਬਾਬਾ ਦਿਆਲ, ਬਾਬਾ ਦਰਬਾਰਾ ਸਿੰਘ ਅਤੇ ਬਾਬਾ ਰੱਤਾ ਦੇ ਜੀਵਨ, ਸ਼ਖ਼ਸੀਅਤ ਅਤੇ ਕਾਰਜਾਂ ਨਾਲ ਮੁੱਢਲੀ ਜਾਣ-ਪਛਾਣ ਕਰਵਾਈ ਗਈ ਹੈ। ਦੂਜੇ ਭਾਗ 'ਸੰਨ 1857 ਦਾ ਗ਼ਦਰ ਤੇ ਸਿੱਖ' ਵਿਚ 1857 ਈ. ਦੇ ਗ਼ਦਰ ਆਰੰਭ ਹੋਣ ਦੇ ਕਾਰਨ, ਇਸ ਦੀ ਅਸਫ਼ਲਤਾ ਦੇ ਕਾਰਨ ਅਤੇ ਸਿੱਖਾਂ ਦੀ ਇਸ ਪ੍ਰਤੀ ਪਹੁੰਚ ਆਦਿ ਬਾਰੇ ਅਧਿਐਨ ਕੀਤਾ ਗਿਆ ਹੈ।

ਇਸ ਕਿਤਾਬ ਦੇ ਤੀਜੇ ਭਾਗ 'ਨਾਮਧਾਰੀ ਲਹਿਰ' ਵਿਚ ਇਸ ਲਹਿਰ ਦੇ ਮੋਢੀ ਬਾਬਾ ਬਾਲਕ ਸਿੰਘ ਦੇ ਜੀਵਨ ਅਤੇ ਸ਼ਖ਼ਸੀਅਤ ਉੱਪਰ ਚਾਨਣਾ ਪਾਇਆ ਗਿਆ ਹੈ। ਇਸ ਲਹਿਰ ਦੇ ਪ੍ਰਮੁੱਖ ਆਗੂ ਬਾਬਾ ਰਾਮ ਸਿੰਘ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਦੇ ਨਾਲ ਹੀ ਇਸ ਲਹਿਰ ਦੇ ਬਰਤਾਨਵੀ ਸਰਕਾਰ ਨਾਲ ਟਕਰਾਅ ਦੇ ਕਾਰਨਾਂ, ਨਾਮਧਾਰੀਆਂ (ਕੂਕਿਆਂ) ਦੀਆਂ ਸ਼ਹੀਦੀਆਂ ਅਤੇ ਨਾਮਧਾਰੀ ਲਹਿਰ ਦੇ ਦਮਨ ਬਾਰੇ ਵਿਸਤਾਰ ਨਾਲ ਚਰਚਾ ਕੀਤੀ ਗਈ ਹੈ। ਇਸ ਕਿਤਾਬ ਦੇ ਅੰਤਮ ਅਤੇ ਚੌਥੇ ਭਾਗ 'ਸਿੰਘ ਸਭਾ ਲਹਿਰ' ਵਿਚ ਇਸ ਲਹਿਰ ਦੇ ਆਰੰਭ, ਵਿਕਾਸ ਅਤੇ ਕਾਰਜ ਬਾਰੇ ਵਰਨਣ ਕੀਤਾ ਗਿਆ ਹੈ। ਸਿੰਘ ਸਭਾ ਲਹਿਰ ਦੇ ਪ੍ਰਮੁੱਖ ਆਗੂ ਪ੍ਰੋ. ਗੁਰਮੁਖ ਸਿੰਘ ਦੇ ਜੀਵਨ ਬਾਰੇ ਸੰਖੇਪ ਚਰਚਾ ਕੀਤੀ ਗਈ ਹੈ। ਇਸ ਦੇ ਨਾਲ ਹੀ ਇਸ ਭਾਗ ਵਿਚ ਸਿੰਘ ਸਭਾ ਲਹਿਰ ਦੀ ਵਿੱਦਿਅਕ ਦੇਣ, ਸਿੰਘ ਸਭਾ ਲਹਿਰ ਦਾ ਪੰਜਾਬ ਦੇ ਸਮਾਜ, ਧਰਮ ਅਤੇ ਰਾਜਨੀਤੀ 'ਤੇ ਪ੍ਰਭਾਵ ਅਤੇ ਖ਼ਾਲਸਾ ਕਾਲਜ ਦੀ ਬਣਤਰ ਤੇ ਮਨੋਰਥ ਬਾਰੇ ਵਿਸਤਾਰ ਨਾਲ ਚਰਚਾ ਕੀਤੀ ਗਈ ਹੈ।

**(ੲ)** ਸੰਨ 1974 ਈ. ਵਿਚ ਗਿਆਨੀ ਕਰਤਾਰ ਸਿੰਘ 'ਸੁਹੱਦੀ' (ਐਡੀਟਰ ਗੁਰ-ਸੰਦੇਸ਼) ਵੱਲੋਂ ਸੰਪਾਦਤ ਕਿਤਾਬ ਯਮੁਨਾਨਗਰ ਤੋਂ ਪ੍ਰਕਾਸ਼ਿਤ ਹੋਈ ਜਿਸ ਦਾ ਸਿਰਲੇਖ 'ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ ਅਤੇ ਕਲਿਯੁਗ ਵਿਚ ਸਤਿਯੁਗ ਵਰਤਾਉਣ ਵਾਲੇ ਅਰਸ਼ੀ ਗੁਰਮਤਿ ਸਿੱਧਾਂਤ' ਹੈ। ਇਸ ਕਿਤਾਬ ਵਿਚ ਵੱਖ-ਵੱਖ ਵਿਦਵਾਨਾਂ ਦੇ 64 ਲੇਖ ਦਰਜ ਹਨ। 692 ਪੰਨਿਆਂ ਦੀ ਵੱਡ-ਆਕਾਰੀ ਕਿਤਾਬ ਸਿੱਖ ਧਰਮ ਦੇ ਮੂਲ ਸਿਧਾਂਤ, ਸਿੰਘ ਸਭਾ ਲਹਿਰ ਦੇ ਸਮੁੱਚੇ ਇਤਿਹਾਸ ਅਤੇ ਸਿੰਘ ਸਭਾ ਲਹਿਰ ਦੇ ਪ੍ਰਮੁੱਖ ਮੋਢੀਆਂ ਦੇ ਜੀਵਨ ਨੂੰ ਪੇਸ਼ ਕਰਦੀ ਹੈ। ਇਸ ਵੱਡ ਆਕਾਰੀ ਗ੍ਰੰਥ ਲਈ 'ਸ਼ੁਭ ਸੰਦੇਸ਼' ਜਥੇਦਾਰ ਗੁਰਚਰਨ ਸਿੰਘ ਟੌਹੜਾ (ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ), ਸ੍ਰ. ਹੁਕਮ ਸਿੰਘ (ਪ੍ਰਧਾਨ, ਸ੍ਰੀ ਗੁਰੂ ਸਿੰਘ ਸਭਾ

ਸ਼ਤਾਬਦੀ ਕਮੇਟੀ, ਸ੍ਰੀ ਅੰਮ੍ਰਿਤਸਰ), ਸਰਦਾਰ ਬਹਾਦਰ ਉੱਜਲ ਸਿੰਘ (ਸਾਬਕਾ ਗਵਰਨਰ, ਮਦਰਾਸ) ਨੇ ਲਿਖੇ ਹਨ। ਇਸ ਤੋਂ ਇਲਾਵਾ ਇੱਕ ਸ਼ਰਧਾਂਜਲੀ ਪੱਤਰ ਮਹਾਰਾਜਾ ਫ਼ਰੀਦਕੋਟ ਵੱਲੋਂ ਵੀ ਲੈਫ਼ਟੀਨੈਂਟ ਨਰੰਜਨ ਸਿੰਘ, ਮੋਤੀ ਮਹਿਲ ਫ਼ੋਰਟ, ਫਰੀਦਕੋਟ ਰਾਹੀਂ ਲਿਖਿਆ ਹੈ ਜੋ ਇਸ ਗ੍ਰੰਥ ਦੀ ਸ਼ਾਨ ਵਿਚ ਵਾਧਾ ਕਰਦਾ ਹੈ। 'ਸਿੰਘ ਸਭਾ ਲਹਿਰ ਤੇ ਸਿਖ ਸੁਰਜੀਤੀ' ਸੰਬੰਧੀ ਜੋਗਿੰਦਰ ਸਿੰਘ, ਪ੍ਰੋਫ਼ੈਸਰ, ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਦਿੱਲੀ ਨੇ ਲਿਖਿਆ ਹੈ। ਇਸ ਦੇ ਨਾਲ ਹੀ 'ਪੁਸਤਕ ਸਬੰਧੀ ਜਜ਼ਬਾਤ' ਸਿੱਖ ਪੰਥ ਦੇ ਉੱਘੇ ਲੇਖਕ ਪਿੰਸੀਪਲ ਸਤਿਬੀਰ ਸਿੰਘ ਨੇ ਲਿਖੇ ਹਨ।

ਇਸ ਕਿਤਾਬ ਨੂੰ ਕੁੱਲ ਪੰਜ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਵੱਖ-ਵੱਖ ਵਿਦਵਾਨਾਂ ਦੇ 11 ਲੇਖ ਦਰਜ ਹਨ। ਜਿਨ੍ਹਾਂ ਵਿਚੋਂ ਇਕ ਲੇਖ ਸ੍ਰੀ ਲਾਲਾ ਅਮੀਰ ਚੰਦ 'ਖੰਨਾ' ਦਿੱਲੀ ਵਾਲਿਆ ਨੇ ਲਿਖਿਆ ਹੈ। ਚਾਰ ਲੇਖ ਗਿਆਨੀ ਕਰਤਾਰ ਸਿੰਘ 'ਸੁਹੱਦੀ' ਅਤੇ ਛੇ ਲੇਖ ਜਗਜੀਤ ਸਿੰਘ ਨੇ ਲਿਖੇ ਹਨ। ਇਸ ਭਾਗ ਵਿਚ ਸਿੱਖ ਧਰਮ ਨੂੰ ਪਿਆਰ, ਸਰਬਸਾਂਝਾ ਅਤੇ ਸਾਂਝੀਵਾਲਤਾ ਦਾ ਧਰਮ ਦ੍ਰਿੜ ਕਰਵਾਉਂਦੇ ਹੋਏ, ਮਹਾਰਾਜਾ ਰਣਜੀਤ ਸਿੰਘ ਦਾ ਰਾਜ ਅਤੇ ਬਰਤਾਨਵੀ ਰਾਜ ਦੀ ਗੁਲਾਮੀ ਦੀ ਚਰਚਾ ਕਰਦੇ ਹੋਏ, ਸਿੰਘ ਸਭਾ ਲਹਿਰ ਦੀ ਸਥਾਪਨਾ ਤੱਕ ਦਾ ਇਤਿਹਾਸ ਉਲੀਕਿਆ ਹੈ।

ਦੂਜੇ ਭਾਗ ਵਿਚ ਵੱਖ-ਵੱਖ ਵਿਦਵਾਨਾਂ ਦੇ ਕੁੱਲ 24 ਲੇਖ ਦਰਜ ਹਨ। ਜਿਨ੍ਹਾਂ ਵਿਚੋਂ ਦਸ ਲੇਖ ਕਰਤਾਰ ਸਿੰਘ 'ਸੁਹੱਦੀ' ਨੇ ਲਿਖੇ ਹਨ ਅਤੇ ਦੋ ਲੇਖ ਧਰਮਾਨੰਤ ਨੇ ਲਿਖੇ ਹਨ। ਗਿਆਨੀ ਸ਼ੇਰ ਸਿੰਘ, ਸ੍ਰ. ਸੰਪੂਰਨ ਸਿੰਘ, ਪ੍ਰੋ. ਪ੍ਰਕਾਸ਼ ਸਿੰਘ, ਸ੍ਰ. ਨਰੈਣ ਸਿੰਘ, ਸ੍ਰ. ਸੇਵਾ ਸਿੰਘ, ਮਾ. ਮੋਤਾ ਸਿੰਘ, ਸ੍ਰ ਉਜਾਗਰ ਸਿੰਘ, ਪ੍ਰਿੰਸੀਪਲ ਗੰਗਾ ਸਿੰਘ, ਪ੍ਰਿੰਸੀਪਲ ਸਤਿਬੀਰ ਸਿੰਘ, ਜਸਵੰਤ ਸਿੰਘ ਦਾ ਇਕ-ਇਕ ਲੇਖ ਅਤੇ ਦੋ ਅਗਿਆਤ ਲੇਖਕਾਂ ਦੇ ਲੇਖ ਇਸ ਭਾਗ ਵਿਚ ਦਰਜ ਹਨ। ਇਸ ਭਾਗ ਵਿਚ ਸਿੱਖੀ ਦੇ ਮੂਲ ਸਿੱਧਾਂਤ- ਪੰਥ, ਗ੍ਰੰਥ, ਨਾਮ, ਸਤਿਸੰਗਤ, ਸੇਵਾ, ਨਿਮਰਤਾ, ਕਕਾਰਾਂ ਆਦਿ ਉੱਪਰ ਗੰਭੀਰ ਵਿਚਾਰ ਪੇਸ਼ ਕੀਤੇ ਗਏ ਹਨ।

ਇਸ ਕਿਤਾਬ ਦੇ ਤੀਜੇ ਭਾਗ ਵਿਚ ਕੁੱਲ 7 ਲੇਖ ਦਰਜ ਹਨ। ਜਿਨ੍ਹਾਂ ਵਿਚੋਂ ਤਿੰਨ ਲੇਖ ਕਰਤਾਰ ਸਿੰਘ 'ਸੁਹੱਦੀ' ਅਤੇ ਇਕ-ਇਕ ਲੇਖ ਗਿ. ਠਾਕੁਰ ਸਿੰਘ, ਸ੍ਰ. ਤੇਜਾ ਸਿੰਘ, ਗਿ. ਤ੍ਰਿਲੋਕ ਸਿੰਘ ਅਤੇ ਮਾ. ਹਰਿਭਜਨ ਸਿੰਘ ਦਾ ਲਿਖਿਆ ਹੋਇਆ ਹੈ। ਇਸ ਭਾਗ ਵਿਚ ਸਿੰਘ ਸਭਾ ਲਹਿਰ ਦੀ ਵੱਡੀ ਦੇਣ ਜੋ ਅਕਾਲੀ ਲਹਿਰ ਦੇ ਰੂਪ ਵਿਚ ਸਾਕਾਰ ਹੋਈ ਦਾ ਉਲੇਖ ਕਰਕੇ ਸ਼ਰਧਾ, ਸਿਦਕ, ਹੌਸਲੇ ਅਤੇ ਸ਼ਹਾਦਤ ਦੇ ਜਨੂਨ ਦਾ ਵਰਣਨ ਕੀਤਾ ਹੈ, ਜੋ ਸ੍ਰੀ ਨਨਕਾਣਾ ਸਾਹਿਬ, ਜੈਤੋ, ਗੰਗਸਰ, ਗੁਰੂ ਕੇ ਬਾਗ ਅਤੇ ਪੰਜਾ ਸਾਹਿਬ ਆਦਿ ਸ਼ਹੀਦੀ ਸਾਕਿਆਂ ਵਿਚ ਉਘੜ ਕੇ ਸਾਹਮਣੇ ਆਇਆ।

ਕਿਤਾਬ ਦੇ ਚੌਥੇ ਭਾਗ ਵਿਚ ਤਿੰਨ ਲੇਖ ਗਿਆਨੀ ਕਰਤਾਰ ਸਿੰਘ ਦੇ, ਇਕ-ਇਕ ਲੇਖ ਸ੍ਰ. ਸ਼ਮਸ਼ੇਰ ਸਿੰਘ ਅਸ਼ੋਕ ਅਤੇ ਜਗਜੀਤ ਸਿੰਘ ਦਾ ਲਿਖਿਆ ਹੋਇਆ ਹੈ। ਇਸ ਭਾਗ ਵਿਚ ਸਿੰਘ ਸਭਾ ਲਹਿਰ ਦੀ ਸਥਾਪਨਾ, ਵਿਸਥਾਰ, ਪ੍ਰਚਾਰ ਅਤੇ ਪਾਸਾਰ ਕਰਨ ਵਾਲੇ ਮੁਖੀ ਆਗੂਆਂ (ਸਰਦਾਰ ਠਾਕਰ ਸਿੰਘ ਸੰਧਾਵਾਲੀਆ, ਪ੍ਰੋ. ਗੁਰਮੁਖ

ਸਿੰਘ, ਗਿਆਨੀ ਦਿੱਤ ਸਿੰਘ, ਭਾਈ ਜਵਾਹਰ ਸਿੰਘ, ਭਾਈ ਮਈਆ ਸਿੰਘ, ਮਹਾਰਾਜਾ ਬਿਕਰਮ ਸਿੰਘ ਫਰੀਦਕੋਟ, ਬਾਬਾ ਖੇਮ ਸਿੰਘ ਬੇਦੀ, ਸਰਦਾਰ ਅਤਰ ਸਿੰਘ ਭਦੌੜ, ਜੈ ਸਿੰਘ ਅਤੇ ਬਾਬਾ ਨਿਹਾਲ ਸਿੰਘ ਲਾਲਾਮੂਸਾ) ਦੇ ਜੀਵਨ ਨਾਲ ਸੰਖੇਪ ਜਾਣ-ਪਛਾਣ ਕਰਵਾਈ ਗਈ ਹੈ।

ਇਸ ਕਿਤਾਬ ਦੇ ਪੰਜਵੇਂ ਭਾਗ ਵਿਚ ਕੁੱਲ 14 ਲੇਖ ਦਰਜ ਹਨ। ਜਿਨ੍ਹਾਂ ਵਿਚੋਂ ਸੱਤ ਲੇਖ ਗਿਆਨੀ ਕਰਤਾਰ ਸਿੰਘ 'ਸੂਹੱਦੀ' ਨੇ ਲਿਖੇ ਹਨ। ਇਕ-ਇਕ ਲੇਖ ਸ੍ਰ. ਦਾਨ ਸਿੰਘ ਕੋਮਲ, ਗਿਆਨੀ ਕੁੰਭੇਰ ਸਿੰਘ, ਪ੍ਰੋ. ਜੋਗਿੰਦਰ ਸਿੰਘ, ਗਿਆਨੀ ਮਹਿੰਦਰ ਸਿੰਘ, ਪ੍ਰੋ. ਦੀਵਾਨ ਸਿੰਘ ਨੇ ਲਿਖਿਆ ਹੈ ਅਤੇ ਇਕ ਲੇਖ ਗੁਰੂ ਨਾਨਕ ਵਿੱਦਿਆ ਭੰਡਾਰ ਟ੍ਰਸਟ, ਦਿੱਲੀ ਦੇ ਡਾਇਰੈਕਟਰ ਨੇ ਲਿਖਿਆ ਹੈ। ਇਸ ਭਾਗ ਵਿਚ ਪੰਥ ਅਗੇ ਵੰਗਾਰ ਪਾਈ ਗਈ ਹੈ ਕਿ ਜਦ ਮਿਸ਼ਨ ਸਕੂਲ ਵਿਚ ਪੜ੍ਹਦੇ ਚਾਰ ਵਿਦਿਆਰਥੀਆਂ ਨੇ ਸਿੱਖੀ ਛੱਡਣ ਦਾ ਐਲਾਨ ਕੀਤਾ ਸੀ ਤਾਂ ਪੰਜ ਗੁਰਮੁਖ ਪਿਆਰੇ ਨਿਤਰੇ ਸਨ, ਅਜ ਜਦ ਬਹੁਤ ਸਾਰੇ ਸਿੱਖ ਨੌਜਵਾਨ, ਬਿਰਧ, ਬੱਚੇ, ਬੱਚੀਆਂ ਸਿੱਖੀ ਨੂੰ ਛੱਡ ਰਹੇ ਹਨ ਤਾਂ ਪੰਥ ਨੂੰ ਸੁਚੇਤ ਹੋਣ ਦੀ ਲੋੜ ਹੈ।

**(ਸ)** ਜੁਲਾਈ, 1985 ਈ. ਵਿਚ ਗੁਰਨੇਕ ਸਿੰਘ ਨੇਕੀ ਨੇ ਲਿਟਰੇਚਰ ਹਾਊਸ, ਪੁਤਲੀ ਘਰ, ਅੰਮ੍ਰਿਤਸਰ ਤੋਂ 'ਸਿੰਘ ਸਭਾ ਲਹਿਰ ਦੇ ਉਸਰੱਈਏ' ਵਿਸ਼ੇ ਉੱਪਰ ਕਿਤਾਬ ਪ੍ਰਕਾਸ਼ਿਤ ਕਰਵਾਈ। ਇਸ ਕਿਤਾਬ ਵਿਚ ਸਿੰਘ ਸਭਾ ਲਹਿਰ ਦੇ ਪੰਦਰਾਂ ਮੋਢੀ ਮੈਂਬਰਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਕਿਤਾਬ ਵਿਚ ਸਰਦਾਰ ਠਾਕਰ ਸਿੰਘ ਸੰਧਾਵਾਲੀਏ, ਗਿਆਨੀ ਗਿਆਨ ਸਿੰਘ, ਬਾਬਾ ਖੇਮ ਸਿੰਘ ਬੇਦੀ, ਕੰਵਰ ਬਿਕਰਮ ਸਿੰਘ ਆਹਲੂਵਾਲੀਏ, ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਮਹਾਰਾਜਾ ਬਿਕਰਮ ਸਿੰਘ ਫਰੀਦਕੋਟ, ਸਰਦਾਰ ਅਤਰ ਸਿੰਘ ਭਦੌੜ, ਭਾਈ ਜਵਾਹਰ ਸਿੰਘ ਕਪੂਰ, ਜੈ ਸਿੰਘ, ਭਾਈ ਤਖ਼ਤ ਸਿੰਘ, ਸਰਦਾਰ ਮਿਹਰ ਸਿੰਘ ਚਾਵਲਾ, ਸਰਦਾਰ ਸੁੰਦਰ ਸਿੰਘ ਮਜੀਠੀਆ, ਭਾਈ ਕਾਨ੍ਹ ਸਿੰਘ ਨਾਭਾ ਅਤੇ ਮਿਸਟਰ ਐਮ.ਏ. ਮੈਕਾਲਿਫ਼ ਆਦਿ ਦੇ ਜੀਵਨ, ਸ਼ਖ਼ਸੀਅਤ ਅਤੇ ਆਹੁਦੇ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ। ਇਸ ਦੇ ਨਾਲ ਹੀ ਇਨ੍ਹਾਂ ਸ਼ਖ਼ਸੀਅਤਾਂ ਦੀ ਸਮਾਜਿਕ, ਧਾਰਮਿਕ, ਸਾਹਿਤਿਕ ਅਤੇ ਰਾਜਨੀਤਿਕ ਦੇਣ ਨੂੰ ਵੀ ਸਪਸ਼ਟ ਕੀਤਾ ਗਿਆ ਹੈ।

**(ਹ)** ਅਕਤੂਬਰ, 1987 ਈ. ਵਿਚ ਪਰਮਿੰਦਰ ਸਿੰਘ ਨੇ ਲਾਹੌਰ ਬੁਕ ਸ਼ਾਪ, ਲੁਧਿਆਣਾ ਤੋਂ 'ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ' ਵਿਸ਼ੇ ਉੱਪਰ ਕਿਤਾਬ ਪ੍ਰਕਾਸ਼ਿਤ ਕਰਵਾਈ। ਵਿਸ਼ੇ ਦੀ ਸੀਮਾ ਅਨੁਸਾਰ ਇਸ ਕਿਤਾਬ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਨੂੰ ਅੱਗੇ ਦੋ ਉਪਭਾਗਾਂ ਵਿਚ ਵਡਿਆ ਗਿਆ ਹੈ। ਪਹਿਲੇ ਭਾਗ 'ਭੂਗੋਲਿਕ, ਰਾਜਸੀ, ਪ੍ਰਬੰਧਕੀ, ਸੱਭਿਆਚਾਰਕ ਤੇ ਸਮਾਜਿਕ ਪਿਛੋਕੜ' ਵਿਚ ਲੇਖਕ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ (1799 ਈ.) ਤੋਂ 1891 ਈ. ਤੱਕ ਦੇ ਪੰਜਾਬ ਦੀ ਭੂਗੋਲਿਕ ਸਥਿਤੀ ਅਤੇ ਇੱਥੋਂ ਦੀ ਵੱਸੋਂ ਸੰਬੰਧੀ ਸੰਖੇਪ ਚਰਚਾ ਕਰਦੇ ਹੋਏ 29 ਮਾਰਚ, 1849 ਈ. ਤੋਂ ਬਾਅਦ ਪੰਜਾਬ ਉੱਪਰ ਬਰਤਾਨਵੀ ਰਾਜ ਸਥਾਪਿਤ ਹੋਣ ਦੇ ਕਾਰਨ, ਮਨੋਰਥ ਅਤੇ ਬਰਤਾਨਵੀ ਪ੍ਰਬੰਧ ਦਾ ਆਲੋਚਨਾਤਮਕ ਅਧਿਐਨ ਕੀਤਾ ਹੈ। ਬਰਤਾਨਵੀ ਰਾਜ-ਪ੍ਰਬੰਧਕਾਂ ਨੇ ਕਿਸ ਤਰ੍ਹਾਂ ਪੰਜਾਬ ਨੂੰ ਆਪਣੇ ਅਧੀਨ ਕੀਤਾ, ਇੱਥੋਂ ਦੀ ਵੱਸੋਂ

ਨੂੰ ਮਨੋਵਿਗਿਆਨਕ ਤੌਰ 'ਤੇ ਕਿਵੇਂ ਕਮਜ਼ੋਰ ਕੀਤਾ, ਸਿੱਖਾਂ ਨੇ 1857 ਈ. ਦੇ ਗੱਦਰ ਵਿਚ ਕਿਉਂ ਭਾਗ ਨਹੀਂ ਲਿਆ ਅਤੇ ਗ਼ਦਰ ਤੋਂ ਬਾਅਦ ਪੰਜਾਬ ਖਾਸ ਕਰ ਸਿੱਖਾਂ ਪ੍ਰਤੀ ਬਰਤਾਨਵੀ ਸਰਕਾਰ ਦੇ ਰਵੱਈਏ ਆਦਿ ਨੂੰ ਇਸ ਭਾਗ ਵਿਚ ਵਿਚਾਰਿਆ ਗਿਆ ਹੈ। ਇਸ ਅਧਿਆਇ ਦੇ ਦੂਜੇ ਭਾਗ 'ਵਿੱਦਿਆ ਦਾ ਪਸਾਰ, ਸਿੱਖਿਆ ਦਾ ਮਾਧਿਅਮ ਅਤੇ ਪੰਜਾਬੀ' ਵਿਚ ਬਰਤਾਨਵੀ ਰਾਜ ਦੌਰਾਨ ਪੰਜਾਬ ਵਿਚ ਵਿੱਦਿਆ ਦਾ ਮਾਧਿਅਮ, ਪੱਛਮੀ ਵਿੱਦਿਆ ਦਾ ਆਗਾਜ਼, ਪੰਜਾਬੀ ਭਾਸ਼ਾ ਦੀ ਸਥਿਤੀ ਅਤੇ ਪੰਜਾਬੀ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਲਈ ਸਿੰਘ ਸਭਾ ਦੇ ਸੰਘਰਸ਼ ਨੂੰ ਇਸ ਅਧਿਐਨ ਵਿਚ ਸ਼ਾਮਿਲ ਕੀਤਾ ਗਿਆ ਹੈ।

ਦੂਜੇ ਅਧਿਆਇ 'ਧਾਰਮਿਕ ਸੁਧਾਰਕ ਲਹਿਰਾਂ' ਵਿਚ ਲੇਖਕ ਨੇ ਮਹਾਰਾਜਾ ਰਣਜੀਤ ਕਾਲ ਵਿਚ ਸਿੱਖ ਰਹੁ-ਰੀਤਾਂ ਜਾਂ ਮਰਯਾਦਾ ਵਿਚ ਆਏ ਬ੍ਰਾਹਮਣੀ ਕਰਮ-ਕਾਂਡ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ। ਮਹਾਰਾਜਾ ਰਣਜੀਤ ਸਿੰਘ ਕਾਲ ਨੂੰ ਰਾਜਸੀ ਐਸ਼ਵਰਯ ਦਾ ਕਾਲ ਆਖਿਆ ਹੈ ਅਤੇ ਵਿਭਿੰਨ ਹਵਾਲਿਆਂ ਨਾਲ ਇਹ ਸਿੱਧ ਕੀਤਾ ਹੈ ਕਿ ਇਸ ਕਾਲ ਵਿਚ ਬ੍ਰਾਹਮਣੀ ਕਰਮ-ਕਾਂਡ ਸਿੱਖਾਂ ਦੇ ਘਰਾਂ ਵਿਚ ਆਮ ਹੋਣ ਲੱਗ ਪਏ ਸਨ ਅਤੇ ਸਿੱਖਾਂ ਦਾ ਕੋਈ ਵੀ ਕੰਮ ਬ੍ਰਾਹਮਣੀ ਰਹੁ-ਰੀਤ ਤੋਂ ਬਿਨਾਂ ਨਹੀਂ ਹੁੰਦਾ ਸੀ।[3] ਨਿਰੰਕਾਰੀ ਲਹਿਰ ਅਤੇ ਨਾਮਧਾਰੀ ਲਹਿਰ ਦੇ ਆਰੰਭ, ਵਿਕਾਸ ਅਤੇ ਦੇਣ ਨੂੰ ਵੀ ਇਸ ਅਧਿਆਇ ਵਿਚ ਵਿਚਾਰਿਆ ਗਿਆ ਹੈ। ਅਧਿਆਇ ਦੇ ਅੰਤ ਵਿਚ ਸਿੰਘ ਸਭਾ ਲਹਿਰ ਸ਼ੁਰੂ ਹੋਣ ਦੇ ਕਾਰਨ, ਮਨੋਰਥ ਅਤੇ ਕਾਰਜ ਨੂੰ ਸੰਖੇਪ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਸ ਸਮੇਂ ਸਿੱਖਾਂ ਦੇ ਹੋਰਨਾਂ ਕੌਮਾਂ (ਮਸੀਹੀ, ਮੁਸਲਮਾਨ, ਹਿੰਦੂ, ਆਰੀਆ ਸਮਾਜ) ਨਾਲ ਸੰਬੰਧਾਂ ਨੂੰ ਵੀ ਵਿਸ਼ਲੇਸ਼ਣਾਤਮਕ ਵਿਧੀ ਰਾਹੀਂ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ।

ਇਸ ਕਿਤਾਬ ਦੇ ਤੀਜੇ ਅਧਿਆਇ 'ਸਿੰਘ ਸਭਾ ਤੇ ਪੰਜਾਬੀ ਪੱਤਰਕਾਰੀ' ਵਿਚ ਲੇਖਕ ਨੇ ਪੱਤਰਕਾਰੀ ਅਤੇ ਸਾਹਿਤ ਦੇ ਆਪਸੀ ਸੰਬੰਧ ਨੂੰ ਦਰਸਾਉਂਦੇ ਹੋਏ ਪੰਜਾਬੀ ਪੱਤਰਕਾਰੀ ਦਾ ਠੀਕ ਮੁੱਢ ਸਿੰਘ ਸਭਾ ਲਹਿਰ ਦੀ ਪੱਤਰਕਾਰੀ ਤੋਂ ਮੰਨਿਆ ਹੈ।[4] ਚੌਥੇ ਅਧਿਆਇ 'ਸਿੰਘ ਸਭਾ ਲਹਿਰ ਦੀ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਦੇਣ' ਵਿਚ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਸਾਹਿਤ ਨੂੰ ਵਾਦ-ਵਿਵਾਦੀ ਸਾਹਿਤ, ਧਾਰਮਿਕ ਸੁਧਾਰ ਤੇ ਸਿੱਖ ਮਰਯਾਦਾ, ਸਮਾਜ ਸੁਧਾਰ, ਸਿੱਖ ਇਤਿਹਾਸ, ਗੁਰਮਤਿ ਸਿਧਾਂਤਾਂ ਦੀ ਵਿਆਖਿਆ ਤੇ ਇਤਿਹਾਸਕ ਖੋਜ, ਅਖ਼ਬਾਰ, ਟ੍ਰੈਕਟ, ਪੈਂਫਲਿਟ, ਮੌਲਿਕ ਤੇ ਸਿਰਜਣਾਤਮਕ ਸਾਹਿਤ ਅਤੇ ਨਵੇਂ ਸਾਹਿਤਿਕ ਰੂਪਾਂ ਦਾ ਪ੍ਰਯੋਗ ਆਦਿ ਵਰਗ ਵੰਡ ਅਨੁਸਾਰ ਵਿਸਤਾਰ ਸਹਿਤ ਵਿਚਾਰਿਆ ਗਿਆ ਹੈ।

**(ਕ)** ਸੰਨ 1993 ਈ. ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 'ਸੂਫ਼ੀਮਤ ਅਤੇ ਧਾਰਮਿਕ ਲਹਿਰਾਂ' ਕਿਤਾਬ ਪ੍ਰਕਾਸ਼ਿਤ ਕੀਤੀ। ਇਹ ਕਿਤਾਬ ਬੀ.ਏ. ਭਾਗ ਦੂਜਾ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਤੌਰ 'ਤੇ ਮਨਮੋਹਨ

---

[3] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ,* ਲੁਧਿਆਣਾ: ਲਾਹੌਰ ਬੁਕ ਸ਼ਾਪ, 1987, ਪੰਨੇ 86-87.
[4] ਉਹੀ, ਪੰਨਾ 147.

ਸਿੰਘ ਕੋਲੋਂ ਲਿਖਵਾਈ ਗਈ।[5] ਇਸ ਕਿਤਾਬ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੋਇਆ ਹੈ। ਪਹਿਲੇ ਭਾਗ ਵਿਚ ਸੂਫ਼ੀਮਤ ਦੀ ਉਤਪਤੀ, ਵਿਕਾਸ, ਸਿਧਾਂਤ ਅਤੇ ਬਾਬਾ ਫ਼ਰੀਦ ਜੀ ਦੇ ਜੀਵਨ ਤੇ ਰਚਨਾ ਬਾਰੇ ਚਰਚਾ ਕੀਤੀ ਗਈ ਹੈ। ਦੂਜੇ ਭਾਗ ਵਿਚ ਰਾਮ ਕ੍ਰਿਸ਼ਨ ਮਿਸ਼ਨ, ਬ੍ਰਹਮੋ ਸਮਾਜ ਅਤੇ ਆਰੀਆ ਸਮਾਜ ਆਦਿ ਸਮਾਜ-ਧਰਮ ਸੁਧਾਰ ਲਹਿਰਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਕਿਤਾਬ ਦੇ ਤੀਜੇ ਭਾਗ ਵਿਚ ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ ਅਤੇ ਸਿੰਘ ਸਭਾ ਲਹਿਰ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ।

ਸਿੰਘ ਸਭਾ ਲਹਿਰ ਬਾਰੇ ਇਸ ਕਿਤਾਬ ਵਿਚ ਕੇਵਲ ਸਤਾਰਾਂ ਕੁ ਪੰਨਿਆਂ ਦਾ ਇਕ ਪੇਪਰ ਹੈ। ਇਹ ਪੇਪਰ ਬੀ.ਏ. ਦੇ ਵਿਦਿਆਰਥੀਆਂ ਲਈ ਉਨ੍ਹਾਂ ਨੂੰ ਪੇਪਰਾਂ ਲਈ ਪੰਜਾਬੀ ਭਾਸ਼ਾ ਵਿਚ ਸਮੱਗਰੀ ਮੁਹੱਈਆ ਕਰਵਾਉਣ ਲਈ ਲਿਖਿਆ ਹੈ। ਇਸ ਪੇਪਰ ਵਿਚ ਸਿੰਘ ਸਭਾ ਲਹਿਰ ਦੇ ਇਤਿਹਾਸ ਨੂੰ ਵਿਧੀਵਤ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਸਿੰਘ ਸਭਾ ਲਹਿਰ ਦੇ ਇਤਿਹਾਸਕ ਪੱਖ ਨੂੰ ਪੇਸ਼ ਕਰਨ ਲਈ ਗਿਆਨੀ ਕਰਤਾਰ ਸਿੰਘ 'ਸੁਹੱਦੀ', ਸ਼ਮਸ਼ੇਰ ਸਿੰਘ ਅਸ਼ੋਕ ਅਤੇ ਜਗਜੀਤ ਸਿੰਘ ਦੇ ਹਵਾਲਿਆਂ ਦੀ ਖੁਲ੍ਹ ਕੇ ਵਰਤੋਂ ਕੀਤੀ ਗਈ ਹੈ।

**(ਖ)** ਸੰਨ 1997 ਈ. ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਗੰਡਾ ਸਿੰਘ ਦੁਆਰਾ ਸੰਪਾਦਤ ਕਿਤਾਬ 'The Singh Sabha and other Socio-Religious Movements in The Punjab (1850-1925)' ਪ੍ਰਕਾਸ਼ਿਤ ਕੀਤੀ। ਇਸ ਕਿਤਾਬ ਵਿਚ ਗੰਡਾ ਸਿੰਘ ਨੇ ਵੱਖ-ਵੱਖ ਵਿਦਵਾਨਾਂ ਦੇ 25 ਪੇਪਰ ਸੰਪਾਦਤ ਕੀਤੇ ਹਨ। ਇਸ ਤੋਂ ਇਲਾਵਾ ਤਿੰਨ ਕਿਤਾਬਾਂ ਦੇ ਰਿਵੀਊ ਵੀ ਇਸ ਕਿਤਾਬ ਵਿਚ ਸ਼ਾਮਲ ਕੀਤੇ ਗਏ ਹਨ। ਇਹ ਪੇਪਰ 1850 ਈ. ਤੋਂ 1925 ਈ. ਤੱਕ ਪੰਜਾਬ ਅੰਦਰ ਸ਼ੁਰੂ ਹੋਈਆਂ ਜਾਂ ਬਾਹਰੋਂ ਪ੍ਰਵੇਸ਼ ਕੀਤੀਆਂ ਸਮਾਜ ਤੇ ਧਰਮ ਸੁਧਾਰਕ ਲਹਿਰਾਂ ਦੁਆਲੇ ਕੇਂਦਰਤ ਕੀਤੇ ਗਏ ਹਨ, ਜਿਨ੍ਹਾਂ ਵਿਚ ਨਿਰੰਕਾਰੀ, ਨਾਮਧਾਰੀ, ਸਿੰਘ ਸਭਾ, ਬ੍ਰਹਮੋ ਸਮਾਜ, ਆਰੀਆ ਸਮਾਜ, ਦੇਵ ਸਮਾਜ ਅਤੇ ਅਹਿਮਦੀਆ ਲਹਿਰ ਆਦਿ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਕਿਤਾਬ ਵਿਚ ਸਿੰਘ ਸਭਾ ਲਹਿਰ ਨਾਲ ਸੰਬੰਧਿਤ ਨੌਂ ਪੇਪਰ ਦਰਜ ਹਨ।

ਪ੍ਰੋ. ਹਰਬੰਸ ਸਿੰਘ ਵੱਲੋਂ ਲਿਖੇ ਪੇਪਰ 'Origins of The Singh Sabha' ਵਿਚ ਲੇਖਕ ਨੇ ਸਿੰਘ ਸਭਾ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਸਿੱਖ ਪੰਥ ਦੀ ਸਮਾਜਿਕ ਅਤੇ ਧਾਰਮਿਕ ਸਥਿਤੀ ਬਾਰੇ ਗੱਲ ਕਰਦੇ ਹੋਏ ਮਹਾਰਾਜਾ ਰਣਜੀਤ ਸਿੰਘ ਕਾਲ ਦੌਰਾਨ ਸਿੱਖ ਧਰਮ ਵਿਚ ਆ ਚੁੱਕੀਆਂ ਕੁਰੀਤੀਆਂ ਨਾਲ ਜਾਣ-ਪਛਾਣ ਕਰਵਾਈ ਹੈ। ਇਸ ਦੇ ਨਾਲ ਹੀ ਇਸ ਕਾਲ ਦੌਰਾਨ ਮਸੀਹੀ ਮਿਸ਼ਨਰੀਆਂ ਦੁਆਰਾ ਮਸੀਹੀਅਤ ਦਾ ਪ੍ਰਚਾਰ ਅਤੇ ਸਿੱਖਾਂ ਦਾ ਮਸੀਹੀਅਤ ਅਪਣਾਉਣ ਬਾਰੇ ਚਰਚਾ ਕੀਤੀ ਗਈ ਹੈ। ਪੇਪਰ ਦੇ ਅੰਤਲੇ ਭਾਗ ਵਿਚ ਸਿੰਘ ਸਭਾ ਲਹਿਰ ਦੀ ਸ਼ੁਰੂਆਤ ਅਤੇ ਕਾਰਜ ਉਪਰ ਪੰਛੀ-ਝਾਤ ਪਾਈ ਗਈ ਹੈ।

ਦੂਜਾ ਪੇਪਰ 'The Singh Sabha Movement' ਤੇਜਾ ਸਿੰਘ ਵੱਲੋਂ ਲਿਖਿਆ ਹੈ। ਪੇਪਰ ਦੀ ਸ਼ੁਰੂਆਤ ਉਨ੍ਹੀਵੀਂ ਸਦੀ ਵਿਚ ਹਿੰਦੂ ਅਤੇ ਮੁਸਲਮਾਨਾਂ ਵਿਚ ਪੈਦਾ ਹੋਈ ਜਾਗ੍ਰਿਤੀ ਤੋਂ ਕੀਤੀ ਹੈ। ਪੇਪਰ ਵਿਚ ਸਿੰਘ ਸਭਾ

---

[5] ਮਨਮੋਹਨ ਸਿੰਘ, *ਸੂਫ਼ੀਮਤ ਅਤੇ ਧਾਰਮਿਕ ਲਹਿਰਾਂ,* ਪਟਿਆਲਾ: ਪੰਜਾਬੀ ਯੂਨੀਵਰਸਿਟੀ, ਪੰਨਾ 3.

ਲਹਿਰ ਦੇ ਇਤਿਹਾਸ ਅਤੇ ਕਾਰਜ ਨੂੰ ਖ਼ਾਲਸਾ ਦੀਵਾਨ, ਅੰਮ੍ਰਿਤਸਰ; ਖ਼ਾਲਸਾ ਦੀਵਾਨ, ਲਾਹੌਰ ਅਤੇ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਦੇ ਉਪ ਸਿਰਲੇਖਾਂ ਅਨੁਸਾਰ ਵਿਚਾਰਿਆ ਗਿਆ ਹੈ। ਤੇਜਾ ਸਿੰਘ ਮੰਨਦੇ ਹਨ ਕਿ ਸਿੰਘ ਸਭਾ ਲਹਿਰ ਨੇ ਹੀ ਅਕਾਲੀ ਲਹਿਰ ਦੇ ਰੂਪ ਵਿਚ ਪੰਜਾਬ ਦੀ ਆਜ਼ਾਦੀ ਲਈ ਰਾਹ ਤਿਆਰ ਕੀਤਾ।[6] ਸਿੰਘ ਸਭਾ ਲਹਿਰ ਨਾਲ ਸੰਬੰਧਿਤ ਤੀਜੇ ਪੇਪਰ 'Origin and Development of Singh Sabha Movement: Constitutional Aspects' ਵਿਚ ਗੁਰਦਰਸ਼ਨ ਸਿੰਘ ਢਿੱਲੋਂ ਨੇ ਸਿੰਘ ਸਭਾ ਦੇ ਮੈਂਬਰਾਂ ਦੀ ਚੋਣ, ਫ਼ਰਜ, ਸਿੰਘ ਸਭਾ ਦੀਆਂ ਮੀਟਿੰਗਾਂ, ਸਿੰਘ ਸਭਾ ਦੀ ਇਨਕਮ, ਸਿੰਘ ਸਭਾਵਾਂ ਦੇ ਸੰਗਠਨ ਅਤੇ ਸਿੰਘ ਸਭਾ ਦੀ ਸੰਵਿਧਾਨਿਕ ਕਾਰਜ-ਪ੍ਰਣਾਲੀ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ।

ਚੌਥੇ ਪੇਪਰ 'Chief Khalsa Diwan-Fifty Years of Service (1902-1951)' ਦੇ ਰੂਪ ਵਿਚ ਚੀਫ਼ ਖ਼ਾਲਸਾ ਦੀਵਾਨ ਦੀ ਰਿਪੋਰਟ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਰਿਪੋਰਟ ਵਿਚ 1902 ਈ. ਤੋਂ 1951 ਈ. ਤੱਕ ਚੀਫ਼ ਖ਼ਾਲਸਾ ਦੁਆਰਾ ਧਾਰਮਿਕ, ਸਮਾਜਿਕ, ਆਰਥਿਕ ਅਤੇ ਵਿੱਦਿਅਕ ਆਦਿ ਖੇਤਰਾਂ ਵਿਚ ਕੀਤੇ ਸ਼ਲਾਘਾਯੋਗ ਕਾਰਜ ਦਾ ਵਿਵਰਣ ਦਿੱਤਾ ਗਿਆ ਹੈ। ਪੰਜਵੇਂ ਪੇਪਰ 'Sikh Educational Conference' ਵਿਚ ਗੰਡਾ ਸਿੰਘ ਨੇ ਚੀਫ਼ ਖ਼ਾਲਸਾ ਦੀਵਾਨ ਦੀ ਸਿੱਖਿਆ ਦੇ ਖੇਤਰ ਵਿਚ ਅਦੁੱਤੀ ਦੇਣ; ਸਿੱਖ ਐਜੂਕੇਸ਼ਲਨ ਕਾਨਫਰੰਸ਼ ਦੀ ਸ਼ੁਰੂਆਤ, ਕਾਰਜ ਅਤੇ ਵਿਕਾਸ ਬਾਰੇ ਚਰਚਾ ਕੀਤੀ ਹੈ। ਛੇਵੇਂ ਪੇਪਰ 'The Education of Girls at the time of annexation' ਵਿਚ ਰੌਸ਼ਨ ਲਾਲ ਆਹੁਜਾ ਨੇ ਮਹਾਰਾਜਾ ਰਣਜੀਤ ਸਿੰਘ ਕਾਲ ਤੋਂ ਸਿੰਘ ਸਭਾ ਲਹਿਰ ਸ਼ੁਰੂ ਹੋਣ ਤੱਕ ਪੰਜਾਬ ਅੰਦਰ ਇਸਤਰੀ ਸਿੱਖਿਆ ਦਾ ਸਮਿਖਿਆਤਮਕ ਅਧਿਐਨ ਕੀਤਾ ਹੈ ਜਿਸ ਵਿਚ ਦੱਸਿਆ ਗਿਆ ਕਿ ਇਸ ਕਾਲ ਵਿਚ ਇਸਤਰੀ ਸਿੱਖਿਆ ਦਾ ਹਾਲ ਬਹੁਤਾ ਚੰਗਾ ਨਹੀਂ ਸੀ।[7] ਲੜਕੀਆਂ ਨੂੰ ਪੜ੍ਹਨ ਲਈ ਘਰ ਤੋਂ ਬਾਹਰ ਘੱਟ ਹੀ ਭੇਜਿਆ ਜਾਂਦਾ ਸੀ। ਉਨ੍ਹਾਂ ਨੂੰ ਘਰਾਂ ਵਿਚ ਉਨ੍ਹਾਂ ਦੇ ਮਾਪੇ ਧਾਰਮਿਕ ਗ੍ਰੰਥਾਂ ਦੀ ਸਿੱਖਿਆ ਦੇ ਦਿੰਦੇ ਸਨ।[8]

ਇਸ ਕਿਤਾਬ ਵਿਚ ਸਿੰਘ ਸਭਾ ਲਹਿਰ ਨਾਲ ਸੰਬੰਧਿਤ ਸੱਤਵਾਂ ਪੇਪਰ ਤੇਜਾ ਸਿੰਘ ਦਾ ਲਿਖਿਆ ਹੈ। ਇਸ ਪੇਪਰ ਦਾ ਸਿਰਲੇਖ 'Khalsa College Amritsar' ਹੈ। ਇਸ ਪੇਪਰ ਵਿਚ ਲੇਖਕ ਨੇ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਸ਼ੁਰੂ ਕਰਨ ਦੇ ਕਾਰਨ, ਮਨੋਰਥ, ਕਾਰਜ ਅਤੇ ਇਸ ਕਾਲਜ ਦੀਆਂ ਪ੍ਰਾਪਤੀਆਂ ਨੂੰ ਅਧਿਐਨ ਦਾ ਹਿੱਸਾ ਬਣਾਇਆ ਹੈ। ਅਠੱਵਾਂ ਪੇਪਰ 'Bhai Jawahir Singh-Arya Samaj-Singh Sabha' ਸਿਰਲੇਖ ਹੇਠ 1907 ਈ. ਵਿਚ ਭਾਈ ਜਵਾਹਰ ਸਿੰਘ ਉੱਪਰ ਲਿਖੇ ਗਏ ਨੋਟ ਵਿਚੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਪੇਪਰ ਵਿਚ ਭਾਈ ਜਵਾਹਰ ਸਿੰਘ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਨੂੰ ਮਿਤੀ ਅਨੁਸਾਰ ਪੇਸ਼ ਕੀਤਾ ਗਿਆ ਹੈ। ਨੌਂਵੇ

---

[6] Teja Singh, "The Singh Sabha Movement", *The Singh Sabha and Other Socio Religious Movemennts In The Punjab (1850-1925)* ,Ganda Singh (Ed.), Patiala: Punjabi University, 1997, p. 42.

[7] Roshan Lal Ahuja, "The Education of Girls at the time of Annexation", Ibid, p. 72.

[8] Ibid, p. 75.

ਪੇਪਰ 'The Sikh Kanya Mahavidyala Ferozepore' ਵਿਚ ਸਰਦੂਲ ਸਿੰਘ ਕਵੀਸ਼ਰ ਨੇ ਸਿੱਖ ਕੰਨਿਆ ਮਹਾਂਵਿਦਿਆਲਾ, ਫਿਰੋਜ਼ਪੁਰ ਦੀ ਯਾਤਰਾ ਦਾ ਅੱਖੀਂ ਡਿੱਠਾ ਭਾਵੁਕ ਵਰਣਨ ਅਤੇ ਇਸ ਸੰਸਥਾ ਦੇ ਸੰਸਥਾਪਕ ਭਾਈ ਤਖ਼ਤ ਸਿੰਘ ਨਾਲ ਕੀਤੀ ਵਿਸ਼ੇਸ਼ ਮੁਲਾਕਾਤ ਦੌਰਾਨ ਹੋਏ ਵਿਚਾਰ-ਵਟਾਂਦਰੇ ਨੂੰ ਪੇਸ਼ ਕੀਤਾ ਹੈ।[9]

**(ਗ)** ਸੰਨ 2005 ਈ. ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸਤਿੰਦਰ ਕੌਰ ਦੀ 'ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਿਲਤ ਪੰਜਾਬੀ ਸਾਹਿਤ ਸਰਵੇਖਣ ਅਤੇ ਮੁਲਾਂਕਣ' ਵਿਸ਼ੇ ਉੱਪਰ ਕਿਤਾਬ ਪ੍ਰਕਾਸ਼ਿਤ ਕੀਤੀ। ਇਸ ਕਿਤਾਬ ਨੂੰ ਦਸ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ 'ਸਿੰਘ ਸਭਾ ਲਹਿਰ: ਪਿਛੋਕੜ ਤੇ ਪਛਾਣ ਮੁੱਢਲੀਆਂ ਪਰਿਸਥਿਤੀਆਂ' ਵਿਚ ਸਤਾਰ੍ਹਵੀਂ, ਅਠਾਰ੍ਹਵੀਂ ਅਤੇ ਉਨ੍ਹੀਵੀਂ ਸਦੀ ਦੇ ਪੰਜਾਬ ਦੇ ਧਾਰਮਿਕ, ਸਮਾਜਿਕ, ਰਾਜਨੀਤਿਕ, ਆਰਥਿਕ, ਸਭਿਆਚਾਰਿਕ ਅਤੇ ਸਾਹਿਤਿਕ ਪਿਛੋਕੜ ਦੀ ਚਰਚਾ ਕਰਦੇ ਹੋਏ ਬਰਤਾਨਵੀ ਰਾਜ ਨੂੰ ਵਿੱਦਿਆ ਦਾ ਚਾਨਣ ਮੰਨਿਆ ਹੈ।

ਦੂਜੇ ਅਧਿਆਇ ਨੂੰ 'ਸੁਧਾਰਕ ਤੇ ਪ੍ਰਚਾਰਕ ਲਹਿਰਾਂ ਤੇ ਸਿੰਘ ਸਭਾ ਲਹਿਰ' ਅਧੀਨ ਵਿਸਥਾਰਿਆ ਗਿਆ ਹੈ। ਇਸ ਅਧਿਆਇ ਨਿਰੰਕਾਰੀ ਲਹਿਰ ਅਤੇ ਨਾਮਧਾਰੀ ਲਹਿਰ ਦੇ ਇਤਿਹਾਸਿਕ ਪਿਛੋਕੜ ਦਾ ਅਧਿਐਨ ਕਰਦੇ ਹੋਏ ਇਨ੍ਹਾਂ ਲਹਿਰਾਂ ਦੀਆਂ ਪ੍ਰਾਪਤੀਆਂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ। ਇਸ ਦੇ ਨਾਲ ਹੀ ਮਸੀਹੀ ਮਿਸ਼ਨਰੀਆਂ ਦੇ ਕਾਰਜ ਨੂੰ ਵੀ ਸਪਸ਼ਟ ਕੀਤਾ ਗਿਆ ਹੈ। ਇਸ ਅਧਿਆਇ ਦੇ ਅੰਤ ਵਿਚ ਸਿੰਘ ਸਭਾ ਲਹਿਰ ਦੇ ਇਤਿਹਾਸ ਨੂੰ ਦਰਸਾਇਆ ਗਿਆ ਹੈ। ਇਸ ਵਿਚ ਸਿੰਘ ਸਭਾ ਲਹਿਰ ਦੀ ਸਥਾਪਨਾ ਤੋਂ ਲੈ ਕੇ ਖ਼ਾਲਸਾ ਦੀਵਾਨ, ਲਾਹੌਰ ਦੀ ਸਥਾਪਨਾ ਤੱਕ ਦੇ ਇਤਿਹਾਸ ਅਤੇ ਕਾਰਜ ਪ੍ਰਣਾਲੀ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਇਸ ਕਿਤਾਬ ਦੇ ਤੀਜੇ ਅਧਿਆਇ 'ਸਿੰਘ ਸਭਾ ਲਹਿਰ ਤੋਂ ਪੂਰਵਵਰਤੀ ਸਾਹਿਤ' ਵਿਚ 850 ਈ. ਤੋਂ 1700 ਈ. ਤੱਕ ਦੇ ਪੰਜਾਬੀ ਸਾਹਿਤ ਨਾਲ ਸੰਖੇਪ ਜਾਣ-ਪਛਾਣ ਕਰਵਾਈ ਗਈ ਹੈ। ਇਸ ਅਧਿਆਇ ਨੂੰ ਅੱਗੇ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਨੂੰ 'ਪੂਰਵ ਨਾਨਕ ਕਾਲ (850 ਈ. ਤੋਂ 1500 ਈ.)' ਅਧੀਨ ਰੱਖਿਆ ਗਿਆ ਹੈ ਜਿਸ ਵਿਚ ਨਾਥ-ਜੋਗੀ ਕਾਵਿ ਨਾਲ ਜਾਣ-ਪਛਾਣ ਅਤੇ ਮਛੰਦਰ ਨਾਥ, ਗੋਰਖ ਨਾਥ ਅਤੇ ਚਰਪਟ ਨਾਥ ਆਦਿ ਦੁਆਰਾ ਰਚੇ ਸਾਹਿਤ ਨਾਲ ਵਾਕਫ਼ੀ ਕਰਵਾਈ ਹੈ। ਸੂਫ਼ੀ ਕਾਵਿ ਵਿਚ ਸ਼ੇਖ ਫ਼ਰੀਦ ਸ਼ਕਰਗੰਜ ਅਤੇ ਅਮੀਰ ਖੁਸਰੋ ਵੱਲੋਂ ਰਚੇ ਗਏ ਸਾਹਿਤ ਦੀ ਜਾਣਕਾਰੀ ਦਿੱਤੀ ਹੈ। ਭਗਤੀ ਕਾਵਿ ਵਿਚ ਰਾਮਾਨੰਦ, ਨਾਮਦੇਵ, ਕਬੀਰ ਅਤੇ ਰਵਿਦਾਸ ਆਦਿ ਭਗਤਾਂ ਦੀ ਬਾਣੀ ਨਾਲ ਵਾਕਫ਼ੀ ਕਰਵਾਈ ਹੈ। ਵੀਰ ਕਾਵਿ ਵਿਚ ਅੱਦਹਮਾਣ (950 ਈ.-1010 ਈ.), ਚਾਂਦ ਬਰਦਾਈ (1126 ਈ.-1172 ਈ.) ਅਤੇ ਕਿੱਸਾ ਕਾਵਿ ਵਿਚ ਸੋਰਠ, ਬੀਜਾ, ਪੂਰਨ, ਸੁੰਦਰਾ, ਗੋਪੀ ਚੰਦ, ਮੈਨਾਵੰਤੀ ਆਦਿ ਕਿੱਸਿਆਂ ਦੇ ਪੰਜਾਬੀ ਰੂਪਾਂਤਰਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਦੂਜੇ ਭਾਗ ਨੂੰ 'ਗੁਰੂ ਨਾਨਕ ਕਾਲ (1500 ਈ. ਤੋਂ 1700 ਈ.)' ਅਧੀਨ ਵਿਚਾਰਿਆ ਗਿਆ ਹੈ। ਇਸ ਭਾਗ ਵਿਚ ਭਗਤੀ ਕਾਵਿ ਅਧੀਨ ਗੁਰੂ ਸਾਹਿਬਾਨ, ਭੱਟ ਸਾਹਿਬਾਨ, ਸਤਾ ਤੇ ਬਲਵੰਡ, ਬਾਬਾ ਸੁੰਦਰ, ਭਾਈ ਗੁਰਦਾਸ,

---

[9] Sardul Singh Kaveeshar, "The Sikh Kanya Mahavidyala Ferozepore", Ibid, p. 106.

ਭਗਤ ਛੱਜੂ, ਜਲ੍ਹਣ ਅਤੇ ਭਗਤ ਕਾਨ੍ਹਾ ਆਦਿ ਦੀਆਂ ਰਚਨਾਵਾਂ ਸੰਬੰਧੀ ਸੰਖੇਪ ਵਿਚਾਰ ਕੀਤੀ ਗਈ ਹੈ। ਸੂਫੀ ਕਾਵਿ ਧਾਰਾ ਅਧੀਨ ਸ਼ਾਹ ਹੁਸੈਨ (1539 ਈ.-1593 ਈ.), ਸੁਲਤਾਨ ਬਾਹੂ (1631 ਈ.-1691 ਈ.), ਸ਼ਾਹ ਸ਼ਰਫ (1659 ਈ.-1725 ਈ.) ਆਦਿ ਸੂਫ਼ੀ ਕਵੀਆਂ ਦੀਆਂ ਰਚਨਾਵਾਂ ਨਾਲ ਵਾਕਫ਼ੀ ਕਰਵਾਈ ਗਈ ਹੈ। ਇਸ ਤੋਂ ਇਲਾਵਾ ਇਸ ਭਾਗ ਵਿਚ ਇਸ ਕਾਲ ਦੌਰਾਨ ਰਚੇ ਗਏ ਗੁਰੂ ਸਾਹਿਬਾਨ ਦੇ ਹੁਕਮਨਾਮੇ, ਰਹਿਤਨਾਮੇ, ਗੋਸਟਾਂ, ਸਾਖੀਆਂ, ਗੁਰਬਾਣੀ ਦੇ ਪਰਮਾਰਥ ਤੇ ਟੀਕੇ ਅਤੇ ਕਿੱਸੇ ਆਦਿ ਸੰਬੰਧੀ ਸੰਖੇਪ ਜਾਣਕਾਰੀ ਦਿੱਤੀ ਗਈ ਹੈ।

ਚੌਥੇ ਅਧਿਆਇ 'ਪੂਰਵਵਰਤੀ ਸਾਹਿਤ' ਵਿਚ 850 ਈ. ਤੋਂ 1850 ਈ. ਤੱਕ ਦੇ ਪ੍ਰਮੁੱਖ ਪੰਜਾਬੀ ਸਾਹਿਤ ਉੱਪਰ ਪ੍ਰਕਾਸ਼ ਪਾਇਆ ਹੈ। ਇਸ ਅਧਿਆਇ ਵਿਚ ਇਸ ਸਮੇਂ ਦੌਰਾਨ ਰਚੇ ਗਏ ਧਾਰਮਿਕ ਕਾਵਿ ਨੂੰ ਇਸਲਾਮੀ ਕਾਵਿ, ਹਿੰਦੂ ਕਾਵਿ ਅਤੇ ਸਿੱਖ ਕਾਵਿ ਅਧੀਨ ਵਿਚਾਰਿਆ ਗਿਆ ਹੈ। ਇਸਲਾਮੀ ਕਾਵਿ ਵਿਚ ਮੌਲਾਨਾ ਅਬਦੀ, ਹਾਫ਼ਿਜ਼ ਬਰਖੁਰਦਾਰ, ਅਬਦੁਲ ਕਰੀਮ, ਅਬਦੁਲ ਰਹਮਾਨ ਆਦਿ ਕਵੀਆਂ ਦੀਆਂ ਪ੍ਰਮੁੱਖ ਰਚਨਾਵਾਂ ਬਾਰੇ ਜਾਣਕਾਰੀ ਦਿੱਤੀ ਹੈ। ਹਿੰਦੂ ਕਾਵਿ ਅਧੀਨ ਰਾਮ ਅਤੇ ਕ੍ਰਿਸ਼ਨ ਸੰਬੰਧੀ ਅਨੁਵਾਦਿਤ ਅਤੇ ਮੌਲਿਕ ਰਚਨਾਵਾਂ ਦੀ ਗੱਲ ਕੀਤੀ ਹੈ। ਸਿੱਖ ਕਾਵਿ ਅਧੀਨ ਸਿੱਖ ਇਤਿਹਾਸਕ ਕਵੀਆਂ- ਕਵਿ ਸੈਨਾਪਤੀ, ਕਵੀ ਸੋਹਨ, ਕੋਇਰ ਸਿੰਘ, ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ ਆਦਿ ਦੀਆਂ ਰਚਨਾਵਾਂ ਸੰਬੰਧੀ ਚਰਚਾ ਕੀਤੀ ਹੈ। ਸੂਫੀ ਕਾਵਿ, ਕਿੱਸਾ ਕਾਵਿ, ਵਾਰਾਂ, ਜੰਗਨਾਮੇ, ਨਿਰਮਲਾ ਸਾਹਿਤ, ਪਰਚੀ ਸਾਹਿਤ, ਟੀਕੇ, ਅਨੁਵਾਦ ਆਦਿ ਸਾਹਿਤਿਕ ਰਚਨਾਵਾਂ ਬਾਰੇ ਵੀ ਉਪਯੋਗੀ ਚਰਚਾ ਕੀਤੀ ਗਈ ਹੈ। ਇਸ ਤੋਂ ਇਲਾਵਾ ਧਾਰਮਿਕ ਗ੍ਰੰਥਾਂ ਅਧੀਨ ਪ੍ਰੇਮ ਸੁਮਾਰਗ ਅਤੇ ਪਰਮ ਮਾਰਗ ਗ੍ਰੰਥ ਬਾਰੇ ਸੰਖੇਪ ਜਾਣਕਾਰੀ ਦਿੱਤੀ ਹੈ। ਗਿਆਨ ਰਤਨਾਵਲੀ ਅਤੇ ਭਗਤ ਰਤਨਾਵਲੀ ਜਾਂ ਸਿਖਾਂ ਦੀ ਭਗਤ ਮਾਲਾ, ਜੋ ਇਸ ਕਾਲ ਦੀਆਂ ਮਹੱਤਵਪੂਰਨ ਰਚਨਾਵਾਂ ਹਨ, ਬਾਰੇ ਵੀ ਚਰਚਾ ਕੀਤੀ ਹੈ।

ਪੰਜਵੇ ਅਧਿਆਇ ਨੂੰ 'ਪੱਤਰਕਾਰੀ ਤੇ ਛਾਪਾ ਖਾਨਾ' ਅਧੀਨ ਵਿਚਾਰਿਆ ਹੈ। ਇਸ ਅਧਿਆਇ ਦੇ ਅੱਗੇ ਦੋ ਭਾਗ ਕੀਤੇ ਹਨ। ਪਹਿਲੇ ਭਾਗ 'ਸਿੰਘ ਸਭਾ ਲਹਿਰ ਦੇ ਪੱਤਰਾਂ ਦਾ ਪ੍ਰਯੋਜਨ' ਵਿਚ ਪੱਤਰਕਾਰੀ ਦੇ ਅਰਥ ਅਤੇ ਪ੍ਰਯੋਜਨ ਬਾਰੇ ਚਰਚਾ ਕੀਤੀ ਹੈ ਅਤੇ ਦੂਜੇ ਭਾਗ 'ਛਾਪਾਖਾਨਾ' ਵਿਚ ਭਾਰਤ ਅਤੇ ਪੰਜਾਬ ਵਿਚ ਛਾਪੇਖਾਨੇ ਦੀ ਆਮਦ ਅਤੇ ਪੰਜਾਬੀ ਪੱਤਰਕਾਰੀ ਦੇ ਮੁੱਢਲੇ ਰੁਝਾਨਾ ਸੰਬੰਧੀ ਅਧਿਐਨ ਕੀਤਾ ਹੈ। ਇਸ ਦੇ ਨਾਲ ਹੀ ਪੰਜਾਬੀ ਦੇ ਸਭ ਤੋਂ ਪਹਿਲਾਂ ਸ਼ੁਰੂ ਹੋਏ ਪੱਤਰਾਂ ਦੀ ਸੰਖੇਪ ਜਾਣਕਾਰੀ ਦਿੱਤੀ ਹੈ।

ਛੇਵੇਂ ਅਧਿਆਇ 'ਸਿੰਘ ਸਭਾ ਲਹਿਰ ਦੇ ਪੱਤਰਾਂ ਵਿਚਲੇ ਸਾਹਿਤ ਦਾ ਮੁਹਾਂਦਰਾ' ਵਿਚ ਸਿੰਘ ਸਭਾ ਲਹਿਰ ਦੁਆਰਾ ਪ੍ਰਕਾਸ਼ਿਤ ਪੱਤਰਾਂ ਦੇ ਸ਼ੁਰੂ ਹੋਣ ਦੇ ਕਾਰਨ, ਉਨ੍ਹਾਂ ਦੇ ਮਨੋਰਥ ਅਤੇ ਕਾਰਜਪ੍ਰਣਾਲੀ ਨੂੰ ਵਿਚਾਰਿਆ ਗਿਆ ਹੈ। ਇਸ ਕਿਤਾਬ ਦੇ ਸੱਤਵੇਂ ਅਧਿਆਇ 'ਸਿੰਘ ਸਭਾ ਲਹਿਰ ਦੇ ਪਤਰਾਂ ਵਿਚਲੇ ਸਾਹਿਤ ਦਾ ਵਰਗੀਕਰਨ' ਵਿਚ ਸਿੰਘ ਸਭਾ ਲਹਿਰ ਵੱਲੋਂ ਪ੍ਰਕਾਸ਼ਿਤ ਪੱਤਰਾਂ ਵਿਚ ਛਪਦੇ ਸਾਹਿਤ ਨੂੰ ਗਿਆਨਮਈ ਸਾਹਿਤ, ਸਿਰਜਨਾਤਮਕ ਸਾਹਿਤ ਅਤੇ ਵਾਦ ਵਿਵਾਦੀ ਸਾਹਿਤ ਦੀ ਵਰਗ ਵੰਡ ਅਨੁਸਾਰ ਇਸ ਸਾਹਿਤ ਦਾ ਅਲੋਚਨਾਤਮਕ ਅਧਿਐਨ ਕੀਤਾ ਹੈ। ਅੱਠਵੇਂ ਅਧਿਆਇ 'ਸਿੰਘ ਸਭਾ ਲਹਿਰ ਦੇ ਪੱਤਰਾਂ ਵਿਚਲੇ ਸਾਹਿਤ ਦਾ ਸਰਵੇਖਣ' ਵਿਚ ਸਿੰਘ ਸਭਾ ਲਹਿਰ ਦੇ

ਪੱਤਰਾਂ ਨੂੰ ਸਪਤਾਹਿਕ ਪੱਤਰ, ਦਸ ਰੋਜ਼ਾ ਪੱਤਰ ਅਤੇ ਮਾਸਿਕ ਪੱਤਰ ਅਨੁਸਾਰ ਵਰਗ ਵੰਡ ਕਰਕੇ ਇਨ੍ਹਾਂ ਵਿਚਲੇ ਸਾਹਿਤ ਦਾ ਸਰਵੇਖਣ ਕੀਤਾ ਗਿਆ ਹੈ। ਨੌਵੇਂ ਅਧਿਆਇ 'ਸਿੰਘ ਸਭਾ ਲਹਿਰ ਦੇ ਪੱਤਰਾਂ ਵਿਚਲੇ ਸਾਹਿਤ ਦਾ ਮੁਲਾਂਕਣ' ਵਿਚ ਸਿੰਘ ਸਭਾ ਲਹਿਰ ਦੇ ਪੱਤਰਾਂ ਵਿਚਲੇ ਸਾਹਿਤ ਦਾ ਅਲੋਚਨਾਤਮਕ ਮੁਲਾਂਕਣ ਕੀਤਾ ਗਿਆ ਹੈ। ਇਸ ਅਧਿਆਇ ਵਿਚ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਪੰਜਾਬੀ ਸਾਹਿਤ ਵਿਚ ਜੋ ਵੀ ਨਵੀਆਂ ਵੰਨਗੀਆਂ ਇਸ ਕਾਲ ਵਿਚ ਹੋਂਦ ਵਿਚ ਆਈਆਂ ਉਹ ਅੰਗ੍ਰੇਜ਼ੀ ਸਾਹਿਤ ਦੀ ਦੇਣ ਸਨ। ਸਤਿੰਦਰ ਕੌਰ ਦੇ ਸ਼ਬਦਾਂ ਵਿਚ, "ਅੰਗਰੇਜ਼ੀ ਦੀ ਲਾਜ਼ਮੀ ਪੜ੍ਹਾਈ ਨੇ ਪੱਛਮੀ ਦੇਸ਼ਾਂ ਦੀ ਸਾਹਿਤਿਕ ਚੇਤੰਨਤਾ ਤੋਂ ਸਾਡੇ ਵਿਦਵਾਨਾਂ ਨੂੰ ਜਾਣੂ ਕਰਾਇਆ ਜਿਸ ਨਾਲ ਸਾਹਿਤ ਦਾ ਉਦੇਸ਼, ਸੁਭਾਅ ਤੇ ਸਰੂਪ ਬਦਲ ਗਿਆ।"[10]

ਇਸ ਕਿਤਾਬ ਦੇ ਅੰਤਮ ਅਤੇ ਦਸਵੇਂ ਅਧਿਆਇ 'ਸਿੰਘ ਸਭਾ ਲਹਿਰ ਦੇ ਪੱਤਰਾਂ ਵਿਚਲੇ ਸਾਹਿਤ ਦੀ ਸੀਮਾ ਤੇ ਸੰਭਾਵਨਾ ਆਧੁਨਿਕ ਸਾਹਿਤ ਵਿਚ ਸਥਾਨ' ਵਿਚ ਸਿੰਘ ਸਭਾ ਲਹਿਰ ਦੇ ਪੱਤਰਾਂ ਵਿਚ ਪ੍ਰਕਾਸ਼ਿਤ ਸਾਹਿਤ ਦੀ ਸਿਧਾਂਤਕ, ਵਿਆਕਰਣਿਕ, ਲਿਪੀ, ਬੋਲੀ ਆਦਿ ਦੇ ਪੱਖ ਤੋਂ ਇਸ ਸਾਹਿਤ ਦੀ ਸੀਮਾ ਅਤੇ ਸੰਭਾਵਨਾ ਸੰਬੰਧੀ ਚਰਚਾ ਕੀਤੀ ਗਈ ਹੈ ਅਤੇ ਇਹ ਸਾਹਿਤ ਦਾ ਆਧੁਨਿਕ ਸਾਹਿਤ ਵਿਚ ਕੀ ਸਥਾਨ ਨਿਰਧਾਰਤ ਹੁੰਦਾ ਹੈ, ਬਾਰੇ ਸੰਖੇਪ ਚਰਚਾ ਕੀਤੀ ਗਈ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਜਗਜੀਤ ਸਿੰਘ ਅਤੇ ਗਿਆਨੀ ਕਰਤਾਰ ਸਿੰਘ 'ਸੁਹੱਦੀ' ਨੇ ਸਭ ਤੋਂ ਪਹਿਲਾਂ ਸਿੰਘ ਸਭਾ ਲਹਿਰ ਦੇ ਇਤਿਹਾਸ ਨੂੰ ਕਲਮਬਧ ਕਰਨ ਦਾ ਉਪਰਾਲਾ ਕੀਤਾ ਜਿਸ ਨੇ ਆਉਣ ਵਾਲੇ ਸਮੇਂ ਲਈ ਸਿੰਘ ਸਭਾ ਲਹਿਰ ਦੇ ਸੁਨਹਿਰੀ ਇਤਿਹਾਸ ਨੂੰ ਪ੍ਰੇਰਨਾ ਸ੍ਰੋਤ ਵਜੋਂ ਅਪਣਾਉਣ ਦਾ ਹੋਕਾ ਦਿੱਤਾ। ਗੁਰਨੇਕ ਸਿੰਘ ਨੇਕੀ ਨੇ ਸਿੰਘ ਸਭਾ ਲਹਿਰ ਦੇ ਆਗੂਆਂ ਦੇ ਜੀਵਨ ਬਿਰਤਾਂਤ ਲਿਖ ਕੇ ਵਡਮੁੱਲਾ ਕਾਰਜ ਕੀਤਾ ਹੈ। ਪਰਮਿੰਦਰ ਸਿੰਘ ਨੇ ਸਿੰਘ ਸਭਾ ਲਹਿਰ ਦੁਆਰਾ ਪੰਜਾਬੀ ਸਾਹਿਤ ਵਿਚ ਪਾਏ ਯੋਗਦਾਨ ਨੂੰ ਸਪਸ਼ਟ ਕੀਤਾ ਹੈ। ਸ਼ਮਸ਼ੇਰ ਸਿੰਘ ਅਸ਼ੋਕ, ਗੰਡਾ ਸਿੰਘ ਅਤੇ ਮਨਮੋਹਨ ਸਿੰਘ ਨੇ ਪੰਜਾਬ ਵਿਚ ਚੱਲੀਆਂ ਹੋਰਨਾਂ ਲਹਿਰਾਂ ਦੇ ਨਾਲ-ਨਾਲ ਸਿੰਘ ਸਭਾ ਲਹਿਰ ਦੇ ਇਤਿਹਾਸਕ ਪੱਖ ਨੂੰ ਪੇਸ਼ ਕੀਤਾ ਹੈ। ਸਤਿੰਦਰ ਕੌਰ ਨੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੱਤਰਾਂ ਵਿਚ ਸਮਿਲਿਤ ਸਾਹਿਤ ਦਾ ਸਰਵੇਖਣ ਅਤੇ ਮੁਲਾਂਕਣ ਕੀਤਾ ਹੈ। ਸੋ ਇਹ ਸਾਰਾ ਹੀ ਕਾਰਜ ਆਪੋ-ਆਪਣੇ ਵਿਸ਼ੇ ਦੀ ਸੀਮਾ ਅਨੁਸਾਰ ਮਹੱਤਵਪੂਰਨ ਕਾਰਜ ਹੈ ਜੋ ਹੱਥਲੇ ਖੋਜ-ਕਾਰਜ ਲਈ ਸਹਾਈ ਹੋਇਆ ਹੈ।

---

[10] ਸਤਿੰਦਰ ਕੌਰ, *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਿਲਤ ਪੰਜਾਬੀ ਸਾਹਿਤ: ਸਰਵੇਖਣ ਅਤੇ ਮੁਲਾਂਕਣ,* ਪਟਿਆਲਾ: ਪੰਜਾਬੀ ਯੂਨੀਵਰਸਿਟੀ, 2005, ਪੰਨੇ 241-42.

# ਅਧਿਆਇ ਤੀਜਾ

# ਸਿੰਘ ਸਭਾ ਲਹਿਰ: ਇਤਿਹਾਸਕ ਸੰਦਰਭ

ਇਸ ਅਧਿਆਇ ਵਿਚ ਸਿੰਘ ਸਭਾ ਲਹਿਰ ਦਾ ਇਤਿਹਾਸਕ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ। ਸਿੰਘ ਸਭਾ ਲਹਿਰ ਦੇ ਸ਼ੁਰੂ ਹੋਣ ਦੇ ਪ੍ਰਮੁੱਖ ਤੱਤਕਾਲੀ ਕਾਰਨਾਂ ਦਾ ਵਿਵੇਚਨ ਕਰਦੇ ਹੋਏ ਇਸ ਲਹਿਰ ਦੇ ਇਤਿਹਾਸਕ ਪਰਿਪੇਖ ਨੂੰ ਸਮਝਣ ਦਾ ਯਤਨ ਰਹੇਗਾ। ਇਸ ਤੋਂ ਇਲਾਵਾ ਸਿੰਘ ਸਭਾ ਲਹਿਰ ਦੇ ਵਿਕਾਸ ਪੜਾਵਾਂ ਨੂੰ ਵੀ ਅਧਿਐਨ ਦੇ ਕੇਂਦਰੀ ਨੁਕਤੇ ਵਜੋਂ ਵਿਚਾਰਨ ਦਾ ਯਤਨ ਕੀਤਾ ਗਿਆ ਹੈ।

### 3.1. ਸਿੰਘ ਸਭਾ ਲਹਿਰ ਸ਼ੁਰੂ ਹੋਣ ਦੇ ਕਾਰਨ

ਕੋਈ ਵੀ ਲਹਿਰ, ਮੋਰਚਾ ਜਾਂ ਅੰਦੋਲਨ ਜਦੋਂ ਸ਼ੁਰੂ ਹੁੰਦਾ ਹੈ ਤਾਂ ਉਸ ਦੇ ਪਿਛੇ ਬਹੁਤ ਸਾਰੇ ਕਾਰਨ ਕਾਰਜਸ਼ੀਲ ਰਹਿੰਦੇ ਹਨ। ਇਹ ਕਾਰਨ ਧਾਰਮਿਕ, ਸਮਾਜਿਕ, ਰਾਜਨੀਤਿਕ ਜਾਂ ਆਰਥਿਕ ਕਿਸੇ ਵੀ ਰੂਪ ਵਿਚ ਹੋ ਸਕਦੇ ਹਨ। ਇੱਥੇ ਅਸੀਂ ਸਿੰਘ ਸਭਾ ਲਹਿਰ ਦੇ ਇਤਿਹਾਸਕ ਸੰਦਰਭ ਦੀ ਗੱਲ ਕਰ ਰਹੇ ਹਾਂ। ਸਿੰਘ ਸਭਾ ਲਹਿਰ ਦੇ ਇਤਿਹਾਸਕ ਮੰਡਲ ਨੂੰ ਵਿਚਾਰਨ ਤੋਂ ਪਹਿਲਾਂ ਉਨ੍ਹਾਂ ਪ੍ਰਮੁੱਖ ਕਾਰਨਾਂ ਉੱਪਰ ਪੰਛੀ-ਝਾਤ ਮਾਰ ਲੈਣੀ ਲਾਹੇਵੰਦ ਹੋਵੇਗੀ ਜਿਨ੍ਹਾਂ ਕਰ ਕੇ ਸਿੰਘ ਸਭਾ ਲਹਿਰ ਹੋਂਦ ਵਿਚ ਆਈ। 29 ਮਾਰਚ, 1849 ਈ. ਨੂੰ ਪੰਜਾਬ ਅੰਦਰ ਬਰਤਾਨਵੀ ਰਾਜ ਸਥਾਪਿਤ ਹੋ ਜਾਣ ਉਪਰੰਤ ਮਸੀਹੀ ਮਿਸ਼ਨਰੀਆਂ ਨੇ ਆਪਣੇ ਧਰਮ ਦੇ ਪ੍ਰਚਾਰ ਦਾ ਕੰਮ ਪੂਰੇ ਜੋਰ-ਸ਼ੋਰ ਨਾਲ ਸ਼ੁਰੂ ਕਰ ਦਿੱਤਾ। ਇਸ ਪ੍ਰਚਾਰ ਦਾ ਅਸਰ ਸਿੱਖਾਂ ਉੱਪਰ ਬਹੁਤ ਡੂੰਘਾ ਪਿਆ। ਸਿੱਖਾਂ ਅੰਦਰ ਮਸੀਹੀਅਤ ਵਿਚ ਪਰਿਵਰਤਿਤ ਹੋਣ ਦਾ ਰੁਝਾਨ ਵਧ ਗਿਆ ਅਤੇ ਸਿੱਖਾਂ ਦੀ ਗਿਣਤੀ ਵਿਚ ਭਾਰੀ ਗਿਰਾਵਟ ਦਰਜ ਕੀਤੀ ਗਈ। ਰਾਜਾ ਹਰਨਾਮ ਸਿੰਘ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਮਸੀਹੀ ਬਣਾ ਲਿਆ ਗਿਆ। ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਨੇ ਮਸੀਹੀ ਬਣਨ ਦਾ ਐਲਾਨ ਕਰ ਦਿੱਤਾ।[1] ਇਸ ਘਟਨਾ ਨੇ ਸਿੱਖ ਪੰਥ ਨੂੰ ਝੰਝੋੜ ਕੇ ਰੱਖ ਦਿੱਤਾ ਅਤੇ ਸਿੱਖ ਧਰਮ ਦੀ ਅਧੋਗਤੀ ਨੂੰ ਰੋਕਣ ਲਈ ਕਿਸੇ ਸੰਸਥਾਂ ਦੇ ਨਿਰਮਾਣ ਦੀ ਵਿਚਾਰ ਹੋਣ ਲੱਗੀ। ਇਸ ਵਿਚਾਰ ਵਿਚੋਂ ਸਿੰਘ ਸਭਾ ਲਹਿਰ ਦੀ ਸ਼ੁਰੂਆਤ ਹੋਈ।

ਉਸ ਸਮੇਂ ਸਿੱਖ ਗੁਰਦੁਆਰਿਆਂ ਉੱਪਰ ਮਹੰਤਾਂ ਕਾ ਕਬਜ਼ਾ ਸੀ ਜਿਸ ਕਾਰਨ ਸਿੱਖ ਗੁਰਧਾਮਾਂ ਵਿਚ ਮਨਮਤਿ ਦਾ ਪ੍ਰਚਾਰ ਵਧ ਗਿਆ ਸੀ। ਸਿੱਖਾਂ ਦੇ ਬਹੁਤੇ ਕਾਰ-ਵਿਹਾਰ ਹਿੰਦੂਆਂ ਵਾਲੇ ਹੋ ਗਏ ਸਨ। 1873 ਈ. ਵਿਚ ਪੰ. ਸ਼ਰਧਾ ਰਾਮ ਫਿਲੌਰੀ ਨੇ ਗੁਰੂ ਕੇ ਬਾਗ, ਅੰਮ੍ਰਿਤਸਰ ਵਿਖੇ ਕਥਾ ਕਰਨੀ ਸ਼ੁਰੂ ਕਰ ਦਿੱਤੀ। ਇਸ ਕਥਾ ਵਿਚ ਉਸ ਨੇ ਗੁਰੂ ਸਾਹਿਬਾਨ ਪ੍ਰਤੀ ਬੜਾ ਕੁਝ ਅਯੋਗ ਕਿਹਾ।[2] ਇਸ ਘਟਨਾਕ੍ਰਮ ਨੇ ਕੁਝ ਸ਼ਰਧਾਵਾਨ ਸਿੱਖਾਂ ਦੇ ਮਨਾਂ ਨੂੰ ਹਲੂਣਾ ਦਿੱਤਾ ਅਤੇ ਉਨ੍ਹਾਂ ਪੰਡਿਤ ਜੀ ਦੇ ਗੁਰੂ-ਨਿੰਦਾ ਵਾਲੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਅਤੇ ਪੰਡਿਤ ਜੀ ਨੂੰ

---

[1] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਲੁਧਿਆਣਾ: ਲਾਹੌਰ ਬੁੱਕ ਸ਼ਾਪ, ਦੂਜੀ ਵਾਰ, 1974, ਪੰਨਾ 13.

[2] ਉਹੀ.

ਸ਼ਾਸਤ੍ਰਾਰਥ ਲਈ ਵੰਗਾਰ ਕੀਤੀ। ਇਹ ਵੇਖ ਕੇ ਪੰਡਿਤ ਜੀ ਤਾਂ ਚਲਦੇ ਬਣੇ ਪਰ ਸਿਖਾਂ ਅੰਦਰ ਅਜਿਹੀ ਜਾਗ੍ਰਿਤੀ ਪੈਦਾ ਹੋਈ ਜੋ ਸਿੰਘ ਸਭਾ ਲਹਿਰ ਦੇ ਰੂਪ ਵਿਚ ਸਾਕਾਰ ਹੋਈ।[3]

ਬਲਬੀਰ ਸਿੰਘ ਨੇ ਪੰ. ਸ਼ਰਧਾ ਰਾਮ ਫਿਲੌਰੀ ਦੇ ਵਿਖਿਆਨ ਨੂੰ ਸਿੰਘ ਸਭਾ ਲਹਿਰ ਸ਼ੁਰੂ ਹੋਣ ਦਾ ਪ੍ਰਮੁੱਖ ਕਾਰਨ ਮੰਨਦੇ ਹੋਏ ਲਿਖਿਆ ਹੈ, "ਇਹ ਗੱਲ ਆਮ ਮਸ਼ਹੂਰ ਹੈ ਕਿ ਸੰਨ 1812 ਈਸਵੀ (1873 ਈ.) ਵਿਚ ਫਿਲੌਰ ਤੋਂ ਇਕ ਪੰਡਿਤ ਸ਼ਰਧਾ ਰਾਮ ਅੰਮ੍ਰਿਤਸਰ ਆਇਆ। ਇਸ ਨੇ ਗੁਰੂ ਕੇ ਬਾਗ ਕਥਾ ਕੀਤੀ। ਇਸ ਤੋਂ ਰੌਲਾ ਪੈ ਗਿਆ। ਸ਼ਰਧਾ ਰਾਮ ਦੀ ਕਥਾ ਵਿਚ ਗੁਰ ਨਿੰਦਿਆ ਸੀ, ਇਸ ਨਾਲ ਸਿਖ ਬਹੁਤ ਝਗੜੇ। ਇਸ ਦੇ ਨਤੀਜੇ ਵਿਚ ਅੰਮ੍ਰਿਤਸਰ ਸਿੰਘ ਸਭਾ ਬਣੀ ਸਮਝੀ ਜਾਂਦੀ ਹੈ।"[4]

ਇਸ ਸਮੇਂ ਦੌਰਾਨ ਮਸੀਹੀ ਮਿਸ਼ਨਰੀਆਂ, ਮਹੰਤਵਾਦ ਅਤੇ ਮਨਮਤਿ ਦਾ ਸਿੱਖੀ ਉੱਪਰ ਪ੍ਰਤੱਖ ਪ੍ਰਭਾਵ ਪਿਆ। ਇਸ ਸਮੇਂ ਸਿੱਖ ਧਰਮ ਅੰਦਰ ਕੋਈ ਕੇਂਦਰੀ ਜਥੇਵੰਦੀ ਨਹੀਂ ਸੀ ਜੋ ਅਜਿਹੇ ਹਾਲਾਤ ਨਾਲ ਨਜਿੱਠ ਸਕਦੀ। ਰਵੇਲ ਸਿੰਘ ਇਸ ਸੰਬੰਧੀ ਲਿਖਦੇ ਹਨ, "ਸਿੱਖ ਇਸ ਸਮੇਂ ਬਿਲਕੁਲ ਸੁੱਤੇ ਹੋਏ ਸਨ, ਉਨ੍ਹਾਂ ਦੀ ਨਾ ਕੋਈ ਧਾਰਮਕ ਤੇ ਨਾ ਕੋਈ ਰਾਜਸੀ ਤਕੜੀ ਜਥੇਬੰਦੀ ਰਹਿ ਗਈ ਸੀ।"[5] ਸੋ ਕੇਂਦਰੀ ਜਥੇਬੰਦੀ ਨਾ ਹੋਣ ਕਾਰਨ ਉਸ ਸਮੇਂ ਦੇ ਮੋਢੀ ਸਿੱਖਾਂ ਨੇ ਸਿੱਖ ਪੰਥ ਨੂੰ ਜਥੇਬੰਦ ਕਰਨ ਲਈ ਯਤਨ ਸ਼ੁਰੂ ਕੀਤੇ ਜਿਸ ਦੇ ਨਤੀਜੇ ਵੱਜੋਂ ਸਿੰਘ ਸਭਾ ਲਹਿਰ ਹੋਂਦ ਵਿਚ ਆਈ। ਸੋ ਸਿੰਘ ਸਭਾ ਲਹਿਰ ਦੇ ਸ਼ੁਰੂ ਹੋਣ ਦੇ ਮੁੱਢਲੇ ਕਾਰਨਾਂ ਵਿਚੋਂ ਇਹ ਵੀ ਇਕ ਪ੍ਰਮੁੱਖ ਕਾਰਨ ਹੈ।

### 3.2. ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ

ਉਪਰੋਕਤ ਦਰਸਾਏ ਕਾਰਨਾਂ ਕਰਕੇ ਜਦੋਂ ਸਿੱਖ ਬੁੱਧੀਜੀਵੀ ਵਰਗ ਚਿੰਤਤ ਹੋਇਆ ਤਾਂ ਸਰਦਾਰ ਠਾਕਰ ਸਿੰਘ ਸੰਧਾਵਾਲੀਆ ਦੀ ਹਿੰਮਤ ਅਤੇ ਸਿਦਕ ਸਦਕਾ ਅੰਮ੍ਰਿਤਸਰ ਸਾਹਿਬ ਵਿਖੇ ਮਜੀਠੀਆਂ ਦੇ ਬੁੰਗੇ ਵਿਚ ਗੁਰਦੁਵਾਰਿਆਂ ਦੇ ਗ੍ਰੰਥੀਆਂ, ਗਿਆਨੀਆਂ ਅਤੇ ਹੋਰ ਸਿੱਖ ਧਰਮ ਦੀਆਂ ਪ੍ਰਮੁੱਖ ਸ਼੍ਰੇਣੀਆਂ ਦਾ ਇਕੱਠ ਸੱਦਿਆ ਗਿਆ। ਇਸ ਇਕੱਠ ਵਿਚ ਉਸ ਸਮੇਂ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਜਿਨ੍ਹਾਂ ਵਿਚ ਕੰਵਰ ਬਿਕ੍ਰਮ ਸਿੰਘ ਕਪੂਰਥਲਾ, ਬਾਬਾ ਖੇਮ ਸਿੰਘ ਬੇਦੀ ਆਦਿ ਸ਼ਾਮਿਲ ਸਨ। ਇਸ ਇਕੱਠ ਵਿਚ ਮਸੀਹੀਅਤ ਅਤੇ ਹੋਰ ਲੋਕਾਂ ਦੇ ਸਿੱਖ ਧਰਮ ਉੱਪਰ ਹਮਲੇ ਰੋਕਣ ਅਤੇ ਗੁਰਮਤਿ ਪ੍ਰਚਾਰ ਲਈ 'ਸ੍ਰੀ ਗੁਰੂ ਸਿੰਘ ਸਭਾ' ਦੀ ਸਥਾਪਨਾ ਕੀਤੀ ਗਈ।[6]

ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ-ਮਿਤੀ ਸੰਬੰਧੀ ਵਿਦਵਾਨਾਂ ਦੇ ਦੋ-ਤਿੰਨ ਹਵਾਲੇ ਮਿਲਦੇ ਹਨ, ਜਿਹੜੇ ਥੋੜੇ ਬਹੁਤ ਫ਼ਰਕ ਨਾਲ ਲਗਪਗ ਇਕੋ ਮਿਤੀ ਉੱਪਰ ਸਹਿਮਤ ਹਨ। ਜਗਜੀਤ ਸਿੰਘ ਸ੍ਰੀ ਗੁਰੂ ਸਿੰਘ ਸਭਾ,

---

[3] ਉਹੀ.

[4] ਬਲਵੀਰ ਸਿੰਘ, *ਸ੍ਰੀ 'ਚਰਨਿ ਹਰਿ' ਵਿਸਥਾਰ*, ਜਿਲਦ 1, ਸੈਂਚੀ 2, ਅੰਮ੍ਰਿਤਸਰ, 1941, ਪੰਨਾ 61.

[5] ਰਵੇਲ ਸਿੰਘ ਬੀ. ਏ., *ਸਿੱਖ ਰਾਜ ਪਿੱਛੋਂ*, ਅੰਮ੍ਰਿਤਸਰ: ਅਜੀਤ ਬੁਕ ਏਜੰਸੀ, ਮਿਤੀਹੀਨ, ਪੰਨਾ 38.

[6] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ 15.

ਅੰਮ੍ਰਿਤਸਰ ਦੀ ਸਥਾਪਨਾ-ਮਿਤੀ 1873 ਈ. ਵਿਚ ਅਸੂ ਸੁਦੀ ਦਸ ਲਿਖਦੇ ਹਨ।[7] ਸ਼ਮਸ਼ੇਰ ਸਿੰਘ ਅਸ਼ੋਕ 15 ਸਾਵਣ, 1873 ਈ. ਮੰਨਦੇ ਹਨ।[8] ਗੁਰਦੇਵ ਸਿੰਘ ਸਿੱਧੂ ਨੇ ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ-ਮਿਤੀ 28 ਜੁਲਾਈ, 1873 ਈ. ਦਿੱਤੀ ਹੈ।[9] ਜੋਧ ਸਿੰਘ[10] ਅਤੇ ਸਰਬਜਿੰਦਰ ਸਿੰਘ[11] ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ 30 ਜੁਲਾਈ, 1873 ਈ. ਮੰਨਦੇ ਹਨ। ਰਤਨ ਸਿੰਘ ਜੱਗੀ ਗੁਰੂ ਗ੍ਰੰਥ ਵਿਸ਼ਵਕੋਸ਼ ਵਿਚ ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ-ਮਿਤੀ 28 ਜੁਲਾਈ, 1873 ਈ. ਹੀ ਲਿਖਦੇ ਹਨ।[12] ਇਸ ਤਰ੍ਹਾਂ ਇਨ੍ਹਾਂ ਮਿਤੀਆਂ ਵਿਚ ਥੋੜ੍ਹਾ ਬਹੁਤ ਫ਼ਰਕ ਮਿਲਦਾ ਹੈ ਪਰ 28 ਜੁਲਾਈ, 1873 ਈ. ਉੱਪਰ ਬਹੁਤੇ ਵਿਦਵਾਨ ਸਹਿਮਤ ਹਨ। ਅਸੀਂ ਵੀ ਸਿੰਘ ਸਭਾ, ਅੰਮ੍ਰਿਤਸਰ ਦੀ ਸਥਾਪਨਾ ਮਿਤੀ ਇਹੀ ਮੰਨੀ ਹੈ।

ਸ੍ਰੀ ਗੁਰੂ ਸਿੰਘ ਸਭਾ ਦਾ ਪਹਿਲਾ ਪ੍ਰਧਾਨ ਸਰਦਾਰ ਠਾਕਰ ਸਿੰਘ ਸੰਧਾਵਾਲੀਆ ਨੂੰ ਬਣਾਇਆ ਗਿਆ ਅਤੇ ਸਕੱਤਰ ਗਿਆਨੀ ਗਿਆਨ ਸਿੰਘ ਨੂੰ ਥਾਪਿਆ ਗਿਆ। ਸਰਦਾਰ ਅਮਰ ਸਿੰਘ ਨੂੰ ਮੀਤ ਸਕੱਤਰ ਅਤੇ ਖਜਾਨਚੀ ਦਾ ਆਹੁਦਾ ਭਾਈ ਧਰਮ ਸਿੰਘ ਬੰਗਾ ਮਜੀਠੀਆ ਵਾਲੇ ਨੂੰ ਸੌਂਪਿਆ ਗਿਆ।[13] ਸਿੰਘ ਸਭਾ ਵਿਚ ਬਤੌਰ ਮੈਂਬਰ ਸ਼ਾਮਿਲ ਹੋਣ ਲਈ ਬਾਕਾਇਦਾ ਨਿਯਮ ਬਣਾਏ ਗਏ ਅਤੇ ਤਖ਼ਤ ਸਾਹਿਬਾਂ ਤੇ ਹੋਰ ਇਤਿਹਾਸਕ ਗੁਰਦੁਆਰਿਆਂ ਵੱਲੋਂ ਇਸ ਸਭਾ ਦੀ ਹਮਦਰਦੀ ਲਈ ਹੁਕਮ ਨਾਮੇ ਹਾਸਿਲ ਕੀਤੇ ਗਏ।[14] ਕੋਈ ਵੀ ਸਿੱਖ ਜੋ ਗੁਰਮਤਿ ਵਿਚ ਰੱਖਦਾ ਹੋਵੇ, ਸਿੰਘ ਸਭਾ ਦਾ ਮੈਂਬਰ ਬਣ ਸਕਦਾ ਸੀ। ਉਸ ਨੂੰ ਸਭਾ ਪ੍ਰਤੀ ਵਫ਼ਾਦਾਰ ਹੋਣ ਅਤੇ ਸਿੱਖੀ ਦੀ ਸੇਵਾ ਕਰਨ ਦੀ ਸੁਹੰ ਚੁੱਕਣੀ ਪੈਂਦੀ ਸੀ। ਸ਼ੁਰੂ ਵਿਚ ਇਸ ਸਭਾ ਦੇ 95 ਮੈਂਬਰ ਸਨ ਜਿਨ੍ਹਾਂ ਦੀ ਗਿਣਤੀ ਬਾਅਦ ਵਿਚ ਵਧਦੀ ਗਈ। ਇਸ ਸਭਾ ਦੇ ਪ੍ਰਬੰਧ ਲਈ ਇਕ ਕਾਰਜਪਾਲਿਕਾ ਕਮੇਟੀ ਬਣਾਈ ਗਈ। ਸਭਾ ਦੇ ਸਾਰੇ ਫ਼ੈਸਲੇ ਗੁਰਮਤਿ ਅਨੁਸਾਰ ਲਏ ਜਾਣ ਦਾ ਵਿਧਾਨ ਸ਼ੁਰੂ ਕੀਤਾ ਗਿਆ।[15]

ਜੋਧ ਸਿੰਘ ਦੁਆਰਾ ਸੰਪਾਦਿਤ ਸਿੱਖ ਧਰਮ ਵਿਸ਼ਵਕੋਸ਼ ਅਨੁਸਾਰ ਸਿੰਘ ਸਭਾ ਦੇ ਮੁੱਖ ਉਦੇਸ਼ ਇਹ ਸਨ:[16]

ੳ. ਅਸਲ ਸਿੱਖ ਧਰਮ ਦਾ ਪ੍ਰਚਾਰ ਕਰਨਾ ਅਤੇ ਸਿੱਖ ਧਰਮ ਦੀ ਆਪਣੀ ਪੁਰਾਤਨ ਸ਼ਾਨ ਨੂੰ ਬਹਾਲ ਕਰਨਾ।

---

[7] ਉਹੀ.

[8] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਨਿਆਮਤ ਪੁਰੀ: ਕਵਿਰਾਜ ਨਾਰਾਇਣ ਸਿੰਘ 'ਵੱਲਭ', 1954, ਪੰਨਾ 163.

[9] ਗੁਰਦੇਵ ਸਿੰਘ ਸਿੱਧੂ, *ਪ੍ਰੋ. ਗੁਰਮੁਖ ਸਿੰਘ: ਜੀਵਨ ਤੇ ਰਚਨਾ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1989, ਪੰਨਾ 5.

[10] ਜੋਧ ਸਿੰਘ (ਮੁਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼*, ਪਹਿਲੀ ਸੈਂਚੀ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2008, ਪੰਨਾ 500.

[11] ਸਰਬਜਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਸਥਾਪਨਾ ਤੇ ਸੰਪ੍ਰਦਾਇਕ ਯੋਗਦਾਨ*, ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ (ਭਾਗ ਤੀਜਾ), ਸਰਬਜਿੰਦਰ ਸਿੰਘ (ਸੰਪਾ.), ਪਟਿਆਲਾ: ਪੰਜਾਬੀ ਯੂਨੀਵਰਸਿਟੀ, 2007, ਪੰਨਾ 350.

[12] ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼*, ਭਾਗ ਪਹਿਲਾ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2002, ਪੰਨਾ 187.

[13] ਸਰਬਜਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਸਥਾਪਨਾ ਤੇ ਸੰਪ੍ਰਦਾਇਕ ਯੋਗਦਾਨ*, ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ (ਭਾਗ ਤੀਜਾ), ਸਰਬਜਿੰਦਰ ਸਿੰਘ (ਸੰਪਾ.), ਪੰਨਾ 350.

[14] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 164.

[15] ਹਰਬੀਰ ਕੌਰ, *ਗਿਆਨੀ ਦਿੱਤ ਸਿੰਘ ਦੀ ਸਿੰਘ ਸਭਾ ਲਹਿਰ ਨੂੰ ਦੇਣ*, ਪਰਮਵੀਰ ਸਿੰਘ (ਨਿਗਰਾਨ), ਪੀ.ਐੱਚ.ਡੀ. ਥੀਸਿਸ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2009, ਪੰਨਾ 14.

[16] ਜੋਧ ਸਿੰਘ (ਮੁਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼*, ਪਹਿਲੀ ਸੈਂਚੀ, ਪੰਨਾ 500.

ਅ. ਇਤਿਹਾਸਿਕ ਅਤੇ ਧਾਰਮਿਕ ਪੁਸਤਕਾਂ ਦਾ ਸੰਪਾਦਨ ਕਰਨਾ, ਛਾਪਣਾ ਅਤੇ ਵੰਡਣਾ।

ੲ. ਮੌਜੂਦਾ ਗਿਆਨ ਦਾ ਪੰਜਾਬੀ ਭਾਸ਼ਾ ਵਿਚ ਪ੍ਰਚਾਰ ਕਰਨਾ ਅਤੇ ਪੰਜਾਬੀ ਵਿਚ ਮੈਗਜ਼ੀਨ ਅਤੇ ਅਖ਼ਬਾਰ ਸ਼ੁਰੂ ਕਰਨੇ।

ਸ. ਸਿੱਖ ਧਰਮ ਛੱਡਣ ਵਾਲਿਆਂ ਨੂੰ ਸੁਧਾਰਨਾ ਅਤੇ ਵਾਪਸ ਸਿੱਖ ਧਰਮ ਵਿਚ ਲਿਆਉਣਾ।

ਜਗਜੀਤ ਸਿੰਘ ਸ੍ਰੀ ਗੁਰੂ ਸਿੰਘ ਸਭਾ ਦੇ ਖਾਸ ਨਿਯਮ ਹੇਠ ਲਿਖੇ ਅਨੁਸਾਰ ਦੱਸਦੇ ਹਨ:[17]

ੳ. ਤਮਾਮ ਸਿਖ ਭਾਈ ਅਤੇ ਖਾਲਸਾ ਜੀ ਨੂੰ ਸਿਖੀ ਧਰਮ ਦੇ ਨਾਲ ਪਿਆਰ ਰਖਣਾ।

ਅ. ਇਸ ਸਰੇਸ਼ਟ ਧਰਮ ਦੇ ਨਿਯਮਾਂ ਨੂੰ ਪ੍ਰਗਟ ਕਰਨਾ ਅਤੇ ਥਾਂ ਪਰ ਥਾਂ ਇਸ ਸਰੇਸ਼ਟ ਧਰਮ ਦੀ ਚਰਚਾ ਕਰਨੀ।

ੲ. ਜਿਨ੍ਹਾਂ ਪੋਥੀਆਂ ਕਿਤਾਬਾਂ ਵਿਚ ਇਸ ਧਰਮ ਦੀ ਵਡਿਆਈ ਤੇ ਭਲਿਆਈ ਪਾਈ ਜਾਂਦੀ ਹੈ, ਉਹਨਾਂ ਨੂੰ ਛਪਵਾ ਕੇ ਪ੍ਰਗਟ ਕਰਨਾ।

ਸ. ਸੰਪ੍ਰਦਾਇ ਬਾਣੀ ਨੂੰ ਪ੍ਰਗਟ ਕਰਨਾ ਅਤੇ ਉਹਨਾਂ ਤਾਰੀਖੀ ਮਜ਼੍ਹਬੀ ਪੋਥੀਆਂ ਨੂੰ (ਜੈਸੇ ਜਨਮ-ਸਾਖੀ ਅਤੇ ਗੁਰ-ਪ੍ਰਨਾਲੀ ਆਦਿਕ) ਜਿਨ੍ਹਾਂ ਵਿਚ ਕਿਸੀ ਤਰ੍ਹਾਂ ਦਾ ਕੁਝ ਸ਼ੰਸ਼ਾ ਹੈ, ਓਨ੍ਹਾ ਨੂੰ ਅਸਲੇ ਕਢਾਇਕੇ ਅੱਗਾ ਪਿਛਾ ਵੇਖ ਕੇ ਸ਼ੁਧ ਕਰਨਾ।

ਹ. ਪੰਜਾਬੀ ਜ਼ਬਾਨ ਦਵਾਰਾ ਇਲਮ ਮੁਰੱਵਜੇ ਦੀ ਉਨਤੀ ਕਰਨੀ ਅਤੇ ਇਸ ਅਭਿਪ੍ਰਾਇ ਨਾਲ ਰਸਾਲੇ ਤੇ ਅਖਬਾਰਾਂ ਨਿਕਾਲਣੀਆਂ।

ਕ. ਜੋ ਲੋਕ ਸਿਖੀ ਧਰਮ ਦੇ ਵਿਰੋਧੀ ਹਨ ਅਥਵਾ ਜਿਨ੍ਹਾਂ ਇਸ ਦੇ ਵਿਰੁੱਧ ਕੁਝ ਕਿਹਾ ਅਥਵਾ ਸੁਣਿਆ ਹੈ ਅਥਵਾ ਜੋ ਲੋਕ ਤਖ਼ਤਾਂ ਤੋਂ ਖ਼ਾਰਜ ਹਨ ਅਥਵਾ ਜਿਹੜੇ ਆਪਣਾ ਧਰਮ ਛਡ ਕੇ ਦੂਸਰੇ ਧਰਮ ਤੇ ਸਭਾ ਸਮਾਜ ਵਿਚ ਜਾ ਰਲੇ ਹੋਣ, ਅਥਵਾ ਜਿਨ੍ਹਾਂ ਨੇ ਆਪਣੇ ਕੇਸਾਂ ਦੀ ਬੇਅਦਬੀ ਕਰਾਈ ਹੋਵੇ ਅਥਵਾ ਜੋ ਸਰਕਾਰ ਦੇ ਨਜ਼ਦੀਕ ਮੁਫ਼ਸਦ ਗਿਣੇ ਗਏ ਹੋਣ, ਅਥਵਾ ਜੋ ਸੁਲਹ, ਮਿੱਲਤ ਤੇ ਭਲਾਈ ਕੌਮ ਦੇ ਵਿਰੋਧੀ ਹੋਣ, ਸਿੰਘ ਸਭਾ ਦੇ ਮੈਂਬਰ ਨਹੀਂ ਬਣ ਸਕਦੇ, ਮਗਰ ਜਦ ਇਹਨਾਂ ਵਿਚੋਂ ਕੋਈ ਪਿਛਲੀ ਕੀਤੀ ਤੋਂ ਤਨਖਾਹ ਲੁਆਵੇ ਤੇ ਅਗੇ ਸਭਾ ਦੀ ਰਾਇ ਹੋ ਜਾਵੇ ਤਾਂ ਮਿਲ ਸਕਦੇ ਹਨ।

ਖ. ਵਡੇ ਮਰਤਬੇ ਵਾਲੇ ਅੰਗਰੇਜ਼ ਬਹਾਦਰ ਵਿਦਿਆ ਸ਼ਾਖ ਦੇ ਮੈਂਬਰ ਬਣ ਸਕਦੇ ਹਨ। ਹੋਰ ਕੌਮਾਂ ਤੇ ਪੰਥਾਂ ਦੇ ਲੋਕ ਵੀ ਇਸ ਸਭਾ ਦੇ ਮੈਂਬਰ ਤਦ ਬਣ ਸਕਦੇ ਹਨ ਜਦ ਪਕੀ ਤਰ੍ਹਾਂ ਮਲੂਮ ਹੋ ਜਾਵੇ ਜੋ ਉਹ ਸਿਖੀ ਧਰਮ ਤੇ ਪੰਜਾਬੀ ਜ਼ਬਾਨ ਦੇ ਖੈਰ ਖ੍ਵਾਹ ਹਨ।

ਙ. ਕਿਸੀ ਦੂਸਰੇ ਮਤ ਦੇ ਵਿਰੁੱਧ ਕਹਿਣਾ ਸੁਣਨਾ ਅਥਵਾ ਲਿਖਣਾ ਸ੍ਰੀ ਗੁਰੂ ਸਿੰਘ ਸਭਾ ਦਾ ਕੰਮ ਨਹੀਂ।

ਘ. ਸ੍ਰੀ ਗੁਰੂ ਸਿੰਘ ਸਭਾ ਵਿਚ ਕੋਈ ਗੱਲ-ਬਾਤ ਸਰਕਾਰ ਦੇ ਤਲਕ ਨਹੀਂ ਕੀਤੀ ਜਾਵੇਗੀ।

---

[17] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ 17.

ਙ. ਵਿੱਦਿਆ ਦੀ ਉੱਨਤੀ ਲਈ ਯਤਨ ਕਰਨੇ।

ਸਿੰਘ ਸਭਾ ਦੇ ਮਨੋਰਥ ਨੂੰ ਸਪਸ਼ਟ ਕਰਦੇ ਹੋਏ ਸ਼ਮਸ਼ੇਰ ਸਿੰਘ ਅਸ਼ੋਕ ਨੇ ਲਿਖਿਆ ਹੈ, "ਸ੍ਰੀ ਗੁਰੂ ਸਿੰਘ ਸਭਾ ਦਾ ਮਨੋਰਥ ਸਿੱਖਾਂ ਵਿਚੋਂ ਕੁਰੀਤੀਆਂ ਨੂੰ ਦੂਰ ਕਰਨਾ ਤੇ ਗੁਰ ਸਿੱਖੀ ਦੀ ਅਸਲ ਮਰਯਾਦਾ ਨੂੰ ਪੰਥ ਵਿਚ ਮੁੜ ਨਵੇਂ ਸਿਰਿਓਂ ਕਾਇਮ ਕਰਨਾ ਸੀ।"[18] ਜਗਜੀਤ ਸਿੰਘ ਅਨੁਸਾਰ, "ਇਸ ਸਭਾ ਦਾ ਮੁਖ ਮੰਤਵ ਸਿਖ ਧਰਮ ਅਤੇ ਸਮਾਜ ਅੰਦਰ ਆ ਪਈਆਂ ਕੁਰੀਤੀਆਂ ਦੂਰ ਕਰ ਕੇ ਸਿਖ ਧਰਮ ਦੀ ਅਸਲੀ ਮਰਯਾਦਾ ਕਾਇਮ ਕਰਨਾ ਸੀ।"[19] ਗਿਆਨੀ ਗੁਰਦਿੱਤ ਸਿੰਘ ਨੇ ਇਸ ਸੰਬੰਧੀ ਲਿਖਿਆ ਹੈ, "ਸਿੰਘ ਸਭਾ ਲਹਿਰ, ਕੀ ਸੀ? ਗੁਰੂ ਨਾਨਕ ਦੇਵ ਜੀ ਦੇ ਮੌਲਿਕ ਤੇ ਸੁਤੰਤਰ ਧਰਮ-ਮਾਰਗ ਦੀ ਭਾਲ ਤੇ ਪ੍ਰਚਾਲਣ ਦਾ ਇਕ ਬਹੁ-ਪੱਖੀ ਯਤਨ। ਇਸ ਲਹਿਰ ਨੇ ਉਸ ਵੇਲੇ ਮਾਰਗ ਤੋਂ ਭਟਕੀ ਹੋਈ ਸਿੱਖ-ਲੁਕਾਈ ਦਾ ਮਾਰਗ-ਦਰਸ਼ਨ ਕੀਤਾ ਤੇ ਨਾਨਕ-ਪੰਥੀ ਧਰਮ ਦੀ ਧਰੋਹਰ ਲੈ ਕੇ ਅੱਗੇ ਚਲਣ ਦੀ ਓਦੋਂ ਪ੍ਰੇਰਨਾ ਦਿੱਤੀ, ਜਦੋਂ ਸਿੱਖ-ਲੁਕਾਈ ਔਝੜ ਵਿਚ ਪਈ ਹੋਈ ਸੀ। ਜਿੰਨ੍ਹਾਂ ਸੋਝੀਵਾਨ ਸੇਵਕਾਂ ਨੇ ਇਹ ਕਾਰਜ ਆਪਣੇ ਜਿੰਮੇ ਲਿਆ ਤੇ ਨਿਭਾਇਆ, ਉਨ੍ਹਾਂ ਨੇ ਕੇਵਲ ਸੁਧਾਰ ਦੀ ਭਾਵਨਾਂ ਹੀ ਸਾਕਾਰ ਨਹੀਂ ਕੀਤੀ, ਨਰੋਆ ਹੰਭਲਾ ਵੀ ਮਾਰਿਆ ਅਤੇ ਜ਼ਮਾਨੇ ਦੀ ਰਫਤਾਰ ਨਾਲ ਟੁਰਨ ਦੀ ਚੇਤਨਤਾ ਤੇ ਉੱਦਮ ਵੀ ਵਰਤਿਆ।"[20]

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਿੰਘ ਸਭਾ ਦਾ ਮੁੱਖ ਮਨੋਰਥ ਸਿੱਖੀ ਦੇ ਅਸਲ ਸਰੂਪ ਨੂੰ ਮੁੜ ਪ੍ਰਗਟ ਕਰਨਾ, ਗੁਰਮਤਿ ਦਾ ਪ੍ਰਚਾਰ ਕਰਨਾ, ਇਤਿਹਾਸਕ ਗ੍ਰੰਥਾਂ ਦਾ ਸੰਪਾਦਨ ਕਰਕੇ ਸੰਭਾਲਣਾ, ਪੰਜਾਬੀ ਭਾਸ਼ਾ ਦੀ ਉੱਨਤੀ ਲਈ ਯਤਨ ਕਰਨਾ ਅਤੇ ਸਿੱਖਾਂ ਅੰਦਰ ਵਿੱਦਿਆਂ ਦੀ ਲਹਿਰ ਚਲਾਉਣਾ ਆਦਿ ਸੀ।

ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ ਦੀ ਪਹਿਲੀ ਇਕੱਤ੍ਰਤਾ 1 ਅਕਤੂਬਰ, 1873 ਈ. ਨੂੰ ਮੰਜੀ ਸਾਹਿਬ, ਅੰਮ੍ਰਿਤਸਰ ਸਾਹਿਬ ਵਿਖੇ ਹੋਈ। ਇਸ ਤੋਂ ਬਾਅਦ ਇਸ ਸਭਾ ਨੂੰ 'ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ' ਦੇ ਨਾਂ ਹੇਠ ਐਕਟ xxi 1860 ਅਧੀਨ ਰਜਿਸਟਰਡ ਕਰਵਾਇਆ ਗਿਆ।[21]

### 3.3. ਸਿੰਘ ਸਭਾ ਲਹਿਰ ਦਾ ਵਿਕਾਸ

ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ ਵਲੋਂ ਸਿੱਖਿਆ ਦੇ ਖੇਤਰ ਵਿਚ ਪਹਿਲਕਦਮੀ ਕਰਦੇ ਹੋਏ ਅੰਮ੍ਰਿਤਸਰ ਸਾਹਿਬ ਵਿਖੇ ਖ਼ਾਲਸਾ ਸਕੂਲ ਖੋਲ੍ਹਿਆ ਗਿਆ। ਇਸ ਦੇ ਨਾਲ-ਨਾਲ ਗੁਰਮੁਖੀ ਅਖ਼ਬਾਰ ਪ੍ਰਕਾਸ਼ਿਤ ਕੀਤਾ ਜਾਣ ਲੱਗਾ। ਇਸ ਸਭਾ ਦੀ ਇਕੱਤ੍ਰਤਾ ਹਰ ਹਫ਼ਤੇ ਮੰਜੀ ਸਾਹਿਬ, ਅੰਮ੍ਰਿਤਸਰ ਸਾਹਿਬ ਵਿਖੇ ਹੋਣ ਲੱਗੀ। ਇਸ ਤਰ੍ਹਾਂ ਦੀਆਂ ਬੈਠਕਾਂ ਵਿਚ ਸਭਾ ਦੇ ਮੈਂਬਰ ਸਿੱਖ ਸਿਧਾਂਤ, ਇਤਿਹਾਸ ਅਤੇ ਮਰਯਾਦਾ ਆਦਿ ਸੰਬੰਧੀ ਆਪਣੇ ਵਿਚਾਰ ਬੜੇ ਪ੍ਰੇਮ ਅਤੇ ਅਦਬ ਨਾਲ ਪੇਸ਼ ਕਰਦੇ ਸਨ। ਇਸ ਸਭਾ ਦੀਆਂ ਬੈਠਕਾਂ ਵਿਚ ਹੁੰਦੀ ਸਹਿਜਤਾ ਵਾਲੀ ਬਹਿਸ ਨੂੰ ਪੇਸ਼ ਕਰਦੇ ਹੋਏ ਜਗਜੀਤ ਸਿੰਘ ਲਿਖਦੇ ਹਨ, "ਸਿੰਘ ਸਭਾ ਦੀ ਆਪਣੀ ਇਕ ਮਹੀਨੇ ਦੀ ਆਯੂ ਵਿਚ ਹੀ ਕਤਕ

---

[18] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 164.

[19] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ 15.

[20] ਗੁਰਦਿੱਤ ਸਿੰਘ, *ਸਿੰਘ ਸਭਾ ਲਹਿਰ ਨੇ ਸਿੱਖੀ ਨੂੰ ਕਿਹੜੀ ਨਵੀਂ ਨੁਹਾਰ ਦਿੱਤੀ*, ਅੰਮ੍ਰਿਤਸਰ: ਕੇਂਦਰੀ ਸਿੰਘ ਸਭਾ ਕਮੇਟੀ, ਮਿਤੀਹੀਨ, ਪੰਨਾ 3.

[21] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਪਹਿਲਾ, ਪਟਿਆਲਾ: ਗ੍ਰੇਸ਼ੀਅਸ ਬੁਕਸ, 2014, ਪੰਨਾ 319.

ਸੁਦੀ 8 ਸੰਮਤ 404 ਨਾਨਕ ਸ਼ਾਹੀ ਵਾਲੇ ਦਿਨ ਇਹ ਸਿਲਸਿਲਾ ਸ਼ੁਰੂ ਹੋਇਆ ਤੇ ਪਹਿਲਾ ਪ੍ਰਸ਼ਨ ਗਿਆਨੀ ਸਰਦੂਲ ਸਿੰਘ ਜੀ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦੇ ਪਵਿਤ੍ਰ ਦਿਹਾੜੇ ਸਬੰਧੀ ਸੀ। ਆਪ ਜੀ ਦਾ ਮਤ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਜਨਮ ਦਿਹਾੜਾ ਵਿਸਾਖ ਸੁਦੀ 3 ਦਾ ਹੈ। ਇਸ ਪੁਰ ਬੜੀਆਂ ਬਹਿਸਾਂ ਹੋਈਆਂ, ਪਰ ਪਾਰਟੀਬਾਜ਼ੀ ਦਾ ਵਿਖੇਵਾਂ ਨਹੀਂ ਸੀ। ਹਠ ਕੋਈ ਕਰਦਾ ਨਹੀਂ ਸੀ। ਮਤਭੇਦ ਵਾਲੇ ਵਿਦਵਾਨਾਂ ਦੀ ਭੀ ਪੂਰੀ 2 ਕਦਰ ਕੀਤੀ ਜਾਂਦੀ ਸੀ ਜਿਸ ਕਾਰਨ ਹਰ ਇਕ ਖੋਜੀ ਪੂਰੀ ਪੂਰੀ ਤਿਆਰੀ ਕਰ ਇਸ ਬਹਿਸ ਵਿਚ ਹਿੱਸਾ ਲੈਂਦਾ ਸੀ ਤੇ ਦੋਹਾਂ ਪਾਸਿਆਂ ਤੋਂ ਬੜੇ ਬੜੇ ਜ਼ਬਰਦਸਤ ਸਬੂਤ ਦਿਤੇ ਜਾਂਦੇ ਸਨ ਤੇ ਹਰ ਇਕ ਪੁਰਸ਼ ਇਸ ਬਹਿਸ ਵਿਚ ਹਿੱਸਾ ਲੈ ਸਕਦਾ ਸੀ। ਇਹ ਬਹਿਸ ਜ਼ਰੂਰੀ ਹੋਣ ਦੇ ਕਾਰਨ ਪੂਰੇ ਤਿੰਨ ਸਾਲ ਹੁੰਦੀ ਰਹੀ।"[22]

ਇਸ ਤਰ੍ਹਾਂ ਹਰ ਗੁਰਪੁਰਬ ਦੀ ਮਿਤੀ ਸੰਬੰਧੀ ਲੰਬਾ ਸਮਾਂ ਬਹਿਸਾਂ ਹੁੰਦੀਆਂ ਰਹੀਆਂ ਅਤੇ ਕਈ ਸਾਲਾਂ ਪਿੱਛੋਂ ਹਰ ਗੁਰਪੁਰਬ ਦੀ ਮਿਤੀ ਸੰਬੰਧੀ ਖੋਜ ਕਰਕੇ ਇਕ ਗੁਰ-ਪ੍ਰਨਾਲੀ ਤਿਆਰ ਕੀਤੀ ਗਈ। ਇਸ ਨੂੰ 1885 ਈ. ਵਿਚ ਬਣੀ ਗੁਰਮਤ ਗ੍ਰੰਥ ਪ੍ਰਚਾਰਕ ਸਭਾ, ਅੰਮ੍ਰਿਤਸਰ ਨੇ ਟ੍ਰੈਕਟ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ।[23]

ਬਹੁਤ ਥੋੜ੍ਹੇ ਅੰਤਰਾਲ ਵਿਚ ਹੀ ਇਸ ਸਭਾ ਨਾਲ ਬਹੁਤ ਸਾਰੇ ਸੱਜਣ ਜੁੜ ਗਏ। ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ, "ਸਿੱਖਾਂ ਨੂੰ ਉਸ ਸਮੇਂ ਇਸ ਕੰਮ ਵਿਚ ਬੜੀ ਦਿਲਚਸਪੀ ਪ੍ਰਤੀਤ ਹੋਈ ਇਸ ਲਈ ਥੋੜੇ ਦਿਨਾਂ ਵਿਚ ਕਿਤਨੇ ਹੀ ਬੜੇ ਬੜੇ ਗੁਣੀ ਗਿਆਨੀ ਤੇ ਵਿਦਵਾਨ ਇਸ ਸਭਾ ਵਿਚ ਸ਼ਾਮਲ ਹੋ ਗਏ। ਨਿਰਮਲੇ ਤੇ ਖ਼ਾਸ ਕਰਕੇ ਉਦਾਸੀ ਸੰਤ ਵੀ, ਜੋ ਉਸ ਸਮੇਂ ਸਿੱਖਾਂ ਨਾਲੋ ਦੂਰ ਨਹੀਂ ਸਨ ਹੋਏ, ਪ੍ਰਚਾਰ ਦੇ ਇਸ ਕੰਮ ਵਿਚ ਬੜੇ ਉਤਸਾਹ ਨਾਲ ਹਿੱਸਾ ਲੈਣ ਲੱਗੇ।"[24]

### 3.4. ਪ੍ਰੋ. ਗੁਰਮੁਖ ਸਿੰਘ ਦੀ ਸ਼ਮੂਲੀਅਤ

ਸਿੰਘ ਸਭਾ ਲਹਿਰ ਜਿੰਨੇ ਜੋਸ਼ ਅਤੇ ਉਤਸ਼ਾਹ ਨਾਲ ਸ਼ੁਰੂ ਹੋਈ ਸੀ ਕੁਝ ਸਮੇਂ ਬਾਅਦ ਇਹ ਮੱਠੀ ਪੈਣ ਲੱਗ ਪਈ। ਸਿੱਖ ਧਰਮ ਵਿਚ ਇਕ ਰਵਾਇਤ ਪ੍ਰਚਲਿਤ ਹੈ ਕਿ ਜਦੋਂ ਅਕਾਲ ਪੁਰਖ ਇਕ ਰਾਹ ਬੰਦ ਕਰਦਾ ਹੈ ਤਾਂ ਅਨੇਕਾਂ ਰਾਹ ਹੋਰ ਖੋਲ੍ਹ ਦਿੰਦਾ ਹੈ। ਸਿੰਘ ਸਭਾ ਲਹਿਰ ਦੇ ਦੁਬਾਰਾ ਸੁਰਜੀਤ ਹੋਣ ਸਮੇਂ ਵੀ ਕੁਝ ਅਜਿਹਾ ਹੀ ਹੋਇਆ। ਇਹ ਘਟਨਾ ਸੀ ਪ੍ਰੋ. ਗੁਰਮੁਖ ਸਿੰਘ ਦੀ ਸਿੰਘ ਸਭਾ ਲਹਿਰ ਨਾਲ ਜੁੜਨ ਦੀ। ਪ੍ਰੋ. ਗੁਰਮੁਖ ਸਿੰਘ ਨੇ ਇਸ ਲਹਿਰ ਵਿਚ ਦੁਬਾਰਾ ਨਵੀਂ ਰੂਹ ਫੂਕ ਦਿੱਤੀ ਅਤੇ ਸਿੰਘ ਸਭਾ ਲਹਿਰ ਇਕ ਵਾਰ ਫਿਰ ਸਿੱਖ ਸਮਾਜ ਅੰਦਰ ਜਾਗਰੂਕਤਾ ਪੈਦਾ ਕਰਨ ਲਈ ਕੰਮ ਕਰਨ ਲੱਗੀ।

---

[22] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨੇ 15-16.
[23] ਉਹੀ, ਪੰਨਾ 17.
[24] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 164.

ਪ੍ਰੋ. ਗੁਰਮੁਖ ਸਿੰਘ ਦਾ ਜਨਮ ਕਪੂਰਥਲੇ ਇਕ ਗਰੀਬ ਪਰਿਵਾਰ ਵਿਚ 15 ਅਪ੍ਰੈਲ, 1849 ਈ. ਨੂੰ ਹੋਇਆ।[25] ਗੁਰਨੇਕ ਸਿੰਘ ਨੇਕੀ[26] ਅਨੁਸਾਰ ਇਨ੍ਹਾਂ ਦੇ ਪਿਤਾ ਦਾ ਨਾਮ ਵਿਸਾਖਾ ਸਿੰਘ ਸੀ ਪਰ ਸ਼ਮਸ਼ੇਰ ਸਿੰਘ ਅਸ਼ੋਕ ਇਨ੍ਹਾਂ ਦੇ ਪਿਤਾ ਦਾ ਨਾਮ ਬਸਾਵਾ ਸਿੰਘ ਲਿਖਦੇ ਹਨ।[27] ਪਰ ਦੋਵੇਂ ਵਿਦਵਾਨ ਇਸ ਗੱਲ ਉੱਪਰ ਸਹਿਮਤ ਹਨ ਕਿ ਇਨ੍ਹਾਂ ਦੇ ਪਿਤਾ ਚੰਧੜ ਜੱਟ ਸਨ ਅਤੇ ਉਹ ਪਿੰਡ ਚੰਧੜ ਜਿਲਾ ਗੁਜਰਾਂਵਾਲਾ (ਪਾਕਿਸਤਾਨ) ਦੇ ਵਸਨੀਕ ਸਨ।[28]

ਪ੍ਰੋ. ਗੁਰਮੁਖ ਸਿੰਘ ਦੇ ਪਿਤਾ ਜੀ ਬਾਅਦ ਵਿਚ ਕਪੂਰਥਲੇ ਆ ਗਏ ਇਸ ਸੰਬੰਧੀ ਸ਼ਮਸ਼ੇਰ ਸਿੰਘ ਅਸ਼ੋਕ ਲਿਖਦੇ ਹਨ, "ਪਿੰਡ ਦੀ ਜ਼ਮੀਨ ਥੋੜੀ ਸੀ ਇਸ ਲਈ ਭਾਈ ਬਸਾਵਾ ਸਿੰਘ ਜੀ ਪਹਿਲੇ ਪਹਿਲ ਰੁਜ਼ਗਾਰ ਦੇ ਵਸ ਹੋਕੇ ਮਹਾਰਾਜਾ ਸ਼ੇਰ ਸਿੰਘ ਦੇ ਲਾਂਗਰੀਆਂ ਵਿਚ ਭਰਤੀ ਹੋਏ। ਉਸ ਸਮੇਂ ਲਾਹੌਰ ਵਿਚ ਬੜੇ ਤਜਰਬੇਕਾਰ ਖਾਨਸਾਮੇ ਮੌਜੂਦ ਸਨ ਜਿਨ੍ਹਾਂ ਦੇ ਮਾਤਹਿਤ ਬਸਾਵਾ ਸਿੰਘ ਨੇ ਸ਼ਾਹੀ ਖਾਣੇ ਬਣਾਉਣ ਦਾ ਤਜਰਬਾ ਬੜੀ ਮਿਹਨਤ ਨਾਲ ਹਾਸਲ ਕੀਤਾ। ਪਿਛੋਂ ੧੫ ਸਤੰਬਰ ਸੰਨ ੧੮੪੩ ਈ. ਨੂੰ ਜਦ ਮਹਾਰਾਜਾ ਸ਼ੇਰ ਸਿੰਘ ਸੰਧਾਵਾਲੀਏ ਸਰਦਾਰਾਂ ਦੇ ਹੱਥੋਂ ਕਤਲ ਹੋਇਆ ਤਾਂ ਕਮਾਂਡੈਂਟ ਗੰਡਾ ਸਿੰਘ ਦੀ ਸਹਾਇਤਾ ਨਾਲ, ਜੋ ਉਸ ਸਮੇਂ ਮਹਾਰਾਜੇ ਦੇ ਰਸੋਈ ਖ਼ਾਨੇ ਦਾ ਅਫ਼ਸਰ ਸੀ, ਬਸਾਵਾ ਸਿੰਘ ਦੀ ਜਾਣ-ਪਛਾਣ ਰਾਜਾ ਨਿਹਾਲ ਸਿੰਘ ਦੇ ਨਾਲ ਹੋ ਗਈ ਤੇ ਆਪ ਕਪੂਰਥਲੇ ਆ ਗਏ। ਸੰਨ ੧੮੫੨ ਵਿਚ ਰਾਜਾ ਨਿਹਾਲ ਸਿੰਘ ਦਾ ਦੇਹਾਂਤ ਹੋਣ ਤੇ ਪਹਿਲਾਂ ਆਪ ਰਾਜਾ ਰਣਧੀਰ ਸਿੰਘ ਪਾਸ ਤੇ ਫੇਰ ਕੰਵਰ ਬਿਕ੍ਰਮ ਸਿੰਘ ਦੀ ਸੇਵਾ ਵਿਚ ਬਦਲੇ ਗਏ।"[29]

ਪ੍ਰੋ. ਗੁਰਮੁਖ ਸਿੰਘ ਨੇ ਮੁੱਢਲੀ ਵਿੱਦਿਆ ਕਪੂਰਥਲੇ ਵਿਖੇ ਪ੍ਰਾਪਤ ਕੀਤੀ ਅਤੇ ਉਸ ਤੋਂ ਬਾਅਦ ਗੌਰਮਿੰਟ ਕਾਲਜ, ਲਾਹੌਰ ਤੋਂ ਬੀ. ਏ. ਦੀ ਡਿਗਰੀ ਪ੍ਰਾਪਤ ਕੀਤੀ।[30] ਕੰਵਰ ਬਿਕ੍ਰਮ ਸਿੰਘ ਪ੍ਰੋ. ਗੁਰਮੁਖ ਸਿੰਘ ਨੂੰ ਕਾਨੂੰਨ ਦੀ ਪੜ੍ਹਾਈ ਕਰਵਾਉਣਾ ਚਾਹੁੰਦੇ ਸਨ ਪਰ ਪ੍ਰੋ. ਸਾਹਿਬ ਨੇ ਇਸ ਲਈ ਆਪਣੀ ਅਸਹਿਮਤੀ ਪ੍ਰਗਟਾ ਦਿੱਤੀ।[31] ਪ੍ਰੋ. ਗੁਰਮੁਖ ਸਿੰਘ ਚੰਗੇ ਵਿਦਵਾਨ ਹੋਣ ਦੇ ਨਾਲ-ਨਾਲ ਇਕ ਚਿੱਤਰਕਾਰ ਵੀ ਸਨ। ਇਕ ਵਾਰ ਉਨ੍ਹਾਂ ਉਸ ਸਮੇਂ ਦੇ ਪੰਜਾਬ ਸਿੱਖਿਆ ਵਿਭਾਗ ਦੇ ਡਾਇਰੈਕਟਰ ਮਿਸਟਰ ਸੀ. ਪੀਅਰਸਨ ਦਾ ਸੁੰਦਰ ਚਿੱਤਰ ਬਣਾ ਕੇ ਉਸ ਨੂੰ ਭੇਂਟ ਕੀਤਾ ਸੀ। ਜਿਸ ਨੂੰ ਵੇਖ ਕੇ ਉਹ ਪ੍ਰੋ. ਗੁਰਮੁਖ ਸਿੰਘ ਦੀ ਚਿੱਤਰਕਾਰੀ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੇ ਪ੍ਰੋ. ਗੁਰਮੁਖ ਸਿੰਘ ਨੂੰ ਇੰਜਨੀਅਰਿੰਗ ਦੀ ਪੜ੍ਹਾਈ ਲਈ ਰੁੜਕੀ ਭੇਜਣ ਦੀ ਪੇਸ਼ਕਸ਼ ਕੀਤੀ ਪਰ ਪ੍ਰੋ. ਸਾਹਿਬ ਨੇ ਇਸ ਵਾਸਤੇ ਵੀ ਨਾਂਹ ਕਰ ਦਿੱਤੀ।[32]

---

[25] ਗੁਰਨੇਕ ਸਿੰਘ ਨੇਕੀ, *ਸਿੰਘ ਸਭਾ ਲਹਿਰ ਦੇ ਉਸਰੱਈਏ*, ਅੰਮ੍ਰਿਤਸਰ: ਲਿਟਰੇਚਰ ਹਾਊਸ, ਪੁਤਲੀ ਘਰ, 1985, ਪੰਨਾ 21.
[26] ਉਹੀ.
[27] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 167.
[28] ਗੁਰਨੇਕ ਸਿੰਘ ਨੇਕੀ, *ਸਿੰਘ ਸਭਾ ਲਹਿਰ ਦੇ ਉਸਰੱਈਏ*, ਪੰਨਾ 21 ਅਤੇ ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 167.
[29] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 167.
[30] ਗੁਰਦੇਵ ਸਿੰਘ ਸਿੱਧੂ, *ਪ੍ਰੋ. ਗੁਰਮੁਖ ਸਿੰਘ ਜੀਵਨ ਤੇ ਰਚਨਾ*, ਪੰਨੇ 9-10.
[31] ਉਹੀ, ਪੰਨਾ 10.
[32] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 169.

ਕੰਵਰ ਬਿਕ੍ਰਮ ਸਿੰਘ ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ ਦੇ ਮੋਢੀ ਆਗੂਆਂ ਵਿਚੋਂ ਇਕ ਸਨ। ਇਸ ਲਈ ਉਹ ਸਿੰਘ ਸਭਾ ਦੀਆਂ ਸਰਗਰਮੀਆਂ ਵਿਚ ਵਧ-ਚੜ ਕੇ ਹਿੱਸਾ ਲੈਂਦੇ ਸਨ। ਪ੍ਰੋ. ਗੁਰਮੁਖ ਸਿੰਘ ਜੀ ਵੀ ਉਸ ਸਮੇਂ ਕੰਵਰ ਬਿਕ੍ਰਮ ਸਿੰਘ ਦੀ ਦੇਖ-ਰੇਖ ਹੇਠ ਵਿੱਦਿਆ ਪ੍ਰਾਪਤ ਕਰ ਰਹੇ ਸਨ। ਕੰਵਰ ਬਿਕ੍ਰਮ ਸਿੰਘ ਪ੍ਰੋ. ਗੁਰਮੁਖ ਸਿੰਘ ਨਾਲ ਕਾਫੀ ਸਨੇਹ ਰਖਦੇ ਸਨ। ਇਸ ਲਈ ਜਦੋਂ ਵੀ ਕੰਵਰ ਬਿਕ੍ਰਮ ਸਿੰਘ, ਸਿੰਘ ਸਭਾ ਦੀ ਕਿਸੇ ਇਕੱਤਰਤਾ ਵਿਚ ਸ਼ਾਮਿਲ ਹੋਣ ਲਈ ਜਾਂਦੇ ਤਾਂ ਪ੍ਰੋ. ਗੁਰਮੁਖ ਸਿੰਘ ਜੀ ਵੀ ਉਨ੍ਹਾਂ ਦੇ ਨਾਲ ਹੀ ਜਾਂਦੇ ਸਨ। ਸੋ, ਸਿੰਘ ਸਭਾ ਲਹਿਰ ਦੀਆਂ ਇਕੱਤਰਤਾਵਾਂ ਵਿਚ ਸ਼ਮੂਲੀਅਤ ਕਾਰਨ ਪ੍ਰੋ. ਗੁਰਮੁਖ ਸਿੰਘ ਉਸ ਸਮੇਂ ਦੇ ਸਿੱਖ ਸਮਾਜ ਦੇ ਹਾਲਾਤ ਤੋਂ ਭਲੀਭਾਂਤ ਜਾਣੂੰ ਸਨ। ਉਹ ਸਿੱਖ ਪੰਥ ਵਿਚ ਜਾਗਰੂਕਤਾ ਪੈਦਾ ਕਰਨ ਲਈ ਮਾਨਸਿਕ ਤੌਰ ’ਤੇ ਤਿਆਰ ਹੋ ਰਹੇ ਸਨ।[33]

ਪ੍ਰੋ. ਗੁਰਮੁਖ ਦੇ ਨੌਕਰੀ ਪੇਸ਼ੇ ਬਾਰੇ ਗੁਰਦੇਵ ਸਿੰਘ ਸਿਧੂ ਨੇ ਲਿਖਿਆ ਹੈ, “ਬੀ.ਏ. ਪਾਸ ਕਰਨ ਤੋਂ ਕੁਝ ਸਮਾਂ ਪਿੱਛੋਂ ਭਾਈ ਗੁਰਮੁਖ ਸਿੰਘ 1877 ਈਸਵੀ ਵਿਚ ਓਰੀਐਂਟਲ ਕਾਲਜ, ਲਾਹੌਰ ਦੇ ਹਿੰਦੀ ਵਿਭਾਗ ਵਿਚ ਸੈਕਿੰਡ ਟੀਚਰ ਨਿਯੁਕਤ ਹੋ ਗਏ। ਇਸ ਕਾਲਜ ਵਿਚ ਵਿਦਿਆਰਥੀਆਂ ਨੂੰ ਸੰਸਕ੍ਰਿਤ, ਅਰਬੀ ਅਤੇ ਪਰਸ਼ੀਅਨ ਦੀ ਉਚੇਰੀ ਪੜ੍ਹਾਈ ਕਰਵਾਏ ਜਾਣ ਦੇ ਨਾਲ ਨਾਲ ਉਹਨਾਂ ਨੂੰ ਹਿੰਦੀ ਜਾਂ ਉਰਦੂ ਦੇ ਮਾਧਿਅਮ ਦੁਆਰਾ ਗਣਿਤ ਇਤਿਹਾਸ ਅਤੇ ਫ਼ਿਲਾਸਫ਼ੀ ਆਦਿ ਵਿਸ਼ੇ ਵੀ ਪੜ੍ਹਾਏ ਜਾਂਦੇ ਸਨ। ਭਾਈ ਗੁਰਮੁਖ ਸਿੰਘ ਦੀ ਨਿਯੁਕਤੀ ਇਹਨਾਂ ਵਿਸ਼ਿਆਂ ਨੂੰ ਹਿੰਦੀ ਵਿਚ ਪੜ੍ਹਾਉਣ ਲਈ ਕੀਤੀ ਗਈ। ਭਾਈ ਗੁਰਮੁਖ ਸਿੰਘ ਓਰੀਐਂਟਲ ਕਾਲਜ ਦੇ ਹਿੰਦੀ ਵਿਭਾਗ ਵਿਚ ਹੀ ਪਦ-ਉਨੱਤੀ ਕਰਦਿਆਂ 1881 ਈਸਵੀ ਵਿਚ ਅਸਿਸਟੈਂਟ ਪ੍ਰੋਫੈਸਰ ਅਤੇ 1887 ਵਿਚ Alexandra Reader ਵਜੋਂ ਨਿਯੁਕਤ ਹੋਏ। ਉਹਨਾਂ ਦੀ ਅਗਲੀ ਸਾਰੀ ਜ਼ਿੰਦਗੀ ਇਸ ਕਾਲਜ ਵਿਚ ਇਸੇ ਪਦਵੀ ਉਤੇ ਸੇਵਾ ਕਰਦਿਆਂ ਬਤੀਤ ਹੋਈ। ਅਸਿਸਟੈਂਟ ਪ੍ਰੋਫੈਸਰ ਬਣਨ ਤੋਂ ਹੀ ਉਹਨਾਂ ਦੇ ਨਾਉਂ ਨਾਲ ਪ੍ਰੋਫੈਸਰ ਸ਼ਬਦ ਲਿਖਿਆ-ਬੋਲਿਆ ਜਾਣ ਲੱਗ ਪਿਆ।”[34]

ਪ੍ਰੋ. ਗੁਰਮੁਖ ਸਿੰਘ 1873 ਈ. ਤੋਂ ਹੀ ਕੰਵਰ ਬਿਕ੍ਰਮ ਸਿੰਘ ਦੇ ਰਾਹੀਂ ਸਿੰਘ ਸਭਾ ਲਹਿਰ ਨਾਲ ਜੁੜੇ ਹੋਏ ਸਨ। ਲਾਹੌਰ ਨੌਕਰੀ ਕਰਦੇ ਦਮੇਂ ਉਹ ਡਿਊਟੀ ਭੁਗਤਾਉਣ ਤੋਂ ਬਾਅਦ ਬਾਕੀ ਸਮਾਂ ਸਿੰਘ ਸਭਾ ਲਹਿਰ ਦੀਆਂ ਸਰਗਰਮੀਆਂ ਵਿਚ ਲਾਉਂਦੇ ਸਨ ਅਤੇ ਇਸ ਲਹਿਰ ਦੇ ਸਮਾਗਮਾਂ ਵਿਚ ਵਧ-ਚੜ ਕੇ ਭਾਗ ਲੈਂਦੇ ਸਨ।[35] ਦੋ-ਕੁ ਸਾਲ ਬਾਅਦ ਸਿੰਘ ਸਭਾ ਲਹਿਰ ਥੋੜ੍ਹੀ ਮੱਠੀ ਪੈ ਗਈ ਤਾਂ ਪ੍ਰੋ. ਗੁਰਮੁਖ ਸਿੰਘ ਇਸ ਪ੍ਰਤੀ ਬਹੁਤ ਚਿੰਤਤ ਹੋਏ। ਉਨ੍ਹਾਂ 1876 ਈ. ਵਿਚ ਇਸ ਲਹਿਰ ਨੂੰ ਮੁੜ ਸੁਰਜੀਤ ਕਰਨ ਲਈ ਇਕ ਉਸਾਰੂ ਪ੍ਰੋਗਰਾਮ ਉਲੀਕਿਆ ਜਿਸ ਵਿਚ ਨਿਮਨ ਵਿਚਾਰਾਂ[36] ਨੂੰ ਪ੍ਰਮੁੱਖਤਾ ਦਿੱਤੀ ਗਈ:

---

[33] ਗੁਰਦੇਵ ਸਿੰਘ ਸਿੱਧੂ, *ਪ੍ਰੋ. ਗੁਰਮੁਖ ਸਿੰਘ ਜੀਵਨ ਤੇ ਰਚਨਾ*, ਪੰਨਾ 10.
[34] ਉਹੀ, ਪੰਨੇ 10-11.
[35] ਉਹੀ, ਪੰਨਾ 11.
[36] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 170.

(ੳ). ਪੰਜਾਬੀ ਬੋਲੀ ਵਿਚ ਪੰਜਾਬੀ ਸਾਹਿਤ ਪੈਦਾ ਕੀਤਾ ਜਾਵੇ।

(ਅ). ਸਿੱਖਾਂ ਨੂੰ ਧਾਰਮਿਕ ਤੇ ਵਿਹਾਰਿਕ ਵਿੱਦਿਆ ਦੇਣ ਦੇ ਜਤਨ ਕੀਤੇ ਜਾਣ।

(ੲ). ਅਨਮਤ ਜਾਂ ਮਨਮਤ ਵਿਚ ਘੁਲਮਿਲ ਰਹੇ ਸਿੱਖਾਂ ਨੂੰ ਇਸ ਪਾਸਿਓਂ ਰੋਕ ਕੇ ਪੱਕੇ ਸਿੱਖ ਬਣਾਉਣ ਦੇ ਉਪਰਾਲੇ ਕੀਤੇ ਜਾਣ।

(ਸ). ਅੰਗ੍ਰੇਜ਼ੀ ਹਕੂਮਤ ਨਾਲ ਜੁੜ ਕੇ ਚੱਲਿਆ ਜਾਵੇ।

ਇਸ ਤਰ੍ਹਾਂ ਪ੍ਰੋ. ਗੁਰਮੁਖ ਦੇ ਯਤਨਾਂ ਸਦਕਾ ਇਕ ਵਾਰ ਫਿਰ ਸਿੰਘ ਸਭਾ ਲਹਿਰ ਸਿੱਖ ਸਮਾਜ ਅੰਦਰ ਆਪਣੇ ਧਰਮ, ਪਰੰਪਰਾ ਤੇ ਮਰਯਾਦਾ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਸਰਗਰਮ ਹੋ ਗਈ। ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ ਦੇ ਮੋਢੀ ਆਗੂਆਂ ਨੂੰ ਪ੍ਰੋ. ਗੁਰਮੁਖ ਸਿੰਘ ਦਾ ਉਲੀਕਿਆ ਇਹ ਪ੍ਰੋਗਰਾਮ ਪਸੰਦ ਆਇਆ ਅਤੇ ਉਨ੍ਹਾਂ ਪ੍ਰੋ. ਗੁਰਮੁਖ ਸਿੰਘ ਦੀ ਇਸ ਕਾਰਜ ਲਈ ਮਦਦ ਕੀਤੀ।[37] ਸ਼ਮਸ਼ੇਰ ਸਿੰਘ ਅਸ਼ੋਕ ਦੇ ਸ਼ਬਦਾਂ ਵਿਚ, "ਓਰੀਐਂਟਲ ਕਾਲਜ (ਲਾਹੌਰ) ਰਾਹੀਂ ਪੰਜਾਬੀ ਪ੍ਰਚਾਰ ਦਾ ਮੁੱਢ ਬੰਨ੍ਹਣ ਦੇ ਨਾਲ ਹੀ ਭਾਈ ਗੁਰਮੁਖ ਸਿੰਘ ਦਾ ਦੂਜਾ ਵੱਡਾ ਕੰਮ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਨੂੰ ਮੁੜ ਸੁਰਜੀਤ ਕਰਨਾ ਸੀ। ਸੋ ਇਸ ਕੰਮ ਲਈ ਉਨ੍ਹਾਂ ਨੇ ਦੋ ਪੁਰਾਣੇ ਆਗੂਆਂ ਨੂੰ ਆਪਸ ਵਿਚ ਮਿਲਾਇਆ-ਇਕ ਸ: ਠਾਕੁਰ ਸਿੰਘ ਸੰਧਾਵਾਲੀਏ ਤੇ ਦੂਜੇ ਕੰਵਰ ਬਿਕ੍ਰਮ ਸਿੰਘ ਜੀ ਨੂੰ। ਇਨ੍ਹਾਂ ਦੀ ਮਿਲਵਰਤਣ ਨਾਲ ਫੇਰ ਉਹੋ ਪੰਥਕ-ਇਕੱਠ ਹੋਣੇ ਸ਼ੁਰੂ ਹੋ ਗਏ ਤੇ ਇਸ ਤਰ੍ਹਾਂ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਵਿਚ ਨਵੀਂ ਜਾਗ੍ਰਿਤ ਆ ਗਈ।"[38]

### 3.5. ਗਿਆਨੀ ਦਿੱਤ ਸਿੰਘ ਦੀ ਸ਼ਮੂਲੀਅਤ

ਸਿੰਘ ਸਭਾ ਲਹਿਰ ਦੇ ਪ੍ਰਮੁੱਖ ਆਗੂ, ਵਿਦਵਾਨ ਲੇਖਕ ਤੇ ਨਿਧੜਕ ਬੁਲਾਰੇ ਗਿਆਨੀ ਦਿੱਤ ਸਿੰਘ ਦਾ ਜਨਮ ਫ਼ਤਹਿਗੜ੍ਹ ਸਾਹਿਬ ਜਿਲੇ ਦੇ ਪਿੰਡ ਕਲੌੜ (ਨੰਦਪੁਰ ਕਲੌੜ) ਵਿੱਖੇ ਸ. ਦੀਵਾਨ ਸਿੰਘ ਦੇ ਘਰ ਮਾਈ ਰਾਮ ਕੌਰ ਦੀ ਕੁਖੋਂ 21 ਅਪ੍ਰੈਲ, 1850 ਈ. ਨੂੰ ਹੋਇਆ।[39] ਗਿਆਨੀ ਦਿੱਤ ਸਿੰਘ ਦੇ ਪਰਿਵਾਰਿਕ ਪਿਛੋਕੜ ਬਾਰੇ ਕੈਪਟਨ ਧਰਮ ਸਿੰਘ (ਗਿਆਨੀ ਦਿੱਤ ਸਿੰਘ ਦੀ ਸੁਪਤਨੀ ਦੇ ਭਤੀਜੇ) ਦੇ ਹਵਾਲੇ ਨਾਲ ਇੰਦਰਜੀਤ ਸਿੰਘ ਗੋਗੋਆਣੀ ਨੇ ਲਿਖਿਆ ਹੈ, "ਗਿਆਨੀ ਦਿੱਤ ਸਿੰਘ ਦੇ ਪਿਤਾ ਸੰਤ ਦੀਵਾਨ ਸਿੰਘ ਪਿੰਡ ਝੱਲੀਆਂ ਕਲਾਂ (ਵੱਡੀਆਂ) ਜਿਲਾ ਰੋਪੜ ਦੇ ਵਸਨੀਕ ਸਨ। ਇਨ੍ਹਾਂ ਦੇ ਗੋਤ ਦੋਹੜਾ ਖਾਨਦਾਨ ਦੇ ਕੁਝ ਘਰ ਝੱਲੀਆਂ ਕਲਾਂ ਦੇ ਹੁਣ ਭੀ ਵਸਨੀਕ ਹਨ। ਸੰਤ ਦੀਵਾਨ ਸਿੰਘ ਪੰਜਾਬੀ (ਗੁਰਮੁਖੀ) ਪੜ੍ਹ ਲਿਖ ਸਕਦੇ ਸਨ, ਉਸ ਸਮੇਂ ਦੇ ਰਿਵਾਜ ਅਨੁਸਾਰ ਰਵਦਾਸੀਆ ਬਰਾਦਰੀ ਵਿਚ ਜਨਮ-ਮਰਨ, ਵਿਆਹ-ਸ਼ਾਦੀਆਂ ਆਦਿ ਰਸਮਾਂ ਪੰਜਾਬੀ ਪੜ੍ਹੇ ਲਿਖੇ ਸੰਤ-ਸਾਧ ਹੀ ਭੁਗਤਾਇਆ ਕਰਦੇ ਸਨ। ਸੰਤ ਦੀਵਾਨ ਸਿੰਘ ਆਪਣੇ ਇਲਾਕੇ ਵਿਚ ਮੰਨੇ ਪ੍ਰਮੰਨੇ ਸਾਧੂ ਸਨ। ਦੱਸਿਆ ਜਾਂਦਾ ਹੈ

---

[37] ਉਹੀ, ਪੰਨਾ 171.

[38] ਉਹੀ, ਪੰਨਾ 176.

[39] ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ: ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ*, ਅੰਮ੍ਰਿਤਸਰ: ਭਾ. ਚਤਰ ਸਿੰਘ ਜੀਵਨ ਸਿੰਘ, 2010, ਪੰਨਾ 60.

ਕਿ ਸੰਤ ਦੀਵਾਨ ਸਿੰਘ ਦੇ ਦੋ ਭਰਾ ਹਰਦੁਆਰ ਗਏ ਮੁੜ ਵਾਪਿਸ ਨਹੀਂ ਆਏ, ਉਥੇ ਪੰਡਿਆਂ ਦੇ ਕਿਸੇ ਝਗੜੇ ਵਿੱਚ ਮਾਰੇ ਗਏ। ਇਕ ਭਰਾ ਕਾਹਨ ਸਿੰਘ ਪਿੰਡ ਝੱਲੀਆਂ ਛੱਡ ਕੇ ਬੱਸੀ ਪਠਾਣਾਂ ਜਾ ਵਸਿਆ ਅਤੇ ਦੀਵਾਨ ਸਿੰਘ ਨੇ ਆਪਣੇ ਆਪ ਨੂੰ ਇਕੱਲਿਆਂ ਮਹਿਸੂਸ ਕਰ ਪਿੰਡ ਝੱਲੀਆਂ ਤਿਆਗ ਦਿੱਤਾ ਅਤੇ ਕਲੌੜ ਵਿਚ ਬਸੇਰਾ ਆ ਜਮਾਇਆ।"[40]

ਦੂਜੇ ਪਾਸੇ ਗਿਆਨੀ ਦਿੱਤ ਸਿੰਘ ਦਾ ਪਰਿਵਾਰਿਕ ਪਿਛੋਕੜ ਦੁਆਬੇ ਨਾਲ ਜੋੜਦੇ ਹੋਏ ਗੁਰਨੇਕ ਸਿੰਘ ਨੇਕੀ ਲਿਖਦੇ ਹਨ, "ਭਾਈ ਦਿੱਤ ਸਿੰਘ ਜੀ ਦੇ ਪਿਤਾ ਸੰਤ ਦੀਵਾਨ ਸਿੰਘ ਅਖੌਤੀ ਛੂਤ ਰਾਮਦਾਸੀਆ ਘਰਾਣੇ ਨਾਲ ਸਬੰਧ ਰੱਖਦੇ ਸਨ ਅਤੇ ਕਪੜਾ ਬੁਣ ਕੇ ਨਿਰਬਾਹ ਕਰਦੇ ਸਨ। ਆਪ ਜੀ ਦੇ ਬਜ਼ੁਰਗ ਦੀਪਾਲ ਪੁਰ (ਦੁਆਬਾ) ਤੋਂ ਆ ਕੇ ਅਨੰਦਪੁਰ ਕਲੌੜ (ਰਿਆਸਤ ਪਟਿਆਲਾ) ਵਿੱਚ ਆਬਾਦ ਸਨ।"[41]

ਗਿਆਨੀ ਦਿੱਤ ਸਿੰਘ ਜੀ ਦੇ ਪਿਤਾ ਗੁਲਾਬਦਾਸੀਏ ਮਤ ਨਾਲ ਜੁੜੇ ਹੋਏ ਸਨ ਜਿਸ ਕਾਰਨ ਉਨ੍ਹਾਂ ਦੇ ਘਰ ਸਾਧੂ ਸੰਤਾਂ ਦਾ ਆਉਣਾ-ਜਾਣਾ ਲੱਗਾ ਰਹਿੰਦਾ ਸੀ। ਗਿਆਨੀ ਦਿੱਤ ਸਿੰਘ ਨੂੰ ਗੁਰਮੁਖੀ ਦੀ ਮੁੱਢਲੀ ਪਛਾਣ ਉਨ੍ਹਾਂ ਦੇ ਪਿਤਾ ਜੀ ਨੇ ਹੀ ਕਰਵਾ ਦਿੱਤੀ ਸੀ। ਲਗਪਗ ਨੌਂ ਸਾਲ ਦੀ ਉੱਮਰ ਹੋਣ 'ਤੇ ਗਿਆਨੀ ਜੀ ਨੂੰ ਅੰਬਾਲਾ ਜਿਲੇ ਦੇ ਪਿੰਡ ਤਿਉੜ ਵਿਖੇ ਸੰਤ ਗੁਰਬਖਸ ਸਿੰਘ ਗੁਲਾਬਦਾਸੀਏ ਪਾਸ ਭੇਜ ਦਿੱਤਾ ਗਿਆ। ਜਿੱਥੇ ਉਨ੍ਹਾਂ ਨੇ ਪੰਜ ਗ੍ਰੰਥੀ, ਭਗਤ ਬਾਣੀ, ਵਾਰਾਂ ਅਤੇ ਕਬਿੱਤ ਸਵੇਯੈ ਭਾਈ ਗੁਰਦਾਸ ਆਦਿ ਦਾ ਅਧਿਐਨ ਕੀਤਾ ਅਤੇ ਉਰਦੂ, ਪੰਜਾਬੀ, ਪਿੰਗਲ ਤੇ ਵੇਦਾਂਤ ਆਦਿ ਉੱਪਰ ਮੁਹਾਰਤ ਹਾਸਿਲ ਕੀਤੀ। ਇਸ ਤੋਂ ਇਲਾਵਾ ਗਿਆਨੀ ਦਿੱਤ ਸਿੰਘ ਜੀ ਨੇ ਚੱਠਿਆਂ ਵਾਲੇ (ਲਾਹੌਰ) ਵਿਖੇ ਗੁਲਾਬਦਾਸੀਆਂ ਦੇ ਪ੍ਰਸਿੱਧ ਡੇਰੇ ਵਿਚ ਸੰਤ ਦੇਸਾ ਸਿੰਘ ਪਾਸੋਂ ਭਾਰਤੀ ਦਰਸ਼ਨ ਅਤੇ ਕਾਵਿ-ਸਾਸ਼ਤ੍ਰ ਦਾ ਵੀ ਅਧਿਐਨ ਕੀਤਾ।[42]

ਇਸ ਤੋਂ ਬਾਅਦ ਗਿਆਨੀ ਦਿੱਤ ਸਿੰਘ ਜੀ ਲੰਬਾ ਸਮਾਂ ਗੁਲਾਬਦਾਸੀਆਂ ਦੇ ਡੇਰੇ ਨਾਲ ਜੁੜੇ ਰਹੇ। 1877 ਈ. ਵਿਚ ਪੰਜਾਬ ਅੰਦਰ ਆਰੀਆ ਸਮਾਜ ਸਥਾਪਿਤ ਹੋ ਜਾਣ ਮਗਰੋਂ ਉਨ੍ਹਾਂ ਦਾ ਝੁਕਾਅ ਇਸ ਵੱਲ ਵੀ ਹੋ ਗਿਆ ਅਤੇ ਉਹ ਆਰੀਆ ਸਮਾਜ ਦੇ ਪ੍ਰਚਾਰਕ ਵੀ ਰਹੇ।[43] ਗੁਰਨੇਕ ਸਿੰਘ ਨੇਕੀ ਅਨੁਸਾਰ, "ਗੁਲਾਬਦਾਸੀ ਡੇਰੇ ਵਿਚ ਭਾਈ ਜਵਾਹਰ ਸਿੰਘ ਕਪੂਰ ਆਪ ਦੇ ਸਮਕਾਲੀ ਤੇ ਗੁਰਭਾਈ ਸਨ। ਪਰ ਛੇਤੀ ਹੀ ਉਨ੍ਹਾਂ ਦਾ ਮਨ ਇਸ ਮੱਤ ਤੋਂ ਉਚਾਟ ਹੋ ਗਿਆ ਅਤੇ ਲਾਹੌਰ ਆ ਕੇ ਆਰਯਾ ਸਮਾਜੀ ਬਣ ਗਏ। ਆਰਯਾ ਸਮਾਜ ਦੀ ਜੱਥੇਬੰਦੀ ਦੇ ਸੱਕਤ੍ਰ ਬਣ ਕੇ ਇਸ ਦਾ ਪ੍ਰਚਾਰ ਕਰਨ ਲੱਗੇ। ਭਾਈ ਦਿੱਤ ਸਿੰਘ ਦਾ ਭਾਈ ਜਵਾਹਰ ਸਿੰਘ ਨਾਲ ਗੂੜ੍ਹਾ ਪਿਆਰ ਸੀ। ਆਪ

---

[40] ਉਹੀ, ਪੰਨਾ 59.
[41] ਗੁਰਨੇਕ ਸਿੰਘ ਨੇਕੀ, *ਸਿੰਘ ਸਭਾ ਲਹਿਰ ਦੇ ਉਸਰੱਈਏ*, ਪੰਨਾ 33.
[42] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ-ਤੀਜਾ)*, ਪੰਨਾ 1107.
[43] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 183.

ਜਵਾਹਰ ਸਿੰਘ ਕਪੂਰ ਨੂੰ ਲਾਹੌਰ ਮਿਲਣ ਆਇਆ ਕਰਦੇ ਸਨ। ਆਖੀਰ ਕਪੂਰ ਸਿੰਘ ਦੇ ਨਵੇਂ ਵਿਚਾਰਾਂ ਦਾ ਭਾਈ ਦਿੱਤ ਸਿੰਘ ਤੇ ਵੀ ਅਸਰ ਹੋ ਗਿਆ ਤੇ ਲਾਹੌਰ ਆ ਡੇਰਾ ਲਾਇਆ।"[44]

ਗਿਆਨੀ ਦਿੱਤ ਸਿੰਘ ਦੇ ਆਰੀਆ ਸਮਾਜ ਨਾਲ ਜੁੜਨ ਤੇ ਉਸ ਦਾ ਪ੍ਰਚਾਰ ਕਰਨ ਦਾ ਹਵਾਲਾ ਉਸ ਸਮੇਂ ਦੇ ਸਮਕਾਲੀ ਅਖ਼ਬਾਰ ਵਿਚੋਂ ਵੀ ਪ੍ਰਾਪਤ ਹੁੰਦਾ ਹੈ। ਗਿਆਨੀ ਜੀ ਦੇ ਅਕਾਲ ਚਲਾਣੇ ਤੋਂ ਬਾਅਦ 13 ਸਤੰਬਰ, 1901 ਈ. ਦੇ ਖ਼ਾਲਸਾ ਅਖ਼ਬਾਰ ਵਿਚ ਲਿਖਿਆ ਹੈ, "ਸਭ ਤੋਂ ਪਹਿਲੇ ਭਾਈ ਦਿੱਤ ਸਿੰਘ ਜੀ, ਜਦ ਉਹ ਅਜੇ ਫ਼ਕੀਰੀ ਦੀ ਹਾਲਤ ਵਿਚ ਸਨ, ਤਦ ਉਹ ਚੱਠਿਆ ਵਾਲੇ ਨਗਰ ਤੋਂ ਲਾਹੌਰ ਆ ਕੇ ਭਾਈ ਜਵਾਹਿਰ ਸਿੰਘ ਜੀ ਨੂੰ ਮਿਲਦੇ ਹੁੰਦੇ ਸਨ ਅਤੇ ਧਰਮ ਚਰਚਾ ਬਹੁਤ ਕਰਦੇ ਹੁੰਦੇ ਸਨ।...ਕੁਛ ਚਿਰ ਤੋਂ ਸੁਆਮੀ ਦਯਾਨੰਦ ਸਰਸ੍ਵਤੀ ਨਾਲ ਉਨ੍ਹਾਂ ਨੇ ਧਰਮ ਚਰਚਾ ਕੀਤੀ ਜਿਸ ਦਾ ਹਾਲ 'ਮੇਰਾ ਅਤੇ ਸਾਧੂ ਦਯਾਨੰਦ ਦਾ ਸੰਬਾਦ' ਵਿਚ ਜੋ ਖੁਦ ਉਨ੍ਹਾਂ ਨੇ ਲਿਖਿਆ ਹੈ, ਦਰਜ ਹੈ। ਫਿਰ ਸੁਆਮੀ ਦੇ ਪੰਜਾਬ ਤੋਂ ਜਾਨੇ ਦੇ ਪਿੱਛੋਂ ਭਾਈ ਦਿੱਤ ਸਿੰਘ ਜੀ ਆਰੀਯਾ ਸਮਾਜ ਵਿਚ ਉਪਦੇਸ਼ ਅਤੇ ਵਿਖਯਾਨ ਦਿੰਦੇ ਰਹੇ।"[45]

ਇਸ ਗੱਲ ਉੱਪਰ ਵਿਦਵਾਨਾਂ ਵਿਚ ਮਤਭੇਦ ਹਨ ਕਿ ਗਿਆਨੀ ਦਿੱਤ ਸਿੰਘ ਆਰੀਆ ਸਮਾਜ ਦੇ ਪ੍ਰਚਾਰਕ ਰਹੇ ਸਨ ਜਾਂ ਇਸ ਨਾਲ ਜੁੜੇ ਵੀ ਸਨ। ਇਸ ਸੰਬੰਧੀ ਇੰਦਰਜੀਤ ਸਿੰਘ ਗੋਗੋਆਣੀ ਦੀ ਟਿੱਪਣੀ ਮਹੱਤਵਪੂਰਨ ਹੈ। ਉਹ ਲਿਖਦੇ ਹਨ, "ਅਪ੍ਰੈਲ 1877 ਈ. ਵਿਚ ਹੀ ਗਿਆਨੀ ਜੀ ਨੇ ਸ੍ਵਾਮੀ ਦਯਾਨੰਦ ਨੂੰ ਸ਼ਾਸਤ੍ਰਾਰਥ ਵਿਚ ਹਾਰ ਦਿੱਤੀ। ਜਿਸ ਸੰਸਥਾ ਦੇ ਬਾਨੀ ਦੀ ਵੀਚਾਰਧਾਰਾ ਨਾਲ ਹੀ ਕੋਈ ਸਹਿਮਤ ਨਾ ਹੋਵੇ ਤਾਂ ਫਿਰ ਉਸ ਦਾ ਪ੍ਰਚਾਰ ਕਿਵੇਂ ਕਰ ਸਕਦਾ ਹੈ? ਕਈ ਲਿਖਾਰੀਆਂ ਨੇ ਗਿਆਨੀ ਦਿੱਤ ਸਿੰਘ ਨੂੰ ਆਰੀਆ ਸਮਾਜ ਦੇ ਪ੍ਰਚਾਰਕ ਦੱਸਿਆ ਹੈ, ਜਦੋਂ ਅਸੀਂ ਗਿਆਨੀ ਜੀ ਦੀ ਆਪਣੀ ਲਿਖੀ ਅਤੇ ਛਪਵਾਈ ਹੋਈ ਪੁਸਤਕ, 'ਸਾਧੂ ਦਯਾਨੰਦ ਤੇ ਮੇਰਾ ਸੰਬਾਦ' ਗਹੁ ਨਾਲ ਪੜ੍ਹਾਂਗੇ ਅਤੇ ਵਿਚਾਰਾਂਗੇ ਤਾਂ ਅਵੱਸ਼ ਇਹ ਮੰਨਣਾ ਪਵੇਗਾ ਕਿ ਗਿਆਨੀ ਦਿੱਤ ਸਿੰਘ ਨਾ ਤਾਂ ਆਰੀਆ ਸਮਾਜ ਦੇ ਪ੍ਰਚਾਰਕ ਕਹੇ ਜਾ ਸਕਦੇ ਹਨ ਅਤੇ ਨਾ ਹੀ ਆਰੀਆ ਸਮਾਜ ਦੇ ਸਮਰਥਕ।"[46]

ਉਪਰੋਕਤ ਹਵਾਲਿਆਂ ਵਿਚ ਮਤਭੇਦ ਜਰੂਰ ਹੈ ਪਰ ਇਕ ਗੱਲ ਉਸ ਸਮੇਂ ਦੇ ਸਮਕਾਲੀ ਖ਼ਾਲਸਾ ਅਖ਼ਬਾਰ ਦੀ ਟਿੱਪਣੀ ਤੋਂ ਸਪਸ਼ਟ ਹੈ ਕਿ ਗਿਆਨੀ ਦਿੱਤ ਸਿੰਘ ਜੀ ਸਿੰਘ ਸਭਾ ਲਹਿਰ ਨਾਲ ਜੁੜਨ ਤੋਂ ਪਹਿਲਾਂ ਆਰੀਆ ਸਮਾਜ ਦੇ ਸੰਪਰਕ ਵਿਚ ਆਏ ਸਨ। ਜਦੋਂ ਉਹ ਸਿੰਘ ਸਭਾ ਲਹਿਰ ਨਾਲ ਜੁੜ ਗਏ ਤਾਂ ਉਨ੍ਹਾਂ ਆਰੀਆ ਸਮਾਜ ਨਾਲੋਂ ਆਪਣਾ ਨਾਤਾ ਤੋੜ ਲਿਆ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਗਿਆਨੀ ਦਿੱਤ ਸਿੰਘ 'ਸਿੰਘ ਸਭਾ ਲਹਿਰ' ਨਾਲ ਕਦੋਂ ਜੁੜੇ? ਇਸ ਸੰਬੰਧੀ ਦੋ-ਤਿੰਨ ਹਵਾਲੇ ਪ੍ਰਾਪਤ ਹੁੰਦੇ ਹਨ। 13 ਸਤੰਬਰ, 1901 ਈ. ਦੇ ਖ਼ਾਲਸਾ ਅਖ਼ਬਾਰ ਵਿਚ ਭਾਈ ਮਈਆ ਸਿੰਘ ਨੇ ਲਿਖਿਆ ਹੈ, "ਭਾਈ ਗੁਰਮੁਖ ਸਿੰਘ ਜੀ ਭੀ ਔਰੀਅੰਟਲ ਕਾਲਜ ਵਿਚ ਪ੍ਰੋਫ਼ੈਸਰ ਸਨ ਅਤੇ ਇਕ ਹੀ

[44] ਗੁਰਨੇਕ ਸਿੰਘ ਨੇਕੀ, *ਸਿੰਘ ਸਭਾ ਲਹਿਰ ਦੇ ਉਸਰੱਈਏ*, ਪੰਨਾ 34.
[45] ਖ਼ਾਲਸਾ ਅਖ਼ਬਾਰ, ਲਾਹੌਰ, 13 ਸਤੰਬਰ, 1901, ਪੰਨਾ 3.
[46] ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ: ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ*, ਪੰਨਾ 70.

ਕਮਰੇ ਵਿਚ ਦੋਵੇਂ ਪੜ੍ਹਾਉਂਦੇ ਸਨ ਜਿਸ ਤੇ ਉਨ੍ਹਾਂ ਨੇ ਭਾਈ ਦਿੱਤ ਸਿੰਘ ਜੀ ਨੂੰ ਖ਼ਾਲਸਾ ਕੌਮ ਦੀ ਹਾਲਤ ਦਾ ਨਕਸ਼ਾ ਖਿੱਚ ਕੇ ਅਜਿਹਾ ਵਿਖਾਲਿਆ ਅਤੇ ਰੋਜ਼-2 ਦੇ ਉਪਦੇਸ਼ ਦਾ ਇਹ ਫਲ ਹੋਇਆ ਕਿ ਉਹ ਆਰੀਯਾ ਸਮਾਜ ਵੱਲੋਂ ਹਟਕੇ ਸਿੰਘ ਸਭਾ ਵਿਚ ਕੰਮ ਕਰਨ ਲਗ ਪਏ।"[47] ਇੰਦਰਜੀਤ ਸਿੰਘ ਗੋਗੋਆਣੀ ਅਨੁਸਾਰ ਗਿਆਨੀ ਦਿੱਤ ਸਿੰਘ 1877-78 ਈ. ਵਿਚ ਪ੍ਰੋ. ਗੁਰਮੁਖ ਸਿੰਘ ਜੀ ਦੇ ਸੰਪਰਕ ਵਿਚ ਆਏ ਅਤੇ ਸਿੰਘ ਸਭਾ ਲਈ ਕੰਮ ਕਰਨ ਲੱਗੇ।[48]

ਗੁਰਨੇਕ ਸਿੰਘ ਨੇਕੀ ਵੀ ਇਸੇ ਵਿਚਾਰ ਨਾਲ ਸਹਿਮਤ ਹਨ ਕਿ ਜਦੋਂ ਗਿਆਨੀ ਦਿੱਤ ਸਿੰਘ ਓਰੀਐਂਟਲ ਕਾਲਜ ਵਿਚ ਪੜ੍ਹਾਉਂਦੇ ਸਨ ਉਸ ਸਮੇਂ ਉਹ ਪ੍ਰੋ. ਗੁਰਮੁਖ ਸਿੰਘ ਦੇ ਸੰਪਰਕ ਵਿਚ ਆਏ ਅਤੇ ਉਨ੍ਹਾਂ ਦੀ ਪ੍ਰੇਰਨਾ ਸਦਕਾ ਸਿੰਘ ਸਭਾ ਲਹਿਰ ਨਾਲ ਜੁੜ ਗਏ, "ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ ਕਿ ਭਾਈ ਜਵਾਹਰ ਸਿੰਘ ਕਪੂਰ ਦੇ ਸਾਥ ਨੇ ਗਿਆਨੀ ਜੀ ਨੂੰ ਆਰਯਾ ਸਮਾਜ ਦੀ ਸੂਝ ਦਿੱਤੀ ਸੁਆਮੀ ਜੀ ਦੇ ਪੰਜਾਬ ਤੋਂ ਜਾਣ ਪਿਛੋਂ ਆਪ ਆਰਯਾ ਸਮਾਜ ਵਿੱਚ ਉਪਦੇਸ਼ ਤੇ ਵਿਖਿਆਨ ਦਿੰਦੇ ਰਹੇ। ਇਸੇ ਸਮੇਂ ਗਿਆਨੀ ਜੀ ਦੇ ਨਾਲ ਪਰੋਫੈਸਰ ਗੁਰਮੁੱਖ ਸਿੰਘ ਜੀ ਵੀ ਓਰੀਐਂਟਲ ਕਾਲਜ ਵਿਚ ਪੜ੍ਹਾਉਂਦੇ ਸਨ। ਉਨ੍ਹਾਂ ਦੀ ਪ੍ਰੇਰਨਾ ਨਾਲ ਗਿਆਨੀ ਜੀ ਨੂੰ ਸਿੱਖ ਪੰਥ ਦੀ ਸੇਵਾ ਦੀ ਲਗਨ ਲੱਗੀ। ਉਹ ਆਰਯਾ ਸਮਾਜ ਵਲੋਂ ਹਟਕੇ ਸਿੰਘ ਸਭਾ ਲਹਿਰ ਵਿੱਚ ਕੰਮ ਕਰਨ ਲੱਗ ਪਏ।"[49]

ਇਸ ਤਰ੍ਹਾਂ ਉਪਰੋਕਤ ਹਵਾਲਿਆਂ ਤੋਂ ਸਪਸ਼ਟ ਹੈ ਕਿ ਗਿਆਨੀ ਦਿੱਤ ਸਿੰਘ ਲਗਪਗ 1877-78 ਈ. ਵਿਚ ਪ੍ਰੋ. ਗੁਰਮੁਖ ਸਿੰਘ ਦੇ ਸੰਪਰਕ ਵਿਚ ਆ ਗਏ ਸਨ ਅਤੇ ਸਿੰਘ ਸਭਾ ਨਾਲ ਜੁੜ ਗਏ ਸਨ। ਪ੍ਰੋ. ਗੁਰਮੁਖ ਸਿੰਘ ਤਾਂ ਪਹਿਲਾਂ ਹੀ ਓਰੀਐਂਟਲ ਕਾਲਜ ਵਿਚ ਪ੍ਰੋਫ਼ੈਸਰ ਸਨ ਅਤੇ ਗਿਆਨੀ ਦਿੱਤ ਸਿੰਘ ਵੀ ਪਹਿਲੇ ਸਾਲ ਹੀ ਗਿਆਨੀ ਦਾ ਇਮਤਿਹਾਨ ਪਾਸ ਕਰਕੇ ਓਰੀਐਂਟਲ ਕਾਲਜ ਵਿਚ ਪ੍ਰੋਫ਼ੈਸਰ ਨਿਯੁਕਤ ਹੋ ਗਏ।[50] ਉਨ੍ਹਾਂ ਦੇ ਇਸ ਕਾਲਜ ਵਿਚ ਰਹਿਣ ਦੇ 1898 ਈ. ਤੱਕ ਦੇ ਹਵਾਲੇ ਪ੍ਰਾਪਤ ਹੁੰਦੇ ਹਨ। ਭਾਈ ਮਹੀਆਂ ਸਿੰਘ ਤਾਂ 1901 ਈ. ਤੱਕ ਗਿਆਨੀ ਦਿੱਤ ਸਿੰਘ ਨੂੰ ਇਸ ਕਾਲਜ ਨਾਲ ਜੁੜੇ ਰਹੇ ਮੰਨਦੇ ਹਨ।[51]

### 3.6. ਸਿੰਘ ਸਭਾ, ਲਾਹੌਰ ਦੀ ਸਥਾਪਨਾ

ਕੁਝ ਸਮੇਂ ਬਾਅਦ ਭਾਈ ਗੁਰਮੁਖ ਸਿੰਘ, ਭਾਈ ਹਰਸਾ ਸਿੰਘ ਅਤੇ ਦੀਵਾਨ ਬੂਟਾ ਸਿੰਘ ਨੇ ਲਾਹੌਰ ਵਿਖੇ ਸਿੱਖ ਧਰਮ ਦੇ ਪ੍ਰਚਾਰ ਅਤੇ ਪਾਸਾਰ ਲਈ ਸਿੰਘ ਸਭਾ, ਅੰਮ੍ਰਿਤਸਰ ਤੋਂ ਅਲੱਗ ਹੋ ਕੇ ਸਿੰਘ ਸਭਾ, ਲਾਹੌਰ ਦੀ ਸਥਾਪਨਾ ਕਰ ਲਈ। ਇਸ ਸਭਾ ਦਾ ਪਹਿਲਾ ਜਲਸਾ 2 ਨਵੰਬਰ, 1879 ਈ. ਨੂੰ ਹੋਇਆ ਅਤੇ ਹਰ ਐਤਵਾਰ ਨੂੰ ਸਭਾ ਲਗਾਉਣ ਲਈ ਸਹਿਮਤੀ ਬਣੀ।[52] ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ ਇਸ ਸਭਾ ਦਾ ਮੁੱਢ 12 ਨਵੰਬਰ,

---

[47] ਖ਼ਾਲਸਾ ਅਖ਼ਬਾਰ, ਖ਼ਾਲਸਾ ਪ੍ਰੈਸ ਲਾਹੌਰ, ਗਿਆਨੀ ਦਿੱਤ ਸਿੰਘ (ਸੰਪਾ.), 13 ਸਤੰਬਰ, 1901, ਪੰਨਾ 3.
[48] ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ: ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ*, ਪੰਨਾ 70.
[49] ਗੁਰਨੇਕ ਸਿੰਘ ਨੇਕੀ, *ਸਿੰਘ ਸਭਾ ਲਹਿਰ ਦੇ ਉਸਰੱਈਏ*, ਪੰਨਾ 35.
[50] ਕਰਨੈਲ ਸਿੰਘ ਸੋਮਲ, *ਭਾਈ ਦਿੱਤ ਸਿੰਘ ਗਿਆਨੀ: ਜੀਵਨ, ਰਚਨਾ ਤੇ ਸ਼ਖ਼ਸੀਅਤ*, ਅੰਮ੍ਰਿਤਸਰ: ਸਿੰਘ ਬ੍ਰਦਰਜ਼, 2005, ਦੂਜੀ ਵਾਰ, ਪੰਨਾ 58.
[51] ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ: ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ*, ਪੰਨਾ 74.
[52] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ 21.

1879 ਈ. ਨੂੰ ਲਾਹੌਰ ਵਿਖੇ ਗੁਰਦੁਆਰਾ ਜਨਮ ਅਸਥਾਨ ਵਿਖੇ ਬੰਨ੍ਹਿਆ ਗਿਆ।[53] ਇਸ ਸਭਾ ਦੀ ਪ੍ਰਧਾਨਗੀ ਦੀਵਾਨ ਬੂਟਾ ਸਿੰਘ ਨੂੰ ਸੌਂਪੀ ਗਈ। ਭਾਈ ਗੁਰਮੁਖ ਸਿੰਘ ਇਸ ਸਭਾ ਦੇ ਸਕੱਤਰ ਨਿਯੁਕਤ ਹੋਏ ਅਤੇ ਭਾਈ ਹਰਸਾ ਸਿੰਘ, ਭਾਈ ਰਾਮ ਸਿੰਘ ਤੇ ਭਾਈ ਕਰਮ ਸਿੰਘ ਮੈਂਬਰ ਬਣਾਏ ਗਏ।[54] ਗਿਆਨੀ ਦਿੱਤ ਸਿੰਘ ਨੂੰ ਚਿੱਠੀ ਪੱਤਰ ਨਾਲ ਸੰਬੰਧਿਤ ਸਾਰੇ ਦਫ਼ਤਰੀ ਕੰਮਕਾਜ ਦੀ ਜ਼ਿੰਮੇਵਾਰੀ ਸੌਂਪੀ ਗਈ। ਉਸ ਸਮੇਂ ਕੋਈ ਅਖ਼ਬਾਰ ਜਾਂ ਪ੍ਰਚਾਰ ਦਾ ਹੋਰ ਕੋਈ ਸਾਧਨ ਮੌਜੂਦ ਨਹੀਂ ਸੀ, ਸੋ ਗਿਆਨੀ ਦਿੱਤ ਸਿੰਘ ਜੀ ਨੇ ਦਿਨ-ਰਾਤ ਇਕ ਕਰਕੇ ਸੈਂਕੜੇ ਸਿੱਖਾਂ ਨੂੰ ਡਾਕ ਰਾਹੀਂ ਚਿੱਠੀਆਂ ਭੇਜ ਕੇ ਇਸ ਸਭਾ ਦੇ ਮਨੋਰਥ ਦਾ ਪ੍ਰਚਾਰ ਕੀਤਾ।[55]

ਇਸ ਸਭਾ ਦੇ ਨਿਮਨਲਿਖਿਤ ਦੋ ਵੱਡੇ ਮਨੋਰਥ ਮਿੱਥੇ ਗਏ, ਜਿਨ੍ਹਾਂ ਨੂੰ ਆਧਾਰ ਬਣਾ ਕੇ ਸਿੰਘ ਸਭਾ ਲਾਹੌਰ ਨੇ ਵਿਕਾਸ ਕੀਤਾ:

(ੳ). ਧਰਮ- ਇਸ ਵਿਚ ਆਸਾ ਦੀ ਵਾਰ, ਸ਼ਬਦਾਂ ਦਾ ਪੜ੍ਹਨਾ, ਪੜ੍ਹਾਉਣਾ, ਛਪਵਾਉਣਾ, ਵੰਡਣਾ ਅਤੇ ਕੀਰਤਨ ਕਰਨਾ ਆਦਿ ਕਾਰਜ ਪ੍ਰਮੁੱਖ ਸਨ।

(ਅ). ਵਿੱਦਿਆ- ਇਸ ਵਿਚ ਨਵੇਂ ਸਕੂਲ-ਕਾਲਜ ਖੋਲ੍ਹਣੇ, ਰਸਾਲੇ ਅਤੇ ਗੁਰਮੁਖੀ ਅਖ਼ਬਾਰ ਸ਼ੁਰੂ ਕਰਨਾ ਪ੍ਰਮੁੱਖ ਕਾਰਜ ਸਨ।[56]

ਸਿੰਘ ਸਭਾ, ਅੰਮ੍ਰਿਤਸਰ ਦੇ ਹੁੰਦਿਆਂ ਸਿੰਘ ਸਭਾ, ਲਾਹੌਰ ਸਥਾਪਿਤ ਕਰਨ ਪਿੱਛੇ ਕੀ ਕਾਰਨ ਸਨ ਇਸ ਸੰਬੰਧੀ ਦੋ ਤਿੰਨ ਰਾਵਾਂ ਮਿਲਦੀਆਂ ਹਨ, ਜਿਨ੍ਹਾਂ ਦਾ ਇੱਥੇ ਜਿਕਰ ਕਰਨਾ ਜ਼ਰੂਰੀ ਬਣਦਾ ਹੈ। ਸ਼ਮਸ਼ੇਰ ਸਿੰਘ ਅਸ਼ੋਕ ਨੇ ਇਸ ਸੰਬੰਧੀ ਲਿਖਿਆ ਹੈ, "ਸ੍ਰੀ ਗੁਰੂ ਸਿੰਘ ਸਭਾ ਦਾ ਦਫ਼ਤਰ ਚੂੰਕਿ ਅੰਮ੍ਰਿਤਸਰ ਸੀ ਪਰ ਗੁਰਸਿੱਖੀ ਦੇ ਪ੍ਰਚਾਰ ਦੀ ਬਹੁਤੀ ਲੋੜ ਇਸ ਸਮੇਂ ਲਾਹੌਰ ਵਿਚ ਸੀ ਇਸ ਲਈ ਸੰਨ ੧੮੭੮ ਵਿਚ ਲਾਹੌਰ ਦੇ ਲੋਕਾਂ ਵਾਸਤੇ ਇਕ ਨਵੀਂ ਸਿੰਘ ਸਭਾ ਬਣਾਣ ਦੀ ਲੋੜ ਪ੍ਰਤੀਤ ਹੋਈ।"[57]

ਸ਼ਮਸ਼ੇਰ ਸਿੰਘ ਅਸ਼ੋਕ ਨੇ ਲਿਖਿਆ ਹੈ ਕਿ ਉਸ ਸਮੇਂ ਗੁਰਸਿੱਖੀ ਦੇ ਪ੍ਰਚਾਰ ਦੀ ਲੋੜ ਅੰਮ੍ਰਿਤਸਰ ਨਾਲੋਂ ਲਾਹੌਰ ਵਿਖੇ ਜ਼ਿਆਦਾ ਸੀ ਜਿਸ ਕਾਰਨ ਲਾਹੌਰ ਵਿਖੇ ਨਵੀਂ ਸਿੰਘ ਸਭਾ ਦੀ ਸਥਾਪਨਾ ਕੀਤੀ ਗਈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਲਾਹੌਰ ਵਿਖੇ ਅਜਿਹਾ ਕੀ ਹੋਇਆ ਸੀ ਜਿਸ ਕਾਰਨ ਸਿੱਖ ਧਰਮ ਦੇ ਪ੍ਰਚਾਰ ਦੇ ਉੱਥੇ ਜ਼ਿਆਦਾ ਜ਼ਰੂਰਤ ਸੀ। ਇਸ ਗੱਲ ਨੂੰ ਸਮਝਣ ਲਈ ਜਗਜੀਤ ਸਿੰਘ ਦੀ ਟਿੱਪਣੀ ਨੂੰ ਵਿਚਾਰਿਆ ਜਾ ਸਕਦਾ ਹੈ। ਉਹ ਲਿਖਦੇ ਹਨ, "ਇਸ ਸਮੇਂ ਈਸਾਈ ਮਿਸ਼ਨਰੀਆਂ ਵਲੋਂ ਆਪਣੇ ਮੱਤ ਦੇ ਪਰਚਾਰ ਤੇ ਇਸਲਾਮ ਵਲੋਂ ਲੋਕਾਂ ਨੂੰ ਮੁਸਲਮਾਨ ਬਣਾਉਣ ਦੇ ਅੰਦੋਲਨ ਕਾਰਨ ਸਵਾਮੀ ਦਇਆ ਨੰਦ ਨੇ ਬੰਬਈ ਵਿਚ ਆ ਕੇ ੧੮੭੫ ਵਿਚ ਆਰੀਆ ਸਮਾਜ ਦੀ ਨੀਂਹ ਰਖੀ। ੧੮੭੭ ਵਿਚ ਆਪ ਮਲਕਾ ਵਿਕਟੋਰੀਆ ਦੇ ਤਖਤ ਤੇ ਬੈਠਣ ਸਮੇਂ ਕੀਤੇ ਦਿਲੀ ਦਰਬਾਰ

[53] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 183.
[54] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ 21.
[55] ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ: ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ*, ਪੰਨਾ 74.
[56] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ 22.
[57] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 176.

ਆਏ। ਉਥੇ ਉਹ ਲਾਹੌਰ ਦੇ ਉੱਘੇ ਹਿੰਦੂਆਂ ਨੂੰ ਮਿਲੇ ਤੇ ਉਨ੍ਹਾਂ ਦੇ ਸੱਦਣ ਤੇ ੧੯-੪-੧੯੭੭ ਨੂੰ ਲਾਹੌਰ ਪੁੱਜੇ। ਉਥੇ ਉਨ੍ਹਾਂ ਨੂੰ ਇਤਨੀ ਸਫ਼ਲਤਾ ਹੋਈ ਕਿ ੨੪-੬-੧੯੭੭ ਨੂੰ ਲਾਹੌਰ ਵਿਚ ਆਰੀਆ ਸਮਾਜ ਕਾਇਮ ਹੋ ਗਿਆ ਤੇ ਇਕ ਵਰ੍ਹੇ ਦੇ ਅੰਦਰ ਅੰਦਰ ਅੰਮ੍ਰਿਤਸਰ, ਗੁਰਦਾਸਪੁਰ, ਫ਼ੀਰੋਜ਼ਪੁਰ, ਰਾਵਲਪਿੰਡੀ, ਜੇਹਲਮ, ਵਜ਼ੀਰਾਬਾਦ, ਗੁਜਰਾਂਵਾਲਾ ਤੇ ਮੁਲਤਾਨ ਵਿਚ ਭੀ ਆਰੀਆ ਸਮਾਜੀ ਬਣ ਗਏ। ਇਸ ਤਰ੍ਹਾਂ ਲਾਹੌਰ ਇਸ ਲਹਿਰ ਦਾ ਗੜ੍ਹ ਬਣ ਕੇ ਬੰਬਈ ਨੂੰ ਮਾਤ ਪਾ ਗਿਆ।"[58]

ਇਸ ਤਰ੍ਹਾਂ ਲਾਹੌਰ ਵਿਖੇ ਆਰੀਆ ਸਮਾਜ ਸਥਾਪਿਤ ਹੋਣ ਨਾਲ ਸਿੱਖ ਸਿਧਾਂਤ, ਪਰੰਪਰਾ ਤੇ ਇਤਿਹਾਸ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ। ਜਗਜੀਤ ਸਿੰਘ ਅਨੁਸਾਰ ਆਰੀਆ ਸਮਾਜ ਦੇ ਮੋਢੀ ਦਯਾਨੰਦ ਦੁਆਰਾ ਲਿਖੇ ਸਤਿਆਰਥ ਪ੍ਰਕਾਸ਼ ਵਿਚ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਕਈ ਅਸਹਿਨਯੋਗ ਟਿੱਪਣੀਆਂ ਕੀਤੀਆਂ ਗਈਆਂ ਸਨ। ਜਿਸ ਦੇ ਪ੍ਰਤੀਕਰਮ ਵਜੋਂ ਲਾਹੌਰ ਵਿਖੇ ਸਿੱਖੀ ਦੇ ਪ੍ਰਚਾਰ ਤੇ ਪਾਸਾਰ ਲਈ ਸਿੰਘ ਸਭਾ, ਲਾਹੌਰ ਦੀ ਸਥਾਪਨਾ ਕੀਤੀ ਗਈ।[59]

ਇੰਦਰਜੀਤ ਸਿੰਘ ਗੋਗੋਆਣੀ ਸਿੰਘ ਸਭਾ ਲਾਹੌਰ ਦੇ ਹੋਂਦ ਵਿਚ ਆਉਣ ਪਿਛੇ ਉਪਰੋਕਤ ਦਰਸਾਏ ਕਾਰਨਾਂ ਦੇ ਨਾਲ-ਨਾਲ ਇਕ ਹੋਰ ਕਾਰਨ ਦਾ ਜ਼ਿਕਰ ਕਰਦੇ ਹਨ। ਉਹ ਸੀ ਪ੍ਰੋ. ਗੁਰਮੁਖ ਸਿੰਘ ਦਾ ਸਿੰਘ ਸਭਾ, ਅੰਮ੍ਰਿਤਸਰ ਦੀ ਕਾਰਜਸ਼ੀਲਤਾ ਤੋਂ ਅਸੰਤੁਸ਼ਟ ਹੋਣਾ। ਇਸ ਸੰਬੰਧੀ ਉਨ੍ਹਾਂ ਲਿਖਿਆ ਹੈ, "ਸਿੰਘ ਸਭਾ ਅੰਮ੍ਰਿਤਸਰ ਦੇ ਹੁੰਦਿਆਂ ਸਿੰਘ ਸਭਾ ਲਾਹੌਰ ਵੱਖਰੇ ਰੂਪ ਵਿਚ ਸਥਾਪਤ ਕਰਨ ਦੀ ਲੋੜ ਕਿਉਂ ਪਈ? ਇਸ ਦੇ ਕਾਰਨ ਇਹ ਗਿਣੇ ਜਾਂਦੇ ਹਨ ਕਿ ਇਕ ਤਾਂ ਈਸਾਈ ਪਾਦਰੀ ਆਪਣੇ ਧਰਮ ਦਾ ਅੰਗਰੇਜ਼ ਹਕੂਮਤ ਕਰਕੇ ਜ਼ੋਰ ਸ਼ੋਰ ਨਾਲ ਪ੍ਰਚਾਰ ਕਰ ਰਹੇ ਸਨ। ਦੂਜਾ ਆਰੀਆ ਸਮਾਜ ਦੇ ਪ੍ਰਚਾਰਕ ਸਿੱਖ ਧਰਮ ਪ੍ਰਤੀ ਅਪਮਾਨਜਨਕ ਟਿੱਪਣੀਆਂ ਕਰ ਰਹੇ ਸਨ। ਯਾਦ ਰਹੇ ਕਿ ਸਤਿਆਰਥ ਪ੍ਰਕਾਸ਼ 1875 ਵਿਚ ਪ੍ਰਕਾਸ਼ਿਤ ਹੋ ਗਿਆ ਸੀ। ਤੀਜਾ ਜੋ ਇਨ੍ਹਾਂ ਦੇ ਮੁਕਾਬਲੇ ਵੱਡਾ ਕਾਰਨ ਸੀ ਸਿੱਖ ਧਰਮ ਦੇ ਪ੍ਰਚਾਰ ਹਿਤ ਹੋਂਦ 'ਚ ਆਈ ਸਿੰਘ ਸਭਾ ਅੰਮ੍ਰਿਤਸਰ ਓਨੀ ਕਿਰਿਆਸ਼ੀਲ ਨਹੀਂ ਸੀ ਜਿੰਨੀ ਪ੍ਰੋ. ਗੁਰਮੁਖ ਸਿੰਘ ਇਸ ਤੋਂ ਆਸ ਰੱਖਦੇ ਸਨ।"[60]

ਸੋ, ਉਰੋਕਤ ਦਰਸਾਏ ਦੋ-ਤਿੰਨ ਕਾਰਨਾਂ ਕਰਕੇ ਸਿੰਘ ਸਭਾ, ਲਾਹੌਰ ਹੋਂਦ ਵਿਚ ਆ ਗਈ। ਸ਼ੁਰੂ ਵਿਚ ਇਸ ਸਭਾ ਨਾਲ ਲਗਪਗ 26 ਪਤਿਵੰਤੇ ਸਿੱਖ ਜੁੜੇ ਪਰ ਕੁਝ ਸਮੇਂ ਵਿਚ ਹੀ ਇਸ ਸਭਾ ਦੇ ਮੈਂਬਰਾਂ ਦੀ ਗਿਣਤੀ 268 ਤਕ ਜਾ ਪਹੁੰਚੀ।[61] ਸਿੰਘ ਸਭਾ ਲਾਹੌਰ ਦੀ ਸਥਾਪਨਾ ਨਾਲ ਸਿੰਘ ਸਭਾ ਲਹਿਰ ਵਿਚ ਨਵੀਂ ਜਾਨ ਪੈ ਗਈ। ਭਾਈ ਗੁਰਮੁਖ ਸਿੰਘ, ਭਾਈ ਹਰਸਾ ਸਿੰਘ, ਭਾਈ ਜਵਾਹਰ ਸਿੰਘ ਅਤੇ ਭਾਈ ਦਿੱਤ ਸਿੰਘ ਆਦਿ ਸੱਜਣ ਇਸ ਸਭਾ ਦੇ ਪ੍ਰਮੁੱਖ ਆਗੂ ਸਨ। ਇਨ੍ਹਾਂ ਦਿਨ-ਰਾਤ ਮਿਹਨਤ ਕਰਕੇ ਇਸ ਸਭਾ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਇਆ।

---

[58] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ 20.
[59] ਉਹੀ, ਪੰਨਾ 21.
[60] ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ: ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ*, ਪੰਨਾ 74.
[61] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 178.

ਇਸ ਸਭਾ ਨੇ 'ਗੁਰਮੁਖੀ ਅਖ਼ਬਾਰ' ਸ਼ੁਰੂ ਕੀਤਾ ਜੋ ਬਾਅਦ ਵਿਚ ਸਿੰਘ ਸਭਾ ਅੰਮ੍ਰਿਤਸਰ ਵਲੋਂ ਛਾਪਿਆ ਜਾਣ ਲੱਗਾ। ਇਸ ਅਖ਼ਬਾਰ ਦਾ ਮੁਖ ਮਨੋਰਥ ਸਿੰਘ ਸਭਾ ਲਹਿਰ ਦੇ ਮਨੋਰਥ ਨੂੰ ਲੋਕਾਂ ਤੱਕ ਪਹੁੰਚਾਉਣਾ ਅਤੇ ਸਿੱਖਾਂ ਵਿਚ ਆਪਣੇ ਧਰਮ ਪ੍ਰਤੀ ਜਾਗ੍ਰਿਤੀ ਪੈਦਾ ਕਰਨਾ ਸੀ। ਇਸ ਸਭਾ ਦੇ ਵਿਕਾਸ ਸੰਬੰਧੀ ਸ਼ਮਸ਼ੇਰ ਸਿੰਘ ਅਸ਼ੋਕ ਨੇ ਲਿਖਿਆ ਹੈ, "ਭਾਈ ਗੁਰਮੁਖ ਸਿੰਘ ਨੇ ਇਸ ਸਮੇਂ ਸਾਰੇ ਪੰਜਾਬ ਦਾ ਦੌਰਾ ਕੀਤਾ ਤੇ ਥਾਉਂ ਥਾਈਂ ਲੈਕਚਰ ਦਿੱਤੇ ਜਿਸ ਕਰ ਕੇ ਹਰੇਕ ਸ਼ਹਿਰ ਜਾਂ ਕਸਬੇ ਵਿਚ, ਜਿੱਥੇ ਸਿੱਖਾਂ ਦੀ ਬਹੁ ਗਿਣਤੀ ਸੀ, ਸਿੰਘ ਸਭਾਵਾਂ ਬਣਨੀਆਂ ਸ਼ੁਰੂ ਹੋਈਆਂ। ਅਜਿਹੀਆਂ ਸਿੰਘ ਸਭਾਵਾਂ ਵਿਚੋਂ, ਜੋ ਇਸ ਸਮੇਂ ਕਾਇਮ ਹੋਈਆਂ, ਗੁੱਜਰਾਂ ਵਾਲਾ, ਵਜ਼ੀਰਾਬਾਦ, ਸਿਆਲ ਕੋਟ, ਗੁਰਦਾਸਪੁਰ, ਫੀਰੋਜ਼ਪੁਰ, ਕਪੂਰਥਲਾ, ਲੁਦਿਹਾਣਾ, ਅੰਬਾਲਾ, ਪਟਿਆਲਾ, ਨਾਭਾ, ਸੰਗਰੂਰ ਆਦਿ ਥਾਵਾਂ ਦੀਆਂ ਸਭਾਵਾਂ ਪ੍ਰਸਿੱਧ ਸਨ। ਇਹ ਸਭਾਵਾਂ ਬਣਨ ਸਾਰ ਨਾਲੋ ਨਾਲ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਨਾਲ ਸੰਬੰਧਿਤ ਹੁੰਦੀਆਂ ਗਈਆਂ। ਇਸ ਤਰ੍ਹਾਂ ਪੰਜਾਬ ਵਿਚ ਬਹੁਤੀਆਂ ਸਿੰਘ ਸਭਾਵਾਂ ਬਣਨ ਤੇ ਸਿੰਘ ਸਭਾ ਲਹਿਰ ਸ਼ੁਰੂ ਹੋਈ।"[62]

### 3.7. ਸ੍ਰੀ ਗੁਰੂ ਸਿੰਘ ਸਭਾ ਜਨਰਲ

ਸਿੰਘ ਸਭਾ ਅੰਮ੍ਰਿਤਸਰ ਤੇ ਸਿੰਘ ਸਭਾ ਲਾਹੌਰ ਦੇ ਮੈਂਬਰਾਂ ਦੁਆਰਾ ਕੀਤੇ ਪ੍ਰਚਾਰ ਸਦਕਾ ਸਿੱਖ ਪੰਥ ਵਿਚ ਜਾਗ੍ਰਿਤੀ ਪੈਦਾ ਹੋਣ ਲੱਗੀ ਅਤੇ ਪਿੰਡਾਂ ਤੇ ਸ਼ਹਿਰਾਂ ਵਿਚ ਵੀ ਸਿੰਘ ਸਭਾਵਾਂ ਬਣਨ ਲੱਗੀਆਂ। ਇਸ ਤਰ੍ਹਾਂ ਸਿੰਘ ਸਭਾ ਇਕ ਲਹਿਰ ਦੇ ਰੂਪ ਵਿਚ ਪੂਰੇ ਪੰਜਾਬ ਵਿਚ ਕੰਮ ਕਰਨ ਲੱਗੀ। ਇਸ ਪ੍ਰਚਾਰ ਸਦਕਾ ਪਿੰਡਾਂ ਅਤੇ ਸ਼ਹਿਰਾਂ ਵਿਚ ਜੋ ਨਵੀਆਂ ਸਭਾਵਾਂ ਸਥਾਪਿਤ ਹੋਈਆਂ ਉਹ ਸਿੰਘ ਸਭਾ ਅੰਮ੍ਰਿਤਸਰ ਜਾਂ ਸਿੰਘ ਸਭਾ ਲਾਹੌਰ ਨਾਲ ਸੰਬੰਧਿਤ ਹੋਣ ਲੱਗੀਆਂ। ਸਿੰਘ ਸਭਾ ਅੰਮ੍ਰਿਤਸਰ ਦੀ ਬਜਾਇ ਸਿੰਘ ਸਭਾ ਲਾਹੌਰ ਨਾਲ ਸੰਬੰਧਿਤ ਸਭਾਵਾਂ ਦੀ ਗਿਣਤੀ ਜ਼ਿਆਦਾ ਸੀ। ਸੋ, 1880 ਈ. ਵਿਚ ਇਕ ਸਵਾਲ ਪੈਦਾ ਹੋ ਗਿਆ ਕਿ ਸਿੰਘ ਸਭਾ ਅੰਮ੍ਰਿਤਸਰ ਵੱਡੀ ਹੈ ਜਾਂ ਸਿੰਘ ਸਭਾ ਲਾਹੌਰ ਵੱਡੀ ਹੈ। ਭਾਈ ਗੁਰਮੁਖ ਸਿੰਘ ਲਾਹੌਰ ਵਾਲੀ ਸਿੰਘ ਸਭਾ ਤੇ ਬਾਬਾ ਖੇਮ ਸਿੰਘ ਬੇਦੀ ਅੰਮ੍ਰਿਤਸਰ ਵਾਲੀ ਸਿੰਘ ਸਭਾ ਨੂੰ ਵੱਡੀ ਸਮਝਦੇ ਸਨ।[63]

ਸਿੰਘ ਸਭਾ ਲਹਿਰ ਦੇ ਮੁੱਢਲੇ ਆਗੂਆਂ ਵੱਲੋਂ ਸਿੰਘ ਸਭਾ ਲਹਿਰ ਨੂੰ ਜਥੇਬੰਦਕ ਕਰਨ ਅਤੇ ਸਿੰਘ ਸਭਾ, ਅੰਮ੍ਰਿਤਸਰ ਤੇ ਸਿੰਘ ਸਭਾ, ਲਾਹੌਰ ਵਿਚ ਪੈਦਾ ਹੋਏ ਆਪਸੀ ਸਿਧਾਂਤਕ ਮਤਭੇਦ ਨੂੰ ਖ਼ਤਮ ਕਰਨ ਲਈ ਇਹ ਵਿਚਾਰ ਕੀਤਾ ਗਿਆ ਕਿ ਸਿੰਘ ਸਭਾ, ਅੰਮ੍ਰਿਤਸਰ ਅਤੇ ਸਿੰਘ ਸਭਾ, ਲਾਹੌਰ ਤੇ ਹੋਰਨਾ ਸਿੰਘ ਸਭਾਵਾਂ ਨੂੰ ਇਕ ਜਨਰਲ ਸਭਾ ਅਧੀਨ ਕੀਤਾ ਜਾਵੇ। ਇਸ ਤਰ੍ਹਾਂ ਇਕ ਵੱਡੀ ਜਨਰਲ ਸਭਾ ਬਣਾਉਣ ਦਾ ਫੈਸਲਾ ਕੀਤਾ ਗਿਆ। ਜਗਜੀਤ ਸਿੰਘ ਅਨੁਸਾਰ, "ਆਖਰ ੬ ਅਪਰੈਲ ੧੮੮੦ ਨੂੰ ਇਕ ਖਤ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਜੀ ਵਲੋਂ ਲਾਹੌਰ ਦੀ ਸਭਾ ਦੇ ਨਾਮ ਭੇਜਿਆ ਗਿਆ ਕਿ ਇਸ ਵਿਚਾਰ ਲਈ ੧੦ ਅਪਰੈਲ ਨੂੰ ਅੰਮ੍ਰਿਤਸਰ ਦੇ ਜਲਸੇ ਵਿਚ

[62] ਉਹੀ, ਪੰਨਾ 179.
[63] ਉਹੀ, ਪੰਨਾ 188.

ਭਾਈ ਗੁਰਮੁਖ ਸਿੰਘ ਜੀ ਦੇ ਨਾਲ ਦਸ ਮੈਂਬਰ ਸਭਾ ਲਾਹੌਰ ਦੇ ਆ ਜਾਵਣ।"[64] ਸੋ, ਇਸ ਮਨੋਰਥ ਦੀ ਪੂਰਤੀ ਲਈ 10 ਅਪ੍ਰੈਲ, 1880 ਈ. ਨੂੰ ਅੰਮ੍ਰਿਤਸਰ ਸਾਹਿਬ ਵਿਖੇ ਸਿੰਘ ਸਭਾ ਦਾ ਜਲਸਾ ਹੋਇਆ ਜਿਸ ਵਿਚ ਭਾਈ ਗੁਰਮੁਖ ਸਿੰਘ, ਸਿੰਘ ਸਭਾ ਲਾਹੌਰ ਦੇ ਦਸ ਮੈਂਬਰਾਂ ਸਮੇਤ ਸ਼ਾਮਿਲ ਹੋਏ।[65]

11 ਅਪ੍ਰੈਲ, 1880 ਈ. ਨੂੰ ਸ੍ਰੀ ਗੁਰੂ ਸਿੰਘ ਸਭਾ ਜਨਰਲ ਦੀ ਸਥਾਪਨਾ ਕੀਤੀ ਗਈ ਅਤੇ ਇਹ ਫੈਸਲਾ ਹੋਇਆ ਕਿ ਇਸ ਸਭਾ ਦੇ ਮੈਂਬਰ ਸਿੰਘ ਸਭਾ, ਅੰਮ੍ਰਿਤਸਰ; ਲਾਹੌਰ ਅਤੇ ਹੋਰਨਾਂ ਥਾਵਾਂ ਦੀਆਂ ਸਭਾਵਾਂ ਦੇ ਮੈਂਬਰਾਂ ਵਿਚੋਂ ਹੀ ਚੁਣੇ ਜਾਣਗੇ। ਇਸ ਜਨਰਲ ਸਭਾ ਦੀ ਕਾਰਵਾਈ ਹਿਤ ਇਕ ਕਮੇਟੀ ਬਣਾਈ ਗਈ ਅਤੇ ਫੈਸਲਾ ਹੋਇਆ ਕਿ ਇਹ ਕਮੇਟੀ ਤਿੰਨ ਮਹੀਨੀਆਂ ਪਿੱਛੋਂ ਸਿੰਘ ਸਭਾ, ਅੰਮ੍ਰਿਤਸਰ ਅਤੇ ਸਿੰਘ ਸਭਾ, ਲਾਹੌਰ ਦੇ ਕੰਮ-ਕਾਰ ਦੀ ਪੜਤਾਲ ਕਰੇਗੀ ਅਤੇ ਇਨ੍ਹਾਂ ਸਭਾਵਾਂ ਨੂੰ ਤਿੰਨ ਮਹੀਨਿਆਂ ਲਈ ਅੱਗੇ ਕੰਮ ਸੁਪੁਰਦ ਕਰੇਗੀ।[66] ਇਸ ਸਭ ਦੇ ਬਾਵਜੂਦ ਸ੍ਰੀ ਗੁਰੂ ਸਿੰਘ ਸਭਾ ਜਨਰਲ ਬਹੁਤਾ ਸਮਾਂ ਕੰਮ ਨਾ ਕਰ ਸਕੀ। ਸ਼ਮਸ਼ੇਰ ਅਸ਼ੋਕ ਅਨੁਸਾਰ, "ਇਹ ਸਭਾ ਇਕ ਵੇਰ ਬਣ ਤਾਂ ਗਈ, ਫੇਰ ਨਾ ਤਾਂ ਇਸ ਦਾ ਕੋਈ ਇਕੱਠ ਹੀ ਹੋਇਆ ਤੇ ਨਾਹੀ ਸਿਵਾਇ ਕਾਗ਼ਜ਼ੀ ਕਾਰਵਾਈ ਦੇ ਹੋਰ ਕੋਈ ਅੱਛਾ ਨਤੀਜਾ ਹੀ ਨਿਕਲ ਸਕਿਆ।"[67]

### 3.8. ਸ੍ਰੀ ਗੁਰੂ ਸਿੰਘ ਸਭਾ ਅਤੇ ਸ੍ਰੀ ਗੁਰੂ ਹਿਤਕਾਰਨੀ ਸਿੰਘ ਸਭਾ

ਸਿੰਘ ਸਭਾ, ਅੰਮ੍ਰਿਤਸਰ ਅਤੇ ਸਿੰਘ ਸਭਾ, ਲਾਹੌਰ ਦੇ ਆਗੂਆਂ ਵਿਚ ਆਪਸੀ ਸਿਧਾਂਤਕ ਮਤਭੇਦ ਵਧਦਾ ਗਿਆ ਜਿਸ ਕਾਰਨ ਪਹਿਲਾਂ ਕਾਇਮ ਕੀਤੀ ਜਨਰਲ ਸਭਾ ਵੀ ਬਹੁਤਾ ਸਮਾਂ ਕੰਮ ਨਾ ਕਰ ਸਕੀ। ਉਸ ਸਮੇਂ ਇਹ ਦੋਵੇਂ ਸਭਾਵਾਂ ਚੋਟੀ ਦੀਆਂ ਸਭਾਵਾਂ ਸਨ। ਪਰ, ਕੁਝ ਸਮੇਂ ਬਾਅਦ ਇਨ੍ਹਾਂ ਸਭਾਵਾਂ ਨੇ ਆਪਣੇ ਨਾਮਾਂ ਵਿਚ ਤਬਦੀਲੀ ਕਰ ਲਈ। ਜਗਜੀਤ ਸਿੰਘ ਦੇ ਸ਼ਬਦਾਂ ਵਿਚ, "ਇਤਨੇ ਕੰਮ ਕਰਦਿਆਂ ਭੀ ਸੇਵਕਾਂ ਵਿਚ ਮਤ-ਭੇਦ ਹੋ ਗਿਆ, ਜੋ 'ਖਾਲਸਾ ਕਾਲਜ ਅੰਮ੍ਰਿਤਸਰ ਬਣੇ ਜਾਂ ਲਾਹੌਰ?' ਦੇ ਝਗੜੇ ਸਮੇਂ ਚੋਟੀ ਤੇ ਪੁਜ ਗਿਆ ਤੇ ਇਸ ਸਭਾ ਦੇ ਦੋ ਹਿੱਸੇ ਹੋ ਗਏ, ਇਕ ਦਾ ਨਾਉਂ ਸ੍ਰੀ ਗੁਰੂ ਸਿੰਘ ਸਭਾ ਤੇ ਦੂਸਰੀ ਦਾ ਨਾਮ ਸ੍ਰੀ ਗੁਰੂ ਹਿਤਕਾਰਨੀ ਸਿੰਘ ਸਭਾ ਹੋਇਆ।"[68]

ਹਲਾਂਕਿ ਦੋਵੇਂ ਵੱਡੀਆਂ ਸਭਾਵਾਂ (ਸਿੰਘ ਸਭਾ, ਅੰਮ੍ਰਿਤਸਰ ਅਤੇ ਸਿੰਘ ਸਭਾ, ਲਾਹੌਰ) ਵਿਚ ਆਪਸੀ ਸਿਧਾਂਤਕ ਮਤਭੇਦ ਪੈਦਾ ਹੋ ਗਏ ਸਨ ਪਰ ਇਸ ਤਰ੍ਹਾਂ ਦੇ ਮਤਭੇਦਾਂ ਦਾ ਇਨ੍ਹਾਂ ਸਭਾਵਾਂ ਦੀ ਕਾਰਗੁਜਾਰੀ 'ਤੇ ਕੋਈ ਬਹੁਤਾ ਅਸਰ ਨਹੀਂ ਹੋਇਆ। ਇਹ ਪਹਿਲਾਂ ਦੀ ਤਰ੍ਹਾਂ ਹੀ ਸਿੱਖ ਪੰਥ ਵਿਚ ਪੈਦਾ ਹੋਈਆ ਕੁਰੀਤੀਆਂ ਨੂੰ ਠਲ੍ਹ ਪਾਉਣ ਲਈ ਕੰਮ ਕਰਦੀਆਂ ਰਹੀਆਂ, "ਦੋਨੋਂ (ਸਿੰਘ ਸਭਾ, ਅੰਮ੍ਰਿਤਸਰ ਅਤੇ ਸਿੰਘ ਸਭਾ, ਲਾਹੌਰ) ਆਪੋ ਆਪਣੀ ਥਾਂ ਝਗੜਦੀਆਂ ਹੋਈਆਂ ਭੀ ਵਿਤੋਂ ਵਧ ਖਾਲਸਾ ਪੰਥ ਦੀ ਸੇਵਾ ਕਰਦੀਆਂ ਰਹੀਆਂ ਤੇ ਸਭ ਤੋਂ ਵਧ ਸਿਖ

---

[64] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ 22.
[65] ਉਹੀ.
[66] ਉਹੀ.
[67] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 188.
[68] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ 24.

ਪੰਥ ਨੂੰ ਅਨਮਤੀਆਂ ਤੇ ਖਾਸ ਕਰ ਆਰੀਆ ਸਮਾਜੀਆਂ ਦੇ ਹਮਲਿਆਂ ਤੋਂ ਬਚਾਉਣ ਲਈ ਢਾਲ ਦਾ ਕੰਮ ਦਿੰਦੀਆਂ ਰਹੀਆਂ। ''[69]

### 3.9. ਖ਼ਾਲਸਾ ਦੀਵਾਨ, ਅੰਮ੍ਰਿਤਸਰ

ਅਪ੍ਰੈਲ, 1880 ਈ. ਨੂੰ ਸਥਾਪਿਤ ਹੋਈ ਸ੍ਰੀ ਗੁਰੂ ਸਿੰਘ ਸਭਾ ਜਨਰਲ ਬਹੁਤਾ ਸਮਾਂ ਕੰਮ ਨਾ ਕਰ ਸਕੀ। ਇਸ ਸਮੇਂ ਦੌਰਾਨ ਨਵੀਆਂ ਸਿੰਘ ਸਭਾਵਾਂ ਵੀ ਹੋਂਦ ਵਿਚ ਆ ਰਹੀਆਂ ਸਨ ਜਿਸ ਕਾਰਨ ਇਸ ਲਹਿਰ ਨੂੰ ਜਥੇਬੰਦਕ ਤੌਰ 'ਤੇ ਸਥਾਪਿਤ ਕਰਨ ਦੀਆਂ ਹੋਰ ਕੋਸ਼ਿਸ਼ਾਂ ਵੀ ਹੋਈਆਂ, ਜਿਨ੍ਹਾਂ ਵਿਚੋਂ ਖ਼ਾਲਸਾ ਦੀਵਾਨ ਦੀ ਸਥਾਪਨਾ ਕਰਨਾ ਪ੍ਰਮੁੱਖ ਸੀ। ਖ਼ਾਲਸਾ ਦੀਵਾਨ ਦੀ ਲੋੜ ਅਤੇ ਖ਼ਾਲਸਾ ਦੀਵਾਨ ਦਾ ਅੰਮ੍ਰਿਤਸਰ ਸਾਹਿਬ ਵਿਖੇ ਬਣਾਏ ਜਾਣ ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਸਪਸ਼ਟ ਕਰਦੇ ਹੋਏ ਜਗਜੀਤ ਸਿੰਘ ਲਿਖਦੇ ਹਨ, ''ਸੰਨ ੧੮੮੩ ਅੰਦਰ ਥਾਂ ਥਾਂ ੩੬-੩੭ ਸਿੰਘ ਸਭਾਵਾਂ ਕਾਇਮ ਹੋ ਗਈਆਂ ਅਤੇ ਇਕ ਕੇਂਦਰੀ ਜਥੇਬੰਦੀ ਦੀ ਲੋੜ ਪਈ। ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਦੀ ਵਿਸ਼ੇਸ਼ਤਾ ਤੇ ਪਹਿਲੀ ਸਿੰਘ ਸਭਾ ਭੀ ਏਥੋਂ ਹੀ ਹੋਵਣ ਕਾਰਣ ਖਾਲਸਾ ਦੀਵਾਨ, 'ਜੋ ਬਹੁਤੀਆਂ ਸਭਾਵਾਂ ਦੇ ਮਜਮੂਏ ਦਾ ਨਾਮ ਸੀ', ਅੰਮ੍ਰਿਤਸਰ ਬਣਾਇਆ ਗਿਆ। ''[70]

ਪੰਜਾਬ ਦੇ ਲੈਫਟੀਨੈਂਟ-ਗਵਰਨਰ ਅਤੇ ਫ਼ਰੀਦਕੋਟ ਦੇ ਰਾਜਾ ਬਿਕਰਮ ਸਿੰਘ ਨੂੰ ਖ਼ਾਲਸਾ ਦੀਵਾਨ ਦਾ ਸਰਪ੍ਰਸਤ ਬਣਾਇਆ ਗਿਆ। ਬਾਬਾ ਖੇਮ ਸਿੰਘ ਬੇਦੀ ਨੇ ਇਸ ਦੀਵਾਨ ਦੇ ਪ੍ਰਧਾਨ ਅਤੇ ਭਾਈ ਗੁਰਮੁਖ ਸਿੰਘ ਨੇ ਮੁਖ ਸਕੱਤਰ ਦੇ ਤੌਰ ਤੇ ਸੇਵਾ ਸੰਭਾਲੀ।[71] ਇਸ ਦੀਵਾਨ ਵੱਲੋਂ ਹਰ ਸਾਲ ਵਿਸਾਖੀ ਅਤੇ ਦੀਵਾਲੀ ਨੂੰ ਅੰਮ੍ਰਿਤਸਰ ਸਾਹਿਬ ਵਿਖੇ ਜੋੜਮੇਲ ਕਰਨ ਦੀ ਬੁਨਿਆਦ ਰੱਖੀ ਗਈ।

ਖ਼ਾਲਸਾ ਦੀਵਾਨ ਦੀ ਸਥਾਪਨਾ ਸਮੇਂ ਭਾਈ ਗੁਰਮੁਖ ਸਿੰਘ ਨੂੰ ਮੁੱਖ ਸਕੱਤਰ ਬਣਾਇਆ ਗਿਆ ਸੀ। ਸੋ, ਭਾਈ ਗੁਰਮੁਖ ਸਿੰਘ ਨੇ ਖ਼ਾਲਸਾ ਦੀਵਾਨ ਦੀ ਨਿਯਮਾਵਲੀ ਦਾ ਖਰੜਾ ਤਿਆਰ ਕੀਤਾ ਜਿਸ ਨੂੰ ਅੰਮ੍ਰਿਤਸਰ ਸਿੰਘ ਸਭਾ ਦੇ ਆਗੂਆਂ ਨੇ ਰੱਦ ਕਰ ਦਿੱਤਾ। ਇਸ ਨਿਯਮਾਵਲੀ ਨੂੰ ਰੱਦ ਕਰਨ ਦੇ ਕਾਰਨ ਉੱਪਰ ਚਾਨਣਾ ਪਾਉਂਦੇ ਹੋਏ ਸ਼ਮਸ਼ੇਰ ਸਿੰਘ ਅਸ਼ੋਕ ਨੇ ਲਿਖਿਆ ਹੈ, ''ਇਸ ਖਰੜੇ ਵਿਚ ਲਿਖਿਆ ਸੀ ਕਿ ਖ਼ਾਲਸਾ ਦੀਵਾਨ ਦਾ ਚੀਫ਼ ਸਕਤ੍ਰ ਉਹੋ ਆਦਮੀ ਬਣ ਸਕੇਗਾ ਜੋ ਅੰਗ੍ਰੇਜ਼ੀ ਪੜ੍ਹਿਆ-ਲਿਖਿਆ ਹੋਵੇ। ਇਸ ਗੱਲੋਂ ਅੰਮ੍ਰਿਤਸਰੀ ਧੜੇ ਨੇ ਖੁਣਸ ਖਾਧੀ ਤੇ ਭਾਈ ਗੁਰਮੁਖ ਸਿੰਘ ਨੂੰ 'ਚੀਫ਼ ਸਕਤ੍ਰੀ ਦਾ ਭੁੱਖਾ' ਕਹਿ ਕੇ ਨਿੰਦਿਆ ਕਿਉਂਕਿ ਦੀਵਾਨ ਦੇ ਮੋਢੀਆਂ ਵਿਚ ਉਸ ਸਮੇਂ ਇਨ੍ਹਾਂ ਵਰਗਾ ਅੰਗ੍ਰੇਜ਼ੀ ਪੜ੍ਹਿਆ ਹੋਇਆ ਤੇ ਤਜਰਬੇਕਾਰ ਆਦਮੀ ਕੋਈ ਨਹੀਂ ਸੀ। ਦੂਰੰਦੇਸ਼ੀ ਨਾਲ ਇਹੋ ਗੱਲ ਸੋਚ ਕੇ ਇਹ ਨਿਯਮਾਵਲੀ ਰੱਦ ਕਰ ਦਿੱਤੀ ਗਈ। ''[72]

---

[69] ਉਹੀ.
[70] ਉਹੀ, ਪੰਨਾ 25.
[71] ਜੋਧ ਸਿੰਘ (ਮੁਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼*, ਦੂਜੀ ਸੈਂਚੀ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2013, ਪੰਨਾ 276.
[72] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 192.

ਸਿੰਘ ਸਭਾ, ਅੰਮ੍ਰਿਤਸਰ ਵਾਲੇ ਧੜ੍ਹੇ ਨੇ ਖ਼ਾਲਸਾ ਦੀਵਾਨ ਲਈ ਭਾਈ ਗੁਰਮੁਖ ਸਿੰਘ ਦੁਆਰਾ ਤਿਆਰ ਕੀਤੀ ਗਈ ਨਿਯਮਾਵਲੀ ਨੂੰ ਰੱਦ ਕਰਕੇ ਇਸ ਦੀਵਾਨ ਦੀ ਨਵੀਂ ਨਿਯਮਾਵਲੀ ਤਿਆਰ ਕੀਤੀ। ਇਸ ਅਨੁਸਾਰ ਦੀਵਾਨ ਨੂੰ ਮੁੱਖ ਤੌਰ 'ਤੇ ਦੋ ਅਤੇ ਪ੍ਰਬੰਧਕੀ ਤੌਰ 'ਤੇ ਛੇ ਭਾਗਾਂ ਵਿਚ ਵੰਡ ਦਿੱਤਾ ਗਿਆ। ਮੁੱਖ ਤੌਰ 'ਤੇ ਦੀਵਾਨ ਨੂੰ ਸਾਮਾਨ ਖੰਡ ਅਤੇ ਮਹਾਨ ਜਾਂ ਸ੍ਰੇਸ਼ਟ ਖੰਡ ਵਿਚ ਵਿਭਾਜਿਤ ਕੀਤਾ ਗਿਆ। ਸਾਮਾਨ ਖੰਡ ਵਿਚ ਉਹ ਮੈਂਬਰ ਰੱਖੇ ਗਏ ਜਿਹੜੇ ਗਰੀਬ ਤਬਕੇ ਨਾਲ ਸੰਬੰਧਿਤ ਸਨ ਅਤੇ ਮਹਾਨ ਜਾਂ ਸ੍ਰੇਸ਼ਟ ਖੰਡ ਉਨ੍ਹਾਂ ਮੈਂਬਰਾਂ ਦਾ ਸਮੂਹ ਸੀ ਜੋ ਅਮੀਰ ਵਰਗ ਨਾਲ ਸੰਬੰਧ ਰੱਖਦੇ ਸਨ। ਇਸ ਤੋਂ ਇਲਾਵਾ ਪ੍ਰਬੰਧ ਦੇ ਨੁਕਤੇ ਤੋਂ ਦੀਵਾਨ ਦੇ ਚਾਰ ਹੋਰ ਭਾਗ ਬਣਾਏ ਗਏ ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:[73]

(ੳ). ਬਿਬੇਕ ਸਭਾ।

(ਅ). ਪ੍ਰਬੰਧਕਾਰੀ ਸਭਾ।

(ੲ). ਮਹਾਨ ਸਭਾ

(ਸ). ਗਵਰਨਮੈਂਟ ਤੇ ਰਿਆਸਤਾਂ ਸੰਬੰਧੀ ਸਭਾ।

ਇਸ ਨਵੀਂ ਨਿਯਮਾਵਲੀ ਵਿਚ ਦੀਵਾਨ ਦੇ ਅਹੁਦੇਦਾਰਾਂ ਦੀ ਚੋਣ ਸੰਬੰਧੀ ਵੀ ਬਾਕਾਇਦਾ ਨਿਯਮ ਬਣਾਏ ਗਏ। ਇਨ੍ਹਾਂ ਨਿਯਮਾਂ ਅਨੁਸਾਰ:

(ੳ). ਪ੍ਰਧਾਨ- ਸ੍ਰੀ ਦਰਬਾਰ ਸਾਹਿਬ ਦਾ ਸਰਬਰਾਹ ਹੀ ਮੰਨਿਆ ਜਾਵੇਗਾ।

(ਅ). ਮੀਤ ਪ੍ਰਧਾਨ- ਅਕਾਲ ਬੁੰਗੇ ਦੇ ਮੁਖੀ ਸਿੰਘਾਂ ਵਿਚੋਂ ਚੁਣਿਆ ਜਾਵੇਗਾ।

(ੲ). ਚੀਫ਼ ਸਕੱਤਰ- ਕੋਈ ਲਾਇਕ ਖ਼ਾਨਦਾਨੀ ਰਿਆਸਤੀ ਸਿੰਘ ਹੀ ਲਗਾਇਆ ਜਾਵੇਗਾ।

ਇਸ ਤੋਂ ਇਲਾਵਾ ਇਸ ਨਿਯਮਾਵਲੀ ਵਿਚ ਇਹ ਲਾਜਮੀ ਤੌਰ 'ਤੇ ਸ਼ਾਮਲ ਕੀਤਾ ਗਿਆ ਕਿ ਗੁਰੂ-ਅੰਸ ਦਾ ਸਨਮਾਨ ਕੀਤਾ ਜਾਵੇਗਾ ਅਤੇ ਉਨ੍ਹਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਗਦੈਲੇ ਲਗਾ ਕੇ ਬੈਠਣ ਦੀ ਪ੍ਰੋੜਤਾ ਕੀਤੀ ਗਈ।[74] ਇਸ ਨਿਯਮਾਵਲੀ ਦਾ ਅਲੋਚਨਾਤਮਕ ਅਧਿਐਨ ਕਰਦੇ ਹੋਏ ਸ਼ਮਸ਼ੇਰ ਸਿੰਘ ਅਸ਼ੋਕ ਲਿਖਦੇ ਹਨ, "ਇਸ ਨਿਯਮਾਵਲੀ ਵਿਚ ਇਕ ਹੋਰ ਵੀ ਸ਼ਰਤ ਸੀ ਜਿਸ ਦੇ ਅਨੁਸਾਰ ਸਾਮਾਨ ਖੰਡ (ਗ਼ਰੀਬ) ਖ਼ਾਲਸਾ ਦੀਵਾਨ ਦੀ ਕਾਰਵਾਈ ਨੂੰ ਮਹਾਨ ਅਥਵਾ ਸ਼੍ਰੇਸ਼ਟ ਖੰਡ (ਅਮੀਰ) ਖ਼ਾਲਸਾ ਦੀਵਾਨ ਰੱਦ ਕਰ ਸਕਦਾ ਸੀ ਜਿਸ ਦਾ ਮਤਲਬ ਸਾਫ਼ ਤੌਰ 'ਤੇ ਇਹ ਸੀ ਕਿ ਸਾਰੀ ਪੰਥਕ ਤਾਕਤ ਬਾਬਾ ਖੇਮ ਸਿੰਘ ਬੇਦੀ ਦੇ ਧੜੇ ਦੇ ਹੱਥ ਵਿਚ ਰਹੇ ਤੇ ਹੋਰ ਕੋਈ ਉਸ ਦੇ ਮੁਕਾਬਲੇ ਤੇ ਉਠ ਨਾ ਸਕੇ। ਇਸ ਤਰ੍ਹਾਂ (ਗ਼ਰੀਬ-ਅਮੀਰ) ਦੇ ਝਗੜੇ ਵਿਚ ਪੈ ਕੇ ਖ਼ਾਲਸਾ ਦੀਵਾਨ ਅੰਮ੍ਰਿਤਸਰ ਸਾਰੇ ਸਿੱਖਾਂ ਦਾ ਸਾਂਝਾ ਨਾ ਰਿਹਾ ਤੇ ਨਿਰਾ ਸ਼ਖਸੀ ਜਿਹਾ ਬਣ ਗਿਆ।"[75]

---

[73] ਉਹੀ, ਪੰਨਾ 193.
[74] ਉਹੀ.
[75] ਉਹੀ, ਪੰਨਾ 194.

ਉਪਰੋਕਤ ਦਰਸਾਏ ਝਗੜੇ ਜਾਂ ਮਤਭੇਦ ਦੇ ਬਾਵਜ਼ੂਦ ਖ਼ਾਲਸਾ ਦੀਵਾਨ, ਅੰਮ੍ਰਿਤਸਰ ਨੇ ਧਾਰਮਿਕ, ਸਮਾਜ-ਸੁਧਾਰਕ ਅਤੇ ਸਿੱਖਿਆ ਨੂੰ ਪ੍ਰਫੁਲਿਤ ਕਰਨ ਲਈ ਬਹੁਤ ਸ਼ਲਾਘਾਯੋਗ ਕਾਰਜ ਕੀਤੇ। ਇਸ ਦੀਵਾਨ ਵੱਲੋਂ ਅੰਮ੍ਰਿਤਸਰ ਵਿਖੇ ਸਕੂਲ ਅਤੇ ਹਸਪਤਾਲ ਖੋਲ੍ਹਿਆ ਗਿਆ। ਇਸ ਤੋਂ ਇਲਾਵਾ ਸਿੱਖ ਰਹਿਤ ਮਰਯਾਦਾ ਨੂੰ ਛਪਵਾ ਕੇ ਵੰਡਣਾ ਅਤੇ ਸਮਾਜਿਕ ਕੁਰੀਤੀਆਂ ਸੰਬੰਧੀ ਸਮਾਜ ਨੂੰ ਜਾਗਰੂਕ ਕਰਨ ਹਿਤ ਟ੍ਰੈਕਟ ਛਪਵਾ ਕੇ ਵੰਡਣੇ, ਇਸ ਦੀਵਾਨ ਦੇ ਮਹੱਤਵਪੂਰਨ ਕਾਰਜ ਸਨ।[76] ਸਿੱਖਾਂ ਅੰਦਰ ਵਿੱਦਿਆ ਦੀ ਘਾਟ ਨੂੰ ਦੂਰ ਕਰਨ ਵੱਲ ਇਸ ਦੀਵਾਨ ਨੇ ਉਚੇਚਾ ਧਿਆਨ ਦਿੱਤਾ।

ਭਾਈ ਗੁਰਮੁਖ ਨੇ 1886 ਈ. ਵਿਚ ਖ਼ਾਲਸਾ ਦੀਵਾਨ, ਅੰਮ੍ਰਿਤਸਰ ਤੋਂ ਅਸਤੀਫਾ ਦੇ ਕੇ ਲਾਹੌਰ ਵਿਖੇ ਨਵਾਂ ਖ਼ਾਲਸਾ ਦੀਵਾਨ ਸਥਾਪਿਤ ਕਰ ਲਿਆ। ਉਨ੍ਹਾਂ ਤੋਂ ਬਾਅਦ ਭਾਈ ਗਣੇਸ਼ਾ ਸਿੰਘ ਜੀ ਨੂੰ ਖ਼ਾਲਸਾ ਦੀਵਾਨ, ਅੰਮ੍ਰਿਤਸਰ ਦਾ ਮੁਖ ਸਕੱਤਰ ਨਿਯੁਕਤ ਕੀਤਾ ਗਿਆ। ਭਾਈ ਗਣੇਸ਼ਾ ਸਿੰਘ ਜੀ ਨੇ ਵੀ ਛੇਤੀ ਹੀ ਅਸਤੀਫਾ ਦੇ ਦਿੱਤਾ ਅਤੇ ਉਨ੍ਹਾਂ ਤੋਂ ਬਾਅਦ ਬਾਬਾ ਖੇਮ ਸਿੰਘ ਬੇਦੀ ਦੇ ਇਕ ਖਾਸ ਟਹਿਲੂਏ ਭਾਈ ਅਵਤਾਰ ਸਿੰਘ ਜੀ ਨੇ ਮੁਖ ਸਕੱਤਰ ਦੀ ਸੇਵਾ ਸੰਭਾਲੀ।[77] ਖ਼ਾਲਸਾ ਦੀਵਾਨ, ਅੰਮ੍ਰਿਤਸਰ ਦਾ ਵੱਡਾ ਅਤੇ ਖਾਸ ਕਾਰਜ ਰਾਜਾ ਬਿਕਰਮ ਸਿੰਘ ਜੀ ਨੂੰ ਉਤਸ਼ਾਹਿਤ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਵਾਉਣਾ ਸੀ। ਰਾਜਾ ਸਾਹਿਬ ਨੇ ਗਿਆਨੀ ਬਦਨ ਸਿੰਘ ਸੇਖਵਾਂ ਨੂੰ ਇਸ ਕਾਰਜ ਲਈ ਲਗਾਇਆ ਜਿਨ੍ਹਾਂ ਪੰਜਾਂ ਵਰ੍ਹਿਆਂ ਵਿਚ ਇਸ ਕਾਰਜ ਨੂੰ ਸੰਪੂਰਨ ਕੀਤਾ। ਵੱਖ-ਵੱਖ ਗ੍ਰੰਥੀਆਂ, ਗਿਆਨੀਆਂ ਅਤੇ ਵਿਦਵਾਨਾਂ ਦੀ ਕਮੇਟੀ ਬਣਾਈ ਗਈ ਜਿਨ੍ਹਾਂ ਇਸ ਟੀਕੇ ਨੂੰ ਜਿੱਥੇ ਤੱਕ ਹੋ ਸਕਿਆ ਸੋਧਣ ਦੀ ਕੋਸ਼ਿਸ਼ ਕੀਤੀ ਅਤੇ ਅਖੀਰ ਰਾਜਾ ਬਿਕਰਮ ਸਿੰਘ ਦੇ ਸਪੁੱਤਰ ਰਾਜਾ ਬਲਵੀਰ ਸਿੰਘ ਦੇ ਗੱਦੀ ਉੱਪਰ ਬੈਠਣ ਤੋਂ ਬਾਅਦ ਇਹ ਟੀਕਾ ਪਹਿਲੀ ਵਾਰ ਛਾਪਿਆ ਗਿਆ।[78]

ਖ਼ਾਲਸਾ ਦੀਵਾਨ, ਲਾਹੌਰ ਬਣਨ ਨਾਲ ਇਸ ਦੀਵਾਨ ਨਾਲ ਸੰਬੰਧਿਤ ਸਿੰਘ ਸਭਾਵਾਂ ਦੀ ਗਿਣਤੀ ਦਸ ਤੋਂ ਵੀ ਘੱਟ ਰਹਿ ਗਈ ਜਿਨ੍ਹਾਂ ਵਿਚੋਂ ਅੰਮ੍ਰਿਤਸਰ, ਰਾਵਲਪਿੰਡੀ ਅਤੇ ਫ਼ਰੀਦਕੋਟ ਵਧ ਸਰਗਰਮ ਸਨ। ਖ਼ਾਲਸਾ ਦੀਵਾਨ, ਅੰਮ੍ਰਿਤਸਰ ਦੇ ਅੰਤ ਸੰਬੰਧੀ ਜੋਧ ਸਿੰਘ ਦੁਆਰਾ ਸੰਪਾਦਤ ਸਿੱਖ ਧਰਮ ਵਿਸ਼ਵਕੋਸ਼ ਵਿਚ ਲਿਖਿਆ ਹੈ, "ਸਤੰਬਰ, 1887 ਵਿਚ ਦੀਵਾਨ ਦਾ ਨਵਾਂ ਅਪਣਾਇਆ ਸੰਵਿਧਾਨ ਵੀ ਦੀਵਾਨ ਦੇ ਪਤਨ ਨੂੰ ਰੋਕਣ ਵਿਚ ਅਸਫ਼ਲ ਰਿਹਾ। ਨਵੀਂ ਸਕੀਮ ਹੇਠ ਇਹ ਦੀਵਾਨ ਦੋ ਭਾਗਾਂ ਵਿਚ ਵੰਡਿਆ ਗਿਆ-ਕੁਲੀਨ ਵਰਗ ਦੀ ਪ੍ਰਤਿਨਿਧਤਾ ਕਰਦੇ ਉੱਚ ਸਦਨ ਨੂੰ ਮਹਾਨ ਖੰਡ ਅਤੇ ਆਮ ਲੋਕਾਂ ਦੀ ਪ੍ਰਤਿਨਿਧਤਾ ਕਰਦੇ ਹੇਠਲੇ ਸਦਨ ਨੂੰ ਸਮਾਨ ਖੰਡ ਕਿਹਾ ਗਿਆ। ਰਾਜਾ ਬਿਕਰਮ ਸਿੰਘ ਸਮੁੱਚੇ ਤੌਰ ਤੇ ਇਸ ਦੀਵਾਨ ਦੇ ਸਰਪ੍ਰਸਤ ਬਣੇ ਰਹੇ ਜਦੋਂ ਕਿ ਬਾਬਾ ਖੇਮ ਸਿੰਘ ਮਹਾਨ ਖੰਡ

---

[76] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ 27.
[77] ਉਹੀ, ਪੰਨਾ 29.
[78] ਉਹੀ, ਪੰਨਾ 30.

ਦੇ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮਨੇਜਰ, ਮਾਨ ਸਿੰਘ ਸਮਾਨ ਖੰਡ ਦੇ ਪ੍ਰਧਾਨ ਬਣ ਗਏ। 1902 ਈ. ਵਿਚ, ਚੀਫ਼ ਖ਼ਾਲਸਾ ਦੀਵਾਨ ਦੀ ਸਥਾਪਨਾ ਨਾਲ ਇਸ ਦੀਵਾਨ ਦੀ ਹੋਂਦ ਖ਼ਤਮ ਹੋ ਗਈ।"[79]

### 3.10. ਆਗੂਆਂ ਵਿਚ ਮਤਭੇਦ

1873 ਈ. ਵਿਚ ਸਿੰਘ ਸਭਾਵਾਂ ਦੀ ਸਥਾਪਨਾ ਨਾਲ ਸਿੰਘ ਸਭਾ ਲਹਿਰ ਜਿਸ ਮਨੋਰਥ ਨਾਲ ਸ਼ੁਰੂ ਹੋਈ ਸੀ, ਉਸ ਮਨੋਰਥ ਨੂੰ ਪੂਰਾ ਕਰਨ ਲਈ ਅਨੇਕਾਂ ਸ਼ਲਾਘਾਯੋਗ ਕਾਰਜ ਕਰ ਰਹੀ ਸੀ। ਸ਼ੁਰੂ ਵਿਚ ਸਿੰਘ ਸਭਾ, ਅੰਮ੍ਰਿਤਸਰ ਅਤੇ ਸਿੰਘ ਸਭਾ, ਲਾਹੌਰ ਮਿਲ ਕੇ ਕੰਮ ਕਰ ਰਹੀਆਂ ਸਨ। ਉਨ੍ਹਾਂ ਵਿਚ ਇਕ-ਦੋ ਨੁਕਤਿਆਂ ਨੂੰ ਛਡ ਕੇ ਬਾਕੀ ਸਭ ਠੀਕ-ਠਾਕ ਚੱਲ ਰਿਹਾ ਸੀ। ਸਿੰਘ ਸਭਾ, ਅੰਮ੍ਰਿਤਸਰ ਆਪਣੇ ਇਲਾਕੇ ਵਿਚ ਸਿੱਖ ਧਰਮ, ਪਰੰਪਰਾ ਤੇ ਮਰਯਾਦਾ ਪ੍ਰਤੀ ਸਿੱਖਾਂ ਨੂੰ ਜਾਗਰੂਕ ਕਰ ਰਹੀ ਸੀ ਅਤੇ ਸਿੰਘ ਸਭਾ, ਲਾਹੌਰ ਆਪਣੇ ਇਲਾਕੇ ਵਿਚ ਕੰਮ ਕਰ ਰਹੀ ਸੀ।

ਪਰ ਇਹ ਇਕਜੁੱਟਤਾ ਬਹੁਤਾ ਸਮਾਂ ਨਾ ਰਹਿ ਸਕੀ। ਸਿੰਘ ਸਭਾ, ਅੰਮ੍ਰਿਤਸਰ ਅਤੇ ਸਿੰਘ ਸਭਾ, ਲਾਹੌਰ ਦੇ ਮੋਢੀ ਆਗੂਆਂ ਵਿਚ ਮਤਭੇਦ ਪੈਦਾ ਹੋਣੇ ਸ਼ੁਰੂ ਹੋ ਗਏ। ਵਿਦਵਾਨਾਂ ਨੇ ਇਨ੍ਹਾਂ ਮਤਭੇਦਾਂ ਦੇ ਜਿਹੜੇ ਪ੍ਰਮੁੱਖ ਕਾਰਨ ਮੰਨੇ ਹਨ ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

(ੳ). ਖ਼ਾਲਸਾ ਦੀਵਾਨ, ਅੰਮ੍ਰਿਤਸਰ ਦੀ ਨਿਯਮਾਵਲੀ ਨੂੰ ਇਨ੍ਹਾਂ ਧੜਿਆਂ ਵਿਚਕਾਰ ਪੈਦਾ ਹੋਏ ਮਤਭੇਦ ਦਾ ਪ੍ਰਮੁੱਖ ਕਾਰਨ ਮੰਨਿਆਂ ਗਿਆ ਹੈ ਕਿਉਂਕਿ ਭਾਈ ਗੁਰਮੁਖ ਸਿੰਘ ਨੇ ਇਸ ਦੀਵਾਨ ਦੀ ਜੋ ਨਿਯਮਾਵਲੀ ਤਿਆਰ ਕੀਤੀ ਉਸ ਨੂੰ ਸਿੰਘ ਸਭਾ, ਅੰਮ੍ਰਿਤਸਰ ਵਾਲੇ ਧੜੇ ਨੇ ਰੱਦ ਕਰ ਦਿੱਤਾ ਅਤੇ ਨਵੀਂ ਨਿਯਮਾਵਲੀ ਤਿਆਰ ਕਰ ਲਈ, ਜੋ ਸਿੰਘ ਸਭਾ, ਲਾਹੌਰ ਦੇ ਆਗੂਆਂ ਨੂੰ ਮੰਜੂਰ ਨਹੀਂ ਸੀ। ਇਸ ਕਾਰਨ ਦੋਵੇਂ ਧੜਿਆਂ ਵਿਚ ਮਤਭੇਦ ਪੈਦਾ ਹੋਣੇ ਸ਼ੁਰੂ ਹੋ ਗਏ।[80]

(ਅ). ਸਿੰਘ ਸਭਾ, ਅੰਮ੍ਰਿਤਸਰ ਅਤੇ ਸਿੰਘ ਸਭਾ, ਲਾਹੌਰ ਵਿਚ ਪੈਦਾ ਹੋਏ ਮਤਭੇਦ ਦਾ ਇਕ ਕਾਰਨ ਇਹ ਵੀ ਮੰਨਿਆਂ ਜਾਂਦਾ ਕਿ ਹੈ ਕਿ ਸਿੰਘ ਸਭਾ, ਲਾਹੌਰ ਵਿਚ ਕਈ ਪੜ੍ਹੇ-ਲਿਖੇ ਅਤੇ ਅਗਾਂਹ ਵਧੂ ਆਗੂ ਸਨ, ਜੋ ਸਿੱਖ ਧਰਮ ਨੂੰ ਨਿਰੋਲ ਸੁਤੰਤਰ ਧਰਮ ਮੰਨਦੇ ਸਨ। ਪਰ ਇਸ ਦੇ ਮੁਕਾਬਲੇ ਸਿੰਘ ਸਭਾ, ਅੰਮ੍ਰਿਤਸਰ ਵਿਚ ਪਰੰਪਰਾਵਾਦੀ ਅਤੇ ਸਨਾਤਨੀ ਮਰਯਾਦਾ ਦਾ ਪ੍ਰਚਾਰ ਕਰਨ ਵਾਲੇ ਆਗੂ ਸਨ ਜਿਸ ਕਾਰਨ ਦੋਵੇਂ ਸਭਾਵਾਂ ਵਿਚ ਸਿਧਾਂਤਕ ਮਤਭੇਦ ਪੈਦਾ ਹੋ ਗਏ।

(ੲ). ਸਿੰਘ ਸਭਾ, ਲਾਹੌਰ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਅੰਗ੍ਰੇਜ਼ੀ ਹਕੂਮਤ ਨਾਲ ਮਿਲ ਕੇ ਚੱਲਣ ਦੇ ਹੱਕ ਵਿਚ ਸੀ ਪਰ ਸਿੰਘ ਸਭਾ, ਅੰਮ੍ਰਿਤਸਰ ਦੇ ਆਗੂ ਇਸ ਦੇ ਸਮਰਥਨ ਵਿਚ ਨਹੀਂ ਸਨ। ਇਸ ਨੂੰ ਸਿੰਘ ਸਭਾ, ਲਾਹੌਰ ਨੇ ਸਿੰਘ ਸਭਾ, ਅੰਮ੍ਰਿਤਸਰ ਵਿਚ ਵੱਡਾ ਨੁਕਸ ਮੰਨਿਆ।

---

[79] ਜੋਧ ਸਿੰਘ (ਮੁਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼*, ਦੂਜੀ ਸੈਂਚੀ, ਪੰਨਾ 277.
[80] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨੇ 192-94.

(ਸ). ਸਿੰਘ ਸਭਾ, ਅੰਮ੍ਰਿਤਸਰ ਧੜੇ ਦੇ ਵਿਅਕਤੀ ਸਿੰਘ ਸਭਾ, ਲਾਹੌਰ ਦੇ ਆਗੂ ਭਾਈ ਗੁਰਮੁਖ ਸਿੰਘ ਨੂੰ ਨੀਵੀਂ ਜਾਤ ਜਾਂ ਲਾਂਗਰੀ ਦਾ ਪੁੱਤਰ ਕਹਿ ਕੇ ਨਿੰਦਦੇ ਸਨ ਜਿਸ ਕਰਨ ਦੋਵੇਂ ਸਭਾਵਾਂ ਵਿਚ ਦੂਰੀ ਵੱਧਦੀ ਗਈ।[81]

(ਹ). ਜਨਰਲ ਸਭਾ ਅਤੇ ਖ਼ਾਲਸਾ ਦੀਵਾਨ ਵਿਚ ਬਹੁਤੇ ਮੈਂਬਰ ਸਿੰਘ ਸਭਾ, ਅੰਮ੍ਰਿਤਸਰ ਨਾਲ ਸੰਬੰਧਿਤ ਸਨ ਜਿਸ ਕਾਰਨ ਦੋਵੇਂ ਸਭਾਵਾਂ ਵਿਚ ਰਲ ਕੇ ਕੰਮ ਕਰਨ ਦੀ ਬਜਾਇ ਇਕਪਾਸੜ ਰਾਜਨੀਤੀ ਭਾਰੂ ਹੋ ਗਈ, ਜੋ ਆਪਸੀ ਮਤਭੇਦ ਦਾ ਕਾਰਨ ਬਣ ਗਈ।

(ਕ). ਉਪਰੋਕਤ ਕਾਰਨਾਂ ਤੋਂ ਇਲਾਵਾ ਦੋਵੇਂ ਸਭਾਵਾਂ ਵਿਚ ਪੈਦਾ ਹੋਏ ਮਤਭੇਦ ਦੇ ਪਿੱਛੇ ਕਾਰਕਸ਼ੀਲ ਕਾਰਨਾਂ ਵਿਚ ਬਾਬਾ ਖੇਮ ਸਿੰਘ ਬੇਦੀ ਦੇ ਰਵੱਈਏ ਨੂੰ ਵੀ ਪ੍ਰਮੁੱਖ ਕਾਰਨ ਮੰਨਿਆ ਗਿਆ ਹੈ। ਬਾਬਾ ਖੇਮ ਸਿੰਘ ਬੇਦੀ ਗੁਰੂ-ਅੰਸ਼ ਵਿਚੋਂ ਹੋਣ ਕਾਰਨ ਆਪਣੇ ਆਪ ਨੂੰ ਗੁਰੂ ਕਹਾਉਂਦਾ ਸੀ, ਪੈਰ ਪੁਜਾਉਂਦਾ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਗਦੈਲੇ ਬਿਛਾ ਕੇ ਬੈਠਦਾ ਸੀ। ਸਿੰਘ ਸਭਾ, ਲਾਹੌਰ ਦੇ ਆਗੂ ਅਤੇ ਖ਼ਾਸ ਕਰਕੇ ਪ੍ਰੋ. ਗੁਰਮੁਖ ਸਿੰਘ ਬਾਬਾ ਖੇਮ ਸਿੰਘ ਬੇਦੀ ਦੇ ਇਸ ਤਰ੍ਹਾਂ ਦੇ ਰਵੱਈਏ ਦੇ ਸਖ਼ਤ ਵਿਰੋਧੀ ਸਨ।[82] ਇਸ ਤੋਂ ਇਲਾਵਾ ਅਕਤੂਬਰ, 1885 ਈ. ਵਿਚ ਖ਼ਾਲਸਾ ਦੀਵਾਨ, ਅੰਮ੍ਰਿਤਸਰ ਦੇ ਇਕੱਠ ਵਿਚ ਬਾਬਾ ਨਿਹਾਲ ਸਿੰਘ ਕਲਸੀਆ (ਛਛਰੌਲੀ) ਦੁਆਰਾ ਉਰਦੂ ਵਿਚ ਲਿਖੀ ਕਿਤਾਬ 'ਖੁਰਸ਼ੀਦ ਖ਼ਾਲਸਾ' ਦੀਵਾਨ ਵਿਚ ਰੱਖੀ ਗਈ। ਇਸ ਕਿਤਾਬ ਵਿਚ ਲਿਖਿਆ ਗਿਆ ਸੀ ਕਿ ਨਾਮਧਾਰੀ ਲਹਿਰ ਦੇ ਆਗੂ ਬਾਬਾ ਰਾਮ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਗੱਦੀ ਨਸ਼ੀਨ ਸਨ। ਸਿੰਘ ਸਭਾ, ਲਾਹੌਰ ਦੇ ਆਗੂਆਂ ਨੇ ਇਸ ਕਿਤਾਬ ਦੀ ਵਿਰੋਧਤਾ ਕੀਤੀ ਪਰ ਬਾਬਾ ਖੇਮ ਸਿੰਘ ਬੇਦੀ ਇਸ ਕਿਤਾਬ ਦੇ ਹੱਕ ਵਿਚ ਖੜ੍ਹ ਗਏ।[83]

ਉਪਰੋਕਤ ਲਿਖੇ ਪ੍ਰਮੁੱਖ ਕਾਰਨਾਂ ਕਰਕੇ ਦੋਵੇਂ ਸਭਾਵਾਂ ਵਿਚ ਦੂਰੀਆਂ ਵਧ ਦੀਆਂ ਗਈਆਂ ਅਤੇ ਅਖ਼ੀਰ ਦੋਵੇਂ ਸਭਾਵਾਂ ਵਿਚ ਤੋੜ-ਵਿਛੋੜਾ ਹੋ ਗਿਆ। ਸਿੰਘ ਸਭਾ, ਲਾਹੌਰ ਅਤੇ ਇਸ ਨਾਲ ਸੰਬੰਧਿਤ ਸਭਾਵਾਂ ਨੇ ਲਾਹੌਰ ਵਿਖੇ ਖ਼ਾਲਸਾ ਦੀਵਾਨ, ਅੰਮ੍ਰਿਤਸਰ ਤੋਂ ਵੱਖਰਾ ਅਤੇ ਸੁਤੰਤਰ ਖ਼ਾਲਸਾ ਦੀਵਾਨ, ਲਾਹੌਰ ਦੀ ਸਥਾਪਨਾ ਕਰ ਲਈ।

### 3.11. ਖ਼ਾਲਸਾ ਦੀਵਾਨ, ਲਾਹੌਰ ਦੀ ਸਥਾਪਨਾ

ਭਾਈ ਗੁਰਮੁਖ ਸਿੰਘ ਨੇ ਖ਼ਾਲਸਾ ਦੀਵਾਨ, ਅੰਮ੍ਰਿਤਸਰ ਤੋਂ ਵੱਖ ਹੋ ਕੇ ਲਾਹੌਰ ਵਿਖੇ ਇਸ ਦੀਵਾਨ ਦੀ ਨੀਂਹ ਰੱਖੀ। ਹਾਲਾਂਕਿ ਭਾਈ ਸਾਹਿਬ ਖ਼ਾਲਸਾ ਦੀਵਾਨ, ਅੰਮ੍ਰਿਤਸਰ ਦੇ ਮੁੱਖ ਆਹੁਦੇਦਾਰਾਂ ਵਿਚੋਂ ਸਨ ਪਰ ਕੁਝ ਸਿਧਾਂਤਕ ਨੁਕਤਿਆਂ ਉੱਪਰ ਭਾਈ ਗੁਰਮੁਖ ਸਿੰਘ ਦਾ ਦੀਵਾਨ ਦੇ ਹੋਰਨਾਂ ਆਹੁਦੇਦਾਰਾਂ ਨਾਲ ਮਤਭੇਦ ਹੋ ਗਿਆ ਜਿਸ ਕਾਰਨ ਭਾਈ ਗੁਰਮੁਖ ਸਿੰਘ ਨੇ ਖ਼ਾਲਸਾ ਦੀਵਾਨ, ਅੰਮ੍ਰਿਤਸਰ ਸਾਹਿਬ ਤੋਂ ਵੱਖ ਹੋ ਕੇ ਨਵਾਂ ਦੀਵਾਨ ਥਾਪ ਲਿਆ। ਸਿੰਘ ਸਭਾ, ਲਾਹੌਰ ਨਾਲ ਸੰਬੰਧਿਤ ਸਭਾਵਾਂ ਦੀ ਸਹਿਮਤੀ ਨਾਲ ਖ਼ਾਲਸਾ ਦੀਵਾਨ, ਲਾਹੌਰ ਦੀ ਸਥਾਪਨਾ ਕੀਤੀ ਗਈ। ਇਸ ਦੀਵਨ ਦੀ ਸਥਾਪਨਾ ਮਿਤੀ ਅਤੇ ਰਜਿਰਟਰਡ ਮਿਤੀ ਸੰਬੰਧੀ ਜਗਜੀਤ ਸਿੰਘ ਨੇ ਲਿਖਿਆ ਹੈ,

[81] ਉਹੀ, ਪੰਨਾ 191.
[82] ਉਹੀ, ਪੰਨਾ 192.
[83] ਉਹੀ, ਪੰਨਾ 197.

“...ਖਾਲਸਾ ਦੀਵਾਨ ਲਾਹੌਰ ਬਹੁਤ ਸਾਰੀਆਂ ਸਿੰਘ ਸਭਾਵਾਂ ਦੇ ਪ੍ਰਤੀਨਿਧ ਇਕੱਤ੍ਰ ਕਰ ਕੇ ੩੦-੩੧ ਚੇਤਰ ਸੰਮਤ ਬਿਕ੍ਰਮੀ ੧੯੪੩, ਸੰਮਤ ਸ੍ਰੀ ਗੁਰੂ ਨਾਨਕ ਦੇਵ ਜੀ ੪੧੭ ਤੇ ਅਪ੍ਰੈਲ ੧੧, ਸੰਨ ੧੮੮੬ ਨੂੰ ਸਾਜਿਆ ਗਿਆ।...੧੯ ਫਰਵਰੀ ੧੮੯੨ ਨੂੰ ਐਕਟ ਨੰਬਰ 21 ਸੰਨ 1830 ਅਨੁਸਾਰ ਰਜਿਸਟਰਾਰ ਜਾਇੰਟ ਸਟਾਕ ਕੰਪਨੀਜ਼ ਪੰਜਾਬ ਪਾਸ ਖਾਲਸਾ ਦੀਵਾਨ ਰਜਿਸਟਰ ਕੀਤਾ ਗਿਆ।”[84] ਭਾਈ ਅਤਰ ਸਿੰਘ ਭਦੌੜ ਨੂੰ ਇਸ ਦੀਵਾਨ ਦਾ ਪ੍ਰਧਾਨ ਬਣਾਇਆ ਗਿਆ ਅਤੇ ਮੁਖ ਸਕੱਤਰ ਦੀ ਸੇਵਾ ਭਾਈ ਗੁਰਮੁਖ ਸਿੰਘ ਨੇ ਸੰਭਾਲੀ। ਇਸ ਦੀਵਾਨ ਕੋਲ ਭਾਈ ਦਿੱਤ ਸਿੰਘ ਅਤੇ ਭਾਈ ਜਵਾਹਰ ਸਿੰਘ ਵਰਗੇ ਪ੍ਰਤਿਭਾਸ਼ਾਲੀ ਬੁਲਾਰੇ ਹੋਣ ਸਦਕਾ ਇਸ ਦਿਵਾਨ ਨਾਲ ਤੇਜੀ ਨਾਲ ਹੋਰ ਸਿੰਘ ਸਭਾਵਾਂ ਜੁੜਦੀਆਂ ਚੱਲੀਆਂ ਗਈਆਂ। ਹੌਲੀ-ਹੌਲੀ ਇਸ ਦੀਵਾਨ ਨਾਲ ਸੰਬੰਧਿਤ ਸਭਾਵਾਂ ਦੀ ਗਿਣਤੀ 125 ਤੋਂ ਉੱਪਰ ਪਹੁੰਚ ਗਈ।[85]

ਇਸ ਦੀਵਾਨ ਦੇ ਉਹੀ ਨਿਯਮ ਨਿਸ਼ਚਿਤ ਕੀਤੇ ਗਏ ਜੋ ਭਾਈ ਗੁਰਮੁਖ ਸਿੰਘ ਨੇ ਖ਼ਾਲਸਾ ਦੀਵਾਨ, ਅੰਮ੍ਰਿਤਸਰ ਲਈ ਤਿਆਰ ਕੀਤੇ ਸਨ ਅਤੇ ਜਿਨ੍ਹਾਂ ਨੂੰ ਉਸ ਦੀਵਾਨ ਦੇ ਮੋਢੀ ਆਗੂਆਂ ਨੇ ਨਾਮੰਜ਼ੂਰ ਕਰ ਦਿੱਤਾ ਸੀ। ਖ਼ਾਲਸਾ ਦੀਵਾਨ, ਲਾਹੌਰ ਦੀ ਰਿਪੋਰਟ ਦੇ ਆਧਾਰ ਤੇ ਇਸ ਦੀਵਾਨ ਦੀ ਨਿਯਮਾਵਲੀ ਦਾ ਵੇਰਵਾ ਸ਼ਮਸ਼ੇਰ ਸਿੰਘ ਅਸ਼ੋਕ ਨੇ ਹੇਠ ਲਿਖੇ ਅਨੁਸਾਰ ਦਿੱਤਾ ਹੈ:[86]

(1) ਖਾਲਸਾ ਦੀਵਾਨ (ਲਾਹੌਰ) ਖ਼ਾਲਸੇ ਦੀ ਉਸ ਮਜਲਸ ਦਾ ਨਾਉਂ ਹੈ ਜਿਸ ਵਿਚ ਹਰ ਇਕ ਸਭਾ (ਜੋ ਸ਼ਾਮਲ ਹੋਵੇ) ਆਪਣਾ ਵਕੀਲ ਭੇਜੇ-ਯਾਨੀ ਹਰ ਇਕ ਸਭਾ ਦੇ ਵਕੀਲ ਜਦ ਮਿਲ ਬੈਠਣ, ਉਨ੍ਹਾਂ ਦੀ ਸਭਾ ਦਾ ਨਾਉਂ ਖ਼ਾਲਸਾ ਦੀਵਾਨ ਹੈ।

(2) ਸਿੰਘ ਸਭਾ ਅਥਵਾ ਸਭਾ ਦੇ ਵਕੀਲ ਉਹ ਸ਼ਖਸ ਹੁੰਦੇ ਹਨ ਜਿਨ੍ਹਾਂ ਨੂੰ ਸਿੰਘ ਸਭਾ ਯਾ ਸਭਾ ਅਪਨੀ ਤਰਫ਼ੋ ਅਪਨਾ ਮੁਖ਼ਤਾਰ ਬਣਾ ਕੇ ਖ਼ਾਲਸਾ ਦੀਵਾਨ ਵਿਚ ਸੰਮਤੀ ਨਾਲ ਭੇਜੇ।

(3) ਚੀਫ਼ ਸਕਤ੍ਰ ਵਿਚ ਹੇਠ ਲਿਖਿਆਂ ਬਾਤਾਂ ਪਾਈਆਂ ਜਾਣ: (ੳ) ਸਿੰਘ ਹੋ, (ਅ) ਰਹਿਤ ਕੱਚੀ ਨਾ ਹੋ, (ੲ) ਨੇਕ ਚਲਨ ਹੋ, (ਸ) ਗੁਰਮਤ ਅਤੇ ਗੁਰ-ਇਤਿਹਾਸ ਦਾ ਵਾਕਫ਼ ਹੋ, (ਹ) ਵਰਤਮਾਨ ਸਮੇਂ ਅਤੇ ਕਮੇਟੀਆਂ ਦੇ ਇਲਮ ਦਾ ਵਾਕਫ਼ ਹੋਵੇ, (ਕ) ੩੦ ਬਰਸ ਦੀ ਉਮਰ ਤੋਂ ਘੱਟ ਨਾ ਹੋ, (ਖ) ਵਿਦਵਾਨ ਹੋ।

(4) ਕਮੇਟੀ ਦੇ ਮੈਂਬਰਾਂ ਵਿਚ ਵੀ ਉਪਰਲੀਆਂ ਬਾਤਾਂ ਪਾਈਆਂ ਜਾਣ, ਮਗਰ ਹਰ ਸਹਾਇਕ ੨੫ ਬਰਸ ਦੀ ਉਮਰ ਤੇ ਘੱਟ ਨਾ ਹੋ।

(5) ਕਮੇਟੀ ਦੇ ਸਹਾਇਕ ਐਸੇ ਹੋਣ ਜੋ ਕਿਸੇ ਨਾ ਕਿਸੇ ਕੰਮ ਨੂੰ ਕਰ ਸਕਣ।

---

[84] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ 30.

[85] ਜੋਧ ਸਿੰਘ (ਮੁਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼*, ਦੂਜੀ ਸੈਂਚੀ, ਪੰਨਾ 282.

[86] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 198.

ਇਸ ਤਰ੍ਹਾਂ ਖ਼ਾਲਸਾ ਦੀਵਾਨ, ਲਾਹੌਰ ਦੀ ਸਥਾਪਨਾ ਹੋ ਗਈ ਅਤੇ ਬਹੁਤ ਸਾਰੀਆਂ ਸਿੰਘ ਸਭਾਵਾਂ ਇਸ ਨਾਲ ਸੰਬੰਧਿਤ ਹੋ ਗਈਆਂ। ਉਪਰੋਕਤ ਦਰਸਾਈ ਨਿਯਮਾਵਲੀ ਤੋਂ ਇਲਾਵਾ ਇਸ ਦੀਵਾਨ ਦੇ ਕੁਝ ਮਨੋਰਥ ਵੀ ਉਲੀਕੇ ਗਏ ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:[87]

(ੳ) ਖਾਲਸਾ ਪੰਥ ਵਿਚ ਵਿੱਦਿਆ ਦਾ ਪਰਚਾਰ ਕਰਨਾ।

(ੲ) ਪੰਜਾਬੀ ਭਾਸ਼ਾ ਦੀ ਉੱਨਤੀ ਕਰਨੀ ਅਤੇ ਹੋਰਨਾਂ ਭਾਸ਼ਾਵਾਂ ਵਿਚਲੇ ਸਾਹਿਤ ਦਾ ਗੁਰਮੁਖੀ ਤਰਜਮਾ ਕਰ ਕੇ ਇਸ ਨੂੰ ਪ੍ਰਫੁਲਿਤ ਕਰਨਾ।

(ਸ) ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਬਾਣੀ ਦਾ ਵਿਆਕਰਣ ਅਨੁਸਾਰ ਟੀਕਾ ਕਰਨ ਦਾ ਯਤਨ ਕਰਨਾ

(ਹ) ਗੁਰਮਤਿ ਦੇ ਸਚੇ ਨੇਮਾਂ ਦਾ ਪ੍ਰਚਾਰ ਕਰਨਾ।

(ਕ) ਇਸਤਰੀ ਸਿੱਖਿਆ ਨੂੰ ਵਧਾਉਣਾ।

(ਖ) ਸਿੰਘਾਂ ਦੇ ਯਤੀਮ ਬਚਿਆਂ ਦੀ ਵਿੱਦਿਆ ਅਤੇ ਪਾਲਨ ਲਈ ਯਤੀਮਖਾਨਾ ਖੋਲ੍ਹਨਾ।

(ਗ) ਹੁਨਰ ਅਤੇ ਕਾਸ਼ਤਕਾਰੀ ਵਿੱਦਿਆ ਦੇਣ ਲਈ ਕਾਲਜ ਅਤੇ ਮਦਰਸੇ ਸ਼ੁਰੂ ਕਰਨੇ।

(ਘ) ਲਾਭਦਾਇਕ ਪੋਥੀਆਂ ਅਤੇ ਰਸਾਲੇ ਛਾਪਣ ਲਈ ਇਕ ਅਥਵਾ ਵਧੀਕ ਪ੍ਰੈਸ ਖੋਲ੍ਹਨੇ।

ਸਿੱਖ ਧਰਮ ਦੇ ਅਸਲ ਮਨੋਰਥ ਨੂੰ ਦਰਸਾਉਣ ਅਤੇ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਖ਼ਾਲਸਾ ਦੀਵਾਨ, ਲਾਹੌਰ ਨੇ ਮਹੱਤਵਪੂਰਨ ਯੋਗਦਾਨ ਪਾਇਆ। ਇਸ ਦੀਵਾਨ ਨੇ ਮਹਾਰਾਜਾ ਹੀਰਾ ਸਿੰਘ ਨਾਭਾ ਦੀ ਮਾਲੀ ਸਹਾਇਤਾ ਨਾਲ ਇਕ ਪ੍ਰੈਸ ਖਰੀਦੀ ਅਤੇ ਰਸਾਲੇ ਤੇ ਅਖ਼ਬਾਰ ਜਾਰੀ ਕੀਤੇ। ਸਭ ਤੋਂ ਪਹਿਲਾਂ ਭਾਈ ਗੁਰਮੁਖ ਸਿੰਘ ਨੇ ਅਪ੍ਰੈਲ, 1886 ਨੂੰ ਮਾਸਿਕ ਪੰਜਾਬੀ ਰਸਾਲਾ 'ਸੁਧਾਰਾਰਕ' ਜਾਰੀ ਕੀਤਾ ਜਿਸ ਦਾ ਮੁਖ ਮਨੋਰਥ ਸਿੱਖਾਂ ਦੀ ਧਾਰਮਿਕ, ਵਿੱਦਿਅਕ, ਸਮਾਜਿਕ, ਭਾਈਚਾਰਕ, ਕੌਮੀ ਅਤੇ ਵਿਵਹਾਰਕ ਉੱਨਤੀ ਕਰਨਾ ਸੀ।[88]

ਇਸ ਤੋਂ ਇਲਾਵਾ ਖ਼ਾਲਸਾ ਦੀਵਾਨ, ਲਾਹੌਰ ਵੱਲੋਂ 13 ਜੂਨ, 1886 ਈ. ਨੂੰ ਭਾਈ ਝੰਡਾ ਸਿੰਘ ਦੀ ਸੰਪਾਦਕੀ ਹੇਠ ਹਫ਼ਤਾਵਾਰੀ 'ਖ਼ਾਲਸਾ ਅਖ਼ਬਾਰ' ਜਾਰੀ ਹੋਇਆ,[89] ਬਾਅਦ ਵਿਚ ਗਿਆਨੀ ਦਿੱਤ ਸਿੰਘ ਇਸ ਅਖ਼ਬਾਰ ਦੇ ਸੰਪਾਦਕ ਬਣੇ। ਗਿਆਨੀ ਦਿੱਤ ਸਿੰਘ ਦੀ ਸੰਪਾਦਕੀ ਹੇਠ ਇਹ ਅਖ਼ਬਾਰ ਖ਼ਾਲਸਾ ਦੀਵਾਨ, ਲਾਹੌਰ ਦੀ ਵਿਚਾਰਧਾਰਾ ਦਾ ਸ਼ਕਤੀਸ਼ਾਲੀ ਸਾਧਨ ਬਣਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੀਕਾ ਅਤੇ ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਸਥਾਪਨਾ ਕਰਵਾਉਣਾ ਵੀ ਇਸ ਦੀਵਾਨ ਦੇ ਦੋ ਮਹੱਤਵਪੂਰਨ ਕਾਰਜ ਹਨ।

---

[87] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ 32.

[88] ਉਹੀ, ਪੰਨਾ 34.

[89] ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ*, ਅੰਮ੍ਰਿਤਸਰ: ਸਿੰਘ ਬ੍ਰਦਰਜ਼, ਪੰਜਵੀਂ ਵਾਰ, 2014, ਪੰਨਾ 203.

ਇਸ ਤਰ੍ਹਾਂ ਇਹ ਦੀਵਾਨ ਲਗਾਤਾਰ ਧਰਮ, ਸਮਾਜ ਅਤੇ ਵਿੱਦਿਆ ਦੇ ਖੇਤਰ ਵਿਚ ਸ਼ਲਾਘਾਯੋਗ ਕਾਰਜ ਕਰਦਾ ਰਿਹਾ। 10 ਜੂਨ, 1896 ਈਂ ਨੂੰ ਖ਼ਾਲਸਾ ਦੀਵਾਨ, ਲਾਹੌਰ ਦੇ ਪ੍ਰਧਾਨ ਅਤਰ ਸਿੰਘ ਭਦੌੜ ਸੁਰਗਵਾਸ ਹੋ ਗਏ।[90] ਇਸ ਤੋਂ ਬਾਅਦ ਖ਼ਾਲਸਾ ਦੀਵਾਨ, ਲਾਹੌਰ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਜਿਸ ਅਨੁਸਾਰ:

(ੳ) ਸ੍ਰ. ਬਲਵੰਤ ਸਿੰਘ (ਅਤਰ ਸਿੰਘ ਭਦੌੜ ਦੇ ਪੁੱਤਰ) ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ।

(ਅ) ਭਾਈ ਗੁਰਮੁਖ ਸਿੰਘ ਤੇ ਭਾਈ ਧਰਮ ਸਿੰਘ ਜੀ ਰਈਸ ਘਰਜਾਖ ਨੂੰ ਮੀਤ ਪ੍ਰਧਾਨ ਦੇ ਅਹੁਦੇ ਸੌਂਪੇ ਗਏ।

(ੲ) ਭਾਈ ਗੁਰਦਿੱਤ ਸਿੰਘ ਰਈਸ ਲਾਹੌਰ ਨੂੰ ਚੀਫ਼ ਸਕੱਤਰ ਨਿਯੁਕਤ ਕੀਤਾ ਗਿਆ।[91]

1896 ਈ. ਤੋਂ ਬਾਅਦ ਇਸ ਦੀਵਾਨ ਦੇ ਪ੍ਰਮੁੱਖ ਆਗੂਆਂ ਦਾ ਇਕ-ਇਕ ਕਰਕੇ ਚਲਾਣਾ ਹੋ ਗਿਆ ਜਿਸ ਕਾਰਨ ਇਸ ਦੀਵਾਨ ਦੀ ਕਾਰਗੁਜ਼ਾਰੀ ਵਿਚ ਕਮੀ ਆ ਗਈ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ 10 ਜੂਨ, 1896 ਈ. ਨੂੰ ਅਤਰ ਸਿੰਘ ਭਦੌੜ ਸੁਰਗਵਾਸ ਹੋ ਗਏ। ਉਨ੍ਹਾਂ ਤੋਂ ਬਾਅਦ 24 ਨਵੰਬਰ, 1898 ਈ. ਨੂੰ ਜਦੋਂ ਭਾਈ ਗੁਰਮੁਖ ਸਿੰਘ ਮਹਾਰਾਜਾ ਧੌਲਪੁਰ ਤੋਂ ਚੰਦਾ ਲੈਣ ਲਈ ਘੰਡਾਘਾਟ ਗਏ ਸਨ ਤਾਂ ਵਾਪਸੀ ਸਮੇਂ ਸ੍ਰੀ ਨਗਰ ਦੇ ਸਥਾਨ ਤੇ ਉਨ੍ਹਾਂ ਦੇ ਦਿਲ ਦੀ ਹਰਕਤ ਬੰਦ ਹੋਣ ਜਾਣ ਕਾਰਨ ਦੇਹਾਂਤ ਹੋ ਗਿਆ।[92]

ਇਸ ਤਰ੍ਹਾਂ ਦੀਵਾਨ ਦੇ ਦੋ ਪ੍ਰਮੁੱਖ ਆਗੂਆਂ ਦੇ ਅਕਾਲ ਚਲਾਣੇ ਕਾਰਨ ਦੀਵਾਨ ਦੀ ਕਾਰਜ-ਪ੍ਰਣਾਲੀ ਕਮਜ਼ੋਰ ਹੋ ਗਈ। ਪਰ ਗਿਆਨੀ ਦਿੱਤ ਸਿੰਘ ਵਰਗੇ ਆਗੂ ਹਾਲੇ ਦੀਵਾਨ ਨਾਲ ਜੁੜੇ ਹੋਏ ਸਨ, ਜੋ ਦਿਨ ਰਾਤ ਇਸ ਲਈ ਕੰਮ ਕਰ ਰਹੇ ਸਨ। ਅਚਾਨਕ ਗਿਆਨੀ ਦਿੱਤ ਸਿੰਘ ਦੀ ਸਿਹਤ ਵੀ ਖਰਾਬ ਹੋ ਗਈ ਅਤੇ ਉਹ 6 ਸਤੰਬਰ, 1901 ਈ. ਨੂੰ ਅਕਾਲ ਚਲਾਣਾ ਕਰ ਗਏ।[93] ਖ਼ਾਲਸਾ ਦੀਵਾਨ, ਲਾਹੌਰ ਦੇ ਤਿੰਨ ਚੋਟੀ ਦੇ ਆਗੂਆਂ ਦੇ ਅਕਾਲ ਚਲਾਣੇ ਕਾਰਨ ਇਹ ਦੀਵਾਨ ਕਮਜ਼ੋਰ ਹੋ ਗਿਆ। ਸ਼ਮਸ਼ੇਰ ਸਿੰਘ ਅਸ਼ੋਕ ਦੇ ਸ਼ਬਦਾਂ ਵਿਚ, "ਇਸ ਤਰ੍ਹਾਂ ਮੋਢੀਆਂ ਦਾ ਸੁਰਗਵਾਸ ਹੋਣ ਤੇ ਦੀਵਾਨ ਲਾਹੌਰ ਦਾ ਸ਼ੀਰਾਜ਼ਾ ਆਪਣੇ ਆਪ ਵਿਖਰ ਗਿਆ। ਇਸ ਤੋਂ ਅਗਲੇ ਹੀ ਸਾਲ ਕਿਸੇ ਗੱਲੋਂ ਪ੍ਰਿੰਸੀਪਲ ਓਮਨ ਦੇ ਨਾਰਾਜ਼ ਹੋਣ ਕਰ ਕੇ ਖ਼ਾਲਸਾ ਕਾਲਜ ਦੀ ਵਾਗ ਡੋਰ ਸ: ਜਵਾਹਰ ਸਿੰਘ ਦੇ ਹੱਥੋਂ ਨਿਕਲ ਕੇ ਸ: ਸੁੰਦਰ ਸਿੰਘ ਮਜੀਠਾ ਦੇ ਹੱਥ ਚਲੀ ਗਈ। ਸੰਨ ੧੯੦੫ ਵਿਚ 'ਖ਼ਾਲਸਾ ਅਖ਼ਬਾਰ' ਬੰਦ ਹੋ ਗਿਆ ਤੇ 'ਖ਼ਾਲਸਾ ਪ੍ਰੈਸ' ਹੱਥੋਂ ਨਿਕਲ ਗਿਆ। ਸ: ਜਵਾਹਰ ਸਿੰਘ ਜੀ ਇਸ ਹਾਲਤ ਵਿਚ ਨਿਰਾਸ ਹੋ ਕੇ ਜਨਤਕ ਜੀਵਨ ਤੋਂ ਇਕ ਪਾਸੇ ਹੋ ਗਏ। ੧੦ ਫ਼ਰਵਰੀ ਸੰਨ ੧੯੧੦ ਈ: ਨੂੰ ਉਨ੍ਹਾਂ ਦਾ ਦੇਹਾਂਤ ਹੋਣ ਤੇ ਖ਼ਾਲਸਾ ਦੀਵਾਨ ਲਾਹੌਰ ਦਾ ਇਹ ਅੰਤਲਾ ਨਿਸ਼ਾਨ ਵੀ ਅਲੋਪ ਹੋ ਗਿਆ।"[94]

---

[90] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 198.
[91] ਉਹੀ, ਪੰਨਾ 227.
[92] ਉਹੀ, ਪੰਨਾ 229.
[93] ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ: ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ*, ਪੰਨਾ 82.
[94] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 231.

ਇਸ ਤਰ੍ਹਾਂ ਲਗਪਗ ਸੋਲ੍ਹਾਂ ਸਾਲ ਇਹ ਦੀਵਾਨ ਸਿੱਖ ਧਰਮ ਦਾ ਪ੍ਰਚਾਰ ਅਤੇ ਸਮਾਜ ਸੁਧਾਰ ਸੰਬੰਧੀ ਸ਼ਲਾਘਾਯੋਗ ਕਾਰਜ ਕਰਦਾ ਰਿਹਾ। ਇਸ ਦੀਵਾਨ ਦੇ ਪ੍ਰਮੁੱਖ ਆਗੂਆਂ ਦੇ ਅਕਾਲ ਚਲਾਣੇ ਕਾਰਨ ਇਹ ਦੀਵਾਨ ਕਮਜ਼ੋਰ ਹੁੰਦਾ ਗਿਆ ਅਤੇ ਅੰਤ 1902 ਈ. ਵਿਚ ਚੀਫ਼ ਖ਼ਾਲਸਾ ਦੀਵਾਨ ਦੀ ਸਥਾਪਨਾ ਨਾਲ ਇਹ ਪੂਰਨ ਤੌਰ ਤੇ ਖ਼ਤਮ ਹੋ ਗਿਆ।[95]

### 3.12. ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ

ਚੀਫ਼ ਖ਼ਾਲਸਾ ਦੀਵਾਨ ਨੂੰ ਸਿੰਘ ਸਭਾ ਲਹਿਰ ਦਾ ਅੰਤਿਮ ਪੜਾਅ ਮੰਨਿਆ ਗਿਆ ਹੈ, ਜੋ ਵਿੱਦਿਅਕ ਖੇਤਰ ਵਿਚ ਵਰਤਮਾਨ ਸਮੇਂ ਤੱਕ ਕੰਮ ਕਰ ਰਿਹਾ ਹੈ। 1901 ਈ. ਤੱਕ ਖ਼ਾਲਸਾ ਦੀਵਾਨ, ਲਾਹੌਰ ਅਤੇ ਖ਼ਾਲਸਾ ਦੀਵਾਨ, ਅੰਮ੍ਰਿਤਸਰ ਦੇ ਮੁੱਖ ਆਹੁਦੇਦਾਰ ਅਕਾਲ ਚਲਾਣਾ ਕਰ ਗਏ। ਅਜਿਹੀ ਸਥਿਤੀ ਵਿਚ ਸਿੰਘ ਸਭਾ ਲਹਿਰ ਨਾਲ ਸੰਬੰਧਿਤ ਆਗੂ ਸਿੱਖਾਂ ਨੇ ਦੋਵੇਂ ਦੀਵਾਨਾਂ ਨੂੰ ਮਿਲਾ ਕੇ ਇਕ ਕੇਂਦਰੀ ਸੰਸਥਾ ਬਣਾਉਣ ਦੀ ਵਿਚਾਰ ਕੀਤੀ।[96]

ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਦੀ ਸਥਾਪਨਾ ਸ੍ਰ. ਸੁੰਦਰ ਸਿੰਘ ਮਜੀਠਾ ਦੀ ਦਿਲਚਸਪੀ ਸਦਕਾ ਹੋ ਸਕੀ। ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ, "ਇਸ ਲਹਿਰ ਦਾ ਨਵਾਂ ਰੁਖ ਪਲਟਣ ਲਈ ਸਰਦਾਰ ਸੁੰਦਰ ਸਿੰਘ ਮਜੀਠਾ, ਜੋ ਸਮੇਂ ਦੇ ਅਨੁਸਾਰ ਬੜੇ ਅਗਾਂਹ ਵਧੂ ਤੇ ਕਰਮ ਵੀਰ ਨੌਜਵਾਨ ਸਨ, ਸੰਨ ੧੮੯੨-੯੩ ਨੂੰ ਪੰਥਕ ਸੇਵਾ ਦੇ ਮੈਦਾਨ ਵਿਚ ਆਏ। ਪਹਿਲਾਂ ਆਪ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੇ ਪਿੱਛੋਂ ਸੰਨ ੧੮੯੫ ਵਿਚ ਖ਼ਾਲਸਾ ਕਾਲਜ ਕੌਂਸਲ ਦੇ ਮੈਂਬਰ ਬਣੇ। ਆਪ ਸਰਦਾਰ ਅਤਰ ਸਿੰਘ ਰਈਸ ਭਦੌੜ (ਪਟਿਆਲਾ) ਦੇ ਰਿਸ਼ਤੇਦਾਰ ਸਨ। ਸ: ਅਤਰ ਸਿੰਘ ਚੂੰਕਿ ਦੀਵਾਨ ਲਾਹੌਰ ਦੇ ਪ੍ਰਧਾਨ ਸਨ ਇਸ ਲਈ ਸ: ਸੁੰਦਰ ਸਿੰਘ ਨੂੰ ਇਸ ਪਾਸੇ ਵਧਣ ਦਾ ਹੋਰ ਵੀ ਉਤਸ਼ਾਹ ਮਿਲਿਆ।"[97]

ਜਿਵੇਂ ਕਿ ਪਹਿਲਾਂ ਜਿਕਰ ਹੋ ਚੁੱਕਾ ਹੈ 1901 ਈ. ਤੱਕ ਖ਼ਾਲਸਾ ਦੀਵਾਨ, ਲਾਹੌਰ ਦੇ ਪ੍ਰਮੁੱਖ ਆਗੂ ਅਕਾਲ ਚਲਾਣਾ ਕਰ ਗਏ ਸਨ। ਇਸ ਤੋਂ ਬਾਅਦ ਇਸ ਦੀਵਾਨ ਦੇ ਮੋਢੀ ਆਗੂਆਂ ਵਿਚੋਂ ਭਾਈ ਜਵਾਹਰ ਸਿੰਘ ਅਤੇ ਭਾਈ ਮਈਆ ਸਿੰਘ ਜਿਉਂਦੇ ਸਨ ਪਰ ਇੰਨੇ ਵੱਡੇ ਸੰਗਠਨ ਨੂੰ ਸੰਭਾਲਨਾ ਇਨ੍ਹਾਂ ਲਈ ਸੌਖਾ ਨਹੀਂ ਸੀ।[98] ਦੂਜੇ ਪਾਸੇ ਖ਼ਾਲਸਾ ਦੀਵਾਨ, ਅੰਮ੍ਰਿਤਸਰ ਵਿਚ ਵੀ ਨਵੇਂ ਆਗੂਆਂ ਦਾ ਕੱਦ ਵਧ ਰਿਹਾ ਸੀ। ਜਿਨ੍ਹਾਂ ਵਿਚੋਂ ਸ੍ਰ. ਸੁੰਦਰ ਸਿੰਘ ਮਜੀਠਾ ਦਾ ਨਾਮ ਜ਼ਿਕਰਯੋਗ ਹੈ। ਉਸ ਨੇ ਇਸ ਦੀਵਾਨ ਦੇ ਮੈਬਰਾਂ ਵਿਚ ਕੁਝ ਕਾਂਟ ਛਾਂਟ ਕਰਕੇ ਪਿਛਾਹ ਖਿੱਚੂ ਖਿਆਲ ਦੇ ਮੈਂਬਰਾਂ ਨੂੰ ਇਸ ਦੀਵਾਨ ਦੀ ਮੈਂਬਰਸ਼ਿਪ ਤੋਂ ਲਾਂਭੇ ਕਰ ਦਿੱਤਾ ਅਤੇ ਕੁਝ ਨਵੇਂ ਅਗਾਂਹ ਵਧੂ ਨੌਜਵਾਨਾਂ ਨੂੰ ਦੀਵਾਨ ਵਿਚ ਸ਼ਾਮਿਲ ਕਰ ਲਿਆ।[99]

---

[95] ਜੋਧ ਸਿੰਘ (ਮੁਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼*, ਦੂਜੀ ਸੈਂਚੀ, ਪੰਨਾ 282.
[96] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਦੂਜਾ, ਪੰਨਾ 870.
[97] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 234.
[98] ਉਹੀ, ਪੰਨਾ 235.
[99] ਉਹੀ, ਪੰਨਾ 236.

ਚੀਫ਼ ਖ਼ਾਲਸਾ ਦੀਵਾਨ ਦੀ ਸਥਾਪਨਾ ਸੰਬੰਧੀ ਵਿਚਾਰ ਕਰਨ ਲਈ ਪਹਿਲਾ ਇਕੱਠ 11 ਨਵੰਬਰ, 1901 ਈ. ਨੂੰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਪਰਿਸਰ ਵਿਚ ਸਥਿਤ ਮਲਵਈ ਬੁੰਗੇ ਵਿਚ ਹੋਇਆ।[100] ਇਸ ਇਕੱਠ ਵਿਚ ਪੂਰਨ ਸਹਿਮਤੀ ਨਾਲ ਇਹ ਮਤਾ ਪਾਸ ਹੋਇਆ, "ਅੱਜ ਦੀ ਕੁੱਲ ਖ਼ਾਲਸਾ ਜੀ ਦੀ ਇਕਤ੍ਰਤਾ ਪੂਰੀ ਸੰਮਤੀ ਨਾਲ ਇਹ ਤਜਵੀਜ਼ ਪਾਸ ਕਰਦੀ ਹੈ ਕਿ ਪੰਥ ਨੂੰ ਇਕ ਐਸੇ ਦੀਵਾਨ ਦੀ ਲੋੜ ਹੈ ਜੋ ਪੰਥ ਦਾ 'ਖ਼ਾਲਸਾ ਦੀਵਾਨ' ਸਮਝਿਆ ਜਾਵੇ ਅਰ ਜੋ ਪੰਥ ਦੀਆਂ ਕੁੱਲ ਜ਼ਰੂਰਤਾਂ ਨੂੰ, ਜੋ ਅੱਜ ਕਲ ਅਧੂਰੀਆਂ ਹਨ, ਪੂਰਾ ਕਰ ਸਕੇ।"[101]

ਇਸ ਇਕੱਠ ਵਿਚ ਸਿੱਖ ਪੰਥ ਲਈ ਇਕ ਖ਼ਾਲਸਾ ਦੀਵਾਨ ਬਣਾਉਣ ਦਾ ਮਤਾ ਪਾਸ ਹੋ ਗਿਆ ਅਤੇ ਇਸ ਨਵੀਂ ਸੰਸਥਾਂ ਦੇ ਨਿਯਮ ਬਣਾਉਣ ਲਈ ਇਕ 22 ਮੈਂਬਰਾਂ ਦੀ ਕਮੇਟੀ ਦਾ ਗਠਨ ਕੀਤਾ ਗਿਆ।[102] ਇਸ ਤੋਂ ਬਾਅਦ ਲਗਪਗ ਇਕ ਸਾਲ ਤੱਕ ਕੇਂਦਰੀ ਖ਼ਾਲਸਾ ਦੀਵਾਨ ਦੇ ਸੰਵਿਧਾਨਕ ਖਰੜੇ ਵਿਚ ਸੋਧਾਂ ਹੁੰਦੀਆਂ ਰਹੀਆਂ ਅਤੇ ਅਖ਼ੀਰ 21 ਸਤੰਬਰ, 1902 ਈ. ਵਿਚ ਇਹ ਸੰਵਿਧਾਨਿਕ ਖਰੜਾ ਪ੍ਰਵਾਨ ਕਰਕੇ ਚੀਫ਼ ਖ਼ਾਲਸਾ ਦੀਵਾਨ ਦੀ ਸਥਾਪਨਾ ਕੀਤੀ ਗਈ।[103] ਚੀਫ਼ ਖ਼ਾਲਸਾ ਦੀਵਾਨ ਦੀ ਪਹਿਲੀ ਇਕੱਤ੍ਰਤਾ 30 ਅਕਤੂਬਰ, 1902 ਈ. ਨੂੰ ਦੀਵਾਲੀ ਵਾਲੇ ਦਿਨ ਮਲਵਈ ਬੁੰਗੇ, ਅੰਮ੍ਰਿਤਸਰ ਸਾਹਿਬ ਵਿਖੇ ਹੋਈ ਜਿਸ ਵਿਚ ਭਾਈ ਅਰਜਨ ਸਿੰਘ ਬਾਗੜੀਆਂ ਨੂੰ ਚੀਫ਼ ਖ਼ਾਲਸਾ ਦੀਵਾਨ ਦਾ ਪ੍ਰਧਾਨ ਬਣਾਇਆ ਗਿਆ। ਸੁੰਦਰ ਸਿੰਘ ਮਜੀਠੀਆ ਨੂੰ ਸਕੱਤਰ ਅਤੇ ਸੁਜਾਨ ਸਿੰਘ ਨੂੰ ਐਡੀਸ਼ਨਲ ਸਕੱਤਰ ਨਿਯੁਕਤ ਕੀਤਾ ਗਿਆ। ਪਹਿਲੀ ਵਾਰ 29 ਸਿੰਘ ਸਭਾਵਾਂ ਚੀਫ਼ ਖ਼ਾਲਸਾ ਦੀਵਾਨ ਨਾਲ ਸੰਬੰਧਿਤ ਹੋਈਆਂ ਪਰ ਇਕ ਸਾਲ ਵਿਚ ਹੀ ਇਨ੍ਹਾਂ ਦੀ ਗਿਣਤੀ ਪੰਜਾਹ ਤੋਂ ਉੱਪਰ ਪਹੁੰਚ ਗਈ।[104]

ਚੀਫ਼ ਖ਼ਾਲਸਾ ਦੀਵਾਨ ਦੇ ਮਨੋਰਥ ਸਿੰਘ ਸਭਾ ਵਾਲੇ ਹੀ ਸਨ। ਸਿੱਖ ਸਮਾਜ ਦੇ ਸੱਭਿਆਚਾਰਕ, ਵਿੱਦਿਅਕ ਅਤੇ ਅਧਿਆਤਮਕ ਵਿਕਾਸ ਵਿਚ ਇਸ ਦੀਵਾਨ ਨੇ ਨਿੱਗਰ ਯੋਗਦਾਨ ਪਾਇਆ। 1903 ਈ. ਵਿਚ ਇਸ ਦੀਵਾਨ ਨੇ ਆਪਣਾ ਹਫਤਾਵਾਰੀ ਅਖ਼ਬਾਰ 'ਖ਼ਾਲਸਾ ਐਡਵੋਕੇਟ' ਜਾਰੀ ਕੀਤਾ। ਵਿੱਦਿਅਕ ਖੇਤਰ ਵਿਚ ਇਸ ਦੀਵਾਨ ਨੇ 1906 ਈ. ਵਿਚ ਤਰਨਤਾਰਨ ਵਿਖੇ ਖ਼ਾਲਸਾ ਪ੍ਰਚਾਰਕ ਵਿਦਿਆਲਾ ਖੋਲ੍ਹਿਆ।[105] ਸਮਾਜਿਕ ਖੇਤਰ ਵਿਚ ਇਸ ਦੀਵਾਨ ਨੇ 1904 ਈ. ਵਿਚ ਅੰਮ੍ਰਿਤਸਰ ਸਾਹਿਬ ਵਿਖੇ ਸੈਂਟ੍ਰਲ ਖ਼ਾਲਸਾ ਯਤੀਮ-ਖ਼ਾਨਾ ਸ਼ੁਰੂ ਕੀਤਾ ਇਸ ਦੇ ਨਾਲ ਹੀ ਸ਼ਿਕਾਰਪੁਰ (ਸਿੰਧ) ਅਤੇ ਘਰਜਾਖ (ਗੁਜਰਾਂਵਾਲਾ) ਵਿਚ ਵੀ ਯਤੀਮਖ਼ਾਨੇ ਖੋਲ੍ਹੇ। ਇਸ ਤੋਂ

---

[100] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਦੂਜਾ, ਪੰਨਾ 870 ਅਤੇ ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 236.
[101] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 236.
[102] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ 54.
[103] ਉਹੀ, ਪੰਨਾ 57.
[104] ਜੋਧ ਸਿੰਘ (ਮੁਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼*, ਦੂਜੀ ਸੈਂਚੀ, ਪੰਨਾ 556.
[105] ਉਹੀ, ਪੰਨਾ 557.

ਇਲਾਵਾ ਵਿਧਵਾ ਆਸ਼੍ਰਮ, ਅੰਮ੍ਰਿਤਸਰ ਸਾਹਿਬ (1912 ਈ.), ਸੈਂਟ੍ਰਲ ਖ਼ਾਲਸਾ ਹਸਪਤਾਲ, ਤਰਨਤਾਰਨ ਸਾਹਿਬ (1915 ਈ.), ਬਿਰਧ ਘਰ ਅਤੇ ਹੋਮਿਓਪੈਥਿਕ ਹਸਪਤਾਲ ਆਦਿ ਸਥਾਪਿਤ ਕੀਤੇ ਗਏ।[106]

1908 ਈ. ਵਿਚ ਚੀਫ਼ ਖ਼ਾਲਸਾ ਦੀਵਾਨ ਨੇ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਸ਼ੁਰੂ ਕੀਤੀ। ਇਸ ਕਾਨਫ਼ਰੰਸ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਨੇ ਖ਼ਾਲਸਾ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਦੀ ਵਿਵਸਥਾ ਕੀਤੀ ਅਤੇ ਪੰਜਾਬ ਵਿਚ ਸਿੱਖਿਆ ਦਾ ਮਾਧਿਅਮ ਪੰਜਾਬੀ ਕਰਨ ਲਈ ਸੰਘਰਸ਼ ਕੀਤਾ। ਇਸ ਕਾਨਫਰੰਸ ਨੇ ਲੜਕੀਆਂ ਦੀ ਪੜ੍ਹਾਈ ਵੱਲ ਖਾਸ ਧਿਆਨ ਦਿੱਤਾ। ਸ. ਗੁਰਚਰਨ ਸਿੰਘ, ਸ. ਖੜਕ ਸਿੰਘ, ਭਾਈ ਦਾਨ ਸਿੰਘ, ਪ੍ਰੋ. ਜੋਧ ਸਿੰਘ ਅਤੇ ਭਾਈ ਵੀਰ ਸਿੰਘ ਇਸ ਕਾਨਫ਼ਰੰਸ ਦੀ ਸਥਾਪਨਾ ਅਤੇ ਵਿਕਾਸ ਲਈ ਸਦਾ ਯਤਨਸ਼ੀਲ ਰਹੇ।[107]

ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਮੁੱਖ ਤੌਰ ਤੇ ਇਸ ਉਦੇਸ਼ ਲਈ ਸਥਾਪਿਤ ਕੀਤਾ ਗਿਆ ਸੀ ਕਿ ਖ਼ਾਲਸੇ ਦਾ ਇਕ ਹੀ ਕੇਂਦਰੀ ਦੀਵਾਨ ਹੋਵੇ। ਉਸ ਦੀਵਾਨ ਦੇ ਅਧੀਨ ਹੀ ਸਾਰੀਆਂ ਸਿੰਘ ਸਭਾਵਾਂ ਨੂੰ ਕੰਮ ਕਰਨ ਲਈ ਜਰੂਰੀ ਕੀਤਾ ਜਾਵੇ। ਕੁਝ ਸਮੇਂ ਬਾਅਦ ਹੀ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੀ ਇਸ ਦੀਵਾਨ ਦੀ ਦੇਖੋ-ਦੇਖ ਹੋਰ ਦੀਵਾਨ ਵੀ ਹੋਂਦ ਵਿਚ ਆਏ। ਇਸੇ ਲੜੀ ਅਧੀਨ ਮਾਲਵੇ ਵਿਚ ਧਾਰਮਿਕ ਪ੍ਰਚਾਰ ਲਈ ਤੇਜਾ ਸਿੰਘ ਭਸੌੜ ਨੇ 'ਪੰਚ ਖ਼ਾਲਸਾ ਦੀਵਾਨ', ਭਸੌੜ ਦੀ ਸਥਾਪਨਾ ਕੀਤੀ।

ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ ਇਸ ਤੋਂ ਬਾਅਦ ਸਿੰਘ ਸਭਾ ਲਹਿਰ 'ਦੀਵਾਨ-ਲਹਿਰ' ਵਿਚ ਤਬਦੀਲ ਹੋ ਗਈ, "ਪੰਚ ਖ਼ਾਲਸਾ ਦੀਵਾਨ ਦੀ ਰੀਸੋ ਰੀਸ ਪਹਿਲਾਂ ਖ਼ਾਲਸਾ ਦੀਵਾਨ ਨਾਭਾ, ਫੇਰ ਗੜਗੱਜ ਅਕਾਲੀ ਦੀਵਾਨ ਤਰਨਤਾਰਨ, ਇਹ ਦੋ ਨਵੇਂ ਦੀਵਾਨ ਕਾਇਮ ਹੋਏ। ਇਨ੍ਹਾਂ ਤੋਂ ਬਿਨਾ ਅੱਗੇ ਚੱਲ ਕੇ ਫੇਰ ਕਈ ਹੋਰ ਦੀਵਾਨ ਵੀ ਬਣੇ, ਜਿਵੇਂ- ਸੈਂਟਰਲ ਮਾਝਾ ਖ਼ਾਲਸਾ ਦੀਵਾਨ, ਖ਼ਾਲਸਾ ਦੀਵਾਨ ਮਲਾਇਆ, ਬਰਮਾ ਆਦਿ। ਇਸ ਤੋਂ ਪਤਾ ਲਗਦਾ ਹੈ ਕਿ ਸੰਨ ੧੯੦੨ ਤੋਂ ਪਿੱਛੋਂ 'ਸਿੰਘ ਸਭਾ' ਤੇ 'ਦੀਵਾਨ' ਦੇ ਅਰਥ ਇਕੋ ਹੀ ਹੋ ਗਏ ਸਨ ਤੇ ਪੁਰਾਣੀ ਸਿੰਘ ਸਭਾ ਲਹਿਰ ਸਮਾਪਤ ਹੋ ਕੇ ਜਾਂ ਦੂਜੇ ਸ਼ਬਦਾਂ ਵਿਚ ਬਦਲ ਕੇ ਹੁਣ 'ਦੀਵਾਨ-ਲਹਿਰ' ਦੀ ਸ਼ਕਲ ਅਖ਼ਤਿਆਰ ਕਰ ਗਈ ਸੀ।"[108]

ਇਹ ਸਾਰੇ ਦੀਵਾਨ ਧਾਰਮਿਕ ਸਨ। ਇਨ੍ਹਾਂ ਦਾ ਮੁੱਖ ਮਨੋਰਥ ਸਿੱਖ ਧਰਮ ਅੰਦਰ ਧਾਰਮਿਕ ਅਤੇ ਵਿੱਦਿਅਕ ਜਾਗ੍ਰਿਤੀ ਪੈਦਾ ਕਰਨਾ ਸੀ ਅਤੇ ਇਸ ਮਨੋਰਥ ਦੀ ਪੂਰਤੀ ਲਈ ਇਹ ਆਪਣੇ ਸਥਾਪਨਾਂ ਵਰ੍ਹੇ ਤੋਂ ਹੀ ਯਤਨਸ਼ੀਲ ਸਨ। ਸਮਾਂ ਪਾ ਕੇ ਸਿੰਘ ਸਭਾ ਲਹਿਰ ਦੇ ਪ੍ਰਚਾਰ ਸਦਕਾ ਸਿੱਖ ਪੰਥ ਨੇ ਮਹਿਸੂਸ ਕੀਤਾ ਕਿ ਧਾਰਮਿਕ

---

[106] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਦੂਜਾ, ਪੰਨਾ 870.
[107] ਉਹੀ, ਪੰਨਾ 280.
[108] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 240.

ਕੁਰੀਤੀਆਂ ਓਨੀ ਦੇਰ ਦੂਰ ਨਹੀਂ ਹੋ ਸਕਦੀਆਂ ਜਿੰਨੀ ਦੇਰ ਗੁਰਦੁਆਰੇ ਮਹੰਤਾਂ ਅਤੇ ਪੁਜਾਰੀਆਂ ਦੇ ਕਬਜ਼ੇ ਵਿਚੋਂ ਆਜ਼ਾਦ ਨਹੀਂ ਹੁੰਦੇ।[109]

ਸਿੰਘ ਸਭਾ ਲਹਿਰ ਨੇ ਸਿੱਖਾਂ ਅੰਦਰ ਅਜਿਹੀ ਜਾਗ੍ਰਿਤੀ ਪੈਦਾ ਕੀਤੀ ਕਿ ਉਹ ਆਪਣੀ ਧਾਰਮਿਕ, ਸਮਾਜਿਕ ਤੇ ਰਾਜਸੀ ਆਜ਼ਾਦੀ ਲਈ ਯਤਨ ਕਰਨ ਲੱਗੇ। ਇਨ੍ਹਾਂ ਯਤਨਾਂ ਸਦਕਾ ਹੀ ਪੰਜਾਬ ਅੰਦਰ ਗੁਰਦੁਆਰਾ ਸੁਧਾਰ ਲਹਿਰ ਜਾਂ ਅਕਾਲੀ ਲਹਿਰ ਦਾ ਆਰੰਭ ਹੋਇਆ। ਜਿਨ੍ਹਾਂ ਵਿਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਏ। 1920 ਈ. ਤੋਂ ਬਾਅਦ ਸਿੱਖ ਪੰਥ ਦੇ ਧਾਰਮਿਕ ਮਾਮਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਭਾਲ ਲਏ ਅਤੇ ਰਾਜਨੀਤਿਕ ਮਾਮਲੇ ਸ਼੍ਰੋਮਣੀ ਅਕਾਲੀ ਦਲ ਨੇ ਸੰਭਾਲ ਲਏ। ਇਸ ਤਰ੍ਹਾਂ ਪੰਜਾਬ ਅੰਦਰ ਨਵੀਆਂ ਲਹਿਰਾਂ ਅਤੇ ਜਥੇਬੰਦੀਆਂ ਹੋਂਦ ਵਿਚ ਆ ਗਈਆਂ, ਜਿਨ੍ਹਾਂ ਦੀ ਬਦੌਲਤ ਸਿੰਘ ਸਭਾ ਲਹਿਰ ਹੌਲੀ-ਹੌਲੀ ਸੀਮਤ ਹੁੰਦੀ ਗਈ।[110]

---

[109] Nirmal Singh, *Impact of Singh Sabha Movemwnt on Punjabi Lirtarture,* Kartar Singh Suri (Supervisor), Chandigarh: Punjab University, Ph.D. Theses, 1974, p. 51.

[110] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 240.

# ਅਧਿਆਇ ਪੰਜਵਾਂ
# ਸਿੰਘ ਸਭਾ ਲਹਿਰ: ਪ੍ਰਮੁੱਖ ਪ੍ਰਾਪਤੀਆਂ

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਸ਼ੁਰੂ ਹੋਈ ਸਿੰਘ ਸਭਾ ਲਹਿਰ ਨੇ ਸਿੱਖ ਪੰਥ ਵਿਚ ਆਪਣੇ ਸਿਧਾਂਤ, ਪਰੰਪਰਾ ਅਤੇ ਮਰਯਾਦਾ ਪ੍ਰਤੀ ਜਾਗ੍ਰਿਤੀ ਪੈਦਾ ਕਰਨ ਲਈ ਅਹਿਮ ਭੂਮਿਕਾ ਨਿਭਾਈ ਹੈ। ਇਸ ਲਹਿਰ ਨੇ ਸਿੱਖ ਧਰਮ ਨੂੰ ਜਿੱਥੇ ਆਪੇ ਦੀ ਪਛਾਣ ਕਰਵਾਈ ਉੱਥੇ ਨਾਲ ਹੀ ਸਮਾਜਿਕ ਨੁਕਤੇ ਤੋਂ ਕਈ ਤਰ੍ਹਾਂ ਦੀਆਂ ਕੁਰੀਤੀਆਂ ਤੋਂ ਬਚਣ ਕਰਨ ਲਈ ਪ੍ਰੇਰਿਆ। ਸਿੱਖ ਪਛਾਣ, ਗੁਰਬਾਣੀ ਵਿਆਖਿਆ ਅਤੇ ਸਿੱਖ ਇਤਿਹਾਸਕਾਰੀ ਨੂੰ ਸਿੱਖ ਆਸ਼ੇ ਅਨੁਸਾਰ ਲਿਖਣ, ਸਮਝਣ ਅਤੇ ਪ੍ਰਚਾਰਨ ਵਿਚ ਸਿੰਘ ਸਭਾ ਲਹਿਰ ਨੇ ਅਹਿਮ ਭੂਮਿਕਾ ਨਿਭਾਈ। ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਪ੍ਰਫੁਲਿਤ ਕਰਨ ਵਿਚ ਵੀ ਸਿੰਘ ਸਭਾ ਲਹਿਰ ਦਾ ਯੋਗਦਾਨ ਮਹੱਤਵਪੂਰਨ ਰਿਹਾ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਭਾਵੇਂ ਇਹ ਲਹਿਰ ਨਿਰੋਲ ਧਾਰਮਿਕ ਸੀ ਪਰ ਫਿਰ ਵੀ ਇਸ ਨੇ ਸਿੱਖ ਧਰਮ ਨਾਲ ਸੰਬੰਧਿਤ ਹਰ ਪੱਖ ਨੂੰ ਪ੍ਰਭਾਵਿਤ ਕੀਤਾ ਹੈ। ਪਿਛਲੇ ਅਧਿਆਇ ਵਿਚ ਇਸ ਲਹਿਰ ਨੂੰ ਦਰਪੇਸ਼ ਪ੍ਰਮੁੱਖ ਚੁਣੌਤੀਆਂ ਸੰਬੰਧੀ ਚਰਚਾ ਹੋ ਚੁੱਕੀ ਹੈ, ਇਸ ਅਧਿਆਇ ਵਿਚ ਸਿੰਘ ਸਭਾ ਲਹਿਰ ਦੀਆਂ ਪ੍ਰਾਪਤੀਆਂ ਦੀ ਵਿਚਾਰ ਹੇਠ ਲਿਖੇ ਅਨੁਸਾਰ ਵਰਗ ਵੰਡ ਕਰਕੇ ਕੀਤੀ ਜਾ ਰਹੀ ਹੈ:

### 5.1. ਗੁਰਮਤਿ ਪ੍ਰਚਾਰ

ਸਿੰਘ ਸਭਾ ਲਹਿਰ ਦੀ ਜਿੱਥੇ ਸਿੱਖ ਪੰਥ ਦੇ ਧਾਰਮਿਕ, ਸਮਾਜਿਕ, ਵਿੱਦਿਅਕ ਅਤੇ ਸਾਹਿਤਕ ਖੇਤਰ ਵਿਚ ਮਹੱਤਵਪੂਰਨ ਦੇਣ ਹੈ, ਉੱਥੇ ਇਸ ਲਹਿਰ ਨੇ ਗੁਰਮਤਿ-ਪ੍ਰਚਾਰ ਵਿਚ ਵੀ ਨਿੱਗਰ ਯੋਗਦਾਨ ਪਾਇਆ ਹੈ। ਇਸ ਲਹਿਰ ਨੇ ਅਖ਼ਬਾਰ, ਰਸਾਲੇ, ਪੈਂਫਲਿਟ ਆਦਿ ਦੇ ਰੂਪ ਵਿਚ ਸਾਹਿਤ ਪ੍ਰਕਾਸ਼ਿਤ ਕਰਕੇ ਲੋਕਾਂ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ। ਇਸ ਪ੍ਰਚਾਰ ਦੀ ਵੱਡੀ ਦੇਣ ਇਹ ਸੀ ਕਿ ਜਿੱਥੇ ਪਹਿਲਾਂ ਬਹੁਤ ਸਾਰੀਆਂ ਕੁਰੀਤੀਆਂ ਅਤੇ ਅਡੰਬਰ ਸਿੱਖਾਂ ਦੇ ਘਰਾਂ ਵਿਚ ਪ੍ਰਵੇਸ਼ ਕਰ ਚੁੱਕੇ ਸਨ, ਉਨ੍ਹਾਂ ਨੂੰ ਇਸ ਲਹਿਰ ਦੇ ਨਿਰੋਲ ਗੁਰਮਤਿ ਪ੍ਰਚਾਰ ਨੇ ਠੱਲ੍ਹ ਪਾਈ।

ਸਿੰਘ ਸਭਾ ਲਹਿਰ ਨੇ ਸਿੱਖਾਂ ਅੰਦਰ ਗੁਰਦੁਆਰੇ ਦਾ ਅਸਲ ਮਹੱਤਵ ਦ੍ਰਿੜ ਕਰਵਾ ਕੇ ਉਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਬਰੋਸਾਏ ਸ਼ਬਦ ਕੀਰਤਨ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਇਸ ਲਹਿਰ ਤੋਂ ਪਹਿਲਾਂ ਕੁਝ ਸੁਆਰਥੀ ਮਹੰਤਾਂ ਨੇ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਸੰਪਤੀ ਬਣਾ ਲਿਆ ਸੀ। ਇਸ ਕਾਰਨ ਸੰਗਤ ਦੇ ਗੁਰਦੁਆਰੇ ਜਾਣ ਵਿਚ ਕਮੀ ਆ ਗਈ ਸੀ। ਸਿੰਘ ਸਭਾ ਲਹਿਰ ਨੇ ਦੁਬਾਰਾ ਸਿੱਖ ਸੰਗਤ ਨੂੰ ਗੁਰਦੁਆਰੇ ਜਾਣ ਅਤੇ ਸ਼ਬਦ ਕੀਰਤਨ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਜਗਜੀਤ ਸਿੰਘ ਅਨੁਸਾਰ, "ਜਿਥੇ (ਸ੍ਰੀ ਗੁਰੂ ਸਿੰਘ ਸਭਾ ਲਾਹੌਰ) ਦੇ ਮੈਂਬਰਾਂ ਨੇ ਸਿਖਾਂ ਨੂੰ ਆਪਣੀ ਸੰਤਾਨ ਨੂੰ ਗੁਰਮੁਖੀ ਵਿਦਿਆ ਪੜ੍ਹਾਉਣ ਲਈ ਉਤਸ਼ਾਹਤ ਕੀਤਾ, ਉਥੇ

ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਲਾਹੌਰ ਦੇ ਪਵਿਤ੍ਰ ਗੁਰਦੁਆਰੇ ਵਿਚ ਭੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਵਾਉਣਾ ਸ਼ੁਰੂ ਕਰਕੇ ਗੁਰਦੁਆਰੇ ਵਿਚ ਰੌਣਕ ਕਰਵਾਈ।"[1]

ਇਸ ਲਹਿਰ ਦੁਆਰਾ ਪੈਦਾ ਕੀਤੀ ਜਾਗ੍ਰਿਤੀ ਸਦਕਾ ਸਿੱਖਾਂ ਦੇ ਗੁਰਦੁਆਰੇ ਜਾਣ ਵਿਚ ਲਗਾਤਾਰ ਵਾਧਾ ਹੁੰਦਾ ਰਿਹਾ ਅਤੇ ਹਰ ਹਫ਼ਤੇ ਗੁਰਦੁਆਰਿਆਂ ਵਿਚ ਸ਼ਬਦ ਕੀਰਤਨ ਹੋਣ ਲੱਗੇ ਅਤੇ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਵਿਖੇ ਸਾਲਾਨਾ ਜੋੜ ਮੇਲ ਵੀ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਹੋਣ ਲੱਗ ਪਏ। ਇਸ ਦੇ ਨਾਲ ਹੀ ਸ਼ਬਦ-ਕੀਰਤਨ ਅਤੇ ਨਿੱਤ-ਨੇਮ ਦੇ ਅਣਗਿਣਤ ਗੁਟਕੇ ਛਪਵਾ ਕੇ ਸੰਗਤ ਵਿਚ ਮੁਫ਼ਤ ਵੰਡੇ ਜਾਂਦੇ ਰਹੇ ਜਿਸ ਨਾਲ ਸੰਗਤਾਂ ਵਿਚ ਗੁਰਬਾਣੀ ਪੜ੍ਹਨ-ਸੁਣਨ ਦਾ ਚਾਅ ਪੈਦਾ ਹੋਇਆ। ਇਹ ਸਿੱਖਾਂ ਅੰਦਰ ਸਿੰਘ ਸਭਾ ਲਹਿਰ ਦੁਆਰਾ ਪੈਦਾ ਕੀਤੀ ਜਾਗ੍ਰਿਤੀ ਦਾ ਹੀ ਸਿੱਟਾ ਸੀ ਕਿ ਸਿੱਖਾਂ ਨੇ ਗੁਰਦੁਆਰਿਆਂ ਦੀ ਮੁਰੰਮਤ ਕਰਵਾਉਣ ਦਾ ਕੰਮ ਸ਼ੁਰੂ ਕੀਤਾ ਅਤੇ ਅਲੋਪ ਹੋ ਰਹੇ ਗੁਰਦੁਆਰਿਆਂ ਨੂੰ ਖੋਲ੍ਹ ਕੇ ਦੁਬਾਰਾ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਵਾਏ ਗਏ ਅਤੇ ਸ਼ਬਦ ਕੀਰਤਨ ਸ਼ੁਰੂ ਕੀਤਾ ਗਿਆ।[2]

ਗੁਰੂ ਸਾਹਿਬਾਨ ਦੇ ਉਪਦੇਸ਼ ਸਾਰੇ ਵਿਸ਼ਵ ਲਈ ਸਰਬਸਾਂਝੇ ਹਨ। ਵਰਤਮਾਨ ਸਮੇਂ ਇਸ ਗੱਲ ਉੱਪਰ ਬਹੁਤ ਜੋਰ ਦਿੱਤਾ ਜਾ ਰਿਹਾ ਹੈ ਕਿ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਸੰਸਾਰ ਦੇ ਕੋਨੇ-ਕੋਨੇ ਤੱਕ ਪਹੁੰਚਾਇਆ ਜਾਵੇ। ਸੈਮੀਨਾਰਾਂ, ਕਾਰਫ਼ਰੰਸਾਂ, ਅਖ਼ਬਾਰਾਂ, ਰਸਾਲਿਆਂ ਅਤੇ ਪੁਸਤਕਾਂ ਦੇ ਰੂਪ ਵਿਚ ਇਸ ਕਾਰਜ ਲਈ ਸਿੱਖ ਚਿੰਤਕ ਯਤਨਸ਼ੀਲ ਹਨ। ਸਿੰਘ ਸਭਾ ਲਹਿਰ ਨੇ ਇਸ ਕਾਰਜ ਦੀ ਸ਼ੁਰੂਆਤ ਅੱਜ ਤੋਂ ਲਗਭਗ 150 ਸਾਲ ਪਹਿਲਾਂ ਕਰ ਦਿੱਤੀ ਸੀ। ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਸਿੱਖਾਂ ਵਿਚ ਤਾਂ ਪ੍ਰਚਾਰਿਆ ਹੀ, ਇਸ ਤੋਂ ਇਲਾਵਾ ਉਨ੍ਹਾਂ ਸਿੱਖਾਂ ਸਾਹਮਣੇ ਇਨ੍ਹਾਂ ਸਿੱਖਿਆਵਾਂ ਦੇ ਵਿਸ਼ਵ-ਵਿਆਪੀ ਪ੍ਰਸੰਗ ਨੂੰ ਵੀ ਪੇਸ਼ ਕੀਤਾ। ਇਸ ਸੰਬੰਧੀ ਗਿਆਨੀ ਦਿੱਤ ਸਿੰਘ ਦਾ ਇਕ ਮਜ਼ਮੂਨ ਦੇਖਿਆ ਜਾ ਸਕਦਾ ਹੈ। ਉਹ ਲਿਖਦੇ ਹਨ, "ਜਦ ਸਾਡੇ ਗੁਰੂਆਂ ਦਾ ਪੁਰਖਾਰਥ ਸਾਨੂੰ ਉਪਦੇਸ਼ ਕਰਦਾ ਹੈ ਕਿ ਉਹ ਕਿਸੇ ਖਾਸ ਦੇਸ਼ ਯਾ ਕੌਮ ਦੇ ਉਧਾਰ ਲਈ ਨਹੀਂ ਸਾ ਕਿੰਤੂ ਉਹ ਸਾਰੇ ਜੀਵ ਮਾਤ੍ਰ ਦੀ ਕਲਿਆਨ ਲਈ ਸੀ। ਅਸੀਂ ਆਸ਼ਾ ਰੱਖਦੇ ਹਾਂ ਜੋ ਸਾਡੇ ਖਾਲਸਾ ਭਾਈ ਜੋ ਗੁਰੂ ਜੀ ਦੇ ਪੁਰਖਾਰਥ ਨੂੰ ਅਕਾਲ ਪੁਰਖ ਵੱਲੋਂ ਜਾਨਦੇ ਹਨ ਅਰ ਉਨ੍ਹਾਂ ਦੇ ਉਪਦੇਸ਼ਾਂ ਨੂੰ ਅਕਾਲ ਪੁਰਖ ਦੇ ਮਿਲਣ ਦਾ ਰਸਤਾ ਜਾਨਦੇ ਹਨ ਸੋ ਇਸ ਅੰਮ੍ਰਿਤ ਦਾ ਛੱਟਾ ਸਾਰੀ ਸ੍ਰਿਸ਼ਟੀ ਦੇ ਪ੍ਰਾਣੀ ਮਾਤ੍ਰ ਲਈ ਪ੍ਰਦਾਨ ਕਰਨਗੇ॥"[3] ਭਾਈ ਕਾਨ੍ਹ ਸਿੰਘ ਨਾਭਾ ਸਿੱਖਾਂ ਨੂੰ ਅਪੀਲ ਕਰਦੇ ਹਨ ਕਿ ਸਿੱਖ ਧਰਮ ਦਾ ਪ੍ਰਚਾਰ ਵਿਦੇਸ਼ਾਂ ਤੱਕ ਕਰਨਾ ਚਾਹੀਦਾ ਹੈ। ਉਨ੍ਹਾਂ ਅਨੁਸਾਰ, "ਅਸੀਂ ਸ਼ੋਕ ਕਰਦੇ ਹਾਂ ਆਪਣੇ ਭਾਈਆਂ ਪਰ ਜੋ ਸਿੱਖ ਧਰਮ ਨੂੰ ਪੰਜਾਬ ਵਿੱਚ ਹੀ ਬੰਦ ਰੱਖਣਾ ਚਾਹੁੰਦੇ ਹਨ. ਸਿੱਖ ਧਰਮ ਸੰਸਾਰ ਦੇ ਸਭ ਦੇਸ਼ਾਂ ਨੂੰ ਆਪਣਾ ਘਰ ਸਮਝ ਕੇ ਨਿਵਾਸ ਕਰਨ

---

[1] ਜਗਜੀਤ ਸਿੰਘ, "ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਵਲੋਂ ਕੀਤੇ ਗਏ ਮਹਾਨ ਸੁਨਹਿਰੀ ਪਰਉਪਕਾਰ", *ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ,* ਕਰਤਾਰ ਸਿੰਘ 'ਸੁਹੱਦੀ' (ਸੰਪਾ.), ਯਮੁਨਾ ਨਗਰ: ਕਰਤਾਰ ਸਿੰਘ 'ਸੁਹੱਦੀ' ਸਾਬਕ ਐਡੀਟਰ 'ਗੁਰ-ਸੰਸੇਸ਼', 1974, ਪੰਨਾ 115.

[2] ਉਹੀ, ਪੰਨਾ 118.

[3] ਖ਼ਾਲਸਾ ਅਖ਼ਬਾਰ, ਦਿੱਤ ਸਿੰਘ (ਸੰਪਾ.), ਖਾਲਸਾ ਪ੍ਰੈਸ ਲਾਹੌਰ, 13 ਨਵੰਬਰ, 1896, ਪੰਨਾ 3.

ਅਤੇ ਸਭ ਦੇਸ਼ਨਿਵਾਸੀਆਂ ਨੂੰ ਸਿੱਖ ਕੌਮ ਵਿੱਚ ਸ਼ਾਮਲ ਕਰਣ, ਜਦੋਂ ਤਾਈਂ ਸਿੱਖ ਐਸਾ ਨਹੀਂ ਕਰਦੇ, ਤਦ ਤੋੜੀ ਬਿਵਹਾਰਿਕ ਅਤੇ ਧਾਰਮਿਕ ਉੱਨਤੀ ਹੋਣੀ ਅਸੰਭਵ ਹੈ."[4]

ਇਕ ਹੋਰ ਗੱਲ ਸਿੱਖਾਂ ਵਿਚ ਘਰ ਕਰ ਗਈ ਸੀ ਜੇਕਰ ਉਹ ਖੁੱਲ੍ਹੇਆਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਨਗੇ ਤਾਂ ਹਿੰਦੂ ਅਤੇ ਮੁਸਲਮਾਨ ਉਨ੍ਹਾਂ ਨਾਲ ਨਾਰਾਜ਼ ਹੋ ਜਾਣਗੇ। ਇਸ ਡਰ ਕਾਰਨ ਸਿੱਖ ਆਪਣੇ ਜਲਸਿਆਂ ਅਤੇ ਗੁਰਪੁਰਬਾਂ ਸਮੇਂ ਗੁਰਬਾਣੀ ਦੇ ਉਪਦੇਸ਼ਾਂ ਨੂੰ ਪ੍ਰਚਾਰਨ ਵਿਚ ਝਿਜਕਦੇ ਸਨ। ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਨਿਧੜਕ ਪ੍ਰਚਾਰ ਕਰਕੇ ਇਸ ਡਰ ਵਾਲੀ ਮਾਨਸਿਕਤਾ ਨੂੰ ਦੂਰ ਕੀਤਾ ਅਤੇ ਸਿੱਖਾਂ ਨੂੰ ਆਪਣੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਪ੍ਰਚਾਰਨ ਹਿਤ ਜਾਗਰੂਕ ਕੀਤਾ। 27 ਨਵੰਬਰ, 1896 ਈ. ਦੇ ਖ਼ਾਲਸਾ ਅਖ਼ਬਾਰ ਵਿਚ ਸਿੱਖਾਂ ਵਿਚ ਜਾਗਰੂਕਤਾ ਪੈਦਾ ਕਰਨ ਲਈ ਅਜਿਹਾ ਜੀ ਇਕ ਜੋਰਦਾਰ ਲੇਖ ਛਪਿਆ ਜਿਸ ਵਿਚ ਲਿਖਿਆ ਹੈ, "ਪਰੰਤੂ ਸ਼ੋਕ ਦੀ ਗੱਲ ਹੈ ਜੋ ਸਾਡੇ ਖਾਲਸਾ ਪੰਥ ਦੇ ਸਿੰਘ ਹੀ ਇਕ ਐਸੀ ਹਾਲਤ ਵਿਚ ਨਜ਼ਰ ਆਉਂਦੇ ਹਨ ਜੋ ਇਹ ਆਪਨੇ ਧਾਰਮਕ ਅਸੂਲ ਅਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚੇ ਪਵਿੱਤ੍ਰ ਉਪਦੇਸ਼ ਅਪਨੇ ਜਲਸਿਆਂ ਅਤੇ ਗੁਰਪੁਰਬਾਂ ਪਰ ਹਿੰਦੂ, ਮੁਸਲਮਾਨ ਤੇ ਡਰਦੇ ਪ੍ਰਗਟ ਨਹੀਂ ਕਰਦੇ ਅਤੇ ਆਖਦੇ ਹਨ ਕਿ ਐ ਸਾਹਿਬਾਨ ਹਮਾਰੇ ਸੇ ਹਿੰਦੂ, ਮੁਸਲਮਾਨ ਲੋਗ ਗ੍ਰੰਥ ਸਾਹਿਬ ਕੇ ਉਪਦੇਸ਼ ਸੁਨ ਕਰ ਖਫਾ ਨਾ ਹੋ ਜਾਏਂ। ਇਸ ਕਥਨ ਤੇ ਤੁਸੀਂ ਦੇਖ ਸਕਦੇ ਹੋ ਜੋ ਅਜਿਹਾ ਮੁਰਦਾ ਖਾਲਸਾ, ਸਿੰਘ ਸਭਾ ਯਾ ਕੋਈ ਜਲਸਾ ਬਨਾ ਕੇ ਕਿਆ ਸੁਵਾਰ ਸਕਦਾ ਹੈ, ਸਵਾਇ ਇਸ ਦੇ ਜੋ ਉਹ ਦੋ ਚਾਰ ਸੈ ਰੁਪਈਆ ਕੰਜਰੀਆਂ ਦੇ ਰਾਗ ਸੁਨਨੇ ਵਿਚ ਖਰਚ ਕਰਨੇ ਦੀ ਜਗਹ ਇਧਰ ਅਪਨੀ ਧਾਮੜ ਧੂਮੜ ਵਿਚ ਖਰਚ ਕਰ ਲੇਵੇਂ। ਅੰਤ ਨੂੰ ਅਸੀਂ ਅਜਿਹੇ ਮੁਰਦਾ ਦਿਲ ਅਤੇ ਡਰਪੋਕ ਖਾਲਸਾ ਅੱਗੇ ਪ੍ਰਾਰਥਨਾ ਕਰਦੇ ਹਾਂ ਜੋ ਓਹ ਅਪਨੇ ਰੁਪਏ ਨੂੰ ਐਵੇਂ ਨਾ ਗੁਵਾਵੇ, ਕਿੰਤੂ ਜੇ ਕਰਕੇ ਆਨੰਦ ਲੈਣਾ ਹੈ ਤਾਂ ਗੁਰੂ ਦੇ ਉਪਦੇਸ਼ਾਂ ਪਰ ਕਮਰ ਕਸੇਂ ਅਤੇ ਨਿਰਭੈ ਹੋ ਕੇ ਉਨ੍ਹਾਂ ਦਾ ਪ੍ਰਚਾਰ ਕਰੇਂ॥ "[5]

1873 ਈ. ਵਿਚ ਜਦੋਂ ਸਿੰਘ ਸਭਾ ਲਹਿਰ ਦੀ ਸ਼ੁਰੂਆਤ ਹੋਈ ਤਾਂ ਗੁਰਮਤਿ ਪ੍ਰਚਾਰ ਨੂੰ ਇਸ ਲਹਿਰ ਦੀ ਨਿਯਮਾਵਲੀ ਵਿਚ ਪਹਿਲ ਦੇ ਆਧਾਰ 'ਤੇ ਸ਼ਾਮਿਲ ਕੀਤਾ ਗਿਆ ਸੀ। ਇਸ ਨਿਯਮ ਦੀ ਸਫਲਤਾ ਲਈ ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਬੜੀ ਤਨਦੇਹੀ ਨਾਲ ਯਤਨ ਕੀਤੇ ਅਤੇ ਗੁਰਮਤਿ ਪ੍ਰਚਾਰ ਦੇ ਖੇਤਰ ਵਿਚ ਨਿੱਗਰ ਯੋਗਦਾਨ ਪਾਇਆ ਹੈ। ਇਸ ਲਹਿਰ ਨੇ ਸਿੱਖ ਪੰਥ ਵਿਚ ਗੁਰਮਤਿ ਦੇ ਹਰ ਪੱਖ ਨੂੰ ਪ੍ਰਚਾਰਿਆ ਅਤੇ ਉਸ ਦੇ ਅਸਲ ਸਰੂਪ ਅਤੇ ਮਨੋਰਥ ਨੂੰ ਵੀ ਪ੍ਰਗਟ ਕੀਤਾ।

ਪੰਜ ਕਕਾਰ ਸਿੱਖੀ ਦੀ ਮੋਹਰ ਹਨ। ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਜਿੱਥੇ ਇਨ੍ਹਾਂ ਦਾ ਪ੍ਰਚਾਰ ਕੀਤਾ ਉੱਥੇ ਇਨ੍ਹਾਂ ਦੇ ਮਹੱਤਵ ਅਤੇ ਸਰੂਪ ਨੂੰ ਵੀ ਪ੍ਰਗਟ ਕੀਤਾ। ਗਿਆਨੀ ਦਿੱਤ ਸਿੰਘ ਨੇ ਲਿਖਿਆ ਹੈ, "ਇਸੇ ਤਰ੍ਹਾਂ ਅਸੀਂ ਖਾਲਸਾ ਕੌਮ ਦੀ ਜ਼ਿੰਦਗੀ ਭੀ ਇਸ ਭਾਰਤ ਭੂਮੀ ਪਰ ਏਹੋ ਬਾਹਰਲੇ ਪੰਜੇ ਕੱਕੇ ਦੇਖਦੇ ਹਾਂ ਅਰ ਅੰਦਰੂਨੀ ਜ਼ਿੰਦਗੀ ਗੁਰੂਆਂ ਦੇ ਉਪਦੇਸ਼ ਜਾਨਦੇ ਹਾਂ ਅਰ ਆਸ਼ਾ ਰੱਖਦੇ ਹਾਂ ਕਿ ਜਿਤਨਾ ਚਿਰ ਇਸ ਕੌਮ ਵਿਚ ਅੰਮ੍ਰਿਤ ਦਾ

[4] ਕਾਨ੍ਹ ਸਿੰਘ ਨਾਭਾ, *ਗੁਰੁਮਤ ਸੁਧਾਕਰ*, ਅੰਮ੍ਰਿਤਸਰ: ਭਾ. ਚਤਰ ਸਿੰਘ ਜੀਵਨ ਸਿੰਘ, 2005, ਪੰਨਾ 201.
[5] ਖ਼ਾਲਸਾ ਅਖ਼ਬਾਰ, 27 ਨਵੰਬਰ, 1896, ਪੰਨਾ 3.

ਪ੍ਰਚਾਰ ਰਿਹਾ ਅਰ ਇਸ ਦੇ ਪ੍ਰਤਿਸ਼ਟਤ ਪੁਰਖਾਂ ਨੇ ਕੇਸਾਂ ਦਾ ਕਦਰ ਕੀਤਾ ਤਦ ਤੱਕ ਇਹ ਕੌਮ ਸੰਸਾਰ ਪਰ ਅਟੱਲ ਰਹੇਗੀ ਅਰ ਦਿਨੋਂ ਦਿਨ ਉੱਨਤੀ ਕਰੇਗੀ, ਪਰੰਤੂ ਜਦ ਇਨ੍ਹਾਂ ਦੇ ਬਾਹਰਲੇ ਨਸ਼ਾਨ ਮਿਟ ਗਏ ਤਦ ਓਹੋ ਜਾਤੀ ਅਤੇ ਸੁਨਾਤੀ ਹੋ ਕੇ ਕਮੀਣ ਬਨ ਜਾਨਗੇ। ਇਸ ਵਾਸਤੇ ਐ ਖਾਲਸਾ ਕੌਮ ਨੂੰ ਅਟੱਲ ਰੱਖਨ ਦੇ ਹਾਮੀਓ ਆਪ ਪ੍ਰਚਾਰ ਕਰੋ ਅੰਮ੍ਰਿਤ ਦਾ ਪਾਨ ਕਰੋ ਕੇਸਾਂ ਦੇ ਧਾਰਨੀ ਬਣੋ।"[6]

ਸਿੰਘ ਸਭਾ ਲਹਿਰ ਸਮੇਂ ਸਿੱਖਾਂ ਉੱਪਰ ਅਨਮਤਾਂ ਦਾ ਪ੍ਰਭਾਵ ਬਹੁਤ ਜਿਆਦਾ ਸੀ। ਬਹੁਤ ਸਾਰੇ ਸਿੱਖ ਆਰੀਆ ਸਮਾਜ, ਬ੍ਰਹਮੋ ਸਮਾਜ, ਸਨਾਤਨ ਧਰਮ, ਮਸੀਹੀ ਅਤੇ ਮੁਸਲਮਾਨ ਆਦਿ ਪ੍ਰਚਾਰਕਾਂ ਦਾ ਪ੍ਰਭਾਵ ਕਬੂਲ ਕੇ ਉਨ੍ਹਾਂ ਦੇ ਮਤਾਂ ਵਿਚ ਸ਼ਾਮਿਲ ਹੋ ਰਹੇ ਸਨ।[7] ਸਿੰਘ ਸਭਾ ਨੇ ਗੁਰਮਤਿ ਦਾ ਨਿਰੋਲ ਪ੍ਰਚਾਰ ਕਰਕੇ ਇਸ ਹੜ੍ਹ ਨੂੰ ਰੋਕਿਆ, ਜੋ ਇਸ ਲਹਿਰ ਦੀ ਮਹੱਤਵਪੂਰਨ ਪ੍ਰਾਪਤੀ ਸੀ। ਇਸ ਲਹਿਰ ਦੇ ਚਿੰਤਕਾਂ ਨੇ ਸਿੱਖਾਂ ਨੂੰ ਇਸ ਪ੍ਰਤੀ ਜਾਗਰੂਕ ਕਰਨ ਲਈ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਅਨੇਕਾਂ ਹੀ ਮਜ਼ਮੂਨ ਛਾਪੇ। ਇਸੇ ਤਰ੍ਹਾਂ ਇਕ ਮਜ਼ਮੂਨ ਵਿਚ ਸਿੱਖਾਂ ਨੂੰ ਇਸ ਪ੍ਰਤੀ ਅਪੀਲ ਕਰਦੇ ਹੋਏ ਲਿਖਿਆ ਸੀ, "ਫਿਰ ਹੇ ਪੰਥ! ਤੂੰ ਦਸ ਜੋ ਤੈਂ ਇਨ੍ਹਾਂ ਦੀ ਰੱਖਿਆ ਵਾਸਤੇ ਕਿਆ ਉਪਾਇ ਕੀਤਾ ਹੈ? ਪਰੰਤੂ ਜਦ ਵਿਚਾਰ ਕੇ ਦੇਖਿਆ ਜਾਂਦਾ ਹੈ ਤਦ ਏਹੋ ਨਜ਼ਰ ਆਉਂਦਾ ਹੈ ਕਿ ਤੈਂ ਇਸ ਦਾ ਉਪਾਉ ਕੁਝ ਭੀ ਨਹੀਂ ਸੋਚਿਆ, ਜਿਸ ਤੇ ਸਾਫ ਪਾਇਆ ਜਾਂਦਾ ਹੈ ਕਿ ਤੂੰ ਉਸ ਛੋਟੀ ਜੇਹੀ ਬੇਜ਼ਬਾਨ ਕੀੜੀ ਤੇ ਭੀ ਨਿਰ ਬੁਧਿ ਅਤੇ ਲਾਪ੍ਰਵਾਹ ਹੈਂ, ਜਿਸ ਨੇ ਅਪਨੇ ਜੀਵਨ ਅਤੇ ਸੰਤਾਨ ਦੀ ਕੋਈ ਭੀ ਪ੍ਰਵਾਹ ਨਹੀਂ ਕੀਤੀ, ਪਰੰਤੂ ਜੇ ਤੇਰਾ ਏਹੋ ਹਾਲ ਰਿਹਾ ਤਾਂ ਤੂੰ ਯਾਦ ਰੱਖ ਜੋ ਫਿਰ ਕੋਈ ਦਿਨ ਆਵੇਗਾ ਜੋ ਤੇਰਾ ਨਾਮ ਤੱਕ ਭੀ ਕੌਮਾਂ ਦੀ ਗਿਣਤੀ ਵਿਚ ਨਹੀਂ ਰਹੇਗਾ, ਇਸ ਵਾਸਤੇ ਐ ਕੌਮ ਤੂੰ ਜਾਗ ਅਤੇ ਅਪਨੇ ਜੀਵਨ ਲਈ ਯਤਨ ਕਰ॥"[8]

ਸਿੰਘ ਸਭਾ ਲਹਿਰ ਸਮੇਂ ਅਨਮਤਿ ਸਿੱਖ ਧਰਮ ਦੇ ਸਿਧਾਂਤਕ ਨੁਕਤਿਆਂ ਉੱਪਰ ਹਮਲੇ ਕਰ ਰਹੇ ਸਨ। ਕਕਾਰ ਇਕ ਸਿੱਖ ਦੇ ਰੂਹਾਨੀ ਅਤੇ ਅਮਲੀ ਜ਼ਿੰਦਗੀ ਦਾ ਅਹਿਮ ਅੰਗ ਹਨ। ਅਨਮਤਿ ਇਨ੍ਹਾਂ ਦੀ ਸਾਰਥਿਕਤਾ ਉੱਪਰ ਸਵਾਲ ਖੜ੍ਹੇ ਕਰਨ ਲੱਗੇ ਸਨ। ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਬੜੇ ਢੁਕਵੇਂ ਤਰੀਕੇ ਨਾਲ ਇਨ੍ਹਾਂ ਦੇ ਜਵਾਬ ਦਿੱਤੇ।[9] ਉਸ ਸਮੇਂ ਸਿੱਖ ਧਰਮ ਵਿਚ ਪਤਿਤਪੁਣੇ ਦਾ ਜੋਰ ਸੀ। ਸਿੱਖ ਨੌਜਵਾਨ ਆਪਣੇ ਕੇਸ ਕਤਲ ਕਰਵਾ ਕੇ ਪਤਿਤਪੁਣੇ ਦਾ ਸ਼ਿਕਾਰ ਹੋ ਰਹੇ ਸਨ। ਇਸ ਤੋਂ ਇਲਾਵਾ ਸਿੱਖ ਮਸੀਹੀ ਜਾਂ ਆਰੀਆ ਸਮਾਜੀ ਬਣ ਰਹੇ ਸਨ। ਇਸ ਕਾਰਨ ਸਿੱਖਾਂ ਦੀ ਗਿਣਤੀ ਵਿਚ ਲਗਾਤਾਰ ਗਿਰਾਵਟ ਆ ਰਹੀ ਸੀ।[10] ਇਹ ਵਰਤਾਰਾ ਹਿੰਦੂ ਧਰਮ ਵਿਚ ਵੀ ਆਮ ਸੀ। ਉਹ ਵੀ ਮਸੀਹੀ ਜਾਂ ਮੁਸਲਮਾਨ ਬਣ ਰਹੇ ਸਨ ਪਰ ਹਿੰਦੂ ਧਰਮ ਵਿਚੋਂ ਤਬਦੀਲ ਹੋਏ ਹਿੰਦੂ ਨੂੰ ਦੁਬਾਰਾ ਹਿੰਦੂ ਧਰਮ ਵਿਚ ਪ੍ਰਵੇਸ਼ ਕਰਨ ਲਈ ਬਹੁਤ ਲੰਬੀ ਪ੍ਰਕਿਰਿਆ ਵਿਚੋਂ ਲੰਘਣਾ ਪੈਂਦਾ ਹੈ। ਸਿੱਖ ਧਰਮ ਵਿਚ ਇਹ

---

[6] ਉਹੀ, 6 ਮਈ, 1898, ਪੰਨਾ 3.
[7] ਉਹੀ, 23 ਫਰਵਰੀ, 1900, ਪੰਨਾ 3.
[8] ਉਹੀ.
[9] ਉਹੀ, 6 ਅਕਤੂਬਰ, 1899, ਪੰਨੇ 3-4.
[10] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਲੁਧਿਆਣਾ: ਲਾਹੌਰ ਬੁੱਕ ਸ਼ਾਪ, ਦੂਜੀ ਵਾਰ, 1974, ਪੰਨੇ 6-7.

ਪ੍ਰਕਿਰਿਆ ਬਹੁਤ ਆਸਾਨ ਹੈ। ਸਿੰਘ ਸਭਾ ਲਹਿਰ ਨੇ ਸਿੱਖੀ ਵਿਚੋਂ ਪਤਿਤ ਹੋਏ ਸਿੱਖਾਂ ਨੂੰ ਦੁਬਾਰਾ ਸਿੱਖ ਧਰਮ ਵਿਚ ਪ੍ਰਵੇਸ਼ ਵੀ ਕਰਵਾਇਆ ਅਤੇ ਅਖ਼ਬਾਰਾਂ ਵਿਚ ਇਸ ਸੰਬੰਧੀ ਲੇਖ ਛਾਪ ਕੇ ਇਸ ਦਾ ਪ੍ਰਚਾਰ ਵੀ ਕੀਤਾ।[11]

ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਆਪਣੀਆਂ ਲਿਖਤਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼, ਗੁਰੂ ਸਾਹਿਬਾਨ ਤੇ ਸਿੱਖ ਸ਼ਹੀਦਾਂ ਦੀਆਂ ਜੀਵਨੀਆਂ ਅਤੇ ਨੈਤਿਕ ਸਿੱਖਿਆਵਾਂ ਪ੍ਰਕਾਸ਼ਿਤ ਕਰ ਕੇ ਗੁਰਮਤਿ ਦੇ ਪ੍ਰਚਾਰ ਨੂੰ ਨਵੀਂ ਲੀਹ ਪ੍ਰਦਾਨ ਕੀਤੀ। ਸਿੰਘ ਸਭਾ ਲਹਿਰ ਦੁਆਰਾ ਕੀਤੇ ਗੁਰਮਤਿ ਪ੍ਰਚਾਰ ਦਾ ਸਿੱਟਾ ਇਹ ਨਿਕਲਿਆ ਕਿ ਜਿੱਥੇ ਸਿੱਖ ਆਪਣੇ ਧਰਮ ਵਿਚ ਦ੍ਰਿੜ ਹੋਏ ਉੱਥੇ ਨਾਲ ਹੀ ਦੂਜੇ ਧਰਮ ਦੇ ਅਨੁਆਈ ਵੀ ਸਿੱਖੀ ਧਾਰਨ ਕਰਨ ਲੱਗੇ। ਖੁਸ਼ਵੰਤ ਸਿੰਘ ਅਨੁਸਾਰ, "ਸਿੰਘ ਸਭਾ ਲਹਿਰ ਨੇ ਨਾ ਸਿਰਫ਼ ਸਿੱਖਾਂ ਤੇ ਹਿੰਦੂਆਂ ਵਿੱਚ ਮੁੜ ਰਲ ਜਾਣ ਨੂੰ ਠਲ੍ਹ ਪਾਈ ਸਗੋਂ ਹਿੰਦੂਆਂ ਵਿੱਚ ਵੀ ਧਰਮ ਬਦਲਣ ਦੀ ਲਹਿਰ ਚਲਾ ਕੇ ਮੋੜਵੀਂ ਕਾਰਵਾਈ ਕੀਤੀ। ਉੱਤਰੀ ਤੇ ਪੱਛਮੀ ਪੰਜਾਬ ਤੇ ਸਿੰਧ ਦੇ ਹਿੰਦੂਆਂ ਦੀ ਭਾਰੀ ਗਿਣਤੀ ਸਹਿਜਧਾਰੀ ਸਿੱਖ ਬਣ ਗਈ ਤੇ ਸਹਿਜਧਾਰੀ ਸਿੱਖ 'ਖ਼ਾਲਸਾ' ਬਣੇ।"[12] ਸਿੱਖਾਂ ਦੀ ਗਿਣਤੀ ਜੋ 1881 ਈ. ਵਿਚ 17,06,165 ਸੀ, 1901 ਈ. ਵਿਚ ਇੱਕੀ ਲੱਖ ਅਤੇ 1921 ਈ. ਤੱਕ ਇਕੱਤੀ ਲੱਖ ਤੋਂ ਵੀ ਉੱਪਰ ਹੋ ਗਈ ਸੀ। ਇਹ ਸਿੰਘ ਸਭਾ ਲਹਿਰ ਦੇ ਨਿਰੋਲ ਗੁਰਮਤਿ ਪ੍ਰਚਾਰ ਦਾ ਹੀ ਸਿੱਟਾ ਸੀ ਕਿ ਸਿੱਖਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਦਰਜ ਕੀਤਾ ਗਿਆ।

### 5.2. ਗੁਰਮਤਿ ਮਰਯਾਦਾ ਦੀ ਪੁਨਰ ਸੁਰਜੀਤੀ

ਧਰਮਾਂ ਦੇ ਇਤਿਹਾਸ ਉੱਪਰ ਸਰਸਰੀ ਨਜ਼ਰ ਮਾਰਿਆਂ ਇਕ ਗੱਲ ਸਪਸ਼ਟ ਤੌਰ 'ਤੇ ਸਾਹਮਣੇ ਆਉਂਦੀ ਹੈ ਕਿ ਧਰਮ ਦੀ ਆਤਮਾ ਉਸ ਦੀ ਮਰਯਾਦਾ ਰਾਹੀਂ ਪਰਗਟ ਹੁੰਦੀ ਹੈ। ਸਿੱਖ ਧਰਮ ਦੀ ਆਤਮਾ ਨੂੰ ਵੀ ਇਸ ਦੀ ਮਰਯਾਦਾ ਵਿਚੋਂ ਪਛਾਣਿਆ ਜਾ ਸਕਦਾ ਹੈ। ਗੁਰੂ ਸਾਹਿਬਾਨ ਨੇ ਸਿੱਖਾਂ ਲਈ ਇੱਕ ਅਡੰਬਰੀ ਮੁਕਤ ਅਤੇ ਸਿੱਧੇ ਤੇ ਸਾਦੇ ਗਾਡੀਰਾਹ ਵਾਲੀ ਮਰਯਾਦਾ ਸਿਰਜੀ ਸੀ। ਸਮੇਂ ਦੇ ਬੀਤਣ ਨਾਲ ਇਸ ਸਿੱਧੇ-ਸਾਦੇ ਗਾਡੀਰਾਹ ਵਿਚ ਕਈ ਅਡੰਬਰ ਅਤੇ ਮਨਮਤਿ ਪ੍ਰਵੇਸ਼ ਕਰ ਗਏ ਸਨ। ਸਿੱਖ ਰਾਜੇ, ਮਹਾਰਾਜੇ ਤੇ ਸਰਦਾਰ ਗੁਰਮਤਿ ਦਾ ਰਾਹ ਛੱਡ ਕੇ ਮਨਮਤਿ ਦੇ ਝਮੇਲੇ ਵਿਚ ਜਾ ਫਸੇ ਸਨ। ਸਿੰਘ ਸਭਾ ਲਹਿਰ ਤੋਂ ਪਹਿਲਾਂ ਨਿਰੰਕਾਰੀ ਅਤੇ ਨਾਮਧਾਰੀ ਲਹਿਰ ਦੇ ਰੂਪ ਵਿਚ ਇਨ੍ਹਾਂ ਝਮੇਲਿਆਂ ਨੂੰ ਦੂਰ ਕਰਨ ਲਈ ਯਤਨ ਹੋਣ ਲਗ ਪਏ ਸਨ।

ਗਿਆਨੀ ਗੁਰਦਿੱਤ ਸਿੰਘ ਅਨੁਸਾਰ ਸਿੰਘ ਸਭਾ ਲਹਿਰ ਤੋਂ ਪਹਿਲਾਂ ਅਨੰਦ ਕਾਰਜ ਦੀ ਰਸਮ ਵਿਚ ਕਮੀ ਆ ਗਈ ਸੀ ਅਤੇ ਸਿੱਖ ਆਪਣੇ ਬੱਚਿਆਂ ਦੇ ਵਿਆਹ ਸਨਾਤਨੀ ਰਸਮਾਂ ਅਨੁਸਾਰ ਕਰਨ ਲੱਗ ਪਏ ਸਨ।[13] ਨਿਰੰਕਾਰੀ ਲਹਿਰ ਦੇ ਮੋਢੀ ਬਾਬਾ ਦਰਬਾਰਾ ਸਿੰਘ ਨੇ ਸਭ ਤੋਂ ਪਹਿਲਾਂ 12 ਮਾਰਚ, 1855 ਈ. ਨੂੰ ਭਾਈ ਨਿਹਾਲ ਸਿੰਘ ਦੇ ਲੜਕੇ ਭੋਲਾ ਸਿੰਘ ਅਤੇ ਭਾਈ ਵਾਹਗੁਰੂ ਸਿੰਘ ਦੀ ਲੜਕੀ ਨਿਹਾਲ ਕੌਰ ਦਾ ਅਨੰਦ ਵਿਆਹ ਕਰਕੇ,

---

[11] ਖ਼ਾਲਸਾ ਅਖ਼ਬਾਰ, 24 ਮਈ, 1895, ਪੰਨਾ 3.

[12] ਖੁਸ਼ਵੰਤ ਸਿੰਘ, *ਸਿੱਖ ਇਤਿਹਾਸ (ਭਾਗ ਦੂਸਰਾ),* ਗੁਰਚਰਨ ਸਿੰਘ ਔਲਖ (ਅਨੁ.), ਲੁਧਿਆਣਾ: ਲਾਹੌਰ ਬੁੱਕ ਸ਼ਾਪ, ਦੂਜੀ ਵਾਰ, 2013, ਪੰਨਾ 154.

[13] ਗੁਰਦਿੱਤ ਸਿੰਘ, "ਸਿੰਘ ਸਭਾ ਲਹਿਰ ਦੀ ਦੇਣ", *ਸਿੰਘ ਸਭਾ ਪਤ੍ਰਿਕਾ,* ਗੁਰਦਿੱਤ ਸਿੰਘ (ਸੰਪਾ.), ਅੰਮ੍ਰਿਤਸਰ: ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ, 1974, ਪੰਨਾ 30.

ਇਸ ਰਸਮ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ।[14] ਇਸ ਦੇ ਬਾਵਜੂਦ ਵੀ ਕਈ ਪਿਛਾਂਹ-ਖਿੱਚੂ ਸਿੱਖਾਂ ਨੇ ਮਨਮਤਿ ਦੇ ਜੋਰ ਕਾਰਨ ਇਸ ਦਾ ਵਿਰੋਧ ਕੀਤਾ। ਪੁਜਾਰੀਆਂ ਦੀਆਂ ਤਾਂ ਇਸ ਸੰਬੰਧੀ ਕਈ ਹੈਰਾਨੀ-ਜਨਕ ਮਿਸਾਲਾਂ ਮਿਲਦੀਆਂ ਹਨ। ਇਸ ਵਿਰੋਧ ਨੂੰ ਬਿਆਨ ਕਰਦੀਆਂ ਤਿੰਨ ਮਿਸਾਲਾਂ ਇੱਥੇ ਦੇਣੀਆਂ ਵਾਜਬ ਹਨ:

ਪਹਿਲੀ ਮਿਸਾਲ ਨਿਰੰਕਾਰੀ ਲਹਿਰ ਦੇ ਆਗੂ ਬਾਬਾ ਦਰਬਾਰਾ ਸਿੰਘ ਦੀ ਹੈ। 1861 ਈ. ਵਿਚ ਉਨ੍ਹਾਂ ਸਿੱਖਾਂ ਵਿਚ ਅਨੰਦ ਵਿਆਹ ਸੰਬੰਧੀ ਜਾਗ੍ਰਿਤੀ ਪੈਦਾ ਕਰਨ ਦੇ ਮਨੋਰਥ ਨਾਲ ਇਕ ਵਿਆਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਕਰਨ ਦਾ ਯਤਨ ਕੀਤਾ। ਪੁਜਾਰੀਆਂ ਨੇ ਇਸ ਅਨੰਦ ਵਿਆਹ ਦਾ ਵਿਰੋਧ ਕੀਤਾ ਅਤੇ ਉਨ੍ਹਾਂ ਨੂੰ ਇਹ ਅਨੰਦ ਵਿਆਹ ਮਹੰਤ ਦਿਆਲ ਸਿੰਘ ਦੇ ਗੁਰਦੁਆਰੇ ਵਿਚ ਕਰਨਾ ਪਿਆ।[15] ਦੂਜੀ ਮਿਸਾਲ ਭਾਈ ਕਾਨ੍ਹ ਸਿੰਘ ਨਾਭਾ ਦੀ ਹੈ। ਭਾਈ ਸਾਹਿਬ ਨੇ ਜਾਤ-ਪਾਤ ਦੇ ਖ਼ਿਆਲਾਂ ਨੂੰ ਇਕ ਪਾਸੇ ਰੱਖ ਕੇ ਆਪਣੇ ਇਕਲੌਤੇ ਪੁੱਤਰ ਭਗਵੰਤ ਸਿੰਘ (ਹਰਿ) ਦਾ ਅੰਤਰਜਾਤੀ ਵਿਆਹ ਕੀਤਾ। ਸਿਰਫ਼ ਅੰਤਰਜਾਤੀ ਵਿਆਹ ਕਰਵਾਉਣ ਕਾਰਨ ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਨੇ ਮੱਥਾ ਟੇਕਣ ਗਏ ਭਗਵੰਤ ਸਿੰਘ ਦੀ ਅਰਦਾਸ ਨਾ ਕੀਤੀ।[16] ਤੀਜੀ ਮਿਸਾਲ ਸੁੰਦਰ ਸਿੰਘ ਮਜੀਠੀਏ ਦੀ ਹੈ। ਕਰਤਾਰ ਸਿੰਘ ਝੱਬਰ ਅਨੁਸਾਰ ਜਦੋਂ ਸ. ਸੁੰਦਰ ਸਿੰਘ ਮਜੀਠੀਏ ਦੇ ਵੱਡੇ ਪੁੱਤਰ ਕ੍ਰਿਪਾਲ ਸਿੰਘ ਦਾ ਗੁਰਮਤਿ ਅਨੁਸਾਰ ਵਿਆਹ ਕੀਤਾ ਤਾਂ ਉਹ ਆਪਣੇ ਨੂੰਹ-ਪੁੱਤਰ ਨੂੰ ਨਾਲ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਅਰਦਾਸ ਕਰਵਾਉਣ ਗਏ। ਪੁਜਾਰੀਆਂ ਨੇ ਉਨ੍ਹਾਂ ਦੀ ਅਰਦਾਸ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਨ੍ਹਾਂ ਸਾਰਾ ਕਾਰਜ ਗੁਰਮਤਿ ਅਨੁਸਾਰ ਕਰਵਾਇਆ ਸੀ।[17]

ਇਹ ਮਿਸਾਲਾਂ ਬਿਆਨ ਕਰਦੀਆਂ ਹਨ ਕਿ ਉਸ ਸਮੇਂ ਇਨ੍ਹਾਂ ਪ੍ਰਸਿੱਧ ਸਿੱਖਾਂ ਨੂੰ ਵੀ ਗੁਰਮਤਿ ਮਰਯਾਦਾ ਅਨੁਸਾਰ ਆਪਣੇ ਕਾਰਜ ਕਰਨ ਵਿਚ ਮੁਸ਼ਕਲਾਂ ਆ ਰਹੀਆਂ ਸਨ ਤਾਂ ਆਮ ਸਿੱਖਾਂ ਦਾ ਕੀ ਹਾਲ ਹੋਵੇਗਾ। ਅਨੰਦ ਕਾਰਜ ਦੀ ਰਸਮ ਨੂੰ ਚਾਲੂ ਕਰਨ ਲਈ ਸਿੰਘ ਸਭਾ ਦੇ ਆਗੂਆਂ ਨੂੰ ਬਹੁਤ ਸੰਘਰਸ਼ ਕਰਨਾ ਪਿਆ। ਉਨ੍ਹਾਂ ਨੇ ਆਪਣੇ ਅਤੇ ਆਪਣੇ ਬੱਚਿਆਂ ਦੇ ਵਿਆਹ ਗੁਰਮਤਿ ਮਰਯਾਦਾ ਅਨੁਸਾਰ ਕੀਤੇ ਫਿਰ ਭਾਵੇਂ ਉਨ੍ਹਾਂ ਦੇ ਬੱਚਿਆਂ ਵਿਰੁੱਧ ਅਦਾਲਤੀ ਫ਼ੈਸਲੇ ਵੀ ਹੋਏ ਅਤੇ ਉਨ੍ਹਾਂ ਨੂੰ ਅਪਮਾਨਜਨਕ ਸ਼ਬਦ ਵੀ ਬੋਲੇ ਗਏ।[18] ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਹਾਰ ਨਹੀਂ ਮੰਨੀ ਅਤੇ ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਦਿੱਤ ਸਿੰਘ ਤੇ ਭਾਈ ਮੋਹਨ ਸਿੰਘ ਵੈਦ ਆਦਿ ਸਿੱਖ ਚਿੰਤਕਾਂ ਨੇ ਸਾਹਿਤ ਸਿਰਜਨਾ ਕਰਕੇ ਸਿੱਖਾਂ ਅੰਦਰ ਇਸ ਪ੍ਰਤੀ ਜਾਗ੍ਰਿਤੀ ਪੈਦਾ ਕੀਤੀ ਅਤੇ ਗੁਰਮਤਿ ਮਰਯਾਦਾ ਨੂੰ ਮੁੜ ਸੁਰਜੀਤ ਕਰਨ ਲਈ ਯਤਨ ਕੀਤੇ।

---

[14] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪਟਿਆਲਾ: ਅਸ਼ੋਕ ਪੁਸਤਕ ਮਾਲਾ, ਦੂਜਾ ਸੰਸ਼ੋਧਿਤ ਸੰਸਕਰਣ, 1974, ਪੰਨੇ 21-22.

[15] ਗੰਡਾ ਸਿੰਘ, "ਨਿਰੰਕਾਰੀ ਸੰਪਰਦਾਇ", *ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ: ਪੰਜਾਬ (ਸੰਨ 1849-1960 ਈ.),* ਗੰਡਾ ਸਿੰਘ (ਸੰਪਾ.), ਪਟਿਆਲਾ: ਖ਼ਾਲਸਾ ਕਾਲਜ, 1962, ਪੰਨਾ 93.

[16] ਸ਼ਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਵਿਦ੍ਵਾਨ ਭਾਈ ਕਾਨ੍ਹ ਸਿੰਘ ਨਾਭਾ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1966, ਪੰਨਾ 108.

[17] ਨਰੈਣ ਸਿੰਘ ਐਮ. ਏ., *ਅਕਾਲੀ ਮੋਰਚੇ ਅਤੇ ਝੱਬਰ,* ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2009, ਪੰਨਾ 70.

[18] Nirmal Singh, *Impact of Singh Sabha Movement On Punjabi Litrature*, Kartar Singh Suri (Supervisor), Ph.D. Theses, Chandigarh: Punjab University, 1974, p. 189.

ਭਾਈ ਕਾਨ੍ਹ ਸਿੰਘ ਨਾਭਾ ਨੇ 'ਗੁਰੁਮਤ ਸੁਧਾਕਰ' ਪੁਸਤਕ ਵਿਚ ਗੁਰਬਾਣੀ, ਭਾਈ ਗੁਰਦਾਸ ਦੀ ਰਚਨਾ, ਜਨਮਸਾਖੀਆਂ, ਗੁਰਬਿਲਾਸ, ਪੰਥ ਪ੍ਰਕਾਸ਼ ਅਤੇ ਰਹਿਤਨਾਮੇ ਆਦਿ ਦੀ ਰੌਸ਼ਨੀ ਵਿਚ ਸਿੱਖ ਰਹਿਤ ਬਾਰੇ ਗੁਰੂ ਸਾਹਿਬਾਨ ਦੇ ਹੁਕਮ ਸਪਸ਼ਟ ਕੀਤੇ। ਇਸ ਦੇ ਨਾਲ ਹੀ ਉਨ੍ਹਾਂ ਸਾਰੀਆਂ ਗੱਲਾਂ ਦਾ ਖੰਡਨ ਕੀਤਾ ਜੋ ਗੁਰੂ-ਆਸ਼ੇ ਦੇ ਖ਼ਿਲਾਫ਼ ਪ੍ਰਚਲਿਤ ਸਨ। ਮੰਜੀ ਸਾਹਿਬ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਸੰਬੰਧੀ ਉਨ੍ਹਾਂ ਲਿਖਿਆ ਹੈ, "ਗੁਰੁਦ੍ਵਾਰੇ ਵਿੱਚ 'ਮੰਜੀ ਸਾਹਿਬ' ਓਹ ਥਾਂ ਹੈ ਜਿਥੇ ਦਸ ਸਤਗੁਰਾਂ ਵਿਚੋਂ ਕੋਈ ਕਿਸੇ ਸਮੇਂ ਵਿਰਾਜਿਆ ਹੈ, ਗੁਰੂ ਗ੍ਰੰਥ ਸਾਹਿਬ ਸਾਖਜਾਤ ਆਪ ਸਤਗੁਰੂ ਹੈ. ਮਹਾਰਾਜਾ ਦੇ ਰੂਬਰੂ ਕੋਈ ਆਦਮੀ ਰਾਜ ਸਿੰਘਾਸਣ ਦਾ, ਮਹਾਰਾਜਾ ਤੋਂ ਵਧਕੇ ਆਦਰ ਨਹੀਂ ਕਰਦਾ, ਪਰ ਗੁਰੁਦ੍ਵਾਰਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਮੰਜੀ ਸਾਹਿਬ (ਦਮਦਮੇ) ਤੋਂ ਬਹੁਤ ਨੀਵੇਂ ਦਰਜੇ ਕਰਵਾਯਾ ਜਾਂਦਾ ਹੈ, ਕੜਾਹ ਪ੍ਰਸ਼ਾਦ ਅਤੇ ਹੋਰ ਭੇਟਾ ਮੰਜੀ ਅੱਗੇ ਅਰਪਣ ਹੁੰਦੀ ਹੈ- ਔਰ ਗੁਰੂ ਗ੍ਰੰਥ ਸਾਹਿਬ ਬਾਹਰ ਦ੍ਵਾਰਪਾਲ ਦੀ ਤਰਾਂ ਵਿਰਾਜਦੇ ਹੈਨ. ਕਈ ਥਾਂ ਅਸੀਂ ਐਸੇ ਦੇਖੇ ਹਨ ਕਿ ਮੰਜੀ ਸਾਹਿਬ ਅੱਗੇ ਭੇਟਾ ਅਰਪਣ ਕਰਦਿਆਂ ਸਿੱਖਾਂ ਦੀ ਪਿੱਠ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਹੁੰਦੀ ਹੈ, ਜੋ ਬਹੁਤ ਅਜੋਗ ਹੈ, ਸਭ ਗੁਰੁਭਾਈਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮਾਨ ਦਾ ਖਾਸ ਖਯਾਲ ਰਖਣਾ ਚਾਹੀਯੇ."[19]

ਗਿਆਨੀ ਦਿੱਤ ਸਿੰਘ ਜੀ ਨੇ 'ਨਕਲੀ ਸਿੱਖ ਪ੍ਰਬੋਧ', 'ਗੁਰਮਤਿ ਆਰਤੀ ਪ੍ਰਬੋਧ' ਅਤੇ 'ਧਰਮ ਦਰਪਨ' ਆਦਿ ਪੁਸਤਕਾਂ ਦੀ ਰਚਨਾ ਕਰਕੇ ਸਿੱਖ ਰਹਿਤ ਮਰਯਾਦਾ ਦੇ ਅਹਿਮ ਪੱਖਾਂ ਦੀ ਸਰਲ ਵਿਆਖਿਆ ਕੀਤੀ ਅਤੇ ਸਿੱਖਾਂ ਨੂੰ ਆਪਣੀ ਰਹਿਤ ਪ੍ਰਤੀ ਸੁਚੇਤ ਹੋਣ ਲਈ ਪ੍ਰੇਰਿਤ ਕੀਤਾ। ਪੰਜ ਕਕਾਰਾਂ ਦੇ ਮਹੱਤਵ ਨੂੰ ਉਜਾਗਰ ਕਰਦੇ ਹੋਏ 'ਨਕਲੀ ਸਿੱਖ ਪ੍ਰਬੋਧ' ਵਿਚ ਉਨ੍ਹਾਂ ਲਿਖਿਆ ਹੈ,

"ਪਹਿਲੇ-ਕੇਸ, ਜੋ ਅਕਾਲ ਪੁਰਖ ਨੇ ਦਿੱਤੇ ਹਨ, ਇਹ ਪੁਰਖ ਦੇ ਸੀਸ ਦਾ ਸ਼ਿੰਗਾਰ ਹਨ ਏਹਨਾਂ ਤੇ ਬਿਨਾਂ ਖ਼ਾਲੀ ਸਿਰ ਟਿੰਡ ਦੇ ਥੱਲੇ ਸਮਾਨ ਬੁਰਾ ਪ੍ਰਤੀਤ ਹੁੰਦਾ ਹੈ ਇਸ ਪਰ ਮੁਸਲਮਾਨਾਂ ਦੇ ਧਰਮ ਪੁਸਤਕਾਂ ਦੀ ਗਵਾਹੀ ਹੈ, ਜੋ ਕੇਸਾਂ ਨੂੰ ਚਿਹਰੇ ਦਾ ਨੂਰ ਦੱਸਦੇ ਹਨ; ਜੈਸਾ ਇਕ ਆਇਤ ਹੈ: ਕਿ 'ਅਗਰ ਤੁਸੀਂ ਬੁਰੇ ਜਾਨਦੇ ਹੋ ਵਾਲਾਂ ਨੂੰ ਤਾਂ ਮੁੰਨ ਸਿੱਟੋ ਸਿਰ ਔਰਤਾਂ ਦੇ' ਦੂਸਰਾ ਏਨ੍ਹਾਂ ਦੇ ਰੱਖਨੇ ਤੇ ਦਿਮਾਗ ਨੂੰ ਬਾਹਰਲੀ ਸਰਦੀ ਯਾ ਗਰਮੀ ਨਹੀਂ ਪਹੁੰਚਦੀ. ਤੀਸਰਾ ਰੋਡੇ ਸਿਰ ਤੋਂ ਪਗੜੀ ਇਕ ਧੱਕਾ ਦਿੱਤੇ ਲਹਿ ਕੇ ਅੱਠ ਹੱਥ ਪਰੇ ਜਾ ਗਿਰਦੀ ਹੈ, ਪਰ ਕੇਸਾਂ ਦੇ ਰਖਨੇ ਤੇ ਅਡੋਲ ਰਹਿੰਦੀ ਹੈ. ਚੌਥਾ ਸ਼ੱਤ੍ਰੂ ਸਦਾ ਹੀ ਸਿਰ ਪਰ ਵਾਰ ਕਰਦਾ ਹੈ ਅਤੇ ਖਾਲੀ ਸਿਰ ਤਲਵਾਰ ਆਦਿਕ ਸ਼ਸਤਰਾਂ ਦੇ ਲਗਨ ਤੇ ਖਰਬੂਜ਼ੇ ਵਾਂਗ ਟੁਕੜੇ ਟੁਕੜੇ ਹੋ ਜਾਂਦਾ ਹੈ ਪਰ ਕੇਸਾਂ ਕਰਕੇ ਘਾਉ ਤੇ ਬਚਾਉ ਰਹਿੰਦਾ ਹੈ. ਪੰਜਵਾਂ ਇਹ ਕੇਸ ਅਕਾਲ ਪੁਰਖ ਨੇ ਕੁਦਰਤੀ ਨਿਸ਼ਾਨ ਦਿੱਤਾ ਹੈ ਜਿਸ ਤੇ ਤੁਸੀਂ ਹਜ਼ਾਰਾਂ ਪੁਰਖਾਂ ਵਿਚ ਸਯਾਣੇ ਜਾਵੋਗੇ. ਛੇਵਾਂ ਕੇਸ ਓਹ ਨਿਸ਼ਾਨ ਹੈ ਜੋ ਮਹਾਤਮਾ ਪੁਰਖਾਂ ਨੇ ਵੱਡੇ ਪ੍ਰੇਮ ਨਾਲ ਅਪਨੇ ਸਿਰ ਪਰ ਧਾਰਨ ਕੀਤੇ ਸਨ; ਜੈਸਾ ਰਾਮ, ਕ੍ਰਿਸ਼ਨ, ਬਿਸ੍ਵਾਮਿੱਤ੍ਰ, ਪਰਸਰਾਮ, ਅਸ੍ਵਸਤਾਮਾਂ, ਦ੍ਰੋਣਾਚਾਰਯ ਆਦਿਕ ਹੋਰ ਕਈ ਮਸੀਹ, ਮੁਹੰਮਦ ਸਾਹਿਬ ਆਦਿਕਾਂ ਦੇ ਸਿਰ ਪਰ ਕੇਸ ਪਾਏ ਜਾਂਦੇ ਹਨ. ਜਿਸ ਤੇ ਏਹ ਸਿੱਧ ਹੋਯਾ ਕਿ ਏਹ ਸੂਰਬੀਰ ਅਤੇ ਧਰਮਾਤਮਾਂ ਪੁਰਸ਼ਾਂ ਦੇ ਧਾਰਨ

---

[19] ਕਾਨ੍ਹ ਸਿੰਘ ਨਾਭਾ, *ਗੁਰੁਮਤ ਸੁਧਾਕਰ*, ਪੰਨਾ 146.

ਲਈ ਇਕ ਉੱਤਮ ਨਿਸ਼ਾਨ ਹੈ. ਜਿਸ ਤਰ੍ਹਾਂ ਹਿੰਦੂਆਂ ਦਾ ਨਿਸ਼ਾਨ ਚੋਟੀ ਹੈ ਏਸੇ ਪ੍ਰਕਾਰ ਖ਼ਾਲਸਾ ਪੰਥ ਦਾ ਨਿਸ਼ਾਨ ਕੇਸ ਹਨ॥ ਦੂਸਰਾ-ਕੰਘਾ ਕੇਸਾਂ ਦੀ ਸਫ਼ਾਈ ਲਈ ਜ਼ਰੂਰ ਰੱਖਨਾ ਚਾਹੀਏ; ਇਸ ਦੇ ਬਿਨਾਂ ਕੇਸ ਉਲਝ ਕੇ ਖ਼ਰਾਬ ਹੋ ਜਾਨਗੇ॥ ਤੀਸਰਾ-ਕਿਰਪਾਨ ਉਹ ਸ਼ਸਤ੍ਰ ਹੈ ਜੋ ਸਰੀਰ ਪਰ ਰਹਿ ਕੇ ਦੁਸ਼ਮਨ ਤੇ ਰੱਖਯਾ ਕਰਦੀ ਹੈ ਅਰ ਸਮਯ ਪਰ ਸ਼ਸਤ੍ਰ ਦਾ ਕੰਮ ਦਿੰਦੀ ਹੈ. ਬਹੁਤ ਵੇਰ ਚਾਕੂ ਦਾ ਕੰਮ ਦੇਨ ਲਈ ਤਯਾਰ ਹੁੰਦੀ ਹੈ। ਚੌਥਾ-ਕੜਾ ਇਕ ਓਹ ਸ਼ਸਤ੍ਰ ਹੈ ਜੋ ਸੱਜੇ ਹੱਥ ਵਿਚ ਪਹਿਰਯਾ ਹੋਇਆ ਸ਼ੱਤ੍ਰੂ ਦੇ ਸ਼ਸਤ੍ਰ ਚਲਨੇ ਪਰ ਢਾਲ ਦੀ ਜਗ੍ਹਾ ਕੰਮ ਦਿੰਦਾ ਹੈ ਅਰਥਾਤ ਹੱਥ ਨੂੰ ਬਚਾ ਦੇਂਦਾ ਹੈ ਅਤੇ ਆਪ ਦੁਸ਼ਮਨ ਦੇ ਮੂੰਹ ਪਰ ਲੱਗ ਜਾਵੇ ਤਾਂ ਚਿਹਰੇ ਨੂੰ ਭੰਨ ਕੇ ਘਾਉ ਕਰ ਦੇਂਦਾ ਹੈ. ਇਸ ਵਾਸਤੇ ਇਸ ਦਾ ਪਹਿਰਨਾ ਭੀ ਜ਼ਰੂਰੀ ਹੈ॥ ਪੰਜਵਾਂ-ਕੱਛ ਇਕ ਓਹ ਬਸਤਰ ਹੈ ਜਿਸ ਦੇ ਪਹਿਰਨੇ ਕਰਕੇ ਪੁਰਖ ਸਦਾ ਹੀ ਤਯਾਰ ਬਰ ਤਯਾਰ ਰਹਿੰਦਾ ਹੈ. ਦੁਸ਼ਮਨ ਪਰ ਧਾਵਾ ਕਰਨੇ ਔਰ ਛਾਲ ਮਾਰਨੇ ਵਿਚ ਕੋਈ ਅਟਕਾਉ ਨਹੀਂ ਹੁੰਦਾ, ਜੇਕਰ ਧੋਤੀ ਯਾ ਤੰਬਾ ਪਾਕੇ ਜੰਗ ਕਰੇਗਾ ਤਾਂ ਜ਼ਰੂਰ ਹੈ ਕਿ ਉਲਝ ਕਰ ਗਿਰ ਕੇ ਧਰਤੀ ਪਰ ਪਏਗਾ. ਸਿੱਖ ਸੁਭਾਵਕ ਜੰਗੀ ਹਨ ਇਸ ਵਾਸਤੇ ਏਨ੍ਹਾਂ ਲਈ ਏਹ ਸੁਭਾਵਕ ਜੰਗੀ ਸਮਾਨ ਨਿੱਤ ਨੇਮ ਰੱਖਣਾ ਚਾਹੀਏ, ਜਿਸ ਤੇ ਸਦਾ ਹੀ ਤਯਾਰ ਰਹਿਨ; ਇਸ ਵਾਸਤੇ ਇਹ ਪੰਜੇ ਕੱਕੇ ਏਨ੍ਹਾਂ ਦਾ ਸੁਭਾਵਕ ਧਰਮ ਅਰਥਾਤ ਧਾਰਨ ਯੋਗ ਹਨ ਜਪ ਕੌਮੀ ਨਿਸ਼ਾਨ ਹਨ॥ "[20]

ਸਿੰਘ ਸਭਾ ਲਹਿਰ ਦੇ ਪ੍ਰਮੁੱਖ ਅਖ਼ਬਾਰ 'ਖ਼ਾਲਸਾ ਅਖ਼ਬਾਰ' ਵਿਚ ਸਿੱਖ ਪੰਥ ਨੂੰ ਆਪਣੇ ਧਾਰਮਿਕ ਨਿਯਮ ਪਾਲਣ ਕਰਨ ਦੀ ਅਪੀਲ ਕਰਦੇ ਹੋਏ ਲਿਖਿਆ ਹੈ, "ਇਨ੍ਹਾਂ ਉਪਰਲੇ ਦੋਹਾਂ ਦ੍ਰਿਸ਼ਟਾਂਤਾਂ (ਰੇਲ ਦੇ ਪਹੀਆਂ ਦਾ ਨਿਯਮ ਵਿਚ ਚੱਲਣਾ ਅਤੇ ਮਨੁੱਖੀ ਸਰੀਰ ਦੀਆਂ ਇੰਦ੍ਰਿਆਂ ਦਾ ਨਿਯਮ ਪਾਲਣ ਦਾ ਦ੍ਰਿਸ਼ਟਾਂਤ) ਤੇ ਅਸੀਂ ਕੌਮ ਦੇ ਧਾਰਮਕ ਨਿਯਮਾਂ ਦਾ ਖ਼ਯਾਲ ਭੀ ਕਰ ਸਕਦੇ ਹਾਂ ਕਿ ਜਦ ਤਕ ਕੋਈ ਕੌਮ ਅਪਨੇ ਅਸੂਲਾਂ ਨੂੰ ਪਾਲਨ ਕਰਨਾ ਅਪਨਾ ਪਰਮ ਧਰਮ ਸਮਝਦੀ ਹੈ ਤਦ ਤਕ ਉਸ ਦੇ ਵਿਚ ਕੋਈ ਫਰਕ ਨਹੀਂ ਆਉਂਦਾ ਅਤੇ ਜਦ ਉਹ ਅਪਨੇ ਨਿਯਮਾਂ ਤੇ ਗਿਰ ਜਾਂਦੀ ਹੈ ਤਦ ਉਸ ਦੇ ਵਿਚ ਅਜੇਹੀ ਨਿਰਬਲਤਾ ਪੈਦਾ ਹੋ ਜਾਂਦੀ ਹੈ ਜੋ ਉਹ ਨਸ਼ਟ ਹੋ ਕੇ ਮਿੱਟੀ ਨਾਲ ਮਿਲ ਜਾਂਦੀ ਹੈ ਜਿਸ ਦਾ ਨਾਮ ਅਤੇ ਨਸ਼ਾਨ ਸੰਸਾਰ ਦੀ ਤਾਰੀਖਾਂ ਉੱਤੋਂ ਉੱਠ ਜਾਂਦਾ ਹੈ॥ ਖਾਲਸਾ ਕੌਮ ਭੀ ਜੇ ਇਸ ਸੰਸਾਰ ਪਰ ਅਟੱਲ ਰਹਨਾ ਚਾਹੁੰਦੀ ਹੈ ਤਾਂ ਅਪਨੇ ਨਿਯਮਾਂ ਨੂੰ ਪਾਲਣ ਕਰਨੇ ਵਿਚ ਤਤਪਰ ਰਹੇ, ਪਰੰਤੂ ਜੇ ਕਦੇ ਓਹ ਅਪਨੇ ਧਰਮ ਦੇ ਰਸਤੇ ਤੇ ਗਿਰ ਜਾਏਗੀ ਤਦ ਯਾਦ ਰਖੇ ਜੋ ਕਿਸੇ ਦਿਨ ਨੂੰ ਇਸ ਦਾ ਨਸ਼ਾਨ ਤਾਂ ਮੁਸ਼ਕਲ ਮਿਲੇਗਾ, ਕਿੰਤੂ ਨਾਮ ਭਾਵੇਂ ਤਾਰੀਖਾਂ ਵਿਚ ਕੁਝ ਸਦੀਆਂ ਤਕ ਰਹੇ। ਆਸ਼ਾ ਹੈ ਜੋ ਸਾਡੇ ਸੱਜਨ ਇਸ ਵੱਲ ਜ਼ਰੂਰ ਧਿਆਨ ਦੇਨਗੇ॥ "[21]

ਉਪਰੋਕਤ ਹਵਾਲਿਆਂ ਤੋਂ ਸਪਸ਼ਟ ਹੈ ਕਿ ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਵੱਖ-ਵੱਖ ਹਵਾਲਿਆਂ ਦੀ ਸਹਾਇਤਾ ਨਾਲ ਗੁਰਮਤਿ ਮਰਯਾਦਾ ਨੂੰ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਆਪਣੀਆਂ ਲਿਖਤਾਂ ਵਿਚ

[20] ਇੰਦਰਜੀਤ ਸਿੰਘ ਗੋਗੋਆਣੀ (ਸੰਪਾ.), *ਗਿਆਨੀ ਦਿੱਤ ਸਿੰਘ ਰਚਨਾਵਲੀ: ਧਰਮ ਤੇ ਫਲਸਫ਼ਾ (ਨਕਲੀ ਸਿੱਖ ਪ੍ਰਬੋਧ, ਗੁਰਮਤਿ ਆਰਤੀ ਪ੍ਰਬੋਧ, ਧਰਮ ਦਰਪਨ, ਡਰਪੋਕ ਸਿੰਘ ਦਲੇਰ ਸਿੰਘ)*, ਅੰਮ੍ਰਿਤਸਰ: ਭਾ. ਚਤਰ ਸਿੰਘ ਜੀਵਨ ਸਿੰਘ, 2016, ਪੰਨੇ 71-72.

[21] ਖ਼ਾਲਸਾ ਅਖ਼ਬਾਰ, 4 ਦਸੰਬਰ, 1896, ਪੰਨਾ 3.

ਇਤਿਹਾਸਕ, ਮਿਥਿਹਾਸਕ, ਅਧਿਆਤਮਕ ਅਤੇ ਧਰਮ ਗ੍ਰੰਥਾਂ ਵਿਚੋਂ ਭਰਪੂਰ ਹਵਾਲੇ ਵਰਤੇ ਹਨ। ਗੁਰਮਤਿ ਮਰਯਾਦਾ ਦੀ ਮਹਾਨਤਾ ਨੂੰ ਦਰਸਾਉਣ ਲਈ ਉਨ੍ਹਾਂ ਵੱਖ-ਵੱਖ ਤਰ੍ਹਾਂ ਦੇ ਤਰਕ ਵਰਤ ਕੇ ਸਿੱਖਾਂ ਨੂੰ ਇਸ ਪ੍ਰਤੀ ਸੁਚੇਤ ਕਰਨ ਦਾ ਯਤਨ ਕੀਤਾ ਹੈ। ਸਿੱਖ ਰਹਿਤ ਮਰਯਾਦਾ, ਸਿੱਖੀ ਦੀ ਗੌਰਵਤਾ ਅਤੇ ਸਿੱਖ ਜੀਵਨ ਆਦਰਸ਼ ਸੰਬੰਧੀ ਸਿੰਘ ਸਭਾ ਲਹਿਰ ਨੇ ਅਨੇਕਾਂ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਇਸ ਲੜੀ ਵਿਚ ਬਾਵਾ ਨਿਰੰਜਨ ਸਿੰਘ ਦੀ 'ਕੇਸ ਰੱਖਣ ਦੇ ਗੁਣ', ਭਾਈ ਗੁਰਮੁਖ ਦੀ 'ਲਾਸਾਨੀ ਕਰਾਮਾਤ' ਸੰਤ ਸੰਪੂਰਨ ਸਿੰਘ ਰਚਿਤ 'ਸਿੱਖ ਕਿਸ ਨੂੰ ਆਖਦੇ ਹਨ' ਆਦਿ ਬਿਆਨ ਕਰਨ ਦੇ ਯੋਗ ਹਨ। ਇਸ ਤੋਂ ਇਲਾਵਾ ਇਸ ਲਹਿਰ ਦੇ ਪ੍ਰਭਾਵ ਅਧੀਨ ਸਿੱਖ ਰਹਿਤ ਮਰਯਾਦਾ ਨੂੰ ਨਿਸ਼ਚਿਤ ਕਰਨ ਲਈ ਪ੍ਰਕਾਸ਼ਿਤ ਹੋਈਆਂ ਕਈ ਦਰਜਨ ਪੁਸਤਕਾਂ ਦੇ ਹਵਾਲੇ ਮਿਲਦੇ ਹਨ, ਪਰ ਇਨ੍ਹਾਂ ਪੁਸਤਕਾਂ ਦੇ ਲੇਖਕਾਂ, ਲਿਖੇ ਜਾਣ ਦਾ ਸਮਾਂ ਅਤੇ ਪ੍ਰਕਾਸ਼ਕ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ।[22] ਜਿਨ੍ਹਾਂ ਪੁਸਤਕਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ ਉਨ੍ਹਾਂ ਦੀ ਸੂਚੀ ਹੇਠਾਂ ਦਿੱਤੀ ਜਾ ਰਹੀ ਹੈ:

| **ਪ੍ਰਕਾਸ਼ਨ ਵਰ੍ਹਾ** | **ਪੁਸਤਕ ਦਾ ਨਾਂ** | **ਲੇਖਕ ਦਾ ਨਾਂ** | **ਪ੍ਰਕਾਸ਼ਕ** |
|---|---|---|---|
| 1879 ਈ. | ਰਹਿਤਨਾਮਾ ਗੁਰੂ ਬਾਬਾ ਸੁਮੇਰ ਸਿੰਘ | ਸੁਮੇਰ ਸਿੰਘ | ਅਰਜਨ ਪ੍ਰਕਾਸ਼ ਪ੍ਰੈੱਸ, ਲਾਹੌਰ |
| 1882 ਈ. | ਸ੍ਰੀ ਗੁਰਮਤ ਸਿਧਾਂਤ | ਭਾਈ ਸਰਦੂਲ ਸਿੰਘ | ਗੁਰਮਤ ਗ੍ਰੰਥ ਪ੍ਰਚਾਰਕ ਸਭਾ, ਅੰਮ੍ਰਿਤਸਰ |
| 1884 ਈ. | ਰਹਿਤਨਾਮਾ ਰਹਿਤ-ਨਾਮੀਏ ਸਿੰਘ ਦਾ | ਭਾਈ ਦਸੌਂਧਾ ਸਿੰਘ | ਅਕਾਲ ਯੰਤਰ ਪ੍ਰੈੱਸ, ਲਾਹੌਰ |
| 1884 ਈ. | ਖਾਲਸਾ ਸੰਸਕਾਰ ਪੁਸਤਕ | ਉਤਮ ਸਿੰਘ | ਸ੍ਰੀ ਗੁਰੂ ਸਿੰਘ ਸਭਾ, ਲਾਹੌਰ |
| 1884 ਈ. | ਖਾਲਸਾ ਸੰਸਕਾਰ ਪੁਸਤਕ ਮ੍ਰਿਤਕ ਭਾਗ | ਉਤਮ ਸਿੰਘ | ਮਤਬਾ ਗੁਲਜ਼ਾਰ, ਲਾਹੌਰ |
| 1885 ਈ. | ਤਨਖਾਹਨਾਮਾ | ਹਰਨਾਮ ਸਿੰਘ | ਹਰਨਾਮ ਸਿੰਘ, ਅੰਮ੍ਰਿਤਸਰ |
| 1885 ਈ. | ਗੁਰ ਸਿੱਖਾਂ ਦੇ ਨਿਤਯ ਕਰਮ | ਸਰਦੂਲ ਸਿੰਘ | ਚਸਮ-ਏ-ਨੂਰ ਪ੍ਰੈੱਸ, ਅੰਮ੍ਰਿਤਸਰ |
| 1887 ਈ. | ਸਦ ਸਿਧਾਂਤ | ਭਾ. ਸਰਦੂਲ ਸਿੰਘ | ਗੁਰਮਤ ਗ੍ਰੰਥ ਪ੍ਰਚਾਰਕ ਸਭਾ, ਅੰਮ੍ਰਿਤਸਰ |
| 1887 ਈ. | ਕੇਸੀ ਨਵਾਹਨ ਕੀ ਵਿਚਾਰ | ਗੁਰਮੁਖ ਸਿੰਘ | ਅਮਰ ਪ੍ਰੈੱਸ, ਅੰਮ੍ਰਿਤਸਰ |
| 1890 ਈ. | ਸਿੱਖ ਮ੍ਰਿਤ ਕ੍ਰਮ ਵਿਚਾਰ | ਭਾ. ਸੇਵਾ ਰਾਮ ਸਿੰਘ | ਲਹੌਰਾ ਸਿੰਘ, ਅੰਮ੍ਰਿਤਸਰ |
| 1892 ਈ. | ਕੇਸ ਮਹਾਤਮ | ਭਾ. ਉਤਮ ਸਿੰਘ | ਗੁਰੂ ਗੋਬਿੰਦ ਸਿੰਘ ਪ੍ਰੈੱਸ, ਲਾਹੌਰ |

[22] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ,* ਲੁਧਿਆਣਾ: ਲਾਹੌਰ ਬੁਕ ਸ਼ਾਪ, 1987, ਪੰਨਾ 194.

| | | | |
|---|---|---|---|
| 1894 ਈ. | ਖਾਲਸਾ ਧਰਮ ਸ਼ਾਸ਼ਤਰ | ਭਾ. ਅਵਤਾਰ ਸਿੰਘ ਵਹਿਰੀਆ | ਆਰੋੜ ਵੰਸ਼ ਪ੍ਰੈੱਸ, ਲਾਹੌਰ |
| 1894 ਈ. | ਕੇਸ ਰਖਨ ਕੇ ਗੁਣ | ਭਾ. ਰਾਮ ਸਿੰਘ | ਗੁਰੂ ਗੋਬਿੰਦ ਸਿੰਘ ਪ੍ਰੈੱਸ, ਅੰਮ੍ਰਿਤਸਰ |
| 1895 ਈ. | ਪਹੁਲ ਕੀ ਮਰਯਾਦਾ ਕਾ ਗ੍ਰੰਥ | ਭਾ. ਝੰਡਾ ਸਿੰਘ | ਵਿਦਿਆ ਪ੍ਰੈੱਸ, ਲਾਹੌਰ |
| 1899 ਈ. | ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੀ ਵਿਧੀ | ਸ੍ਰ. ਜਵਾਲਾ ਸਿੰਘ | ਵਜ਼ੀਰ ਹਿੰਦ ਪ੍ਰੈੱਸ, ਅੰਮ੍ਰਿਤਸਰ |
| 1899 ਈ. | ਖਾਲਸਾ ਧਰਮ ਸੰਸਕਾਰ | ਭਾ. ਮਨਾ ਸਿੰਘ ਹਕੀਮ | ਖਾਲਸਾ ਪ੍ਰੈੱਸ, ਲਾਹੌਰ |
| 1900 ਈ. | ਵਿਆਹ ਸੰਸਕਾਰ ਭਾਗ | ਸ੍ਰ. ਜਵਾਲਾ ਸਿੰਘ | ਵਜ਼ੀਰ ਹਿੰਦ ਪ੍ਰੈੱਸ, ਅੰਮ੍ਰਿਤਸਰ |
| 1900 ਈ. | ਖਾਲਸਾ ਸੁਧਾਰ ਤਰੂ (ਅੱਠ ਸੈਂਚੀਆਂ) | ਭਾ. ਅਵਤਾਰ ਸਿੰਘ ਵਹਿਰੀਆ | ਸੰਤਰ ਸਿੰਘ ਲੂਦਰ ਔਰੀਐਂਟਲ ਪ੍ਰੈੱਸ, ਲਾਹੌਰ |
| 1900 ਈ. | ਦੰਭ ਵਿਦਾਰਨ | ਗਿ. ਦਿੱਤ ਸਿੰਘ | ਪੰਜਾਬ ਇਕਨੋਮੀਕਲ ਪ੍ਰੈੱਸ, ਲਾਹੌਰ |
| 1900 ਈ. | ਖਾਲਸਾ ਧਰਮ ਸੰਸਕਾਰ ਵਿਧੀ | ਭਾ. ਪ੍ਰਤਾਪ ਸਿੰਘ | ਖਾਲਸਾ ਪ੍ਰੈੱਸ, ਲਾਹੌਰ |

ਸਿੰਘ ਸਭਾ ਲਹਿਰ ਨੇ ਸਿੱਖਾਂ ਨੂੰ ਆਪਣੇ ਧਰਮ, ਮਰਯਾਦਾ ਅਤੇ ਪਰੰਪਰਾ ਪ੍ਰਤੀ ਸੁਚੇਤ ਹੋਣ ਲਈ ਜੋਰਦਾਰ ਢੰਗ ਨਾਲ ਵੰਗਾਰਿਆ ਅਤੇ ਇਸ ਵੰਗਾਰ ਦਾ ਨਤੀਜਾ ਇਹ ਨਿਕਲਿਆ ਕਿ ਸਿੱਖ ਛੇਤੀ ਹੀ ਆਪਣੇ ਵਿਰਸੇ ਨੂੰ ਸੰਭਾਲਣ ਅਤੇ ਪ੍ਰਚਾਰਨ ਲਈ ਯਤਨਸ਼ੀਲ ਹੋ ਗਏ। ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਅਨੇਕਾਂ ਲੇਖਕਾਂ ਨੇ ਇਸ ਪ੍ਰਤੀ ਯਤਨ ਕੀਤੇ। ਭਾਈ ਜੋਧ ਸਿੰਘ ਨੇ 'ਸਿੱਖੀ ਕੀ ਹੈ' ਅਤੇ 'ਗੁਰਮਤ ਨਿਰਣਯ' ਪੁਸਤਕਾਂ ਰਾਹੀਂ ਯੋਗਦਾਨ ਪਾਇਆ। ਭਾਈ ਰਣਧੀਰ ਸਿੰਘ ਨੇ 'ਅੰਮ੍ਰਿਤ ਕੀ ਹੈ', 'ਗੁਰਮਤਿ-ਬਿਬੇਕ', 'ਗੁਰਮਤਿ ਲੇਖ' ਆਦਿ ਪੁਸਤਕਾਂ ਰਾਹੀਂ ਸਿੱਖ ਰਹਿਤ-ਮਰਯਾਦਾ ਨੂੰ ਪੁਨਰ-ਸੁਰਜੀਤ ਕਰਨ ਦੇ ਉਪਰਾਲੇ ਕੀਤੇ।

ਇਸ ਤਰ੍ਹਾਂ ਸਿੰਘ ਸਭਾ ਲਹਿਰ ਨੇ ਗੁਰਮਤਿ ਮਰਯਾਦਾ ਨੂੰ ਮੁੜ ਸੁਰਜੀਤ ਕਰਨ ਲਈ ਸ਼ਲਾਘਾਯੋਗ ਕਾਰਜ ਕੀਤੇ। ਸਿੱਖੀ ਦੇ ਸਿਧਾਂਤਕ ਪੱਖ ਨੂੰ ਸਪਸ਼ਟ ਕਰਨ ਲਈ ਪੁਸਤਕਾਂ ਦੀ ਰਚਨਾ ਕੀਤੀ। ਗੁਰਮਤਿ ਮਰਯਾਦਾ ਨੂੰ ਸਪਸ਼ਟ ਕੀਤਾ ਅਤੇ ਅੰਮ੍ਰਿਤ ਦੇ ਸੰਸਕਾਰ ਦਾ ਪ੍ਰਚਾਰ ਕੀਤਾ। ਗੁਰਮਤਿ ਦੇ ਮੁੱਖ ਸੰਕਲਪਾਂ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਬਿਆਨ ਕੀਤਾ ਅਤੇ ਉਨ੍ਹਾਂ ਦਾ ਸਿੱਖਾਂ ਅੰਦਰ ਪ੍ਰਚਾਰ ਕੀਤਾ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰਮਤਿ ਮਰਯਾਦਾ ਜੋ ਸਿੰਘ ਸਭਾ ਲਹਿਰ ਤੋਂ ਪਹਿਲਾਂ ਕੁੱਝ ਧੁੰਦਲੀ ਹੋ ਗਈ ਸੀ, ਉਸ ਨੂੰ ਮੁੜ ਸੁਰਜੀਤ ਕਰਨ ਲਈ ਸਿੰਘ ਸਭਾ ਲਹਿਰ ਦੀ ਦੇਣ ਲਾਸਾਨੀ ਹੈ।

## 5.3. ਸਿੱਖ ਪਛਾਣ

ਸਿੰਘ ਸਭਾ ਲਹਿਰ ਨੇ ਸਿੱਖ ਪਛਾਣ ਨੂੰ ਕਾਇਮ ਰੱਖਣ ਅਤੇ ਦ੍ਰਿੜ ਕਰਨ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਇਸ ਲਹਿਰ ਦੇ ਸ਼ੁਰੂ ਹੋਣ ਸਮੇਂ ਸਿੱਖ ਪਛਾਣ ਨੂੰ ਸਿਧਾਂਤਕ ਅਤੇ ਵਿਹਾਰਕ ਤੌਰ 'ਤੇ ਮਲੀਆਮੇਟ ਕਰਨ ਦੇ ਬਹੁਤ ਸਾਰੇ ਯਤਨ ਹੋਏ ਸਨ। ਜਿਨ੍ਹਾਂ ਵਿਚੋਂ ਸਨਾਤਨਵਾਦ, ਬ੍ਰਾਹਮਣਵਾਦ, ਆਰੀਆ ਸਮਾਜ ਅਤੇ ਮਸੀਹੀ ਮਿਸ਼ਨਰੀ ਆਦਿ ਨੇ ਬਹੁਤ ਹਮਲੇ ਕੀਤੇ ਸਨ। ਇਸ ਦਾ ਨਤੀਜਾ ਇਹ ਨਿਕਲਿਆ ਕਿ ਸਿੱਖਾਂ ਦੇ ਧਾਰਮਿਕ ਵਿਵਹਾਰ ਉੱਪਰ ਪੁਜਾਰੀਵਾਦ ਦਾ ਕਬਜ਼ਾ ਹੋ ਗਿਆ। ਪੁਜਾਰੀਵਾਦ ਜਾਂ ਮਹੰਤਵਾਦ ਨੇ ਆਪਣੇ ਨਿੱਜੀ ਹਿਤਾਂ ਦੀ ਪੂਰਤੀ ਲਈ ਗੁਰਮਤਿ ਮਰਯਾਦਾ ਨੂੰ ਮੂਲੋਂ ਵਿਸਾਰ ਦਿੱਤਾ ਅਤੇ ਗੁਰਦੁਆਰਾ ਸਾਹਿਬਾਨ ਵਿਚ ਗੁਰਮਤਿ ਦੇ ਉਲਟ ਕੰਮ ਹੋਣ ਲੱਗ ਪਏ।[23] ਬ੍ਰਿਟਿਸ਼ ਰਾਜ ਵਿਚ ਮਸੀਹੀ ਮਿਸ਼ਨਰੀਆਂ ਅਤੇ ਆਰੀਆ ਸਮਾਜ ਦੇ ਪ੍ਰਚਾਰ ਕਾਰਨ ਸਿੱਖਾਂ ਵਿਚ ਧਰਮ ਬਦਲੀ ਦਾ ਰੁਝਾਨ ਵੀ ਪੈਦਾ ਹੋ ਗਿਆ ਅਤੇ ਬਹੁਤ ਸਾਰੇ ਸਿੱਖ ਮਸੀਹੀਅਤ ਜਾਂ ਆਰੀਆ ਸਮਾਜ ਨੂੰ ਆਪਣਾ ਗਏ। ਇਸ ਕਾਲ ਵਿਚ ਸਿੱਖਾਂ ਦੀ ਹਾਲਤ ਨੂੰ ਬਿਆਨ ਕਰਦੇ ਹੋਏ ਅਜਮੇਰ ਸਿੰਘ ਲਿਖਦੇ ਹਨ, "ਆਗੂ ਰਹਿਤ ਹੋਈ ਕੌਮ ਨੂੰ ਇਸ ਸੰਕਟ ਵਿੱਚੋਂ ਬਾਹਰ ਕੱਢਣ ਵਾਲਾ ਨਾ ਕੋਈ ਰਹਿਬਰ ਦਿਖਦਾ ਸੀ ਅਤੇ ਨਾ ਕੋਈ ਰਾਹ ਤੇ ਦਿਸ਼ਾ ਨਜ਼ਰ ਆਉਂਦੀ ਸੀ। ਇਕ ਪਾਸੇ ਹਕੂਮਤੀ ਕਹਿਰ ਵਰਸ ਰਿਹਾ ਸੀ (ਬਰਤਾਨਵੀ ਰਾਜ ਦੇ ਪਹਿਲੇ ਵਰ੍ਹੇ ਦੌਰਾਨ ਕੋਈ ਅੱਠ ਹਜ਼ਾਰ ਸਿੱਖਾਂ ਨੂੰ ਬੰਦੀ ਬਣਾਇਆ ਗਿਆ) ਅਤੇ ਦੂਜੇ ਪਾਸੇ ਸਿਧਾਂਤਕ ਗੰਧਲਚੋਂਦ ਤੇ ਦਿਸ਼ਾਹੀਣਤਾ ਦੀ ਗਹਿਰੀ ਧੁੰਦ ਪਸਰੀ ਹੋਈ ਸੀ।"[24]

ਇਸ ਦੇ ਨਾਲ ਹੀ ਹਿੰਦੂ, ਮੁਸਲਮਾਨ, ਆਰੀਆ ਸਮਾਜ ਅਤੇ ਮਸੀਹੀ ਮਿਸ਼ਨਰੀਆਂ ਨਾਲ ਸੰਬੰਧਿਤ ਲੇਖਕਾਂ ਨੇ ਅਨੇਕਾਂ ਅਜਿਹੀਆਂ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ, ਜਿਨ੍ਹਾਂ ਵਿਚ ਸਿੱਧੇ ਤੌਰ 'ਤੇ ਸਿੱਖ ਪਛਾਣ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਸਿੱਖਾਂ ਨੂੰ ਆਪੋ-ਆਪਣੇ ਮਤ ਦਾ ਇਕ ਫ਼ਿਰਕਾ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਹਮਲਿਆਂ ਦੇ ਜਵਾਬ ਵਜੋਂ ਸਿੰਘ ਸਭਾ ਦੇ ਚਿੰਤਕਾਂ ਨੇ ਟ੍ਰੈਕਟਾਂ, ਅਖ਼ਬਾਰਾਂ, ਪੁਸਤਕਾਂ ਅਤੇ ਭਾਸ਼ਣਾਂ ਰਾਹੀਂ ਸਿੱਖ ਪਛਾਣ ਨੂੰ ਸਪਸ਼ਟ ਕੀਤਾ ਅਤੇ ਸਿੱਖਾਂ ਵਿਚ ਆਪਣੀ ਪਛਾਣ ਪ੍ਰਤੀ ਗੌਰਵਤਾ ਦਾ ਅਹਿਸਾਸ ਪੈਦਾ ਕਰਨ ਲਈ ਉਪਰਾਲੇ ਕੀਤੇ।

**5.3.1. ਹਮ ਹਿੰਦੂ ਨਹੀਂ:** ਸਿੱਖ ਧਰਮ ਸਿਧਾਂਤਕ ਅਤੇ ਵਿਹਾਰਿਕ ਤੌਰ 'ਤੇ ਇੱਕ ਵੱਖਰਾ ਧਰਮ ਹੈ। ਇਸ ਦੀ ਆਪਣੀ ਮਰਯਾਦਾ, ਧਰਮ ਗ੍ਰੰਥ, ਧਰਮ ਅਸਥਾਨ ਅਤੇ ਤਿਉਹਾਰ ਹਨ, ਜੋ ਇਸ ਧਰਮ ਨੂੰ ਦੂਜੇ ਧਰਮਾਂ ਅਤੇ ਫ਼ਿਰਕਿਆਂ ਤੋਂ ਨਿਆਰਾ ਕਰਦੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਆਖ਼ਰੀ ਦਿਨਾਂ ਵਿਚ ਇਸ ਵਿਚਾਰਧਾਰਾ ਨੇ ਜੋਰ ਫੜ ਲਿਆ ਕਿ ਸਿੱਖ ਧਰਮ ਹਿੰਦੂ ਧਰਮ ਦਾ ਹੀ ਇਕ ਅੰਸ਼ ਹੈ।[25] ਦੂਜੇ ਪਾਸੇ ਬ੍ਰਿਟਿਸ਼ ਅਧਿਕਾਰੀਆਂ ਨੇ ਆਪਣੇ ਰਾਜਨੀਤਿਕ ਹਿਤਾਂ ਲਈ ਪੰਜਾਬ ਦੇ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਪਰਪੰਚ ਨੂੰ ਸਮਝਣ ਲਈ

---

[23] ਨਰੈਣ ਸਿੰਘ ਐਮ. ਏ., *ਅਕਾਲੀ ਮੋਰਚੇ ਅਤੇ ਝੱਬਰ*, ਪੰਨਾ 7.

[24] ਅਜਮੇਰ ਸਿੰਘ, *ਵੀਹਵੀਂ ਸਦੀ ਦੀ ਸਿੱਖ ਰਾਜਨੀਤੀ (ਇਕ ਗ਼ੁਲਾਮੀ ਤੋਂ ਦੂਜੀ ਗ਼ੁਲਾਮੀ ਤੱਕ)*, ਅੰਮ੍ਰਿਤਸਰ: ਸਿੰਘ ਬ੍ਰਦਰਜ਼, ਛੇਵੀਂ ਵਾਰ, 2014, ਪੰਨਾ 6.

[25] ਸੁਦਰਸ਼ਨ ਸਿੰਘ, *ਪੰਜਾਬ ਦਾ ਇਤਿਹਾਸ (1849-1947)*, ਪਟਿਆਲਾ: ਪੰਜਾਬੀ ਯੂਨੀਵਰਸਿਟੀ, ਦੂਜੀ ਵਾਰ, 1998, ਪੰਨਾ 60.

ਕਈ ਲਿਖਤਾਂ ਦੀ ਰਚਨਾ ਕਰਵਾਈ। ਇਨ੍ਹਾਂ ਲਿਖਤਾਂ ਦੇ ਲੇਖਕ ਜ਼ਿਆਦਾਤਰ ਗੈਰ-ਸਿੱਖ ਸਨ, ਜਿਨ੍ਹਾਂ ਨੇ ਆਪਣੀਆਂ ਪੂਰਵ-ਧਾਰਨਾਵਾਂ ਦੀ ਰੌਸ਼ਨੀ ਵਿਚ ਬ੍ਰਿਟਿਸ਼ਾਂ ਨੂੰ ਖ਼ੁਸ਼ ਕਰਨ ਵਾਲੀਆਂ ਲਿਖਤਾਂ ਤਿਆਰ ਕੀਤੀਆਂ। ਇਨ੍ਹਾਂ ਲਿਖਤਾਂ ਵਿਚ ਨਾ-ਸਮਝੀ ਤੇ ਬੇਈਮਾਨੀ ਕਰਕੇ ਸਿੱਖ ਇਤਿਹਾਸ ਦੀਆਂ ਪ੍ਰਮੁੱਖ ਘਟਨਾਵਾਂ ਨੂੰ ਤਰੋੜ ਮਰੋੜ ਕੇ ਪੇਸ਼ ਕਰਦਿਆਂ ਸਿੱਖ ਪਛਾਣ ਨੂੰ ਧੁੰਦਲਾ ਬਣਾਉਣਾ ਦਾ ਯਤਨ ਕੀਤਾ ਗਿਆ। ਇਨ੍ਹਾਂ ਲਿਖਤਾਂ ਵਿਚ ਸ਼ਰਧਾ ਰਾਮ ਫਿਲੌਰੀ ਦੀ ਲਿਖਤ 'ਸਿੱਖਾਂ ਦੇ ਰਾਜ ਦੀ ਵਿਥਿਆ' ਪ੍ਰਮੁੱਖ ਸੀ। ਇਹ ਲਿਖਤ 1866 ਈ. ਵਿਚ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਮੈਕਲੋਡ ਸਾਹਿਬ ਦੀ ਇੱਛਾ ਅਨੁਸਾਰ ਤਿਆਰ ਹੋਈ ਸੀ।[26]

ਇਸ ਲਿਖਤ ਵਿਚ ਗੁਰੂ ਸਾਹਿਬਾਨ ਨਾਲ ਸੰਬੰਧਿਤ ਘਟਨਾਵਾਂ ਨੂੰ ਵਿਗਾੜ ਕੇ ਸਿੱਖ ਫ਼ਲਸਫ਼ੇ ਨੂੰ ਸਿਧਾਂਤਕ ਤੌਰ 'ਤੇ ਘਟੀਆ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਵਿਚ ਵਰਤੀ ਗਈ ਭਾਸ਼ਾ ਅਤੇ ਲਹਿਜ਼ਾ ਵੀ ਸਿੱਖ ਪਛਾਣ ਉੱਪਰ ਸੱਟ ਮਾਰਨ ਵਾਲਾ ਹੈ। ਪਰਮਿੰਦਰ ਸਿੰਘ ਦਾ ਖ਼ਿਆਲ ਹੈ ਕਿ ਇਹ ਪੁਸਤਕ 'ਸਤਿਆਰਥ ਪ੍ਰਕਾਸ਼' ਤੋਂ ਪਹਿਲਾਂ ਛਪੀ ਸੀ ਅਤੇ ਇੰਜ ਪ੍ਰਤੀਤ ਹੁੰਦਾ ਹੈ ਕਿ ਸੁਆਮੀ ਦਯਾਨੰਦ ਵੱਲੋਂ ਗੁਰੂ ਸਾਹਿਬਾਨ ਸੰਬੰਧੀ ਪ੍ਰਗਟਾਏ ਗਏ ਵਿਚਾਰਾਂ ਦਾ ਆਧਾਰ ਵੀ ਇਹ ਪੁਸਤਕ ਹੀ ਹੋ ਸਕਦੀ ਹੈ, ਕਿਉਂਕਿ ਦੋਹਾਂ ਲਿਖਤਾਂ ਦਾ ਮਨੋਰਥ, ਲਹਿਜ਼ਾ ਅਤੇ ਖੁਰਦਰਾ ਤੇ ਦਿਲ-ਦੁਖਾਊ ਵਰਣਨ ਲਗਭਗ ਇੱਕੋ ਜਿਹਾ ਹੈ।[27]

ਆਰੀਆ ਸਮਾਜ ਦੇ ਸੰਸਥਾਪਕ ਸਵਾਮੀ ਦਇਆਨੰਦ ਨੇ ਆਪਣੀ ਲਿਖਤ 'ਸਤਿਆਰਥ ਪ੍ਰਕਾਸ਼' ਵਿਚ ਸ਼ਰਧਾ ਰਾਮ ਦੇ ਵਿਚਾਰਾਂ ਦਾ ਸਮਰਥਨ ਕੀਤਾ। ਇਸ ਦਾ ਪ੍ਰਭਾਵ ਆਰੀਆ ਸਮਾਜ ਦੇ ਲੇਖਕਾਂ ਉੱਪਰ ਵੀ ਪਿਆ ਅਤੇ ਉਨ੍ਹਾਂ ਨੇ ਸਿੱਖ ਪਛਾਣ ਨੂੰ ਮਲੀਆਮੇਟ ਕਰਨ ਲਈ ਤਿੱਖੀ, ਅਪਮਾਨ-ਭਰਪੂਰ ਅਤੇ ਦੂਸ਼ਿਤ ਭਾਸ਼ਾ ਦੀ ਵਰਤੋਂ ਕਰਕੇ ਅਣਗਿਣਤ ਰਚਨਾਵਾਂ ਛਾਪੀਆਂ। ਇਨ੍ਹਾਂ ਰਚਨਾਵਾਂ ਦੀ ਸੰਪੂਰਨ ਸੂਚੀ ਮਿਲਣੀ ਤਾਂ ਅਸੰਭਵ ਹੈ ਪਰ ਕੁੱਝ ਕੁ ਲਿਖਤਾਂ ਦੇ ਸਿਰਲੇਖ ਦੇਖੇ ਜਾ ਸਕਦੇ ਹਨ, ਜੋ ਹੇਠ ਲਿਖੇ ਅਨੁਸਾਰ ਹਨ:

ਮਜ਼ਹਬ ਹਿੰਦ (ਗੋਬਿੰਦ ਸਿੰਘੀਓਂ ਕਾ ਹਾਲ), ਨਵੀਨ ਸਿੰਘ ਸਿਖਿਆ, ਖ਼ਾਲਸਾ ਮੱਤ ਪ੍ਰਕਾਸ਼ (ਗ੍ਰੰਥ ਸਾਹਿਬ ਈਸ਼ਵਰੋਕਤ ਨਹੀਂ ਹੈ), ਕੱਛਾਂ ਵਾਲਿਆਂ ਦੀ ਕਰਤੂਤ, ਖ਼ਾਲਸਾ ਪੰਥ ਕੀ ਹਕੀਕਤ, ਪੰਜ ਕੱਕੇ (ਖ਼ਾਲਸਾ ਤੱਤਵ ਪ੍ਰਕਾਸ਼ ਹਿੱਸਾ-2), ਕਿਆ ਗੁਰੂ ਸਾਹਿਬ ਸੰਸਕ੍ਰਿਤ ਕੇ ਵਿਦਵਾਨ ਥੇ?, ਗੁਰੂ ਸਾਹਿਬ ਕੀ ਤਾਲੀਮ, ਬਾਬਾ ਨਾਨਕ ਸਾਹਿਬ ਔਰ ਸਵਾਮੀ ਦਯਾਨੰਦ ਜੀ, ਭਾਈ ਗਯਾਨ ਸਿੰਘ ਕੀ ਅਗਯਾਨਤਾ ਕਾ ਫੋਟੋ, ਗੁਰਮਰਯਾਦਾ (ਗੁਰ ਕੀ ਸ਼ਾਦੀਆਂ), ਸਿੱਖੋਂ ਕੀ ਅਰਦਾਸ, ਖਾਲਸਾ ਹਿੰਦੂ ਔਰ ਮੂਰਤੀ ਪੂਜਕ ਹੈ, ਪੋਪ ਸਿੱਖੀ, ਕਿਆ ਗੁਰੂ ਸਾਹਿਬ ਜੜ ਪੂਜਕ ਨਹੀਂ ਥੇ?, ਪੁਰਾਣ ਔਰ ਗ੍ਰੰਥ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਕੀ ਤਾਲੀਮ ਯਾ ਮਦਾਰੀ ਕਾ ਥੈਲਾ, ਸਿੱਖ ਹਿੰਦੂ ਹੈਂ, ਤੁਮ ਹਿੰਦੂ ਹੋ ਯਾ ਆਰੀਆ, ਖ਼ਾਲਸਾ ਹਿੰਦੂ ਹੂਏ ਜਾਤੇ ਹੈ, ਆਦਿ।[28] ਇਨ੍ਹਾਂ ਸਿਰਲੇਖਾਂ ਤੋਂ ਅੰਦਾਜ਼ਾ ਲੱਗ

---

[26] ਪਿਆਰਾ ਸਿੰਘ ਪਦਮ, *ਕਲਮ ਦੇ ਧਨੀ,* ਪਟਿਆਲਾ: ਕਲਮ ਮੰਦਿਰ, 1998, ਪੰਨਾ 208.
[27] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ,* ਪੰਨਾ 177.
[28] ਉਹੀ, ਪੰਨਾ 178.

ਸਕਦਾ ਹੈ ਕਿ ਇਨ੍ਹਾਂ ਲਿਖਤਾਂ ਵਿਚ ਕਿਸ ਤਰ੍ਹਾਂ ਸਿੱਖ ਪਛਾਣ ਉੱਪਰ ਹਮਲੇ ਕੀਤੇ ਗਏ ਅਤੇ ਗੁਰੂ ਸਾਹਿਬਾਨ ਬਾਰੇ ਕਿਹੋ ਜਿਹੀ ਭਾਸ਼ਾ ਦੀ ਵਰਤੋਂ ਕੀਤੀ ਗਈ।

ਆਰੀਆ ਸਮਾਜ ਦਾ ਮੈਂਬਰ ਜਗਤ ਸਿੰਘ ਦਲੀਲ ਦਿੰਦਾ ਸੀ ਕਿ ਸਿੱਖ ਧਰਮ ਆਰੀਆ ਸਮਾਜ ਦਾ ਸਿਰਫ਼ ਪੂਰਬਲਾ ਰੂਪ ਹੈ। ਲਾਲਾ ਠਾਕਰ ਦਾਸ ਅਤੇ ਬਾਵਾ ਨਰੈਣ ਦਾਸ ਨੇ ਸੰਨ 1899 ਈ. ਵਿਚ ਜਗਤ ਸਿੰਘ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਨ ਲਈ 'ਸਿੱਖ ਹਿੰਦੂ ਹੈਨ' ਨਾਮੀ ਕਿਤਾਬਚਾ ਪ੍ਰਕਾਸ਼ਿਤ ਕਰ ਦਿੱਤਾ। ਇਨ੍ਹਾਂ ਕਾਰਜਾਂ ਨੇ ਸਿੱਖ ਪਛਾਣ ਨੂੰ ਕਾਫ਼ੀ ਢਾਹ ਲਾਈ ਅਤੇ ਸਿੱਖ ਇਹ ਸੋਚਣ ਲਈ ਮਜਬੂਰ ਹੋ ਗਏ ਕਿ ਉਹ ਕੌਣ ਹਨ? ਪ੍ਰਤੀਕਰਮ ਵਜੋਂ ਸਿੰਘ ਸਭਾ ਲਹਿਰ ਦੇ ਚਿੰਤਕਾਂ ਵੱਲੋਂ ਆਪਣੇ ਧਰਮ, ਸਿਧਾਂਤ, ਪਰੰਪਰਾ ਅਤੇ ਰਹੁ-ਰੀਤਾਂ ਉੱਤੇ ਆਰੀਆ ਸਮਾਜ ਦੇ ਲੇਖਕਾਂ ਵੱਲੋਂ ਕੀਤੇ ਗਏ ਹਮਲਿਆਂ ਦੇ ਉੱਤਰ ਦੇ ਨਾਲ-ਨਾਲ ਸਿੱਖ ਫ਼ਲਸਫ਼ੇ ਦੀ ਵਿਲੱਖਣਤਾ, ਗੌਰਵਤਾ ਅਤੇ ਉੱਤਮਤਾ ਨੂੰ ਦ੍ਰਿੜਾਉਣ ਲਈ ਅਣਗਿਣਤ ਸਾਹਿਤ ਰਚਿਆ ਗਿਆ। ਆਰੀਆ ਸਮਾਜੀਆਂ ਅਤੇ ਹੋਰ ਹਿੰਦੂ ਵਿਦਵਾਨਾਂ ਤੇ ਸੰਸਥਾਵਾਂ ਵੱਲੋਂ ਗੁਰੂ ਸਾਹਿਬਾਨ ਅਤੇ ਸਿੱਖ ਧਰਮ ਦੇ ਵਿਰੁੱਧ ਜੋ ਪ੍ਰਚਾਰ ਕੀਤਾ ਗਿਆ, ਉਸ ਦਾ ਉੱਤਰ ਦੇਣ ਲਈ ਸਿੰਘ ਸਭਾ ਵੱਲੋਂ ਤਿਆਰ ਕੀਤੀਆਂ ਗਈਆਂ ਰਚਨਾਵਾਂ ਵਿੱਚੋਂ ਭਾਈ ਕਾਨ੍ਹ ਸਿੰਘ ਨਾਭਾ ਦੀ 'ਹਮ ਹਿੰਦੂ ਨਹੀਂ', 'ਗੁਰੁਮਤ ਪ੍ਰਭਾਕਰ', 'ਗੁਰੁਮਤ ਸੁਧਾਕਰ', ਗਿਆਨੀ ਦਿੱਤ ਸਿੰਘ ਦੁਆਰਾ ਰਚਿਤ 'ਦੰਭ ਵਿਦਾਰਨ', 'ਦੁਰਗਾ ਪ੍ਰਬੋਧ', 'ਗੁਰਮਤਿ ਆਰਤੀ ਪ੍ਰਬੋਧ', 'ਨਕਲੀ ਸਿੱਖ ਪ੍ਰਬੋਧ', ਮਿਹਰ ਸਿੰਘ ਚਾਵਲਾ ਦੀ 'ਕੀ ਸਿਖ ਬੁਤ ਪ੍ਰਸਤ ਹਨ' ਆਦਿ ਪ੍ਰਮੁੱਖ ਹਨ। ਇਨ੍ਹਾਂ ਲਿਖਤਾਂ ਵਿਚ ਸਿੱਖ ਪਛਾਣ ਦੀ ਵਿਲੱਖਣਤਾ ਨੂੰ ਦ੍ਰਿੜ ਕਰਨ ਲਈ ਬਾ-ਦਲੀਲ ਉੱਤਰ ਦਿੱਤੇ ਗਏ ਹਨ।[29]

ਭਾਈ ਕਾਨ੍ਹ ਸਿੰਘ ਨਾਭਾ ਨੇ 'ਹਮ ਹਿੰਦੂ ਨਹੀਂ' ਪੁਸਤਕ ਵਿਚ ਸਿੱਖਾਂ ਦੀ ਵੱਖਰੀ ਪਛਾਣ ਸੰਬੰਧੀ ਮਸਲੇ ਨੂੰ ਸਿਧਾਂਤਕ ਤੌਰ ਤੇ ਸੁਲਝਾਉਣ ਦਾ ਉਪਰਾਲਾ ਕੀਤਾ, ਇਸ ਸੰਬੰਧੀ ਉਨ੍ਹਾਂ ਨੇ ਲਿਖਿਆ ਹੈ, "...ਸਤਿਗੁਰੂ ਦੇ ਇਸ ਉਪਦੇਸ਼ ਤੋਂ ਬੇਮੁੱਖ ਹੁਣ ਸਾਡੇ ਵਿਚ ਬਹੁਤ ਭਾਈ ਐਸੇ ਹਨ, ਜੋ ਆਪਣੇ ਆਪ ਨੂੰ ਸਿੰਘ ਹੋ ਕੇ ਭੀ ਹਿੰਦੂ ਧਰਮੀ ਮੰਨਦੇ ਹਨ, ਔਰ ਗੁਰਬਾਣੀ ਅਨੁਸਾਰ ਚੱਲਣੇ ਅਤੇ ਸਿਖ ਧਰਮ ਨੂੰ ਹਿੰਦੂ ਧਰਮ ਤੋਂ ਜੁਦਾ ਅਰ ਸ਼੍ਰੋਮਣੀ ਮੰਨਣ ਅਤੇ ਕਹਿਣ ਵਿਚ ਹਾਨੀ ਜਾਨਦੇ ਹਨ। ਜਿਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਆਪਣੇ ਧਰਮ ਪੁਸਤਕਾਂ ਦਾ ਵਿਚਾਰ ਨਹੀਂ ਕੀਤਾ, ਔਰ ਨਾ ਪੁਰਾਣੇ ਇਤਿਹਾਸ ਦੇਖੇ ਹਨ, ਕੇਵਲ ਅਨਮਤਾਂ ਦੀਆਂ ਪੋਥੀਆਂ ਔਰ ਸਵਾਰਥੀ ਪ੍ਰਪੰਚੀਆਂ ਦੀ ਸਿੱਖਿਆ ਸੁਣਨ ਵਿਚ ਉਮਰ ਬਿਤਾਈ ਹੈ। ਪਰ ਸ਼ੋਕ ਹੈ ਐਸੇ ਭਾਈਆਂ ਉਪਰ ਜੋ ਪਰਮ ਪੂਜਨੀਕ ਪਿਤਾ ਦੇ ਉਪਕਾਰਾਂ ਨੂੰ ਭੁਲਾ ਕੇ (ਜਿਸ ਨੇ ਨੀਚੋਂ ਊਚ ਕੀਤਾ, ਕੰਗਾਲੋਂ ਰਾਜੇ ਬਣਾਏ, ਗਿੱਦੜੋਂ ਸ਼ੇਰ ਔਰ ਚਿੜੀਆਂ ਤੋਂ ਬਾਜ ਸਜਾਏ) ਗੁਰਮਤਿ ਵਿਰੋਧੀਆਂ ਦੇ ਪਿੱਛੇ ਲੱਗ ਕੇ, ਪਾਖੰਡ ਜਾਲ ਵਿਚ ਫਸ ਕੇ ਆਪਣਾ ਮਨੁੱਖ ਜਨਮ ਹਾਰਦੇ ਹੋਏ ਖਾਲਸਾ ਧਰਮ ਤੋਂ ਪਤਿਤ ਹੋ ਰਹੇ ਹਨ।"[30]

---

[29] Nirmal Singh, *Imact of Singh Sabha Movement on Punjabi Literature*, Kartar Singh Suri (Supervisor), Ph.D. Theses, p. 182.

[30] ਕਾਨ੍ਹ ਸਿੰਘ ਨਾਭਾ, *ਹਮ ਹਿੰਦੂ ਨਹੀਂ*, ਅੰਮ੍ਰਿਤਸਰ: ਸਿੰਘ ਬ੍ਰਦਰਜ਼, ਗਿਆਰ੍ਹਵੀਂ ਵਾਰ, 2015, ਪੰਨਾ 11.

ਭਾਈ ਕਾਨ੍ਹ ਸਿੰਘ ਨਾਭਾ ਨੇ 'ਹਮ ਹਿੰਦੂ ਨਹੀਂ' ਪੁਸਤਕ ਵਿਚ ਹਿੰਦੂ ਅਤੇ ਸਿੱਖ ਧਰਮ ਦੇ ਮੂਲ ਵਖਰੇਵੇਂ ਨੂੰ ਸਮਝਾਉਣ ਲਈ ਗੁਰਬਾਣੀ, ਸਿੱਖ ਇਤਿਹਾਸ ਤੇ ਰਹਿਤਨਾਮਿਆਂ ਵਿੱਚੋਂ ਉਦਾਹਰਨਾਂ ਦਿੱਤੀਆਂ ਅਤੇ ਹਿੰਦੂ ਧਾਰਮਿਕ ਗ੍ਰੰਥਾਂ ਤੇ ਸ਼ਾਸਤਰਾਂ ਦੇ ਹਵਾਲੇ ਦੇ ਕੇ ਆਪਣੇ ਵਿਚਾਰ ਦੀ ਪੁਸ਼ਟੀ ਕੀਤੀ। ਇਸ ਪੁਸਤਕ ਵਿਚ ਭਾਈ ਸਾਹਿਬ ਨੇ ਇਕ ਹਿੰਦੂ ਪਾਤਰ ਵੱਲੋਂ ਸਵਾਲ ਕਰਵਾਏ ਅਤੇ ਇਕ ਸਿੱਖ ਵੱਲੋਂ ਉਸ ਦੇ ਜਵਾਬ ਦਿੱਤੇ ਹਨ:

"**ਹਿੰਦੂ:** ਆਪ ਦੀਆਂ ਸਾਖੀਆਂ ਵਿਚ ਅਨੇਕ ਪ੍ਰਸੰਗ ਸਿੱਖਾਂ ਨੂੰ ਹਿੰਦੂ ਸਾਬਤ ਕਰਦੇ ਹਨ, ਔਰ ਗੁਰੂ ਤੇਗ ਬਹਾਦੁਰ ਸਾਹਿਬ ਨੇ ਬ੍ਰਹਾਮਣਾਂ ਵਾਸਤੇ ਆਪਣਾ ਸੀਸ ਦੇ ਦਿੱਤਾ, ਇਸ ਤੋਂ ਸਿੱਧ ਹੈ ਕਿ ਸਿੱਖ ਹਿੰਦੂ ਹਨ।

**ਸਿੱਖ:** ...ਅਸੀਂ ਉਸੇ ਸਾਖੀ ਔਰ ਪ੍ਰਸੰਗ ਨੂੰ ਪ੍ਰਮਾਣ ਮੰਨਦੇ ਹਾਂ, ਜੋ ਗੁਰਬਾਣੀ ਤੋਂ ਵਿਰੁੱਧ ਨਾ ਹੋਵੇ। ਔਰ ਦੁਖੀ ਦੀਨ ਦੀ ਰੱਖਿਆ ਕਰਨੀ ਸਿਖ ਧਰਮ ਦਾ ਮੁੱਖ ਨਿਯਮ ਹੈ। ਜੇ ਸ਼ਰਣਾਗਤ ਦੁਖੀਆਂ ਦੀ ਰੱਖਿਆ ਵਾਸਤੇ, ਇਸ ਦੇਸ ਤੋਂ ਇਹ ਅਨਰਥ ਦੂਰ ਕਰਨ ਲਈ, ਪਰਉਪਕਾਰੀ ਸਤਿਗੁਰਾਂ ਨੇ ਸੀਸ ਦੇ ਦਿੱਤਾ, ਤਾਂ ਇਸ ਤੋਂ ਇਹ ਸਿੱਧ ਨਹੀਂ ਹੋ ਸਕਦਾ ਕਿ ਗੁਰੂ ਜੀ ਹਿੰਦੂ ਸੇ, ਸਗੋਂ ਗੁਰੂ ਤੇਗ ਬਹਾਦੁਰ ਸਾਹਿਬ ਨੇ ਔਰੰਗਜ਼ੇਬ ਨੂੰ ਸਿਆਹ ਮਿਰਚਾਂ ਫੂਕ ਕੇ ਦ੍ਰਿਸ਼ਟਾਂਤ ਦਵਾਰਾ ਦੱਸਿਆ ਕਿ ਤੇਰੀ ਇੱਛਾ ਦੋ ਮਜ਼ਹਬਾਂ ਤੋਂ ਇਕ ਦੀ ਹੈ ਪਰ ਅਕਾਲ ਪੁਰਖ ਦੀ ਇੱਛਾ ਹੈ ਕਿ ਦੋਹਾਂ ਤੋਂ ਭਿੰਨ ਇਕ ਤੀਸਰਾ ਮਜ਼ਹਬ 'ਖਾਲਸਾ' ਹੋਵੇਗਾ। ਔਰ ਗੁਰੂ ਸਾਹਿਬ ਨੇ ਕੇਵਲ ਬ੍ਰਹਾਮਣਾਂ ਵਾਸਤੇ ਸੀਸ ਨਹੀਂ ਦਿੱਤਾ, ਸਗੋਂ ਸੰਸਾਰ ਮਾਤਰ ਦੇ ਹਿਤ ਲਈ ਆਪਣਾ ਆਪ ਕੁਰਬਾਨ ਕੀਤਾ ਹੈ...ਔਰ ਪਿਆਰੇ ਹਿੰਦੂ ਭਾਈ! ਸਤਿਗੁਰਾਂ ਦਾ ਉਪਦੇਸ਼ ਹੀ ਸਿੱਖਾਂ ਨੂੰ ਇਹ ਹੈ ਕਿ ਦੁਖੀ ਦੀਨ ਅਨਾਥ ਦੀ ਸਹਾਇਤਾ ਕਰੋ...ਅਸੀਂ ਆਪ ਨੂੰ ਤੇ ਮੁਸਲਮਾਨ, ਮਸੀਹੀ ਆਦਿਕਾਂ ਨੂੰ ਭੀ ਆਪਣਾ ਅੰਗ ਹੀ ਸਮਝਦੇ ਹਾਂ ਔਰ ਸਭ ਨਾਲ ਭਾਈਚਾਰੇ ਵਾਲਾ ਵਰਤਾਉ ਕਰਦੇ ਹਾਂ, ਔਰ ਸਦੈਵ ਕਰਨਾ ਚਾਹੁੰਦੇ ਹਾਂ। ਪਰ ਮਜ਼ਹਬ ਦੇ ਖ਼ਿਆਲ ਕਰਕੇ ਅਸੀਂ ਹਿੰਦੂ ਨਹੀਂ ਹੋ ਸਕਦੇ, ਕਿਉਂਕਿ ਸਾਡਾ ਇਸ਼ਟ, ਉਪਾਸ਼ਨਾ ਔਰ ਧਾਰਮਿਕ ਚਿੰਨ ਆਦਿਕ ਆਪਣੀ ਕੌਮ ਦੇ ਨਿਯਮਾਂ ਅਨੁਸਾਰ ਆਪ ਤੋਂ ਅਲੱਗ ਹਨ, ਇਸ ਵਾਸਤੇ ਸਿੱਖ ਕੌਮ, ਹਿੰਦੂ ਮਸੀਹੀ ਮੁਸਲਮਾਨਾਂ ਦੀ ਤਰ੍ਹਾਂ ਇਕ ਵੱਖਰੀ ਕੌਮ ਹੈ।"[31]

ਇਸ ਪੁਸਤਕ ਨੇ ਸਿੱਖਾਂ ਅੰਦਰ ਆਪਣੇ ਧਰਮ, ਪਰੰਪਰਾ ਅਤੇ ਮਰਯਾਦਾ ਪ੍ਰਤੀ ਗੌਰਵ ਅਤੇ ਮਾਣ ਪੈਦਾ ਕੀਤਾ। ਸੰਗਤ ਸਿੰਘ ਅਨੁਸਾਰ ਇਸ ਟ੍ਰੈਕਟ ਨੇ ਸਿੱਖਾਂ ਨੂੰ ਹਿੰਦੂ ਪ੍ਰਭਾਵ ਵਿਚੋਂ ਕੱਢਣ ਦਾ ਕਾਰਜ ਹੋਰਨਾਂ ਨਾਲੋਂ ਵਧੇਰੇ ਕੀਤਾ ਅਤੇ ਛੇਤੀ ਹੀ 'ਹਮ ਹਿੰਦੂ ਨਹੀਂ' ਸਿੱਖਾਂ ਲਈ ਆਪਣੀ ਪਛਾਣ ਦ੍ਰਿੜਾਉਣ ਦਾ ਨਾਅਰਾ ਬਣ ਗਿਆ।[32] ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਐਲਾਨ ਕੀਤਾ ਕਿ ਸਿੱਖ ਧਰਮ ਅਤੇ ਹਿੰਦੂ ਧਰਮ ਦਾ ਪਿਛੋਕੜ ਇਕ ਹੋਣ ਕਾਰਨ ਇਨ੍ਹਾਂ ਵਿਚ ਸੱਭਿਆਚਾਰਕ ਸਾਂਝ ਤਾਂ ਦੇਖੀ ਜਾ ਸਕਦੀ ਹੈ ਪਰ ਸਿਧਾਂਤਕ ਨੁਕਤੇ ਤੋਂ ਸਿੱਖੀ ਹਿੰਦੂ ਧਰਮ ਤੋਂ ਵੱਖਰੀ ਹੈ। ਖ਼ਾਲਸਾ ਅਖ਼ਬਾਰ ਵਿਚ ਇਸ ਸੰਬੰਧੀ ਲਿਖਿਆ ਹੈ, "ਅਸੀਂ ਇਸ ਬਾਤ ਨੂੰ ਮੰਨਦੇ ਹਾ ਕਿ ਸਾਰੇ ਦੇ ਸਾਰੇ ਗੁਰੂ ਜੀ ਮਹਾਰਾਜ ਹਿੰਦੂਆਂ ਦੀਆਂ ਖੱਤ੍ਰੀ ਜਾਤੀਆਂ ਵਿਚੋਂ ਹੀ ਹੋਏ ਸਨ ਪਰੰਤੂ ਅਸੀਂ ਇਹ ਵੱਡੇ ਜੋਰ ਨਾਲ ਆਖਦੇ ਹਾਂ ਕਿ ਉਨ੍ਹਾਂ ਦਾ ਅਪਨਾ ਧਰਮ ਹਿੰਦੂ ਨਹੀਂ ਸਾ ਕਿੰਤੂ ਉਨ੍ਹਾਂ ਦਾ ਆਪਨਾ ਧਰਮ ਉਹ ਸੀ ਜੋ ਹਿੰਦੂ ਧਰਮ

---

[31] ਉਹੀ, ਪੰਨੇ 41-42.

[32] ਸੰਗਤ ਸਿੰਘ, *ਇਤਿਹਾਸ 'ਚ ਸਿੱਖ*, ਅੰਮ੍ਰਿਤਸਰ: ਸਿੰਘ ਬ੍ਰਦਰਜ਼, ਤੀਜੀ ਵਾਰ, 2008, ਪੰਨਾ 161.

ਸੇ ਜੁਦਾ ਧਰਮ ਹੈ ਅਰ ਜਿਸ ਦਾ ਨਾਉਂ ਖਾਲਸਾ ਧਰਮ ਸੱਦਦੇ ਹਨ, ਹਿੰਦੂ ਮੱਤ ਦੇ ਚਾਰੇ ਵਰਨਾਂ ਅਰ ਆਸ਼ਰਮਾਂ ਦੇ ਬਖੇੜੇ ਗੁਰੂ ਦੂਰ ਕਰਨ ਲਈ ਆਏ ਸੇ ਜਿਨ੍ਹਾਂ ਦੇ ਸਬੂਤ ਉਨ੍ਹਾਂ ਦੀ ਬਾਣੀ ਕਥਨ ਕਰਦੀ ਹੈ।"[33]

'ਗੁਰੁਮਤ ਪ੍ਰਭਾਕਰ' ਪੁਸਤਕ ਵਿਚ ਭਾਈ ਕਾਨ੍ਹ ਸਿੰਘ ਨੇ ਸਿੱਖ ਧਰਮ ਦੀ ਵੱਖਰੀ ਪਛਾਣ ਨੂੰ ਸਪੱਸ਼ਟ ਕਰਦੇ ਹੋਏ 'ਸਿੱਖ ਧਰਮ' ਸਿਰਲੇਖ ਹੇਠ ਲਿਖਿਆ ਹੈ, "ਪਰਮਪਿਤਾ ਵਾਹਗੁਰੂ ਦੀ ਪ੍ਰੇਰਣਾ ਕਰਕੇ ਗੁਰੂ ਨਾਨਕ ਦੇਵ ਦ੍ਵਾਰਾ ਪ੍ਰਚਲਿਤ ਹੋਏ ਨਿਰਮਲ (ਖ਼ਾਲਸਾ) ਧਰਮ ਦਾ ਨਾਉਂ ਸਿੱਖ ਧਰਮ ਹੈ, ਜੋ ਗੁਰੂਆਂ ਦੇ ਗੁਰੂ ਕਰਤਾਰ ਦੀ ਸਿਖਯਾ ਅਨੁਸਾਰ ਚਲਦਾ ਹੈ."[34]

ਹਿੰਦੂ ਲੇਖਕਾਂ ਦਾ ਵਿਚਾਰ ਸੀ ਕਿ ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਵੇਦਾਂ ਦਾ ਸਾਰ ਹੀ ਪੇਸ਼ ਕੀਤਾ ਹੈ, ਇਸ ਲਈ ਇਹ ਵੇਦਾਂ ਤੋਂ ਅਲੱਗ ਨਹੀਂ ਹੈ ਸਗੋਂ ਵੇਦਾਂ ਦਾ ਹੀ ਰੂਪ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਗੁਰੁਮਤ ਸੁਧਾਕਰ' ਪੁਸਤਕ ਵਿਚ ਸਿੱਧ ਕੀਤਾ ਕਿ ਗੁਰਬਾਣੀ ਵੇਦਾਂ ਦਾ ਸਾਰ ਨਹੀਂ ਹੈ ਸਗੋਂ ਇਹ ਗੁਰੂ ਸਾਹਿਬਾਨ ਦਾ ਦੈਵੀ ਅਨੁਭਵ ਹੈ। ਭਾਈ ਸਾਹਿਬ ਨੇ ਇਸ ਦੀ ਪੁਸ਼ਟੀ ਲਈ ਬਚਿੱਤ੍ਰ ਨਾਟਕ ਦੇ ਛੇਵੇਂ ਅਧਿਆਇ ਵਿਚੋਂ ਹੇਠ ਲਿਖਿਆ ਪ੍ਰਮਾਣ ਲਿਆ ਹੈ:

ਬ੍ਰਹਮਾ ਚਾਰ ਹੀ ਬੇਦ ਬਨਾਏ। ਸਰਬ ਲੋਕ ਤਿਹ ਕਰਮ ਚਲਾਏ।
ਜਿਨ ਕੀ ਲਿਵ ਹਰਿ ਚਰਨਨ ਲਾਗੀ। ਤੇ ਬੇਦਨ ਤੇ ਭਏ ਤਅਗੀ।੧੯।[35]

ਫੁਟਨੋਟ ਵਿਚ ਲਿਖਿਆ ਹੈ, "ਗੁਰੂ ਸਾਹਿਬ ਦੇ ਮਤ ਤੋਂ ਅਨਜਾਣ ਅਤੇ ਅੰਨਮਤੀਆਂ ਦੇ ਲਾਦੂ ਟੱਟੂ, ਏਹ ਆਖਿਆ ਕਰਦੇ ਹਨ ਕਿ ਸੰਸਕ੍ਰਿਤ ਕਠਿਨ ਹੈ, ਅਰ ਦੇਵਬਾਣੀ ਦਾ ਅਧਿਕਾਰ ਭੀ ਸਭ ਨੂੰ ਨਹੀਂ, ਇਸ ਕਰਕੇ ਗੁਰੂ ਸਾਹਿਬ ਨੇ ਭਾਸ਼ਾ ਵਿੱਚ ਵੇਦਾਂ ਦਾ ਹੀ ਸਾਰ ਗੁਰੁਬਾਣੀ ਰਚੀ ਹੈ, ਹੁਣ ਉਨ੍ਹਾਂ ਤੋਂ ਪੁੱਛਣਾ ਚਾਹੀਏ ਕਿ ਏਹ ਚੌਪਾਈ ਵਿਚ ਕੇਹੜੀ ਵੇਦ ਸ਼੍ਰੁਤਿ ਦਾ ਉਲਥਾ ਹੈ।"[36]

ਆਰੀਆ ਸਮਾਜ ਦੇ ਸੰਸਥਾਪਕ ਸਵਾਮੀ ਦਯਾਨੰਦ ਨੇ 'ਸਤਿਆਰਥ ਪ੍ਰਕਾਸ਼' ਦੀ ਰਚਨਾ ਕਰਕੇ ਕਈ ਬਖੇੜੇ ਖੜੇ ਕਰ ਦਿੱਤੇ। ਇਸ ਗ੍ਰੰਥ ਵਿਚ ਉਸ ਨੇ ਹੋਰਨਾਂ ਮਤਾਂ ਦਾ ਖੰਡਨ ਕਰਕੇ ਆਪਣੇ ਮਤ (ਆਰੀਆ ਸਮਾਜ) ਦਾ ਮੰਡਨ ਕੀਤਾ ਹੈ। ਉਸ ਨੇ ਆਪਣੇ ਇਸ ਗ੍ਰੰਥ ਵਿਚ ਹਰ ਧਰਮ ਦੇ ਗੁਰੂ-ਪੈਗ਼ੰਬਰ ਨੂੰ ਆਪਣੇ ਗਿਆਨ ਤੋਂ ਨੀਵਾਂ ਵਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਗੁਰੂ ਸਾਹਿਬਾਨ ਦੇ ਖ਼ਿਲਾਫ਼ ਵੀ ਉਸ ਨੇ ਕਈ ਅਸਹਿਣਯੋਗ ਮਨੋਕਲਪਿਤ ਗੱਲਾਂ ਦਰਜ ਕਰ ਦਿੱਤੀਆਂ ਹਨ। ਸਿੱਖ ਪਛਾਣ ਉੱਪਰ ਹੋਏ ਇਸ ਹਮਲੇ ਦਾ ਜਵਾਬ ਗਿਆਨੀ ਦਿੱਤ ਸਿੰਘ ਨੇ 'ਦੰਭ ਵਿਦਾਰਨ' ਨਾਮੀ ਪੁਸਤਕ ਰਚ ਕੇ ਦਿੱਤਾ। ਦਯਾਨੰਦ ਸਤਿਆਰਥ ਪ੍ਰਕਾਸ਼ ਵਿਚ ਲਿਖਦਾ ਹੈ ਕਿ ਗੁਰੂ ਨਾਨਕ ਸਾਹਿਬ ਕੋਈ ਬਹੁਤੇ ਪੜ੍ਹੇ ਲਿਖੇ ਨਹੀਂ ਸਨ। ਉਨ੍ਹਾਂ ਨੂੰ ਵੇਦਾਂ ਦਾ ਗਿਆਨ ਨਹੀਂ ਸੀ ਅਤੇ ਉਨ੍ਹਾਂ ਪ੍ਰਸਿੱਧ ਹੋਣ ਲਈ

---

[33] ਖ਼ਾਲਸਾ ਅਖ਼ਬਾਰ, 16 ਮਾਰਚ 1900, ਪੰਨਾ 3.

[34] ਕਾਨ੍ਹ ਸਿੰਘ ਨਾਭਾ, *ਗੁਰੁਮਤ ਪ੍ਰਭਾਕਰ,* ਅੰਮ੍ਰਿਤਸਰ: ਭਾ. ਚਤਰ ਸਿੰਘ ਜੀਵਨ ਸਿੰਘ, ਨਵੀਂ ਐਡੀਸ਼ਨ, 2005, ਪੰਨਾ 149.

[35] ਰਤਨ ਸਿੰਘ ਜੱਗੀ ਅਤੇ ਗੁਰਸ਼ਰਨ ਕੌਰ ਜੱਗੀ, *ਸ੍ਰੀ ਦਸਮ-ਗ੍ਰੰਥ ਸਾਹਿਬ: ਪਾਠ-ਸੰਪਾਦਨ ਅਤੇ ਵਿਆਖਿਆ (ਭਾਗ ਪਹਿਲਾ)*, ਨਵੀਂ ਦਿੱਲੀ: ਗੋਬਿੰਦ ਸਦਨ, ਦੂਜੀ ਵਾਰ, 2007, ਪੰਨਾ 148.

[36] ਕਾਨ੍ਹ ਸਿੰਘ ਨਾਭਾ, *ਗੁਰੁਮਤ ਸੁਧਾਕਰ,* ਪੰਨਾ 49.

ਸਨਾਤਨ ਧਰਮ ਸੰਬੰਧੀ ਲਿਖਿਆ ਹੈ। ਦਯਾਨੰਦ ਗਾਇਤਰੀ ਮੰਤਰ ਨੂੰ ਹੀ ਪਰਮੇਸ਼ਰ ਦਾ ਮੰਤਰ ਮੰਨਦਾ ਸੀ ਅਤੇ ਬਾਕੀ ਸਭ ਧਰਮਾਂ ਦੇ ਮੰਤਰਾਂ ਨੂੰ ਮਨੋਕਲਪਿਤ ਕਹਿੰਦਾ ਸੀ।[37]

ਗਿਆਨੀ ਦਿੱਤ ਸਿੰਘ ਨੇ 'ਦੰਭ ਵਿਦਾਰਨ' ਪੁਸਤਕ ਵਿਚ ਦਯਾਨੰਦ ਦੇ ਇਸ ਮਨੋਕਲਪਿਤ ਵਿਚਾਰ ਦਾ ਖੰਡਨ ਕੀਤਾ ਹੈ। ਵਾਹਿਗੁਰੂ ਸ਼ਬਦ ਦਾ ਅਰਥ ਸਪੱਸ਼ਟ ਕਰਦੇ ਹੋਏ ਗਿਆਨੀ ਜੀ ਲਿਖਦੇ ਹਨ, "ਵਾਹਗੁਰੂ ਪਦ ਦਾ ਅਰਥ ਉਸਤਤੀ ਜੋਗ ਪਰਮਾਤਮਾਂ ਹੈ ਕਿਉਂ ਕੇ 'ਵਾਹਿ' ਸ਼ੋਭਾ, ਤਰੀਫ਼ ਅਤੇ ਉਸਤਤੀ ਨੂੰ ਆਖਦੇ ਹਨ ਇਸੀ ਪ੍ਰਕਾਰ 'ਗੁਰੂ' ਪਦ ਦਾ ਅਰਥ 'ਵੱਡਾ' ਹੈ ਸੋ ਸਭ ਤੇ ਵੱਡਾ ਅਕਾਲ ਪੁਰਖ ਹੀ ਹੈ. ਇਸ ਵਾਸਤੇ ਗੁਰ ਪਦ ਦਾ ਲਖਯ ਪਰਮੇਸ਼ਵਰ ਹੀ ਸਮਝਨਾਂ ਜੋਗ ਹੈ, ਇਸ ਵਾਸਤੇ 'ਵਾਹਗੁਰੂ' ਜੋ ਖਾਲਸਾ ਦਾ ਮੂਲ ਮੰਤ੍ਰ ਹੈ ਇਸ ਦਾ ਅਰਥ ਅਤੇ ਭਾਵ ਏਹੋ ਹੈ ਕੇ ਉਹ ਪਰਮਾਤਮਾ ਸੋਭਾ ਜੋਗ ਅਤੇ ਸਭ ਤੇ ਮਹਾਨ ਹੈ. ਇਸ ਵਾਸਤੇ ਉਹ ਗੁਰੂ ਵਾਹ ਕਹੀਏ ਧੰਨਯ ਹੈ, ਇਸ ਵਾਸਤੇ ਇਹ ਪਰਮੇਸ਼ਵਰ ਦੀ ਸ਼ੋਭਾ ਅਤੇ ਸਤੁਤੀ ਹੋਨੇ ਕਰਕੇ ਪਰਮ ਪੁਨੀਤ ਮੰਤ੍ਰ ਹੈ ਕਿੰਤੂ ਸਾਧੂ ਦਾ ਇਸ ਪਰ ਕੁਤਰਕ ਕਰਨਾ ਹੀ ਕਪੋਲ ਕਲਪਤ ਹੈ॥ "[38]

ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਸਿੱਖੀ ਉੱਪਰ ਬ੍ਰਾਹਮਣੀ ਪ੍ਰਭਾਵ ਇੱਥੋਂ ਤੱਕ ਵੱਧ ਗਿਆ ਸੀ ਕਿ ਗੁਰਦੁਆਰਿਆਂ ਅੰਦਰ ਹਿੰਦੂ ਦੇਵੀ-ਦੇਵਤਿਆਂ ਦੇ ਬੁੱਤ ਸਥਾਪਿਤ ਹੋ ਗਏ ਸਨ, ਹਿੰਦੂ ਤਿੱਥ-ਤਿਉਹਾਰ ਅਨੁਸਾਰ ਗੁਰਦੁਆਰਾ ਸਾਹਿਬਾਨ ਦੇ ਪ੍ਰੋਗਰਾਮ ਉਲੀਕੇ ਜਾਣ ਲੱਗ ਪਏ ਸਨ। ਸਿੱਖ ਰਸਮੋ-ਰਿਵਾਜ਼ ਵੀ ਹਿੰਦੂ ਰਸਮਾਂ ਅਨੁਸਾਰ ਹੋਣ ਲੱਗ ਪਏ ਅਤੇ ਗੁਰਦੁਆਰਿਆਂ ਅੰਦਰ ਦੀਵੇ ਬਾਲ ਕੇ ਆਰਤੀ ਹੋਣ ਲੱਗ ਪਈ ਸੀ।[39] ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਪਹਿਲਾਂ ਤਾਂ ਸਿੱਖਾਂ ਅੰਦਰ ਇਹ ਨਿਸ਼ਚਾ ਦ੍ਰਿੜ ਕੀਤਾ ਕਿ ਸਿੱਖ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਅਨੁਸਾਰ ਚੱਲਣਾ ਸਭ ਤੋਂ ਜਰੂਰੀ ਹੈ।[40] ਜਦੋਂ ਇਹ ਮਤ ਸਥਾਪਿਤ ਹੋ ਗਿਆ ਤਾਂ ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਸਿੱਖ ਧਰਮ ਵਿਚ ਆਈਆਂ ਬ੍ਰਾਹਮਣੀ ਰਸਮਾਂ ਨੂੰ ਗੁਰਬਾਣੀ ਦੀ ਕਸੌਟੀ ਉੱਪਰ ਪਰਖ ਕੇ ਤਿਆਗਣ ਅਤੇ ਸਿੱਖ ਪਛਾਣ ਦੀ ਵਿਲੱਖਣਤਾ ਦਾ ਪ੍ਰਚਾਰ ਕੀਤਾ। ਗੁਰਦੁਆਰਿਆਂ ਅੰਦਰ ਹੁੰਦੀ ਦੀਵਿਆਂ ਵਾਲੀ ਆਰਤੀ ਦਾ ਖੰਡਨ ਗਿਆਨੀ ਦਿੱਤ ਸਿੰਘ ਨੇ 'ਗੁਰਮਤਿ ਆਰਤੀ ਪ੍ਰਬੋਧ' ਲਿਖ ਕੇ ਕੀਤਾ। ਇਸ ਲਿਖਤ ਦੇ ਸ਼ੁਰੂ ਵਿਚ ਗਿਆਨੀ ਜੀ ਨੇ ਇਕ ਦੋਹਰਾ ਲਿਖ ਕੇ ਸਪੱਸ਼ਟ ਕਰ ਦਿੱਤਾ ਕਿ ਸਿੱਖ ਦਾ ਹਰ ਕਾਰਜ ਗੁਰਮਤਿ ਅਨੁਸਾਰ ਹੋਣਾ ਜਰੂਰੀ ਹੈ:

ਹੇ ਦਸਮੇਂ ਗੁਰਦੇਵ ਜੀ ਕਰਣਾ ਕਰੀਯਹੁ ਆਪ।
ਅਮ੍ਰਿਤ ਬਚਨ ਪਿਲਾਇਕੇ ਹਰ ਦੀਜੇ ਤ੍ਰਿਤਾਪ॥
ਸਗਲ ਜਗਤ ਬੰਧਨ ਤਜੈ ਲਹੈ ਗਯਾਨ ਸੁਖ ਸਾਰ।

---

[37] महर्षि दयानन्द सरस्वती, *सत्यार्थ प्रकाश*, दिल्ली: आर्ष साहित्य प्रचार ट्रस्ट, 65 वाँ संस्करण, 2018, पृष्ठ 293.

[38] ਇੰਦਰਜੀਤ ਸਿੰਘ ਗੋਗੋਆਣੀ (ਸੰਪਾ.), *ਗਿਆਨੀ ਦਿੱਤ ਸਿੰਘ ਰਚਨਾਵਲੀ (ਦੰਭ ਵਿਦਾਰਨ ਅਤੇ ਸਾਧੂ ਦਯਾਨੰਦ ਜੀ ਨਾਲ ਸੰਵਾਦ)*, ਅੰਮ੍ਰਿਤਸਰ: ਭਾ. ਚਤਰ ਸਿੰਘ ਜੀਵਨ ਸਿੰਘ, 2015, ਪੰਨਾ ਨੰ. 162.

[39] Nirmal Singh, *Imact of Singh Sabha Movement on Punjabi Literature*, Kartar Singh Suri (Supervisor), Ph.D. Theses, p. 180.

[40] ਕਾਨ੍ਹ ਸਿੰਘ ਨਾਭਾ, *ਗੁਰੁਮਤ ਸੁਧਾਕਰ*, ਪੰਨੇ ੲ-ਹ.

ਸਭ ਅਪਨੇ ਕਾਰਜ ਕਰੇਂ ਗੁਰਮਤ ਕੇ ਅਨੁਸਾਰ॥[41]

ਇਸ ਲਿਖਤ ਵਿਚ ਮਿਲ ਗੋਭਾ ਸਿੰਘ ਉਸ ਸਿੱਖ ਮਾਨਸਿਕਤਾ ਦਾ ਪ੍ਰਤੀਕ ਹੈ ਜੋ ਹਿੰਦੂ ਰਸਮਾਂ ਅਨੁਸਾਰ ਆਪਣੇ ਕਾਰ-ਵਿਹਾਰ ਕਰਦੀ ਸੀ ਜਦਕਿ ਖ਼ਾਲਸਾ ਗੁਰਮਤਿ ਦੇ ਸ਼ੁੱਧ ਸੰਦੇਸ਼ ਦਾ ਪ੍ਰਤੀਕ ਹੈ। ਜਦੋਂ ਸਿੰਘ ਸਭਾ ਦੇ ਚਿੰਤਕ ਇਨ੍ਹਾਂ ਅਨਮਤੀ ਰਸਮਾਂ ਦਾ ਖੰਡਨ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਲੱਗੇ ਤਾਂ ਮਿਲ ਗੋਭਾ ਸਿੰਘ ਕਹਿੰਦਾ ਹੈ:

ਇਹ ਤਾਂ ਤੁਸੀਂ ਚਲਾਉਂਦੇ ਨਵਾਂ ਤਰੀਕਾ ਹੋਰ।
ਕਿਹੜੀ ਵੱਲੇ ਮੋੜਦੇ ਏਸ ਪੰਥ ਦੀ ਡੋਰ॥੧੩॥
ਪਰੰਪਰਾ ਦੀ ਰੀਤ ਨੂੰ ਲੱਗੇ ਅੱਜ ਹਟਾਨ।
ਜਿਸ ਦੇ ਰੋਕਨ ਤੇ ਮਚੂ ਐਵੇਂ ਕੁਝ ਤੁਫਾਨ॥੧੪॥[42]

ਇਸ ਦਾ ਖੰਡਨ ਕਰਦੇ ਹੋਏ ਖ਼ਾਲਸਾ ਜਵਾਬ ਦਿੰਦਾ ਹੈ:

ਪਰੰਪਰਾ ਤੇ ਨਾਹੀਂ ਮਿਤ। ਇਹ ਤੂੰ ਸਮਝੀਂ ਅਪਨੇ ਚਿੱਤ॥
ਜਦ ਤਕ ਪੰਥ ਗੁਰੂ ਦਾ ਪਿਆਰਾ। ਅੰਨਮਤਾਂ ਤੇ ਰਿਹਾ ਨਯਾਰਾ॥
ਤਦ ਤਕ ਇਹ ਸਾਰੀ ਬੁਰਿਆਈ। ਨਹੀਂ ਪੰਥ ਅੰਦਰ ਸੀ ਆਈ॥
ਪਰ ਮਿਲ ਗੋਭਾ ਹੋ ਗਿਆ। ਗੁਰਮਤ ਤਯਾਗ ਏਸ ਨੇ ਦਿਆ॥
ਤਦ ਥੋਂ ਐਸੇ ਕਈ ਬਖੇੜੇ। ਆਕੇ ਪਏ ਨਕੰਮੇ ਝੇੜੇ॥
ਸ੍ਰੀ ਅੰਮ੍ਰਿਤਸਰ ਜੀ ਦੇ ਅੰਦਰ। ਪਰਮ ਪੁਨੀਤ ਅਹੇ ਹਰਿਮੰਦਰ॥...
ਇਸ ਵਿਚ ਪਹਲੇ ਸਿੰਘ ਪਯਾਰੇ। ਜੋਸਨ ਹਠੀਏ ਸਿਦਕੀ ਭਾਰੇ॥
ਤਿਨ੍ਹਾਂ ਨਾ ਦੀਵੇ ਕਦੇ ਜਲਾਏ। ਥਾਲੀ ਪਾਕੇ ਨਾ ਸੀ ਭਵਾਏ॥
ਪਰ ਜਦ ਉਹ ਗੁਰ ਪੁਰ ਨੂੰ ਗਏ। ਦੂਜੇ ਸਿੰਘ ਟਹਲੂਏ ਭਏ॥
ਤਦ ਤਿਨ ਅੰਨਮਤੀ ਦੀ ਰੀਸੇ। ਏਹ ਕੁਰੀਤ ਲਈ ਪਾ ਖੀਸੇ॥...
ਪਏ ਥਾਲੀਆਂ ਸਿੰਘ ਘੁਮਾਉਨ। ਨਾਉਂ ਆਰਤੀ ਓਸ ਠਰਾਉਨ॥
ਹੈ ਇਹ ਸਰੋ ਸਰੀ ਅਗਯਾਨ। ਰੰਚ ਨ ਗੁਰਮਤ ਇਸ ਵਿਚ ਜਾਨ॥੧੮॥[43]

ਹਰ ਧਰਮ ਦੇ ਸੰਸਕਾਰ ਅਤੇ ਮਰਯਾਦਾ ਉਸ ਦੀ ਪਛਾਣ ਦਾ ਮੂਲ ਧੁਰਾ ਹੁੰਦੇ ਹਨ। ਰਹਿਤ-ਮਰਯਾਦਾ ਵਾਲੇ ਭਾਗ ਵਿਚ ਜ਼ਿਕਰ ਹੋ ਚੁੱਕਾ ਹੈ ਕਿ ਕਿਸ ਤਰ੍ਹਾਂ ਸਿੱਖ ਪਛਾਣ ਦੇ ਮੂਲ ਧੁਰੇ ਉੱਪਰ ਸਨਾਤਨ ਹਿੰਦੂ ਰਸਮਾਂ ਭਾਰੂ

[41] ਇੰਦਰਜੀਤ ਸਿੰਘ ਗੋਗੋਆਣੀ (ਸੰਪਾ.), *ਗਿਆਨੀ ਦਿੱਤ ਸਿੰਘ ਰਚਨਾਵਲੀ: ਧਰਮ ਤੇ ਫਲਸਫ਼ਾ (ਨਕਲੀ ਸਿੱਖ ਪ੍ਰਬੋਧ, ਗੁਰਮਤਿ ਆਰਤੀ ਪ੍ਰਬੋਧ, ਧਰਮ ਦਰਪਨ, ਡਰਪੋਕ ਸਿੰਘ ਦਲੇਰ ਸਿੰਘ)*, ਪੰਨਾ 150.
[42] ਉਹੀ, ਪੰਨਾ 156.
[43] ਉਹੀ, ਪੰਨਾ 157.

ਹੋ ਗਈਆਂ ਸਨ ਅਤੇ ਸਿੱਖ ਚਿੰਤਕਾਂ ਨੇ ਕਿਸ ਤਰ੍ਹਾਂ ਇਨ੍ਹਾਂ ਪ੍ਰਤੀ ਸਿੱਖਾਂ ਅੰਦਰ ਚੇਤਨਤਾ ਪੈਦਾ ਕੀਤੀ। ਇੱਥੇ ਲਾਵਾਂ ਸੰਬੰਧੀ ਇਕ ਉਦਾਹਰਨ ਵਿਚਾਰੀ ਜਾ ਸਕਦੀ ਹੈ। ਸਿੰਘ ਸਭਾ ਲਹਿਰ ਤੋਂ ਪਹਿਲਾਂ ਅਨੰਦ ਕਾਰਜ ਦੀ ਰਸਮ ਵਿਚ ਕਮੀ ਆ ਗਈ ਸੀ। ਸਿੱਖ ਆਪਣੇ ਬੱਚਿਆਂ ਦੇ ਵਿਆਹ ਸਨਾਤਨੀ ਰਸਮਾਂ ਅਨੁਸਾਰ ਕਰਨ ਲੱਗ ਪਏ ਸਨ[44] ਅਤੇ 'ਲਾਵਾਂ' ਬਾਣੀ ਨੂੰ ਸਿਰਫ਼ ਪਰਮਾਰਥ ਸਮਝ ਲਿਆ ਗਿਆ ਸੀ।[45] ਗਿਆਨੀ ਦਿੱਤ ਸਿੰਘ ਨੇ 'ਨਕਲੀ ਸਿੱਖ ਪ੍ਰਬੋਧ' ਵਿਚ ਲਾਵਾਂ ਦੀ ਵਿਆਖਿਆ ਅਜਿਹੇ ਸੁਚੱਜੇ ਢੰਗ ਨਾਲ ਕਰ ਕੇ ਇਸ ਭੁਲੇਖੇ ਨੂੰ ਦੂਰ ਕੀਤਾ ਕਿ ਲਾਵਾਂ ਵਿਚ ਸਿਰਫ਼ ਪਰਮਾਰਥ ਹੈ। ਇਸ ਸੰਬੰਧੀ ਉਨ੍ਹਾਂ ਪਹਿਲੀ ਲਾਂਵ ਦੀ ਵਿਆਖਿਆ ਬਾਰੇ ਲਿਖਿਆ ਹੈ, "ਇਸ ਪਹਿਲੀ ਲਾਂਵ ਵਿਚ ਇਸਤ੍ਰੀ ਪੁਰਖ ਨੂੰ ਪ੍ਰਵਿਰਤੀ ਦੀ ਮਰਯਾਦਾ ਦੱਸੀ ਗਈ ਹੈ ਜਿਸਤੇ ਪਰਮਾਤਮਾਂ ਦਾ ਗਯਾਨ ਬਾਣੀ ਦੁਵਾਰਾ ਜੋ ਧਰਮ ਹੈ ਦਿੜ੍ਹਾਕੇ ਦੁਰਾਚਾਰ, ਜੋ ਮਹਾਂ ਪਾਪ ਹੈ, ਤਿਆਗਨ ਕਰਾਇਆ ਗਿਆ ਹੈ; ਅਰਥਾਤ ਦੱਸਿਆ ਗਿਆ ਹੈ ਕਿ ਇਹ ਤੇਰਾ ਪਤੀ ਅਰ ਇਹ ਤੇਰੀ ਸੁਪਨਤੀ ਹੈ ਇਸ ਤੇ ਬਿਨਾਂ ਅੰਨ ਇਸਤ੍ਰੀ ਪੁਰਖ ਨਾਲ ਸੁਨੇਹ ਕਰਨਾ ਦੁਰਾਚਾਰ ਸਦਾਉਂਦਾ ਹੈ, ਤਾਂਤੇ ਤੁਸੀਂ ਇਸ ਧਰਮ ਨੂੰ ਦ੍ਰਿੜ੍ਹ ਕਰਕੇ ਅਕਾਲ ਪੁਰਖ ਦੇ ਨਾਮ ਦਾ ਅਰਾਧਨ ਕਰੋ ਜੋ ਪੁਰਾਣੇ ਮਹਾਤਮਾਂ ਭੀ ਦ੍ਰਿੜ੍ਹ ਕਰਦੇ ਆਏ ਹਨ, ਇਸ ਅਰਾਧਨ ਦੇ ਸਮਯ ਪਰ ਸਤਿਗੁਰੂ ਅਰਥਾਤ ਸਭ ਤੇ ਮਹਾਨ ਪਰਮਾਤਮਾ ਦਾ ਧਿਆਨ ਕਰਕੇ ਪਾਪਾਂ ਦਾ ਖੰਡਨ ਕਰੋ, ਜਿਸ ਤੇ ਤੁਸੀਂ ਸੁਭਾਗੀ ਹੋ ਕੇ ਪਰਮਾਤਮਾਂ ਨੂੰ ਹੀ ਮਿੱਠਾ ਖ਼ਆਲ ਕਰੋ, ਅਰਥਾਤ ਨਿਰਾ ਵਿਖਯ ਸੁਖ ਨੂੰ ਹੀ ਮਿੱਠਾ ਨਾ ਜਾਨ ਲੈਨਾ॥ "[46]

ਇਸ ਤਰ੍ਹਾਂ ਚਾਰਾਂ ਲਾਵਾਂ ਦਾ ਅਰਥ ਦੱਸ ਕੇ ਸਮਝਾਇਆ ਹੈ ਕਿ ਸਿੱਖਾਂ ਲਈ ਅਨੰਦ ਦੀ ਰਸਮ ਗੁਰੂ ਸਾਹਿਬਾਨ ਨੇ ਸ਼ੁਰੂ ਕੀਤੀ ਸੀ ਅਤੇ ਹਰ ਸਿੱਖ ਲਈ ਆਪਣੇ ਬੱਚਿਆਂ ਦਾ ਵਿਆਹ ਇਸ ਰਸਮ ਅਨੁਸਾਰ ਕਰਨਾ ਲਾਜ਼ਮੀ ਹੈ। ਇਸ ਨਾਲ ਸਿੱਖਾਂ ਦੀ ਵਿਲੱਖਣਤਾ ਦਾ ਪਤਾ ਲੱਗਦਾ ਹੈ ਅਤੇ ਸਿੱਖ ਅਨਮਤੀ ਰਸਮਾਂ ਵਿਚ ਰੁੱਝ ਕੇ ਮਿਲਗੋਭਾ ਨਹੀਂ ਬਣਦੇ। ਇਸ ਤਰ੍ਹਾਂ ਸਿੰਘ ਸਭਾ ਲਹਿਰ ਨੇ ਹਿੰਦੂ ਧਰਮ ਨਾਲੋਂ ਸਿੱਖ ਪਛਾਣ ਦੇ ਨਿਆਰੇਪਣ ਨੂੰ ਦ੍ਰਿੜ ਕਰਨ ਲਈ ਸ਼ਲਾਘਾਯੋਗ ਕਾਰਜ ਕੀਤੇ, ਜੋ ਇਸ ਲਹਿਰ ਦੀ ਮਹੱਤਵਪੂਰਨ ਪ੍ਰਾਪਤੀ ਹੈ।

**5.3.2. ਮਸੀਹੀ ਮਿਸ਼ਨਰੀਆਂ ਨੂੰ ਜਵਾਬ:** ਸਿੰਘ ਸਭਾ ਲਹਿਰ ਸਮੇਂ ਸਿੱਖਾਂ ਨੂੰ ਆਪਣੀ ਵੱਖਰੀ ਪਛਾਣ ਕਾਇਮ ਰੱਖਣ ਲਈ ਸਿਰਫ਼ ਹਿੰਦੂਆਂ ਨਾਲ ਹੀ ਨਹੀਂ ਸਗੋਂ ਮਸੀਹੀ ਪ੍ਰਚਾਰਕਾਂ ਨਾਲ ਵੀ ਸੰਘਰਸ਼ ਕਰਨਾ ਪਿਆ। ਈਸਟ ਇੰਡੀਆ ਕੰਪਨੀ ਦੇ ਅਧਿਕਾਰੀਆਂ ਨੇ ਭਾਰਤ ਅੰਦਰ ਸੌ ਕੁ ਸਾਲ ਤੱਕ ਮਸੀਹੀ ਮਿਸ਼ਨਰੀਆਂ ਦੀਆਂ ਪ੍ਰਚਾਰਕ ਸਰਗਰਮੀਆਂ ਵਿਚ ਕੋਈ ਦਿਲਚਪਮੀ ਨਹੀਂ ਦਿਖਾਈ। 1835-36 ਈ. ਤੋਂ ਬਾਅਦ ਉਨ੍ਹਾਂ ਦੇ ਰਵੱਈਏ ਵਿਚ ਤਬਦੀਲੀ ਆ ਗਈ। ਸਰਕਾਰ ਦੇ ਰਾਜਨੀਤਿਕ ਵਕੀਲ ਕੈਪਟਨ ਵੈੱਡ ਦੁਆਰਾ ਲੁਧਿਆਣੇ ਵਿਖੇ ਸ਼ੁਰੂ ਕੀਤੇ ਸਕੂਲ

---

44 ਗੁਰਦਿੱਤ ਸਿੰਘ, "ਸਿੰਘ ਸਭਾ ਲਹਿਰ ਦੀ ਦੇਣ", *ਸਿੰਘ ਸਭਾ ਪਤ੍ਰਿਕਾ,* ਗੁਰਦਿੱਤ ਸਿੰਘ (ਸੰਪਾ.), ਪੰਨਾ 30.

45 Nirmal Singh, *Imact of Singh Sabha Movement on Punjabi Literature*, Kartar Singh Suri (Supervisor), Ph.D. Theses, p. 190.

46 ਇੰਦਰਜੀਤ ਸਿੰਘ ਗੋਗੋਆਣੀ (ਸੰਪਾ.), *ਗਿਆਨੀ ਦਿੱਤ ਸਿੰਘ ਰਚਨਾਵਲੀ: ਧਰਮ ਤੇ ਫਲਸਫ਼ਾ (ਨਕਲੀ ਸਿੱਖ ਪ੍ਰਬੋਧ, ਗੁਰਮਤਿ ਆਰਤੀ ਪ੍ਰਬੋਧ, ਧਰਮ ਦਰਪਨ, ਡਰਪੋਕ ਸਿੰਘ ਦਲੇਰ ਸਿੰਘ),* ਪੰਨਾ ਨੰ. 54.

ਨੂੰ ਪੰਜਾਬ ਅੰਦਰ ਮਸੀਹੀਅਤ ਦੇ ਪ੍ਰਚਾਰ ਲਈ ਅਮਰੀਕਨ ਪ੍ਰੇਸਬੀਟੇਰੀਅਨ ਮਿਸ਼ਨ ਦੇ ਪਾਦਰੀ ਜੌਹਨ ਲੌਰੀ ਦੇ ਹਵਾਲੇ ਕਰ ਦਿੱਤਾ ਗਿਆ।[47]

ਸਰਕਾਰੀ ਸਹਾਇਤਾ ਨਾਲ ਮਸੀਹੀ ਮਿਸ਼ਨ ਨੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਸਕੂਲ ਖੋਲ੍ਹੇ ਅਤੇ ਲੁਧਿਆਣੇ ਇਕ ਪ੍ਰੈੱਸ ਵੀ ਸਥਾਪਿਤ ਕੀਤੀ। 1849 ਈ. ਵਿਚ ਪੰਜਾਬ ਨੂੰ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੇ ਰਾਜ ਵਿਚ ਮਿਲਾਉਣ ਤੋਂ ਬਾਅਦ ਮਸੀਹੀ ਮਿਸ਼ਨਰੀਆਂ ਦੀਆਂ ਪ੍ਰਚਾਰਕ ਸਰਗਰਮੀਆਂ ਵਿਚ ਤੇਜ਼ੀ ਆ ਗਈ। ਉਨ੍ਹਾਂ ਸਿੱਖ ਪਛਾਣ ਸੰਬੰਧੀ ਕਈ ਤਰ੍ਹਾਂ ਦੇ ਭੁਲੇਖੇ ਪੈਦਾ ਕਰ ਕੇ ਸਿੱਖਾਂ ਨੂੰ ਸਿੱਖੀ ਤੋਂ ਪਤਿਤ ਕਰਨਾ ਸ਼ੁਰੂ ਕਰ ਦਿੱਤਾ। ਐਲਵੁਡ ਮੌਰਿਸ (Alwood Mooris) ਅਨੁਸਾਰ ਪਿੰਡਾਂ ਦੇ ਦੱਬੇ-ਕੁਚਲੇ ਲੋਕ ਮਸੀਹੀ ਧਰਮ ਵੱਲ ਤੇਜ਼ੀ ਨਾਲ ਖਿੱਚੇ ਗਏ ਅਤੇ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਲਾਲਚ ਅਤੇ ਸਹੂਲਤਾਂ ਦੇ ਕੇ ਮਸੀਹੀ ਬਣਾਇਆ ਜਾਣ ਲੱਗਾ।[48] ਮਸੀਹੀ ਮਿਸ਼ਨਰੀਆਂ ਦੀਆਂ ਸਰਗਰਮੀਆਂ ਦਾ ਅਸਰ ਸਿੱਖ ਮਨ ਉੱਪਰ ਬਹੁਤ ਡੂੰਘਾ ਪਿਆ ਅਤੇ ਆਮ ਲੋਕਾਂ ਦੇ ਨਾਲ-ਨਾਲ ਕਈ ਉੱਘੇ ਸਿੱਖ ਵੀ ਮਸੀਹੀਅਤ ਨੂੰ ਅਪਣਾ ਗਏ। ਅਜਮੇਰ ਸਿੰਘ ਦੇ ਕਥਨ ਅਨੁਸਾਰ, "ਈਸਾਈ ਪਰਚਾਰਕ ਸਰਗਰਮੀਆਂ ਵਿੱਚ ਆਈ ਤੇਜ਼ੀ ਨੇ ਹਾਰ ਦੀ ਮਧੋਲੀ ਸਿੱਖ ਕੌਮ ਨੂੰ ਨਵਾਂ ਧੁੜਕੂ ਲਾ ਦਿੱਤਾ। ਈਸਾਈ ਮਤ ਗ੍ਰਹਿਣ ਕਰਨ ਵਾਲੇ ਸਿੱਖਾਂ ਦੀ ਗਿਣਤੀ ਭਾਵੇਂ ਜ਼ਿਆਦਾ ਨਹੀਂ ਸੀ ਪਰ ਸਿੱਖ ਮਨ ਉੱਤੇ ਇਸ ਦਾ ਘਾਉ ਬਹੁਤ ਗਹਿਰਾ ਲੱਗਾ। ਕਾਰਨ ਇਹ ਕਿ ਧਰਮ ਬਦਲੀ ਕਰਨ ਵਾਲੇ ਕੋਈ ਸਾਧਾਰਨ ਸਿੱਖ ਨਹੀਂ ਸਨ ਸਗੋਂ ਬਹੁਤ ਹੀ ਬਾਰਸੂਖ਼ ਤੇ ਖ਼ਾਨਦਾਨੀ ਲੋਕ ਸਨ। ਮਹਾਰਾਜਾ ਦਲੀਪ ਸਿੰਘ ਅਤੇ ਕਪੂਰਥਲਾ ਰਾਜਘਰਾਣੇ ਦੇ ਕੰਵਰ ਹਰਨਾਮ ਸਿੰਘ ਵੱਲੋਂ ਮਸੀਹੀ ਧਰਮ ਗ੍ਰਹਿਣ ਕਰ ਲੈਣ ਦੀਆਂ ਇੱਕਾ ਦੁੱਕਾ ਘਟਨਾਵਾਂ ਨੇ ਸਿੱਖ ਜਗਤ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਨਾਲ ਸਿੱਖੀ ਦੇ ਵਕਾਰ ਤੇ ਪ੍ਰੰਪਰਾ ਨੂੰ ਜੋ ਗਹਿਰੀ ਠੇਸ ਪਹੁੰਚੀ, ਉਹ ਸਿੱਖ ਮਨ ਹੀ ਜਾਣਦਾ ਸੀ।"[49]

9 ਫਰਵਰੀ, 1852 ਈ. ਨੂੰ ਪੰਜਾਬ ਅੰਦਰ ਚਰਚ ਮਿਸ਼ਨਰੀ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਗਈ ਅਤੇ ਇਸ ਦਾ ਮੁੱਖ ਕੇਂਦਰ ਅੰਮ੍ਰਿਤਸਰ ਸਾਹਿਬ ਵਿਖੇ ਸਥਾਪਿਤ ਕੀਤਾ ਗਿਆ ਗਿਆ। ਇਸ ਐਸੋਸੀਏਸ਼ਨ ਦੇ ਸਿੱਖੀ ਉੱਪਰ ਪਏ ਪ੍ਰਭਾਵ ਨੂੰ ਸਪਸ਼ਟ ਕਰਦੇ ਹੋਏ ਜਗਜੀਤ ਸਿੰਘ ਲਿਖਦੇ ਹਨ, "ਪਾਦਰੀਆਂ ਰਾਹੀਂ ਸਿਖੀ ਉਪਰ ਅਸਹਿ ਵਾਰ ਸ਼ੁਰੂ ਹੋ ਗਏ। ਅਨੇਕ ਮਨ-ਘੜਤ ਕਹਾਣੀਆਂ ਬਣਾ-ਬਣਾ ਕੇ ਸਿਖਾਂ ਨੂੰ ਸਿਖੀਓਂ ਪਤਿਤ ਕੀਤਾ ਜਾ ਰਿਹਾ ਸੀ।...ਕੁਝ ਚਾਲਾਕੀ ਨਾਲ, ਕੁਝ ਲੋਭ ਨਾਲ ਤੇ ਕੁਝ ਡਰ ਕਰ ਕੇ ਸਿਖਾਂ ਨੂੰ ਹਰ ਹੀਲੇ ਪਤਿਤ ਕੀਤਾ ਜਾ ਰਿਹਾ ਸੀ। ਸਿਖਾਂ ਦੇ ਰਾਜ ਵਿਚ ਹਲਵੇ ਮੰਡੇ ਦੇ ਯਾਰ ਸਿਖ ਸਜੇ ਹੋਏ ਤਾਂ ਦਿਨਾਂ ਵਿਚ ਹੀ ਰਾਮ ਰਾਮ, ਤੋਬਾ ਤੋਬਾ ਤੇ ਯਸੂਅ ਮਸੀਹ ਦੇ ਭਗਤ ਹੋ ਗਏ। ਏਥੋਂ ਤੱਕ ਕਿ ਤਿੰਨਾਂ ਵਰਿਆਂ ਵਿਚ ਇਨਾਂ 375 ਪਿੰਡਾਂ ਵਿਚ ਅੱਡੇ ਬਣਾ ਕੇ

---

[47] ਪਰਮਿੰਦਰ ਸਿੰਘ, *ਇਸਾਈ ਮਿਸ਼ਨਰੀਆਂ ਦਾ ਪੰਜਾਬੀ ਸਾਹਿਤ ਵਿਚ ਯੋਗਦਾਨ*, ਲੁਧਿਆਣਾ: ਲਾਹੌਰ ਬੁਕ ਸ਼ਾਪ, 1987, ਪੰਨਾ 86.

[48] Alwood Mooris, *History of Our Missions in India*, (Qouted by) ਹਰਜਿੰਦਰ ਸਿੰਘ ਦਿਲਗੀਰ, *ਸਿੱਖ ਤਵਾਰੀਖ਼, ਭਾਗ ਤੀਜਾ*, ਬੈਲਜਿਅਮ: ਸਿੱਖ ਯੂਨੀਵਰਸਿਟੀ ਪ੍ਰੈਸ, 2008, ਪੰਨਾ 700.

[49] ਅਜਮੇਰ ਸਿੰਘ, *ਵੀਹਵੀਂ ਸਦੀ ਦੀ ਸਿੱਖ ਰਾਜਨੀਤੀ (ਇਕ ਗ਼ੁਲਾਮੀ ਤੋਂ ਦੂਜੀ ਗ਼ੁਲਾਮੀ ਤੱਕ)*, ਪੰਨਾ 6.

27000 ਸਰਧਾਲੂ ਬਣਾ ਲਏ ਜਿਨ੍ਹਾਂ ਵਿਚੋਂ ਦੋ ਤਿਹਾਈ ਈਸਾਈ ਮਤ ਗ੍ਰਹਿਣ ਕਰ ਚੁੱਕੇ ਸਨ ਤੇ ਚਾਰ ਕੁ ਹਜ਼ਾਰ ਇਸ ਕੰਮ ਲਈ ਤਿਆਰ ਸਨ।"[50]

ਮਸੀਹੀ ਮਿਸ਼ਨਰੀਆਂ ਵੱਲੋਂ ਸਿੱਖ ਪਛਾਣ ਨੂੰ ਢਾਹ ਲਗਾਉਣ ਦੇ ਖ਼ਤਰੇ ਨੂੰ ਅਨੁਭਵ ਕਰ ਕੇ ਸਿੰਘ ਸਭਾ ਦੇ ਆਗੂਆਂ ਨੇ ਸਿੱਖ ਪਛਾਣ ਨੂੰ ਕਾਇਮ ਰੱਖਣ ਅਤੇ ਦ੍ਰਿੜ ਕਰਵਾਉਣ ਵਾਲਾ ਸਾਹਿਤ ਰਚਿਆ ਅਤੇ ਉਸ ਦਾ ਪ੍ਰਚਾਰ ਕੀਤਾ। ਸਿੰਘ ਸਭਾ ਸ਼ਿਮਲਾ ਦੇ ਪ੍ਰਚਾਰਕ ਭਾਈ ਗੰਗਾ ਸਿੰਘ ਨੇ 'ਈਸਾਈ ਪ੍ਰਬੋਧ' ਲਿਖ ਕੇ ਉਸ ਵਿਚ ਇਕ ਸਿੱਖ ਤੇ ਮਸੀਹੀ ਦੀ ਵਾਰਤਾਲਾਪ ਕਰਵਾ ਕੇ ਮਸੀਹੀ ਮਿਸ਼ਨਰੀਆਂ ਦੇ ਪ੍ਰਚਾਰ ਦਾ ਖੰਡਨ ਕੀਤਾ ਅਤੇ ਸਿੱਖ ਪਛਾਣ ਦੀ ਵਿਲੱਖਣਤਾ ਲਈ ਦਲੀਲਾਂ ਨਾਲ ਮਸੀਹੀ ਨੂੰ ਨਿਰੁੱਤਰ ਕਰ ਦਿੱਤਾ।[51] ਖ਼ਾਲਸਾ ਟ੍ਰੈਕਟ ਸੁਸਾਇਟੀ ਨੇ ਵੀ ਕੁਝ ਟ੍ਰੈਕਟ ਛਾਪ ਕੇ ਮਸੀਹੀ ਮਿਸ਼ਨਰੀਆਂ ਵੱਲੋਂ ਸਿੱਖ ਪਛਾਣ ਸੰਬੰਧੀ ਪਾਏ ਜਾ ਰਹੇ ਭੁਲੇਖਿਆਂ ਨੂੰ ਦੂਰ ਕੀਤਾ। ਜਿਨ੍ਹਾਂ ਵਿਚੋਂ 'ਸੱਚਾ ਗੁਰੂ', 'ਸੁਖਵੰਤੀ ਚਿੰਤਾਮਣੀ', 'ਧੋਖੇ ਤੋਂ ਬਚੋ', 'ਇਕ ਕੰਨਯਾਂ ਦੇ ਦੁਖੜੇ', 'ਜੋ ਪੱਟੀ ਸੁਆਦੋਂ ਪੱਟੀ' ਆਦਿ ਪ੍ਰਮੁੱਖ ਹਨ। 'ਸੱਚਾ ਗੁਰੂ' ਨਾਂ ਦੇ ਟ੍ਰੈਕਟ ਵਿਚ ਗੁਰੂ ਨਾਨਕ ਸਾਹਿਬ ਨੂੰ ਸੱਚੇ ਗੁਰੂ ਦੇ ਰੂਪ ਵਿਚ ਪੇਸ਼ ਕਰਦੇ ਹੋਏ ਲਿਖਿਆ ਹੈ, "ਗੁਰੂ ਨਾਨਕ ਦੇਵ ਸੱਚਾ ਗੁਰੂ ਹੈ। ਗੁਰੂ ਨਾਨਕ ਦੇਵ ਵਰਗਾ ਸੱਜਣ ਮਹਾਤਮਾ ਸੱਚਾ, ਨਿਸ਼ਕਪਟ, ਸਹਾਯਕ ਅਤੇ ਰਖਯਕ ਹੋਰ ਕੋਈ ਨਹੀਂ ਹੈ।"[52] ਇਨ੍ਹਾਂ ਟ੍ਰੈਕਟਾਂ ਰਾਹੀਂ ਵਾਰਤਾਲਾਪੀ ਢੰਗ, ਸ਼ੈਲੀ ਤੇ ਲਹਿਜ਼ਾ ਮਸੀਹੀ ਪ੍ਰਚਾਰਕਾਂ ਵਾਲਾ ਹੀ ਰੱਖ ਕੇ ਮਸੀਹੀ ਮਿਸ਼ਨਰੀਆਂ ਦੇ ਦਾਅਵੇ ਦਾ ਖੰਡਨ ਕੀਤਾ ਗਿਆ ਅਤੇ ਸਿੱਖ ਪਛਾਣ ਦੀ ਵਿਲੱਖਣਤਾ ਨੂੰ ਪ੍ਰਚਾਰਿਆ ਗਿਆ।

ਸਿੰਘ ਸਭਾ ਲਹਿਰ ਦੇ ਇਸ ਤਰ੍ਹਾਂ ਦੇ ਪ੍ਰਚਾਰ ਦਾ ਸਿੱਖ ਮਨਾਂ ਉੱਪਰ ਉਸਾਰੂ ਪ੍ਰਭਾਵ ਪਿਆ। 1881 ਈ. ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਪੰਜਾਬ ਦੇ ਪੰਜ ਕੇਂਦਰੀ ਜ਼ਿਲ੍ਹਿਆਂ ਅੰਦਰ ਦਸਾਂ ਸਾਲਾਂ ਦੌਰਾਨ ਸਿੱਖਾਂ ਦੀ ਗਿਣਤੀ ਵਿਚ ਚਾਰ ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਸੀ ਜਦੋਂ ਕਿ ਇਸ ਅਰਸੇ ਦੌਰਾਨ ਇਨ੍ਹਾਂ ਜ਼ਿਲ੍ਹਿਆਂ ਅੰਦਰ ਕੁੱਲ ਵਸੋਂ ਵਿਚ ਸਾਢੇ ਚਾਰ ਫ਼ੀਸਦੀ ਦਾ ਵਾਧਾ ਹੋਇਆ ਸੀ। ਸਿੰਘ ਸਭਾ ਲਹਿਰ ਦੇ ਸ਼ੁਰੂ ਹੋਣ ਅਤੇ ਇਸ ਦੁਆਰਾ ਪੈਦਾ ਕੀਤੀ ਜਾਗ੍ਰਿਤੀ ਨਾਲ ਸਿੱਖਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋਇਆ ਅਤੇ ਸਿੱਖ ਅਨਮਤਾਂ ਨੂੰ ਤਿਆਗ ਕੇ ਮੁੜ ਸਿੱਖੀ ਨੂੰ ਅਪਣਾਉਣ ਲੱਗੇ। 1901 ਈ. ਤੋਂ ਲੈ ਕੇ 1911 ਈ. ਤੱਕ ਪੰਜਾਬ ਅੰਦਰ ਸਿੱਖਾਂ ਦੀ ਗਿਣਤੀ ਵਿਚ ਲਗਭਗ 8 ਲੱਖ ਦਾ ਵਾਧਾ ਦਰਜ ਕੀਤਾ ਗਿਆ ਅਤੇ ਪੰਜਾਬ ਅੰਦਰ ਸਿੱਖਾਂ ਦੀ ਗਿਣਤੀ 21 ਲੱਖ ਤੋਂ 29 ਲੱਖ ਤੱਕ ਪਹੁੰਚ ਗਈ।[53]

22 ਅਪ੍ਰੈਲ, 1905 ਈ. ਦਾ ਖ਼ਾਲਸਾ ਐਡਵੋਕੇਟ ਲਿਖਦਾ ਹੈ, "ਤਰਨਤਾਰਨ ਗੁਰਦੁਆਰੇ ਦੇ ਇੱਕ ਬੁੰਗੇ ਦੇ ਕਾਬਜ਼ ਸਾਹਿਬਾਨਾਂ ਨੇ ਮਸੀਹੀ ਮਤ ਨੂੰ ਕਬੂਲ ਕਰਕੇ ਦੀਵਾਰ ਤੇ ਕਰਾਸ ਦਾ ਨਿਸ਼ਾਨ ਲਟਕਾ ਦਿੱਤਾ। ਇਸ ਨੂੰ ਚੋਪਾਲ ਬਣਾ ਦਿੱਤਾ। ਪਰ ਇਨ੍ਹਾਂ ਘਟਨਾਵਾਂ ਦੇ ਬਾਵਜੂਦ ਵੀ ਸਿੰਘ ਸਭਾ ਦੇ ਯਤਨਾਂ ਨਾਲ ਸਿੱਖ ਧਰਮ ਦਾ ਤੇਜ਼ੀ

[50] ਜਗਜੀਤ ਸਿੰਘ, *ਸਿੰਘ ਸਭਾ ਲਹਿਰ,* ਪੰਨੇ 6-7.
[51] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ,* ਪੰਨਾ 186.
[52] ਉਹੀ, ਪੰਨਾ 187.
[53] ਅਜਮੇਰ ਸਿੰਘ, *ਵੀਹਵੀਂ ਸਦੀ ਦੀ ਸਿੱਖ ਰਾਜਨੀਤੀ (ਇਕ ਗ਼ੁਲਾਮੀ ਤੋਂ ਦੂਜੀ ਗ਼ੁਲਾਮੀ ਤੱਕ)*, ਪੰਨਾ 18.

ਨਾਲ ਪ੍ਰਸਾਰ ਹੋਇਆ ਅਤੇ ਸਿੰਘ ਸਭਾਵਾਂ ਸਿੱਖਾਂ ਵਿੱਚ ਮਸੀਹੀ ਮਤ ਦੇ ਪ੍ਰਭਾਵ ਖ਼ਤਮ ਕਰਨ ਵਿੱਚ ਸਫ਼ਲ ਹੋ ਗਈਆਂ।"[54] ਇਸ ਤਰ੍ਹਾਂ ਸਿੰਘ ਸਭਾ ਲਹਿਰ ਦੁਆਰਾ ਪੈਦਾ ਕੀਤੀ ਧਾਰਮਿਕ ਚੇਤਨਾ ਸਦਕਾ ਜਿੱਥੇ ਸਿੱਖ ਆਪਣੀ ਵਿਲੱਖਣ ਪਛਾਣ ਨੂੰ ਦ੍ਰਿੜਤਾ ਨਾਲ ਪ੍ਰਚਾਰਨ ਵਿਚ ਕਾਮਯਾਬ ਹੋਏ, ਉੱਥੇ ਨਾਲ ਹੀ ਉਹ ਆਪਣੇ ਘਰ ਨੂੰ ਮਸੀਹੀਅਤ ਦੇ ਪ੍ਰਭਾਵ ਤੋਂ ਸੁਰੱਖਿਅਤ ਰੱਖਣ ਵਿਚ ਕਾਮਯਾਬ ਰਹੇ।

**5.3.3. ਅਹਿਮਦੀਆ ਲਹਿਰ ਅਤੇ ਸਿੰਘ ਸਭਾ ਲਹਿਰ:** ਉਨ੍ਹੀਵੀਂ ਸਦੀ ਵਿਚ ਪੰਜਾਬ ਦੀ ਧਰਤੀ 'ਤੇ ਉੱਠੀਆਂ ਧਾਰਮਿਕ ਅਤੇ ਸੁਧਾਰਕ ਲਹਿਰਾਂ ਵਿਚੋਂ ਮੁਸਲਮਾਨ ਭਾਈਚਾਰੇ ਵਿਚ ਪੈਦਾ ਹੋਈ ਅਹਿਮਦੀਆ ਲਹਿਰ ਇਕ ਪ੍ਰਮੁੱਖ ਲਹਿਰ ਸੀ। ਇਸ ਲਹਿਰ ਦੇ ਬਾਨੀ ਮਿਰਜ਼ਾ ਗੁਲਾਮ ਅਹਿਮਦ ਦਾ ਜਨਮ 15 ਫਰਵਰੀ, 1836 ਈ. ਨੂੰ ਕਾਦੀਆਂ (ਜ਼ਿਲ੍ਹਾ ਗੁਰਦਾਸਪੁਰ, ਪੰਜਾਬ) ਵਿਖੇ ਮਿਰਜ਼ਾ ਗ਼ੁਲਾਮ ਮੁਰਤਜਾ ਦੇ ਘਰ ਚਿਰਾਗ਼ ਬੀਬੀ ਦੀ ਕੁੱਖੋਂ ਹੋਇਆ।[55] ਮਿਰਜ਼ਾ ਗ਼ੁਲਾਮ ਅਹਿਮਦ ਨੇ ਅੱਠਵੀਂ ਤੱਕ ਵਿੱਦਿਆ ਪ੍ਰਾਪਤ ਕੀਤੀ। ਉਨ੍ਹਾਂ ਨੂੰ ਫ਼ਾਰਸੀ, ਉਰਦੂ ਤੇ ਪੰਜਾਬੀ ਦਾ ਚੰਗਾ ਗਿਆਨ ਸੀ। ਇਸ ਤੋਂ ਬਾਅਦ ਇਨ੍ਹਾਂ ਸਿਆਲਕੋਟ ਵਿਖੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਵਿਚ ਬਤੌਰ ਕਲਰਕ 1864 ਈ. ਤੋਂ 1868 ਈ. ਤੱਕ ਨੌਕਰੀ ਕੀਤੀ। ਸਿਆਲਕੋਟ ਵਿਖੇ ਇਹ ਮਸੀਹੀ ਮਿਸ਼ਨਰੀਆਂ ਦੀ ਪ੍ਰਚਾਰ ਜੁਗਤ ਵੇਖ ਕੇ ਬਹੁਤ ਪ੍ਰਭਾਵਿਤ ਹੋਇਆ ਅਤੇ ਇਸ ਨਤੀਜੇ ਉੱਪਰ ਪਹੁੰਚਿਆ ਕਿ ਇਸਲਾਮ ਨੂੰ ਮਸੀਹੀ ਮਿਸ਼ਨਰੀਆਂ ਤੋਂ ਬਹੁਤ ਵੱਡਾ ਖ਼ਤਰਾ ਹੈ। 1877 ਈ. ਵਿਚ ਪੰਜਾਬ ਅੰਦਰ ਜਦੋਂ ਆਰੀਆ ਸਮਾਜ ਦਾ ਪ੍ਰਚਾਰ ਸ਼ੁਰੂ ਹੋ ਗਿਆ ਤਾਂ ਇਨ੍ਹਾਂ ਨੂੰ ਆਰੀਆ ਸਮਾਜ ਵੀ ਇਸਲਾਮ ਦੇ ਪਾਸਾਰ ਲਈ ਖ਼ਤਰਾ ਮਹਿਸੂਸ ਹੋਣ ਲੱਗਾ। ਇਸ ਤਰ੍ਹਾਂ ਇਨ੍ਹਾਂ ਇਸਲਾਮ ਦੇ ਪਾਸਾਰ ਲਈ, ਮੁਸਲਮਾਨਾਂ ਵਿਚ ਫੈਲੇ ਅੰਧ ਵਿਸ਼ਵਾਸ ਤੇ ਵਹਿਮ ਭਰਮ ਦੂਰ ਕਰਨ ਲਈ, ਇਸਤਰੀਆਂ ਦੀ ਦਸ਼ਾ ਸੁਧਾਰਨ ਲਈ ਅਤੇ ਮੁਸਲਮਾਨਾਂ ਅੰਦਰ ਸਿੱਖਿਆ ਦੇ ਪਾਸਾਰ ਲਈ ਅਹਿਮਦੀਆ ਲਹਿਰ ਸ਼ੁਰੂ ਕੀਤੀ।[56]

ਸੰਨ 1880 ਈ. ਵਿਚ ਇਸ ਨੇ ਚਾਰ ਜਿਲਦਾਂ ਵਿਚ ਆਪਣੀ ਪੁਸਤਕ 'ਬ੍ਰਾਹੀਨ-ਏ-ਅਹਿਮਦੀਆ' ਪ੍ਰਕਾਸ਼ਿਤ ਕਰਨੀ ਸ਼ੁਰੂ ਕੀਤੀ। ਇਸ ਪੁਸਤਕ ਵਿਚ ਮਿਰਜ਼ਾ ਗ਼ੁਲਾਮ ਅਹਿਮਦ ਇਸਲਾਮ ਨੂੰ ਉੱਤਮ ਧਰਮ ਦੱਸਦਾ ਹੈ ਅਤੇ ਬਾਕੀ ਧਰਮਾਂ ਜਿਵੇਂ ਮਸੀਹੀ, ਹਿੰਦੂ ਅਤੇ ਸਿੱਖ ਧਰਮ ਦੀ ਅਲੋਚਨਾ ਕਰਦਾ ਹੈ। ਇਸ ਤੋਂ ਇਲਾਵਾ ਇਸ ਨੇ ਆਪਣੇ ਆਪ ਨੂੰ ਪੈਗ਼ੰਬਰ ਦੇ ਰੂਪ ਪੇਸ਼ ਕੀਤਾ ਅਤੇ ਘੋਸ਼ਣਾ ਕੀਤੀ ਕਿ ਜਿਸ ਪੈਗ਼ੰਬਰ ਦਾ ਹਦੀਸਾਂ ਵਿਚ ਜ਼ਿਕਰ ਹੋਇਆ ਹੈ, ਉਹ ਮੇਰੇ ਰੂਪ ਵਿਚ ਪ੍ਰਗਟ ਹੋਇਆ ਹੈ। ਉਸ ਨੇ ਆਪਣੇ ਦਾਅਵੇ ਦਾ ਐਲਾਨ ਇਨ੍ਹਾਂ ਸ਼ਬਦਾਂ ਰਾਹੀਂ ਕੀਤਾ, "ਮੈਨੂੰ ਪ੍ਰਭੂ ਨੇ ਹੁਕਮ ਦਿੱਤਾ ਹੈ ਕਿ ਨਿੰਮ੍ਰਤਾ, ਹਲੀਮੀ ਅਤੇ ਆਜਜ਼ੀ ਨਾਲ ਲੋਕਾਂ ਦਾ ਧਿਆਨ ਉਸ ਪ੍ਰਭੂ ਵਲ ਫੇਰਾਂ ਜੋ ਸੱਚਾ ਅਨਾਦੀ ਅਤੇ ਅਜਿਹਾ ਹੈ ਜਿਸ ਵਿਚ ਕੋਈ ਤਬਦੀਲੀ ਨਹੀਂ ਆਉਂਦੀ। ਉਹ ਪੂਰਨ ਪਵਿਤ੍ਰਤਾ, ਪੂਰਨ ਗਿਆਨ, ਪੂਰਨ ਰਹਿਮ ਅਤੇ ਪੂਰਨ ਇਨਸਾਫ਼ ਰਖਦਾ ਹੈ।...ਮੈਨੂੰ ਉਸ ਪ੍ਰਭੂ ਨੇ ਭੇਜਿਆ ਹੈ ਤਾਂ ਜੋ ਸ਼ਾਂਤੀ

---

[54] ਖ਼ਾਲਸਾ ਐਡਵੋਕੇਟ, ਅੰਮ੍ਰਿਤਸਰ, 22 ਅਪ੍ਰੈਲ, 1905, ਪੰਨਾ 3.

[55] ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪਟਿਆਲਾ: ਭਾਸ਼ਾ ਵਿਭਾਗ, ਸੱਤਵੀਂ ਵਾਰ, 2006, ਪੰਨਾ 424.

[56] ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ: ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ,* ਅੰਮ੍ਰਿਤਸਰ: ਭਾ. ਚਤਰ ਸਿੰਘ ਜੀਵਨ ਸਿੰਘ, 2010, ਪੰਨਾ 36.

ਅਤੇ ਹਲੀਮੀ ਨਾਲ ਸਾਰੇ ਜੱਗ ਦੇ ਲੋਕਾਂ ਨੂੰ ਸੱਚੇ ਪ੍ਰਭੂ ਦਾ ਸੱਦਾ ਦੇਵਾਂ ਅਤੇ ਮੁਸਲਮਾਨਾਂ ਦੀਆਂ ਆਚਰਨਕ ਹਾਲਤਾਂ ਨੂੰ ਸੁਧਾਰਾਂ ਅਤੇ ਮੈਨੂੰ ਉਸ ਨੇ ਸੱਚਾਈ ਦੇ ਖੋਜੀਆਂ ਦੀ ਤਸੱਲੀ ਲਈ ਆਕਾਸ਼ੀ ਚਮਤਕਾਰ ਭੀ ਬਖ਼ਸ਼ੇ ਹਨ ਅਤੇ ਮੇਰੀ ਪਰੋੜ੍ਹਤਾ ਲਈ ਅਦਭੁਦ ਕੰਮ ਵੀ ਵਿਖਾਏ ਹਨ। ਗ਼ੈਬ ਦੀਆਂ ਗੱਲਾਂ ਅਤੇ ਭਵਿਖਤ ਭੇਦ, ਮੇਰੇ ਉੱਤੇ ਖੋਲ੍ਹੇ ਹਨ।"[57]

ਮਿਰਜ਼ਾ ਗ਼ੁਲਾਮ ਅਹਿਮਦ ਨੇ 1895 ਈ. ਵਿਚ 'ਸੱਤ ਬਚਨ' ਨਾਮੀ ਪੁਸਤਕ ਪ੍ਰਕਾਸ਼ਿਤ ਕੀਤੀ। ਇਸ ਪੁਸਤਕ ਵਿਚ ਮਿਰਜ਼ਾ ਸਾਹਿਬ ਨੇ ਜਿੱਥੇ ਸਿੱਖ-ਮੁਸਲਮਾਨ ਸੰਬੰਧਾਂ ਬਾਰੇ ਮਹੱਤਵਪੂਰਨ ਗੱਲਾਂ ਕੀਤੀਆਂ ਉੱਥੇ ਨਾਲ ਹੀ ਉਸ ਨੇ ਜਨਮਸਾਖੀਆਂ ਵਿਚ ਆਈਆਂ ਘਟਨਾਵਾਂ ਨੂੰ ਤਰੋੜ-ਮਰੋੜ ਕੇ ਪੇਸ਼ ਕੀਤਾ ਅਤੇ ਗੁਰੂ ਨਾਨਕ ਦੇਵ ਜੀ ਨੂੰ ਮੂਲੋਂ ਮੁਸਲਮਾਨ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ। ਇਸ ਪੁਸਤਕ ਵਿਚ ਉਸ ਨੇ ਗੁਰੂ ਨਾਨਕ ਦੇਵ ਜੀ ਬਾਰੇ ਲਿਖਿਆ, "ਉਨ੍ਹਾਂ ਲਈ ਅਸਮਾਨ ਤੋਂ ਇਕ ਚੋਲਾ ਉਤਰਿਆ ਸੀ, ਜਿਸ ਉੱਤੇ ਕੁਰਾਨ ਸ਼ਰੀਫ਼ ਲਿਖਿਆ ਹੈ। ਇਹ ਚੋਲਾ ਕੁਦਰਤ ਦੇ ਹੱਥੋਂ ਲਿਖਿਆ ਗਿਆ, ਕੁਦਰਤ ਦੇ ਹੱਥੋਂ ਸੀਤਾ ਗਿਆ ਤੇ ਕੁਦਰਤ ਦੇ ਹੱਥੋਂ ਬਾਬਾ ਸਾਹਿਬ (ਗੁਰੂ ਨਾਨਕ) ਨੂੰ ਪੁਆਇਆ ਗਿਆ ਸੀ। ਚਿਸ਼ਤੀਆਂ ਖ਼ਾਨਦਾਨ ਵਿਚ ਬਾਬਾ ਜੀ ਦੇ ਉਹ ਸ਼ੇਅਰ ਜ਼ਬਾਨ ਤੇ ਆਮ ਹਨ ਜਿਹੜੇ ਇਸਲਾਮ ਤੇ ਨਬੀ ਦੀ ਸਿਫ਼ਤ ਕਰਦੇ ਹਨ। ਉਹ ਗੁਰੂ ਗ੍ਰੰਥ ਸਾਹਿਬ ਦੇ ਸ਼ੇਅਰਾਂ ਨਾਲੋਂ ਵਧੇਰੇ ਮੰਨਣ-ਯੋਗ ਹਨ, ਜਿਵੇਂ "ਕਲਮਾ ਕਹੂੰ ਤੇ ਕਲ ਪੜ੍ਹੇ, ਬਿਨ ਕਲਮਾ ਕਲ ਨਾ ਹੋਇ।"[58]

ਇਸ ਤਰ੍ਹਾਂ ਗ਼ੁਲਾਮ ਅਹਿਮਦ ਨੇ ਗੁਰੂ ਨਾਨਕ ਸਾਹਿਬ ਨੂੰ ਇਸਲਾਮ ਦਾ ਪ੍ਰਸ਼ੰਸਕ ਅਤੇ ਉਪਾਸਕ ਸਿੱਧ ਕਰਨ ਦੀ ਕੋਸ਼ਿਸ਼ ਕੀਤੀ। ਸਿੱਖ ਪਰੰਪਰਾ ਮੰਨਦੀ ਹੈ ਕਿ ਗੁਰੂ ਸਾਹਿਬ ਨੂੰ ਇਹ ਚੋਲਾ ਬਗ਼ਦਾਦ ਵਿਖੇ ਉਨ੍ਹਾਂ ਦੇ ਕਿਸੇ ਸ਼ਰਧਾਲੂ ਨੇ ਭੇਂਟ ਕੀਤਾ ਸੀ।[59] ਸਿੱਖ ਪਛਾਣ ਨੂੰ ਸਿਧਾਂਤਕ ਤੌਰ 'ਤੇ ਮਲੀਆਮੇਟ ਕਰਨ ਦਾ ਇਹ ਇਕ ਹੋਰ ਸੋਚਿਆ ਸਮਝਿਆ ਹਮਲਾ ਸੀ। ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਮਿਰਜ਼ਾ ਗ਼ੁਲਾਮ ਅਹਿਮਦ ਦੀ ਇਸ ਵਿਚਾਰਧਾਰਾ ਦਾ ਡਟ ਕੇ ਵਿਰੋਧ ਕੀਤਾ। ਰਾਜਿੰਦਰ ਸਿੰਘ ਨੇ 'ਖ਼ਬਤੇ ਕਾਦੀਆਨਾ ਦਾ ਇਲਾਜ' ਨਾਂ ਦੀ ਪੁਸਤਕ (1897 ਈ.) ਵਿਚ ਮਿਰਜ਼ਾ ਸਾਹਿਬ ਦੇ ਗਲਤ ਪ੍ਰਚਾਰ ਦਾ ਖੰਡਨ ਕੀਤਾ। 17 ਅਪ੍ਰੈਲ, 1896 ਈ. ਦੇ 'ਖ਼ਾਲਸਾ ਅਖ਼ਬਾਰ' ਵਿਚ ਗਿਆਨੀ ਦਿੱਤ ਸਿੰਘ ਨੇ ਇਸ ਪੁਸਤਕ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ ਅਤੇ ਇਸ ਵਿਚ ਦਰਜ ਮਨੋਕਲਪਿਤ ਵਿਚਾਰਾਂ ਦਾ ਖੰਡਨ ਕਰਦੇ ਹੋਏ ਗਿਆਨੀ ਜੀ ਨੇ ਲਿਖਿਆ ਹੈ, "ਮ੍ਰਿਜ਼ਾ ਸਾਹਿਬ ਲਿਖਦੇ ਹਨ ਕਿ ਉਹ (ਸ੍ਰੀ ਗੁਰੂ ਨਾਨਕ ਦੇਵ ਜੀ) ਮੁਸਲਮਾਨ ਸਨ ਯਾ ਉਨ੍ਹਾਂ ਦਾ ਨਿਸਚਾ ਇਸਲਾਮ ਪਰ ਸੀ ਸੋ ਇਸ ਨੂੰ ਅਸੀਂ ਇਸੀ ਤਰ੍ਹਾਂ ਗੱਪ ਜਾਨ ਕੇ ਹਕਾਰਤ ਦੀ ਨਜਰ ਨਾਲ ਦੇਖਦੇ ਹਾਂ, ਜਿਸ ਤਰ੍ਹਾਂ ਸੁਆਮੀ ਦਯਾਨੰਦ ਦੇ ਦੰਭੀ ਆਖਨ ਨੂੰ ਸੋ ਜਿਸ ਤਰ੍ਹਾਂ ਉਹ ਦੰਭੀ ਨਹੀਂ ਸਨ ਇਸੀ ਪ੍ਰਕਾਰ ਉਹ ਮੁਸਲਮਾਨ ਭੀ ਨਹੀਂ ਸੇ ਅਰ ਨਾ ਉਹਨਾਂ ਦਾ ਮੁਸਲਮਾਨੀ ਦੀਨ ਪਰ ਨਿਸਚਾ ਸੀ ਕਿਉਂ ਜੋ ਮ੍ਰਿਜ਼ਾ ਸਾਹਿਬ ਪਹਿਲੇ ਆਖ ਆਏ ਹੈਨ ਕਿ ਉਹ ਨੂਰ ਵਿੱਚੋਂ ਨੂਰ ਸੇ, ਸੋ ਨੂਰ ਨਾ

---

[57] ਵਸੀਮ ਅਹਿਮਦ, "ਜਮਾਇਤਿ ਅਹਿਮਦੀਆ", *ਪੰਜਾਬ (ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ)*, ਗੰਡਾ ਸਿੰਘ (ਸੰਪਾ.), ਪੰਨਾ 168.

[58] ਗੁਲਾਮ ਅਹਿਮਦ, *ਸਤ ਬਚਨ (ਉਰਦੂ)*, 1895, ਪੰਨਾ 32, ਉਧਰਿਤ ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ,* ਪੰਨਾ 181.

[59] ਗਯਾਨ ਸਿੰਘ, *ਸ੍ਰੀ ਗੁਰੂ ਪੰਥ ਪ੍ਰਕਾਸ਼,* ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1970, ਪੰਨਾ 68.

ਹਿੰਦੂ ਹੈ ਨਾ ਮੁਸਲਮਾਨ ਹੈ ਤਾਂਤੇ ਗੁਰੂ ਜੀ ਭੀ ਨਾ ਹਿੰਦੂ ਸੇ ਅਰ ਨਾ ਮੁਸਲਮਾਨ ਸੇ, ਕਿੰਤੂ ਉਹ ਹਿੰਦੂ ਮੁਸਲਮਾਨਾਂ ਦੇ ਸਾਂਝੇ ਅਰ ਸਭ ਤੇ ਨਯਾਰੇ ਖਾਲਸ ਧਰਮ ਵਾਲੇ ਖਾਲਸਾ ਸੇ ਜਿਨ੍ਹਾਂ ਵਿਚ ਕਿਸੇ ਦੀਨ ਯਾਂ ਮਜ਼ਹਬ ਦੀ ਗੰਧ ਭੀ ਨਹੀਂ ਸੀ॥ ''[60]

ਇਸ ਤਰ੍ਹਾਂ ਹੀ ਮਿਰਜ਼ਾ ਸਾਹਿਬ ਨੇ ਜਿਸ ਚੋਲੇ ਦਾ ਹਵਾਲਾ ਦੇ ਕੇ ਗੁਰੂ ਨਾਨਕ ਸਾਹਿਬ ਨੂੰ ਇਸਲਾਮ ਦਾ ਉਪਾਸਕ ਸਿੱਧ ਕਰਨ ਦੀ ਕੋਸ਼ਿਸ਼ ਕੀਤੀ, ਗਿਆਨੀ ਦਿੱਤ ਸਿੰਘ ਨੇ ਉਸ ਚੋਲੇ ਦੀ ਵੀ ਸਚਾਈ ਬਿਆਨ ਕਰਦੇ ਹੋਏ ਲਿਖਿਆ ਹੈ, "ਇਸੀ ਤਰ੍ਹਾਂ ਜੋ ਚੋਲੇ ਦਾ ਹਾਲ ਹੈ ਉਸ ਪਰ ਮਿਰਜ਼ਾ ਸਾਹਿਬ ਆਖਦੇ ਹਨ ਕਿ 'ਉਹ ਚੋਲਾ ਨੂਰ ਤੋਂ ਸੀ' ਸੋ ਇਹ ਸਭ ਗੱਪ ਹੈ, ਕਿਉਂਕਿ ਕਿਸੇ ਸਿੱਖ ਦਾ ਯਾ ਕਿਸੇ ਸਮਝ ਵਾਲੇ ਆਦਮੀ ਦਾ ਇਸ ਚੋਲੇ ਪਰ ਕੋਈ ਵਿਸ਼ਵਾਸ ਨਹੀਂ ਹੈ ਅਤੇ ਨਾ ਕੋਈ ਇਹੋ ਕਹ ਸਕਦਾ ਹੈ ਕਿ ਇਹ ਚੋਲਾ ਐਥੇ ਕਿਸ ਤਰ੍ਹਾਂ ਰੱਖਯਾ ਗਿਆ,...ਪਰੰਤੂ ਇਸ ਪਰ ਭੀ ਇਹ ਆਖ ਸਕੀਦਾ ਹੈ ਜੋ ਅੱਜ ਤੱਕ ਇਹ ਚੋਲਾ ਐਥੇ ਟਿਕਿਆ ਰਿਹਾ ਹੈ ਤਾਂ ਕੇਵਲ ਇਸੀ ਵਾਸਤੇ ਰਿਹਾ ਹੈ ਕਿ ਇਸ ਨੂੰ ਗੁਰੂ ਦੇ ਅੰਗ ਦਾ ਸਮਝਿਆ ਗਿਆ ਹੈ, ਜਿਨ੍ਹਾਂ ਦੇ ਅੰਗ ਨਾਲ ਲੱਗਨੇ ਕਰਕੇ ਉਹ ਆਇਤਾਂ ਵੀ ਇਸ ਪ੍ਰਕਾਰ ਸਨਮਾਨ ਪਾਇ ਰਹੀਆਂ ਹਨ ਜਿਸ ਪ੍ਰਕਾਰ ਕਾਈਆਂ ਦੇ ਬਦਲੇ ਡੀਲੇ ਨੂੰ ਪਾਣੀ ਮਿਲਦਾ ਹੈ,... ਜੋ ਉਸ ਵਿਚ ਕੋਈ ਪਵਿੱਤਰਤਾ ਦਾ ਕੁਝ ਖਿਆਲ ਕੀਤਾ ਜਾਂਦਾ ਹੋਵੇਗਾ ਸੋ ਕੇਵਲ ਇਸੀ ਵਾਸਤੇ ਹੋਵੇਗਾ ਜੋ ਇਹ ਆਖਦੇ ਹਨ ਕਿ ਇਹ ਚੋਲਾ ਕਿਸੇ ਗੁਰੂ ਦੇ ਮੁਰੀਦ ਮੁਸਲਮਾਨ ਨੇ ਉਨ੍ਹਾਂ ਦੀ ਭੇਟਾ ਕੀਤਾ ਸੀ ਅਰ ਉਨ੍ਹਾਂ ਦੇ ਪਵਿੱਤਰ ਅੰਗ ਨਾਲ ਲੱਗਨ ਕਰਕੇ ਇਹ ਭੀ ਪਵਿੱਤਰ ਸਮਝਿਆ ਜਾਂਦਾ ਹੈ, ਜਿਸ ਤੇ ਇਹ ਆਮ ਕਾਇਦਾ ਹੈ ਜੋ ਵੱਡੇ ਪੁਰਖਾਂ ਦੇ ਚਰਨਾਂ ਨਾਲ ਲੱਗਨ ਤੇ ਉਨ੍ਹਾਂ ਦੇ ਪੈਰਾਂ ਦਾ ਜੋੜਾ ਭੀ ਲੋਗ ਉੱਤਮ ਸਮਝਦੇ ਹਨ, ਇਸ ਵਾਸਤੇ ਸ਼ਾਇਦ ਇਹ ਚੋਲਾ ਭੀ ਗੁਰੂ ਦੇ ਅੰਗ ਲੱਗਾ ਹੋਵੇ ਇਸੀ ਖਯਾਲ ਤੇ ਇਸ ਨੂੰ ਸਿੱਖ ਲੋਗ ਅੱਛਾ ਖਿਆਲ ਕਰਦੇ ਹੋਨਗੇ, ਸੋ ਇਸ ਵਿਚ ਭੀ ਜੋ ਵਡਾਈ ਯਾਂ ਪ੍ਰਤਾਪ ਹੈ ਸੋ ਗੁਰੂ ਨਾਨਕ ਦੇਵ ਜੀ ਦਾ ਹੀ ਹੈ ਨਾ ਕਿ ਚੋਲੇ ਦਾ ਯਾ ਕਿਸੇ ਆਇਤ ਦਾ॥ ''[61]

ਮਿਰਜ਼ਾ ਗ਼ੁਲਾਮ ਅਹਿਮਦ ਦੇ ਨਿਰੰਤਰ ਪ੍ਰਚਾਰ ਦੇ ਪ੍ਰਤੀਕਰਮ ਵਜੋਂ 'ਖ਼ਾਲਸਾ ਬਹਾਦਰ' ਅਖ਼ਬਾਰ ਦੇ ਸੰਪਾਦਕ ਨੇ ਮੈਕਸ ਆਰਥਰ ਮੈਕਾਲਫ਼ ਪਾਸੋਂ ਇਸ ਸੰਬੰਧੀ ਸਪੱਸ਼ਟੀਕਰਨ ਮੰਗਿਆ। ਮੈਕਾਲਫ਼ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਮਿਰਜ਼ਾ ਕਾਦੀਆਨੀ ਦੇ ਦਾਅਵੇ ਦਾ ਖੰਡਨ ਕਰਦੇ ਹੋਏ ਲਿਖਿਆ, 'ਇਹ ਇਕ ਸਰਬ ਪ੍ਰਵਾਨਿਤ ਤੱਥ ਹੈ ਕਿ ਬਾਬਾ ਨਾਨਕ ਨੇ ਮੱਕੇ ਦਾ ਦੌਰਾ ਕੀਤਾ ਪਰ ਇਹ ਉਸੇ ਤਰ੍ਹਾਂ ਸੀ ਜਿਵੇਂ ਇਕ ਮਸੀਹੀ ਦਾ ਹਰਿਦੁਆਰ ਇਹ ਵੇਖਣ ਜਾਣ ਵਾਂਗ ਹੈ, ਕਿ ਉੱਥੇ ਕਿਸ ਤਰ੍ਹਾਂ ਦੀ ਪੂਜਾ ਹੁੰਦੀ ਸੀ। ਹਾਲਾਂਕਿ ਇਹ ਦਿਖਾਉਣ ਲਈ ਕੁਝ ਵੀ (ਤੱਥ) ਮੌਜੂਦ ਨਹੀਂ ਹੈ ਕਿ ਬਾਬਾ ਨਾਨਕ ਨੇ ਮੁਹੰਮਦੀ ਧਰਮ ਨੂੰ ਪ੍ਰਵਾਨਿਆ ਜਾਂ ਕਦੀ ਮੁਹੰਮਦੀ ਸ਼ਰ੍ਹਾ ਅਨੁਸਾਰ ਪ੍ਰਾਰਥਨਾ ਕੀਤੀ। ਮੱਕਾ ਵਿਖੇ ਉਹ ਆਪਣੇ ਪੈਰਾਂ ਨੂੰ ਕਾਅਬਾ ਵੱਲ ਮੋੜ ਲੇ ਲੇਟ ਗਏ ਅਤੇ ਜੋ ਪਹਿਲਾਂ ਕਦੀ ਕਿਸੇ ਮੁਸਲਮਾਨ

[60] ਇੰਦਰਜੀਤ ਸਿੰਘ ਗੋਗੋਆਣੀ (ਸੰਪਾ.), *ਗਿ: ਦਿੱਤ ਸਿੰਘ ਤੇ ਸਿੱਖ ਮਸਲੇ (ਖ਼ਾਲਸਾ ਅਖ਼ਬਾਰ ਲਾਹੌਰ ਦੇ ਸੰਪਾਦਕੀ ਲੇਖ, 1895-1901)*, ਅੰਮ੍ਰਿਤਸਰ: ਭਾ. ਚਤਰ ਸਿੰਘ ਜੀਵਨ ਸਿੰਘ, 2013, ਪੰਨਾ 88.
[61] ਉਹੀ, ਪੰਨੇ 89-90.

ਵੱਲੋਂ ਨਹੀਂ ਸੀ ਕੀਤਾ ਗਿਆ। ਭਾਰਤ ਪਰਤਣ ਤੋਂ ਬਾਅਦ ਉਸ ਨੇ ਪਹਿਲਾਂ ਤੋਂ ਜਾਰੀ ਹਿੰਦੂ ਪਵਿੱਤਰ ਸਥਾਨਾਂ ਦੀ ਯਾਤਰਾ ਜਾਰੀ ਰੱਖੀ।'[62]

ਇਸ ਤਰ੍ਹਾਂ ਸਿੱਖ ਚਿੰਤਕਾਂ ਨੇ ਮਿਰਜ਼ਾ ਗ਼ੁਲਾਮ ਅਹਿਮਦ ਦੇ ਵਿਚਾਰਾਂ ਦਾ ਦਲੀਲਾਂ ਸਮੇਤ ਖੰਡਨ ਕੀਤਾ ਅਤੇ ਸਿੱਖੀ ਦੀ ਵਿਲੱਖਣਤਾ ਨੂੰ ਕਾਇਮ ਰੱਖਣ ਲਈ ਅਖ਼ਬਾਰਾਂ, ਪੁਸਤਕਾਂ ਅਤੇ ਭਾਸ਼ਣਾਂ ਰਾਹੀਂ ਸਿੱਖਾਂ ਅੰਦਰ ਜਾਗ੍ਰਿਤੀ ਪੈਦਾ ਕੀਤੀ। ਇਸ ਤਰ੍ਹਾਂ ਦੇ ਹਮਲੇ ਸਿੱਖਾਂ ਅੰਦਰ ਆਪਣੇ ਧਰਮ ਅਤੇ ਪਰੰਪਰਾ ਪ੍ਰਤੀ ਹੀਣ ਭਾਵਨਾ ਪੈਦਾ ਕਰ ਰਹੇ ਸਨ ਪਰ ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਬੜੀ ਜ਼ਿੰਮੇਵਾਰੀ ਨਾਲ ਸਿੱਖਾਂ ਅੰਦਰ ਆਪਣੇ ਧਰਮ ਅਤੇ ਪਰੰਪਰਾ ਪ੍ਰਤੀ ਗੌਰਵਤਾ ਦਾ ਅਹਿਸਾਸ ਪੈਦਾ ਕੀਤਾ। ਇਹ ਵਾਦ-ਵਿਵਾਦ ਵੀਹਵੀਂ ਸਦੀ ਦੇ ਮੁੱਢਲੇ ਸਾਲਾਂ ਤੱਕ ਨਿਰੰਤਰ ਚਲਦਾ ਰਿਹਾ ਤੇ ਇਸ ਨੂੰ ਉਦੋਂ ਠੱਲ੍ਹ ਪਈ ਜਦ 1905 ਈ. ਵਿਚ ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਵਿੱਚੋਂ ਮੂਰਤੀਆਂ ਚੁਕਵਾਈਆਂ ਗਈਆਂ ਤੇ 22 ਅਕਤੂਬਰ, 1909 ਈ. ਨੂੰ ਅਨੰਦ ਮੈਰਿਜ ਐਕਟ ਪਾਸ ਹੋ ਗਿਆ ਜਿਸ ਨਾਲ ਸਿੱਖਾਂ ਦੀ ਵੱਖਰੀ ਹੋਂਦ ਸਰਕਾਰੀ ਤੌਰ ਤੇ ਸਵੀਕਾਰ ਕਰ ਲਈ ਗਈ। ਜਿੱਥੇ ਉਨ੍ਹੀਵੀਂ ਸਦੀ ਦੇ ਅੱਧ ਵਿਚ ਸਿੱਖੀ ਦਾ ਸਭ ਪਾਸਿਓਂ ਪਤਨ ਹੋ ਰਿਹਾ ਸੀ, ਉੱਥੇ ਉਨ੍ਹੀਵੀਂ ਸਦੀ ਦੇ ਅਖੀਰ ਤੱਕ ਨਾ ਸਿਰਫ਼ ਲਗ ਰਹੀ ਢਾਹ ਦਾ ਖ਼ਤਰਾ ਹੀ ਟਲ ਗਿਆ ਸਗੋਂ ਹੋਰ ਧਰਮਾਂ ਵਾਲੇ ਜਿਹੜੇ ਸਿੱਖੀ ਨੂੰ ਹੜੱਪ ਕਰਨ ਉੱਤੇ ਤੁਲੇ ਹੋਏ ਸਨ, ਉਹੀ ਲੋਕ ਸਿੱਖੀ ਵਿਚ ਸ਼ਾਮਲ ਹੋ ਕੇ ਇਸ ਦੀ ਗਿਣਤੀ ਨੂੰ ਵਧਾਉਣ ਦੇ ਜ਼ਿੰਮੇਵਾਰ ਬਣੇ।

## 5.4. ਗੁਰਬਾਣੀ ਵਿਆਖਿਆ ਲਈ ਯੋਗਦਾਨ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਬਾਰ੍ਹਵੀਂ ਸਦੀ ਤੋਂ ਸਤਾਰ੍ਹਵੀਂ ਸਦੀ ਦੌਰਾਨ ਵੱਖ-ਵੱਖ ਧਰਮਾਂ, ਇਲਾਕਿਆਂ ਅਤੇ ਭਾਸ਼ਾਵਾਂ ਨਾਲ ਸੰਬੰਧਿਤ ਮਹਾਂਪੁਰਖਾਂ ਵੱਲੋਂ ਰਚੀ ਗਈ ਹੈ। ਸੋ ਇਸ ਬਾਣੀ ਵਿਚ ਵੱਖ-ਵੱਖ ਭਾਸ਼ਾ, ਇਲਾਕਿਆਂ ਅਤੇ ਧਰਮਾਂ ਨਾਲ ਸੰਬੰਧਿਤ ਬਾਣੀਕਾਰਾਂ ਦੀ ਬਾਣੀ ਹੋਣ ਕਾਰਨ, ਇਸ ਵਿਚ ਮੌਜੂਦ ਵੱਖ-ਵੱਖ ਸੰਕਲਪਾਂ ਨੂੰ ਵਿਆਖਿਆ ਰਾਹੀਂ ਹੀ ਸਮਝਿਆ ਜਾ ਸਕਦਾ ਹੈ। ਸਮਾਜਿਕ ਜੀਵਨ ਵਿਚ ਵਿਚਰ ਰਹੇ ਆਮ ਆਦਮੀ ਨੂੰ ਧਰਮ ਗ੍ਰੰਥ ਦੇ ਡੂੰਘੇ ਅਰਥਾਂ ਤੱਕ ਪਹੁੰਚਣ ਲਈ ਵਿਆਖਿਆ ਦਾ ਸਹਾਰਾ ਲੈਣਾ ਪੈਂਦਾ ਹੈ। ਇਸ ਲਈ ਹਰ ਧਰਮ ਵਿਚ ਧਰਮ ਗ੍ਰੰਥ ਦੀ ਵਿਆਖਿਆ ਦਾ ਆਪਣਾ ਮਹੱਤਵ ਹੁੰਦਾ ਹੈ। ਸਿੱਖੀ ਵਿਚ ਵੀ ਗੁਰਬਾਣੀ ਵਿਆਖਿਆ ਦਾ ਆਪਣਾ ਵੱਖਰਾ ਇਤਿਹਾਸ ਅਤੇ ਮਹੱਤਵ ਹੈ।

ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਗੁਰਬਾਣੀ ਵਿਆਖਿਆ ਦੇ ਖੇਤਰ ਵਿਚ ਸ਼ਲਾਘਾਯੋਗ ਯੋਗਦਾਨ ਪਾਇਆ ਹੈ। ਇਸ ਦੌਰ ਤੋਂ ਪਹਿਲਾਂ ਜਿਹੜੀ ਵਿਆਖਿਆ ਸਨਾਤਨੀ ਢੰਗ ਨਾਲ ਹੋ ਰਹੀ ਸੀ ਉਹ ਇਸ ਦੌਰ ਵਿਚ ਵਧੇਰੇ

---

[62] "It is well known that Baba Nanak visited Makka, but that was as if a christian should visit Hardwar to see, what the worship there was like. There is, however, nothing to show that Baba Nanak accepted the Mohammadan religion, or ever prayed in Mohammadan fashion. At Makka he lay down with his feet turned toward the Kabba and no Mohammadan would have done that. After his return to India he continued his former peregrinations to Hindu sacred places." ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ*, ਪੰਨਾ 209.

ਵਿਗਿਆਨਿਕ ਢੰਗ ਅਤੇ ਗੁਰਮਤਿ ਅਨੁਸਾਰ ਹੋਣ ਲੱਗੀ। ਸਿੰਘ ਸਭਾ ਲਹਿਰ ਤੋਂ ਪਹਿਲਾਂ ਦੇ ਟੀਕਾਕਾਰਾਂ ਉੱਪਰ ਵੇਦਾਂਤ ਦਾ ਪ੍ਰਭਾਵ ਪ੍ਰਤੱਖ ਸੀ। ਇਹ ਟੀਕੇ ਬ੍ਰਜ ਅਤੇ ਸਾਧ ਭਾਸ਼ਾ ਵਿੱਚ ਸਨ। ਇਸ ਵਿਆਖਿਆ ਵਿਚੋਂ ਇਹ ਭੁਲੇਖਾ ਪੈਂਦਾ ਸੀ ਕਿ ਸਿੱਖ ਧਰਮ ਹਿੰਦੂ ਮਤ ਜਾਂ ਹਿੰਦੂ ਦਰਸ਼ਨ ਦਾ ਹੀ ਇਕ ਅੰਗ ਹੈ। ਤਾਰਨ ਸਿੰਘ ਅਨੁਸਾਰ, "ਉਨ੍ਹੀਵੀਂ ਸਦੀ ਦੇ ਅੰਤ ਤੀਕ ਜੋ ਵੀ ਟੀਕਾਕਾਰੀ ਤੇ ਗੁਰਮਤਿ ਵਿਆਖਿਆ ਦਾ ਕੰਮ ਹੋਇਆ ਸੀ ਉਸ ਪਿਛੇ ਲੀਹਾਂ ਵੇਦ, ਵੇਦਾਂਤ ਤੇ ਭਾਰਤੀ ਦਰਸ਼ਨ ਆਦਿ ਦੀਆਂ ਸਨ। ਉਦਾਸੀ ਸਾਧੂ, ਸੋਢੀ ਮਿਹਰਬਾਨ (ਪ੍ਰਮਾਰਥ ਪਰੰਪਰਾ), ਭਾਈ ਸਾਹਿਬਾਨ (ਭਾਈ ਗੁਰਦਾਸ, ਬਾਬਾ ਬੁਢਾ, ਮਨੀ ਸਿੰਘ), ਨਿਰਮਲੇ ਤੇ ਸੰਪ੍ਰਦਾਈ ਗਿਆਨੀ, ਸਭ ਭਾਰਤੀ ਗ੍ਰੰਥਾਂ ਦੇ ਅਧਿਐਨ ਮਗਰੋਂ ਗੁਰਬਾਣੀ ਦੀ ਟੀਕਾਕਾਰੀ ਤੇ ਵਿਆਖਿਆ ਵਲ ਆਏ ਸਨ। ਅਸਲੋਂ ਇਹ ਪ੍ਰਣਾਲੀਆਂ ਇਕੋ ਕੁਝ ਹੀ ਸਨ। ਪਰ ਵੀਹਵੀਂ ਸਦੀ ਵਿਚ ਹਾਲਾਤ ਬਦਲ ਗਏ। ਬ੍ਰਿਟਿਸ਼ ਰਾਜ ਦੀ ਸਥਾਪਨਾ ਨਾਲ ਵਿਦਿਅਕ ਪ੍ਰਣਾਲੀ ਹੀ ਬਦਲ ਗਈ। ਇਸ ਲਈ ਟੀਕਾਕਾਰੀ ਤੇ ਗੁਰਮਤਿ ਵਿਆਖਿਆ ਦੇ ਰੂਪ ਹੀ ਬਦਲ ਗਏ।"[63]

ਸਿੰਘ ਸਭਾ ਲਹਿਰ ਤੋਂ ਪਹਿਲਾਂ ਗੁਰਬਾਣੀ ਦੀ ਵਿਆਖਿਆ ਸਮੇਂ ਹਰ ਤੁਕ ਦੇ ਪ੍ਰਮਾਣ ਵਜੋਂ ਹਿੰਦੂ ਇਤਿਹਾਸ ਅਤੇ ਮਿਥਿਹਾਸ ਨੂੰ ਪੇਸ਼ ਕੀਤਾ ਤੇ ਦੁਹਰਾਇਆ ਜਾਂਦਾ ਸੀ। ਜਰਮਨ ਭਾਸ਼ਾ-ਵਿਗਿਆਨੀ ਟਰੰਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਝ ਭਾਗ ਦਾ ਜਿਹੜਾ ਅੰਗ੍ਰੇਜ਼ੀ ਅਨੁਵਾਦ ਕੀਤਾ, ਉਸ ਦੀ ਭੂਮਿਕਾ ਵਿਚ ਵੀ ਏਸੇ ਪ੍ਰਚਲਿਤ ਵਿਆਖਿਆ ਨੂੰ ਸਵੀਕਾਰ ਕਰਕੇ, ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਵਾਇ ਭਾਸ਼ਾਈ ਵਿਸ਼ੇਸ਼ਤਾ ਦੇ, ਹੋਰ ਕੋਈ ਨਵਾਂ ਵਿਚਾਰ ਨਹੀਂ ਹੈ।[64] ਸਿੱਖ ਸਮਾਜ ਨੇ ਟਰੰਪ ਦੇ ਇਸ ਗਲਤ ਅਨੁਵਾਦ ਨੂੰ ਨਾਮਨਜ਼ੂਰ ਕਰ ਦਿੱਤਾ। ਸਿੰਘ ਸਭਾ ਦੇ ਆਗੂਆਂ ਦਾ ਧਿਆਨ ਵੀ ਟਰੰਪ ਦੇ ਇਸ ਗਲਤ ਅਨੁਵਾਦ ਨੇ ਵਿਸ਼ੇਸ਼ ਤੌਰ 'ਤੇ ਆਪਣੇ ਵੱਲ ਖਿੱਚਿਆ ਅਤੇ ਉਹ ਸ਼ੁੱਧ ਗੁਰਬਾਣੀ ਵਿਆਖਿਆ ਕਰਨ ਲਈ ਯਤਨਸ਼ੀਲ ਹੋਏ। ਪ੍ਰੋ. ਗੁਰਮੁਖ ਸਿੰਘ ਤੇ ਸਿੰਘ ਸਭਾ ਲਹਿਰ ਦੇ ਹੋਰ ਆਗੂਆਂ ਨੇ ਸਰਕਾਰ ਪਾਸੋਂ 'ਗੁਰਬਾਣੀ ਕਾਨੂੰਨ' ਪਾਸ ਕਰਵਾਉਣ ਦਾ ਯਤਨ ਕੀਤਾ। ਇਸ ਕਾਨੂੰਨ ਅਧੀਨ ਕਿਸੇ ਨੂੰ ਵੀ ਅਸ਼ੁੱਧ ਤੇ ਗੁਮਰਾਹ ਕਰਨ ਵਾਲੀ ਭੁਲੇਖਾ ਪਾਊ ਬਾਣੀ ਛਾਪਣ ਦੀ ਆਗਿਆ ਨਹੀਂ ਹੋਣੀ ਸੀ। ਜੇਕਰ ਗੁਰਬਾਣੀ ਜਾਂ ਇਸ ਦੀ ਵਿਆਖਿਆ ਛਾਪਣੀ ਵੀ ਪਵੇ ਤਾਂ ਉਸ ਦਾ ਪ੍ਰਬੰਧ ਦੁਕਾਨਦਾਰਾਂ ਦੀ ਬਜਾਇ ਕਿਸੇ ਪੰਥਕ ਸਭਾ ਜਾਂ ਸੁਸਾਇਟੀ ਦੇ ਅਧੀਨ ਹੋਣਾ ਸੀ। ਇਹ ਕਾਨੂੰਨ ਪਾਸ ਤਾਂ ਨਾ ਹੋ ਸਕਿਆ ਪਰ ਇਸ ਨੇ ਵਿਦਵਾਨਾਂ ਨੂੰ ਸੁਚੇਤ ਜਰੂਰ ਕਰ ਦਿੱਤਾ।[65] ਸਿੱਖ ਚਿੰਤਕਾਂ ਨੇ ਗੁਰਬਾਣੀ ਦੇ ਸ਼ੁੱਧ ਸਰੂਪ ਨੂੰ ਕਾਇਮ ਰੱਖਣ ਲਈ ਵਿਆਖਿਆ ਦਾ ਕਾਰਜ ਅਰੰਭ ਕੀਤਾ। ਗਿਆਨੀ ਬਦਨ ਸਿੰਘ, ਮੈਕਸ ਆਰਥਰ ਮੈਕਾਲਿਫ਼, ਚਰਨ ਸਿੰਘ, ਭਾਈ ਵੀਰ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਦਾ ਕਾਰਜ ਇਸ ਖੇਤਰ ਵਿਚ ਮਹੱਤਵਪੂਰਨ ਹੈ, ਜਿਨ੍ਹਾਂ ਦੇ ਕਾਰਜ ਨੂੰ ਅੱਗੇ ਅਲੱਗ-ਅਲੱਗ ਵਿਚਾਰਨ ਦਾ ਯਤਨ ਕੀਤਾ ਹੈ।

[63] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ,* ਪਟਿਆਲਾ: ਪੰਜਾਬੀ ਯੂਨੀਵਰਸਿਟੀ, 1997, ਪੰਨਾ 13.

[64] Ernest Trumpp, *The Adi Granth or The Holy Scriptures of The Sikhs,* London: WM. H. Allen & Co., 1877, Preface, pp. V-VIII.

[65] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ,* ਪੰਨਾ 106.

**5.4.1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ (ਫਰੀਦਕੋਟੀ ਟੀਕਾ):** ਸਨਾਤਨ ਅਰਥ ਪ੍ਰਣਾਲੀ ਕਾਰਨ ਸਿੱਖ ਪੰਥ ਉੱਪਰ ਪੈ ਰਹੇ ਪ੍ਰਭਾਵ ਅਤੇ ਟਰੰਪ ਦੇ ਗਲਤ ਅਨੁਵਾਦ ਦੇ ਪ੍ਰਤੀਕਰਮ ਵਜੋਂ ਸਿੰਘ ਸਭਾ ਦੇ ਆਗੂਆਂ ਨੇ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਟੀਕ ਤਿਆਰ ਕਰਨ ਦਾ ਫੈਸਲਾ ਕੀਤਾ। ਇਸ ਦਾ ਮੁੱਖ ਮਨੋਰਥ ਗੁਰਬਾਣੀ ਦੇ ਸੰਪ੍ਰਦਾਇ ਅਰਥਾਂ ਨੂੰ ਸੰਭਾਲਣਾ ਅਤੇ ਗੁਰਬਾਣੀ ਦੇ ਹੋ ਰਹੇ ਗਲਤ ਅਰਥਾਂ ਨੂੰ ਰੋਕਣਾ ਮਿਥਿਆ ਗਿਆ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ ਕ੍ਰਿਤ ਗਿਆਨੀ ਬਦਨ ਸਿੰਘ ਦੀ ਭੂਮਿਕਾ ਵਿਚ ਲਿਖਿਆ ਹੈ, "ਸਿੱਖ ਇਤਹਾਸ ਭਾਵੇਂ ਗੁਰਬਾਣੀ ਦਾ ਟੀਕਾ ਗੁਰਸਿੱਖਾਂ ਦੀ ਰਸਨਾ ਪਰ ਹੀ ਹੋਣਾ ਦੱਸਦਾ ਸੀ, ਪ੍ਰੰਤੂ ਨਈ ਰੌਸ਼ਨੀ ਨੇ ਲੋਕਾਂ ਵਿਚ ਤਹਰੀਰ ਅੰਦਰ ਟੀਕੇ ਦੇ ਹੋਣ ਦੀ ਲੋੜ ਪੈਦਾ ਕਰ ਦਿੱਤੀ, ਜਿਸ ਨੂੰ ਪੂਰਾ ਕਰਨ ਲਈ ਡਾਕਟਰ ਟ੍ਰੰਪ ਸਾਹਿਬ ਇਕ ਜਰਮਨ ਵਿਦਵਾਨ ਨੇ ਕਲਮ ਉਠਾਕੇ ਇਕ ਅਸ਼ੁੱਧ ਟੀਕਾ ਪ੍ਰੈੱਸ ਰਾਹੀਂ ਪ੍ਰਗਟ ਕੀਤਾ, ਜਿਸ ਨੇ ਇਕ ਸ਼ੁੱਧ ਟੀਕੇ ਦੀ ਖਿੱਚ ਲੋਕਾਂ ਵਿਚ ਪੈਦਾ ਕਰ ਦਿੱਤੀ।"[66]

ਇਸ ਕਾਰਜ ਵਿਚ ਪਹਿਲ ਖ਼ਾਲਸਾ ਦੀਵਾਨ, ਅੰਮ੍ਰਿਤਸਰ ਦੇ ਸਰਪ੍ਰਸਤ ਫਰੀਦਕੋਟ ਦੇ ਰਾਜਾ ਬਿਕਰਮ ਸਿੰਘ (1842 ਈ.-1898 ਈ.) ਨੇ ਕੀਤੀ। ਉਨ੍ਹਾਂ ਨੇ ਗਿਆਨੀ ਬਦਨ ਸਿੰਘ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਅਤੇ ਸ਼ੁੱਧ ਟੀਕਾ ਤਿਆਰ ਕਰਵਾਉਣ ਦੀ ਕੋਸ਼ਿਸ਼ ਕੀਤੀ। ਗਿਆਨੀ ਬਦਨ ਸਿੰਘ ਜੀ ਨੇ ਇਹ ਟੀਕਾ 1877 ਈ. ਤੋਂ 1883 ਈ. ਤੱਕ ਛੇ ਸਾਲਾਂ ਵਿਚ ਤਿਆਰ ਕੀਤਾ।[67] ਇਸ ਤੋਂ ਬਾਅਦ ਟੀਕੇ ਵਿਚ ਸੁਧਾਈ ਲਈ ਸ੍ਰੀ ਮਾਨ ਬਾਬਾ ਸੁਮੇਰ ਸਿੰਘ ਜੀ ਮਹੰਤ, ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਧਾਨਗੀ ਵਿਚ ਹੇਠ ਲਿਖੇ ਗਿਆਨੀ ਸਿੰਘਾਂ ਦੀ ਕਮੇਟੀ ਬਣਾਈ ਗਈ:[68]

1. ਭਾਈ ਹਰਭਜਨ ਸਿੰਘ ਜੀ ਗਿਆਨੀ, ਸ੍ਰੀ ਅੰਮ੍ਰਿਤਸਰ ਸਾਹਿਬ
2. ਭਾਈ ਸੰਤ ਸਿੰਘ ਜੀ ਗਿਆਨੀ, ਕਪੂਰਥਲਾ ਰਿਆਸਤ
3. ਭਾਈ ਝੰਡਾ ਸਿੰਘ ਜੀ ਗਿਆਨੀ, ਗੁਰਦੁਆਰਾ ਨਾਨਕਿਆਨਾ ਸਾਹਿਬ (ਸੰਗਰੂਰ)
4. ਭਾਈ ਰਾਇ ਸਿੰਘ ਜੀ ਗਿਆਨੀ, ਜੰਗੀਰਾਣਾ
5. ਭਾਈ ਧਿਆਨ ਸਿੰਘ ਜੀ ਗਿਆਨੀ, ਸੇਖਵਾਂ
6. ਪੰਡਿਤ ਹਮੀਰ ਸਿੰਘ ਜੀ, ਸੰਸਕ੍ਰਿਤੀ
7. ਪੰਡਿਤ ਬਾਲਕ ਰਾਮ ਜੀ, ਉਦਾਸੀ ਸੰਪ੍ਰਦਾਇ
8. ਬਾਬਾ ਬਖਤਾਵਰ ਸਿੰਘ ਜੀ ਗਿਆਨੀ

ਟੀਕੇ ਦੀ ਸੋਧ ਸੁਧਾਈ ਦਾ ਕੰਮ ਰਾਜਾ ਬਿਕਰਮ ਸਿੰਘ ਦੇ ਸਮੇਂ ਪੂਰਾ ਹੋ ਗਿਆ ਸੀ ਪਰ ਰਾਜਾ ਸਾਹਿਬ ਦੇ ਅਕਾਲ ਚਲਾਣਾ ਕਰ ਜਾਣ ਕਾਰਨ ਇਸ ਦੀ ਛਪਾਈ ਦਾ ਕਾਰਜ ਰਾਜਾ ਬਲਬੀਰ ਸਿੰਘ (1869 ਈ.-1906 ਈ.)

---

[66] ਬਦਨ ਸਿੰਘ, *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ (ਫਰੀਦਕੋਟ ਵਾਲਾ ਟੀਕਾ)*, ਪਟਿਆਲਾ: ਭਾਸ਼ਾ ਵਿਭਾਗ ਪੰਜਾਬ, ਚੌਥੀ ਵਾਰ, 1989, ਪੰਨਾ ੳ.

[67] ਉਹੀ.

[68] ਉਹੀ.

ਦੇ ਰਾਜ-ਕਾਲ ਵਿਚ ਹੀ ਸ਼ੁਰੂ ਹੋ ਸਕਿਆ। ਰਾਜਾ ਸਾਹਿਬ ਨੇ ਇਸ ਮਹਾਨ ਕਾਰਜ ਦੀ ਛਪਾਈ ਦੀ ਜ਼ਿੰਮੇਵਾਰੀ ਵਜ਼ੀਰ ਹਿੰਦ ਪ੍ਰੈੱਸ, ਅੰਮ੍ਰਿਤਸਰ ਸਾਹਿਬ ਨੂੰ ਸੌਂਪ ਦਿੱਤੀ। ਸੰਨ 1906 ਈ. ਤੱਕ, ਚਾਰ ਸੈਂਚੀਆਂ ਵਿਚ ਛਪੇ ਇਸ ਸਟੀਕ ਦੀਆਂ ਹਾਲੇ ਤਿੰਨ ਸੈਂਚੀਆਂ ਹੀ ਛਪੀਆਂ ਸਨ ਕਿ ਰਾਜਾ ਬਲਬੀਰ ਸਿੰਘ ਜੀ ਵੀ ਚੜ੍ਹਾਈ ਕਰ ਗਏ। ਇਸ ਟੀਕੇ ਦਾ ਚੌਥਾ ਭਾਗ ਰਾਜਾ ਬ੍ਰਿਜਿੰਦਰ ਸਿੰਘ (1896 ਈ.-1918 ਈ.) ਨੇ ਛਪਵਾ ਕੇ ਪੰਥ ਦੇ ਸਪੁਰਦ ਕੀਤਾ।[69] ਇਸ ਟੀਕੇ ਦੀਆਂ ਸੈਂਚੀਆਂ ਗੁਰਦੁਆਰਿਆਂ ਜਾਂ ਡੇਰਿਆਂ ਵਿਚ ਰਿਆਸਤ ਫਰੀਦਕੋਟ ਵੱਲੋਂ ਬਿਨਾਂ ਕਿਸੇ ਭੇਟਾ ਦੇ ਜਾਂ ਨਾ-ਮਾਤਰ ਮੁੱਲ ਉੱਤੇ ਭੇਟ ਕੀਤੇ ਗਏ। ਇਸ ਟੀਕੇ ਦੇ ਆਰੰਭ ਵਿਚ ਲਿਖੀ ਭੂਮਿਕਾ ਅਨੁਸਾਰ, "ਟੀਕਾ ਸਾਹਿਬ ਦੇ ਛਪਣ ਤੋਂ ਤਰਸ ਰਹੇ ਪ੍ਰੇਮੀਆਂ ਨੂੰ ਪ੍ਰਸੰਨਤਾ ਪ੍ਰਾਪਤ ਹੋਈ, ਜਿਸ ਦੀ ਮੰਗ ਆਉਨੇ ਤੋਂ ਬਿਨਾ ਭੀ ਬਹੁਤ ਸਾਰੇ ਗੁਰਦ੍ਵਾਰੇ ਸਾਹਿਬਾਨ, ਗੁਰ ਤੀਰਥ ਅਸਥਾਨ ਤੇ ਮਸ਼ਹੂਰ ਜਗਹ ਤੋਂ ਮੰਗ ਆਉਨ ਪਰ ਨਿਹੰਗਾਂ ਸਿੰਘਾਂ, ਸਾਧੂਆਂ, ਸੰਤਾਂ ਤੇ ਸਰਧਾਵਾਨਾਂ ਨਿਰਧਨਾਂ ਨੂੰ ਰਿਆਸਤ ਫਰੀਦਕੋਟ ਦੇ ਮਹਾਰਾਜਗਨ ਵਲੋਂ ਟੀਕਾ ਸਾਹਿਬ ਦੀਆਂ ਬੀੜਾਂ ਅਰਦਾਸਾਂ ਕਰਵਾਈਆਂ ਗਈਆਂ, ਜਿਸ ਤੇ ਗੁਰਬਾਣੀ ਦੇ ਪ੍ਰਚਾਰ ਤੋਂ ਆਤਮਕ ਸੁਧਾਰ ਤੇ ਉਧਾਰ ਦਾ ਮਨੋਰਥ ਸਫਲ ਹੋਕੇ ਮਹਾਰਾਜਾ ਫਰੀਦ ਕੋਟ ਦੀ ਬੇਅੰਤ ਮਾਇਆ ਸਫਲ ਹੋਈ।"[70]

ਇਸ ਸਟੀਕ ਵਿਚ ਮੂਲ-ਪਾਠ ਅਤੇ ਉਸ ਦਾ ਟੀਕਾ ਤੁਕਵਾਰ ਲਿਖਿਆ ਹੋਇਆ ਹੈ। ਉੱਪਰ ਮੋਟੇ ਟਾਈਪ ਵਿਚ ਤੁਕ ਅਤੇ ਹੇਠਾਂ ਬਰੀਕ ਟਾਈਪ ਵਿਚ ਉਸ ਦਾ ਟੀਕਾ ਦਰਜ ਹੈ। ਇਹ ਟੀਕਾ ਸੰਪ੍ਰਦਾਇ ਪ੍ਰਣਾਲੀ, ਸਰਲ ਸਧੁਕੜੀ ਬੋਲੀ ਅਤੇ ਸਰਲ ਵਾਰਤਕ ਵਿਚ ਹੈ। ਇਸ ਟੀਕੇ ਵਿਚ ਲਗਭਗ ਹਰ ਤੁਕ ਦਾ ਇਕ ਹੀ ਅਰਥ ਕੀਤਾ ਗਿਆ ਹੈ। ਸੰਬੰਧਿਤ ਤੁਕ ਵਿਚ ਵਰਤੇ ਹੋਏ ਔਖੇ ਪਦਾਂ ਜਾਂ ਪ੍ਰਤੀਕਾਂ ਆਦਿ ਨੂੰ ਕਮਾਨੀਆਂ (ਬਰੈਕਟਾਂ) ਵਿਚ ਰੱਖ ਕੇ, ਉਨ੍ਹਾਂ ਦੇ ਅਰਥ ਨਾਲੋਂ ਨਾਲ ਲਿਖੇ ਹੋਏ ਹਨ:

"ਬਹੁਤਾ ਕਰਮੁ ਲਿਖਿਆ ਨਾ ਜਾਇ॥

ਹਰੀ ਦਾ (ਕਰਮੁ) ਕਰਤਬੁ ਬਹੁਤੁ ਹੈ ਇਸੀ ਤੇ ਲਿਖਾ ਨਹੀਂ ਜਾਤਾ ਹੈ॥

ਵਡਾ ਦਾਤਾ ਤਿਲੁ ਨ ਤਮਾਇ॥

ਵਹੁ ਅਕਾਲ ਪੁਰਖ (ਵਡਾ) ਦਾਤਾ ਹੈ ਔਰ ਤਿਲ ਮਾਤ੍ਰ ਭੀ (ਤਮਾਇ) ਇਛਾ ਨਹੀਂ ਰਖਤਾ॥"[71]

ਬੇਸ਼ੱਕ ਇਹ ਟੀਕਾ, ਇਸ ਵਿਚ ਲਿਖੀ ਭੂਮਿਕਾ ਅਨੁਸਾਰ ਟਰੰਪ ਵੱਲੋਂ ਕੀਤੇ ਅਸ਼ੁੱਧ ਟੀਕੇ ਦੇ ਪ੍ਰਤੀਕਰਮ ਵਜੋਂ ਤਿਆਰ ਕਰਵਾਇਆ ਗਿਆ ਸੀ। ਇਹ ਸਿੰਘ ਸਭਾ ਲਹਿਰ ਦਾ ਮਹੱਤਵਪੂਰਨ ਕਾਰਜ ਸੀ ਜਿਸ ਵਿਚ ਸੰਪ੍ਰਦਾਇ ਅਰਥਾਂ ਨੂੰ ਸੰਭਾਲਣ ਦਾ ਯਤਨ ਕੀਤਾ ਸੀ।[72] ਇਸ ਦੇ ਬਾਵਜੂਦ ਪੰਥ ਦੇ ਅਤੇ ਸਿੰਘ ਸਭਾ ਲਹਿਰ ਦੇ ਹੀ ਕੁਝ ਵਿਦਵਾਨਾਂ ਨੂੰ ਇਸ ਟੀਕੇ ਪ੍ਰਤੀ ਨਿਰਾਸਤਾ ਹੋਈ।[73] ਇਸ ਦਾ ਪ੍ਰਮੁੱਖ ਕਾਰਨ ਇਹ ਮੰਨਿਆ ਗਿਆ ਹੈ ਕਿ

---

[69] ਉਹੀ, ਪੰਨਾ ਅ.
[70] ਉਹੀ.
[71] ਉਹੀ, ਪੰਨਾ ੳ.
[72] ਉਹੀ.
[73] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 108.

ਇਸ ਟੀਕੇ ਵਿਚ ਵਿਆਕਰਨ ਦਾ ਕੋਈ ਖਿਆਲ ਨਹੀਂ ਰੱਖਿਆ ਗਿਆ ਅਤੇ ਦੂਜਾ ਇਸ ਟੀਕੇ ਉੱਪਰ ਵੇਦਾਂਤ ਦਾ ਪ੍ਰਭਾਵ ਪ੍ਰਤੱਖ ਹੈ।[74]

**5.4.2. The Sikh Religion: Its Gurus, Sacred Writings and Authors:** ਇਸ ਖੇਤਰ ਵਿਚ ਸਿੰਘ ਸਭਾ ਲਹਿਰ ਦੀ ਦੂਜੀ ਵੱਡੀ ਪ੍ਰਾਪਤੀ ਮੈਕਸ ਆਰਥਰ ਮੈਕਾਲਿਫ਼ ਤੋਂ ਛੇ ਜਿਲਦਾਂ ਵਿਚ 'The Sikh Religion' ਨਾਂ ਦਾ ਗ੍ਰੰਥ ਤਿਆਰ ਕਰਵਾਉਣਾ ਸੀ। ਇਸ ਗ੍ਰੰਥ ਨੂੰ ਤਿਆਰ ਕਰਨ ਪਿੱਛੇ ਵੀ ਵੱਡਾ ਕਾਰਨ ਟਰੰਪ ਦੇ ਟੀਕੇ ਦੀਆਂ ਊਣਤਾਈਆਂ ਤੇ ਗਲਤ ਵਿਆਖਿਆ ਹੀ ਬਣੀ।[75] ਮੈਕਾਲਿਫ਼ ਮੂਲ ਰੂਪ ਵਿਚ ਆਇਰਲੈਂਡ ਦਾ ਰਹਿਣ ਵਾਲਾ ਸੀ, 1864 ਈ. ਵਿਚ ਇਹ ਇੰਡੀਅਨ ਸਿਵਲ ਸਰਵਿਸ ਦਾ ਇਮਤਿਹਾਨ ਪਾਸ ਕਰਕੇ ਭਾਰਤ ਵਿਚ ਸਰਕਾਰੀ ਨੌਕਰੀ 'ਤੇ ਆਇਆ। ਉਹ 1882 ਈ. ਵਿਚ ਪੰਜਾਬ ਦਾ ਡਿਪਟੀ ਕਮਿਸ਼ਨਰ ਤੇ ਦੋ ਸਾਲ ਪਿੱਛੋਂ ਡਵੀਜ਼ਨਲ ਜੱਜ ਵੀ ਬਣਿਆ। ਜਦੋਂ ਇਹ ਗੁਜਰਾਤ ਦਾ ਡਿਪਟੀ ਕਮਿਸ਼ਨਰ ਸੀ, ਤਾਂ ਇਕ ਵਾਰ ਇਹ ਦਿਵਾਲੀ ਮੌਕੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਦਰਸ਼ਨ ਕਰਨ ਆਇਆ। ਅੰਮ੍ਰਿਤਸਰ ਸਾਹਿਬ ਵਿਖੇ ਉਹ ਕਈ ਸਿੱਖ ਵਿਦਵਾਨਾਂ ਨੂੰ ਮਿਲਿਆ। ਉਨ੍ਹਾਂ ਕੋਲੋਂ ਸਿੱਖ ਇਤਿਹਾਸ ਤੇ ਗੁਰਬਾਣੀ ਸੁਣ ਕੇ ਅਤੇ ਸਿੱਖ ਜੀਵਨ ਨੂੰ ਵੇਖ ਕੇ ਉਹ ਬੜਾ ਪ੍ਰਭਾਵਿਤ ਹੋਇਆ। ਜਦੋਂ ਮੈਲਾਲਿਫ਼ ਦੁਬਾਰਾ ਪੰਜਾਬ ਆਇਆ ਤਾਂ ਇਸ ਦਾ ਸੰਪਰਕ ਸਿੰਘ ਸਭਾ ਲਹਿਰ ਦੇ ਪ੍ਰਮੁੱਖ ਆਗੂ ਭਾਈ ਗੁਰਮੁਖ ਸਿੰਘ ਨਾਲ ਹੋਇਆ, ਜਿਨ੍ਹਾਂ ਦੀ ਸੰਗਤ ਤੋਂ ਪ੍ਰਭਾਵਿਤ ਹੋ ਕੇ ਉਹ ਸਿੱਖ ਇਤਿਹਾਸ ਦੇ ਅਧਿਐਨ ਅਤੇ ਲੇਖਨ ਵੱਲ ਤੁੱਰ ਪਿਆ।[76]

ਭਾਈ ਗੁਰਮੁਖ ਸਿੰਘ ਨੇ ਮੈਕਾਲਿਫ਼ ਨੂੰ ਸਮਝਾਇਆ ਕਿ ਜਦੋਂ ਤੱਕ ਉਹ ਗੁਰਬਾਣੀ ਅਰਥਾਂ ਸਮੇਤ ਨਹੀਂ ਪੜ੍ਹਦੇ, ਉਦੋਂ ਤੱਕ ਉਹ ਨਾ ਤਾਂ ਸਿੱਖ ਧਰਮ ਦੇ ਨੇਮ ਚੰਗੀ ਤਰ੍ਹਾਂ ਸਮਝ ਸਕਦੇ ਹਨ ਅਤੇ ਨਾ ਗੁਰਬਾਣੀ ਦਾ ਉਲਥਾ ਕਰ ਸਕਦੇ ਹਨ। ਮੈਕਾਲਿਫ਼ ਦੇ ਪੁੱਛਣ 'ਤੇ ਭਾਈ ਗੁਰਮੁਖ ਸਿੰਘ ਨੇ ਉਨ੍ਹਾਂ ਨੂੰ ਭਾਈ ਕਾਨ੍ਹ ਸਿੰਘ ਨਾਭਾ ਕੋਲ ਜਾਣ ਦੀ ਸਲਾਹ ਦਿੱਤੀ। ਮੈਕਾਲਿਫ਼ ਦੁਆਰਾ ਬੇਨਤੀ ਕਰਨ 'ਤੇ ਮਹਾਰਾਜਾ ਹੀਰਾ ਸਿੰਘ ਨਾਭਾ ਨੇ ਭਾਈ ਕਾਨ੍ਹ ਸਿੰਘ ਨੂੰ 1885 ਈ. ਵਿਚ ਮੈਕਾਲਿਫ਼ ਪਾਸ ਭੇਜ ਦਿੱਤਾ। ਮੈਕਾਲਿਫ਼ ਨੇ ਭਾਈ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਰਥਾਂ ਸਮੇਤ ਪਾਠ ਕੀਤਾ ਅਤੇ ਦਸਮ ਗੁਰੂ ਜੀ ਦੀ ਬਾਣੀ ਵੀ ਪੜ੍ਹੀ।[77] ਮੈਕਾਲਿਫ਼ ਨੇ ਸੰਨ 1893 ਈ. ਵਿਚ ਖ਼ਾਲਸਾ ਦੀਵਾਨ, ਲਾਹੌਰ ਦੀ ਪ੍ਰੇਰਨਾ ਸਦਕਾ ਆਪਣੇ ਸਰਕਾਰੀ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਗੁਰਬਾਣੀ ਦਾ ਅੰਗ੍ਰੇਜ਼ੀ ਭਾਸ਼ਾ ਵਿਚ ਉਲਥਾ ਕਰਨ ਦੇ ਕੰਮ ਵਿਚ ਤਨ ਮਨ ਲਾ ਕੇ ਜੁਟ ਗਏ।

ਮੈਕਾਲਿਫ਼ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਲਥਾ ਅੰਗ੍ਰੇਜ਼ੀ ਭਾਸ਼ਾ ਵਿਚ ਕਰਨਾ ਸ਼ੁਰੂ ਕੀਤਾ ਅਤੇ ਕਈ ਬਾਣੀਆਂ ਦੇ ਉਲਥੇ ਕਰਕੇ ਸਿੱਖ ਪੰਥ ਦੇ ਪ੍ਰਸਿੱਧ ਵਿਦਵਾਨਾਂ ਕੋਲ ਭੇਜ ਕੇ ਰਾਇ ਮੰਗੀ, ਜਿਨ੍ਹਾਂ ਨੇ ਇਸ ਉਲਥੇ ਨੂੰ ਵਾਚ ਕੇ ਇਸ ਪ੍ਰਤੀ ਆਪਣੀ ਖੁਸ਼ੀ ਪ੍ਰਗਟਾਈ। ਭਾਈ ਸਰਦੂਲ ਸਿੰਘ ਗਿਆਨੀ, ਭਾਈ ਸੰਤ ਸਿੰਘ ਜੀ ਅਤੇ ਭਾਈ

---

[74] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ 208-11.

[75] ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ (ਪਹਿਲਾ-ਦੂਜਾ ਭਾਗ)*, ਅਜੈਬ ਸਿੰਘ (ਅਨੁ.), ਲੁਧਿਆਣਾ: ਲਾਹੌਰ ਬੁਕ ਸ਼ਾਪ, 2014, ਪੰਨਾ 18.

[76] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ 42.

[77] ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ (ਪਹਿਲਾ-ਦੂਜਾ ਭਾਗ)*, ਪੰਨਾ 40.

ਪ੍ਰੇਮ ਸਿੰਘ ਜੀ ਨੇ ਮੈਕਾਲਿਫ਼ ਦੇ ਉਲਥੇ ਨੂੰ ਵਾਚ ਕੇ ਲਿਖਿਆ, "ਮਿਸਟਰ ਮੈਕਾਲਿਫ਼ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਜੋ ਉਲਥਾ ਕੀਤਾ ਹੈ ਅਸਾਂ ਅੰਗਰੇਜ਼ੀ ਦੇ ਜਾਣੂ ਵਿਦਵਾਨ ਸਿੱਖਾਂ ਦੀ ਸਹਾਇਤਾ ਨਾਲ ਚੰਗੀ ਤਰ੍ਹਾਂ ਪੜ੍ਹਿਆ ਹੈ। ਅਸਾਂ ਦਿਨ ਰਾਤ ਲਗਾਤਾਰ ਲਗਕੇ ਡੂਢ ਮਹੀਨੇ ਵਿੱਚ ਇਸ ਕਠਨ ਕੰਮ ਨੂੰ ਮੁਕਾਇਆ ਹੈ। ਜਿੱਥੇ ਕਿਧਰੇ ਸਾਨੂੰ ਕੋਈ ਗਲਤੀ ਮਲੂਮ ਹੋਈ ਅਸਾਂ ਮਿਲ ਕੇ ਵਿਚਾਰ ਕੀਤੀ ਅਤੇ ਯਾ ਤਾਂ ਠੀਕ ਕਰ ਦਿੱਤੀ ਜਾਂ ਮਿਸਟਰ ਮੈਕਾਲਿਫ਼ ਦੇ ਉਲਥੇ ਨੂੰ ਉਸੇ ਤਰ੍ਹਾਂ ਰਹਿਣ ਦਿੱਤਾ। ਸੋ ਹੁਣ ਅਸੀਂ ਪ੍ਰਗਟ ਕਰਦੇ ਹਾਂ ਕਿ ਮਿਸਟਰ ਮੈਕਾਲਿਫ਼ ਸਾਹਿਬ ਦਾ ਤਰਜਮਾ ਅਸਾਂ ਚੰਗੀ ਤਰ੍ਹਾਂ ਸੋਧਿਆ ਹੈ ਅਤੇ ਹੁਣ ਇਹ ਸਾਰਾ ਠੀਕ ਹੈ। ਵੱਡਾ ਧਿਆਨ ਇਸ ਗੱਲ ਦਾ ਰੱਖਿਆ ਗਿਆ ਹੈ ਕਿ ਉਲਥਾ ਸਿੱਖ ਅਸੂਲਾਂ ਦੇ ਅਨੁਸਾਰ ਹੋਵੇ। ਇਹ ਉਲਥਾ ਅੱਖਰੋ ਅੱਖਰ ਕੀਤਾ ਗਿਆ ਹੈ ਅਤੇ ਵਿਆਕਰਣ ਅਤੇ ਬੋਲੀ ਦੇ ਨੇਮਾਂ ਅਨੁਸਾਰ ਬਿਲਕੁਲ ਠੀਕ ਹੈ।"[78]

ਬਾਬਾ ਖੇਮ ਸਿੰਘ ਬੇਦੀ ਨੇ ਮੈਕਾਲਿਫ਼ ਨੂੰ ਚਿੱਠੀ ਲਿਖ ਕੇ ਆਪਣੀ ਪ੍ਰਤੀਕਿਰਿਆ ਪ੍ਰਗਟਾਈ। ਉਨ੍ਹਾਂ ਚਿੱਠੀ ਵਿਚ ਲਿਖਿਆ, "ਸਿੱਖ ਕੌਮ ਦੇ ਬੜੇ ਚੰਗੇ ਭਾਗ ਹਨ, ਜੋ ਇਸ ਨੂੰ ਤੁਹਾਡੇ ਜਿਹਾ ਕ੍ਰਿਪਾਲੂ ਮਿੱਤਰ ਮਿਲਿਆ ਹੋਇਆ ਹੈ। ਤੁਹਾਡੇ ਖਿਆਲ ਸੁਭਾਵਕ ਹੀ ਸਿੱਖ ਕੌਮ ਦੇ ਲਾਭ ਵੱਲ ਮੁੜੇ ਹੋਏ ਹਨ। ਸਿੱਖਾਂ ਨੂੰ ਹਮੇਸ਼ਾਂ ਲਈ ਆਪਦਾ ਧੰਨਵਾਦੀ ਅਤੇ ਕ੍ਰਿਤਾਰਥ ਹੋਣਾ ਚਾਹੀਦਾ ਹੈ। ਮੈਨੂੰ ਆਪਦੀ ਪੁਸਤਕ ਦੀ ਪ੍ਰਸ਼ੰਸਾ ਕਰਕੇ ਬੜੀ ਖੁਸ਼ੀ ਪ੍ਰਾਪਤ ਹੋ ਰਹੀ ਹੈ। ਆਪ ਨੇ ਇੱਡੇ ਵੱਡੇ ਕੰਮ ਦੇ ਸੰਪੂਰਨ ਕਰਨ ਲਈ ਬਹੁਤ ਕਸ਼ਟ ਆਪਣੇ ਆਪ ਉੱਤੇ ਝੱਲੇ ਹਨ।"[79]

ਜਨਮ ਅਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਤਖ਼ਤ ਸ੍ਰੀ ਹਰਿਮੰਦਰ ਸਾਹਿਬ, ਪਟਨਾ ਸਾਹਿਬ) ਦੇ ਮਹੰਤ ਬਾਬਾ ਸੁਮੇਰ ਸਿੰਘ ਜੀ ਨੇ ਇਸ ਕਾਰਜ ਦੀ ਮਹੱਤਤਾ ਪ੍ਰਤੀ ਲਿਖਿਆ, "ਮੈਂ ਆਪ ਦੇ ਇਸ ਯਤਨ ਦੀ ਪੂਰੀ ਤਰ੍ਹਾਂ ਸ਼ਲਾਘਾ ਕਰਦਾ ਹਾਂ, ਜੋ ਆਪ ਨੇ ਆਪਣੇ ਉਲਥੇ ਵਿਚ ਅੱਖਰੀ ਉਲਥਾ ਕਰਨ ਦੀ ਬਜਾਏ ਅਸਲੀ ਭਾਵ ਨੂੰ ਮੁੱਖ ਰੱਖਿਆ ਹੈ ਅਤੇ ਜਿੱਥੇ ਕਿਤੇ ਇਹ ਡਰ ਸੀ ਕਿ ਸ਼ਬਦਾਂ ਤੋਂ ਅਸਲੀ ਭਾਵ ਦਾ ਪਤਾ ਨਹੀਂ ਲਗਦਾ ਉਥੇ ਆਪ ਨੇ ਹਰ ਜਗ੍ਹਾਂ ਹੇਠਾਂ ਫੁਟ ਨੋਟ ਦਿੱਤੇ ਹਨ।"[80]

ਪਹਿਲਾਂ ਤਾਂ ਇਹ ਖ਼ਿਆਲ ਸੀ ਕਿ ਸਾਰੀ ਬਾਣੀ ਦਾ ਅੰਗ੍ਰੇਜ਼ੀ ਭਾਸ਼ਾ ਵਿਚ ਉਲਥਾ ਹੀ ਕੀਤਾ ਜਾਵੇ। ਸਿੱਖਾਂ ਨੇ ਸ਼ੰਕਾ ਕੀਤਾ ਕਿ ਜੇਕਰ ਮੂਲ ਬਾਣੀ ਦੇ ਕ੍ਰਮ ਅਨੁਸਾਰ ਹੀ ਸਾਰਾ ਉਲਥਾ ਕੀਤਾ ਗਿਆ ਤਾਂ ਇਸ ਦਾ ਵਿਦੇਸ਼ਾਂ ਵਿਚ ਉਨ੍ਹਾਂ ਸਤਿਕਾਰ ਨਹੀਂ ਹੋਵੇਗਾ ਜਿਨ੍ਹਾਂ ਕਿ ਪੰਜਾਬ ਵਿਚ ਹੈ। ਮੈਲਾਲਿਫ਼ ਨੂੰ ਸਲਾਹ ਦਿੱਤੀ ਗਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਕ੍ਰਮ ਅਨੁਸਾਰ ਉਲਥਾ ਨਾ ਕੀਤਾ ਜਾਵੇ, ਸਗੋਂ ਕਿਸੇ ਹੋਰ ਤਰਤੀਬ ਨਾਲ ਉਲਥਾ ਪ੍ਰਕਾਸ਼ਿਤ ਕੀਤਾ ਜਾਵੇ। ਮੈਕਾਲਿਫ਼ ਅਨੁਸਾਰ, "ਮਾਨਯੋਗ ਧਾਰਮਿਕ ਸਿੱਖਾਂ ਦੀ ਇਸ ਸਲਾਹ ਨਾਲ ਮੈਨੂੰ ਚੋਖਾ ਲਾਭ ਹੋਇਆ, ਕਿਉਂਕਿ ਮੈਂ ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਵਰਣਨ ਵਿੱਚ ਕਈ ਸ਼ਬਦ ਦੇ ਦਿੱਤੇ ਹਨ ਅਤੇ

[78] ਉਹੀ, ਪੰਨਾ 21.
[79] ਉਹੀ, ਪੰਨਾ 23.
[80] ਉਹੀ.

ਇਸ ਤਰ੍ਹਾਂ ਨਾਲ ਇਹ ਉਲਥਾ ਜੀਵਨ ਗਾਥਾ ਦਾ ਰੂਪ ਧਾਰਨ ਕਰ ਗਿਆ ਹੈ। ਇਸ ਤਰ੍ਹਾਂ ਕਰਨ ਨਾਲ ਹੁਣ ਇਹ ਪੁਸਤਕ ਨਾ ਸਿਰਫ ਯੂਰਪ ਦੇ ਵਾਸੀਆਂ ਨੂੰ ਪਸੰਦ ਆਵੇਗੀ, ਸਗੋਂ ਸਿੱਖਾਂ ਨੂੰ ਵੀ ਵਧੇਰੇ ਦਿਲਚਸਪ ਜਾਪੇਗੀ।"[81]

ਮੈਕਾਲਿਫ਼ ਦਾ ਇਹ ਗ੍ਰੰਥ 1909 ਈ. ਵਿਚ 'The Sikh Religion: Its Gurus, Sacred Writings and Authors' ਨਾਂ ਅਧੀਨ ਛੇ ਜਿਲਦਾਂ ਵਿਚ ਆਕਸਫੋਰਡ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਕੀਤਾ। ਇਸ ਗ੍ਰੰਥ ਦੀ ਪਹਿਲੀ ਜਿਲਦ ਵਿਚ ਗੁਰੂ ਨਾਨਕ ਦੇਵ ਜੀ ਅਤੇ ਸਿੱਖ ਧਰਮ ਦੀਆਂ ਆਰੰਭਿਕ ਘਟਨਾਵਾਂ ਸੰਬੰਧੀ ਪ੍ਰਕਾਸ਼ ਪਾਇਆ ਗਿਆ ਹੈ। ਦੂਜੀ ਜਿਲਦ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦੇ ਜੀਵਨ ਅਤੇ ਵਿਚਾਰਧਾਰਾ ਨੂੰ ਅਰਪਿਤ ਕੀਤੀ ਹੈ। ਤੀਜੀ ਜਿਲਦ ਵਿਚ ਗੁਰੂ ਅਰਜਨ ਦੇਵ ਜੀ ਦੀ ਵਿਚਾਰਧਾਰਾ, ਗੁਰਬਾਣੀ ਦੇ ਸੰਕਲਨ ਦੇ ਇਤਿਹਾਸ ਅਤੇ ਮੁੱਖ-ਮੁੱਖ ਬਾਣੀਆਂ ਦੇ ਅੰਗ੍ਰੇਜ਼ੀ ਅਨੁਵਾਦ ਨੂੰ ਦਰਸਾਇਆ ਹੈ। ਚੌਥੀ ਜਿਲਦ ਵਿਚ ਗੁਰੂ ਹਰਿਗੋਬਿੰਦ ਜੀ, ਗੁਰੂ ਹਰਿਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਖ਼ਸੀਅਤ ਦੀ ਜਾਣਕਾਰੀ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਅੰਗ੍ਰੇਜ਼ੀ ਉਲਥਾ ਵੀ ਦਿੱਤਾ ਹੈ। ਪੰਜਵੀਂ ਜਿਲਦ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਵਿਅਕਤਿਤਵ, ਖ਼ਾਲਸੇ ਦੀ ਸਥਾਪਨਾ, ਸਾਹਿਤ ਸਿਰਜਨਾ ਅਤੇ ਬਾਣੀ ਦੇ ਅੰਗ੍ਰੇਜ਼ੀ ਰੂਪ ਨੂੰ ਪੇਸ਼ ਕੀਤਾ ਹੈ ਅਤੇ ਬੰਦਾ ਸਿੰਘ ਬਹਾਦਰ ਦਾ ਜੀਵਨ ਵੀ ਪੇਸ਼ ਕੀਤਾ ਹੈ। ਛੇਵੀਂ ਜਿਲਦ ਭਗਤਾਂ ਦੀਆਂ ਸ਼ਖ਼ਸੀਅਤਾਂ ਅਤੇ ਬਾਣੀਆਂ ਨੂੰ ਅਰਪਿਤ ਹੈ। ਕੁਲ ਮਿਲਾ ਕੇ 2500 ਪੰਨਿਆਂ ਦੇ ਇਸ ਵਿਸ਼ਾਲ ਗ੍ਰੰਥ ਦੇ ਲਗਭਗ ਅੱਧੇ ਹਿੱਸੇ ਵਿਚ ਗੁਰੂ ਸਾਹਿਬਾਨ ਦਾ ਇਤਿਹਾਸ ਅਤੇ ਬਾਕੀ ਅੱਧੇ ਹਿੱਸੇ ਵਿਚ ਗੁਰਬਾਣੀ ਦਾ ਅੰਗ੍ਰੇਜ਼ੀ ਅਨੁਵਾਦ ਦਰਜ ਕੀਤਾ ਗਿਆ ਹੈ।[82]

ਸਿੰਘ ਸਭਾ ਲਹਿਰ ਦੇ ਆਗੂਆਂ ਦੀ ਪ੍ਰੇਰਨਾ ਸਦਕਾ ਮੈਕਾਲਿਫ਼ ਦੁਆਰਾ ਕੀਤਾ ਗਿਆ ਕਾਰਜ ਇਸ ਲਹਿਰ ਦੀ ਵੱਡੀ ਪ੍ਰਾਪਤੀ ਹੈ। ਇਸ ਤੋਂ ਪਹਿਲਾਂ ਅੰਗ੍ਰੇਜ਼ੀ ਭਾਸ਼ਾ ਵਿਚ ਗੁਰਬਾਣੀ ਵਿਆਖਿਆ ਸੰਬੰਧੀ ਬਹੁਤ ਘੱਟ ਕੰਮ ਮਿਲਦਾ ਸੀ। ਜੋ ਮਿਲਦਾ ਹੈ ਉਹ ਸਿੱਖ ਸਿਧਾਂਤ ਅਤੇ ਵਿਚਾਰਧਾਰਾ ਦੀ ਗਲਤ ਵਿਆਖਿਆ ਹੀ ਪੇਸ਼ ਕਰਦਾ ਸੀ, ਇਸ ਕਾਰਨ ਅੰਗ੍ਰੇਜ਼ੀ ਭਾਸ਼ਾ ਵਿਚ ਮੈਲਾਲਿਫ਼ ਦੁਆਰਾ ਕੀਤਾ ਇਹ ਕਾਰਜ, ਭਾਵੇਂ ਇਸ ਵਿਚ ਕੁਝ ਕਮੀਆਂ ਹਨ ਪਰ ਅੰਗ੍ਰੇਜ਼ੀ ਦੇ ਪਾਠਕਾਂ ਲਈ ਸਿੱਖ ਸਿਧਾਂਤ ਅਤੇ ਵਿਚਾਰਧਾਰਾ ਸਮਝਣ ਲਈ ਬਹੁਤ ਮੁੱਲਵਾਨ ਹੈ। ਸਿੱਖ ਪੰਥ ਦੇ ਪ੍ਰਸਿੱਧ ਵਿਦਵਾਨ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਇਸ ਕਾਰਜ ਦੀ ਮਹੱਤਤਾ ਨੂੰ ਸਪਸ਼ਟ ਕਰਦਿਆਂ ਲਿਖਿਆ ਹੈ, "ਮੈਕਾਲਿਫ਼ ਸਾਹਿਬ ਨੇ ਸਿੱਖ ਧਰਮ ਲਈ ਉਹ ਕੰਮ ਕੀਤਾ ਜੋ ਮੈਕਸ ਮੂਲਰ, ਮੋਨੀਅਮ ਵਿਲੀਅਮਜ਼ ਅਤੇ ਵਿਲਸਨ ਆਦਿ ਨੇ ਹਿੰਦੂ ਧਰਮ ਵਾਸਤੇ ਕੀਤਾ ਹੈ, ਅਰਥਾਤ ਪੱਛਮੀ ਦੁਨੀਆਂ ਦੇ ਸਾਹਮਣੇ ਇਸ ਧਰਮ ਦੀ ਉਹ ਕਦਰ ਕਰਾ ਦਿੱਤੀ ਹੈ ਜੋ ਕਿਸੇ ਸਿੱਖ ਕੋਲੋਂ ਨਹੀਂ ਸੀ ਹੋਣੀ। ਉਮੈਦ ਨਹੀਂ ਕਿ ਇਸ ਮਜ਼ਮੂਨ ਉਤੇ ਹੋਰ ਕੋਈ ਲਿਖਾਰੀ ਇਤਨੀ ਖੋਜ ਤੇ ਮੇਹਨਤ ਕਰੇ।"[83]

---

[81] ਉਹੀ, ਪੰਨਾ 27.
[82] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਚੌਥਾ ਭਾਗ)*, ਪਟਿਆਲਾ: ਗ੍ਰੇਸੀਅਸ ਬੁਕਸ, 2014, ਪੰਨਾ 1568.
[83] ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ (ਪਹਿਲਾ-ਦੂਜਾ ਭਾਗ)*, ਪੰਨਾ 42.

**5.4.3. ਬਾਣੀ ਬਿਉਰਾ:** 1904 ਈ. ਵਿਚ ਸਿੰਘ ਲਹਿਰ ਦੀ ਪ੍ਰਮੁੱਖ ਸੰਸਥਾ 'ਖ਼ਾਲਸਾ ਟ੍ਰੈਕਟ ਸੁਸਾਇਟੀ' ਨੇ ਭਾਈ ਵੀਰ ਸਿੰਘ ਦੇ ਪਿਤਾ ਚਰਨ ਸਿੰਘ ਦੀ ਲਿਖਤ 'ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰਾ' ਪ੍ਰਕਾਸ਼ਿਤ ਕੀਤੀ। ਉਥਾਨਕਾ ਸਮੇਤ 103 ਪੰਨਿਆਂ ਦੀ ਇਹ ਰਚਨਾ ਹੁਣ 'ਸ੍ਰੀ ਚਰਣਹਰਿ ਵਿਸਥਾਰ' ਗ੍ਰੰਥ ਵਿਚ ਪੰਨਾ ਨੰ. 297 ਤੋਂ ਪੰਨਾ ਨੰ. 400 ਤੱਕ ਦਰਜ ਹੈ।[84] ਇਹ ਲਿਖਤ ਇਸ ਤਰ੍ਹਾਂ ਦੀ ਪਹਿਲੀ ਰਚਨਾ ਸੀ ਜੋ ਬਾਅਦ ਵਿਚ ਰਚੀਆਂ ਗਈਆਂ ਕਿਰਤਾਂ ਲਈ ਪ੍ਰੇਰਨਾ, ਸਹਾਇਤਾ ਅਤੇ ਅਗਵਾਈ ਦਾ ਸੋਮਾ ਬਣੀ ਰਹੀ। ਇਸ ਲਿਖਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਸਿਰਲੇਖਾਂ ਦੇ ਅਰਥ ਅਤੇ ਉਨ੍ਹਾਂ ਹੇਠ ਦਰਜ ਬਾਣੀ ਦਾ ਸਮੁੱਚਾ ਬਿਉਰਾ ਦਿੱਤਾ ਗਿਆ ਹੈ। ਇਸ ਬਾਣੀ ਬਿਉਰੇ ਨੂੰ ਪੈਂਤੀ ਦੇ ਅੱਖਰ-ਕ੍ਰਮ ਅਨੁਸਾਰ ਤਿਆਰ ਕੀਤਾ ਗਿਆ ਹੈ।

ਮਿਸਾਲ ਵਜੋਂ 'ਆਰਤੀ' ਸਿਰਲੇਖ ਹੇਠ ਲਿਖਿਆ ਹੈ, "ਜਿਨ੍ਹਾਂ ਸ਼ਬਦਾਂ ਦਾ ਸਿਰਲੇਖ 'ਆਰਤੀ' ਲਿਖਿਆ ਹੈ ਓਹ ਆਰਤੀ ਦੇ ਢੰਗ ਦੇ ਹਨ ਅਤੇ ਓਸ ਬਾਣੀ ਵਿੱਚ ਵਿਸ਼ੇਸ਼ ਕਰਕੇ ਆਰਤੀ ਦੇ ਪਦਾਰਥਾਂ ਦਾ ਹੀ ਵਰਨਣ ਹੈ, ਜਿਹਾ ਕਿ ਧੂਪ, ਦੀਪ, ਥਾਲ, ਜੋਤ, ਕੇਸਰ ਆਦਿਕ ਅਤੇ ਇਹ ਬਾਣੀ ਅਵਸੋਂ ਰਹਿਰਾਸ ਦੇ ਉਪਰੰਤ ਗੁਰਸਿਖਾਂ ਵਿਚ ਪੜ੍ਹੀ ਜਾਂਦੀ ਹੈ, ਇਹ ਪ੍ਰਸਿੱਧ ਬਾਤ ਹੈ। ਆਰਤੀ ਪਦ ਆਰਤੀ ਦਾ ਨਾਮ ਹੈ, ਪਰੰਤੂ ਤਿੰਨਾਂ ਚਹੁੰ ਸ਼ਬਦਾਂ ਦਾ ਸਿਰਲੇਖ ਆਰਤੀ ਨਹੀਂ ਲਿਖਿਆ ਹੈ, ਤਦ ਭੀ ਆਰਤੀ ਦੇ ਪਦਾਰਥ ਓਨ੍ਹਾਂ ਸ਼ਬਦਾਂ ਵਿਚ ਹੋਣੇ ਤੇ ਓਹ ਭੀ ਆਰਤੀ ਦੇ ਹੀ ਸ਼ਬਦ ਗੁਰਸਿੱਖਾਂ ਵਿੱਚ ਵਿਦਮਾਨ ਹਨ।"[85] ਇਸੇ ਤਰ੍ਹਾਂ 'ਦਿਨ ਰੈਣ' ਸਿਰਲੇਖ ਹੇਠ ਲਿਖਿਆ ਹੈ, "ਦਿਨ ਰੈਣ ਦ੍ਵਾਰਾ ਅਥਵਾ ਦਿਨ ਰਾਤ ਪਰਥਾਇ ਜੋ ਬਾਣੀ ਉਚਰੀ ਹੈ ਉਸ ਦਾ ਸਿਰਲੇਖ ਦਿਨ ਰੈਣ ਲਿਖਿਆ ਹੈ। ਜੀਕਰ ਥਿਤੀ ਵਾਰ ਰੁਤੀ ਪਹਰੇ ਆਦਿਕ ਹਨ। ਇਹ ਇਕੋ ਹੀ ਸ਼ਬਦ ਹੈ।"[86]

ਇਸ ਦੇ ਨਾਲ ਹੀ ਇਸ ਵਿਚ ਦਰਜ 44 ਚੱਕਰਾਂ ਵਿਚ ਸਮੂਹ ਬਾਣੀਕਾਰਾਂ ਦੀ ਬਾਣੀ ਦਾ ਸੰਪੂਰਨ ਵੇਰਵਾ ਦਰਜ ਹੈ। ਗੁਰਬਾਣੀ ਵਿਆਖਿਆ ਦੇ ਖੇਤਰ ਵਿਚ ਇਹ ਲਿਖਤ ਮਹੱਤਵਪੂਰਨ ਕਾਰਜ ਸੀ ਜਿਸ ਨੇ ਬਾਅਦ ਵਿਚ ਰਚੇ ਸਾਹਿਤ ਦੀ ਅਗਵਾਈ ਕੀਤੀ।[87]

**5.4.4. ਸ਼ਬਦ-ਬ੍ਰਿਤੀ ਪ੍ਰਕਾਸ਼:** 1914 ਈ. ਵਿਚ ਭਾਈ ਵੀਰ ਸਿੰਘ ਨੇ ਚਰਨ ਸਿੰਘ ਦੀ ਲਿਖਤ 'ਸ਼ਬਦ-ਬ੍ਰਿਤੀ ਪ੍ਰਕਾਸ਼' ਪ੍ਰਕਾਸ਼ਿਤ ਕੀਤੀ। ਇਸ ਲਿਖਤ ਦੇ ਮੰਤਵ, ਮਹੱਤਵ ਅਤੇ ਪਿਛੋਕੜ ਨੂੰ ਬਿਆਨ ਕਰਦਿਆਂ ਭਾਈ ਸਾਹਿਬ ਨੇ ਲਿਖਿਆ ਹੈ, "ਆਪ (ਚਰਨ ਸਿੰਘ) ਚਾਹੁੰਦੇ ਸੇ ਕਿ ਕੋਸ਼ ਟੀਕਿਆਂ ਤੋਂ ਛੁਟ ਗੁਰਬਾਣੀ ਦੇ ਅਰਥ ਅਰ ਪ੍ਰਬੰਧ ਸੰਬੰਧੀ ਓਹ ਨਿਯਮ, ਜਿਨ੍ਹਾਂ ਵਿਚ ਸ੍ਰੀ ਗੁਰੂ ਜੀ ਨੇ ਬਾਣੀ ਨੂੰ ਲਿਖਿਆ ਹੈ, ਲਿਖੇ ਜਾਣ, ਜਾਂ ਸਮਝਣੇ ਲਈ ਓਹ ਨਿਯਮ ਸਾਡੀ ਸਮਝ ਗੋਚਰੀ ਬੋਲੀ ਤੇ ਸੰਕੇਤਾਂ ਵਿਚ ਵਰਣਨ ਕੀਤੇ ਜਾਣ, ਜੋ ਅਰਥ ਖੋਜੀ ਨੂੰ ਸਹਾਇਕ ਹੋਣ। ਦੂਸਰੇ ਜੋ ਇਕ ਵਾਕ੍ਯ ਦੇ ਅਨੇਕ ਅਨਘੜ ਅਰਥ ਕਰੀ ਜਾਣ ਦਾ ਸ਼ੋਕਦਾਇਕ ਵਤੀਰਾ ਚੱਲ ਪਿਆ ਹੈ, ਇਹ

---

[84] ਬਲਬੀਰ ਸਿੰਘ (ਸੰਪਾ.), *ਸ੍ਰੀ 'ਚਰਣਹਰਿ' ਵਿਸਥਾਰ*, ਅੰਮ੍ਰਿਤਸਰ, 1941, ਪੰਨੇ 297-400.
[85] ਉਹੀ, ਪੰਨਾ 303.
[86] ਉਹੀ, ਪੰਨਾ 317.
[87] ਹਰਨਾਮ ਸਿੰਘ ਸ਼ਾਨ, *ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ: ਇਕ ਆਲੋਚਨਾਤਮਕ ਅਧਿਐਨ ਤੇ ਸਰਵੇਖਣ,* ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1994, ਪੰਨਾ 160.

ਵਿਦਿਆ ਦੇ ਅਸੂਲਾਂ ਨਾਲ ਰੋਕ ਕੇ ਨਿਯਮ ਪ੍ਰਕਾਸ਼ਤ ਕੀਤੇ ਜਾਣ ਜੋ ਸੁਤੇ ਸਿੱਧ ਜਾਂ ਵਿਦਯਾ ਦੀ ਖੋਜ ਦੇ ਹੋਣ, ਜਿਨ੍ਹਾਂ ਕਰਕੇ ਦਰੁਸਤ ਅਰ ਅਸਲ ਅਰਥ ਹੀ ਪਰਧਾਨ ਰਹਿਣ ਅਰ ਤਾਤਪਰਜ, ਧੁਨੀ ਆਦਿਕ ਸਾਰੇ ਸੰਬੰਧਤ ਵਿਸ਼ੇ, ਜਿਨ੍ਹਾਂ ਦਵਾਰਾ ਮੁੱਖ ਅਰਥ ਸਥਾਪਿਤ ਹੋਇਆ ਹੈ, ਸਫਾ ਸਮਝੇ ਜਾਣ। ਇਸ ਵਿਸ਼ੇ ਵਿਚ ਦਾਸ ਨਾਲ ਸ੍ਰੀ ਪਿਤਾ ਜੀ ਨੇ ਇਕ ਦਿਨ ਬਹੁਤ ਵਿਚਾਰ ਦੇ ਬਾਦ ਜ਼ਿਕਰ ਕੀਤਾ ਕਿ ਸ੍ਰੀ ਗੁਰੂ ਜੀ ਦੀ ਬਾਣੀ ਵਿਚ ਨਿਯਮ ਕੋਈ ਨਹੀਂ, ਵੀ ਗਲਤ ਹੈ, ਪਰ ਇਹ ਕਹਿਣਾ, ਕਿ ਬਾਣੀ 'ਧੁਰ ਕੀ ਬਾਣੀ ਨਹੀਂ', ਏਹ ਵੀ ਗਲਤ ਹੈ; ਇਸ ਲਈ ਨਿਯਮਾਂ ਦਾ ਵਰਣਨ ਜ਼ਰੂਰੀ ਹੈ।"[88]

ਸੋ, ਇਸ ਲਿਖਤ ਵਿਚ ਸ਼ਬਦ ਦੇ ਅਭਿਧਾ ਬ੍ਰਿਤੀ, ਲੱਛਣਾ ਬ੍ਰਿਤੀ ਅਤੇ ਬਯੰਜਨਾ ਬ੍ਰਿਤੀ ਨੂੰ ਗੁਰਬਾਣੀ ਦੀਆਂ ਉਦਾਹਰਨਾਂ ਸਹਿਤ ਸਰਲ ਭਾਸ਼ਾ ਵਿਚ ਸਪਸ਼ਟ ਕੀਤਾ ਗਿਆ ਹੈ। ਗੁਰਬਾਣੀ ਵਿਚ ਵਿਦਮਾਨ ਵਿਆਕਰਨ ਦੇ ਨਿਯਮਾਂ ਨੂੰ ਪਹਿਲਾਂ ਟਰੰਪ ਨੇ ਲੱਭਣ ਦੀ ਕੋਸ਼ਿਸ਼ ਕੀਤੀ, ਫਿਰ ਚਰਨ ਸਿੰਘ ਨੇ ਇਸ ਦੇ ਸੰਕੇਤ ਦਿੱਤੇ, ਭਾਈ ਗੁਰਮੁਖ ਸਿੰਘ ਨੇ ਵੀ ਇਸ ਪ੍ਰਤੀ ਆਪਣੇ ਵਿਚਾਰ ਪ੍ਰਗਟਾਏ ਅਤੇ ਬਾਅਦ ਵਿਚ ਪ੍ਰੋ. ਸਾਹਿਬ ਸਿੰਘ ਨੇ 'ਗੁਰਬਾਣੀ ਵਿਆਕਰਣ' ਦੇ ਰੂਪ ਵਿਚ ਇਨ੍ਹਾਂ ਨਿਯਮਾਂ ਨੂੰ ਸਪਸ਼ਟ ਕੀਤਾ। ਟਰੰਪ ਤੋਂ ਬਾਅਦ ਚਰਨ ਸਿੰਘ ਹੀ ਸਨ, ਜਿਨ੍ਹਾਂ ਗੁਰਬਾਣੀ ਦੇ ਵਿਆਕਰਨਿਕ ਨਿਯਮਾਂ ਨੂੰ ਗੁਰਬਾਣੀ ਦੇ ਪ੍ਰਕਾਸ਼ ਵਿਚ ਸਮਝਣ ਅਤੇ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ। ਇਸ ਕੋਸ਼ਿਸ਼ ਨੇ ਹੀ ਵਿਦਵਾਨਾਂ ਨੂੰ ਇਸ ਵਿਸ਼ੇ ਪ੍ਰਤੀ ਹੋਰ ਖੋਜ ਕਰਨ ਲਈ ਪ੍ਰੇਰਿਤ ਕੀਤਾ। ਇਸ ਖੇਤਰ ਵਿਚ ਜਿਨ੍ਹਾਂ ਵਿਦਵਾਨਾਂ ਨੇ ਕਾਰਜ ਕੀਤਾ, ਉਨ੍ਹਾਂ ਦੀ ਪਹੁੰਚ ਆਮ ਕਰਕੇ ਭਾਸ਼ਾ ਵਿਗਿਆਨ ਦੇ ਚੌਗਿਰਦੇ ਤੱਕ ਸੀਮਤ ਰਹਿੰਦੀ ਸੀ। ਪਰ ਚਰਨ ਸਿੰਘ ਦੀ ਪਹੁੰਚ ਗੁਰਬਾਣੀ ਦੇ ਵਿਆਕਰਨਿਕ ਨਿਯਮ ਲੱਭਣ ਸਮੇਂ ਬਾਣੀਕਾਰ ਦੇ ਅਨੁਭਵ ਨੂੰ ਵੀ ਧਿਆਨ ਵਿਚ ਰੱਖਦੀ ਹੈ ਅਤੇ ਇਸ ਅਨੁਭਵ ਨੂੰ ਨਿਯਮਾਂ ਵਿਚ ਰੱਖ ਕੇ ਵਾਚਣ ਦੀ ਕੋਸ਼ਿਸ਼ ਕਰਦੀ ਹੈ।

**5.4.5. ਗੁਰਮਤਿ ਪ੍ਰਭਾਕਰ:** ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਰਚਿਤ ਇਹ ਪੁਸਤਕ ਪਹਿਲੀ ਵਾਰ 1898 ਈ. ਵਿਚ ਪ੍ਰਕਾਸ਼ਿਤ ਹੋਈ ਸੀ। ਇਹ ਗ੍ਰੰਥ ਪਹਿਲਾਂ ਹਿੰਦੀ ਵਿਚ ਲਿਖਿਆ ਗਿਆ ਅਤੇ ਬਾਅਦ ਵਿਚ ਇਸ ਦਾ ਸਰਲ ਪੰਜਾਬੀ ਵਿਚ ਵੀ ਉਲਥਾ ਕੀਤਾ ਗਿਆ। ਇਸ ਪੁਸਤਕ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰਬਾਣੀ ਵਿਚ ਆਏ ਸਿਧਾਂਤਕ ਸ਼ਬਦਾਂ ਨੂੰ ਅੱਖਰ ਕ੍ਰਮ ਅਨੁਸਾਰ ਚੁਣਿਆ ਹੈ ਅਤੇ ਉਸ ਦੀ ਗੁਰਮਤਿ ਅਨੁਸਾਰ ਵਿਆਖਿਆ ਕੀਤੀ ਹੈ। ਸੰਬੰਧਿਤ ਸਿਧਾਂਤਕ ਸ਼ਬਦ ਜਿਸ ਤੁਕ ਵਿਚ ਆਇਆ ਹੈ, ਉਸ ਦਾ ਵੇਰਵਾ ਵੀ ਦਿੱਤਾ ਹੈ ਅਤੇ ਸ਼ਬਦ ਦਾ ਅਰਥ ਵੀ ਸਪਸ਼ਟ ਕੀਤਾ ਹੈ। ਸੰਬੰਧਿਤ ਤੁਕ ਵਿਚ ਜਿਹੜੇ ਔਖੇ ਸ਼ਬਦ ਆਏ ਹਨ, ਫੁਟਨੋਟਾਂ ਵਿਚ ਉਨ੍ਹਾਂ ਦੀ ਵਿਆਖਿਆ ਵੀ ਕੀਤੀ ਹੈ। ਸੰਖੇਪ ਵਿਚ ਇਹ ਪੁਸਤਕ ਸਿੱਖੀ ਦੇ ਉਪਦੇਸ਼ ਨੂੰ ਸੂਰਜ ਦੀ ਰੌਸ਼ਨੀ ਦੀ ਤਰ੍ਹਾਂ ਪ੍ਰਕਾਸ਼ਮਾਨ ਕਰਦੀ ਹੋਈ ਸਿੱਖੀ ਦੇ ਮੌਲਿਕ ਉਪਦੇਸ਼ ਨੂੰ ਗੁਰਬਾਣੀ ਦੀ ਕਸੌਟੀ ਉੱਪਰ ਪਰਖ ਕੇ ਬਿਆਨ ਕਰਦੀ ਹੈ। ਉਦਾਹਰਨ ਵਜੋਂ 'ਉਦਾਸੀ' ਸਿਰਲੇਖ ਹੇਠ ਲਿਖਿਆ ਹੈ, "ਜਗਤ ਤੋਂ ਉਦਾਸੀਨ ਹੋਕੇ ਘਰਬਾਰ ਤਜਾਗਣ ਵਾਲੇ ਦਾ ਨਾਮ ਉਦਾਸੀ

---

[88] ਬਲਬੀਰ ਸਿੰਘ (ਸੰਪਾ.), *ਸ਼੍ਰੀ 'ਚਰਣਹਰਿ' ਵਿਸਥਾਰ*, ਪੰਨਾ 646.

ਨਹੀਂ, ਕਿੰਤੂ ਸਭ ਕੁਝ ਕਰਦਾ ਹੋਯਾ ਭੀ ਜੋ ਮਨ ਨੂੰ ਮਾਯਾ ਵਿੱਚ ਖਚਿਤ ਨਹੀਂ ਕਰਦਾ ਗੁਰਮਤ ਵਿੱਚ ਉਸ ਦੀ ਉਦਾਸੀ ਸੰਗਜਾ ਹੈ."[89]

**5.4.6. ਗੁਰੁਛੰਦ ਦਿਵਾਕਰ:** ਇਹ ਪੁਸਤਕ 1921 ਈ. ਵਿਚ ਨਾਭਾ ਦਰਬਾਰ ਵੱਲੋਂ ਪ੍ਰਕਾਸ਼ਿਤ ਕੀਤੀ ਗਈ। ਇਹ ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਲਿਖੀ ਗਈ ਸੀ। ਇਸ ਕਿਤਾਬ ਵਿਚ ਸਿੱਖ ਸਾਹਿਤ ਵਿਚ ਵਰਤੇ ਗਏ ਛੰਦਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ ਹੈ। ਛੰਦ ਦੇ ਸਰੂਪ, ਗੁਣਾਂ ਅਤੇ ਦੋਸ਼ਾਂ ਬਾਰੇ ਬੜੀ ਸਰਲ ਪੰਜਾਬੀ ਭਾਸ਼ਾ ਅਤੇ ਸਪਸ਼ਟ ਸ਼ੈਲੀ ਵਿਚ ਵੇਰਵੇ ਦਰਜ ਕੀਤੇ ਗਏ ਹਨ। ਹਰ ਗੱਲ ਗੁਰਬਾਣੀ ਅਤੇ ਸਿੱਖ ਸਾਹਿਤ ਦੇ ਹੋਰ ਸਰੋਤਾਂ ਵਿਚੋਂ ਉਦਾਹਰਨਾਂ ਦੇ ਕੇ ਸਮਝਾਈ ਗਈ ਹੈ। ਇਸ ਨਾਲ ਗੁਰਬਾਣੀ ਅਤੇ ਹੋਰ ਸਿੱਖ ਸਰੋਤਾਂ ਵਿਚ ਵਰਤੇ ਗਏ ਛੰਦਾਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਹੈ। ਮਿਸਾਲ ਵਜੋਂ 'ਉਗਾਹਾ' ਸਿਰਲੇਖ ਅਧੀਨ ਲਿਖਿਆ ਹੈ, "ਲਕਣ-ਦੋ ਚਰਣ, ਪ੍ਰਤਿ ਚਰਣ ਛੱਬੀਹ ਮਾਤ੍ਰਾ, ਪਹਿਲਾ ਵਿਸ਼੍ਰਾਮ 15 ਪਰ, ਦੂਜਾ 11 ਪਰ, ਅੰਤ ਗੁਰੁ ਲਘੁ. ਉਦਾਹਰਣ-

ਮੈ ਮਨਿ ਤਨਿ ਪ੍ਰੇਮ ਪਿਰੰਮ ਕਾ ਅਠੇ ਪਹਰ ਲਗੰਨਿ॥
ਜਨ ਨਾਨਕ ਕਿਰਪਾ ਧਾਰਿ ਪ੍ਰਭ ਸਤਿਗੁਰ ਸੁਖਿ ਵਸੰਨਿ॥ "[90]

**5.4.7. ਗੁਰਸ਼ਬਦਾਲੰਕਾਰ:** ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਇਹ ਪੁਸਤਕ ਨਾਭਾ ਦਰਬਾਰ ਵੱਲੋਂ ਪਹਿਲੀ ਵਾਰ 1924 ਈ. ਵਿਚ ਪ੍ਰਕਾਸ਼ਿਤ ਕੀਤੀ ਗਈ ਸੀ। ਇਸ ਕਿਤਾਬ ਵਿਚ ਭਾਈ ਸਾਹਿਬ ਨੇ ਗੁਰਬਾਣੀ ਅਤੇ ਸਿੱਖ ਸਾਹਿਤ ਦੇ ਹੋਰ ਗ੍ਰੰਥਾਂ ਵਿਚ ਵਰਤੇ ਗਏ ਅਲੰਕਾਰਾਂ ਬਾਰੇ ਖੋਜ ਭਰਪੂਰ ਜਾਣਕਾਰੀ ਦਿੱਤੀ ਹੈ। ਇਸ ਪੁਸਤਕ ਵਿਚ ਅੱਖਰ ਕ੍ਰਮ ਅਨੁਸਾਰ ਅਲੰਕਾਰ ਚੁਣੇ ਗਏ ਹਨ। ਜਿਸ ਤੁਕ ਵਿਚ ਅਲੰਕਾਰ ਆਇਆ ਹੈ ਉਸ ਦਾ ਵੇਰਵਾ ਵੀ ਦਿੱਤਾ ਹੈ ਅਤੇ ਫੁਟਨੋਟ ਵਿਚ ਔਖੇ ਸ਼ਬਦਾਂ ਦੇ ਅਰਥ ਵੀ ਦਰਜ ਕੀਤੇ ਹਨ। ਜਿਵੇਂ 'ਉੱਦਾਤ' ਸਿਰਲੇਖ ਹੇਠ ਲਿਖਿਆ ਹੈ, "ਪਜਾਰੇ ਨਾਲ ਸੰਬੰਧ ਰੱਖਣ ਵਾਲੀ ਵਸਤੁ ਦੀ ਮਹਿਮਾ ਕਹਿਕੇ ਪਜਾਰੇ ਦਾ ਆਦਰ ਕਰਣਾ "ਉੱਦਾਤ" ਅਲੰਕਾਰ ਦਾ ਰੂਪ ਹੈ. ਉਦਾਹਰਣ-

(1) ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ॥ (ਸਿਰੀਰਾਗੁ ਮ: ੩)

(2) ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ॥ (ਭੈਰਉ ਮ: ੪)"[91]

**5.4.8. ਗੁਰੁਸ਼ਬਦ ਰਤਨਾਕਰ ਮਹਾਨ ਕੋਸ਼:** ਇਹ ਭਾਈ ਕਾਨ੍ਹ ਸਿੰਘ ਨਾਭਾ ਦੀ ਸ਼ਾਹਕਾਰ ਰਚਨਾ ਹੈ। ਇਸ ਨੂੰ ਪੰਜਾਬੀ ਭਾਸ਼ਾ ਦੇ ਨਾਲ-ਨਾਲ ਸਿੱਖ ਧਰਮ ਅਤੇ ਸਾਹਿਤ ਦਾ ਵਿਸ਼ਵਕੋਸ਼ ਵੀ ਆਖਿਆ ਜਾਂਦਾ ਹੈ। ਇਹ ਰਚਨਾ ਭਾਈ ਸਾਹਿਬ ਦੀ ਸਾਰੀ ਉਮਰ ਦੀ ਖੋਜ ਅਤੇ ਘਾਲਣਾ ਦਾ ਸਿੱਟਾ ਹੈ। ਇਸ ਕੋਸ਼ ਵਿਚ ਸਿੱਖ ਸਾਹਿਤ, ਇਤਿਹਾਸ ਅਤੇ ਧਰਮ ਨਾਲ ਸੰਬੰਧਿਤ ਲਗਭਗ ਹਰ ਪੱਖ ਦੀ ਜਾਣਕਾਰੀ ਦਿੱਤੀ ਗਈ ਹੈ। ਭੂਗੋਲ, ਬਨਸਪਤੀ, ਸਾਇੰਸ,

---

[89] ਕਾਨ੍ਹ ਸਿੰਘ ਨਾਭਾ, *ਗੁਰੁਮਤ ਪ੍ਰਭਾਕਰ,* ਪੰਨਾ 8.
[90] ਕਾਨ੍ਹ ਸਿੰਘ ਨਾਭਾ, *ਗੁਰੁਛੰਦ ਦਿਵਾਕਰ,* ਪਟਿਆਲਾ: ਭਾਸ਼ਾ ਵਿਭਾਗ ਪੰਜਾਬ, ਦੂਜੀ ਐਡੀਸ਼ਨ, 1991, ਪੰਨਾ 40.
[91] ਕਾਨ੍ਹ ਸਿੰਘ ਨਾਭਾ, *ਗੁਰਸ਼ਬਦਾਲੰਕਰ,* ਪਟਿਆਲਾ: ਭਾਸ਼ਾ ਵਿਭਾਗ ਪੰਜਾਬ, ਨਵਾਂ ਸੰਸਕਰਣ, 2001, ਪੰਨਾ 4.

ਜੋਤਿਸ਼ ਅਤੇ ਵੈਦਗੀ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ। ਸਿੱਖ ਧਰਮ ਤੋਂ ਇਲਾਵਾ ਦੂਜੇ ਧਰਮਾਂ ਬਾਰੇ ਖੋਜ-ਭਰਪੂਰ ਸੂਚਨਾਵਾਂ ਦਰਜ ਕੀਤੀਆਂ ਗਈਆਂ ਹਨ। ਗੁਰਬਾਣੀ ਵਿਚ ਆਏ ਸ਼ਬਦਾਂ ਦੀ ਵਿਉਤਪਤੀ ਦੱਸਦੇ ਹੋਏ ਅਰਥ ਕੀਤੇ ਹਨ ਅਤੇ ਜਿਸ ਤੁਕ ਵਿਚ ਸੰਬੰਧਿਤ ਸ਼ਬਦ ਆਇਆ ਹੈ ਉਸ ਦਾ ਵੇਰਵਾ ਵੀ ਦਿੱਤਾ ਹੈ। ਉਦਾਹਰਨ ਵਜੋਂ 'ਉਸਤਤ/ਉਸਤਤਿ' ਸਿਰਲੇਖ ਹੇਠ ਲਿਖਿਆ ਹੈ, "ਉਸਤਤ-ਸੰਸਕ੍ਰਿਤ, ਸਤੁਤਿ. ਸੰਗਯਾ-ਤਾਰੀਫ (ਤਅਰੀਫ਼), ਉਸਤਤਿ-ਵਡਿਆਈ, ਸ਼ਲਾਘਾ, 'ਉਸਤਿਤ ਕਹਨੁ ਨ ਜਾਇ ਮੁਖਹੁ ਤੁਹਾਰੀਆ.' (ਫੁਨਹੇ ਮ: ੫)"[92]

**5.4.9. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ:** ਗਿਆਨੀ ਬਿਸ਼ਨ ਸਿੰਘ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਟੀਕ ਅੱਠ ਸੈਂਚੀਆਂ ਵਿਚ ਪਹਿਲੀ ਵਾਰ 1929 ਈ. ਵਿਚ ਪ੍ਰਕਾਸ਼ਿਤ ਹੋਇਆ। ਗਿਆਨੀ ਜੀ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਨ। ਇਸ ਦੇ ਨਾਲ ਹੀ ਉਹ ਖ਼ਾਲਸਾ ਕਾਲਜੀਏਟ ਸਕੂਲ ਵਿਖੇ ਪੰਜਾਬੀ ਪੜ੍ਹਾਉਣ ਦੀ ਸੇਵਾ ਵੀ ਕਰਦੇ ਰਹੇ। ਇਨ੍ਹਾਂ ਦੀ ਟੀਕਾਕਾਰੀ ਉੱਪਰ ਵੀ ਸਿੰਘ ਸਭਾ ਲਹਿਰ ਦਾ ਪ੍ਰਭਾਵ ਸੀ। ਉਨ੍ਹਾਂ ਟੀਕਾਕਾਰੀ ਵਿਚ ਆਕਾਰ ਪੱਖੋਂ ਬੜਾ ਕੰਮ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ, ਕਬਿੱਤ ਸਵੱਯੇ ਅਤੇ ਵਾਰਾਂ ਭਾਈ ਗੁਰਦਾਸ ਆਦਿ ਦੇ ਸੰਪੂਰਨ ਟੀਕੇ ਕੀਤੇ ਹਨ। ਇਕ ਤੁਕ ਦਾ ਇਕੋ ਅਰਥ ਕਰਨਾ, ਵਿਆਕਰਨਿਕ ਨਿਯਮਾਂ ਦਾ ਸਤਿਕਾਰ ਕਰਦਿਆਂ ਅਰਥ ਨਿਸ਼ਚਿਤ ਕਰਨਾ, ਅਰਥ ਨੂੰ ਗੁਰਮਤਿ ਦੇ ਬੁਨਿਆਦੀ ਸਿਧਾਂਤ ਦਾ ਅਨੁਸਾਰੀ ਰੱਖਣਾ, ਟੀਕੇ ਨੂੰ ਸਰਲ ਤੇ ਸਪਸ਼ਟ ਰੱਖਣਾ, ਵਾਧੂ ਉਥਾਨਕਾਵਾਂ, ਕਥਾ-ਕਹਾਣੀਆਂ ਤੋਂ ਸੰਕੋਚ ਕਰਨਾ ਆਦਿ ਗਿਆਨੀ ਬਿਸ਼ਨ ਸਿੰਘ ਜੀ ਦੀ ਟੀਕਾਕਾਰੀ ਦੇ ਪ੍ਰਮੁੱਖ ਲੱਛਣ ਹਨ।[93]

ਇਹ ਅਜਿਹਾ ਪਹਿਲਾ ਸਟੀਕ ਹੈ ਜੋ ਸਰਲ ਤੇ ਟਕਸਾਲੀ ਪੰਜਾਬੀ ਬੋਲੀ ਅਤੇ ਸਪਸ਼ਟ ਸ਼ੈਲੀ ਵਿਚ ਲਿਖਿਆ ਹੋਇਆ ਹੈ। ਇਸ ਵਿਚ ਦਰਜ ਦੋ ਤਤਕਰੇ ਬੜੇ ਲਾਭਦਾਇਕ ਸਿੱਧ ਹੋਏ ਹਨ। ਪਹਿਲੇ ਤਤਕਰੇ ਵਿਚ ਸ਼ਬਦਾਂ ਦਾ ਅੱਖਰ-ਕ੍ਰਮ ਅਨੁਸਾਰ ਇੰਡੈਕਸ ਹੈ। ਦੂਜੇ ਤਤਕਰੇ ਵਿਚ ਸਿਧਾਂਤਾਂ ਅਨੁਸਾਰ ਸ਼ਬਦਾਂ ਨੂੰ ਵੰਡਿਆ ਹੈ। ਗੁਰਮਤਿ ਦੇ ਪ੍ਰਮੁੱਖ ਵਿਸ਼ੇ, ਵਿਚਾਰ ਜਾਂ ਸਿਧਾਂਤ ਦੇ ਸ਼ਬਦ ਤਤਕਰੇ ਦੀ ਸਹਾਇਤਾ ਨਾਲ ਸਹਿਜੇ ਹੀ ਮਿਲ ਸਕਦੇ ਹਨ। ਇਸ ਸਟੀਕ ਵਿਚ ਆਮ ਤੌਰ 'ਤੇ ਤੁਕ ਵਾਰ ਅਰਥ ਕੀਤੇ ਗਏ ਹਨ ਅਤੇ ਪਦ-ਅਰਥ ਵੀ ਇਬਾਰਤ ਵਿਚ ਨਾਲ-ਨਾਲ ਲਿਖੇ ਹੋਏ ਹਨ। ਉਦਾਹਰਨ ਵਜੋਂ ਪਹਿਲੀ ਪੋਥੀ ਦੇ ਪੰਨਾ 92 'ਤੇ ਲਿਖਿਆ ਹੈ:

"ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥

ਕ੍ਰੋੜਾਂ ਵਰਿਹਾਂ ਦੀ ਮੇਰੀ ਉਮਰ ਹੋਵੈ ਅਤੇ ਪਾਣੀ ਦੇ ਥਾਂ ਪੌਣ ਨੂੰ ਪੀਵਾਂ ਅਤੇ ਪੌਣ ਦਾ ਹੀ ਖਾਣਾ ਖਾਵਾਂ, ਭਾਵ ਬਹੁਤ ਵਰ੍ਹਿਆਂ ਦੀ ਉਮਰ ਹੋ ਜਾਵੇ ਅਤੇ ਜੋ ਸੁਭਾਵਕ ਹੀ ਪੌਣ ਮਿਲਦੀ ਹੈ ਉਹ ਪਾਣੀ ਦੀ ਥਾਂ ਪੀਵਾਂ ਅਤੇ ਪੌਣ ਦਾ ਹੀ ਖਾਣਾ ਖਾਵਾਂ। ਅਪਿਆਉ = ਖਾਣਾ।"[94]

---

[92] ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 1.
[93] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨੇ 208-266.
[94] ਬਿਸ਼ਨ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਜਿਲਦ ਪਹਿਲੀ),* ਅੰਮ੍ਰਿਤਸਰ: ਖ਼ਾਲਸਾ ਕਾਲਜ, 1929, ਪੰਨਾ 92.

**5.4.10. ਸ੍ਰੀ ਗੁਰੂ ਗ੍ਰੰਥ ਕੋਸ਼:** ਭਾਈ ਵੀਰ ਸਿੰਘ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਨੇ ਗੁਰਬਾਣੀ ਦੇ ਅਰਥ-ਬੋਧ ਨੂੰ ਸਮਝਣ ਲਈ 'ਸ੍ਰੀ ਗੁਰੂ ਗ੍ਰੰਥ ਕੋਸ਼' ਤਿਆਰ ਕੀਤਾ ਸੀ, ਜੋ ਉਸ ਸਮੇਂ ਤੱਕ ਤਿਆਰ ਹੋਏ ਕੋਸ਼ਾਂ ਵਿਚੋਂ ਸਿਖਰਲੀ ਰਚਨਾ ਮੰਨੀ ਗਈ ਹੈ। ਇਹ ਗਿਆਨੀ ਹਜ਼ਾਰਾ ਸਿੰਘ ਦੀ ਸੱਤ ਵਰ੍ਹਿਆਂ ਦੀ ਮਿਹਨਤ ਦਾ ਸਿੱਟਾ ਸੀ। ਭਾਈ ਹੀਰਾ ਸਿੰਘ ਵਰਗੇ ਕਈ ਗਿਆਨੀਆਂ ਦੀ ਸਲਾਹ ਤੇ ਸਹਾਇਤਾ ਨਾਲ ਸੰਨ 1899 ਈ. ਵਿਚ ਆਪਣੇ ਛੋਟੇ ਜਿਹੇ ਆਕਾਰ ਵਿਚ ਇਹ ਪਹਿਲੀ ਵਾਰ ਪ੍ਰਕਾਸ਼ਿਤ ਹੋਇਆ ਸੀ।[95] ਫਿਰ ਵੀ ਇਹ ਕੋਸ਼ ਕਈ ਪੱਖਾਂ ਤੋਂ ਊਣਾ ਅਤੇ ਅਧੂਰਾ ਸਮਝਿਆ ਗਿਆ। ਖ਼ਾਲਸਾ ਟ੍ਰੈਕਟ ਸੁਸਾਇਟੀ ਦੀ ਪ੍ਰੇਰਨਾ ਸਦਕਾ ਭਾਈ ਵੀਰ ਸਿੰਘ ਨੇ ਇਸ ਨੂੰ ਸੋਧਣ, ਸੰਪਾਦਨ ਅਤੇ ਵਿਸਥਾਰਨ ਉੱਪਰ ਸਾਢੇ ਸੱਤ ਵਰ੍ਹੇ ਦਾ ਸਮਾਂ ਹੋਰ ਲਗਾਇਆ ਅਤੇ ਸੁਸਾਇਟੀ ਨੇ ਇਸ ਦੀ ਦੂਜੀ ਐਡੀਸ਼ਨ ਸੰਨ 1927 ਈ. ਵਿਚ ਪ੍ਰਕਾਸ਼ਿਤ ਕੀਤੀ।[96]

ਇਸ ਕੋਸ਼ ਦੇ ਵਰਤਮਾਨ ਰੂਪ ਵਿਚ ਗੁਰਮੁਖੀ ਦੀ ਪੈਂਤੀ ਦਾ ਕ੍ਰਮ ਸਿਰਫ਼ ਵਿਅੰਜਨਾਂ ਵਿਚ ਹੈ। ਸਵਰਾਂ ਵਿਚ 'ੳ, ਅ, ੲ' ਦੀ ਥਾਂ 'ਅ,ੲ,ੳ' ਦਾ ਕ੍ਰਮ ਵਰਤਿਆ ਗਿਆ ਹੈ। ਇਸ ਵਿਚ ਦਰਜ ਸ਼ਬਦਾਂ ਨੂੰ 'ਮਾਤਰਾ' ਦੀ ਥਾਂ ਸਿਰਫ਼ ਅੱਖਰਾਂ ਦੇ ਕ੍ਰਮ ਵਿਚ ਰੱਖਿਆ ਗਿਆ ਹੈ। ਇਸ ਦੇ ਮੂਲ ਸ਼ਬਦ ਮੋਟੇ ਅੱਖਰਾਂ ਵਿਚ ਹਨ। ਇਨ੍ਹਾਂ ਦੇ ਅੱਗੇ ਬ੍ਰੈਕਟਾਂ ਵਿਚ ਸੰਬੰਧਿਤ ਸ਼ਬਦ ਦੀ ਵਿਉਤਪਤੀ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ। ਇਸ ਉਪਰੰਤ ਮੂਲ ਸ਼ਬਦ ਦੇ ਅਰਥ ਦਿੱਤੇ ਗਏ ਹਨ। ਵੱਖ-ਵੱਖ ਅਰਥਾਂ ਨੂੰ ਵੱਖੋ-ਵੱਖਰੇ ਅੰਕਾਂ ਨਾਲ ਵੱਖਰਿਆਇਆ ਗਿਆ ਹੈ। ਆਮ ਤੌਰ 'ਤੇ ਸ਼ਬਦ ਦੇ ਅਰਥਾਂ ਦੀ ਪੁਸ਼ਟੀ ਲਈ ਗੁਰਬਾਣੀ ਵਿਚੋਂ ਸੰਬੰਧਿਤ ਤੁਕ ਵੀ ਦਿੱਤੀ ਹੋਈ ਹੈ ਅਤੇ ਉਸ ਦੇ ਅਰਥ ਵੀ ਨਾਲ ਹੀ ਦੇ ਦਿੱਤੇ ਗਏ ਹਨ।

ਇਸ ਕੋਸ਼ ਨੂੰ ਤਿਆਰ ਕਰਨ ਵਿਚ ਹੋਈ ਮਿਹਨਤ, ਇਸ ਵਿਚ ਦਰਜ ਜਾਣਕਾਰੀ ਅਤੇ ਇਸ ਦੇ ਸੰਪਾਦਕ ਦੀ ਅਗਾਧ ਵਿਦਵਤਾ ਨੂੰ ਮੁੱਖ ਰੱਖਦਿਆਂ, 1927 ਈ. ਵਿਚ ਪ੍ਰੋ. ਪੂਰਨ ਸਿੰਘ ਜੀ ਨੇ ਇਸ ਕੋਸ਼ ਦੀ ਭੂਮਿਕਾ ਵਿਚ ਲਿਖਿਆ ਸੀ, "ਸਾਡੀ ਭਾਸ਼ਾ ਵਿਚ ਇਹ ਪਾਇਓਨੀਅਰ ਕੰਮ ਅਰਥਾਤ ਆਪਣੀ ਕਿਸਮ ਦਾ ਸਭ ਤੋਂ ਮੁਹਰਲਾ ਕੰਮ ਹੈ। ਆਪ ਨੇ ਜੂਨ 1920 ਵਿਚ ਨਵੇਂ ਸਿਰੇ ਆਰੰਭ ਕੇ ਹੁਣ ਦਸੰਬਰ 1927 ਨੂੰ ਲਗਭਗ ਸਾਢੇ ਸਤ ਵਰ੍ਹਿਆਂ ਦੀ ਅਥੱਕ ਮਿਹਨਤ ਕਰ ਕੇ ਇਸ ਨੂੰ ਖ਼ਤਮ ਕੀਤਾ ਹੈ। ਇਹ ਦੱਸਣ ਦੀ ਲੋੜ ਨਹੀਂ ਕਿ ਆਪਣਾ ਇਹ ਸਾਰਾ ਕੰਮ ਉਨ੍ਹਾਂ ਨੇ ਸੁਸਾਇਟੀ ਯਾ ਦੂਸਰੇ ਲਫ਼ਜ਼ਾਂ ਵਿਚ ਪੰਥ ਗੁਰੂ ਜੀ ਨੂੰ ਸਮਰਪਣ ਕਰ ਦਿੱਤਾ ਹੈ। ਪਹਿਲੀ ਐਡੀਸ਼ਨ ਦੀ-ਜਿਵੇਂ ਪਾਠਕ ਦੇਖਣਗੇ-ਮਾਨੋਂ ਕਾਇਆ ਪਲਟ ਦਿੱਤੀ ਹੈ। ਹੁਣ ਇਹ ਇਕ ਪੂਰਣ ਗ੍ਰੰਥ ਬਣ ਗਿਆ ਹੈ, ਕਠਿਨ ਪਦ ਤਕਰੀਬਨ ਸਾਰੇ ਆ ਗਏ ਹਨ। ਉਨ੍ਹਾਂ ਦੇ ਅਰਥ ਤੇ ਵਿਉਤਪਤੀਆਂ ਅਰਥਾਤ ਲਫ਼ਜ਼ਾਂ ਦੀਆਂ ਅਸਲਾਂ ਦੇ ਕੇ ਮਾਨੋਂ ਇਕ ਸਾਗਰ ਨੂੰ ਗੰਗਾ ਸਾਗਰ ਵਿਚ ਪਾ ਕੇ ਦਿਖਾ ਦਿੱਤਾ ਹੈ। ਆਦਮੀ ਅਸਚਰਜ ਹੁੰਦਾ ਹੈ ਕਿ ਕਿਸ ਤਰ੍ਹਾਂ ਇਕ ਇਕੱਲੇ ਆਦਮੀ ਨੇ ਆਪਣੇ ਅੰਦਰੋਂ ਇੰਨੀ ਜਵਾਹਰਾਤੀ ਪਰਖ, ਇੰਨੀ ਵਿਸ਼ਾਲ ਤੇ ਗੂੜ੍ਹੀ ਵਾਕਫ਼ੀਅਤ, ਇੰਨੀ ਹਰ ਪਾਸੇ ਤੇ ਹਰ ਤਰ੍ਹਾਂ ਦੀ ਇਲਮੀਅਤ, ਕੀ ਹਿੰਦੂ ਸ਼ਾਸਤਰਾਂ ਦੀ, ਕੀ ਪੱਛਮੀ ਫ਼ਲਸਫ਼ੇ ਦੀ, ਕੀ ਯੋਗ ਸੂਤਰਾਂ ਦੀ,

[95] ਵੀਰ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਅੰਮ੍ਰਿਤਸਰ: ਸਿੰਘ ਬ੍ਰਦਰਜ਼, ਛੇਵੀਂ ਵਾਰ, 1995, ਭੂਮਿਕਾ, ਪੰਨਾ ੳ.
[96] ਉਹੀ, ਪੰਨਾ ੲ.

ਆਤਮਿਕ ਵਿੱਦਿਆ ਤੇ ਉਹਦੇ ਅਨੁਭਵ ਤੇ ਗੁਰਸਿੱਖੀ ਦੀ-ਕੀ ਇਤਿਹਾਸ ਦੀ ਗ਼ਾਤੀ ਖੋਜ, ਕੀ Folklore ਪਰੰਪਰਾ ਕਹਾਣੀ ਦੀ ਬਰੀਕਬੀਨੀ, ਕੀ ਸਿੱਖੀ ਆਦਰਸ਼ਾਂ ਦੇ ਮੁਕਾਬਲੇ ਦੀ ਮਜ਼ਹਬੀ ਤਲਾਸ਼, Comparative religion ਦੇ ਨੁਕਤੇ ਥੀਂ ਸਾਰੀ ਉਮਰ ਜਮ੍ਹਾਂ ਕੀਤੇ ਨੁਕਤੇ ਤੇ ਅਰਥ ਤੇ ਤਜਰਬੇ ਮੇਲ ਮੇਲ, ਮਣੀਆਂ ਦੇ ਹਾਰਾਂ ਵਤ ਪ੍ਰੋ ਪ੍ਰੋ ਧਰੇ ਹਨ ਤੇ ਗੋਂਦਾਂ ਆਪ ਮੁਹਾਰੀਆਂ ਪੂਰੀਆਂ ਹੁੰਦੀਆਂ ਗਈਆਂ ਹਨ।"[97]

ਆਉਣ ਵਾਲੇ ਸਮੇਂ ਵਿਚ ਇਸ ਕੋਸ਼ ਦੀ ਲੋੜ, ਲਾਭ ਅਤੇ ਮਹੱਤਤਾ ਬਾਰੇ ਉਨ੍ਹਾਂ ਲਿਖਿਆ, "ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਆਕਰਨ ਦਾ ਆਪਣਾ ਵੱਖਰਾ ਸਿਸਟਮ (ਪ੍ਰਬੰਧ) ਹੈ, ਰਾਗ ਦਾ ਵੀ ਆਪਣਾ ਸਿਸਟਮ ਹੈ, ਓਹ ਆਸਾ ਸਵੇਰੇ ਗਾਉਂਦੇ ਹਨ। ਇਸ ਮੰਦਰ ਵਿਚ ਆਸਾ ਸਵੇਰੇ ਤੇ ਸ਼ਾਮ ਨੂੰ ਵੀ ਗਾਈ ਜਾਂਦੀ ਹੈ। ਇਸ ਉਪਰ ਕਰਤਾ ਜੀ ਨੇ ਆਪਣੇ ਸੱਚਖੰਡ ਵਾਸੀ ਪਿਤਾ ਡਾਕਟਰ ਚਰਨ ਸਿੰਘ ਜੀ ਦੇ ਵਿਕੋਲਿੱਤ੍ਰੇ ਰਾਗ ਮਾਲਾ 'ਤੇ ਦਿਤੇ ਨੋਟ ਲੱਭ ਕੇ ਤਰਤੀਬ ਦੇ ਕੇ ਇਸ ਕੋਸ਼ ਵਿਚ ਦਰਜ ਕੀਤੇ ਹਨ। ਇਹ ਗੱਲਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਆਕਰਣ ਦੇ ਸਿਸਟਮ ਤੇ ਰਾਗ ਦੇ ਸਿਸਟਮ ਅਨੋਖੇ ਹਨ, ਐਸੀਆਂ ਹਨ ਜਿਹੜੀਆਂ ਇਨ੍ਹਾਂ ਤਸਨੀਫ਼ਾਂ ਦੀ ਬਣਾਈ ਨੀਂਹ ਉਪਰ ਕਈ ਤਰ੍ਹਾਂ ਵਿਦਵਤਾ ਦੀਆਂ ਉਸਤਰੀਆਂ ਦੀ ਸਾਨੂੰ ਉਡੀਕਵਾਨ ਕਰਨਗੀਆਂ ਤੇ ਆਉਣ ਵਾਲੇ ਸਮੇਂ ਦੇ ਕਈ ਪੰਜਾਬੀ ਜ਼ਬਾਨ ਦੀ ਵ੍ਰਿਧੀ ਦੇ ਚਾਹਵਾਨ ਤੇ ਗੁਰੂ ਘਰ ਦੇ ਪੂਰਨਤਾ ਦੇ ਪ੍ਰੇਮੀ ਕੀ ਸਾਹਿਤਕ, ਕੀ ਸੰਗੀਤਕ, ਕੀ ਆਤਮਕ, ਅਧਿਆਤਮਕ, ਯੋਗ, ਧਿਆਨ, ਗਿਆਨ, ਜੀਵਨ ਦੇ ਹਰ ਪਹਿਲੂ ਦੀ ਪੂਰਨਤਾ ਦੇ ਦਰਸ਼ਨਾਂ ਦੇ ਚਾਹਵਾਨ, ਸਭ ਵੱਖਰੇ-ਵੱਖਰੇ ਤੇ ਮਿਲ-ਮਿਲ ਕੇ ਨਵੀਆਂ ਉਸਾਰੀਆਂ ਕਰਨਗੇ, ਤੇ ਉਨ੍ਹਾਂ ਲਈ ਇਹ ਕੋਸ਼ ਇਕ ਬੇਮਿਸਾਲ ਬੁਨਿਆਦੀ ਟੇਕ ਹੋਵੇਗਾ।"[98]

**5.4.11. ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ:** ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਭਾਈ ਵੀਰ ਸਿੰਘ ਦੀ ਅੰਤਿਮ ਰਚਨਾ ਹੈ। ਭਾਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ 607 ਪੰਨਿਆਂ ਤੱਕ ਹੀ ਟੀਕਾ ਤਿਆਰ ਕਰ ਸਕੇ ਸਨ ਕਿ ਉਨ੍ਹਾਂ ਦਾ ਅਕਾਲ ਚਲਾਣਾ ਹੋ ਗਿਆ। ਇਹ ਰਚਨਾ ਬਾਅਦ ਵਿਚ ਉਨ੍ਹਾਂ ਦੇ ਭਰਾ ਬਲਬੀਰ ਸਿੰਘ ਨੇ 1958 ਈ. ਤੋਂ 1962 ਈ. ਤੱਕ ਸੱਤ ਜਿਲਦਾਂ ਵਿਚ ਸੰਪਾਦਨ ਕਰਕੇ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤੀ।[99] ਭਾਈ ਵੀਰ ਸਿੰਘ ਨੇ ਇਹ ਦਾਅਵਾ ਨਹੀਂ ਕੀਤਾ ਕਿ ਉਨ੍ਹਾਂ ਦੁਆਰਾ ਕੀਤਾ ਟੀਕਾ ਪ੍ਰਮਾਣਿਕ ਹੈ। ਉਹ ਤਾਂ ਨਿਮਰਤਾ ਸਹਿਤ ਆਪਣੇ ਟੀਕੇ ਨੂੰ 'ਸੰਥਯਾ' ਭਾਵ 'ਸਬਕ' ਆਖਦੇ ਹਨ।[100]

ਭਾਈ ਵੀਰ ਸਿੰਘ ਟੀਕਾਕਾਰੀ ਸਮੇਂ ਪੁਰਾਤਨ ਟੀਕਾਕਾਰੀ ਤੋਂ ਵਿਸ਼ਾਲਤਾ ਵੱਲ ਵਧੇ ਹਨ। ਟੀਕਾ ਕਰਦੇ ਸਮੇਂ ਭਾਈ ਸਾਹਿਬ ਨੇ ਉਥਾਨਕਾਵਾਂ ਬਹੁਤ ਸੰਖੇਪ ਕਰ ਦਿੱਤੀਆਂ ਹਨ। ਪੌਰਾਣਿਕ ਕਥਾਵਾਂ ਦੀ ਵਰਤੋਂ ਵੀ ਘੱਟ ਕੀਤੀ ਹੈ। ਗੁਰਬਾਣੀ ਦੇ ਸਿਧਾਂਤ ਨੂੰ ਦਲੀਲ ਨਾਲ ਸਪਸ਼ਟ ਕੀਤਾ ਹੈ। ਭਾਈ ਸਾਹਿਬ ਨੇ ਗੁਰਬਾਣੀ ਦੀ ਹਰ ਤੁਕ ਨੂੰ ਆਪਣੇ ਆਪ ਵਿਚ ਸੰਪੂਰਨ ਮੰਨ ਕੇ ਅਰਥ ਨਹੀਂ ਕੀਤੇ ਸਗੋਂ ਅਗਲੀਆਂ ਪਿਛਲੀਆਂ ਤੁਕਾਂ ਨਾਲ ਸੰਬੰਧ

---

[97] ਉਹੀ, ਪੰਨਾ ੲ.
[98] ਉਹੀ, ਪੰਨਾ ਹ.
[99] ਹਰਨਾਮ ਸਿੰਘ ਸ਼ਾਨ, *ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ: ਇਕ ਆਲੋਚਨਾਤਮਕ ਅਧਿਐਨ ਤੇ ਸਰਵੇਖਣ*, ਪੰਨਾ 98.
[100] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ 298.

ਕਾਇਮ ਕਰਕੇ ਅਰਥ ਕੀਤੇ ਹਨ। ਇਕ ਤੁਕ ਤੋਂ ਦੂਜੀ ਤੁਕ ਤੱਕ ਖ਼ਿਆਲ ਦਾ ਵਿਕਾਸ ਦਰਸਾਇਆ ਹੈ। ਭਾਈ ਸਾਹਿਬ ਨੇ ਗੁਰਮਤਿ ਸਿਧਾਂਤ ਦੇ ਨਿਰਨੇ ਸਮੇਂ ਬਾਣੀ ਨੂੰ ਹੀ ਬਾਣੀ ਲਈ ਪ੍ਰਮਾਣ ਮੰਨ ਕੇ ਤੁਕਾਂ ਦਰਜ ਕੀਤੀਆਂ ਹਨ। ਜਿਵੇਂ '੧' ਦੀ ਵਿਆਖਿਆ ਕਰਦੇ ਹੋਏ ਭਾਈ ਵੀਰ ਸਿੰਘ ਲਿਖਦੇ ਹਨ, "ਇਹ ਇਕ ਅੰਕ ਹੈ, ਜੋ ਗੁਰੂ ਜੀ ਨੇ ਆਪਣੇ ਅਕਾਲ ਪੁਰਖ ਦਾ ਵਾਚਕ ਵਰਤਿਆ ਹੈ, ਜਿਸ ਅਕਾਲ ਪੁਰਖ ਦਾ ਕਿ ਚਿੰਤਨ, ਧਯਾਨ, ਪ੍ਰੇਮ ਆਦਿ ਜਪੁ ਸਾਹਿਬ ਵਿਚ ਦਸਣਾ ਹੈ, ਇਥੇ ਉਸ ਨੂੰ '੧' ਕਰਕੇ ਦੱਸਦੇ ਹਨ, ਯਥਾ-

ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (ਆਸਾ ਮ: ੧ ਘਰ ੨ ਅੰਕ ੪-੫)

ਇਹ '੧' ਆਪ ਜੀ ਨੇ ਜਪੁਜੀ ਦੇ ਮੁੱਢ ਵਿਚ 'ਸੰਖਯਾ ਵਾਚਕ ਵਿਸ਼ੇਸ਼ਣ' ਕਰਕੇ ਨਹੀਂ ਵਰਤਿਆ, ਪਰ 'ਸੰਗਯਾ' ਕਰਕੇ ਵਰਤਿਆ ਹੈ; ਜੋ ਉਸ ਦੇ ਸਰੂਪ ਦਾ ਲਖਾਯਕ ਉਸ ਦਾ ਨਾਮ ਹੈ।

ਇਸ ਦਾ ਅਰਥ ਗੁਰੂ ਜੀ ਨੇ ਆਪ ਐਉਂ ਕੀਤਾ ਹੈ:

ਏਕਮ ਏਕੰਕਾਰੁ ਨਿਰਾਲਾ। ਅਮਰੁ ਅਜੋਨੀ ਜਾਤਿ ਨ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥ (ਬਿਲਾਵਲੁ ਮ: ੧ ਥਿਤੀ-੧)

ਅਰਥ-ਏਕਮ (ਥਿਤ ਦੁਆਰਾ ਉਪਦੇਸ਼ ਕਰਦੇ ਹਨ ਕਿ) ਅਕਾਲ ਪੁਰਖ (ਜੋ ਹੈ ਸੋ) ਇਕ ਹੈ, ਸਭ ਤੋਂ ਅਲਿਪਤ ਹੈ। ਉਹ ਮ੍ਰਿਤੂ ਤੇ ਜਨਮ ਤੋਂ ਰਹਿਤ ਹੈ, ਉਸ ਦੀ ਕੋਈ ਜਾਤ ਕਿਸਮ ਨਹੀਂ। ਮਨ ਬੁੱਧੀ ਦੀ ਪਹੁੰਚ ਤੋਂ ਪਰੇ ਹੈ, ਇੰਦ੍ਰਿਆਂ ਤੋਂ ਅਲਖ ਹੈ, ਉਸ ਦਾ ਰੂਪ ਕੋਈ ਨਹੀਂ, ਚਿੰਨ੍ਹ ਕੋਈ ਨਹੀਂ।"[101]

ਭਾਈ ਵੀਰ ਸਿੰਘ ਦੀ ਵਿਆਖਿਆਕਾਰੀ ਵਧੇਰੇ ਸ਼ੁੱਧ ਅਤੇ ਵਿਗਿਆਨਕ ਸੂਝ ਅਤੇ ਸੁਹਜ ਦੇ ਨੇੜੇ ਹੈ। ਉਨ੍ਹਾਂ ਸ਼ਬਦਾਂ ਦੇ ਸਿਰਫ਼ ਸ਼ਾਬਦਿਕ ਅਰਥ ਨਹੀਂ ਦੇਖੇ ਸਗੋਂ ਸ਼ਬਦਾਂ ਦੇ ਅਰਥਾਂ ਦੀ ਵਿਆਪਕਤਾ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਹੈ। ਬਲਬੀਰ ਸਿੰਘ 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਭੂਮਿਕਾ ਵਿਚ ਲਿਖਦੇ ਹਨ, "ਭਾਈ ਸਾਹਿਬ ਜੀ ਦੀ ਕੀਤੀ ਵਯਾਖਯਾ ਵਿਚ ਉਸ ਵੇਲੇ ਇਕ ਨਵੀਂ ਚੀਜ਼ ਭਾਸੀ। ਤੁਕਾਂ ਦੇ ਅਰਥ ਤਾਂ ਹੁੰਦੇ ਹੀ ਹਨ, ਪਰ ਵਯਾਖਯਾ ਵਿਚ ਅਰਥਾਂ ਦੇ ਵਿਸਥਾਰ ਤੋਂ ਅੱਡਰੀ ਇਕ ਹੋਰ ਤਾਸੀਰ ਨਜ਼ਰ ਆਈ। ਉਸ ਵੇਲੇ ਪਤਾ ਲੱਗਾ ਕਿ ਲਫ਼ਜ਼ਾਂ ਦੇ ਸਿਰਫ਼ ਅਰਥ ਹੀ ਨਹੀਂ ਹੁੰਦੇ, ਪ੍ਰੰਤੂ ਅਰਥਾਂ ਦੇ ਚਮਤਕਾਰ ਵਿਚ ਇਕ ਹੋਰ ਚੀਜ਼ ਲੁਕੀ ਹੋਈ ਹੁੰਦੀ ਹੈ, ਉਹ ਹੁੰਦੀ ਹੈ ਉਨ੍ਹਾਂ ਦੀ 'ਨਿੱਘ'। ਲਫ਼ਜ਼ 'ਕਾਸ਼ਟ' ਦੇ ਅਰਥ ਤਾਂ ਲੱਕੜ ਹੀ ਹੈ। ਪਰ ਹਰ ਲੱਕੜ ਦੇ ਵਿਚ ਅੱਗ ਮੌਜੂਦ ਹੈ, ਜੋ ਬੈਸੰਤਰ ਦੇ ਵਿਆਪਕ ਰੂਪ ਵਿਚ ਛਿਪੀ ਹੋਈ ਹੈ। ਜੇ ਹੋਰ ਗ਼ੌਰ ਕਰੋ ਤਾਂ ਇਹ ਵਿਆਪਕ ਬੈਸੰਤਰ ਦਾ ਮੰਬਾ ਵੀ ਸਾਮ੍ਹਣੇ ਦਿੱਸਣ ਲਗ ਪੈਂਦਾ ਹੈ, ਉਹ ਹੈ ਸੂਰਜ; ਜਿਸ ਦੀਆਂ ਕਿਰਨਾਂ ਦੀ ਤੇਜ ਪ੍ਰਭਾ ਅਪਣਾ ਵੇਸ ਵਟਾਕੇ ਕਿਸੇ ਰਸਾਇਣੀ ਚਮਤਕਾਰ ਦ੍ਵਾਰਾ ਕਾਸ਼ਟ ਨਾਲ ਤਦਰੂਪ ਹੋ ਗਈ ਹੈ। ਫੇਰ, ਸੂਰਜ ਦੀ ਟਿੱਕੀ ਵੀ ਇਕ ਸ਼ੀਸ਼ਾ ਹੀ ਹੈ, ਜੋ ਕਿਸੇ ਹੋਰ ਜੋਤਿ ਦਾ ਪ੍ਰਤਿਬਿੰਬ ਸੁੱਟ ਰਹੀ ਹੈ। ਮੈਂ ਕਹਿ ਰਿਹਾ ਸਾਂ ਲਫ਼ਜ਼ਾਂ ਦੇ ਅਰਥ ਹੋਰ ਚੀਜ਼ ਹੈ, ਪਰ ਉਨ੍ਹਾਂ ਅਰਥਾਂ ਦੀ ਨਿੱਘੀ ਤਾਸੀਰ ਨੂੰ ਪਹੁੰਚਾ ਦੇਣਾ, ਇਹ ਹੋਰ ਗੱਲ ਹੈ। ਲਿਖਣ ਦਾ ਇਹ ਵੀ ਇਕ ਹੁਨਰ

---

[101] ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ)*, ਬਲਬੀਰ ਸਿੰਘ (ਸੰਪਾ.), ਨਵੀਂ ਦਿੱਲੀ: ਭਾਈ ਵੀਰ ਸਿੰਘ ਸਾਹਿਤ ਸਦਨ, ਪੰਜਵੀਂ ਅਡੀਸ਼ਨ, 2007, ਪੰਨਾ 2.

ਹੈ, ਪਰ ਇਹ ਹੁਨਰ ਉਨ੍ਹਾਂ ਨੂੰ ਪ੍ਰਾਪਤ ਹੈ, ਜਿਨ੍ਹਾਂ ਦਾ ਆਪਾ ਨਿਰਮਲਤਾ ਦੇ ਕਿਸੇ ਐਸੇ ਅੰਦਾਜ਼ ਵਿਚ ਚਲਾ ਗਿਆ ਹੋਵੇ, ਜਿਸ ਤਰ੍ਹਾਂ ਇਕ ਆਤਸ਼ੀ ਸ਼ੀਸ਼ਾ, ਜੋ ਸਿਰਫ਼ ਸੂਰਜ ਦੀ ਰੌਸ਼ਨੀ ਹੀ ਨਹੀਂ ਝਲਕਾਉਂਦਾ, ਪ੍ਰੰਤੂ ਉਸ ਦੀ ਅੱਗ ਦਾ ਵੀ ਕ੍ਰਿਸ਼ਮਾ ਨਾਲ ਪ੍ਰਗਟ ਕਰ ਦਿੰਦਾ ਹੈ। ਵਿਆਪਕ ਰੂਪ ਪ੍ਰੇਮ ਦੀ ਵਜ਼ਾਖਜ਼ਾ ਕਰਦੇ ਹੋਏ ਪਿਆਰ ਦੇ ਸੁਖ ਸੇਕ ਦਾ ਸਨਿਗਧ ਅਨੁਭਵ ਕਰਾ ਦੇਣਾ, ਇਹ ਭਾਈ ਸਾਹਿਬ ਦੇ ਮਨ ਦੀ ਸਫਟਕ ਰੂਪ ਬਨਾਵਟ ਦੇ ਪ੍ਰਤਿਬਿੰਬ ਦਾ ਪ੍ਰਭਾਵ ਹੈ।"[102]

ਭਾਈ ਵੀਰ ਸਿੰਘ ਦੇ ਟੀਕੇ ਦੀ ਬੋਲੀ ਸਰਲ ਅਤੇ ਠੇਠ ਪੰਜਾਬੀ ਹੈ। ਭਾਈ ਸਾਹਿਬ ਨੇ ਆਪਣੀ ਸਾਹਿਤਕ ਸ਼ੈਲੀ ਨਾਲ ਟੀਕੇ ਵਿਚ ਸਾਹਿਤਕ ਰਸ ਪਾ ਦਿੱਤਾ ਹੈ। ਭਾਈ ਵੀਰ ਸਿੰਘ ਨੇ ਗੁਰਬਾਣੀ ਦੇ ਕਾਵਿਕ ਅੰਸ਼ ਨੂੰ ਮੰਨ ਕੇ ਗੁਰਬਾਣੀ ਦੀ ਸਾਹਿਤਕ ਕੀਮਤ ਨੂੰ ਵੀ ਉਜਾਗਰ ਕਰਨ ਦਾ ਯਤਨ ਕੀਤਾ ਹੈ।[103] ਇਸ ਤੋਂ ਇਲਾਵਾ ਭਾਈ ਸਾਹਿਬ ਦਾ ਪੰਜ ਗ੍ਰੰਥੀ ਦਾ ਟੀਕਾ, ਵਾਰਾਂ ਅਤੇ ਕਬਿੱਤ ਸਵੱਯੇ ਭਾਈ ਗੁਰਦਾਸ ਸਟੀਕ ਆਦਿ ਬੜੇ ਮਹੱਤਵ ਵਾਲਾ ਕੰਮ ਹੈ।

**5.4.12. ਟ੍ਰੈਕਟ:** ਸਿੰਘ ਸਭਾ ਅੰਮ੍ਰਿਤਸਰ ਦੀ ਮੁੱਖ ਸੰਸਥਾ ਖ਼ਾਲਸਾ ਟ੍ਰੈਕਟ ਸੁਸਾਇਟੀ ਨੇ ਗੁਰੂ ਸਾਹਿਬਾਨ ਤੇ ਪ੍ਰਸਿੱਧ ਗੁਰਸਿੱਖਾਂ ਦੀਆਂ ਜੀਵਨੀਆਂ, ਸਮਾਜਿਕ ਚੇਤਨਾ, ਗੁਰੂ ਮਰਯਾਦਾ ਅਤੇ ਗੁਰਬਾਣੀ ਵਿਆਖਿਆ ਸੰਬੰਧੀ ਹਜ਼ਾਰਾਂ ਟ੍ਰੈਕਟ ਛਾਪ ਕੇ ਸੰਗਤ ਵਿਚ ਵੰਡੇ ਸਨ। ਇਨ੍ਹਾਂ ਟ੍ਰੈਕਟਾਂ ਵਿਚੋਂ ਤਕਰੀਬਨ 1200 ਟ੍ਰੈਕਟ ਭਾਈ ਵੀਰ ਸਿੰਘ ਦੁਆਰਾ ਲਿਖੇ ਗਏ ਹਨ।[104] ਇਹ ਟ੍ਰੈਕਟ ਸਰਲ ਤੇ ਸਪਸ਼ਟ ਸ਼ੈਲੀ ਅਤੇ ਪੰਜਾਬੀ ਭਾਸ਼ਾ ਵਿਚ ਲਿਖੇ ਗਏ। ਇਸ ਨਾਲ ਪੰਜਾਬੀ ਦੇ ਪਾਠਕਾਂ ਵਿਚ ਵਾਧਾ ਹੋਇਆ ਅਤੇ ਪੰਜਾਬ ਦੇ ਲੋਕਾਂ ਨੂੰ ਆਪਣੀ ਭਾਸ਼ਾ ਵਿਚ ਆਪਣੇ ਇਤਿਹਾਸ, ਗੌਰਵ, ਮਰਯਾਦਾ ਅਤੇ ਪਰੰਪਰਾ ਬਾਰੇ ਸਾਹਿਤ ਪ੍ਰਾਪਤ ਹੋਇਆ। ਇਹ ਟ੍ਰੈਕਟ ਛੋਟੇ-ਛੋਟੇ ਆਕਾਰ ਦੇ ਹੁੰਦੇ ਸਨ ਅਤੇ ਆਮ ਤੌਰ 'ਤੇ ਇਕ ਟ੍ਰੈਕਟ ਵਿਚ ਇਕ ਹੀ ਵਿਸ਼ਾ ਲਿਆ ਜਾਂਦਾ ਸੀ ਤੇ ਉਸ ਬਾਰੇ ਹੀ ਵਿਸਥਾਰ ਸਹਿਤ ਵਿਚਾਰ ਕੀਤੀ ਜਾਂਦੀ ਸੀ। ਇਨ੍ਹਾਂ ਟ੍ਰੈਕਟਾਂ ਰਾਹੀਂ ਭਾਈ ਵੀਰ ਸਿੰਘ ਨੇ ਗੁਰਬਾਣੀ ਵਿਚ ਆਏ ਔਖੇ ਸਿਧਾਂਤਕ ਸੰਕਲਪਾਂ ਨੂੰ ਸਰਲ ਪੰਜਾਬੀ ਭਾਸ਼ਾ ਵਿਚ ਸਪਸ਼ਟ ਕੀਤਾ ਹੈ।[105]

ਭਾਈ ਵੀਰ ਸਿੰਘ ਜੀ ਗੁਰਬਾਣੀ ਦੇ ਹੋ ਰਹੇ ਗਲਤ ਅਰਥਾਂ ਤੋਂ ਬਹੁਤ ਚਿੰਤਾਗ੍ਰਸਤ ਸਨ। ਉਨ੍ਹਾਂ ਨੇ 1901 ਈ. ਵਿਚ ਇਕ ਟ੍ਰੈਕਟ ਨੰ: 258 ਵਿਚ ਜਪੁ ਜੀ ਸਾਹਿਬ ਦੀਆਂ ਪੰਜ ਪਉੜੀਆਂ ਦੇ ਅਰਥ ਕਰਕੇ ਵਿਦਵਾਨਾਂ ਦੀ ਰਾਇ ਲਈ ਭੇਜੇ। ਵੱਡੇ ਆਕਾਰ ਵਾਲੇ ਇਸ ਟ੍ਰੈਕਟ ਦੇ ਇਕ ਪੰਨੇ ਉੱਤੇ ਭਾਈ ਸਾਹਿਬ ਵੱਲੋਂ ਆਪ ਕੀਤੇ ਗਏ ਅਰਥ ਦਿੱਤੇ ਹੋਏ ਸਨ ਤੇ ਦੂਜਾ ਪੰਨਾ ਪਾਠਕਾਂ ਦੇ ਸੁਝਾਵਾਂ ਤੇ ਰਾਵਾਂ ਲਈ ਖਾਲੀ ਛੱਡਿਆ ਗਿਆ ਸੀ। ਮੂਲ ਸ਼ਬਦ ਦਰਜ ਕਰ ਕੇ ਉਸ ਦਾ ਮੂਲ ਧਾਤੂ, ਵੱਖ-ਵੱਖ ਅਰਥ ਅਤੇ ਅਖੀਰ ਵਿਚ ਵਿਸਥਾਰ ਸਹਿਤ ਵਿਆਖਿਆ ਕੀਤੀ ਗਈ ਸੀ।[106] ਇਸ ਤੋਂ ਇਲਾਵਾ ਭਾਈ ਸਾਹਿਬ ਨੇ 'ਖ਼ਾਲਸਾ ਟ੍ਰੈਕਟ ਸੁਸਾਇਟੀ' ਰਾਹੀਂ ਕੁਝ ਬਾਣੀਆਂ ਦੇ ਟੀਕੇ

---

[102] ਉਹੀ, ਪੰਨਾ ੲ.

[103] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ 300.

[104] ਸਤਿੰਦਰ ਸਿੰਘ (ਸੰਪਾ.), *ਭਾਈ ਵੀਰ ਸਿੰਘ: ਜੀਵਨ ਤੇ ਰਚਨਾ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1982, ਪੰਨਾ 127.

[105] ਉਹੀ, ਪੰਨਾ 133.

[106] ਪਰਮਿੰਦਰ ਸਿੰਘ, *ਪੰਜਾਬੀ ਸਾਹਿਤ ਦੇ ਮੂਲ ਲੱਛਣ ਤੇ ਪ੍ਰਮੁਖ ਪ੍ਰਵਿਰਤੀਆਂ (1849-1900),* ਲੁਧਿਆਣਾ: ਲਾਹੌਰ ਬੁਕ ਸ਼ਾਪ, 1987, ਪੰਨਾ 367.

ਪ੍ਰਕਾਸ਼ਿਤ ਕੀਤੇ, ਜਿਨ੍ਹਾਂ ਵਿਚੋਂ ਟੀਕਾ ਬਾਰਾਂ-ਮਾਹ ਮਾਝ ਤੇ ਤੁਖਾਰੀ (ਟ੍ਰੈਕਟ ਨੰ: 54), ਟੀਕਾ ਜੈਤਸਰੀ ਦੀ ਵਾਰ (ਟ੍ਰੈਕਟ ਨੰ: 63), ਸਵੱਯੇ ਪਾਤਸ਼ਾਹੀ ੧੦ (ਟ੍ਰੈਕਟ ਨੰ: 74) ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਪੋਥੀ (ਟ੍ਰੈਕਟ ਨੰ: 71) ਆਦਿ ਵਰਨਣਯੋਗ ਹਨ।[107] ਇਹ ਟੀਕੇ ਬਾਅਦ ਵਿਚ 'ਸੰਥਯਾ ਅਨੇਕ ਬਾਣੀਆਂ' ਦੇ ਨਾਂ ਹੇਠ ਸੰਕਲਿਤ ਕਰਕੇ ਪ੍ਰਕਾਸ਼ਿਤ ਕਰ ਦਿੱਤੇ ਗਏ।

**5.4.13. ਸ੍ਰੀ ਦਸਮ ਗ੍ਰੰਥ ਬਾਣੀ:** ਇਸ ਦੇ ਨਾਲ ਹੀ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬਾਣੀ ਸੰਬੰਧੀ ਵੀ ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਖੋਜ-ਪੜਤਾਲ ਕੀਤੀ। ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਿੰਘ ਸਭਾ ਲਹਿਰ ਦੇ ਚਿੰਤਕ ਬੈਠਕਾਂ ਕਰਦੇ। ਇਨ੍ਹਾਂ ਬੈਠਕਾਂ ਸਿੱਖ ਇਤਿਹਾਸ, ਮਰਯਾਦਾ, ਸਿਧਾਂਤ ਅਤੇ ਗੁਰਬਾਣੀ ਦੀ ਸ਼ੁੱਧ ਵਿਆਖਿਆ ਸੰਬੰਧੀ ਵਿਚਾਰ ਚਰਚਾ ਹੁੰਦੀ। ਗੁਰ-ਪ੍ਰਣਾਲੀ ਤਿਆਰ ਹੋਣ ਪਿੱਛੋਂ ਸਿੱਖ ਇਤਿਹਾਸ ਦੀਆਂ ਕਈ ਮਹੱਤਵਪੂਰਨ ਘਟਨਾਵਾਂ 'ਤੇ ਬਹਿਸ ਹੋਈ ਅਤੇ ਉਸ ਪ੍ਰਤੀ ਮਿਲ ਬੈਠ ਕੇ ਨਿਰਨਾ ਕੀਤਾ ਗਿਆ। ਇਸ ਬਹਿਸ ਜਾਂ ਬੈਠਕ ਵਿਚ ਇਕ ਵਿਸ਼ੇਸ਼ ਸਵਾਲ ਸ੍ਰੀ ਦਸਮ ਗ੍ਰੰਥ ਸਾਹਿਬ ਬਾਬਤ ਉੱਠਿਆ। ਸ੍ਰੀ ਦਸਮ ਗ੍ਰੰਥ ਦੀ ਬਾਣੀ ਸੰਬੰਧੀ ਖੋਜ-ਪੜਤਾਲ ਕਰਨ ਦੀ ਇਹ ਸੇਵਾ ਖ਼ਾਲਸਾ ਦੀਵਾਨ, ਅੰਮ੍ਰਿਤਸਰ ਨੇ ਗੁਰਮਤ ਗ੍ਰੰਥ ਪ੍ਰਚਾਰਕ ਸਭਾ, ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਸੌਂਪ ਦਿੱਤੀ। ਇਸ ਖੋਜ-ਕਾਰਜ ਉੱਪਰ ਲੱਗਣ ਵਾਲੇ ਕੁਲ ਖ਼ਰਚ ਦੀ ਜ਼ਿੰਮੇਵਾਰੀ, ਇਸ ਸਭਾ ਦੇ ਸਕੱਤਰ ਭਾਈ ਆਗਯਾ ਸਿੰਘ ਹਕੀਮ ਦੇ ਸਪੁੱਤਰ ਭਾਈ ਮੰਨਾ ਸਿੰਘ ਜੀ ਨੇ ਆਪਣੇ ਜ਼ਿੰਮੇ ਲੈ ਲਈ। ਇਸ ਸਭਾ ਨੇ ਵੱਖ-ਵੱਖ ਤਰ੍ਹਾਂ ਦੇ 32 (ਬੱਤੀ) ਸ੍ਰੀ ਦਸਮ ਗ੍ਰੰਥ ਸਾਹਿਬ ਦੇ ਪੁਰਾਤਨ ਸਰੂਪ ਵੱਖ-ਵੱਖ ਥਾਵਾਂ ਤੋਂ ਇਕੱਠੇ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਿਆਂਦੇ। ਇੱਥੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬਾਣੀ ਸੰਬੰਧੀ ਪੜਤਾਲ ਕਰਨ ਲਈ ਸਿੱਖ ਪੰਥ ਦੇ ਉੱਘੇ ਵਿਦਵਾਨ ਅਤੇ ਗਿਆਨੀ ਇਕੱਠੇ ਹੋ ਕੇ ਖੋਜ ਕਰਨ ਲੱਗੇ। ਜਗਜੀਤ ਸਿੰਘ ਅਨੁਸਾਰ, "੧ ਹਾੜ ਸੰਮਤ ੧੯੫੨ ਤੋਂ ਖੁਲ੍ਹੀ ਵਿਚਾਰ ਸ਼ੁਰੂ ਹੋ ੬ ਫਗਣ ਸੰਮਤ ੧੯੫੨ ਐਤਵਾਰ ਨੂੰ ਸੁਧਾਈ ਸਮਾਪਤ ਹੋਈ। ਪੰਥ ਦੀਆਂ ਰਾਵਾਂ ਮੰਗੀਆਂ ਗਈਆਂ ਤੇ ਇਸ ਤਰ੍ਹਾਂ ਪੂਰਨ ਸੁਧਾਈ ਸਾਵਣ ੧੯੫੩ ਤਕ ਹੁੰਦੀ ਰਹੀ। ਇਹ ਸਾਰੀ ਰੀਪੋਰਟ ਤਿਆਰ ਹੋ ੧ ਫਗਣ ਸੰ: ੧੯੫੪ ਨੂੰ ਪ੍ਰਕਾਸ਼ਤ ਕੀਤੀ ਗਈ ਜਿਸ ਵਿਚ ਸ੍ਰੀ ਦਸਮ ਗ੍ਰੰਥ ਸਬੰਧੀ ਸਾਰੀ ਖੋਜ ਸੀ ਤੇ ਦਸਮ ਸਤਿਗੁਰੂ ਜੀ ਦੀ ਕਿਹੜੀ ਕਿਹੜੀ ਬਾਣੀ ਹੈ, ਦਾ ਵੇਰਵਾ ਸੀ।"[108]

**5.4.14. ਹੋਰ ਯਤਨ:** ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਗੁਰਬਾਣੀ ਵਿਆਖਿਆ ਦੀ ਇਕ ਨਵੀਂ ਪਰਪਾਟੀ ਚਲੀ। ਸਨਾਤਨੀ ਰੰਗਣ ਵਾਲੇ ਟੀਕੇ ਜਿੱਥੇ ਬ੍ਰਜ ਭਾਸ਼ਾ ਵਿਚ ਹੁੰਦੇ ਸਨ, ਉੱਥੇ ਨਵੇਂ ਟੀਕੇ ਆਮ ਲੋਕਾਂ ਦੀ ਭਾਸ਼ਾ ਵਿਚ ਸਰਲ ਤੇ ਸਪਸ਼ਟ ਅਰਥਾਂ ਵਾਲੇ ਲਿਖੇ ਜਾਣ ਲੱਗੇ। ਇਸ ਦੇ ਨਾਲ ਹੀ ਗੁਰਮਤਿ ਦੀ ਦਾਰਸ਼ਨਿਕ ਵਿਲੱਖਣਤਾ ਨੂੰ ਰੂਪਮਾਨ ਕਰਨਾ ਵੀ ਇਨ੍ਹਾਂ ਦਾ ਉਦੇਸ਼ ਸੀ। ਗੁਰਬਾਣੀ ਵਿਆਖਿਆ ਦੇ ਖੇਤਰ ਵਿਚ ਉਪਰੋਕਤ ਵਰਣਨ ਕੀਤੇ ਕਾਰਜ ਤੋਂ ਇਲਾਵਾ ਇਸ ਲਹਿਰ ਦੇ ਪ੍ਰਭਾਵ ਅਧੀਨ, ਜੋ ਹੋਰ ਕਾਰਜ ਹੋਇਆ ਉਸ ਦਾ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਹੈ:

---

[107] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ,* ਪੰਨਾ 194.

[108] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ 16.

(1) ਗੁਰਬਾਣੀ ਦੇ ਟੀਕੇ-ਗਿਆਨੀ ਸਰਦੂਲ ਸਿੰਘ-1896 ਈ.

(2) ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਟੀਕਾ-ਭਾਈ ਲੱਧਾ ਸਿੰਘ-1897 ਈ.

(3) ਭਗਤਾਂ ਦੀ ਬਾਣੀ ਸਟੀਕ-ਭਾਈ ਭਗਵਾਨ ਸਿੰਘ-1897 ਈ.

(4) ਆਸਾ ਦੀ ਵਾਰ ਸਟੀਕ-ਭਾਈ ਭਗਵਾਨ ਸਿੰਘ-1898 ਈ.

(5) ਆਸਾ ਦੀ ਵਾਰ ਸਟੀਕ- ਭਾਈ ਨਿਹਾਲ ਸਿੰਘ-1899 ਈ.

(6) ਜ਼ਫ਼ਰਨਾਮਾ ਸਟੀਕ-ਭਾਈ ਜੋਧ ਸਿੰਘ-1900 ਈ.

(7) ਸ਼ਲੋਕ ਕਬੀਰ ਸਟੀਕ-ਭਾਈ ਨਿਹਾਲ ਸਿੰਘ-1900 ਈ.

ਪੁਸਤਕਾਂ, ਟ੍ਰੈਕਟਾਂ, ਪੈਂਫ਼ਲਿਟਾਂ ਆਦਿ ਦੇ ਨਾਲ-ਨਾਲ ਇਸ ਲਹਿਰ ਦੇ ਚਿੰਤਕਾਂ ਨੇ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਵੀ ਗੁਰਬਾਣੀ ਵਿਆਖਿਆ ਨੂੰ ਪੇਸ਼ ਕੀਤਾ। ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਸ਼ੁਰੂ ਹੋਏ ਅਖ਼ਬਾਰਾਂ ਵਿਚ ਜਿੱਥੇ ਸਮਾਜਿਕ ਸੁਧਾਰ, ਨੈਤਿਕ ਜ਼ਿੰਮੇਵਾਰੀਆਂ, ਧਾਰਮਿਕ ਨਿਯਮਾਂ ਦਾ ਪਾਲਨ ਕਰਨ ਆਦਿ ਸੰਬੰਧੀ ਲੇਖ ਛਪਦੇ ਸਨ ਉੱਥੇ ਗੁਰਬਾਣੀ ਦੇ ਗੁਹਜ ਅਰਥਾਂ ਅਤੇ ਉਨ੍ਹਾਂ ਦੇ ਵਿਆਪਕ ਵਿਸਥਾਰ ਨੂੰ ਵੀ ਸਪਸ਼ਟ ਕਰਨ ਲਈ ਵੀ ਲੇਖ ਛਪੇ ਸਨ। 10 ਮਈ, 1895 ਈ. ਦੇ ਖ਼ਾਲਸਾ ਅਖ਼ਬਾਰ ਦੀ ਉਦਾਹਰਨ ਵੇਖੀ ਜਾ ਸਕਦੀ ਹੈ ਜਿਸ ਵਿਚ ਲਿਖਿਆ ਹੈ, "...ਜੈਸਾ ਕਿ ਮਸੀਹੀ ਮਜ਼ਹਬ ਤਾਂ ਉਨਾਂ ਨੂੰ ਇਹ ਉਪਦੇਸ਼ ਕਰਦਾ ਹੈ ਕਿ (ਜੋ ਤੇਰੇ ਖੱਬੇ ਪਾਸੇ ਮੂੰਹ ਪਰ ਚੁਪੇੜ ਮਾਰੇ ਤਾਂ ਤੂੰ ਉਸ ਦੇ ਅੱਗੇ ਸੱਜਾ ਪਾਸਾ ਭੀ ਕਰ ਦੇ) ਸੋ ਇਸ ਧਾਰਮਕ ਸਹਨ ਸ਼ੀਲਤਾ ਵਾਲੀ ਬਾਤ ਪਰ ਮਸੀਹੀ ਗਵਰਨਮਿੰਟ ਅਮਲ ਕਰੇ ਤਾਂ ਸਭ ਤੋਪਖਾਨੇ ਅਰ ਪਲਟਨਾਂ ਨੂੰ ਵਿਦਾ ਕਰਕੇ ਏਹ ਕੰਮ ਕਰਨ ਕਿ ਜਦ ਕੋਈ ਇਨਾਂ ਦੇ ਇਕ ਆਦਮੀ ਨੂੰ ਮਾਰੇ ਤਾਂ ਉਥੇ ਸਾਰੇ ਹੀ ਜਾ ਕੇ ਮੂੰਹ ਭਨਾ ਕੇ ਘਰ ਆਇ ਬੈਠਨ। ਇਸ ਤੇ ਤੁਸੀ ਦੇਖ ਸਕਦੇ ਹੋ ਕਿ ਇਨਾਂ ਦੀ ਹਕੂਮਤ ਕਿਤਨਾ ਕਿ ਚਿਰ ਰਹ ਸਕਦੀ ਹੈ। ਇਸੀ ਪ੍ਰਕਾਰ ਕੇ ਕਰਕੇ ਸਿਖ ਭੀ ਨਿਰਾ ਇਸ ਬਚਨ ਪਰ ਭਰੋਸਾ ਕਰ ਬੈਠਦੇ ਕਿ (ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੀ ਘੁੰਮ। ਆਪਨੜੇ ਘਰਿ ਜਾਈਐ ਪੈਰ ਤਿਨਾਂ ਦੇ ਚੁੰਮਿ) ਤਾਂ ਇਸ ਦਾ ਨਤੀਜਾ ਇਹ ਨਿਕਲਦਾ ਜੋ ਇਹ ਮੁਸਲਮਾਨਾਂ ਪਾਤਸ਼ਾਂ ਦੇ ਪੈਰ ਚੁੰਮਦੇ ਅਰ ਉਹ ਉਨਾਂ ਹੀ ਪੈਰਾਂ ਦੀਆਂ ਅਡੀਆਂ ਨਾਲ ਇਨਾਂ ਦੇ ਸਿਰ ਭੰਨ ਸਿਟਦੇ, ਪਰ ਸਿਖਾਂ ਨੈ ਇਸ ਉਪਦੇਸ਼ ਨੂੰ ਪ੍ਰਮਾਰਥ ਦਾ ਜਾਨ ਕੇ ਅਧਜਾਤਮਕ ਦੁਨੀਆਂ ਵਿੱਚ ਵਰਤਨ ਲਈ ਛੱਡ ਦਿੱਤਾ ਅਤੇ ਇਸ ਦੇ ਉਲਟ ਸੂਰਬੀਰਤਾ ਦੇ ਉਪਦੇਸ਼ ਨੂੰ ਸੰਸਾਰਕ ਕੰਮਾਂ ਵਿੱਚ ਲਿਆ ਕੇ ਰਾਜਜ ਪਾਇ ਲੀਤਾ॥ ਸਾਡੇ ਲਿਖੇ ਪੜੇ ਹੋਏ ਆਦਮੀਆਂ ਨੂੰ ਭੀ ਚਾਹੀਦਾ ਹੈ ਜੋ ਇਨਾਂ ਦੋਨਾ ਸੰਗਿਆ ਨੂੰ ਮਿਲਾ ਕੇ ਖਿਚੜੀ ਕਰਨ ਦਾ ਯਤਨ ਛਡ ਦੇਨ॥ "[109]

ਇਸ ਤਰ੍ਹਾਂ ਗੁਰਬਾਣੀ ਵਿਆਖਿਆ ਦੇ ਖੇਤਰ ਵਿਚ ਜੋ ਪਕਿਆਈ ਇਸ ਕਾਲ ਵਿੱਚ ਆਈ ਉਹ ਸਿੰਘ ਸਭਾ ਲਹਿਰ ਦੀ ਮਹੱਤਵਪੂਰਨ ਪ੍ਰਾਪਤੀ ਹੈ। ਇਸ ਕਾਲ ਦੇ ਟੀਕਾਕਾਰਾਂ ਨੇ ਸ਼ਬਦ ਜਾਂ ਸੰਪੂਰਨ ਬਾਣੀ ਦੀ ਅਗਲੀ ਪਿਛਲੀ ਰਚਨਾ ਨਾਲ ਸੰਬੰਧ ਦਸ ਕੇ ਟੀਕਾਕਾਰੀ ਕੀਤੀ। ਔਖੇ ਸ਼ਬਦਾਂ ਦੀਆਂ ਨਿਰੁਕਤੀਆਂ ਅਤੇ ਵਿਉਤਪਤੀਆਂ

---

[109] ਖ਼ਾਲਸਾ ਅਖ਼ਬਾਰ, 10 ਮਈ, 1895, ਪੰਨਾ 3.

ਦੱਸ ਕੇ ਅਰਥ ਕੀਤੇ। ਔਖੇ ਸ਼ਬਦਾਂ ਨਾਲ ਸੰਬੰਧਿਤ ਵਾਕਫ਼ੀਅਤ ਜਨ ਸਾਧਾਰਨ ਦੀ ਬੋਲੀ ਵਿਚ ਪੇਸ਼ ਕਰਕੇ ਗੁਰਬਾਣੀ ਦੇ ਅਰਥ ਗੁਰਬਾਣੀ ਵਿਚੋਂ ਲੱਭਣ ਦੀ ਕੋਸ਼ਿਸ਼ ਕੀਤੀ। ਇਸ ਦੇ ਨਾਲ ਹੀ ਤੁਲਨਾਤਮਿਕ ਅਤੇ ਨਿਆਇਸ਼ੀਲ ਦ੍ਰਿਸ਼ਟੀ ਅਪਣਾ ਕੇ ਵਿਆਖਿਆ ਕਰਨ ਦਾ ਯਤਨ ਕੀਤਾ। ਇਨ੍ਹਾਂ ਉਪਰਾਲਿਆਂ ਨੇ ਟੀਕਾਕਾਰੀ ਨੂੰ ਵਧੇਰੇ ਸਪਸ਼ਟ ਤੇ ਸਰਲ ਕੀਤਾ ਅਤੇ ਆਉਣ ਵਾਲੇ ਟੀਕਾਕਾਰਾਂ ਨੂੰ ਨਵੀਂ ਸੇਧ ਪ੍ਰਦਾਨ ਕੀਤੀ। ਇਸੇ ਲੀਹ ’ਤੇ ਚਲਦਿਆਂ ਪ੍ਰਿੰਸੀਪਲ ਤੇਜਾ ਸਿੰਘ ਦਾ ‘ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ’ ਅਤੇ ਪ੍ਰੋ. ਸਾਹਿਬ ਸਿੰਘ ਰਚਿਤ ‘ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ’ ਸਟੀਕ ਵਧੇਰੇ ਵਿਗਿਆਨਕ ਢੰਗ ਨਾਲ ਤਿਆਰ ਕੀਤੇ ਗਏ, ਜੋ ਵਰਤਮਾਨ ਸਮੇਂ ਤੱਕ ਗੁਰਬਾਣੀ ਦੇ ਅਰਥ ਸਮਝਣ ਲਈ ਚਾਨਣ ਮੁਨਾਰਾ ਬਣੇ ਹੋਏ ਹਨ।

### 5.5. ਸਿੱਖ ਇਤਿਹਾਸਕਾਰੀ ਨੂੰ ਦੇਣ

ਸਿੱਖ ਇਤਿਹਾਸ ਜਿੰਨਾ ਮਹਾਨ ਹੈ, ਓਨਾ ਹੀ ਇਸ ਨੂੰ ਦੂਸ਼ਿਤ ਕਰਨ ਦੇ ਯਤਨ ਵੀ ਹੋਏ ਹਨ। ਗੁਰੂ ਸਾਹਿਬਾਨ, ਭਗਤ ਸਾਹਿਬਾਨ, ਕੌਮੀ ਯੋਧਿਆਂ ਅਤੇ ਆਗੂਆਂ ਦੀਆਂ ਜੀਵਨੀਆਂ ਤੇ ਉਨ੍ਹਾਂ ਦੇ ਉਦੇਸ਼ਾਂ ਸੰਬੰਧੀ ਤੱਥਾਂ ਨੂੰ ਵਿਗਾੜ ਕੇ ਪੇਸ਼ ਕਰਨ ਦੇ ਯਤਨ ਹੁੰਦੇ ਰਹੇ ਹਨ। ਪੱਛਮੀ ਵਿਦਵਾਨਾਂ ਨੇ ਤਾਂ ਆਪਣੇ ਸਾਮਰਾਜੀ ਹਿੱਤਾਂ ਦੀ ਸੁਰੱਖਿਆ ਲਈ ਅਜਿਹਾ ਕਰਨਾ ਹੀ ਸੀ, ਏਥੋਂ ਦੇ ਇਤਿਹਾਸਕਾਰਾਂ ਨੇ ਵੀ ਸਿੱਖ ਇਤਿਹਾਸ ਦੀ ਸਹੀ ਆਤਮਾ ਨੂੰ ਧੁੰਦਲਾ ਕੀਤਾ। ਪਰਮਿੰਦਰ ਸਿੰਘ ਅਨੁਸਾਰ , “ਸਿੱਖ ਕੌਮ ਦਾ ਦੁਖਾਂਤ ਹੀ ਇਹ ਰਿਹਾ ਹੈ ਕਿ ਇਸ ਦਾ ਇਤਿਹਾਸ ਵਧੇਰੇ ਕਰ ਕੇ ਗੈਰ ਸਿੱਖਾਂ, ਅਨਮਤੀਆਂ ਤੇ ਕੱਟੜ ਵਿਰੋਧੀਆਂ ਵਲੋਂ ਲਿਖਿਆ ਗਿਆ, ਜਿਹੜੇ ਜਾਂ ਤਾਂ ਸਿੱਖੀ ਭਾਵਨਾਂ ਤੇ ਰਹੁ-ਰੀਤਾਂ ਵਲੋਂ ਅਗਿਆਤ ਸਨ ਜਾਂ ਉਹ ਇਸ ਨੂੰ ਠੀਕ ਢੰਗ ਨਾਲ ਪੇਸ਼ ਕਰਨ ਦੇ ਇੱਛਕ ਹੀ ਨਹੀਂ ਸਨ। ਸੋ ਸਿੰਘ ਸਭਾ ਦੇ ਆਗੂਆਂ ਸਿਰ ਆਪਣੇ ਇਤਿਹਾਸ ਨੂੰ ਸਹੀ ਤੇ ਵਿਗਿਆਨਕ ਢੰਗ ਨਾਲ ਪੇਸ਼ ਕਰਨ ਦੀ ਬਹੁਤ ਵੱਡੀ ਜ਼ਿੰਮੇਵਾਰੀ ਸੀ। ਇਸ ਜ਼ਿੰਮੇਵਾਰੀ ਨੂੰ ਸੁਯੋਗਤਾ ਨਾਲ ਨਿਭਾਉਣ ਨਾਲ ਹੀ ਨਵੀਂ ਪੀੜੀ ਨੂੰ ਆਪਣੇ ਧਰਮ ਤੇ ਕੌਮ ਨਾਲ ਸਨੇਹ ਰੱਖਣ ਦੀ ਪ੍ਰੇਰਣਾ ਦਿੱਤੀ ਜਾ ਸਕਦੀ ਸੀ।”[110]

ਉਨ੍ਹੀਵੀਂ ਸਦੀ ਦੇ ਛੇਕੜਲੇ ਅੱਧ ਦੌਰਾਨ ਪੰਜਾਬ ਅੰਦਰ ਪੱਛਮੀ ਵਿੱਦਿਆ ਦੇ ਪਾਸਾਰ ਨਾਲ ਗਿਆਨ ਦੀਆਂ ਨਵੀਆਂ ਅੰਤਰ-ਦ੍ਰਿਸ਼ਟੀਆਂ ਹੋਂਦ ਵਿਚ ਆ ਰਹੀਆਂ ਸਨ। ਇਸ ਲਈ ਇਸ ਦੌਰ ਦੇ ਸਿੱਖ ਚਿੰਤਕਾਂ ਨੇ ਗ਼ਲਤ ਇਤਿਹਾਸਕ ਧਾਰਨਾਵਾਂ ਦੀ ਪੁਣ-ਛਾਣ ਕੀਤੀ ਅਤੇ ਸੁਣੀਆਂ-ਸੁਣਾਈਆਂ ਮਾਨਤਾਵਾਂ ਦਾ ਵਿਸ਼ਲੇਸ਼ਣ ਤੇ ਨਿਰੀਖਣ ਕੀਤਾ। ਸਿੱਖ ਇਤਿਹਾਸ ਵਿਚ ਰਲਗੱਡ ਹੋ ਚੁੱਕੇ ਤੱਥਾਂ ਦੀ ਨਿਸ਼ਾਨਦੇਹੀ ਕਰਦੇ ਹੋਏ ਸਿੱਖ ਇਤਿਹਾਸ ਨੂੰ ਗੁਰਮਤਿ ਅਨੁਸਾਰ ਪੇਸ਼ ਕਰਨ ਦਾ ਯਤਨ ਕੀਤਾ ਗਿਆ।

ਸਿੱਖ ਇਤਿਹਾਸਕ ਕ੍ਰਮ ਦੇ ਖੱਪਿਆਂ ਨੂੰ ਭਰ ਕੇ ਸਮੁੱਚੇ ਸਿੱਖ ਇਤਿਹਾਸ ਦੀ ਨਵ-ਸਿਰਜਣਾ ਕਰਨਾ, ਉਸ ਸਮੇਂ ਇਕ ਇਤਿਹਾਸਕ ਲੋੜ ਸੀ। ਇਸ ਲੋੜ ਦੀ ਪੂਰਤੀ ਲਈ ਭਾਈ ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਤੇ ਭਾਈ ਕਰਮ ਸਿੰਘ ਹਿਸਟੋਰੀਅਨ ਨੇ ਮੋਢੀਆਂ ਦਾ ਕੰਮ ਕੀਤਾ। ਭਾਈ ਵੀਰ ਸਿੰਘ ਜੀ

---

[110] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ,* ਪੰਨਾ 191.

ਦੀ ਇਸ ਪੱਖੋਂ ਘਾਲਣਾ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੀਆਂ ਇਤਿਹਾਸਕ ਲਿਖਤਾਂ ਖ਼ਾਲਸਾ ਟ੍ਰੈਕਟ ਸੁਸਾਇਟੀ ਵੱਲੋਂ ਪ੍ਰਕਾਸ਼ਿਤ ਟ੍ਰੈਕਟਾਂ ਦੇ ਰੂਪ ਵਿਚ ਸਾਡੇ ਸਾਹਮਣੇ ਹਨ। ਉਨ੍ਹਾਂ ਵੱਲੋਂ ਲਿਖੇ ਚਮਤਕਾਰਾਂ ਵਿਚ ਸਿੱਖ ਪਰੰਪਰਾ ਦੀ ਮੂਲ ਭਾਵਨਾ ਨੂੰ ਬਿਆਨ ਕੀਤਾ ਗਿਆ ਹੈ। ਬਾਅਦ ਵਿਚ ਭਾਈ ਜੋਧ ਸਿੰਘ ਦੁਆਰਾ ਲਿਖਿਆ ਸਿੱਖ ਇਤਿਹਾਸ ਅਤੇ ਪ੍ਰਿੰਸੀਪਲ ਤੇਜਾ ਸਿੰਘ ਤੇ ਗੰਡਾ ਸਿੰਘ ਵੱਲੋਂ ਲਿਖਿਆ ਸਿੱਖ ਇਤਿਹਾਸ ਇਸ ਆਸ਼ੇ ਦੀ ਸਿਖਰਲੀ ਪ੍ਰਾਪਤੀ ਹੋ ਨਿੱਬੜਿਆ ਹੈ।

**5.5.1. ਵਾਰਤਕ ਸ਼ੈਲੀ ਦੀ ਸ਼ੁਰੂਆਤ:** ਇਸ ਦੌਰ ਤੋਂ ਪਹਿਲਾਂ ਰਚੇ ਗਏ ਸਿੱਖ ਇਤਿਹਾਸ ਉੱਪਰ ਬ੍ਰਜ ਜਾਂ ਹਿੰਦੀ ਭਾਸ਼ਾ ਦਾ ਪ੍ਰਭਾਵ ਵਧੇਰੇ ਸੀ ਅਤੇ ਕਵਿਤਾ ਵਿਚ ਇਤਿਹਾਸ ਲਿਖਣ ਦਾ ਰੁਝਾਨ ਸੀ। ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪਹਿਲੀ ਵਾਰ ਨਵੀਨ ਕਿਸਮ ਦੀ ਇਤਿਹਾਸਕਾਰੀ ਦਾ ਪ੍ਰਵੇਸ਼ ਹੋਇਆ ਅਤੇ ਸਿੱਖ ਇਤਿਹਾਸ ਨੂੰ ਪੰਜਾਬੀ ਭਾਸ਼ਾ ਦੇ ਵਾਰਤਕ ਰੂਪ ਵਿਚ ਸੁਰੱਖਿਅਤ ਕੀਤਾ ਗਿਆ। ਸਿੱਖ ਇਤਿਹਾਸ ਨੂੰ ਪੰਜਾਬੀ ਵਾਰਤਕ ਵਿਚ ਪੇਸ਼ ਕਰਨ ਦੀ ਪਿਰਤ ਗਿਆਨੀ ਗਿਆਨ ਸਿੰਘ ਤੋਂ ਸ਼ੁਰੂ ਹੋਈ ਮੰਨੀ ਜਾਂਦੀ ਹੈ।[111] ਹਰਸਿਮਰਨਜੀਤ ਕੌਰ ਅਨੁਸਾਰ, "ਗਿਆਨੀ ਗਿਆਨ ਸਿੰਘ ਨੂੰ ਪੰਜਾਬੀ ਵਿਚ ਲਿਖਣ ਵਾਲੇ ਸਿੱਖ ਇਤਿਹਾਸਕਾਰਾਂ ਦੀਆਂ ਦੋ ਪਰੰਪਰਾਵਾਂ ਦੀ ਇਕ ਕੜੀ ਸਮਝਿਆ ਜਾ ਸਕਦਾ ਹੈ। ਪਹਿਲੀ ਪਰੰਪਰਾ ਸੀ ਸਿੱਖ ਇਤਿਹਾਸ ਨੂੰ ਕਵਿਤਾ ਵਿਚ ਲਿਖਣ ਦੀ। ਗਿਆਨੀ ਗਿਆਨ ਸਿੰਘ ਦੀ ਪੰਜਾਬੀ ਦੀ ਠੇਠ ਕਵਿਤਾ ਵਿਚ ਲਿਖੀ ਗਈ ਰਚਨਾ ਪੰਥ ਪ੍ਰਕਾਸ਼ ਇਸ ਦਾ ਅੰਤਲਾ ਸਿਰਾ ਸੀ। ਇਸ ਤੋਂ ਬਾਅਦ ਗਿਆਨ ਸਿੰਘ ਨੇ ਜੋ ਸਿੱਖ ਇਤਿਹਾਸ ਤਵਾਰੀਖਾਂ ਵਿਚ ਲਿਖਿਆ ਉਹ ਪੰਜਾਬੀ ਦੀ ਠੇਠ ਵਾਰਤਕ ਵਿਚ ਸੀ। ਇਸ ਨਾਲ ਗਿਆਨ ਸਿੰਘ ਨੇ ਪਹਿਲੀ ਵਾਰ ਪੂਰੀ ਇਤਿਹਾਸਕ ਖੋਜ-ਵਿਧੀ ਮੁਤਾਬਕ ਪੰਜਾਬੀ ਵਾਰਤਕ ਵਿਚ ਸਿੱਖ ਇਤਿਹਾਸ ਨੂੰ ਲਿਖਣਾ ਸ਼ੁਰੂ ਕੀਤਾ ਸੀ। ਇਹ ਗੁਰਮੁਖੀ ਵਿਚ ਸਿੱਖ ਇਤਿਹਾਸ ਲਿਖਣ ਦੀ ਸ਼ੁਰੂਆਤ ਸੀ।"[112]

ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਸਿੱਖ ਇਤਿਹਾਸ ਨਾਲ ਸੰਬੰਧਿਤ ਅਨੇਕਾਂ ਪੁਸਤਕਾਂ ਪੰਜਾਬੀ ਭਾਸ਼ਾ ਦੇ ਵਾਰਤਕ ਰੂਪ ਵਿਚ ਰਚੀਆਂ। ਇਸ ਨਾਲ ਸਿੱਖ ਇਤਿਹਾਸ ਨੂੰ ਪੰਜਾਬੀ ਵਾਰਤਕ ਵਿਚ ਪੇਸ਼ ਕਰਨ ਦੀ ਸ਼ੁਰੂਆਤ ਹੋਈ ਅਤੇ ਬਾਅਦ ਵਿਚ ਪੈਦਾ ਹੋਏ ਸਿੱਖ ਇਤਿਹਾਸਕਾਰਾਂ ਨੇ ਸਿੱਖ ਇਤਿਹਾਸ ਨੂੰ ਲਿਖਤੀ ਰੂਪ ਦੇਣ ਲਈ ਵਾਰਤਕ ਵੰਨਗੀ ਨੂੰ ਹੀ ਪਹਿਲ ਦਿੱਤੀ। ਪ੍ਰੋ. ਗੁਰਮੁਖ ਸਿੰਘ, ਅਤਰ ਸਿੰਘ, ਭਾਈ ਵੀਰ ਸਿੰਘ ਅਤੇ ਕਰਮ ਸਿੰਘ ਹਿਸਟੋਰੀਅਨ ਨੇ ਸਿੱਖ ਇਤਿਹਾਸ ਲਿਖਣ ਸਮੇਂ ਵਾਰਤਕ ਸ਼ੈਲੀ ਦੀ ਵਰਤੋਂ ਕੀਤੀ। ਗਿਆਨੀ ਦਿੱਤ ਸਿੰਘ ਨੇ ਕਾਵਿ ਅਤੇ ਵਾਰਤਕ ਦੋਵਾਂ ਸ਼ੈਲੀਆਂ ਵਿਚ ਸਿੱਖ ਇਤਿਹਾਸ ਲਿਖਿਆ। ਇਸ ਤੋਂ ਬਾਅਦ ਸਿੱਖ ਇਤਿਹਾਸ ਸ਼ੁੱਧ ਪੰਜਾਬੀ ਵਿਚ ਅਤੇ ਵਾਰਤਕ ਵੰਨਗੀ ਵਿਚ ਲਿਖਿਆ ਜਾਣ ਲੱਗ ਪਿਆ। ਉਸ ਉੱਪਰੋਂ ਬ੍ਰਜ, ਹਿੰਦੀ ਅਤੇ ਫ਼ਾਰਸੀ ਆਦਿ ਭਾਸ਼ਾਵਾਂ ਦਾ ਪ੍ਰਭਾਵ ਘਟਣ ਲੱਗ ਪਿਆ। ਸਿੰਘ ਸਭਾ ਲਹਿਰ ਦੀ ਸਿੱਖ ਇਤਿਹਾਸਕਾਰੀ ਨੂੰ ਇਹ ਵੱਡੀ ਦੇਣ ਸੀ।

---

[111] ਉਹੀ, ਪੰਨਾ 221.

[112] ਹਰਸਿਮਰਨਜੀਤ ਕੌਰ, *ਸਿੱਖ ਇਤਿਹਾਸਕਾਰੀ: ਉਤਪਤੀ ਅਤੇ ਵਿਕਾਸ,* ਲੁਧਿਆਣਾ: ਲਾਹੌਰ ਬੁੱਕਸ, 2012, ਪੰਨਾ 114.

**5.5.2. ਮਿਤੀਆਂ ਸੰਬੰਧੀ ਨਿਰਣੇ:** ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਇਸ ਲਹਿਰ ਦੇ ਸ਼ੁਰੂ ਹੁੰਦੇ ਹੀ ਸਿੱਖ ਇਤਿਹਾਸ ਸੰਬੰਧੀ ਖੋਜ ਕਰਨੀ ਸ਼ੁਰੂ ਕਰ ਦਿੱਤੀ। ਅੰਮ੍ਰਿਤਸਰ ਸਾਹਿਬ ਵਿਖੇ ਸਭਾ ਦੀਆਂ ਇਕੱਤਰਤਾਵਾਂ ਵਿਚ ਸਿੱਖ ਇਤਿਹਾਸ ਸੰਬੰਧੀ ਪੈਦਾ ਹੋਏ ਭੁਲੇਖਿਆਂ ਉੱਪਰ ਵਿਸਥਾਰ ਸਹਿਤ ਚਰਚਾ ਹੁੰਦੀ। ਵਿਚਾਰ-ਚਰਚਾ ਉਪਰੰਤ ਜੋ ਸਿੱਟੇ ਪ੍ਰਾਪਤ ਹੁੰਦੇ ਉਨ੍ਹਾਂ ਨੂੰ ਪ੍ਰਕਾਸ਼ਿਤ ਕਰਕੇ ਸੰਗਤ ਸਾਹਮਣੇ ਪੇਸ਼ ਕੀਤਾ ਜਾਂਦਾ ਸੀ। ਇਸ ਸੰਬੰਧੀ ਜਗਜੀਤ ਸਿੰਘ ਨੇ ਲਿਖਿਆ ਹੈ, "ਸਭ ਤੋਂ ਵਡਾ ਕੰਮ, ਜੋ ਇਸ ਸਭਾ ਨੇ ਕੀਤਾ, ਉਹ ਸਿਖ ਇਤਿਹਾਸ ਦੀ ਖੋਜ ਸੀ। ਨਿਰੇ ਸ੍ਰੀ ਅੰਮ੍ਰਿਤਸਰ ਜੀ ਦੇ ਹੀ ਨਹੀਂ ਸਗੋਂ ਬਾਹਰ ਦੇ ਵਿਦਵਾਨ ਭੀ ਇਕਤ੍ਰ ਹੋ ਕੇ ਵਿਚਾਰਾਂ ਕਰਦੇ ਸਨ। ਸਿੰਘ ਸਭਾ ਦੀ ਆਪਣੀ ਇਕ ਮਹੀਨੇ ਦੀ ਆਯੂ ਵਿਚ ਹੀ ਕਤਕ ਸੁਦੀ ੮ ਸੰਮਤ ੪੦੪ ਨਾਨਕ ਸ਼ਾਹੀ ਵਾਲੇ ਦਿਨ ਇਹ ਸਿਲਸਿਲਾ ਸ਼ੁਰੂ ਹੋਇਆ ਤੇ ਪਹਿਲਾ ਪ੍ਰਸ਼ਨ ਗਿਆਨੀ ਸਰਦੂਲ ਸਿੰਘ ਜੀ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦੇ ਪਵਿਤ੍ਰ ਦਿਹਾੜੇ ਸਬੰਧੀ ਸੀ। ਆਪ ਜੀ ਦਾ ਮਤ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਜਨਮ ਦਿਹਾੜਾ ਵਿਸਾਖ ਸੁਦੀ ੩ ਦਾ ਹੈ। ਇਸ ਪੁਰ ਬੜੀਆਂ ਬਹਿਸਾਂ ਹੋਈਆਂ, ਪਰ ਪਾਰਟੀਬਾਜ਼ੀ ਦਾ ਵਿਖੇਵਾਂ ਨਹੀਂ ਸੀ। ਹਠ ਕੋਈ ਕਰਦਾ ਨਹੀਂ ਸੀ। ਮਤਭੇਦ ਵਾਲੇ ਵਿਦਵਾਨਾਂ ਦੀ ਭੀ ਪੂਰੀ-੨ ਕਦਰ ਕੀਤੀ ਜਾਂਦੀ ਸੀ, ਜਿਸ ਕਾਰਨ ਹਰ ਇਕ ਖੋਜੀ ਪੂਰੀ ਪੂਰੀ ਤਿਆਰੀ ਕਰ ਇਸ ਬਹਿਸ ਵਿਚ ਹਿੱਸਾ ਲੈਂਦਾ ਸੀ ਤੇ ਦੋਹਾਂ ਪਾਸਿਆਂ ਤੋਂ ਬੜੇ ਬੜੇ ਜ਼ਬਰਦਸਤ ਸਬੂਤ ਦਿਤੇ ਜਾਂਦੇ ਸਨ ਤੇ ਹਰ ਇਕ ਪੁਰਸ਼ ਇਸ ਬਹਿਸ ਵਿਚ ਹਿੱਸਾ ਲੈ ਸਕਦਾ ਸੀ। ਇਹ ਬਹਿਸ ਜਰੂਰੀ ਹੋਣ ਕਾਰਨ ਪੂਰੇ ਤਿੰਨ ਸਾਲ ਹੁੰਦੀ ਰਹੀ। ਇਸੇ ਤਰ੍ਹਾਂ ਹਰ ਇਕ ਗੁਰਪੁਰਬ ਦੀ ਤਾਰੀਖ ਸਬੰਧੀ ਪੂਰੀ ਪੂਰੀ ਖੋਜ ਕਰ ਕੇ ਕਈ ਸਾਲਾਂ ਪਿਛੋਂ ਇਕ ਗੁਰ-ਪ੍ਰਨਾਂਲੀ ਤਿਆਰ ਕੀਤੀ ਗਈ ਸੀ।"[113]

ਗੁਰੂ ਸਾਹਿਬਾਨ ਦੇ ਪ੍ਰਕਾਸ਼ ਅਤੇ ਜੋਤੀ-ਜੋਤਿ ਸਮਾਉਣ ਦੀਆਂ ਮਿਤੀਆਂ ਸੰਬੰਧੀ ਖੋਜ ਕਰਨ ਲਈ ਇਸ ਦੌਰ ਵਿਚ ਪਹਿਲੀ ਵਾਰ ਯਤਨ ਹੋਏ ਅਤੇ ਗੁਰਮਤਿ ਅਨੁਸਾਰ ਸਿੱਟੇ ਕੱਢੇ ਗਏ। ਗੁਰੂ ਨਾਨਕ ਦੇਵ ਜੀ ਦੀ ਪ੍ਰਕਾਸ਼ ਮਿਤੀ ਸੰਬੰਧੀ ਹੀ ਮਤਭੇਦ ਸਨ। ਇਸ ਸੰਬੰਧੀ ਇਕ ਤਾਂ ਸਭਾ ਦੀਆਂ ਇਕੱਤਰਤਾਵਾਂ ਵਿਚ ਹੀ ਬਹਿਸ ਹੁੰਦੀ ਸੀ ਅਤੇ ਦੂਜਾ ਭਾਈ ਗੁਰਮੁਖ ਸਿੰਘ ਨੇ 'ਸੁਧਾਰਕ' ਰਸਾਲੇ ਵਿਚ ਇਹ ਸਿੱਧ ਕੀਤਾ ਕਿ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਕੱਤਕ ਦੀ ਪੂਰਨਮਾਸ਼ੀ ਦੀ ਬਜਾਇ ਵਿਸਾਖ ਸੁਦੀ ਤਿੰਨ ਨੂੰ ਹੋਇਆ ਸੀ ਅਤੇ ਭਾਈ ਬਾਲੇ ਵਾਲੀ ਜਨਮਸਾਖੀ ਉਸ ਰੂਪ ਵਿਚ ਨਹੀਂ ਹੈ ਜਿਸ ਰੂਪ ਵਿਚ ਸ਼ਾਇਦ ਗੁਰੂ ਅੰਗਦ ਦੇਵ ਜੀ ਨੇ ਲਿਖਵਾਈ ਸੀ।[114]

ਇਸ ਤਰ੍ਹਾਂ ਸਿੱਖ ਧਰਮ ਦੇ ਇਤਿਹਾਸਕ ਗ੍ਰੰਥਾਂ ਦੀ ਸ੍ਵੈ-ਪੜਚੋਲ ਸ਼ੁਰੂ ਹੋਈ ਅਤੇ ਸਿੱਖ ਇਤਿਹਾਸ ਵਿਚ ਰਲਗੱਡ ਹੋਏ ਤੱਥਾਂ ਦੀ ਨਿਸ਼ਾਨਦੇਹੀ ਕੀਤੀ ਗਈ। ਇਸ ਕਾਰਜ ਨੂੰ ਹੋਰ ਅੱਗੇ ਤੋਰਦਿਆਂ ਭਾਈ ਕਰਮ ਸਿੰਘ ਹਿਸਟੋਰੀਅਨ ਨੇ 'ਕੱਤਕ ਕਿ ਵਿਸਾਖ' ਪੁਸਤਕ ਲਿਖੀ। ਇਹ ਪੁਸਤਕ ਲਿਖਣ ਦੇ ਮਨੋਰਥ ਨੂੰ ਸਪਸ਼ਟ ਕਰਦਿਆਂ ਉਨ੍ਹਾਂ ਲਿਖਿਆ ਹੈ, "ਪੰਥ ਦੇ ਸਾਰੇ ਇਤਿਹਾਸ ਨੂੰ ਛੱਡ ਕੇ ਕੇਵਲ ਸ੍ਰੀ ਗੁਰੂ ਸਾਹਿਬਾਂ ਦਾ ਇਤਿਹਾਸ ਹੀ ਲਵੋ। ਇਨ੍ਹਾਂ ਸਾਰੇ ਸਮਾਚਾਰਾਂ ਨੂੰ ਵੀ ਛੱਡਦੇ ਹੋਏ ਹੋਰ ਨੇੜੇ ਆ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦਾ ਸਮਾਂ

---

[113] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨੇ 15-16.
[114] ਉਹੀ, ਪੰਨਾ 34.

ਹੀ ਵਿਚਾਰੋ। ਕਿਤਨੀ ਕੁ ਹੈਰਾਨਗੀ ਦੀ ਗੱਲ ਹੈ ਕਿ ਸਾਨੂੰ ਉਹ ਵੇਲਾ ਸਪੱਸ਼ਟ ਅਤੇ ਸਹੀ ਤੌਰ ਤੇ ਮਾਲੂਮ ਨਹੀਂ...ਕਿੱਡੇ ਹਨੇਰ ਦੀ ਗੱਲ ਹੈ ਕਿ ਚੰਗੇ-ਚੰਗੇ ਵਿਦਵਾਨ ਅਤੇ ਪਾਠਕ ਹੋ ਗੁਜ਼ਰੇ, ਮਗਰ ਕਿਸੇ ਭੀ ਉਸ ਸ਼ੁਭ ਵੇਲੇ ਦਾ ਪਤਾ ਨਾ ਲਾਇਆ। ਕਈ ਮਹਾਰਾਜੇ, ਬਾਦਸ਼ਾਹ ਅਤੇ ਰਾਜੇ ਹੋ ਗੁਜ਼ਰੇ, ਪਰ ਕਿਸੇ ਉਸ ਪਲ ਦਾ ਪਤਾ ਨਾ ਕਢਾਇਆ। ਸ਼ੋਕ ਹੈ ਕਿ ਅਜੇ ਤੀਕ ਵੀ ਏਧਰ ਧਿਆਨ ਨਹੀਂ ਦਿੱਤਾ ਗਿਆ। ਕੋਈ ਕਹਿ ਰਿਹਾ ਹੈ ਕਿ ਵਿਸਾਖ ਸੁਦੀ ਤਿੰਨ ਨੂੰ 'ਮਿਟੀ ਧੁੰਧ ਜਗੁ ਚਾਨਣੁ ਹੋਆ' ਅਤੇ ਕੋਈ ਆਖਦਾ ਹੈ ਕਿ ਕਤਕ ਪੂਰਨਮਾਸ਼ੀ ਨੂੰ 'ਕਲ ਤਾਰਨ ਗੁਰੂ ਨਾਨਕ ਆਇਆ' ਪਰ ਅਜੇ ਤੀਕ ਇਹ ਫ਼ੈਸਲਾ ਨਹੀਂ ਹੋਇਆ ਕਿ ਠੀਕ ਦਿਨ ਕਿਹੜਾ ਹੈ। ਭਾਈ ਮਨੀ ਸਿੰਘ ਜੀ ਵਿਸਾਖ ਸੁਦੀ ਤਿੰਨ ਕਹਿੰਦੇ ਹਨ, ਹੋਰ ਦਸ ਬਾਰਾਂ ਪੁਰਾਣੀਆਂ ਜਨਮ ਸਾਖੀਆਂ ਹਨ, ਉਹ ਵੀ ਵਿਸਾਖ ਸੁਦੀ ਤਿੰਨ ਦੱਸਦੀਆਂ ਹਨ। ਭਾਈ ਬਾਲੇ ਵਾਲੀ ਜਨਮਸਾਖੀ ਅਨੁਸਾਰ ਉਹ ਸ਼ੁਭ ਦਿਨ ਕੱਤਕ ਪੂਰਨਮਾਸ਼ੀ ਦਾ ਹੈ। ਅੱਜ ਕਲ੍ਹ ਦੀਆਂ ਬਣੀਆਂ ਹੋਰ ਕਈ ਸਾਖੀਆਂ ਵੀ ਕੱਤਕ ਪੂਰਨਮਾਸ਼ੀ ਦੱਸਦੀਆਂ ਹਨ। ਇਸ ਤਰ੍ਹਾਂ ਗੜਬੜ ਤਾਂ ਬਹੁਤ ਹੈ ਪਰ ਫ਼ੈਸਲਾ ਕੋਈ ਨਹੀਂ।"[115]

ਇਸ ਪੁਸਤਕ ਵਿਚ ਕਰਮ ਸਿੰਘ ਹਿਸਟੋਰੀਅਨ ਨੇ ਇਤਿਹਾਸਕ ਨਜ਼ਰੀਏ ਤੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਕਈ ਸਾਖੀਆਂ ਨੂੰ ਕਾਲਪਨਿਕ ਸਾਬਿਤ ਕੀਤਾ ਹੈ। ਭਾਈ ਬਾਲੇ ਦੀ ਹੋਂਦ ਤੋਂ ਇਨਕਾਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਕੱਤਕ ਦੀ ਬਜਾਇ ਵਿਸਾਖ ਵਿਚ ਮੰਨਦੇ ਹੋਏ ਆਪਣਾ ਵਿਚਾਰ ਪੇਸ਼ ਕੀਤਾ ਹੈ, ਕਿ ਭਾਈ ਬਾਲੇ ਵਾਲੀ ਜਨਮਸਾਖੀ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿਚ ਭਾਈ ਬਾਲੇ ਨੇ ਨਹੀਂ ਲਿਖਵਾਈ ਸਗੋਂ ਇਹ ਤਾਂ ਬਹੁਤ ਬਾਅਦ ਦੀ ਰਚਨਾ ਹੈ।[116] ਉਨ੍ਹਾਂ ਇਸ ਪੁਸਤਕ ਵਿਚ ਹਰ ਸਾਖੀ ਦੀ ਗੁਰਮਤਿ ਅਨੁਸਾਰ ਪੜਚੋਲ ਕੀਤੀ ਹੈ ਅਤੇ ਸਿੱਧ ਕੀਤਾ ਹੈ ਕਿ ਅਜਿਹੀਆਂ ਸਾਖੀਆਂ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿਚ ਨਹੀਂ ਲਿਖੀਆਂ ਗਈਆਂ ਸਗੋਂ ਬਾਅਦ ਵਿਚ ਰਚੀਆਂ ਗਈਆਂ ਹਨ। ਵੰਨਗੀ ਵਜੋਂ ਸਿਰਧਾਰ ਪਰਬਤ ਦੀ ਸਾਖੀ ਸੰਬੰਧੀ ਉਨ੍ਹਾਂ ਲਿਖਿਆ ਹੈ, "ਇਨ੍ਹਾਂ ਲੇਖਾਂ ਨੂੰ ਪੜ੍ਹਕੇ ਇਕ ਥੋੜ੍ਹੀ ਜਹੀ ਵਾਕਫ਼ੀਅਤ ਵਾਲਾ ਆਦਮੀ ਵੀ ਆਖ ਸਕਦਾ ਹੈ ਕਿ ਇਹ ਗੱਲ ਗੁਰ ਆਸ਼ੇ ਦੇ ਸਮੂਚੀ ਹੀ ਵਿਰੁੱਧ ਹੈ ਕਿ 'ਇਕ ਆਦਮੀ ਅੱਵਲ ਦਰਜੇ ਦਾ ਪਾਪੀ ਹੋਵੇ ਅਰ ਏਹ ਆਖਣ ਨਾਲ ਕਿ ਮੈਂ ਇਨ੍ਹਾਂ ਸਾਖੀਆਂ ਨੂੰ ਸਤਿ ਕਰ ਜਾਣਦਾ ਹਾਂ, ਉਹ ਖੁਲ੍ਹੇ ਦਰਵਾਜ਼ੇ ਦਰਗਾਹ ਵਿਚ ਜਾਵੇਗਾ।' ਕੀ ਕੋਈ ਸਿੱਖ ਇਹਦਾਂ ਮੰਨ ਸਕਦਾ ਹੈ ਕਿ ਇਹ ਕਥਨ ਸ੍ਰੀ ਗੁਰੂ ਅੰਗਦ ਜੀ ਦਾ ਹੈ? ਸਾਫ ਦਿਸਦਾ ਹੈ ਕਿ ਕਿਸੇ ਹੋਰਸ ਆਦਮੀ ਨੇ ਆਪਣੀਆਂ ਮਨਘੜਤ ਸਾਖੀਆਂ ਨੂੰ ਤੋਰਨ ਵਾਸਤੇ ਇਹ ਮੋਹਰ ਆਪਣੇ ਪਲਿਓਂ ਲਾਈ ਹੈ, ਨਹੀਂ ਇਸ ਵਿੱਚ ਤਾਂ ਕੁੱਝ ਸ਼ੱਕ ਹੀ ਨਹੀਂ ਕਿ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਦਸਮ ਪਾਤਿਸ਼ਾਹ ਜੀ ਤਕ ਦਸੋਂ ਗੁਰੂ ਸਾਹਿਬਾਨ ਦਾ ਆਸ਼ਾ ਅੱਖਰ ਅੱਖਰ ਮਿਲਦਾ ਹੈ, ਕਿਸੇ ਗੱਲ ਦਾ ਵੀ ਆਪੋ ਵਿੱਚ ਫਰਕ ਨਹੀਂ। ਪਰ ਇਸ ਤਰ੍ਹਾਂ ਦਾ ਕਥਨ ਗੁਰੂ ਗ੍ਰੰਥ ਸਾਹਿਬ ਜੀ ਦੇ ਆਸ਼ੇ ਦੇ (ਜਿਥੇ ਤਕ ਕਿ ਮੈਂ ਉਸ ਨੂੰ ਸਮਝ ਸਕਿਆ ਹਾਂ) ਮੂਲੋਂ ਹੀ

[115] ਕਰਮ ਸਿੰਘ ਹਿਸਟੋਰੀਅਨ, *ਕੱਤਕ ਕਿ ਵਿਸਾਖ,* ਲੁਧਿਆਣਾ: ਲਾਹੌਰ ਬੁੱਕ ਸ਼ਾਪ, ਨਵੀਂ ਐਡੀਸ਼ਨ, 2014, ਪੰਨੇ 12-13.
[116] ਉਹੀ, ਪੰਨੇ 15-25.

ਵਿਰੁੱਧ ਹੈ ਕਿ ਇਕ ਆਦਮੀ ਕਿਸੇ ਖ਼ਾਸ ਜਨਮ ਸਾਖੀ ਨੂੰ ਸਤਿ ਆਖਣ ਕਰਕੇ ਤਰ ਜਾਵੇਗਾ। ਇਸ ਤੋਂ ਸਾਫ ਸਿਧ ਹੈ ਕਿ ਇਹ ਜਨਮਸਾਖੀ ਗੁਰੂ ਅੰਗਦ ਦੇਵ ਜੀ ਦੇ ਸਾਹਮਣੇ ਨਹੀਂ ਲਿਖੀ ਗਈ।"[117]

ਇਸ ਤਰ੍ਹਾਂ ਕਰਮ ਸਿੰਘ ਹਿਸਟੋਰੀਅਨ ਨੇ ਜੋ ਸਿੱਟੇ ਕੱਢੇ ਉਹ ਗੁਰ ਆਸ਼ੇ ਅਨੁਸਾਰ ਕੱਢੇ ਅਤੇ ਸਿੱਖ ਇਤਿਹਾਸ ਨੂੰ ਇਤਿਹਾਸਕ ਨਜ਼ਰੀਏ ਤੋਂ ਵੇਖਣ ਅਤੇ ਲਿਖਣ ਦੀ ਪਿਰਤ ਪਾਈ। ਪ੍ਰਿੰਸੀਪਲ ਤੇਜਾ ਸਿੰਘ ਨੇ ਉਨ੍ਹਾਂ ਬਾਰੇ ਲਿਖਿਆ ਹੈ, "ਸ: ਕਰਮ ਸਿੰਘ ਜੀ ਸਿੱਖਾਂ ਵਿੱਚ ਪਹਿਲੇ ਇਤਿਹਾਸਕਾਰ ਹੋਏ ਹਨ ਜਿਨ੍ਹਾਂ ਨੇ ਸਿੱਖ ਇਤਿਹਾਸ ਨੂੰ ਇਤਿਹਾਸ ਦੀ ਸ਼ਕਲ ਵਿੱਚ ਲਿਖਣ ਦਾ ਯਤਨ ਕੀਤਾ ਹੈ। ਜਿਤਨੀ ਖੋਜ; ਜਿਤਨੀ ਮਿਹਨਤ ਇਨ੍ਹਾਂ ਨੇ ਕੀਤੀ ਹੈ, ਅਗੇ ਕਿਸੇ ਨਹੀਂ ਕੀਤੀ। ਇਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਇਸੇ ਕੰਮ ਦੇ ਅਰਪਣ ਕਰ ਦਿੱਤੀ ਸੀ।"[118]

**5.5.3. ਇਤਿਹਾਸ ਖੋਜੀ ਸੰਸਥਾਵਾਂ ਦੀ ਸਥਾਪਨਾ:** ਸਿੱਖ ਇਤਿਹਾਸ ਦੀ ਖੋਜ ਲਈ ਸਿੰਘ ਸਭਾ, ਅੰਮ੍ਰਿਤਸਰ ਨੇ 8 ਅਪ੍ਰੈਲ, 1885 ਈ. ਨੂੰ ਇਕ ਕਮੇਟੀ ਬਣਾਈ ਜਿਸ ਦਾ ਨਾਂ 'ਗੁਰਮਤਿ ਗ੍ਰੰਥ ਪ੍ਰਚਾਰਕ ਸਭਾ' ਰੱਖਿਆ ਗਿਆ। ਇਸ ਕਮੇਟੀ ਦਾ ਮੁੱਖ ਕੰਮ ਹੀ ਇਹ ਨਿਰਧਾਰਿਤ ਕੀਤਾ ਗਿਆ ਕਿ ਇਹ ਕਮੇਟੀ ਗੁਰਬਾਣੀ ਅਤੇ ਸਿੱਖ ਇਤਿਹਾਸ ਬਾਰੇ ਇਤਿਹਾਸਕ ਸਮਗਰੀ ਇਕੱਠੀ ਕਰੇਗੀ ਅਤੇ ਉਸ ਦੀਆਂ ਰਿਪੋਰਟਾਂ ਤਿਆਰ ਕਰਕੇ ਪ੍ਰਕਾਸ਼ਿਤ ਕਰੇਗੀ। ਇਸ ਕਮੇਟੀ ਨੇ ਜੋ ਰਿਪੋਰਟਾਂ ਅਤੇ ਟ੍ਰੈਕਟ ਪ੍ਰਕਾਸ਼ਿਤ ਕੀਤੇ ਉਨ੍ਹਾਂ ਵਿਚੋਂ ਕੁਝ ਕੁ ਦੇ ਨਾਂ ਇਸ ਤਰ੍ਹਾਂ ਹਨ- ਗੁਰਪੁਰਬ ਪ੍ਰਕਾਸ਼, ਗੁਰ ਸਿੱਖਾਂ ਦੇ ਨਿੱਤ ਕਰਮ, ਗੁਰਮਤਿ ਸਿੱਧਾਂਤ, ਰਪੋਟ ਸ੍ਰੀ ਦਸਮ ਗ੍ਰੰਥ ਜੀ ਦੀ ਸੁਧਾਈ ਦੀ, ਗੁਰ-ਪ੍ਰਣਾਲੀ, ਯਾਤ੍ਰਾ ਸ੍ਰੀ ਹਜ਼ੂਰ ਸਾਹਿਬ, ਖਾਲਸਾ ਮਨਮੋਦਕ, ਗੁਰਪੁਰਬ ਕਰਨ ਦੀ ਵਿਧੀ ਅਤੇ ਗੁਰ-ਪ੍ਰਣਾਲੀ ਛੋਟੀ ਆਦਿ।

ਇਸੇ ਤਰ੍ਹਾਂ ਸਿੰਘ ਸਭਾ, ਲਾਹੌਰ ਨੇ 'ਗੁਰਮਤਿ ਗ੍ਰੰਥ ਸੁਧਾਰਕ ਕਮੇਟੀ' ਦੀ ਸਥਾਪਨਾ ਕੀਤੀ। ਇਹ ਕਮੇਟੀ ਇਤਿਹਾਸਕ ਸਮਗਰੀ ਦੀ ਪੁਣ-ਛਾਣ ਤੇ ਮੁਲਾਂਕਣ ਕਰਦੀ ਸੀ। ਇਸ ਦੇ ਨਾਲ ਹੀ ਪੁਰਾਤਨ ਇਤਿਹਾਸਕ ਸਰੋਤਾਂ ਦੀ ਪੜਚੋਲ ਕਰਕੇ ਉਨ੍ਹਾਂ ਨੂੰ ਮੁੜ ਪ੍ਰਕਾਸ਼ਿਤ ਕਰਦੀ ਸੀ।[119] ਏਸੇ ਕਮੇਟੀ ਵੱਲੋਂ ਪੁਰਾਤਨ ਜਨਮ ਸਾਖੀ ਦੀ ਫੋਟੋ ਕਾਪੀ ਸਰਕਾਰ ਕੋਲੋਂ ਲੈ ਕੇ ਪ੍ਰਕਾਸ਼ਿਤ ਕੀਤੀ ਗਈ। ਇਸ ਤਰ੍ਹਾਂ ਸਿੱਖ ਇਤਿਹਾਸ ਦੀ ਖੋਜ ਅਤੇ ਸੰਭਾਲ ਲਈ ਇਸ ਦੌਰ ਵਿਚ ਸਾਰਥਕ ਯਤਨ ਹੋਏ। ਇਸ ਕਾਰਜ ਲਈ ਵਿਸ਼ੇਸ਼ ਤੌਰ 'ਤੇ ਕਮੇਟੀਆਂ ਬਣਾਈਆਂ ਗਈਆਂ, ਜਿਨ੍ਹਾਂ ਦਾ ਮੁੱਖ ਕਾਰਜ ਹੀ ਸਿੱਖ ਇਤਿਹਾਸ ਦੀ ਖੋਜ ਕਰਨਾ ਅਤੇ ਖੋਜ ਕਰਕੇ ਪ੍ਰਾਪਤ ਹੋਈ ਸਮਗਰੀ ਨੂੰ ਪ੍ਰਕਾਸ਼ਿਤ ਕਰਕੇ ਪਾਠਕਾਂ ਤੱਕ ਪਹੁੰਚਾਉਣਾ ਸੀ।

**5.5.4. ਇਤਿਹਾਸਕ ਸਰੋਤਾਂ ਦਾ ਸੰਪਾਦਨ:** ਸਿੰਘ ਸਭਾ ਲਹਿਰ ਦੀ ਸਿੱਖ ਇਤਿਹਾਸਕਾਰੀ ਨੂੰ ਇਕ ਹੋਰ ਵੱਡੀ ਦੇਣ ਇਤਿਹਾਸਕ ਸਰੋਤਾਂ ਨੂੰ ਮੁੜ ਸੰਪਾਦਿਤ ਕਰਕੇ ਸੰਭਾਲਣਾ ਸੀ। ਪ੍ਰੋ. ਗੁਰਮੁਖ ਸਿੰਘ ਦੁਆਰਾ ਸੰਪਾਦਿਤ ਕੀਤੀ ਹੋਈ ਪੁਰਾਤਨ ਜਨਮ ਸਾਖੀ ਜਿਸ ਨੂੰ ਮੈਕਾਲਿਫ਼ ਵਾਲੀ ਜਨਮ ਸਾਖੀ ਵੀ ਆਖਿਆ ਜਾਂਦਾ ਹੈ, 1885 ਈ. ਵਿਚ

---

[117] ਉਹੀ, ਪੰਨਾ 23.
[118] ਉਹੀ, ਪੰਨਾ 5.
[119] Nirmal Singh, *Impact of Singh Sabha Movement on Punjabi Litrature,* Kartar Singh Suri (Supervisor), Ph.D. Thesis, p. 203.

ਛਪੀ। ਇਸ ਨਾਲ ਪੰਜਾਬੀ ਵਿਚ ਪੁਰਾਣੇ ਸਾਹਿਤ ਦੀ ਸੰਪਾਦਨਾ ਦਾ ਵਿਗਿਆਨਕ ਮੁੱਢ ਬੱਝਾ ਸਮਝਣਾ ਚਾਹੀਦਾ ਹੈ। ਸੰਪਾਦਕ ਵੱਲੋਂ ਜਨਮ ਸਾਖੀ ਦੀ ਭੂਮਿਕਾ ਵਿਚ ਪ੍ਰਗਟਾਏ ਗਏ ਵਿਚਾਰ ਸਾਡਾ ਵਿਸ਼ੇਸ਼ ਧਿਆਨ ਖਿੱਚਦੇ ਹਨ, "ਅੱਜ ਤਕ ਸਾਡੇ ਵਿਚ ਗ੍ਰੰਥਾਂ ਦੇ ਲਿਖਣ ਦਾ ਜੋ ਤਰੀਕਾ ਹੈ, ਸੋ ਐਸਾ ਨਹੀਂ, ਜਿਸ ਨੂੰ ਹਰ ਇਕ ਸ਼ਖ਼ਸ, ਆਸਾਨੀ ਨਾਲ ਕਿਸੇ ਗ੍ਰੰਥ ਨੂੰ ਪੜ੍ਹ ਸਕੇ ਕਯੋਂਕਿ ਅੱਖਰ ਦੂਸਰੇ ਨਾਲ ਮਿਲੇ ਹੋਏ ਹੁੰਦੇ ਹਨ। ਇਸ ਬਾਤ ਦੀ ਖ਼ਬਰ ਨਹੀਂ ਕਿ ਸਤਰ ਕਿੱਥੋਂ ਲਿਖਣੀ ਆਰੰਭ ਕਰਨੀ ਅਤੇ ਕਿਥੇ ਛੱਡਨੀ, ਔਰ ਕਹਾਂ ਕਹਾਂ ਲਗੂ ਬਿਸਰਾਮ ਔਰ ਦੀਰਘ ਬਿਸਰਾਮ ਤਥਾ ਪ੍ਰਸ਼ਨ, ਅਸਚਰਯ ਆਦਿ ਚਿੰਨ ਦੇਨੇ ਹੈ। ਇਸ ਜਨਮ ਸਾਖੀ ਨੂੰ ਨਵੀਂ ਰੀਤੀ ਸੇ ਲਿਖਾ ਕਰ ਛਪਵਾਯਾ ਹੈ। ਇਸ ਦੇ ਪੜ੍ਹਨ ਵਿਚ ਜੋ ਸੁਗਮਤਾ ਹੈ, ਜੋ ਆਪੇ ਪਈ ਦਿਸਦੀ ਹੈ। ਜਹਾਂ ਜਹਾਂ ਸ਼ਬਦ ਆਏ ਹਨ, ਜੋ ਵਾਰਤਕ ਨਾਲੋਂ ਬਿਲਕੁਲ ਜੁਦਾ ਕੀਤੇ ਗਏ ਹਨ ਅਤੇ ਐਸੀ ਰੀਤੀ ਨੇ ਲਿਖੇ ਹੈਂ ਕਿ ਆਪ ਹੀ ਵਹ ਵਾਰਤਿਕ ਮੈਂ ਜੁਦੇ ਮਾਲੂਮ ਹੋਵੇ।"[120]

ਭਾਈ ਵੀਰ ਸਿੰਘ ਨੇ 'ਪੁਰਾਤਨ ਜਨਮਸਾਖੀ' ਅਤੇ 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਪੁਰਾਤਨ ਖਰੜੇ ਲੱਭ ਕੇ ਸੰਪਾਦਿਤ ਕੀਤੇ। ਇਸ ਦੇ ਨਾਲ ਹੀ ਉਨ੍ਹਾਂ ਦਾ ਸਭ ਤੋਂ ਮਹਾਨ ਕਾਰਜ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦਾ ਸੰਪਾਦਨ ਕਰਨਾ ਸੀ। ਭਾਈ ਸਾਹਿਬ ਨੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਨੂੰ ਚੌਦਾਂ ਜਿਲਦਾਂ ਵਿਚ ਸੰਪਾਦਨ ਕਰਕੇ ਕਈ ਇਤਿਹਾਸਕ ਭੁਲੇਖਿਆਂ ਨੂੰ ਦੂਰ ਕੀਤਾ ਹੈ। ਇਸ ਗ੍ਰੰਥ ਵਿਚ ਉਨ੍ਹਾਂ ਫੁਟਨੋਟਾਂ ਰਾਹੀਂ ਕਈ ਇਤਿਹਾਸਕ ਵਾਕਿਆਤ ਉੱਪਰ ਖੋਜ ਕਰਕੇ ਨਵੀਂ ਰੌਸ਼ਨੀ ਪਾਈ ਹੈ। ਉਦਾਹਰਨ ਲਈ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸੰਬੰਧੀ ਉਨ੍ਹਾਂ ਦੁਆਰਾ ਦਿੱਤਾ ਫੁਟਨੋਟ ਵੰਨਗੀ ਵਜੋਂ ਵਿਚਾਰਿਆ ਜਾ ਸਕਦਾ ਹੈ। ਇਸ ਨੋਟ ਵਿਚ ਭਾਈ ਸਾਹਿਬ ਨੇ ਲਿਖਿਆ ਹੈ, "੨੯ ਜ਼ੀ: (੨੮ ਅਪਰੈਲ) ਨੂੰ ਪਾਤਸ਼ਾਹ ਜੈਪਾਲ ਤੋਂ ਟੁਰ ਕੇ ਮਿਰਜ਼ਾ ਕਾਮਰਾਨ ਦੇ ਬਾਗ਼ (ਲਾਹੌਰ ਦੇ ਲਾਗੇ) ਅੱਪੜਦਾ ਹੈ। ਇਥੇ ਖ਼ੁਸਰੋ ਦੇ ਹਾਰ ਖਾ ਕੇ ਭੱਜੇ ਜਾਂਦੇ ਦੀ ਸੌਧਰੇ ਦੇ ਪੱਤਣ ਤੇ ਫੜੇ ਜਾਣ ਦੀ ਖ਼ਬਰ ਪੁੱਜੀ ਤੇ ਚੌਥੇ ਦਿਨ ਅਰਥਾਤ ੩ ਮੁਹਰੱਮ (੧ ਮਈ) ਨੂੰ ਖ਼ੁਸਰੋ ਗ੍ਰਿਫ਼ਤਾਰ ਹੋਇਆ ਪਾਤਸ਼ਾਹ ਦੇ ਪੇਸ਼ ਹੋਇਆ, ਉਸ ਵੇਲੇ ਖ਼ੁਸਰੋ ਦੇ ਦੋ ਵੱਡੇ ਸਾਥੀ ਗਾਂ ਤੇ ਖੋਤੇ ਦੀ ਖੱਲ ਵਿਚ ਸੀਤੇ ਗਏ। ਕਈ ਸੌ ਖ਼ੁਸਰੋ ਦੀ ਫ਼ੌਜ ਦੇ ਆਦਮੀ, ਜੋ ਗ੍ਰਿਫ਼ਤਾਰ ਸਨ, ਸੂਲੀ ਦਿੱਤੇ ਗਏ (ਅਲਫ਼ਿਨਸਨਟੋਨ ੭੦੦ ਲਿਖਦਾ ਹੈ)। ਪਾਤਸ਼ਾਹ ੯ ਮੁਹੱਰਮ (੭ ਮਈ) ਤੱਕ ਕਾਮਰਾਨ ਦੇ ਬਾਗ਼ ਵਿਚ ਰਿਹਾ। ਜੋ ਜੋ ਲੋਕ ਅਪਰਾਧੀ ਸਮਝੇ ਗਏ, ਸਜ਼ਾਵਾਂ ਪਾ ਗਏ, ਜਿਨ੍ਹਾਂ ਖ਼ਿਦਮਤਾਂ ਕੀਤੀਆਂ ਸਨ ਇਨਾਮ ਪਾ ਗਏ ਤੇ ਇਸ ਦਿਨ ਪਾਤਸ਼ਾਹ ਲਾਹੌਰ ਸ਼ਹਿਰ ਵਿਚ ਦਾਖ਼ਲ ਹੋਇਆ। ਗੋਇਆ ਇਸ ਤਾਰੀਖ਼ ਨੂੰ ਖ਼ੁਸਰੋ ਦਾ ਮਾਮਲਾ ਮੁੱਕ ਚੁੱਕ ਗਿਆ, ਦੋਸ਼ੀ ਦੰਡੇ ਗਏ, ਸਹਾਯਕ ਇਨਾਮੇ ਗਏ। ਪਰ ਗੁਰੂ ਸਾਹਿਬ ਦੇ ਖ਼ੁਸਰੋ ਨੂੰ ਮਿਲਣ ਦੀ ਗੱਲ ਅਜੇ ਵੀ ਪਾਤਸ਼ਾਹ ਨੂੰ ਨਹੀਂ ਸੁਣਾਈ ਦੇਂਦੀ, ਕੈਸਾ ਅਚਰਜ ਹੈ। ਹੋਰ ਸੋਚ ਵਾਲੀ ਗੱਲ ਹੈ, ਹੁਣ ਤਾਂ ਦੋਸ਼ੀ ਸਾਰੇ ਗ੍ਰਿਫ਼ਤਾਰ ਹੋ ਗਏ ਸਨ, ਉਹਨਾਂ ਤੋਂ ਪਾਤਸ਼ਾਹ ਦੇ ਪੱਖੀ ਅਹਿਲਕਾਰਾਂ ਨੇ ਤਸੀਹੇ ਦੇ ਦੇ ਕੇ ਯਾ ਲਾਲਚ ਪੇਸ਼ ਕਰ ਕਰ ਕੇ ਖ਼ੁਸਰੋ ਦੇ ਪੱਖੀਆਂ ਦੇ ਵੇਰਵੇ ਜ਼ਰੂਰ ਪੁੱਛੇ ਹੋਣਗੇ, ਪਰ ਕਿਤੋਂ ਕੋਈ ਗੱਲ ਸਤਿਗੁਰਾਂ ਦੇ ਮਿਲਣ ਦੀ ਇਨ੍ਹਾਂ ਤੋਂ

---

[120] ਐਮ. ਏ. ਮਕਾਲਿਫ਼ (ਸੰਪਾ.), *ਜਨਮ ਸਾਖੀ ਬਾਬੇ ਨਾਨਕ ਜੀ ਕੀ,* ਰਾਵਲਪਿੰਡੀ: ਗੁਲਸ਼ਨ ਪੰਜਾਬ ਪ੍ਰੈਸ, 1885, ਪੰਨਾ 7.

ਵੀ ਨਾ ਮਿਲੀ, ਜੋ, ਸਾਰੇ ਖ਼ੁਸਰੋ ਦੇ ਨਾਲ ਸਨ, ਜੇ ਗੁਰੂ ਜੀ ਨੂੰ ਖ਼ੁਸਰੋ ਮਿਲਿਆ ਹੁੰਦਾ ਤਾਂ ਸਭ ਨੂੰ ਪਤਾ ਹੁੰਦਾ। ਹੁਣ ਹੋਰ ਦੇਖੋ ੯ ਤੋਂ ਬਾਦ ੨੨ ਤਾਰੀਖ਼ ਤਕ ੧੩ ਦਿਨ ਹੋਰ ਬੀਤ ਜਾਂਦੇ ਹਨ। ਗੋਯਾ ਮਾਮਲੇ ਮਿਟ ਚੁਕੇ ਨੂੰ ੧੩ ਕੁ ਦਿਨ ਹੋਰ ਉਪਰ ਲੰਘ ਗਏ ਹਨ। ੨੨ ਤਾਰੀਖ਼ ਮੁਹੱਰਮ (੨੦ ਮਈ) ਤੋਂ ਬਾਦ ਕਿਸੇ ਦਿਨ ਪਾਤਸ਼ਾਹ ਨੂੰ ਗੁਰੂ ਸਾਹਿਬ ਬਾਬਤ ਅਚਾਨਕ ਖ਼ਬਰ ਮਿਲਦੀ ਹੈ (ਗੁਰੂ ਸਾਹਿਬ ਦੀ ਸ਼ਹਾਦਤ ੨੯ ਮਈ ਨੂੰ ਹੈ, ਤ੍ਰੈ ਚਾਰ ਦਿਨ ਦੇ ਤਸੀਹੇ ਹਨ। ਇਕ ਅੱਧ ਦਿਨ ਪਹਿਲੇ ਖ਼ਬਰ ਮਿਲੀ ਹੋਸੀ। ਸੋ ੨੪ ਯਾ ੨੫ ਮਈ ਦੇ ਕਰੀਬ ਖ਼ਬਰ ਮਿਲੀ)। ਹੁਣ ਵੀਚਾਰ ਕਰ ਲਓ ਕਿ ਵਾਕਿਆਤ ਦੀਆਂ ਤਾਰੀਖ਼ਾਂ ਦੀ ਘੋਖ ਸਾਬਤ ਕਰਦੀ ਹੈ ਕਿ ਜੇ ਕਦੇ ਗੁਰੂ ਸਾਹਿਬ ਦੇ ਮਿਲਣ ਦੀ ਗੱਲ ਅਮਰ ਵਾਕਿਆ ਹੁੰਦੀ ਤਾਂ ਪਾਤਸ਼ਾਹ ਨੂੰ ਜ਼ਰੂਰ ਵੇਲੇ ਸਿਰ ਖ਼ਬਰ ਮਿਲ ਜਾਂਦੀ। ਸਾਰੇ ਮਾਮਲੇ ਦੇ ਮੁੱਕ ਚੁਕਣ ਦੇ ਵੀ ੧੩ ਦਿਨ ਮਗਰੋਂ ਅਚਾਨਕ ਇਹ ਖ਼ਬਰ ਪਾਤਸ਼ਾਹ ਦੇ ਅਪੜਾਈ ਜਾਣੀ ਵਿਦ੍ਰੋਹੀਆਂ ਦਾ ਕੰਮ ਹੈ, ਜਿਨ੍ਹਾਂ ਨੂੰ ਚੇਤਾ ਆਇਆ ਹੈ ਕਿ ਪਾਤਸ਼ਾਹ ਦੇ ਗੁੱਸੇ ਚੜ੍ਹੇ ਤੋਂ ਲਾਭ ਅਸਾਂ ਕਿਉਂ ਨਾ ਲਿਆ। ਬੱਸ ਊਜ ਘੜੀ ਤੇ ਤੁਅੱਸਬ ਭਰੇ ਅਫ਼ਸਰਾਂ ਦੇ ਰਾਹੀਂ ਪੁਚਾਈ। ਬਾਦਸ਼ਾਹ ਆਪ ਮੰਨਦਾ ਹੈ ਕਿ ਉਹ ਅਗੇ ਹੀ ਤੁਅੱਸਬ ਦੀ ਅੱਗ ਨਾਲ ਗੁਰੂ ਸਾਹਿਬ ਦੇ ਵਿਰੁੱਧ ਸੀ, ਮਾਰ ਦੇਣ ਯਾ ਮੁਸਲਮਾਨ ਕਰ ਲੈਣ ਦਾ ਸੰਕਲਪ ਰੱਖਦਾ ਸੀ। ਝਟ ਵਹਿਸ਼ੀਆਨਾ ਸਜ਼ਾ ਦੇ ਦਿੱਤੀ"[121]

ਇਸ ਤਰ੍ਹਾਂ ਸਿੰਘ ਸਭਾ ਲਹਿਰ ਦੇ ਮੁੱਖ ਉਦੇਸ਼ ਸਿੱਖ ਇਤਿਹਾਸ ਵਿਚ ਪਏ ਭੁਲੇਖਿਆਂ ਨੂੰ ਦੂਰ ਕਰਨ ਲਈ ਭਾਈ ਵੀਰ ਸਿੰਘ ਜੀ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਥਾਂ-ਥਾਂ ਫੁਟਨੋਟ ਦਿੱਤੇ ਹਨ ਅਤੇ ਗੁਰ-ਇਤਿਹਾਸ ਨੂੰ ਗੁਰਮਤਿ ਅਨੁਸਾਰ ਸਮਝਣ ਦਾ ਯਤਨ ਕੀਤਾ ਹੈ। ਸੋ, ਸਿੰਘ ਸਭਾ ਲਹਿਰ ਸਮੇਂ ਪੁਰਾਤਨ ਇਤਿਹਾਸਕ ਗ੍ਰੰਥਾਂ ਦੇ ਹੱਥ ਲਿਖਤ ਖਰੜੇ ਲੱਭੇ ਗਏ ਅਤੇ ਉਨ੍ਹਾਂ ਨੂੰ ਸੰਪਾਦਿਤ ਕਰਕੇ ਪ੍ਰਕਾਸ਼ਿਤ ਕੀਤਾ ਗਿਆ। ਇਸ ਦੇ ਨਾਲ ਹੀ ਸੰਪਾਦਨ ਸਮੇਂ ਉਨ੍ਹਾਂ ਭੁਲੇਖਿਆਂ ਨੂੰ ਫੁਟਨੋਟਾਂ ਵਿਚ ਦੂਰ ਕਰਨ ਦਾ ਯਤਨ ਕੀਤਾ ਗਿਆ ਜੋ ਇਨ੍ਹਾਂ ਪੁਰਾਤਨ ਗ੍ਰੰਥਾਂ ਵਿਚ ਪੈ ਗਏ ਸਨ।

**5.5.5. ਗਿਆਨੀ ਦਿੱਤ ਸਿੰਘ ਦੀਆਂ ਰਚਨਾਵਾਂ:** ਗਿਆਨੀ ਦਿੱਤ ਸਿੰਘ ਨੇ ਵੀ ਗੁਰੂ ਸਾਹਿਬਾਨ ਅਤੇ ਸਿੱਖ ਯੋਧਿਆਂ ਦੇ ਜੀਵਨ ਬਾਰੇ ਇਤਿਹਾਸਕ ਪੁਸਤਕਾਂ ਦੀ ਰਚਨਾ ਕੀਤੀ ਜਿਨ੍ਹਾਂ ਵਿਚੋਂ ਕੁੱਝ ਕੁ ਕਾਵਿ ਰੂਪ ਵਿਚ ਅਤੇ ਕੁੱਝ ਕੁ ਵਾਰਤਕ ਰੂਪ ਵਿਚ ਹਨ। ਗੁਰੂ ਸਾਹਿਬਾਨ ਬਾਰੇ ਉਨ੍ਹਾਂ- ਸ੍ਰੀ ਗੁਰੂ ਨਾਨਕ ਪ੍ਰਬੋਧ, ਜਨਮਸਾਖੀ ਸ੍ਰੀ ਗੁਰੂ ਨਾਨਕ ਸਾਹਿਬ ਜੀ, ਜੀਵਨ ਕਥਾ ਗੁਰੂ ਅੰਗਦ ਸਾਹਿਬ ਜੀ, ਸ੍ਰੀ ਗੁਰੂ ਅਮਰਦਾਸ ਜੀਵਨ ਚਰਿਤ, ਸ੍ਰੀ ਗੁਰੂ ਅਰਜਨ ਪ੍ਰਬੋਧ, ਜੀਵਨ ਕਥਾ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਜੀਵਨ ਕਥਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਦਸਮ ਗੁਰੂ ਜੀ ਦੇ ਜੀਵਨ-ਚਰਿਤ੍ਰ ਅਤੇ ਕਲਗੀਧਰ ਉਪਕਾਰ ਆਦਿ ਪੁਸਤਕਾਂ ਲਿਖੀਆਂ ਅਤੇ ਸਿੱਖ ਯੋਧਿਆਂ ਬਾਰੇ- ਸਿੱਖ ਬੱਚੇ ਦੀ ਸ਼ਹੀਦੀ, ਭਾਈ ਤਾਰਾ ਸਿੰਘ ਵਾਈਏਂ ਦੀ ਸ਼ਹੀਦੀ, ਭਾਈ ਬੋਤਾ ਸਿੰਘ ਦੀ ਸ਼ਹੀਦੀ, ਭਾਈ

---

[121] ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਵੀਰ ਸਿੰਘ (ਸੰਪਾ.), ਪਟਿਆਲਾ: ਭਾਸ਼ਾ ਵਿਭਾਗ ਪੰਜਾਬ, ਜਿਲਦ ਸੱਤਵੀਂ, ਦੂਜੀ ਐਡੀਸ਼ਨ, 2011, ਪੰਨਾ 2381.

ਮਤਾਬ ਸਿੰਘ ਮੀਰਾਂਕੋਟੀਏ ਦੀ ਬਹਾਦਰੀ, ਭਾਈ ਤਾਰੂ ਸਿੰਘ ਦੀ ਸ਼ਹੀਦੀ, ਭਾਈ ਸੁਬੇਗ ਸਿੰਘ ਦੀ ਸ਼ਹੀਦੀ, ਸਿੰਘਣੀਆਂ ਦੇ ਸਿਦਕ ਅਤੇ ਸ੍ਰੀ ਗੁਰੂ ਅਰਜਨ ਚੱਰਿਤ (ਸ਼ਹੀਦੀ) ਆਦਿ ਪੁਸਤਕਾਂ ਦੀ ਰਚਨਾ ਕੀਤੀ।

ਗਿਆਨੀ ਦਿੱਤ ਸਿੰਘ ਨੇ ਉਪਰੋਕਤ ਇਤਿਹਾਸਕ ਪੁਸਤਕਾਂ ਵਿਚ ਗੁਰੂ ਸਾਹਿਬਾਨ ਦੇ ਜੀਵਨ ਦੇ ਨਾਲ-ਨਾਲ ਉਨ੍ਹਾਂ ਦੇ ਉਪਦੇਸ਼ ਵੀ ਸਰਲ ਭਾਸ਼ਾ ਵਿਚ ਆਮ ਲੋਕਾਂ ਤੱਕ ਪਹੁੰਚਾਉਣ ਦਾ ਯਤਨ ਕੀਤਾ। ਨਰਿੰਦਰ ਸਿੰਘ ਕਪੂਰ ਅਨੁਸਾਰ ਗਿਆਨੀ ਦਿੱਤ ਸਿੰਘ ਨੇ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਗੁਰੂ ਸਹਿਬਾਨ ਦੇ ਜੀਵਨ ਚਰਿਤ੍ਰ ਲਿਖੇ ਅਤੇ ਗੁਰੂ ਸਾਹਿਬਾਨ ਸੰਬੰਧੀ ਪਾਏ ਜਾਂਦੇ ਅਨੇਕਾਂ ਭੁਲੇਖਿਆਂ ਨੂੰ ਦੂਰ ਕਰਨ ਦਾ ਯਤਨ ਕੀਤਾ। ਗੁਰੂ ਸਾਹਿਬਾਨ ਦੇ ਜੀਵਨ ਚਰਿਤ੍ਰ ਲਿਖਣ ਦੀ ਲੋੜ ਇਸ ਲਈ ਵੀ ਪਈ ਕਿਉਂਕਿ ਲੁਧਿਆਣੇ ਦੇ ਮਸੀਹੀ ਮਿਸ਼ਨ ਤੋਂ ਈਸਾ ਮਸੀਹ ਦੀਆਂ ਜੀਵਨ ਕਹਾਣੀਆਂ ਛਾਪ ਕੇ ਮੇਲਿਆਂ, ਤਿਉਹਾਰਾਂ ਅਤੇ ਇਕੱਠਾਂ ਉੱਤੇ ਮੁਫ਼ਤ ਵੰਡੀਆਂ ਜਾਂਦੀਆਂ ਸਨ। ਇਨ੍ਹਾਂ ਕਹਾਣੀਆਂ ਵਿਚ ਗੁਰੂ ਸਾਹਿਬਾਨ ਨੂੰ ਈਸਾ ਦੇ ਸ਼ਰਧਾਲੂ ਬਣਾ ਕੇ ਪੇਸ਼ ਕੀਤਾ ਜਾਂਦਾ ਸੀ। ਗਿਆਨੀ ਦਿੱਤ ਸਿੰਘ ਦਾ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਲਿਖਣ ਦਾ ਮੁੱਖ ਉਦੇਸ਼ ਸਿੱਖ ਪਾਠਕਾਂ ਨੂੰ ਗੁਰੂ ਸਾਹਿਬਾਨ ਦੀ ਮਹਾਨਤਾ ਤੋਂ ਜਾਣੂੰ ਕਰਵਾਉਣਾ ਸੀ।[122]

ਇੰਦਰਜੀਤ ਸਿੰਘ ਗੋਗੋਆਣੀ ਨੇ ਗਿਆਨੀ ਦਿੱਤ ਸਿੰਘ ਵੱਲੋਂ ਲਿਖੇ ਇਤਿਹਾਸ ਦੀ ਮਹੱਤਤਾ ਦੱਸਦੇ ਹੋਏ ਲਿਖਿਆ ਹੈ, "ਗਿਆਨੀ ਜੀ ਨੇ ਇਤਿਹਾਸਕ ਜੀਵਨੀਆਂ ਦੀ ਰਚਨਾ ਕਰਕੇ ਸਿੱਖੀ ਦੇ ਵਾਰਸਾਂ ਵਿਚ ਸ੍ਵੈ-ਮਾਣ ਤੇ ਸ੍ਵੈ-ਵਿਸ਼ਵਾਸ ਪੈਦਾ ਕੀਤਾ ਅਤੇ ਵਿਸ਼ੇਸ਼ ਕਰਕੇ ਸਿੱਖ ਵਿਦਿਆਰਥੀਆਂ ਨੂੰ ਅਧਿਐਨ ਸਮੱਗਰੀ ਉਪਲਬਧ ਕਰਵਾਈ। ਉਨ੍ਹਾਂ ਦੇ ਪੂਰਬਲੇ ਸਿੱਖ ਸਰੋਤਾਂ ਤੇ ਸਿੱਖ ਪਰੰਪਰਾਵਾਂ ਦੀ ਸਿਮਰਤੀ ਵਿਚ ਪਈ ਗਿਆਨ ਭਰਪੂਰ ਜਾਣਕਾਰੀ ਨੂੰ ਪ੍ਰਯੋਗ ਵਿਚ ਲਿਆਂਦਾ ਹੈ। ਵਾਰਤਕ ਤੇ ਕਵਿਤਾ ਦੋਹਾਂ ਦੇ ਮਿਸ਼ਰਣ ਨੇ ਰਚਿਤ ਇਤਿਹਾਸ ਨੂੰ ਰੋਚਕ ਤੇ ਹਰਮਨ ਪਿਆਰਾ ਬਣਾਇਆ ਹੈ। ਲੇਖਕ ਨੇ ਇਤਿਹਾਸਕ ਜੀਵਨੀਆਂ ਰਾਹੀਂ ਜਿੱਥੇ ਖ਼ਾਲਸਾ ਪੰਥ ਦੀ ਨਿਵੇਕਲੀ ਪਹਿਚਾਣ, ਸਰੂਪ ਤੇ ਮਰਯਾਦਾ ਦੀ ਇਤਿਹਾਸਕ ਜਾਣਕਾਰੀ ਦਿੱਤੀ ਹੈ, ਉਥੇ ਸਿੱਖ ਪੰਥ ਦੇ ਸਿਧਾਂਤਾਂ ਨੂੰ ਵੀ ਸਥਾਪਤ ਕੀਤਾ ਹੈ।"[123]

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗਿਆਨੀ ਦਿੱਤ ਸਿੰਘ ਦੀਆਂ ਸਿੱਖ ਇਤਿਹਾਸ ਨਾਲ ਸੰਬੰਧਿਤ ਰਚਨਾਵਾਂ ਨੇ ਜਿੱਥੇ ਕਈ ਇਤਿਹਾਸਕ ਭੁਲੇਖੇ ਦੂਰ ਕੀਤੇ ਉੱਥੇ ਨਾਲ ਹੀ ਪਾਠਕਾਂ ਨੂੰ ਗੁਰੂ ਸਾਹਿਬਾਨ ਦੇ ਜੀਵਨ ਅਤੇ ਉਪਦੇਸ਼ਾਂ ਨਾਲ ਜਾਣੂੰ ਕਰਵਾਇਆ।

**5.5.6. ਭਾਈ ਵੀਰ ਸਿੰਘ ਦੀਆਂ ਰਚਨਾਵਾਂ:** ਸਿੰਘ ਸਭਾ ਲਹਿਰ ਦੀ ਇਤਿਹਾਸਕ ਦੇਣ ਵਿਚ ਭਾਈ ਵੀਰ ਸਿੰਘ ਜੀ ਦਾ ਅਹਿਮ ਸਥਾਨ ਹੈ। ਉਨ੍ਹਾਂ 'ਸੁੰਦਰੀ', 'ਬਿਜੈ ਸਿੰਘ' ਅਤੇ 'ਸਤਵੰਤ ਕੌਰ' ਜਿਹੇ ਇਤਿਹਾਸਕ ਨਾਵਲ ਲਿਖੇ। ਜਿਨ੍ਹਾਂ ਵਿਚ ਪੁਰਾਤਨ ਸਿੱਖਾਂ ਦੇ ਆਚਰਨ, ਗੁਰੂ ਪ੍ਰੇਮ ਅਤੇ ਹੌਸਲੇ ਨੂੰ ਬਿਆਨ ਕੀਤਾ ਗਿਆ ਹੈ। ਹਾਲਾਂਕਿ ਭਾਈ ਵੀਰ ਸਿੰਘ ਨੇ ਇਨ੍ਹਾਂ ਨੂੰ ਨਾਵਲ ਨਹੀਂ ਮੰਨਿਆ ਹੈ। ਕਿਰਪਾਲ ਸਿੰਘ ਨੂੰ ਉਨ੍ਹਾਂ ਇਕ ਵਾਰੀ ਕਿਹਾ ਸੀ, "ਮੈਂ

[122] ਨਰਿੰਦਰ ਸਿੰਘ ਕਪੂਰ, *ਗਿਆਨੀ ਦਿੱਤ ਸਿੰਘ: ਜੀਵਨ ਤੇ ਰਚਨਾ,* ਪਟਿਆਲਾ: ਪੰਜਾਬੀ ਯੂਨੀਵਰਸਿਟੀ, 1987, ਪੰਨੇ 54-55.
[123] ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ: ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ*, ਪੰਨਾ 107.

ਸੁੰਦਰੀ, ਬਿਜੈ ਸਿੰਘ ਅਤੇ ਸਤਵੰਤ ਕੌਰ ਨਾਵਲ ਨਹੀਂ ਲਿਖੇ, ਸਗੋਂ ਇਤਿਹਾਸ ਲਿਖਿਆ ਹੈ; ਮੇਰਾ ਇਤਿਹਾਸ ਲਿਖਣ ਦਾ ਆਪਣਾ ਢੰਗ ਹੈ।"[124] ਗੁਰੂ ਸਾਹਿਬਾਨ ਦੇ ਜੀਵਨ ਨੂੰ ਉਨ੍ਹਾਂ 'ਗੁਰੂ ਨਾਨਕ ਚਮਤਕਾਰ', 'ਗੁਰੂ ਕਲਗੀਧਰ ਚਮਤਕਾਰ' ਅਤੇ 'ਅਸ਼ਟ ਗੁਰੂ ਚਮਤਕਾਰ' ਵਿਚ ਬਿਆਨ ਕੀਤਾ ਹੈ। ਇਨ੍ਹਾਂ ਚਮਤਕਾਰਾਂ ਵਿਚ ਭਾਈ ਵੀਰ ਸਿੰਘ ਨੇ ਗੁਰੂ ਸਾਹਿਬਾਨ ਦੇ ਜੀਵਨ ਨੂੰ ਅਜਿਹੇ ਢੰਗ ਨਾਲ ਚਿਤਰਿਆ ਹੈ ਕਿ ਸਮੁੱਚਾ ਸਿੱਖ ਫ਼ਲਸਫ਼ਾ ਇਨ੍ਹਾਂ ਵਿਚੋਂ ਲੱਭਿਆ ਜਾ ਸਕਦਾ ਹੈ। ਬਲਬੀਰ ਸਿੰਘ ਨੇ ਇਨ੍ਹਾਂ ਰਚਨਾਵਾਂ ਦੇ ਮੂਲ ਉਦੇਸ਼ ਵੱਲ ਸੰਕੇਤ ਕਰਦਿਆਂ ਦੱਸਿਆ ਹੈ, "ਉਹ ਨਾ ਤਾਂ ਨਿਰੀ ਇਤਿਹਾਸਕ ਰੁਚੀ ਤੋਂ ਪ੍ਰੇਰਨਾ ਲੈ ਕੇ ਕਿਸੇ ਤਵਾਰੀਖ਼ੀ ਘਾਟੇ ਨੂੰ ਪੂਰਾ ਕਰਨਾ ਚਾਹੁੰਦੇ ਸਨ, ਨਾ ਪੰਜਾਬੀ ਦੀ ਕੇਵਲ ਉਨਤੀ ਕਰਨਾ ਚਾਹੁੰਦੇ ਸਨ ਅਤੇ ਨਾ ਹੀ ਕੇਵਲ ਆਪਣੇ ਇਸ਼ਟ ਦੀ ਵਡਿਆਈ ਕਰਨਾ ਲੋਚਦੇ ਸਨ। ਅਸਲ ਵਿਚ ਉਨ੍ਹਾਂ ਦੀ ਲਿਖਤ ਵਿਚ ਇਕ ਨਿਆਰਾਪਨ ਸੀ, ਜਿਸ ਦੀ ਜੜ੍ਹ ਉਪਰੋਕਤ ਤਿੰਨਾਂ ਕਾਰਣਾਂ ਵਿਚ ਨਹੀਂ ਹੈ। ਉਨ੍ਹਾਂ ਦੀ ਲੇਖਨੀ ਦਾ ਮੂਲ ਕਿਸੇ ਅਜਿਹੀ ਨਿਰਮਲਤਾ ਵਿਚ ਹੈ, ਜੋ ਅਨੁਭਵ ਦੇ ਪ੍ਰਕਾਸ਼ ਨੂੰ ਗ੍ਰਹਿਣ ਕਰਨ ਵਿਚ ਪ੍ਰਯਤਨਸ਼ੀਲ ਹੈ। ਉਨ੍ਹਾਂ ਦੀ ਕਲਮ ਆਦਰਸ਼ ਦਾ ਅਕਸ ਲੈਂਦੀ ਹੈ, ਜਿਸ ਦੇ ਪ੍ਰਭਾਵ ਨੂੰ ਉਹ ਸ਼ਬਦਾਂ ਦੀ ਤਾਸੀਰ ਵਿਚ ਜਗਮਗਾ ਦਿੰਦੀ ਹੈ। ਉਨ੍ਹਾਂ ਦੇ ਜੀਵਨ ਦੀ ਨਿਰਮਲਤਾ ਦੇ ਘੇਰੇ ਵਿਚ ਉਹ ਸਾਰੀਆਂ ਚੀਜ਼ਾਂ ਆ ਜਾਂਦੀਆਂ ਹਨ, ਜਿਨ੍ਹਾਂ ਨੂੰ ਅਸੀਂ ਵਖ ਵਖ ਨਾਂ ਦਿੰਦੇ ਹਾਂ, ਜਿਵੇਂ ਇਤਿਹਾਸ, ਸਾਹਿੱਤ, ਧਰਮ ਆਦਿ। ਇਸ ਤਰ੍ਹਾਂ ਇਹ ਸਾਰੀਆਂ ਚੀਜ਼ਾਂ ਅੱਡਰੀਆਂ ਨਹੀਂ ਹਨ, ਇਨ੍ਹਾਂ ਦਾ ਮੂਲ ਇਕ ਹੈ।"[125]

ਇਸ ਤੋਂ ਇਲਾਵਾ ਭਾਈ ਸਾਹਿਬ ਨੇ 'ਦੇਵੀ ਪੂਜਨ ਪੜਤਾਲ' ਪੁਸਤਕ ਲਿਖ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਦੇਵੀ ਪੂਜਨ ਵਾਲੇ ਭੁਲੇਖੇ ਨੂੰ ਦੂਰ ਕਰਨ ਦਾ ਯਤਨ ਕੀਤਾ। ਭਾਈ ਵੀਰ ਸਿੰਘ ਜੀ ਨੇ ਗੁਰਬਾਣੀ ਦੇ ਹਵਾਲਿਆਂ ਨਾਲ ਸਿੱਧ ਕੀਤਾ ਕਿ ਗੁਰੂ ਗੋਬਿੰਦ ਸਿੰਘ ਕਿਸੇ ਦੇਵੀ ਦੇ ਉਪਾਸਕ ਨਹੀਂ ਸਨ ਸਗੋਂ ਗੁਰੂ ਸਾਹਿਬ ਨੇ ਹਿੰਦੂ ਮਿਥਿਹਾਸ ਵਿਚੋਂ ਹਵਾਲੇ ਲੈ ਕੇ ਅਕਾਲ ਪੁਰਖ ਦੇ ਨਿਰਗੁਣ ਸਰੂਪ ਨੂੰ ਹੀ ਸਪਸ਼ਟ ਕੀਤਾ ਹੈ।[126]

**5.5.7. ਟ੍ਰੈਕਟ:** ਸਿੰਘ ਸਭਾ ਲਹਿਰ ਦੁਆਰਾ ਪ੍ਰਕਾਸ਼ਿਤ ਇਤਿਹਾਸਕ ਲਿਖਤਾਂ ਦਾ ਇਕ ਹੋਰ ਪਹਿਲੂ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਮਹਾਨ ਵਿਅਕਤੀਆਂ ਦੀਆਂ ਜੀਵਨੀਆਂ ਹਨ ਜਿਹੜੀਆਂ ਛੋਟੇ-ਛੋਟੇ ਪੈਂਫ਼ਲਿਟਾਂ ਤੇ ਟ੍ਰੈਕਟਾਂ ਜਾਂ ਕਿਤਾਬਚਿਆਂ ਦੇ ਰੂਪ ਵਿਚ ਪ੍ਰਕਾਸ਼ਿਤ ਹੋਈਆਂ। 'ਖ਼ਾਲਸਾ ਟ੍ਰੈਕਟ ਸੁਸਾਇਟੀ' ਤੇ ਗਿਆਨੀ ਦਿੱਤ ਸਿੰਘ ਦੀ ਦੇਣ ਇਸ ਸੰਬੰਧੀ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ। 'ਖ਼ਾਲਸਾ ਟ੍ਰੈਕਟ ਸੁਸਾਇਟੀ' ਵੱਲੋਂ ਅਜਿਹੇ ਟ੍ਰੈਕਟ ਆਮ ਤੌਰ 'ਤੇ ਗੁਰਪੁਰਬਾਂ ਦੇ ਮੌਕਿਆਂ 'ਤੇ ਛਾਪੇ ਅਤੇ ਵੰਡੇ ਜਾਂਦੇ ਸਨ। ਉਦਾਹਰਨ ਲਈ, ਸ੍ਰੀ ਗੁਰੂ ਤੇਗ਼ ਬਹਾਦਰ ਜੀ (ਟ੍ਰੈਕਟ ਨੰ: 9), ਗੁਰੂ ਗੋਬਿੰਦ ਸਿੰਘ (ਨੰ: 10), ਗੁਰੂ ਹਰਿ ਰਾਏ ਜੀ (ਨੰ: 16), ਸ੍ਰੀ ਗੁਰੂ ਅਰਜਨ ਦੇਵ ਜੀ (ਨੰ: 26), ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ (ਨੰ: 27) ਸ੍ਰੀ ਗੁਰੂ ਅਮਰਦਾਸ ਜੀ (ਨੰ: 30), ਸ੍ਰੀ ਗੁਰੂ

---

[124] ਕਿਰਪਾਲ ਸਿੰਘ, "ਇਤਿਹਾਸ-ਖੋਜਕਾਰ ਭਾਈ ਵੀਰ ਸਿੰਘ", *ਭਾਈ ਵੀਰ ਸਿੰਘ: ਜੀਵਨ ਸਮਾਂ ਤੇ ਰਚਨਾ,* ਸੁਰਿੰਦਰ ਸਿੰਘ ਕੋਹਲੀ ਤੇ ਹਰਨਾਮ ਸਿੰਘ ਸ਼ਾਨ (ਸੰਪਾ.), ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ, 1973, ਪੰਨਾ 243.

[125] ਰਤਨ ਸਿੰਘ ਜੱਗੀ, "ਭਾਈ ਵੀਰ ਸਿੰਘ ਦੇ ਚਮਤਕਾਰ", *ਭਾਈ ਵੀਰ ਸਿੰਘ: ਜੀਵਨ ਸਮਾਂ ਤੇ ਰਚਨਾ,* ਸੁਰਿੰਦਰ ਸਿੰਘ ਕੋਹਲੀ ਤੇ ਹਰਨਾਮ ਸਿੰਘ ਸ਼ਾਨ (ਸੰਪਾ.), ਪੰਨਾ 174.

[126] ਵੀਰ ਸਿੰਘ, *ਦੇਵੀ ਪੂਜਨ ਪੜਤਾਲ,* ਨਵੀਂ ਦਿੱਲੀ: ਭਾਈ ਵੀਰ ਸਿੰਘ ਸਾਹਿਤ ਸਦਨ, ਛੇਵੀਂ ਵਾਰ, 2009, ਪੰਨੇ 10-34.

ਰਾਮ ਦਾਸ ਜੀ (ਨੰ: 43), ਬਾਬਾ ਅਟੱਲ ਰਾਇ ਜੀ (ਨੰ: 60) ਆਦਿ ਉਨ੍ਹੀਵੀਂ ਸਦੀ ਦੇ ਵਰਨਣਯੋਗ ਟ੍ਰੈਕਟ ਹਨ।[127] ਇਸ ਤੋਂ ਇਲਾਵਾ ਸਿੰਘ ਸਭਾ ਲਹਿਰ ਦੇ ਪ੍ਰਮੁੱਖ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਵੀ ਸਿੱਖ ਇਤਿਹਾਸ ਨੂੰ ਨਵੀਂ ਰੌਸ਼ਨੀ ਵਿਚ ਪੇਸ਼ ਕੀਤਾ ਗਿਆ ਅਤੇ ਸਿੱਖ ਇਤਿਹਾਸ ਵਿਚ ਪਏ ਰਲੇਵਿਆਂ ਅਤੇ ਭੁਲੇਖਿਆਂ ਪ੍ਰਤੀ ਵੀ ਪਾਠਕਾਂ ਨੂੰ ਜਾਗਰੂਕ ਕੀਤਾ ਗਿਆ। ਵਿਦਿਆਰਕ, ਸੁਧਾਰਾਰਕ, ਖ਼ਾਲਸਾ ਸਮਾਚਾਰ ਅਤੇ ਖ਼ਾਲਸਾ ਅਖ਼ਬਾਰ ਨੇ ਇਸ ਪਾਸੇ ਅਹਿਮ ਭੂਮਿਕਾ ਨਿਭਾਈ।[128]

**5.5.8. ਹੋਰ ਯਤਨ:** ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਪੰਜਾਬੀ ਭਾਸ਼ਾ ਅਤੇ ਵਾਰਤਕ ਰੂਪ ਵਿਚ ਸਿੱਖ ਇਤਿਹਾਸ ਲਿਖਣ ਅਤੇ ਸੰਪਾਦਨ ਕਰਨ ਦੀ ਅਜਿਹੀ ਪਿਰਤ ਪਾਈ ਕਿ ਇਸ ਨੇ ਸਿੱਖਾਂ ਨੂੰ ਆਪਣੇ ਗ੍ਰੰਥਾਂ ਦੀ ਸਵੈ-ਪੜਚੋਲ ਕਰਨ ਅਤੇ ਇਤਿਹਾਸ ਲਿਖਣ ਦੀ ਚੇਟਕ ਲਗਾ ਦਿੱਤੀ। ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼, ਤਵਾਰੀਖ ਗੁਰੂ ਖ਼ਾਲਸਾ (3 ਭਾਗ) ਤੇ ਪੰਡਤ ਤਾਰਾ ਸਿੰਘ ਨਰੋਤਮ ਨੇ 'ਗੁਰਮਤ ਨਿਰਣਯ ਸਾਗਰ', 'ਗੁਰ ਗਿਰਾਰਥ ਕੋਸ਼' ਤੇ 'ਗੁਰ ਤੀਰਥ ਸੰਗ੍ਰਹਿ' ਆਦਿ ਇਤਿਹਾਸਕ ਤੇ ਖੋਜ-ਭਰਪੂਰ ਪੁਸਤਕਾਂ ਲਿਖੀਆਂ। ਇਨ੍ਹਾਂ ਅਤੇ ਇਹੋ ਜਿਹੀਆਂ ਹੋਰ ਲਿਖਤਾਂ ਤੋਂ ਉਤਸ਼ਾਹਿਤ ਤੇ ਪ੍ਰਭਾਵਿਤ ਹੋ ਕੇ ਗੁਰੂ ਸਾਹਿਬਾਨ ਸੰਬੰਧੀ ਅਨੇਕਾਂ ਪੁਸਤਕਾਂ ਛਪੀਆਂ। ਜਿਨ੍ਹਾਂ ਵਿਚੋਂ ਸ੍ਰੀ ਗੁਰਪਦ ਪ੍ਰੇਮ ਪ੍ਰਕਾਸ਼ (ਬਾਬਾ ਸੁਮੇਰ ਸਿੰਘ ਪਟਨਾ), ਜਨਮ ਸਾਖੀ ਗੁਰੂ ਤੇਗ਼ ਬਹਾਦਰ ਜੀ (ਭਾਈ ਨਾਰਾਇਣ ਸਿੰਘ), ਜਨਮ ਸਾਖੀ ਗੁਰੂ ਅੰਗਦ ਦੇਵ ਜੀ (ਭਾਈ ਸਰਦੂਲ ਸਿੰਘ), ਜੀਵਨ ਚਰਿਤਰ ਸ੍ਰੀ ਗੁਰੂ ਅਰਜਨ ਦੇਵ ਜੀ (ਭਾਈ ਲਹਿਣਾ ਸਿੰਘ), ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਬ੍ਰਿਤਾਂਤ (ਭਾਈ ਭਾਗ ਸਿੰਘ), ਜਨਮਸਾਖੀ ਸ੍ਰੀ ਗੁਰੂ ਅਟਲ ਸਾਹਿਬ ਕੀ (ਉਤਮ ਸਿੰਘ ਕਾਲੜੇ), ਜੀਵਨ ਚਰਿੱਤਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ (ਭਾਈ ਬੁੱਧ ਸਿੰਘ), ਗੁਰੂ ਨਾਨਕ ਸੁਰਯੋਦਯ (ਬਾਬਾ ਗਣੇਸ਼ਾ ਸਿੰਘ ਬੇਦੀ), ਜਨਮਸਾਖੀ ਗੁਰੂ ਗੋਬਿੰਦ ਸਿੰਘ (ਭਾਈ ਵਸਾਖਾ ਸਿੰਘ) ਆਦਿ ਪ੍ਰਮੁੱਖ ਹਨ।

ਇਸ ਤਰ੍ਹਾਂ ਸਿੱਖ ਇਤਿਹਾਸ ਨੂੰ ਇਤਿਹਾਸਕ ਨਜ਼ਰੀਏ ਤੋਂ ਪੇਸ਼ ਕਰਨ ਅਤੇ ਇਸ ਵਿਚ ਬਾਅਦ ਵਿਚ ਪਾਏ ਗਏ ਰਲੇਵਿਆਂ ਨੂੰ ਛਾਂਟਣ ਦਾ ਯਤਨ ਸਿੰਘ ਸਭਾ ਲਹਿਰ ਨੇ ਕੀਤਾ। ਸਿੱਖ ਇਤਿਹਾਸ ਨੂੰ ਸ਼ੁੱਧ ਪੰਜਾਬੀ ਵਾਰਤਕ ਵਿਚ ਲਿਖਣ ਦੀ ਪਿਰਤ ਅਤੇ ਪੁਰਾਤਨ ਸਰੋਤਾਂ ਦਾ ਸੰਪਾਦਨ ਕਰਕੇ ਪ੍ਰਕਾਸ਼ਨ ਕਰਨ ਦਾ ਰੁਝਾਨ ਵੀ ਸਿੰਘ ਸਭਾ ਲਹਿਰ ਸਮੇਂ ਸ਼ੁਰੂ ਹੋਇਆ। ਇਸ ਤੋਂ ਇਲਾਵਾ ਸਿੱਖਾਂ ਨੂੰ ਆਪਣੇ ਇਤਿਹਾਸ ਤੋਂ ਜਾਣੂੰ ਕਰਵਾਉਣ ਲਈ ਗੁਰੂ ਸਾਹਿਬਾਨ ਅਤੇ ਸਿੱਖ ਯੋਧਿਆਂ ਦੇ ਜੀਵਨ ਛੋਟੇ-ਛੋਟੇ ਟ੍ਰੈਕਟਾਂ ਦੇ ਰੂਪ ਵਿਚ ਛਾਪ ਕੇ ਵੰਡਣਾ ਸਿੰਘ ਸਭਾ ਲਹਿਰ ਦੀ ਅਹਿਮ ਪ੍ਰਾਪਤੀ ਸੀ। ਇਸ ਨਾਲ ਸਿੱਖ ਸਮਾਜ ਖ਼ਾਸਕਰ ਨੌਜਵਾਨ ਵਰਗ ਸਿੱਖ ਇਤਿਹਾਸ ਤੋਂ ਜਾਣੂੰ ਹੋਇਆ। ਉਨ੍ਹਾਂ ਅੰਦਰ ਆਪਣੇ ਇਤਿਹਾਸਕ ਵਿਰਸੇ ਨੂੰ ਸੰਭਾਲਣ ਦੀ ਜਾਗ੍ਰਿਤੀ ਆਈ ਅਤੇ ਉਨ੍ਹਾਂ ਆਪਣੇ ਗ੍ਰੰਥਾਂ ਦੀ ਪੜਚੋਲ ਕਰਨੀ ਸ਼ੁਰੂ ਕੀਤੀ। ਇਤਿਹਾਸ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਸਮਝਣ ਦਾ ਯਤਨ ਕੀਤਾ ਕਿਉਂਕਿ ਗੁਰਬਾਣੀ ਗੁਰੂ

---

[127] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ*, ਪੰਨਾ 193.

[128] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ 34.

ਸਾਹਿਬਾਨ ਦੇ ਮੁੱਖ ਵਾਕ ਹਨ, ਉਨ੍ਹਾਂ ਵਿਚ ਕੋਈ ਤਬਦੀਲੀ ਨਹੀਂ ਹੋਈ ਪਰ ਇਤਿਹਾਸਕ ਗ੍ਰੰਥਾਂ ਵਿਚ ਵਾਧੇ ਘਾਟੇ ਹੁੰਦੇ ਰਹੇ ਹਨ।

### 5.6. ਸਮਾਜਕ ਸੁਧਾਰ

ਮਨੁੱਖ ਅਤੇ ਸਮਾਜ ਦਾ ਡੂੰਘਾ ਸੰਬੰਧ ਹੈ। ਮਨੁੱਖ ਹਰ ਪੱਖੋਂ ਸਮਾਜ ਉੱਪਰ ਨਿਰਭਰ ਕਰਦਾ ਹੈ। ਸਮਾਜ ਤੋਂ ਬਾਹਰ ਮਨੁੱਖੀ ਹਸਤੀ ਦੀ ਕਲਪਨਾ ਕਰਨੀ ਔਖੀ ਹੈ। ਮਨੁੱਖ ਨੂੰ ਪਸ਼ੂ ਜਗਤ ਦਾ ਪ੍ਰਾਣੀ ਮੰਨਿਆਂ ਜਾਂਦਾ ਹੈ ਅਤੇ ਉਸ ਨੂੰ ਪਸ਼ੂ ਜਗਤ ਤੋਂ ਨਿਖੇੜਨ ਦਾ ਬੀੜਾ ਸਮਾਜਿਕ ਸੰਗਠਨ ਦੀ ਪ੍ਰਣਾਲੀ ਚੁੱਕਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਪ੍ਰਾਚੀਨ ਸਮੇਂ ਮਨੁੱਖ ਨੇ ਆਪਣੀ ਅਤੇ ਆਪਣੇ ਪਰਿਵਾਰ ਦੀ ਰੱਖਿਆ ਅਤੇ ਬਿਹਤਰੀ ਲਈ ਸਮਾਜਿਕ ਪ੍ਰਣਾਲੀ ਸੰਗਠਿਤ ਕੀਤੀ ਸੀ। ਉਸ ਨੇ ਜੰਗਲੀ ਜਾਨਵਰਾਂ ਅਤੇ ਕੁਦਰਤੀ ਆਫ਼ਤਾਂ ਤੋਂ ਬਚਣ ਲਈ ਮਿਲ-ਜੁਲ ਕੇ ਰਹਿਣਾ ਸਿੱਖਿਆ ਜੋ ਸਮਾਜਿਕ ਸੰਗਠਨ ਦਾ ਆਧਾਰ ਬਣਿਆ।

ਸਿੱਖ ਸਮਾਜ ਦਾ ਆਧਾਰ ਗੁਰੂ ਸਾਹਿਬਾਨ ਦੇ ਜੀਵਨ ਅਤੇ ਬਾਣੀ ਵਿਚੋਂ ਉਸਰਦਾ ਹੈ। ਗੁਰੂ ਸਾਹਿਬਾਨ ਅਤੇ ਬਾਣੀ ਦੇ ਉਪਦੇਸ਼ ਤੋਂ ਵਿਹੂਣੇ ਸਮਾਜ ਨੂੰ ਸਿੱਖ ਸਮਾਜ ਦੀ ਸੰਗਿਆ ਨਹੀਂ ਦਿੱਤੀ ਜਾ ਸਕਦੀ। ਗੁਰੂ ਨਾਨਕ ਦੇਵ ਜੀ ਨੇ ਜਿਸ ਸਮਾਜ ਦੀ ਨੀਂਹ ਤਿਆਰ ਕੀਤੀ, ਗੁਰੂ ਗੋਬਿੰਦ ਸਿੰਘ ਜੀ ਨੇ ਉਸੇ ਨੀਂਹ ਉੱਪਰ ਖ਼ਾਲਸਾ ਪੰਥ ਦੀ ਸਾਜਣਾ ਕੀਤੀ। ਸਿੱਖ ਸਮਾਜ ਅੰਦਰ ਸਰਬ ਸਾਂਝੀਵਾਲਤਾ, ਬਰਾਬਰਤਾ, ਇਕ ਅਕਾਲ ਪੁਰਖ ਦੀ ਉਪਾਸਨਾ, ਦਇਆ, ਸਬਰ, ਸੰਤੋਖ ਆਦਿ ਗੁਣ ਇਸ ਦੀ ਹੋਂਦ ਨੂੰ ਰੂਪਮਾਨ ਕਰਦੇ ਹਨ। ਗੁਰੂ ਸਾਹਿਬਾਨ ਨੇ ਆਪਸੀ ਖਿੱਚੋਤਾਣ ਨੂੰ ਤਿਆਗ ਕੇ ਮਨੁੱਖਤਾ ਦੀ ਭਲਾਈ ਦਾ ਰਾਹ ਅਪਣਾਉਣ ਦਾ ਉਪਦੇਸ਼ ਦਿੱਤਾ ਹੈ, ਜੋ ਸਿੱਖ ਸਮਾਜ ਦੀ ਉਸਾਰੀ ਕਰਨ ਦਾ ਇਕ ਤੱਤ ਬਣਦਾ ਹੈ। ਗੁਰੂ ਸਾਹਿਬਾਨ ਵੱਲੋਂ ਵਸਾਏ ਗਏ ਵੱਖ-ਵੱਖ ਨਗਰਾਂ ਦੇ ਉਦੇਸ਼ ਵਿਚ ਇਕ ਆਦਰਸ਼ ਸਮਾਜ ਦੀ ਨੀਂਹ ਰਖਣਾ ਵੀ ਵੇਖਿਆ ਜਾ ਸਕਦਾ ਹੈ। ਗੁਰੂ ਸਾਹਿਬਾਨ ਤੋਂ ਬਾਅਦ ਅਠਾਰ੍ਹਵੀਂ ਸਦੀ ਵਿਚ ਸਿੱਖ ਸਮਾਜ ਨੂੰ ਮੁਗ਼ਲ ਜ਼ਬਰ ਦਾ ਸਾਹਮਣਾ ਕਰਨਾ ਪਿਆ। ਮਹਾਰਾਜਾ ਰਣਜੀਤ ਸਿੰਘ ਕਾਲ (1799 ਈ.-1839 ਈ.) ਸਿੱਖ ਰਾਜ ਦਾ ਮਹੱਤਵਪੂਰਨ ਸਮਾਂ ਸੀ। ਮਹਾਰਾਜੇ ਨੇ ਵੱਖ-ਵੱਖ ਛੋਟੇ-ਛੋਟੇ ਰਾਜਾਂ ਵਿਚ ਵੰਡੇ ਸਮਾਜ ਨੂੰ ਇਕ ਖ਼ਾਲਸਾ ਰਾਜ ਵਿਚ ਸੰਗਠਿਤ ਕੀਤਾ। ਮਹਾਰਾਜਾ ਰਣਜੀਤ ਸਿੰਘ ਕਾਲ (1799 ਈ.-1839 ਈ.) ਤੋਂ ਬਾਅਦ ਪੰਜਾਬ ਅੰਦਰ ਬ੍ਰਿਟਿਸ਼ ਰਾਜ ਦਾ ਸਮਾਂ (1849 ਈ.-1947 ਈ.) ਆਉਂਦਾ ਹੈ। ਇਹ ਸਮਾਂ ਵੇਖਣ ਵਿਚ ਜਿਤਨਾ ਸਰਲ ਅਤੇ ਹਾਂਵਾਚੀ ਪ੍ਰਤੀਤ ਹੁੰਦਾ ਹੈ, ਇਹ ਉਸ ਤੋਂ ਕਿਤੇ ਜ਼ਿਆਦਾ ਗੁੰਝਲਦਾਰ ਸੀ। ਮਹਾਰਾਜਾ ਰਣਜੀਤ ਸਿੰਘ ਕਾਲ ਅਤੇ ਬ੍ਰਿਟਿਸ਼ ਰਾਜ ਦੌਰਾਨ ਸਿੱਖ ਸਮਾਜ ਅੰਦਰ ਕਈ ਕੁਰੀਤੀਆਂ ਆ ਵੜੀਆਂ, ਜਿਨ੍ਹਾਂ ਨੇ ਸਿੱਖ ਸਮਾਜ ਦੀ ਬਣਤਰ ਅਤੇ ਹੋਂਦ ਨੂੰ ਪ੍ਰਭਾਵਿਤ ਕੀਤਾ। ਜਾਤ-ਪਾਤ, ਛੂਤ-ਛਾਤ, ਨਸ਼ਾ, ਸਤੀ ਪ੍ਰਥਾ, ਪਰਦਾ ਪ੍ਰਥਾ, ਬਾਲ ਵਿਆਹ, ਕੁੜੀਆਂ ਨੂੰ ਜੰਮਦੇ ਮਾਰਨਾ ਅਤੇ ਹੋਰ ਅਨੇਕਾਂ ਵਹਿਮ-ਭਰਮ ਸਿੱਖ ਸਮਾਜ ਦਾ ਅੰਗ ਬਣ ਚੁੱਕੇ ਸਨ। ਸਿੰਘ ਸਭਾ ਲਹਿਰ ਨੇ ਸਿੱਖ ਸਮਾਜ ਅੰਦਰ ਪ੍ਰਚਲਿਤ ਕੁਰੀਤੀਆਂ ਨੂੰ ਸੁਧਾਰਨ ਲਈ ਸ਼ਲਾਘਾਯੋਗ ਕਾਰਜ

ਕੀਤੇ। ਇਸ ਲਹਿਰ ਨੇ ਸਮਾਜ-ਸੁਧਾਰ ਲਈ ਜੋ ਕਾਰਜ ਕੀਤੇ ਉਨ੍ਹਾਂ ਨੂੰ ਹੇਠ ਲਿਖੇ ਅਨੁਸਾਰ ਵਿਚਾਰਿਆ ਜਾ ਰਿਹਾ ਹੈ।

**5.6.1. ਜਾਤ-ਪਾਤ:** ਬਸਤੀਵਾਦੀ ਦੌਰ ਵਿਚ ਸਿੱਖ ਸਮਾਜ ਗੁਰੂ ਸਾਹਿਬਾਨ ਵੱਲੋਂ ਦਰਸਾਏ ਉਪਦੇਸ਼ਾਂ ਤੋਂ ਭਟਕਦਾ ਜਾ ਰਿਹਾ ਸੀ। ਸਿੱਖ ਸਮਾਜ ਵਿਚ ਬਰਾਬਰਤਾ ਅਤੇ ਏਕਤਾ ਜਿਹੇ ਆਦਰਸ਼ ਫਿਕੇ ਹੋਣ ਲੱਗ ਪਏ ਸਨ। 1873 ਈ. ਤੋਂ ਬਾਅਦ ਸਿੱਖ ਸਮਾਜ ਅੰਦਰ ਆਪਣੇ ਧਰਮ, ਪਰੰਪਰਾ ਅਤੇ ਸਿਧਾਂਤਕ ਘੇਰੇਬੰਦੀ ਪ੍ਰਤੀ ਜਾਗ੍ਰਿਤੀ ਪੈਦਾ ਹੋਈ। ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਸਿੱਖ ਸਮਾਜ ਅੰਦਰ ਪ੍ਰਚਲਿਤ ਅਜਿਹੀਆਂ ਕੁਰੀਤੀਆਂ ਦਾ ਖੰਡਨ ਕੀਤਾ, ਜਿਨ੍ਹਾਂ ਦੇ ਤਿਆਗ ਦਾ ਉਪਦੇਸ਼ ਗੁਰੂ ਸਾਹਿਬਾਨ ਦੇ ਗਏ ਸਨ ਅਤੇ ਜਿਸ ਦੀ ਨਿਸ਼ਾਨਦੇਹੀ 'ਧੁਰ ਕੀ ਬਾਣੀ' ਕਰਦੀ ਹੈ। ਸਿੰਘ ਸਭਾ ਲਹਿਰ ਨੇ ਸਿੱਖ-ਸਮਾਜ ਅੰਦਰ ਪ੍ਰਚਲਿਤ ਜਾਤ-ਪਾਤ ਦੀ ਸਮੱਸਿਆ ਦੀ ਨਿਖੇਧੀ ਕੀਤੀ। ਇਸ ਵਿਸ਼ੇ ਹਿਤ ਪੁਸਤਕਾਂ, ਟ੍ਰੈਕਟਾਂ ਅਤੇ ਪੱਤਰ-ਪੱਤ੍ਰਿਕਾਵਾਂ ਵਿਚ ਅਨੇਕਾਂ ਲੇਖ ਪ੍ਰਕਾਸ਼ਿਤ ਹੋਏ।[129]

ਗਿਆਨੀ ਦਿੱਤ ਸਿੰਘ ਨੇ, ਜਿਨ੍ਹਾਂ ਨੂੰ ਜਾਤ-ਪਾਤ ਤੇ ਛੂਤ-ਛਾਤ ਦੇ ਰੋਗ ਦਾ ਸਭ ਤੋਂ ਵੱਧ ਸ਼ਿਕਾਰ ਬਣਨਾ ਪਿਆ, 'ਨਕਲੀ ਸਿੱਖ ਪ੍ਰਬੋਧ' ਅਤੇ 'ਡਰਪੋਕ ਸਿੰਘ' ਪੁਸਤਕ ਲਿਖ ਕੇ ਇਸ ਰੁਚੀ ਦਾ ਖੰਡਨ ਕੀਤਾ। ਗਿਆਨੀ ਦਿੱਤ ਸਿੰਘ ਦੀ ਲਿਖਤ ਵਿਚ ਏਨਾ ਵਿਅੰਗ 'ਤੇ ਜੋਰ ਸੀ ਕਿ ਉਹ ਜਿਸ ਵਿਸ਼ੇ ਤੇ ਵੀ ਲਿਖਦੇ ਜਾਂ ਬੋਲਦੇ ਸਨ, ਆਪਣੇ ਵਿਰੋਧੀਆਂ ਨੂੰ ਨਿਰੁਤਰ ਕਰ ਦਿੰਦੇ ਸਨ। ਜਾਤ-ਪਾਤ ਤੇ ਛੂਤ-ਛਾਤ ਸੰਬੰਧੀ ਉਨ੍ਹਾਂ ਦੀ ਹੇਠ ਲਿਖੀ ਕਵਿਤਾ ਬੜੀ ਮਕਬੂਲ ਹੈ:

ਕੌਣ ਸਿੱਖ ਹੁੰਦੇ ਹੋ ਭਾਈ? ਮੈਂ ਅਰੋੜਾ ਇਹ ਹੈ ਨਾਈ।<br>
ਤੇਰੀ ਸਿੰਘਾ ਕੀ ਹੈ ਜ਼ਾਤ? ਨਾਮਾਂ ਬੰਸੀ ਛੀਂਬਾਂ ਭ੍ਰਾਤ।<br>
ਤੇਰਾ ਦੁਧ ਕੌਣ ਹੈ ਪਿਆਰੇ? ਅਸੀਂ ਸਿੰਘ ਹਾਂ ਜੱਟ ਕਰਾਰੇ।...[130]

ਅਖੀਰ ਵਿਚ ਇਸ ਜ਼ਾਤ ਜਨਮ ਨੂੰ ਭੰਡਦਾ ਹੋਇਆ ਕਵੀ ਆਖਦਾ ਹੈ:-

ਚੌਪਈ: ਅੰਮ੍ਰਿਤ ਛਕ ਸਭ ਖਾਸ ਹੋਏ, ਪਿਛਲੀ ਜ਼ਾਤ ਪਾਤ ਸਭ ਖੋਏ।<br>
ਤੁਮ ਥੇ ਬਨੇ ਸਿੰਘ ਨਿਰਸ਼ੰਕਾ, ਦਸਮ ਗੁਰੂ ਕੇ ਸਤ ਬਰ ਬਾਂਕਾ।<br>
ਪਰ ਅਬ ਔਰ ਔਰ ਬਨ ਬੈਠੇ, ਮੇਰੇ ਸਾਥ ਬੋਲ ਹੋ ਐਠੇ।<br>
ਕਹੋ ਕਹਾਂ ਵੁਹ ਸੀਖ ਭੁਲਾਈ? ਅੰਮ੍ਰਿਤ ਛਕਤੇ ਜੋਇ ਸਿਖਾਈ।[131]

ਸਿੰਘ ਸਭਾ ਲਹਿਰ ਨੇ ਸਮਾਜ ਅੰਦਰੋਂ ਜਾਤ-ਪਾਤ ਅਤੇ ਛੂਤ-ਛਾਤ ਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਲੋਕਾਂ ਅੰਦਰ ਜਾਗ੍ਰਿਤੀ ਪੈਦਾ ਕੀਤੀ ਜਿਸ ਨਾਲ ਸਮਾਜ ਅੰਦਰ ਬਰਾਬਰਤਾ ਦਾ ਪਾਸਾਰ ਹੋਇਆ। ਸਿੱਖਾਂ ਨੂੰ ਆਪਣੀਆਂ ਲੜਕੀਆਂ ਦੇ ਵਿਆਹ ਸਿੱਖਾਂ ਨਾਲ ਹੀ ਕਰਨ ਲਈ 17 ਜੁਲਾਈ, 1896 ਈ. ਦੇ ਖ਼ਾਲਸਾ ਅਖ਼ਬਾਰ

---

[129] ਖ਼ਾਲਸਾ ਅਖ਼ਬਾਰ, ਅਪ੍ਰੈਲ 1898, ਜੁਲਾਈ 1900.

[130] ਦਿੱਤ ਸਿੰਘ, *ਨਕਲੀ ਸਿੱਖ ਪ੍ਰਬੋਧ*, ਅੰਮ੍ਰਿਤਸਰ: ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ, 1974, ਪੰਨਾ 84.

[131] ਉਹੀ.

ਦੀ ਇਹ ਭਾਵਪੂਰਨ ਟਿੱਪਣੀ ਬਹੁਤ ਮਹੱਤਵਪੂਰਨ ਹੈ ਜਿਸ ਵਿਚ ਅਪੀਲ ਕੀਤੀ ਗਈ ਹੈ ਕਿ, "ਇਸ ਰੁਕਾਵਟ (ਜਾਤ-ਪਾਤ) ਦੇ ਦੂਰ ਕਰਨ ਲਈ ਅਸੀਂ ਪੰਥ ਅੱਗੇ ਪ੍ਰਾਰਥਨਾ ਕਰਦੇ ਹਾਂ ਜੋ ਪਹਲੇ ਆਪਨੇ ਆਪ ਨੂੰ ਦੇਖੇ ਕਿ ਇਹ ਕੌਨ ਹੈ ਅਰਥਾਤ ਇਹ ਹਿੰਦੂ ਹੈ ਯਾ ਮੁਸਲਮਾਨ ਕਿ ਦਸਮ ਗੁਰੂ ਜੀ ਦੇ ਕਥਨਾ ਅਨੁਸਾਰ ਤੀਸਰਾ ਪੰਥ ਹੈ, ਸੋ ਇਸ ਵਿਚਾਰ ਕਰਨੇ ਤੇ ਇਹ ਗੱਲ ਜ਼ਰੂਰ ਹੋਵੇਗੀ ਜੋ ਉਹ ਅਪਨੇ ਆਪ ਨੂੰ ਤੀਸਰਾ ਪੰਥ ਜਾਨ ਲਵੇਗਾ, ਜਿਸ ਤੇ ਇਸ ਦੀ ਬਰਾਦਰੀ ਭੀ ਹਿੰਦੂ, ਮੁਸਲਮਾਨ ਤੇ ਵੱਖਰੀ ਹੋ ਜਾਏਗੀ। ਇਸ ਦਾ ਫਲ ਇਹ ਹੋਵੇਗਾ ਜੋ ਖਾਲਸਾ ਇਕ ਸੋਢ ਵੰਸ਼ ਹੋ ਕੇ ਸਾਰੇ ਬਿਵਹਾਰ ਗੁਰ ਰੀਤੀ ਨਾਲ ਕਰੇਗਾ, ਜੈਸਾ ਕਿ ਅਬਚਲ ਨਗਰ ਵਿਚ ਇਹ ਮਰਜਾਦਾ ਅੱਜ ਤੱਕ ਚਲੀ ਆਉਂਦੀ ਹੈ ਜੋ ਉਸ ਜਗ੍ਹਾ ਕੋਈ ਪਿਛਲੀ ਜ਼ਾਤ ਨਹੀਂ ਪੁੱਛੀ ਜਾਂਦੀ, ਕਿੰਤੂ ਨਿਰਾ ਰਹਤ ਬਿਬੇਕ ਵਾਲਾ ਸਿੰਘ ਦੇਖ ਕੇ ਉਹ ਸ਼ਾਦੀ ਕਰ ਦਿੰਦੇ ਹਨ। ਇਸੀ ਤਰ੍ਹਾਂ ਕਸ਼ਮੀਰ ਵਿਚ ਇਹ ਰਵਾਜ ਅੱਜ ਤੱਕ ਚਲਿਆ ਆਉਂਦਾ ਹੈ, ਜੋ ਸਿੰਘ ਅਪਨੀ ਕੰਨਯਾ ਦਾ ਸਨਬੰਧ ਬਿਨਾਂ ਕਿਸੇ ਰੋਕ ਟੋਕ ਦੇ ਸਿੰਘ ਨਾਲ ਕਰ ਦਿੰਦਾ ਹੈ। ਓਹ ਕਦੇ ਭੀ ਨਹੀਂ ਪੁੱਛਦਾ ਕਿ ਇਸ ਦੀ ਕਯਾ ਜਾਤੀ ਹੈ॥ ਇਸੀ ਤਰ੍ਹਾਂ ਜਦ ਸਾਡਾ ਪੰਜਾਬੀ ਖਾਲਸਾ ਆਪਨੀਆਂ ਸਾਰੀਆਂ ਰੀਤੀਆਂ ਹਜ਼ੂਰ ਸਾਹਿਬ ਅਤੇ ਕਸ਼ਮੀਰ ਵਾਂਗ ਕਰਨੇ ਲੱਗ ਜਾਏਗਾ ਤਦ ਜ਼ਰੂਰ ਹੈ ਜੋ ਖਾਲਸਾ ਕੌਮ ਇਕ ਖਾਲਸਾ ਕੌਮ ਹੋ ਕੇ ਦੁਨੀਆਂ ਪਰ ਕਾਇਮ ਰਹੇਗੀ ਅਰ ਇਸ ਦੀਆਂ ਸਾਰੀਆਂ ਤਕਲੀਫਾਂ ਦੂਰ ਹੋ ਜਾਨਗੀਆਂ॥ "[132]

ਉਸ ਸਮੇਂ ਜਾਤ-ਪਾਤ ਦੇ ਬੰਧਨ ਨੂੰ ਛੱਡਣ ਪਿੱਛੇ ਇਕ ਇਹ ਵੀ ਸਮੱਸਿਆ ਸੀ ਕਿ ਲੋਕੀਂ ਅੰਮ੍ਰਿਤ ਛੱਕ ਕੇ ਵੀ ਆਪਣੇ ਭਾਈਚਾਰੇ ਦੇ ਡਰ ਕਾਰਨ ਆਪਣੀ ਜਾਤ ਨੂੰ ਤਿਆਗਣ ਲਈ ਤਿਆਰ ਨਹੀਂ ਸਨ। ਉਨ੍ਹਾਂ ਨੂੰ ਡਰ ਸੀ ਕਿ ਜੇਕਰ ਉਨ੍ਹਾਂ ਨੇ ਜਾਤ-ਪਾਤ ਨੂੰ ਤਿਆਗ ਦਿੱਤਾ ਤਾਂ ਉਨ੍ਹਾਂ ਦੇ ਬੱਚੇ ਕੁਆਰੇ ਹੀ ਰਹਿ ਜਾਣਗੇ। ਗਿਆਨੀ ਦਿੱਤ ਸਿੰਘ ਜੀ ਨੇ 'ਨਕਲੀ ਸਿੱਖ ਪ੍ਰਬੋਧ' ਵਿਚ ਇਸ ਤਰ੍ਹਾਂ ਦੀ ਮਾਨਸਿਕਤਾ ਦਾ ਖੰਡਨ ਕੀਤਾ ਹੈ ਅਤੇ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਅਨੁਸਾਰ ਸਮਝਾਇਆ ਹੈ ਕਿ, " 'ਜਾਤਿ ਜਨਮ ਕੁਲ ਖੋਈਐ ਹਉ ਗਾਵਉ ਹਰਿ ਹਰੀ' ਅਰਥਾਤ ਖ਼ਾਲਸੇ ਵਿਚ ਕੋਈ ਜ਼ਾਤ ਪਾਤ ਨਹੀਂ, ਏਹ ਝੰਬੇਲਾ ਕੇਵਲ ਉਨ੍ਹਾਂ ਵਾਸਤੇ ਹੈ ਜੋ ਅਕਾਲ ਪੁਰਖ ਨੂੰ ਸਾਰੀ ਸ੍ਰਿਸ਼ਟੀ ਦਾ ਕਰਤਾ ਨਹੀਂ ਜਾਨਦੇ. ਗੁਰੂ ਕਲਗੀਧਰ ਜੀ ਅਕਾਲ ਉਸਤਤ ਵਿਚ ਕਹਿੰਦੇ ਹਨ 'ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥' ਅੰਮ੍ਰਿਤ ਛਕਾਉਣ ਸਮੇਂ ਪ੍ਰਾਣੀ ਨੂੰ ਗੁਰਮਤ ਧਾਰਨ ਕਰਾਈ ਜਾਂਦੀ ਹੈ, ਫਿਰ ਮਾਲੂਮ ਨਹੀਂ ਜ਼ਾਤ ਕੇਹੜੀ ਰਹਿ ਜਾਂਦੀ ਹੈ! ਗੁਰੂ ਮਹਾਰਾਜ ਜੀ ਸਾਫ਼ ਕਹਿੰਦੇ ਹਨ ਕਿ: 'ਜ਼ਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ' ਪੁਨ:- 'ਜਾਤਿ ਬਰਨ ਤੇ ਭਏ ਅਤੀਤਾ ਮਮਤਾ ਲੋਭ ਚੁਕਾਇਆ' ਏਹਨਾਂ ਉਪਦੇਸ਼ਾਂ ਨਾਲ ਅੰਮ੍ਰਿਤ ਛਕਾ ਕੇ ਜਹਾਜ਼ ਚੜ੍ਹਾਯਾ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਤੇਰੀ ਪਿਛਲੀ 'ਫਕੜੁ ਜਾਤੀ ਫਕੜਿ ਨਾਉ' ਤੋੜ ਕੇ ਅੱਜ ਤੋਂ ਤੂੰ 'ਸਭਨਾਂ ਜੀਆਂ ਇਕਾ ਛਾਉ' ਦੇ ਅਨੁਸਾਰ ਖ਼ਾਲਸੇ ਵਿਚ ਅਭੇਦ ਕੀਤਾ ਜਾਂਦਾ ਹੈਂ॥ "[133]

---

[132] ਖ਼ਾਲਸਾ ਅਖ਼ਬਾਰ, 17 ਜੁਲਾਈ, 1896, ਪੰਨਾ 3.

[133] ਇੰਦਰਜੀਤ ਸਿੰਘ ਗੋਗੋਆਣੀ (ਸੰਪਾ.), *ਗਿਆਨੀ ਦਿੱਤ ਸਿੰਘ ਰਚਨਾਵਲੀ: ਧਰਮ ਤੇ ਫਲਸਫ਼ਾ (ਨਕਲੀ ਸਿੱਖ ਪ੍ਰਬੋਧ, ਗੁਰਮਤਿ ਆਰਤੀ ਪ੍ਰਬੋਧ, ਧਰਮ ਦਰਪਨ, ਡਰਪੋਕ ਸਿੰਘ ਦਲੇਰ ਸਿੰਘ),* ਪੰਨਾ 100-01.

ਇਹ ਨਹੀਂ ਕਿ ਸਿੰਘ ਸਭਾ ਲਹਿਰ ਦੇ ਆਗੂਆਂ ਨੇ ਸਿਰਫ਼ ਲੋਕਾਂ ਨੂੰ ਜਾਗਰੂਕ ਹੋਣ ਲਈ ਹੋਕਾ ਦਿੱਤਾ, ਉਨ੍ਹਾਂ ਖ਼ੁਦ ਵੀ ਜਾਤ-ਪਾਤ ਦੇ ਬੰਧਨ ਨੂੰ ਛੱਡਣ ਲਈ ਪੂਰਨੇ ਪਾਏ। ਭਾਈ ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਤੇਜਾ ਸਿੰਘ, ਭਾਈ ਰਣਧੀਰ ਸਿੰਘ, ਭਾਈ ਤਖ਼ਤ ਸਿੰਘ ਆਦਿ ਨੇ ਅੰਤਰਜਾਤੀ ਵਿਆਹ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ ਕਿ ਸਿਰਫ਼ ਜਾਤ ਦੇਖ ਕੇ ਗਲਤ ਰਿਸ਼ਤੇ ਨਹੀਂ ਜੋੜਨੇ ਚਾਹੀਦੇ ਸਗੋਂ ਚੰਗੇ ਮਨੁੱਖ ਨਾਲ ਰਿਸ਼ਤਾ ਜੋੜਨਾ ਚਾਹੀਦਾ ਹੈ, ਫਿਰ ਚਾਹੇ ਉਹ ਕਿਸੇ ਵੀ ਜਾਤ ਨਾਲ ਸੰਬੰਧਿਤ ਹੋਵੇ।[134] ਉਸ ਸਮੇਂ ਸਿੱਖਾਂ ਅੰਦਰ ਇਹ ਭਰਮ ਵੀ ਪੈਦਾ ਹੋ ਗਿਆ ਸੀ ਕਿ ਕਿਸੇ ਦੂਜੇ ਧਰਮ ਦਾ ਆਦਮੀ ਅੰਮ੍ਰਿਤ ਛੱਕ ਕੇ ਸਿੰਘ ਨਹੀਂ ਸਜ ਸਕਦਾ। ਖ਼ਾਸ ਕਰਕੇ ਦਲਿਤ ਵਰਗ ਅਤੇ ਇਸਲਾਮ ਧਰਮ ਨਾਲ ਸੰਬੰਧਿਤ ਮਰਦ-ਔਰਤਾਂ ਜੋ ਅੰਮ੍ਰਿਤ ਛੱਕ ਕੇ ਸਿੰਘ ਸਜਦੇ ਸਨ ਉਨ੍ਹਾਂ ਨਾਲ ਛੂਤ-ਛਾਤ ਵਾਲਾ ਵਿਵਹਾਰ ਕੀਤਾ ਜਾਂਦਾ ਸੀ। ਸਿੰਘ ਸਭਾ ਲਹਿਰ ਨੇ ਇਸ ਬੁਰਾਈ ਦਾ ਖੰਡਨ ਕੀਤਾ ਅਤੇ ਪ੍ਰਚਾਰ ਕੀਤਾ ਕਿ ਜੇਕਰ ਕੋਈ ਦਲਿਤ ਵਰਗ ਜਾਂ ਮੁਸਲਮਾਨ ਧਰਮ ਦਾ ਮਰਦ-ਔਰਤ ਅੰਮ੍ਰਿਤ ਛੱਕ ਕੇ ਸਿੰਘ ਸਜਦਾ ਹੈ ਤਾਂ ਉਹ ਗੁਰੂ ਦਾ ਖ਼ਾਲਸਾ ਬਣ ਜਾਂਦਾ ਹੈ ਉਸ ਦੀ ਪਿਛਲੀ ਕੋਈ ਜਾਤ ਜਾਂ ਧਰਮ ਨਹੀਂ ਰਹਿੰਦਾ।[135]

ਜਾਤ-ਪਾਤ ਅਤੇ ਛੂਤ-ਛਾਤ ਦੀ ਬੁਰਾਈ ਨੂੰ ਖ਼ਤਮ ਕਰਨ ਸੰਬੰਧੀ ਸਿੰਘ ਸਭਾ ਲਹਿਰ ਦੀ ਪ੍ਰਾਪਤੀ ਨੂੰ ਸਪਸ਼ਟ ਕਰਦੇ ਹੋਏ ਗਿਆਨੀ ਕਰਤਾਰ ਸਿੰਘ 'ਸੁਹੱਦੀ' ਨੇ ਲਿਖਿਆ ਹੈ, "ਸਿੰਘ ਸਭਾ ਲਹਿਰ ਸਮੇਂ ਹੋਏ ਠੋਸ ਗੁਰਮਤਿ ਪ੍ਰਚਾਰ ਸਦਕਾ ਹਰ ਗੁਰਸਿੱਖ ਨੇ ਇਹ ਦਿਲੋਂ ਅਨੁਭਵ ਕਰ ਲਿਆ ਹੋਇਆ ਸੀ ਸਿੱਖੀ ਕੇਵਲ ਪ੍ਰਚਾਰਨ ਲਈ ਹੀ ਨਹੀਂ, ਬਲਕਿ ਅਰਸ਼ੀ ਗੁਰਮਤਿ ਸਿਧਾਂਤਾਂ ਅਨੁਸਾਰ ਅਮਲੀ ਜੀਵਨ ਢਾਲਨ ਦਾ ਨਾਮ ਹੀ ਸਿਖੀ ਹੈ। ਉਦਾਹਰਨ ਵਜੋਂ ਸਿੰਘ ਸਭਾ ਲਹਿਰ ਨੇ ਜ਼ਾਤ-ਪਾਤ ਅਤੇ ਅਛੂਤ ਪੁਣੇ ਦੇ ਖਾਤਮੇ ਲਈ ਸ੍ਰ: ਜੈ ਸਿੰਘ ਜੀ ਦੀ ਸਰਪ੍ਰਸਤੀ ਹੇਠ ਜੋ ਬੀੜਾ ਚੁਕਿਆ ਸੀ ਉਸ ਨੂੰ ਕਠਨ ਘਾਲਨਾ ਤੇ ਮੁਸ਼ੱਕਤ ਸਹਿ ਕੇ ਵੀ ਸਿਰੇ ਚਾੜ ਕੇ ਵਿਖਾ ਦਿੱਤਾ। ਕਿਥੇ ਉਹ ਸਮਾਂ ਕਿ ਸਿੰਘ ਸਭਾ ਲਹਿਰ ਦੇ ਮੋਢੀ ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਹਾਜ਼ਰ ਕੀਤਾ ਪ੍ਰਸ਼ਾਦ ਇਸ ਲਈ ਪ੍ਰਵਾਨ ਨਾ ਕੀਤਾ ਗਿਆ ਕਿ ਉਹ ਅਛੂਤ ਜਾਤੀ ਵਿਚੋਂ ਸਨ ਤੇ ਕਿਥੇ ਹੁਣ ਇਹ ਸਮਾਂ ਕਿ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਤੇ ਤਖਤ ਸ੍ਰੀ ਕੇਸ ਗੜ੍ਹ ਸਾਹਿਬ ਜੀ ਦੇ ਜਥੇਦਾਰ ਸਾਹਿਬਾਨ ਅਛੂਤ ਕਹੀ ਜਾਨ ਵਾਲੀ ਜਾਤੀ ਵਿਚੋਂ ਸਜੇ ਗੁਰਮੁਖ ਸਿੰਘਾਂ ਨੂੰ ਥਾਪਿਆ ਜਾਣ ਲਗ ਪਿਆ। ਵਰਤਮਾਨ ਸਮੇਂ ਵਿਚ ਵੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ ਦੇ ਹੈਡ ਗਰੰਥੀ ਸਿੰਘ ਸਾਹਿਬ ਗਿ: ਚੇਤ ਸਿੰਘ ਜੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਸਾਹਿਬ ਜੀ ਵੀ ਅਛੂਤ ਕਹੀ ਜਾਣ ਵਾਲੀ ਜਾਤੀ ਵਿਚੋਂ ਹੀ ਸਨ।"[136]

---

[134] Nirmal Singh, *Impact of Singh Sabha Movement on Punjabi Litrature,* Kartar Singh Suri (Supervisor), Ph.D. Thesis, p. 216.

[135] ਇੰਦਰਜੀਤ ਸਿੰਘ ਗੋਗੋਆਣੀ (ਸੰਪਾ.), *ਗਿ: ਦਿੱਤ ਸਿੰਘ ਰਚਨਾਵਲੀ: ਧਰਮ ਤੇ ਫਲਸਫ਼ਾ (ਨਕਲੀ ਸਿੱਖ ਪ੍ਰਬੋਧ, ਗੁਰਮਤਿ ਆਰਤੀ ਪ੍ਰਬੋਧ, ਧਰਮ ਦਰਪਨ, ਡਰਪੋਕ ਸਿੰਘ ਦਲੇਰ ਸਿੰਘ),* ਪੰਨਾ 103.

[136] ਕਰਤਾਰ ਸਿੰਘ 'ਸੁਹੱਦੀ', "ਸਿੰਘ ਸਭਾ ਲਹਿਰ ਦਾ ਸਫ਼ਲ ਗੁਰਮਤਿ ਪ੍ਰਚਾਰ ਸਿੱਟਾ", *ਸਿੰਘ ਸਭਾ ਲਹਿਰ ਦਾ ਸੁਨਿਹਰੀ ਤੇ ਮਹਾਨ ਪਰਉਪਕਾਰੀ ਇਤਿਹਾਸ ਅਤੇ ਕਲਿਯੁਗ ਵਿਚ ਸਤਿਯੁਗ ਵਰਤਾਉਣ ਵਾਲੇ ਅਰਸ਼ੀ ਗੁਰਮਤਿ ਸਿੱਧਾਂਤ,* ਕਰਤਾਰ ਸਿੰਘ 'ਸੁਹੱਦੀ' (ਸੰਪਾ.), ਪੰਨੇ 423-24.

ਸਿੰਘ ਸਭਾ ਲਹਿਰ ਤੋਂ ਪਹਿਲਾਂ ਜਾਤ-ਪਾਤ ਅਤੇ ਛੂਤ-ਛਾਤ ਦਾ ਮਸਲਾ ਸਿੱਖਾਂ ਅੰਦਰ ਇੰਨਾ ਭਿਆਨਕ ਰੂਪ ਧਾਰਨ ਕਰ ਚੁੱਕਾ ਸੀ ਕਿ ਅਛੂਤ ਕਹੀ ਜਾਣ ਵਾਲੀ ਜਾਤੀਆਂ ਨਾਲ ਸੰਬੰਧਿਤ ਅੰਮ੍ਰਿਤਧਾਰੀ ਸਿੱਖਾਂ ਨਾਲ ਬਹੁਤ ਬੁਰਾ ਵਿਵਹਾਰ ਕੀਤਾ ਜਾਂਦਾ ਸੀ। ਸਿੰਘ ਸਭਾ ਲਹਿਰ ਨੇ ਸਿੱਖਾਂ ਅੰਦਰ ਇਸ ਬੁਰਾਈ ਪ੍ਰਤੀ ਇੰਨਾ ਵੱਡੇ ਪੱਧਰ 'ਤੇ ਪ੍ਰਚਾਰ ਕੀਤਾ ਕਿ ਹੌਲੀ-ਹੌਲੀ ਇਹ ਬੁਰਾਈ ਸਿੱਖਾਂ ਅੰਦਰੋਂ ਖ਼ਤਮ ਹੁੰਦੀ ਚਲੀ ਗਈ ਅਤੇ ਜਿਨ੍ਹਾਂ ਲੋਕਾਂ ਨਾਲ ਪਹਿਲਾਂ ਚੰਗਾ ਵਿਵਹਾਰ ਨਹੀਂ ਸੀ ਕੀਤਾ ਜਾਂਦਾ ਹੌਲੀ-ਹੌਲੀ ਉਨ੍ਹਾਂ ਲੋਕਾਂ ਨੂੰ ਸਿੱਖ ਸੰਸਥਾਵਾਂ ਅੰਦਰ ਉੱਚ ਅਹੁਦੇ ਦਿੱਤੇ ਜਾਣ ਲੱਗ ਪਏ।

**5.6.2. ਇਸਤਰੀ ਦਸ਼ਾ ਵਿਚ ਸੁਧਾਰ:** ਸਿੰਘ ਸਭਾ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਜਿੱਥੋਂ ਤੱਕ ਸਮਾਜ ਅੰਦਰ ਇਸਤਰੀ ਦੇ ਦਰਜੇ ਦਾ ਸਵਾਲ ਹੈ, ਉਹ ਮਰਦ ਨਾਲੋਂ ਨੀਵਾਂ ਸੀ। ਇਸ ਦੌਰ ਵਿਚ ਗੁਰਬਾਣੀ ਦੇ ਆਸ਼ੇ ਦੇ ਵਿਰੁੱਧ ਇਸਤਰੀਆਂ ਸਤੀ ਹੁੰਦੀਆਂ ਰਹੀਆਂ ਸਨ ਅਤੇ ਕੁੜੀਆਂ ਨੂੰ ਜੰਮਦੇ ਮਾਰਨ ਦਾ ਰੁਝਾਨ ਵੀ ਇਸ ਸਮੇਂ ਸਿੱਖਾਂ ਅੰਦਰ ਪ੍ਰਚਲਿਤ ਹੋ ਚੁੱਕਾ ਸੀ।[137]

ਸਿੰਘ ਸਭਾ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਨਿਰੰਕਾਰੀ ਅਤੇ ਨਾਮਧਾਰੀ ਲਹਿਰ ਦੇ ਰੂਪ ਵਿਚ ਇਸਤਰੀ ਦੀ ਦਸ਼ਾ ਸੁਧਾਰਨ ਸੰਬੰਧੀ ਯਤਨ ਸ਼ੁਰੂ ਹੋ ਗਏ ਸਨ। ਸਿੰਘ ਸਭਾ ਲਹਿਰ ਤੱਕ ਉਸ ਦੀ ਹਾਲਤ ਵਿਚ ਕਾਫ਼ੀ ਸੁਧਾਰ ਆ ਗਿਆ ਸੀ। ਇਸ ਦੇ ਬਾਵਜੂਦ ਹਾਲੇ ਵੀ ਇਸਤਰੀ ਸਿੱਖਿਆ ਨੂੰ ਉਨ੍ਹਾਂ ਪ੍ਰੋਤਸਾਹਨ ਨਹੀਂ ਸੀ ਮਿਲਿਆ ਜਿਨ੍ਹਾਂ ਮਿਲਣਾ ਚਾਹੀਦਾ ਸੀ। ਇਸ ਦੌਰ ਵਿਚ ਇਸਤਰੀ ਨੂੰ ਸਿੱਖਿਆ ਤੋਂ ਦੂਰ ਰੱਖਿਆ ਜਾਂਦਾ ਸੀ। ਪ੍ਰਾਚੀਨ ਪ੍ਰਚਲਿਤ ਬਿਪਰਵਾਦੀ ਰਸਮ ਅਨੁਸਾਰ ਇਸਤਰੀ ਨੂੰ ਘਰ-ਬਾਰ ਦੇ ਕੰਮ ਹੀ ਸਿਖਾਏ ਜਾਂਦੇ ਸਨ, ਸਿੱਖਿਆ ਦੀ ਕਮੀ ਕਾਰਨ ਉਹ ਕਈ ਤਰ੍ਹਾਂ ਦੇ ਭਰਮਾਂ ਦੀ ਸ਼ਿਕਾਰ ਹੋ ਚੁੱਕੀ ਸੀ। 9 ਅਗਸਤ, 1901 ਈ. ਦੇ ਖ਼ਾਲਸਾ ਅਖ਼ਬਾਰ ਵਿਚ ਸਿੱਖ ਇਸਤਰੀਆਂ ਅਤੇ ਹੋਰਨਾ ਧਰਮਾਂ ਦੀਆਂ ਇਸਤਰੀਆਂ ਦੀ ਤੁਲਨਾ ਕਰਕੇ ਨਚੋੜ ਇਸ ਤਰ੍ਹਾਂ ਕੱਢਿਆ ਗਿਆ ਹੈ, "...ਹੁਣ ਜਦੋਂ ਅਸੀਂ ਇਨ੍ਹਾਂ ਉਪੱਰਲੀਆਂ ਕੌਮਾ ਦੇ ਮੁਕਾਬਲੇ ਪਰ ਆਪਣੀ ਕੌਮ ਦੀਆ ਇਸਤ੍ਰੀਆਂ ਵਲ ਧਿਆਨ ਕਰਦੇ ਹਾਂ ਤਾਂ ਇਨ੍ਹਾਂ ਵਿਚ ਧਾਰਮਕ ਪ੍ਰੇਮ, ਪੰਥ ਉੱਨਤੀ ਦੀ ਗੰਧ ਮਾਤ੍ਰ ਭੀ ਨਹੀਂ ਪਾਉਂਦੇ ਕਿੰਤੂ ਅਨਪੜ੍ਹ, ਜਾਹਲ ਅਤੇ ਧਰਮ ਤੋਂ ਬਿਲ ਕੁੱਲ ਗਿਰੀਆਂ ਹੋਈਆਂ ਪਾਉਂਦੇ ਹਾਂ, ਦੇਸ਼ਾਂ ਪਰਦੇਸ਼ਾਂ ਵਿਚ ਭਰਮਨ ਕਰਕੇ ਧਰਮ ਦਾ ਪ੍ਰਚਾਰ ਕਰਨੇ ਦੀ ਅਮੈਦ ਤਾਂ ਇਕ ਪਾਸੇ ਰਹੀ ਇਨ੍ਹਾਂ ਦੇ ਘਰ ਦੇ ਬੱਚਿਆਂ ਨੂੰ ਭੀ ਮਾਲੂਮ ਨਹੀਂ ਹੁੰਦਾ ਕਿ ਧਰਮ ਕਿਸ ਵਸਤੂ ਦਾ ਨਾਮ ਹੈ ਅਰ ਅਸੀਂ ਕੌਣ ਹਾਂ, ਅਰ ਸਾਡਾ ਧਰਮ ਕੀ ਹੈ। ਪਹਲੇ ਸਮਿਆਂ ਦੀਆਂ ਇਸਤ੍ਰੀਆਂ ਨਾਲ ਜੇ ਅੱਜ ਕੱਲ ਦੀਆਂ ਦਾ ਮੁਕਾਬਲਾ ਕੀਤਾ ਜਾਂਵੇ ਤਾਂ ਜਿਮੀਂ ਅਸਮਾਨ ਦਾ ਫਰਕ ਨਜ਼ਰ ਅਉਂਦਾ ਹੈ। ਕਿੱਥੇ ਮਾਈ ਭਾਗੋ ਦੀ ਸੂਰ ਬੀਰਤਾ ਅਰ ਨਿਸਚਾ, ਕਿੱਥੇ ਨਾਦਰਸ਼ਾਹ ਅਤੇ ਮੀਰ ਮੰਨੂੰ ਦੇ ਜ਼ੁਲਮਾਂ ਨੂੰ ਪ੍ਰਮੇਸ਼੍ਵਰ ਦਾ ਭਾਣਾ ਮਿੱਠਾ ਜਾਣਕੇ

137 Nirmal Singh, *Impact of Singh Sabha Movement on Punjabi Litrature,* Kartar Singh Suri (Supervisor), Ph.D. Thesis, p. 214.

ਸਿਰ ਪਰ ਸਹਨੇ ਦੀ ਸਮ੍ਰੱਥਾ ਰੱਖਣ ਵਾਲੀਆਂ ਸਿੰਘਣੀਆਂ, ਜਿਨ੍ਹਾਂ ਦੇ ਕਾਰਨਾਮੇ ਸੁਣਕੇ ਮੁਰਦਾ ਦਿਲ ਵਿਚ ਭੀ ਇੱਕ ਵਾਰ ਧਰਮ ਦਾ ਜੋਸ਼ ਲਹਿਰਾ ਮਾਰ ਆਉਂਦਾ ਹੈ।"[138]

ਸਿੰਘ ਸਭਾ ਲਹਿਰ ਵੱਲੋਂ ਇਸਤਰੀ ਦੀ ਤਰਸਯੋਗ ਹਾਲਤ ਨੂੰ ਸੁਧਾਰਨ ਲਈ ਕਈ ਮਹੱਤਵਪੂਰਨ ਕਾਰਜ ਕੀਤੇ ਗਏ। ਇਸ ਕਾਲ ਅੰਦਰ ਪੰਜਾਬ ਵਿਚ ਇਸਤਰੀ ਸਿੱਖਿਆ ਲਈ ਪਹਿਲੀ ਵਾਰ ਯਤਨ ਹੋਏ, ਜਿਨ੍ਹਾਂ ਦਾ ਮੁੱਖ ਮਨੋਰਥ ਇਸਤਰੀ ਨੂੰ ਆਤਮ ਨਿਰਭਰ ਬਣਾਉਣਾ ਸੀ। ਇਸਤਰੀ ਸਿੱਖਿਆ ਨੂੰ ਯਕੀਨੀ ਬਣਾਉਣ ਲਈ ਲਾਹੌਰ ਵਿਖੇ ਕੰਨਿਆ ਪਾਠਸ਼ਾਲਾ ਦੀ ਸਥਾਪਨਾ ਕੀਤੀ ਗਈ।[139] ਇਸ ਤੋਂ ਇਲਾਵਾ ਫਿਰੋਜ਼ਪੁਰ ਵਿਖੇ ਅਤੇ ਤਰਨਤਾਰਨ ਵਿਖੇ ਸਿੱਖ ਕੰਨਿਆ ਪਾਠਸ਼ਾਲਾ ਦੀ ਸਥਾਪਨਾ ਕੀਤੀ ਗਈ। ਦੋਵੇਂ ਸਿੰਘ ਸਭਾਵਾਂ (ਅੰਮ੍ਰਿਤਸਰ ਅਤੇ ਲਾਹੌਰ) ਨੇ ਇਸਤਰੀ ਸਿੱਖਿਆ ਨੂੰ ਯਕੀਨੀ ਬਣਾਉਣ ਲਈ ਵੱਧ ਚੜ੍ਹ ਕੇ ਪ੍ਰਚਾਰ ਕੀਤਾ।[140] ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਇਸਤਰੀ ਦੀ ਦਸ਼ਾ ਵਿਚ ਸੁਧਾਰ ਲਿਆਉਣ ਲਈ ਜਿੱਥੇ ਸਕੂਲ-ਕਾਲਜ ਖੋਲ੍ਹ ਕੇ ਇਸਤਰੀ ਸਿੱਖਿਆ ਨੂੰ ਪ੍ਰੋਤਸਾਹਿਤ ਕੀਤਾ ਉੱਥੇ 'ਇਸਤਰੀ ਸਤ ਸੰਗ', 'ਪੰਜਾਬੀ ਭੈਣ', 'ਭੁਜੰਗਣ ਪੱਤ੍ਰ' ਆਦਿ ਪੰਜਾਬੀ ਪੱਤਰ ਸਿਰਫ਼ ਇਸਤਰੀ ਜਾਤੀ ਦੇ ਸੁਧਾਰ ਲਈ ਹੀ ਸ਼ੁਰੂ ਕੀਤੇ ਅਤੇ ਹੋਰ ਵੀ ਬਹੁਤ ਸਾਰੇ ਟ੍ਰੈਕਟ ਇਸਤਰੀ ਜਾਤੀ ਦੇ ਸੁਧਾਰ ਬਾਰੇ ਲਿਖੇ।[141] 1913 ਈ. ਵਿਚ ਅੰਬਾਲਾ ਵਿਖੇ ਹੋਈ ਛੇਵੀਂ ਸਿੱਖ ਵਿੱਦਿਅਕ ਕਾਨਫ਼ਰੰਸ ਵਿਚ ਵੀ ਇਸਤਰੀ ਸਿੱਖਿਆ ਉੱਪਰ ਜੋਰ ਦਿੰਦੇ ਹੋਏ ਕਿਹਾ ਗਿਆ, "ਮਨੁੱਖ ਨੂੰ ਪਵਿੱਤਰ ਆਤਮਾ ਤੇ ਪਰ-ਸੁਆਰਥੀ ਬਣਾਉਣ ਲਈ ਤ੍ਰੀਮਤਾਂ ਬਹੁਤ ਕੁੱਝ ਕਰ ਸਕਦੀਆਂ ਹਨ। ਕੌਮ ਤੇ ਧਰਮ ਦਾ ਵਾਧਾ ਸਾਡੀਆਂ ਤ੍ਰੀਮਤਾਂ ਦੇ ਹੱਥ ਵਿਚ ਹੈ। ਕੁੜੀਆਂ ਦਾ ਪੜ੍ਹਨਾ ਮੁੰਡਿਆਂ ਦੇ ਪੜ੍ਹਨ ਨਾਲੋਂ ਵਧੀਕ ਜਰੂਰੀ ਹੈ।"[142]

ਸਿੰਘ ਸਭਾ ਲਹਿਰ ਦੇ ਪ੍ਰਚਾਰ ਅਤੇ ਸਿਰੜਤਾ ਸਦਕਾ 1939 ਈ. ਤੱਕ ਪੰਜਾਬ ਦੇ ਵੱਖ-ਵੱਖ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿਚ ਲੜਕੀਆਂ ਦੀ ਸਿੱਖਿਆਂ ਲਈ 4 ਹਾਈ ਸਕੂਲ, 24 ਮਿਡਲ ਸਕੂਲ ਅਤੇ 165 ਪ੍ਰਾਇਮਰੀ ਸਕੂਲ ਸ਼ੁਰੂ ਹੋ ਗਏ ਸਨ।[143] ਹੌਲੀ-ਹੌਲੀ ਇਨ੍ਹਾਂ ਦੀ ਗਿਣਤੀ ਵਧਦੀ ਗਈ ਅਤੇ ਪੰਜਾਬ ਅੰਦਰ ਇਸਤਰੀ ਸਿੱਖਿਆ ਦੀ ਹਾਲਾਤ ਵਿਚ ਕਾਫ਼ੀ ਸੁਧਾਰ ਆ ਗਿਆ। ਇਸਤਰੀ ਦੀ ਦਸ਼ਾ ਵਿਚ ਸੁਧਾਰ ਕਰਨਾ ਸਿੰਘ ਸਭਾ ਲਹਿਰ ਦੀ ਵੱਡੀ ਪ੍ਰਾਪਤੀ ਸੀ। ਇਸ ਲਹਿਰ ਨੇ ਇਸਤਰੀ ਨੂੰ ਸੁਸਿੱਖਿਅਤ ਕਰਕੇ ਨਵੇਂ ਸਮਾਜ ਦਾ ਹਾਣੀ ਬਣਾਇਆ।

---

138 ਖ਼ਾਲਸਾ ਅਖ਼ਬਾਰ, 9 ਅਗਸਤ 1901, ਪੰਨਾ 3.
139 ਜਗਜੀਤ ਸਿੰਘ, ਸਿੰਘ ਸਭਾ ਲਹਿਰ, ਪੰਨਾ 21.
140 ਉਹੀ, ਪੰਨਾ 26.
141 Nirmal Singh, *Impact of Singh Sabha Movement on Punjabi Litrature,* Kartar Singh Suri (Supervisor), Ph.D. Thesis, p. 216.
142 ਸਤਿਬੀਰ ਸਿੰਘ (ਮੁੱਖ ਸੰਪਾ.), *ਸਿਮ੍ਰਤੀ ਗ੍ਰੰਥ (58 ਵੀਂ ਸਰਬ-ਹਿੰਦ ਸਿੱਖ ਵਿਦਿਅਕ ਕਾਨਫ਼ਰੰਸ),* ਪਟਿਆਲਾ: *58 ਵੀਂ ਸਰਬ-ਹਿੰਦ ਸਿੱਖ ਵਿਦਿਅਕ ਕਾਨਫ਼ਰੰਸ,* 1992, ਪੰਨਾ 109.
143 ਅਜੀਤ ਸਿੰਘ (ਸੰਗ੍ਰਹਿ ਕਰਤਾ), *ਪ੍ਰਧਾਨਗੀ ਭਾਸ਼ਨ ਸਰਬ-ਹਿੰਦ ਸਿੱਖ ਵਿਦਿਅਕ ਕਾਨਫ਼ਰੰਸ (ਦੂਜਾ ਭਾਗ),* ਅੰਮ੍ਰਿਤਸਰ: ਭਾਗ ਸਿੰਘ ਅਣਖੀ, ਮਿਤੀਹੀਨ, ਪੰਨਾ 19.

**5.6.3. ਨਸ਼ਾਖੋਰੀ ਦਾ ਵਿਰੋਧ:** ਇਸ ਦੌਰ ਵਿਚ ਸਮਾਜ ਅੰਦਰ ਨਸ਼ੇ ਦੀ ਭੈੜੀ ਰੀਤ ਵੀ ਪ੍ਰਚਲਿਤ ਸੀ। ਇਸ ਸਮੇਂ ਸ਼ਰਾਬ ਦਾ ਨਸ਼ਾ ਪ੍ਰਮੁੱਖ ਸੀ। ਇਸ ਬੁਰਾਈ ਨੂੰ ਸਮਾਜ ਅੰਦਰੋਂ ਮਨਫ਼ੀ ਕਰਨ ਲਈ ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਚੋਖੀ ਮਾਤਰਾ ਵਿਚ ਸਾਹਿਤ ਦੀ ਰਚਨਾ ਕੀਤੀ। ਲੋਕਾਂ ਨੂੰ ਉਪਦੇਸ਼ ਦੇਣ ਹਿਤ ਸ਼ਰਾਬ ਦੇ ਭੈੜੇ ਅਸਰ ਨੂੰ ਉਨ੍ਹਾਂ ਸਾਹਮਣੇ ਉਜਾਗਰ ਕਰਨ ਲਈ ਟ੍ਰੈਕਟ ਛਾਪ ਕੇ ਵੰਡੇ ਗਏ। ਅਖ਼ਬਾਰ ਅਤੇ ਰਸਾਲਿਆਂ ਵਿਚ ਸ਼ਰਾਬੀਆਂ ਦੀ ਮਾੜੀ ਹਾਲਤ ਦਾ ਵਰਣਨ ਕੀਤਾ ਗਿਆ ਤਾਂ ਜੋ ਸਮਾਜ ਸੇਧ ਪ੍ਰਾਪਤ ਕਰ ਸਕੇ ਜਿਵੇਂ:

ੳ. ਚੌਪਈ- ਹੁਣ ਇਕ ਸ਼ਰਾਬੀ ਪੱਕਾ। ਉਨ ਭੀ ਖਾਧਾ ਚੰਗਾ ਧੱਕਾ॥
ਪੀਕੇ ਪਯਾਲੇ ਪ੍ਰੇਮਾ ਵਾਲੇ। ਚਾਇ ਪਯਾ ਉਹ ਗੰਦੇ ਨਾਲੇ॥
ਅਪਨੀ ਬੁਧੀ ਦੀ ਜੋ ਸੁਧੀ। ਨਾਲ ਸ਼ਰਾਬ ਵਿਚਾਰੀ ਰੁਧੀ॥
ਮੁਰਦਿਆਂ ਦਾ ਉਹ ਹੋਇਆ ਭਾਈ। ਭਲੇ ਬੁਰੇ ਦੀ ਹੋਸ਼ ਭੁਲਾਈ॥[144]

ਅ. ਸਾਰੇ ਉਸ ਨੂੰ ਟੋਹਨ ਐਸੇ। ਮੁਰਦੇ ਨੂੰ ਦੇਖਤ ਹੈ ਜੈਸੇ॥
ਇਤਨੇ ਮੈਂ ਸੱਕਾ ਆਇਆ। ਪਾਣੀ ਦੀ ਜੋ ਮਸ਼ਕ ਲਿਆਇਆ॥
ਹੌਸ ਸਰਜਨ ਦੀ ਆਗਿਆ ਪਾਈ। ਸਾਰੀ ਉਸ ਉਪਰ ਉਲਟਾਈ॥
ਫਿਰ ਇਕ ਮਿਹਤਰ ਸਦ ਬੁਲਾਇਆ। ਪੈਰੋਂ ਜੂਤਾ ਜਿਨ ਉਤਰਾਇਆ॥
ਸਿਰ ਦੇ ਵਿਚ ਧੜਾ ਧੜ ਮਾਰੇ। ਅਮਲ ਨਸ਼ੇ ਦਾ ਜੋਇ ਉਤਾਰੇ॥[145]

ਪੱਤਰ-ਪੱਤ੍ਰਿਕਾਵਾਂ ਵਿਚ ਇਸ ਦੇ ਭੈੜੇ ਚਲਨ ਪ੍ਰਤੀ ਲੇਖ ਛਾਪੇ ਗਏ, "ਸ਼ਰਾਬ ਦਾ ਪੀਣਾ ਸ਼ਾਸ਼ਤ੍ਰਕਾਰਾ ਅਤੇ ਵੱਡੇ ਵੱਡੇ ਮਹਾਤਮਾ ਨੇ ਬਹੁਤ ਬੁਰਾ ਕਥਨ ਕੀਤਾ ਹੈ. ਅੱਜ ਕੱਲ ਭੀ ਜਗਹਿ ਜਗਹਿ ਕਮੇਟੀਆਂ ਇਸ ਦੇ ਦੂਰ ਕਰਨ ਲਈ ਦੇਸ ਦੇ ਵਿਚ ਹੋ ਰਹੀਯਾਂ ਹਨ. ਕਈ ਅਖਬਾਰਾਂ ਦੇ ਵਿਚ ਮਜ਼ਮੂਨ ਅਤੇ ਕਈ ਰਸਾਲਿਆਂ ਦੇ ਵਿਚ ਇਸ ਦਾ ਰੱਦ ਕੀਤਾ ਜਾਂਦਾ ਹੈ. ਹਰ ਇਕ ਮਜਹਬ ਜੋ ਆਪਣੇ ਆਪ ਚੰਗਾ ਸਾਬਤ ਕਰਦਾ ਹੈ ਸੋ ਏਹੋ ਦਸਦਾ ਹੈ ਕਿ ਸ਼ਰਾਬ ਦਾ ਪੀਣਾ ਸਾਡੇ ਮਜਹਬ ਦੇ ਵਿਚ ਗੁਨਾਹ ਹੈ ਅਤੇ ਇਸ ਦਾ ਤਿਆਗਨਾ ਹੀ ਪੁੰਨ ਦਾ ਫਲ ਹੈ."[146]

ਨਸ਼ਿਆਂ ਦੇ ਵਿਰੁੱਧ ਡਾਕਟਰ ਚਰਨ ਸਿੰਘ ਦੀ ਲਿਖਤ 'ਮਹਾਰਾਣੀ ਸ਼ਰਾਬ ਕੌਰ' ਤੇ ਸਾਧੂ ਸਿੰਘ ਲਿਖਤ 'ਸਾਡਾ ਹਾਲ' ਅਤੇ ਜੂਏ ਤੇ ਸ਼ਰਾਬ ਦੇ ਵਿਰੁੱਧ, ਜਵਾਹਰ ਸਿੰਘ ਦੁਆਰਾ ਲਿਖੀ 'ਜਿੱਤ ਜਵਾਰੀਏ ਦੀ ਇਸਤਰੀ ਦਾ ਵਿਰਲਾਪ' ਕੁਝ ਕੁ ਹੋਰ ਵਰਨਣਯੋਗ ਲਿਖਤਾਂ ਹਨ। ਇਸੇ ਤਰ੍ਹਾਂ ਹੋਰ ਸੈਂਕੜੇ ਛੋਟੇ ਟ੍ਰੈਕਟ ਤੇ ਪੈਂਫਲਿਟ ਇਸ ਕਾਲ ਵਿਚ ਰਚੇ ਗਏ ਜਿਨ੍ਹਾਂ ਵਿਚ ਸਮਾਜ ਸੁਧਾਰ ਦੇ ਵਿਸ਼ਿਆਂ ਨੂੰ ਲਿਆ ਗਿਆ। ਸਿੰਘ ਸਭਾ ਲਹਿਰ ਦੇ ਪ੍ਰਚਾਰ ਦਾ ਅਸਰ ਸਮਾਜ ਉੱਪਰ ਕਾਫ਼ੀ ਹਾਂਵਾਚੀ ਪਿਆ ਅਤੇ ਲੋਕਾਂ ਨੇ ਨਸ਼ਿਆਂ ਤੋਂ ਤੌਬਾ ਕਰਨੀ ਸ਼ੁਰੂ ਕਰ ਦਿੱਤੀ। 3 ਮਈ, 1895 ਈ. ਦੇ ਖ਼ਾਲਸਾ ਅਖ਼ਬਾਰ ਵਿਚ ਇਸ ਸੰਬੰਧੀ ਲਿਖਿਆ ਹੈ, "ਸੋ ਇਸੀ ਪ੍ਰਕਾਰ ਖਾਲਸਾ ਅਖਬਾਰ ਦਾ

---

[144] ਖ਼ਾਲਸਾ ਅਖ਼ਬਾਰ, 23 ਨਵੰਬਰ 1894, ਪੰਨਾ 4.
[145] ਉਹੀ, 26 ਅਕਤੂਬਰ 1894, ਪੰਨਾ 4.
[146] ਉਹੀ, 30 ਮਾਰਚ 1889, ਪੰਨਾ 3.

ਬੇਢੰਗਾਪਣ ਉਸ ਦਾਨਾਈ ਨਾਲੋਂ ਅਛਾ ਹੈ ਜੋ ਕੁਝ ਕਰਕੇ ਨਹੀ ਦਖਾਉਂਦੀ ਕਿੰਤੂ ਖਾਲਸਾ ਅਖਬਾਰ ਨੈ ਕਈ ਸ਼ਾਂਦੀਆਂ ਅਤੇ ਚੜਾਈਆਂ ਗੁਰਮ੍ਰਯਾਦਾਨੁਸਾਰ ਕਰਾਈਆਂ ਅਰ ਕਈ ਪੁਰਖਾਂ ਨੈ ਇਸ ਦੇ ਉਪਦੇਸ਼ ਤੇ ਸ਼ਰਾਬ ਦਾ ਤਜਾਗ ਕੀਤਾ, ਇਸੀ ਪ੍ਰਕਾਰ ਲਈ ਸੁਧੀਆਂ ਦੇ ਉਤਸਾਹ ਇਸ ਦੇ ਪ੍ਰਤਾਪ ਕਰਕੇ ਵਧੇ ਹਨ॥ "[147]

## 5.7. ਵਿੱਦਿਅਕ ਪ੍ਰਾਪਤੀਆਂ

ਸਿੰਘ ਸਭਾ ਲਹਿਰ ਦੀ ਸਭ ਤੋਂ ਮਹੱਤਵ-ਪੂਰਨ ਦੇਣ, ਵਿੱਦਿਅਕ ਤੇ ਸਾਹਿਤਕ ਖੇਤਰਾਂ ਵਿਚ ਹੈ। ਸਿੰਘ ਸਭਾ ਲਹਿਰ ਦੇ ਮੁੱਢਲੇ ਮਨੋਰਥਾਂ ਵਿਚ ਵਿੱਦਿਆ ਦਾ ਪਾਸਾਰ ਕਰਨਾ ਸ਼ਾਮਿਲ ਸੀ ਅਤੇ ਉਨ੍ਹਾਂ ਇਸ ਮਨੋਰਥ ਦੀ ਪੂਰਤੀ ਲਈ ਸ਼ਾਲਾਘਾਯੋਗ ਕਾਰਜ ਕੀਤੇ। ਇਸ ਲਹਿਰ ਨੇ ਸਿੱਖਾਂ ਅੰਦਰ ਵਿੱਦਿਆ ਪ੍ਰਤੀ ਚੇਤਨਤਾ ਪੈਦਾ ਕੀਤੀ, ਸਕੂਲ-ਕਾਲਜ ਖੋਲ੍ਹੇ ਅਤੇ ਪਾਠ-ਪੁਸਤਕਾਂ ਤਿਆਰ ਕੀਤੀਆਂ। ਇਸ ਮਨੋਰਥ ਲਈ ਸਿੱਖ ਰਿਆਸਤਾਂ ਦੇ ਹੁਕਮਰਾਨਾਂ ਅਤੇ ਸਿੱਖ ਸਰਦਾਰਾਂ ਦੀ ਮਿਲਵਰਤਨ ਤੇ ਸਹਾਇਤਾ ਪ੍ਰਾਪਤ ਕੀਤੀ ਗਈ। ਸਕੂਲਾਂ-ਕਾਲਜਾਂ ਵਿਚ ਪੰਜਾਬੀ ਬੋਲੀ ਲਾਗੂ ਕਰਵਾਈ ਅਤੇ ਪੰਜਾਬੀ ਬੋਲੀ ਵਿਚ ਅਖ਼ਬਾਰ ਤੇ ਰਸਾਲੇ ਜਾਰੀ ਕੀਤੇ ਗਏ। ਇਸ ਸਭ ਨਾਲ ਲੋਕਾਂ ਅੰਦਰ ਆਪਣੀ ਬੋਲੀ, ਆਪਣੇ ਸੱਭਿਆਚਾਰ ਅਤੇ ਪਰੰਪਰਾ ਪ੍ਰਤੀ ਚੇਤਨਾ ਪੈਦਾ ਹੋਈ ਅਤੇ ਪੰਜਾਬ ਅੰਦਰ ਵਿੱਦਿਆ ਦਾ ਘੇਰਾ ਵਿਸ਼ਾਲ ਹੋਇਆ। ਸਿੰਘ ਸਭਾ ਲਹਿਰ ਦੀਆਂ ਵਿੱਦਿਅਕ ਪ੍ਰਾਪਤੀਆਂ ਦੀ ਗੱਲ ਕਰਨ ਤੋਂ ਪਹਿਲਾਂ ਉਸ ਸਮੇਂ ਪੰਜਾਬ ਅੰਦਰ ਪ੍ਰਚਲਿਤ ਵਿੱਦਿਅਕ ਢਾਂਚੇ ਉੱਪਰ ਪੰਛੀ ਝਾਤ ਮਾਰ ਲੈਣੀ ਲਾਹੇਵੰਦ ਹੋਵੇਗੀ।

**5.7.1. ਪੰਜਾਬ ਅੰਦਰ ਪ੍ਰਚਲਿਤ ਵਿੱਦਿਅਕ ਢਾਂਚਾ:** ਮਹਾਰਾਜਾ ਰਣਜੀਤ ਸਿੰਘ ਕਾਲ (1799 ਈ.-1839 ਈ.) ਤੱਕ ਪੰਜਾਬ ਅੰਦਰ ਵਿੱਦਿਆ ਆਮ ਤੌਰ 'ਤੇ ਮੰਦਰਾਂ, ਮਸੀਤਾਂ ਅਤੇ ਗੁਰਦੁਆਰਿਆਂ ਵਿਚ ਪੜ੍ਹਾਈ ਜਾਂਦੀ ਸੀ। ਇਨ੍ਹਾਂ ਥਾਵਾਂ 'ਤੇ ਪੁਜਾਰੀ, ਮੌਲਵੀ ਅਤੇ ਗ੍ਰੰਥੀ ਸਿੰਘ ਹੀ ਮੁੱਖ ਤੌਰ ਤੇ ਬੱਚਿਆਂ ਨੂੰ ਪੜ੍ਹਾਉਣ ਦਾ ਕਾਰਜ ਕਰਦੇ ਸਨ। ਇਸ ਦੌਰਾਨ ਵਿਦਿਆਰਥੀਆਂ ਨੂੰ ਫ਼ਾਰਸੀ, ਲੰਡੇ ਅਤੇ ਹਿਸਾਬ ਦੇ ਨਾਲ-ਨਾਲ ਧਾਰਮਿਕ ਗ੍ਰੰਥਾਂ ਦਾ ਡੂੰਘਾ ਅਧਿਐਨ ਕਰਾਇਆ ਜਾਂਦਾ ਸੀ।[148] ਭਾਵੇਂ ਇਨ੍ਹਾਂ ਸਿੱਖਿਆਂ ਦੇ ਕੇਂਦਰਾਂ ਵਿਚ ਵਿਸ਼ੇਸ਼ ਤੌਰ 'ਤੇ ਆਪੋ-ਆਪਣੇ ਧਰਮ ਦੇ ਵਿਸ਼ੇ ਹੀ ਪੜ੍ਹਾਏ ਜਾਂਦੇ ਸਨ ਪਰ ਫਿਰ ਵੀ ਅਧਿਆਪਕ ਦੂਜੇ ਧਰਮ ਵਾਲੇ ਵਿਦਿਆਰਥੀਆਂ ਨੂੰ ਸਾਂਝੇ ਤੌਰ 'ਤੇ ਫ਼ਾਰਸੀ ਅਤੇ ਲੰਡੇ ਪੜ੍ਹਾਉਂਦੇ ਸਨ। ਬਰਤਾਨਵੀ ਹਕੂਮਤ ਦੇ ਪੰਜਾਬ ਆਉਣ ਸਮੇਂ ਵੱਖ-ਵੱਖ ਧਾਰਮਿਕ ਅਸਥਾਨਾਂ ਵਿਚ ਵਿੱਦਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਦੀ ਗਿਣਤੀ ਲਗਭਗ ਤਿੰਨ ਲੱਖ ਤੀਹ ਹਜ਼ਾਰ ਸੀ।[149] ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਾਵੇਂ ਉਸ ਸਮੇਂ ਸਿੱਖਿਆ ਦਾ ਕੋਈ ਵਿਧੀਵੱਧ ਸਿੱਖਿਅਕ ਢਾਂਚਾ ਹੋਂਦ ਵਿਚ ਨਹੀਂ ਸੀ ਆਇਆ ਪਰ ਇਸ ਦੇ ਬਾਵਜੂਦ ਵਿਦਿਆਰਥੀ ਕਾਫ਼ੀ ਗਿਣਤੀ ਵਿਚ ਪ੍ਰਚਲਿਤ ਸਿੱਖਿਅਕ ਢੰਗ ਅਨੁਸਾਰ ਸਿੱਖਿਆ ਪ੍ਰਾਪਤ ਕਰਦੇ ਸਨ।

---

[147] ਉਹੀ, 3 ਮਈ, 1895, ਪੰਨਾ 3.

[148] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ,* ਪੰਨਾ 42.

[149] W. G. Leitner, *History of Indigenous Education in The Panjab,* Patiala: Language Department, Reprint, 1971, p. 1.

1849 ਈ. ਵਿਚ ਪੰਜਾਬ ਉੱਪਰ ਬ੍ਰਿਟਿਸ਼ ਅਮਲਦਾਰੀ ਹੋਣ ਸਾਰ ਪਹਿਲਾਂ ਏਥੇ ਮਸੀਹੀਆਂ ਵੱਲੋਂ ਮਿਸ਼ਨ ਸਕੂਲ ਖੋਲ੍ਹੇ ਗਏ ਅਤੇ ਫਿਰ ਬ੍ਰਿਟਿਸ਼ ਸਰਕਾਰ ਨੇ ਵੀ ਸਕੂਲ ਸ਼ੁਰੂ ਕੀਤੇ ਅਤੇ ਇਨ੍ਹਾਂ ਦੇ ਪ੍ਰਬੰਧ ਲਈ ਸੰਨ 1856 ਵਿਚ ਵਿੱਦਿਅਕ ਮਹਿਕਮਾ ਕਾਇਮ ਕੀਤਾ।[150] 1865 ਈ. ਵਿਚ 'ਅੰਜੁਮਨਿ-ਪੰਜਾਬ' ਦੀ ਨੀਂਹ ਰੱਖੀ ਗਈ। ਇਸ ਸੰਸਥਾ ਨੇ ਲਾਹੌਰ ਵਿਖੇ ਪਹਿਲਾਂ ਓਰੀਐਂਟਲ ਸਕੂਲ ਸ਼ੁਰੂ ਕੀਤਾ ਜਿਸ ਨੂੰ 1876 ਈ. ਵਿਚ ਓਰੀਐਂਟਲ ਕਾਲਜ ਦੇ ਰੂਪ ਵਿਚ ਬਦਲ ਦਿੱਤਾ ਗਿਆ। ਇਹ ਓਰੀਐਂਟਲ ਕਾਲਜ ਹੌਲੀ-ਹੌਲੀ ਯੂਨੀਵਰਸਿਟੀ ਕਾਲਜ ਬਣ ਗਿਆ ਅਤੇ 14 ਅਕਤੂਬਰ, 1882 ਈ. ਨੂੰ ਇਸ ਯੂਨੀਵਰਸਿਟੀ ਕਾਲਜ ਨੂੰ ਪੰਜਾਬ ਯੂਨੀਵਰਸਿਟੀ ਦਾ ਦਰਜਾ ਮਿਲ ਗਿਆ।[151] ਇਸ ਤਰ੍ਹਾਂ ਬ੍ਰਿਟਿਸ਼ ਰਾਜ ਦੌਰਾਨ ਪੰਜਾਬ ਅੰਦਰ ਸਕੂਲ-ਕਾਲਜ ਤਾਂ ਬਹੁਤ ਖੁੱਲ੍ਹ ਗਏ ਅਤੇ ਯੂਨੀਵਰਸਿਟੀ ਵੀ ਸਥਾਪਤ ਹੋ ਗਈ ਸੀ ਪਰ ਇਨ੍ਹਾਂ ਅੰਦਰ ਵਿੱਦਿਆ ਦਾ ਢੰਗ ਨਵਾਂ ਸੀ, ਮਜ਼ਮੂਨ ਨਵੇਂ ਸਨ ਅਤੇ ਪੰਜਾਬੀ ਦੀ ਪੜ੍ਹਾਈ ਇਨ੍ਹਾਂ ਵਿਚੋਂ ਗੈਰ-ਹਾਜ਼ਰ ਸੀ। 1851 ਈ. ਵਿਚ ਬ੍ਰਿਟਿਸ਼ ਸਰਕਾਰ ਨੇ ਫ਼ਾਰਸੀ ਦੀ ਥਾਂ ਉਰਦੂ ਨੂੰ ਹੇਠਲੀਆਂ ਕਚਹਿਰੀਆਂ ਦੀ ਸਰਕਾਰੀ ਜ਼ਬਾਨ ਸਵੀਕਾਰ ਕਰ ਲਿਆ ਅਤੇ ਅਗਲੇ ਚਾਰ ਵਰ੍ਹਿਆਂ ਵਿਚ ਸਾਰੇ ਰਾਜ ਵਿਚ ਪੂਰੀ ਤਰ੍ਹਾਂ ਉਰਦੂ ਨੇ ਫ਼ਾਰਸੀ ਦੀ ਥਾਂ ਮੱਲ ਲਈ। ਪੰਜਾਬੀ ਨੂੰ ਸਰਕਾਰੀ ਜ਼ਬਾਨ ਬਣਾਉਣਾ ਯੋਗ ਨਾ ਸਮਝਿਆ ਗਿਆ। ਪੰਜਾਬੀ ਦੇ ਪ੍ਰੇਮੀਆਂ ਨੂੰ ਇਸ ਫ਼ੈਸਲੇ ਨਾਲ ਬੜਾ ਧੱਕਾ ਲੱਗਾ। ਏਸੇ ਨੀਤੀ ਅਧੀਨ ਜਦ ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ 1854 ਈ. ਦੇ ਡਿਸਪੈਚ ਅਨੁਸਾਰ ਨਵੀਂ ਰੂਪ-ਰੇਖਾ ਦਿੱਤੀ ਜਾਣ ਲੱਗੀ ਅਤੇ ਵਿੱਦਿਆ ਸੰਬੰਧੀ ਦੇਸੀ ਭਾਸ਼ਾ ਵਜੋਂ ਵੀ ਉਰਦੂ ਦੇ ਹੱਕ ਵਿਚ ਫ਼ੈਸਲਾ ਹੋਇਆ ਤਾਂ ਪੰਜਾਬੀ ਦੇ ਪ੍ਰੇਮੀਆਂ ਨੂੰ ਹੋਰ ਵੀ ਨਿਰਾਸਤਾ ਹੋਈ। ਇਸ ਡਿਸਪੈਚ ਵਿਚ ਹਿੰਦੂ ਤੇ ਸਿੱਖਾਂ ਨੂੰ ਇੰਨੀ ਖੁੱਲ੍ਹ ਜਰੂਰ ਦੇ ਦਿੱਤੀ ਗਈ ਕਿ ਉਹ ਲੋੜ ਅਨੁਸਾਰ ਹਿੰਦੀ ਅਤੇ ਪੰਜਾਬੀ ਸਕੂਲ ਸਥਾਪਤ ਕਰ ਸਕਦੇ ਹਨ।[152] ਹਿੰਦੂਆਂ ਵਿਚ ਬ੍ਰਹਮੋ ਸਮਾਜ, ਆਰੀਆ ਸਮਾਜ ਅਤੇ ਦੇਵ ਸਮਾਜ ਆਦਿ ਲਹਿਰਾਂ ਨਾਲ ਜਾਗ੍ਰਿਤੀ ਪੈਦਾ ਹੋ ਗਈ ਅਤੇ ਉਨ੍ਹਾਂ ਆਪਣੇ ਸਕੂਲ-ਕਾਲਜ ਸਥਾਪਤ ਕਰਨੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਵਿਚ ਵੈਦਿਕ ਗ੍ਰੰਥ ਅਤੇ ਦੇਵਨਾਗਰੀ ਦੀ ਪੜ੍ਹਾਈ ਨੂੰ ਪਹਿਲ ਦਿੱਤੀ ਗਈ। ਮੁਸਲਮਾਨਾਂ ਦੀ ਉਰਦੂ ਅਤੇ ਫ਼ਾਰਸੀ ਪਹਿਲਾਂ ਹੀ ਸਰਕਾਰੀ ਦਫ਼ਤਰਾਂ ਦਾ ਸ਼ਿੰਗਾਰ ਬਣ ਗਈ ਸੀ। ਪਿੱਛੇ ਰਹਿ ਗਏ ਤਾਂ ਉਹ ਸਨ ਸਿੱਖ। ਸਿੰਘ ਸਭਾ ਲਹਿਰ ਦੇ ਸ਼ੁਰੂ ਹੋਣ ਨਾਲ ਸਿੱਖਾਂ ਅੰਦਰ ਵੀ ਚੇਤਨਾ ਪੈਦਾ ਹੋਈ ਅਤੇ ਉਨ੍ਹਾਂ ਆਪਣੇ ਬੱਚਿਆਂ ਨੂੰ ਸਿੱਖਿਅਕ ਕਰਨ ਲਈ ਵਿੱਦਿਅਕ ਲਹਿਰ ਸ਼ੁਰੂ ਕੀਤੀ।

**5.7.2. ਸਿੱਖ ਵਿੱਦਿਅਕ ਲਹਿਰ:** ਸਿੱਖਾਂ ਅੰਦਰ ਵਿੱਦਿਆ ਦਾ ਪਾਸਾਰ ਕਰਨਾ ਸਿੰਘ ਸਭਾ ਲਹਿਰ ਦੇ ਮੁੱਖ ਮਨੋਰਥਾਂ ਵਿਚ ਸ਼ਾਮਿਲ ਸੀ। ਇਸ ਲਹਿਰ ਤੋਂ ਪਹਿਲਾਂ ਸਿੱਖਾਂ ਅੰਦਰ ਸ਼ੁਰੂ ਹੋਈਆਂ ਨਿਰੰਕਾਰੀ ਲਹਿਰ ਅਤੇ ਨਾਮਧਾਰੀ ਲਹਿਰ ਦਾ ਬਹੁਤਾ ਝੁਕਾਅ ਸਮਾਜਿਕ ਅਤੇ ਧਾਰਮਿਕ ਮਾਮਲਿਆਂ ਵੱਲ ਸੀ। ਇਨ੍ਹਾਂ ਲਹਿਰਾਂ ਨੇ ਵਿੱਦਿਆ ਦੇ ਪ੍ਰਚਾਰ ਲਈ ਬਹੁਤਾ ਕੰਮ ਨਹੀਂ ਕੀਤਾ। ਨਿਰੰਕਾਰੀ ਸਿੱਖਾਂ ਵਿਚ ਵਿੱਦਿਆ ਦੇ ਪ੍ਰਚਾਰ ਬਾਰੇ ਕੋਈ ਖ਼ਾਸ

---

[150] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ,* ਪੰਨਾ 241.
[151] J. F. Bruce, *A History of The Unuversity of The Panjab*, Lahore, 1933, p. 81.
[152] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ,* ਪੰਨਾ 49.

ਦਿਲਚਸਪੀ ਨਹੀਂ ਸੀ ਅਤੇ ਨਾਮਧਾਰੀਏ ਤਾਂ ਬਰਤਾਨਵੀ ਸਰਕਾਰ ਨਾਲ ਨਾ-ਮਿਲਵਰਤਨ ਰੱਖਣ ਕਰ ਕੇ ਸਕੂਲਾਂ ਦਾ ਬਾਈਕਾਟ ਹੀ ਕਰ ਚੁੱਕੇ ਸਨ।[153] ਸਿੰਘ ਸਭਾ ਲਹਿਰ ਦੀ ਸ਼ੁਰੂਆਤ ਨਾਲ ਸਿੱਖਾਂ ਅੰਦਰ ਵਿੱਦਿਆ ਦੇ ਪ੍ਰਚਾਰ ਦੀ ਲਹਿਰ ਚਲੀ। ਸਿੰਘ ਸਭਾ, ਅੰਮ੍ਰਿਤਸਰ ਨੇ ਅੰਮ੍ਰਿਤਸਰ ਸਾਹਿਬ ਵਿਖੇ ਖ਼ਾਲਸਾ ਸਕੂਲ ਸ਼ੁਰੂ ਕੀਤਾ[154] ਅਤੇ ਸਿੰਘ ਸਭਾ, ਲਾਹੌਰ ਨੇ ਲਾਹੌਰ ਵਿਖੇ ਗੁਰੂ ਗੋਬਿੰਦ ਸਿੰਘ ਬੋਰਡਿੰਗ ਹਾਊਸ, ਸਿੱਖ ਕੰਨਿਆ ਪਾਠਸ਼ਾਲਾ ਅਤੇ ਖ਼ਾਲਸਾ ਸਕੂਲ ਆਦਿ ਸੰਸਥਾਵਾਂ ਦੀ ਸਥਾਪਨਾ ਕੀਤੀ।[155]

ਇਸ ਲਹਿਰ ਦੇ ਚਿੰਤਕਾਂ ਨੇ ਖ਼ਾਸ ਕਰ ਭਾਈ ਗੁਰਮੁਖ ਸਿੰਘ ਨੇ ਅਖ਼ਬਾਰਾਂ ਵਿਚ ਲੇਖ ਲਿਖੇ ਅਤੇ ਸਿੱਖਾਂ ਨੂੰ ਆਪਣੇ ਸਕੂਲ-ਕਾਲਜ ਖੋਲ੍ਹਣ ਲਈ ਪ੍ਰੇਰਿਤ ਕੀਤਾ। ਇਹ ਸਿੰਘ ਸਭਾ ਲਹਿਰ ਦੇ ਚਿੰਤਕਾਂ ਦੁਆਰਾ ਕੀਤੇ ਪ੍ਰਚਾਰ ਦਾ ਹੀ ਫਲ ਸੀ ਕਿ ਬਹੁਤ ਥੋੜ੍ਹੇ ਸਮੇਂ ਵਿਚ ਹੀ ਅੰਮ੍ਰਿਤਸਰ, ਲਾਹੌਰ, ਫਿਰੋਜ਼ਪੁਰ, ਕੈਰੋ, ਘਰਜਾਖ, ਚੂਹੜਚੱਕ ਤੇ ਭਸੌੜ ਵਿਖੇ ਖ਼ਾਲਸਾ ਸਕੂਲ ਸ਼ੁਰੂ ਹੋਏ। ਇਨ੍ਹਾਂ ਸਕੂਲਾਂ ਵਿਚ ਗੁਰਮੁਖੀ ਅਤੇ ਸਿੱਖ ਧਾਰਮਿਕ ਗ੍ਰੰਥਾਂ ਦੀ ਪੜ੍ਹਾਈ ਲਾਜ਼ਮੀ ਤੌਰ ’ਤੇ ਕਰਵਾਈ ਜਾਣ ਲੱਗੀ।[156] ਇਸ ਤਰ੍ਹਾਂ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਪਿੰਡਾਂ ਅਤੇ ਸ਼ਹਿਰਾਂ ਵਿਚ ਖ਼ਾਲਸਾ ਸਕੂਲ ਸ਼ੁਰੂ ਹੋਏ ਅਤੇ ਇਨ੍ਹਾਂ ਸਕੂਲਾਂ ਵਿਚ ਬੱਚਿਆਂ ਨੂੰ ਸਿੱਖ ਪਰੰਪਰਾ ਅਤੇ ਮਰਯਾਦਾ ਸੰਬੰਧੀ ਮਜ਼ਮੂਨ ਪੜ੍ਹਾਏ ਜਾਣੇ ਸ਼ੁਰੂ ਹੋਏ।

**5.7.3. ਬਾਬਾ ਖੇਮ ਸਿੰਘ ਬੇਦੀ ਵੱਲੋਂ ਸ਼ੁਰੂ ਕੀਤੇ ਸਕੂਲ:** ਗੁਰੂ ਨਾਨਕ ਦੇਵ ਜੀ ਦੀ ਬੰਸ ਵਿਚ ਤੇਰ੍ਹਵੀਂ ਥਾਂ ’ਤੇ ਬਾਬਾ ਖੇਮ ਸਿੰਘ ਬੇਦੀ ਦਾ ਜਨਮ ਬਾਬਾ ਅਤਰ ਸਿੰਘ ਬੇਦੀ ਦੇ ਘਰ 21 ਫਰਵਰੀ, 1832 ਈ. ਨੂੰ ਕੱਲਰ ਪਿੰਡ (ਜ਼ਿਲ੍ਹਾ ਰਾਵਲਪਿੰਡੀ, ਪੱਛਮੀ ਪੰਜਾਬ, ਪਾਕਿਸਤਾਨ) ਵਿਚ ਹੋਇਆ[157] ਅਤੇ 11 ਅਪ੍ਰੈਲ, 1905 ਈ. ਵਿਚ ਮਿੰਟਗੁਮਰੀ ਵਿਚ ਦੇਹਾਂਤ ਹੋਇਆ।[158] ਸੰਨ 1839 ਈ. ਵਿਚ ਪਿਤਾ ਦੇ ਅਕਾਲ ਚਲਾਣੇ ਤੋਂ ਬਾਅਦ ਇਨ੍ਹਾਂ ਦੇ ਵੱਡੇ ਭਰਾ ਸੰਪੂਰਨ ਸਿੰਘ ਅਤੇ ਇਨ੍ਹਾਂ ਨੂੰ ਜਲੰਧਰ ਦੁਆਬ ਦੀ ਜਾਗੀਰ ਮਿਲੀ ਅਤੇ 41 ਪਿੰਡਾਂ ਦੀ ਮਾਲਕੀ ਮਿੰਟਗੁਮਰੀ ਵਿਚ ਵੀ ਪ੍ਰਾਪਤ ਹੋਈ। ਬ੍ਰਿਟਿਸ਼ ਸਰਕਾਰ ਦੁਆਰਾ ਇਨ੍ਹਾਂ ਨੂੰ ਮੁਨਸਫ਼, ਮੈਜਿਸਟ੍ਰੇਟ, ਸੀ. ਆਈ. ਈ. ਅਤੇ ਕੇ. ਸੀ. ਆਈ. ਈ. ਆਦਿ ਅਹੁਦਿਆਂ ਨਾਲ ਨਿਵਾਜਿਆ ਗਿਆ। ਇਨ੍ਹਾਂ ਨੂੰ ਵਾਇਸਰਾਏ ਦੀ ਲੈਜਿਸਲੈਟਿਵ ਕੌਂਸਲ ਅਤੇ ਪੰਜਾਬ ਲੈਜਿਸਲੈਟਿਵ ਕੌਂਸਲ ਦਾ ਮੈਂਬਰ ਵੀ ਨਾਮਜ਼ਦ ਕੀਤਾ ਗਿਆ।[159]

ਸਿੱਖ ਸਮਾਜ ਨੂੰ ਇਨ੍ਹਾਂ ਦੀ ਦੋ ਪੱਖਾਂ ਤੋਂ ਵਡਮੁੱਲੀ ਦੇਣ ਮੰਨੀ ਜਾਂਦੀ ਹੈ। ਪਹਿਲੀ ਦੇਣ ਹੈ ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ ਦੀ ਸਥਾਪਨਾ ਕਰਨਾ ਅਤੇ ਦੂਜੀ ਸਿੱਖਾਂ ਤੇ ਖ਼ਾਸ ਕਰਕੇ ਇਸਤਰੀਆਂ ਵਿਚ ਵਿੱਦਿਆ ਦਾ ਪ੍ਰਸਾਰ

---

[153] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ,* ਪੰਨਾ 246.

[154] ਜਗਜੀਤ ਸਿੰਘ, “ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਵਲੋਂ ਕੀਤੇ ਗਏ ਮਹਾਨ ਸੁਨਹਿਰੀ ਪਰਉਪਕਾਰ”, *ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ,* ਗਿ: ਕਰਤਾਰ ਸਿੰਘ ‘ਸੂਹੱਦੀ’ (ਸੰਪਾ.), ਪੰਨਾ 108.

[155] ਜਗਜੀਤ ਸਿੰਘ, *ਸਿੰਘ ਸਭਾ ਲਹਿਰ,* ਪੰਨਾ 24.

[156] ਖੁਸ਼ਵੰਤ ਸਿੰਘ, *ਸਿੱਖ ਇਤਿਹਾਸ (ਭਾਗ ਦੂਸਰਾ),* ਪੰਨਾ 153.

[157] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ ਦੂਜਾ),* ਪੰਨਾ 651.

[158] ਜਗਜੀਤ ਸਿੰਘ, *ਸਿੰਘ ਸਭਾ ਲਹਿਰ,* ਪੰਨਾ 71.

[159] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ ਦੂਜਾ),* ਪੰਨਾ 651.

ਕਰਨਾ ਤੇ ਖ਼ਾਲਸਾ ਸਕੂਲ ਸ਼ੁਰੂ ਕਰਨਾ ਹੈ। ਬਾਬਾ ਖੇਮ ਸਿੰਘ ਦਾ ਪ੍ਰਭਾਵ ਵਧੇਰੇ ਪੋਠੋਹਾਰ, ਪੱਛਮੀ ਪੰਜਾਬ ਅਤੇ ਸਰਹੱਦੀ ਸੂਬੇ ਵੱਲ ਰਿਹਾ। ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ ਦੇ ਮੋਢੀਆਂ ਵਿਚ ਬਾਬਾ ਖੇਮ ਸਿੰਘ ਜੀ ਬੇਦੀ ਸਭ ਤੋਂ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਸਿੱਖ ਬੱਚੀਆਂ ਦੀ ਪੜ੍ਹਾਈ ਲਈ ਗੁਰਮੁਖੀ (ਪੰਜਾਬੀ) ਪਾਠਸ਼ਾਲਾਂ ਖੋਲ੍ਹਣ 'ਤੇ ਜੋਰ ਦਿੱਤਾ। ਇਹ ਪਾਠਸ਼ਾਲਾਂ ਰਾਵਲਪਿੰਡੀ, ਧੰਨੀ, ਪੋਠੋਹਾਰ, ਜਿਹਲਮ ਅਤੇ ਗੁਜਰਾਤ ਦੇ ਇਲਾਕੇ ਵਿਚ ਖੋਲ੍ਹੀਆਂ ਗਈਆਂ। ਸੰਨ 1876 ਵਿਚ ਬਾਬਾ ਜੀ ਦੇ ਪ੍ਰਬੰਧ ਹੇਠ ਚੱਲ ਰਹੇ ਸਕੂਲਾਂ ਦੀ ਗਿਣਤੀ 40 ਅਤੇ ਸੰਨ 1879 ਵਿਚ 42 ਸੀ।[160] ਸੰਨ 1893 ਈ. ਵਿਚ ਆਪਣੀ ਪੁੱਤਰੀ ਦੀ ਸ਼ਾਦੀ ਸਮੇਂ ਇਨ੍ਹਾਂ ਨੇ ਤਿੰਨ ਲੱਖ ਰੁਪਏ ਸਮਾਜਿਕ ਕਾਰਜਾਂ ਲਈ ਕੱਢੇ ਜਿਸ ਵਿਚੋਂ ਅੱਧੀ ਕੁ ਰਕਮ ਰਾਵਲਪਿੰਡੀ ਵਿਚ ਕਾਲਜ ਸਥਾਪਿਤ ਕਰਨ ਉੱਤੇ ਖ਼ਰਚ ਕੀਤੀ ਗਈ।[161] ਇਸ ਤਰ੍ਹਾਂ ਬਾਬਾ ਖੇਮ ਸਿੰਘ ਬੇਦੀ ਜੀ ਨੇ ਜਿੱਥੇ ਧਰਮ ਪ੍ਰਚਾਰ ਕਰਕੇ ਲੋਕਾਂ ਨੂੰ ਸਿੱਖੀ ਦੇ ਲੜ ਲਾਇਆ ਉੱਥੇ ਨਾਲ ਹੀ ਸਿੱਖ ਬੱਚੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ ਅਤੇ ਉਨ੍ਹਾਂ ਲਈ ਖ਼ਾਲਸਾ ਸਕੂਲ ਸ਼ੁਰੂ ਕੀਤੇ।

**5.7.4. ਸਿੱਖ ਕੰਨਯਾ ਮਹਾਂਵਿਦਿਆਲਾ, ਫਿਰੋਜ਼ਪੁਰ:** ਸਿੱਖ ਕੰਨਯਾ ਮਹਾਂਵਿਦਿਆਲਾ, ਫਿਰੋਜ਼ਪੁਰ ਦੀ ਸਥਾਪਨਾ ਸਿੰਘ ਸਭਾ ਲਹਿਰ ਦੀ ਵਿੱਦਿਅਕ ਲਹਿਰ ਦੇ ਪ੍ਰਭਾਵ ਹੇਠ ਹੋਈ ਸੀ। ਇਸ ਮਹਾਂਵਿਦਿਆਲਾ ਦੀ ਸਥਾਪਨਾ ਭਾਈ ਤਖ਼ਤ ਸਿੰਘ ਜੀ ਨੇ ਕੀਤੀ ਸੀ। ਭਾਈ ਤਖ਼ਤ ਸਿੰਘ ਦਾ ਜਨਮ ਸੰਨ 1870 ਈ. ਵਿਚ ਭਾਈ ਦੇਵਾ ਸਿੰਘ ਨਿਹੰਗ ਦੇ ਘਰ ਫਿਰੋਜ਼ਪੁਰ ਵਿਚ ਹੋਇਆ।[162] ਇਨ੍ਹਾਂ ਨੇ ਓਰੀਐਂਟਲ ਕਾਲਜ, ਲਾਹੌਰ ਤੋਂ ਸੰਨ 1887 ਈ. ਵਿਚ 'ਵਿਦਵਾਨੀ' ਦਾ ਇਮਤਿਹਾਨ ਪਹਿਲੇ ਨੰਬਰ 'ਤੇ ਰਹਿ ਕੇ ਪਾਸ ਕੀਤਾ। ਕਾਲਜ ਵਿਚ ਪੜ੍ਹਾਈ ਦੌਰਾਨ ਭਾਈ ਸਾਹਿਬ ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਤੋਂ ਬਹੁਤ ਪ੍ਰਭਾਵਿਤ ਹੋਏ। ਜਦ ਭਾਈ ਸਾਹਿਬ ਲਾਹੌਰ ਤੋਂ ਵਾਪਸ ਫਿਰੋਜ਼ਪੁਰ ਆਏ ਤਾਂ ਉਨ੍ਹਾਂ ਸਿੰਘ ਸਭਾ, ਫਿਰੋਜ਼ਪੁਰ ਦੇ ਮੈਂਬਰਾਂ ਨੂੰ ਪ੍ਰੇਰਿਤ ਕਰਕੇ ਲੜਕਿਆਂ ਦਾ ਗੁਰਮੁਖੀ ਸਕੂਲ ਖੁਲ੍ਹਵਾ ਦਿੱਤਾ। ਭਾਈ ਸਾਹਿਬ ਨੂੰ ਪੰਥ ਸੇਵਾ ਅਤੇ ਇਸਤਰੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਦਾ ਸ਼ੌਂਕ ਸੀ, ਇਸ ਲਈ ਉਨ੍ਹਾਂ ਜੋਰ ਨਾਲ ਪ੍ਰਚਾਰ ਕੀਤਾ ਕਿ ਸਿੱਖ ਕੰਨਯਾ ਪਾਠਸ਼ਾਲਾ ਵੀ ਖੋਲ੍ਹੀ ਜਾਵੇ। ਸੋ, ਫਿਰੋਜ਼ਪੁਰ ਵਿਖੇ 5 ਨਵੰਬਰ, 1892 ਈ. ਨੂੰ ਸਿੱਖ ਕੰਨਯਾ ਪਾਠਸ਼ਾਲਾ ਖੋਲ੍ਹੀ ਗਈ ਅਤੇ ਇਹੋ ਪਾਠਸ਼ਾਲਾ ਕੁਝ ਸਮੇਂ ਪਿੱਛੋਂ 'ਸਿੱਖ ਕੰਨਿਆ ਮਹਾਂਵਿਦਿਆਲਾ' ਦੀ ਸ਼ਕਲ ਵਿਚ ਬਦਲ ਗਈ।[163] ਇਸ ਕਾਰਜ ਵਿਚ ਇਨ੍ਹਾਂ ਦੀ ਪਹਿਲੀ ਪਤਨੀ ਬੀਬੀ ਹਰਨਾਮ ਕੌਰ ਨੇ ਬਹੁਤ ਰੁਚੀ ਲਈ ਪਰ 1906 ਈ. ਵਿਚ ਉਸ ਦੇ ਗੁਜ਼ਰ ਜਾਣ ਕਾਰਨ ਇਨ੍ਹਾਂ ਦੇ ਉੱਦਮ ਨੂੰ ਕੁਝ ਧੱਕਾ ਲੱਗਾ। ਇਨ੍ਹਾਂ ਦੀ ਦੂਜੀ ਪਤਨੀ ਬੀਬੀ ਆਗਿਆ ਕੌਰ ਨੇ ਵੀ ਬੜੀ ਲਗਨ ਨਾਲ ਇਸ ਪਾਠਸ਼ਾਲਾ ਨੂੰ ਪੈਰਾਂ ਸਿਰ ਕਰਨ ਲਈ ਮਿਹਨਤ ਕੀਤੀ। ਭਾਈ ਤਖ਼ਤ ਸਿੰਘ ਅਤੇ ਬੀਬੀ ਆਗਿਆ ਕੌਰ ਦੀ ਮਿਹਨਤ, ਸੇਵਾ ਅਤੇ ਪ੍ਰੇਮ ਸਦਕਾ ਮਹਾਂਵਿਦਿਆਲਾ ਦੀ ਪ੍ਰਸਿੱਧੀ ਦਿਨੋਂ ਦਿਨ ਵੱਧ ਰਹੀ ਸੀ। ਲੜਕੀਆਂ ਦੀ ਗਿਣਤੀ ਇੰਨੀ ਵਧ ਗਈ ਕਿ

---

[160] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 246.

[161] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ ਦੂਜਾ)*, ਪੰਨਾ 652.

[162] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ ਤੀਜਾ)*, ਪੰਨਾ 1029.

[163] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 247.

ਬੋਰਡਿੰਗ ਹਾਊਸ ਵਿਚ ਜਗ੍ਹਾ ਨਾ ਰਹੀ। ਇਸ ਲਈ ਹੋਰ ਥਾਂ ਦੀ ਲੋੜ ਮਹਿਸੂਸ ਕੀਤੀ ਗਈ। ਇਸ ਲੋੜ ਦੀ ਪੂਰਤੀ ਲਈ ਭਾਈ ਸਾਹਿਬ ਰੰਗੂਨ, ਸਿੰਗਾਪੁਰ, ਮਲਾਇਆ, ਬਰਮਾ ਆਦਿ ਟਾਪੂਆਂ ਤੋਂ ਲਗਭਗ 58 ਹਜ਼ਾਰ ਰੁਪਏ ਚੰਦਾ ਇਕੱਠਾ ਕਰਕੇ ਲਿਆਏ ਜਿਸ ਨਾਲ ਬੋਰਡਿੰਗ ਦੀ ਨਵੀਂ ਇਮਾਰਤ ਦੀ ਉਸਾਰੀ ਕੀਤੀ ਗਈ। ਭਾਈ ਸਾਹਿਬ ਦੇ ਇਸ ਤਰ੍ਹਾਂ ਦੇ ਕੁਰਬਾਨੀ ਭਰੇ ਕਾਰਜ ਕਰਕੇ ਪੰਥ ਵੱਲੋਂ ਇਨ੍ਹਾਂ ਨੂੰ 'ਜ਼ਿੰਦਾ ਸ਼ਹੀਦ' ਦਾ ਖਿਤਾਬ ਦਿੱਤਾ ਗਿਆ।[164]

ਇਸ ਮਹਾਂਵਿਦਿਆਲੇ ਬਾਰੇ ਹਰਨੇਕ ਸਿੰਘ ਨੇਕੀ ਨੇ ਲਿਖਿਆ ਹੈ, "ਇਹ ਬੋਰਡਿੰਗ ਹਾਊਸ ਇੱਕ ਪਰਿਵਾਰ ਦੇ ਨਮੂਨੇ ਤੇ ਸੀ। ਭਾਈ ਤਖ਼ਤ ਸਿੰਘ ਮੈਨੇਜਰ ਤੇ ਬੀਬੀ ਹਰਨਾਮ ਕੌਰ ਅਧਿਆਪਕਾ ਉਸ ਦੇ ਵਿਚ ਹੀ ਰਹਿੰਦੇ ਸਨ। ਇਸ ਆਸ਼ਰਮ ਦਾ ਉਦੇਸ਼ ਸੀ ਲਾਇਕ ਤੇ ਨਿਪੁੰਨ ਮਾਵਾਂ, ਸਤਵੰਤੀਆਂ ਇਸਤਰੀਆਂ, ਪ੍ਰੇਮਣ ਭੈਣਾਂ ਅਤੇ ਆਗਿਆਕਾਰ ਬੀਬੀਆਂ ਬਨਾਉਣਾ। ਬੀਬੀ ਹਰਨਾਮ ਕੌਰ ਇਕ ਲਾਇਕ ਤੇ ਮਿਹਰਬਾਨ ਅਧਿਆਪਕਾ ਵਾਂਗ ਪੜ੍ਹਾਉਂਦੀ, ਭੈਣਾਂ ਵਾਂਗ ਵਰਤਦੀ ਅਤੇ ਮਾਤਾ ਵਾਂਗ ਟਹਿਲ ਕਰਦੀ। ਆਸ਼ਰਮ ਦੀਆਂ ਲੜਕੀਆਂ ਦੇ ਕੱਪੜੇ ਤੇ ਉਨ੍ਹਾਂ ਦੇ ਸਿਰ ਧੋਣ ਦਾ ਕੰਮ ਆਪ ਕਰਦੀ। ਸਿਆਲ ਵਿਚ ਗਰਮ ਪਾਣੀ ਕਰਕੇ ਬੀਬੀਆਂ ਦੇ ਪੈਰ ਆਪ ਧੋਂਦੀ ਅਤੇ ਇਸ ਵਿਚ ਆਪਣੀ ਵਡਿਆਈ ਸਮਝਦੀ। ਇਸ ਪਿਆਰ ਨੇ ਬੀਬੀਆਂ ਦੇ ਮਨ ਇੰਨੇ ਜਿੱਤ ਲਏ ਸਨ ਕਿ ਉਹ ਆਪਣੇ ਪਿੰਡ ਜਾਣ ਨੂੰ ਕੈਦ ਖਾਨੇ ਜਾਣਾ ਆਖਿਆ ਕਰਦੀਆਂ ਸਨ। ਪਤੀ ਪਤਨੀ ਦੀ ਰਲਵੀਂ ਸੇਵਾ ਕਾਰਨ ਇਹ ਆਸ਼ਰਮ ਖ਼ਾਲਸਾ ਕਾਲਜ ਦੇ ਬਰਾਬਰ ਜ਼ਰੂਰੀ ਸਮਝਿਆ ਜਾਣ ਲਗ ਪਿਆ ਅਤੇ ਇਕ ਵਾਰ ਸਪਤਾਹਕ ਅਖ਼ਬਾਰ ਖ਼ਾਲਸਾ ਸਮਾਚਾਰ ਅੰਮ੍ਰਿਤਸਰ ਵਿਚ ਇਹ ਪ੍ਰਸ਼ਨ ਪੁੱਛਿਆ ਗਿਆ ਕਿ ਕੀ ਇਸ ਆਸ਼ਰਮ ਬਿਨਾਂ ਅਸੀਂ ਕਦੇ ਆਪਣੇ ਘਰਾਂ ਨੂੰ ਸਵਰਗ ਦਾ ਨਮੂਨਾ ਬਣਾ ਸਕਦੇ ਹਾਂ?"[165]

1915 ਈ. ਵਿਚ ਜਦੋਂ ਇਸ ਸੰਸਥਾ ਨੂੰ ਸ਼ੁਰੂ ਹੋਈ ਨੂੰ 23 ਸਾਲ ਹੋ ਚੁੱਕੇ ਸਨ ਤਾਂ ਭਾਈ ਸਰਦੂਲ ਸਿੰਘ ਕਵੀਸ਼ਰ ਨੇ ਇਸ ਸੰਸਥਾ ਦਾ ਦੌਰਾ ਕੀਤਾ ਸੀ। ਉਨ੍ਹਾਂ ਇਸ ਸੰਸਥਾ ਬਾਰੇ ਆਪਣੇ ਅੱਖੀਂ ਦੇਖਿਆ ਹਾਲ ਇਸ ਤਰ੍ਹਾਂ ਲਿਖਿਆ ਹੈ, 'ਇਹ ਸੱਚਮੁੱਚ ਬਹੁਤ ਮੰਦਭਾਗਾ ਸੀ ਕਿ ਮੈਂ ਪਹਿਲਾਂ ਇਸ ਜਗ੍ਹਾਂ ਤੇ ਨਹੀਂ ਆਇਆ। ਖੁਸ਼ੀ, ਸ਼ਾਂਤੀ, ਸੁਹਜ ਜੋ ਮੈਂ ਉਸ ਪਵਿੱਤਰ ਸਥਾਨ ਤੇ ਮਹਿਸੂਸ ਕੀਤਾ ਅਤੇ ਜੋ ਹੁਣ ਮੇਰੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ, ਮੈਨੂੰ ਅਫਸੋਸ ਹੈ ਕਿ ਮੇਰੇ ਤੋਂ ਬਹੁਤ ਦੂਰ ਰਿਹਾ। ਮੈਂ ਉਥੇ ਕਾਰਕੂਨਾਂ ਅਤੇ ਉਨ੍ਹਾਂ ਦੇ ਕੰਮ ਦੀ ਸ਼ਾਨ ਨੂੰ ਵੇਖਿਆ, ਦੋਵੇਂ ਹੀ ਸਿੱਖੀ ਦੀ ਆਤਮਾ ਦਾ ਪ੍ਰਗਟ ਸਰੂਪ ਹਨ। ਮੈਂ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਸਮਝਿਆ ਹੈ ਕਿ ਕਿਵੇਂ ਪੁਰਾਣੇ ਸਮੇਂ ਦੇ ਸਿੱਖ ਮਾਮੂਲੀ ਸਰੋਤਾਂ ਅਤੇ ਵਿਰੋਧੀ ਹਾਲਤਾਂ ਵਿਚ ਹੈਰਾਨੀਜਨਕ ਕੰਮ ਕਰਦੇ ਸਨ। ਮੈਂ ਇੱਥੇ

[164] ਗੁਰਨੇਕ ਸਿੰਘ ਨੇਕੀ, *ਸਿੰਘ ਸਭਾ ਲਹਿਰ ਦੇ ਉਸਰੱਈਏ*, ਅੰਮ੍ਰਿਤਸਰ: ਲਿਟਰੇਚਰ ਹਾਊਸ, 1985, ਪੰਨਾ 53.
[165] ਉਹੀ, ਪੰਨਾ 51.

ਸਿੱਖਿਆ ਹੈ ਕਿ ਕਿਵੇਂ ਇਕ ਆਦਮੀ ਜੀਵਨ ਵਿਚ ਵੀ ਸ਼ਹੀਦ ਬਣ ਸਕਦਾ ਹੈ, ਕਿਵੇਂ ਸਖਤ ਮਿਹਨਤ ਇਮਾਨਦਾਰੀ ਨਾਲ ਕੰਮ ਕਰਨ ਨਾਲ ਕੰਡਿਆਂ ਦੇ ਤਾਜ ਨੂੰ ਸੁਨਹਿਰੀ ਮੰਡਲ ਵਿਚ ਬਦਲਿਆ ਜਾ ਸਕਦਾ ਹੈ।'[166]

ਇਸ ਤਰ੍ਹਾਂ ਸਿੰਘ ਸਭਾ ਲਹਿਰ ਦੀ ਵਿੱਦਿਅਕ ਲਹਿਰ ਦੇ ਪ੍ਰਭਾਵ ਹੇਠ ਸ਼ੁਰੂ ਹੋਇਆ ਇਹ ਮਹਾਂਵਿਦਿਆਲਾ ਸਿਰਫ਼ ਫਿਰੋਜ਼ਪੁਰ ਹੀ ਨਹੀਂ ਸਗੋਂ ਸਮੁੱਚੇ ਪੰਜਾਬ ਦੀਆਂ ਇਸਤਰੀਆਂ ਲਈ ਸਿੱਖਿਆ ਮੁਹੱਈਆ ਕਰਦਾ ਸੀ। ਇਸ ਦੇ ਬੋਰਡਿੰਗ ਹਾਊਸ ਵਿਚ ਪੰਜਾਬ ਤੋਂ ਬਾਹਰੋਂ ਵੀ ਕੁੜੀਆਂ ਪੜ੍ਹਨ ਆਉਂਦੀਆਂ ਸਨ। ਇਸ ਦੇ ਸ਼ੁਰੂ ਹੋਣ ਨਾਲ ਪੰਜਾਬ ਅੰਦਰ ਇਸਤਰੀ ਸਿੱਖਿਆ ਦੀ ਹਾਲਤ ਵਿਚ ਕਾਫ਼ੀ ਸੁਧਾਰ ਆਇਆ ਅਤੇ ਇਸ ਨਾਲ ਸਮਾਜ ਅੰਦਰੋਂ ਵਿਭਿੰਨ ਤਰ੍ਹਾਂ ਦੀਆਂ ਕੁਰੀਤੀਆਂ ਨੂੰ ਠੱਲ੍ਹ ਪਈ। ਜਿਵੇਂ ਕੁੜੀਆਂ ਨੂੰ ਪੜ੍ਹਾਉਣ ਦੇ ਰੁਝਾਨ ਨਾਲ ਬਾਲ-ਵਿਆਹ ਵਿਚ ਕਾਫ਼ੀ ਕੰਮੀ ਆਈ।[167] ਇਹ ਮਹਾਂਵਿਦਿਆਲਾ ਵਰਤਮਾਨ ਸਮੇਂ ਵੀ ਫਿਰੋਜ਼ਪੁਰ ਸ਼ਹਿਰ ਵਿਚ ਚੱਲ ਰਿਹਾ ਹੈ ਅਤੇ ਲੜਕੀਆਂ ਨੂੰ ਸੀਨੀਅਰ ਸੈਕੰਡਰੀ ਤੱਕ ਦੀ ਪੜ੍ਹਾਈ ਕਰਵਾਉਂਦਾ ਹੈ। ਇਸ ਮਹਾਂਵਿਦਿਆਲਾ ਤੋਂ ਪ੍ਰੇਰਨਾ ਲੈ ਕੇ ਕਈ ਹੋਰ ਥਾਵਾਂ ਨੇ ਵੀ ਇਸਤਰੀ ਸਿੱਖਿਆ ਲਈ ਸਕੂਲ ਖੋਲ੍ਹੇ ਗਏ। ਜਿਨ੍ਹਾਂ ਵਿਚੋਂ ਸਿਆਲਕੋਟ ਵਿਚ ਸਰਦਾਰ ਸ਼ਿਬਦਿਓ ਦੁਆਰਾ ਸ਼ੁਰੂ ਕੀਤਾ ਮਿਡਲ ਸਕੂਲ, ਗੁਰਬਖਸ਼ ਸਿੰਘ ਵੱਲੋਂ ਚੂਹਣੀਆਂ ਵਿਚ ਖੋਲ੍ਹੀ ਪਾਠਸ਼ਾਲਾ ਤੇ ਬੋਰਡਿੰਗ ਹਾਊਸ ਅਤੇ ਪਿੰਡੀ, ਕੈਰੋਂ, ਗੋਜਰੇ, ਲਾਇਲਪੁਰ, ਅੰਮ੍ਰਿਤਸਰ, ਕੋਟਲਾ ਕਾਸਮ ਖਾਂ ਆਦਿ ਵਿਖੇ ਸ਼ੁਰੂ ਹੋਈਆਂ ਗੁਰਮਤਿ ਕੰਨਯਾ ਪਾਠਸ਼ਾਲਾਂ ਪ੍ਰਮੁੱਖ ਹਨ।[168]

**5.7.5. ਖ਼ਾਲਸਾ ਕਾਲਜ, ਅੰਮ੍ਰਿਤਸਰ:** ਸਿੰਘ ਸਭਾ ਲਹਿਰ ਦੀਆਂ ਵਿੱਦਿਅਕ ਪ੍ਰਾਪਤੀਆਂ ਵਿਚ ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਸਥਾਪਨਾ ਸਿਖਰਲੀ ਪ੍ਰਾਪਤੀ ਮੰਨੀ ਗਈ ਹੈ। ਇਸ ਕਾਲਜ ਨੂੰ ਸ਼ੁਰੂ ਕਰਨ ਦਾ ਸੁਪਨਾ ਸਿੰਘ ਸਭਾ, ਲਾਹੌਰ ਦੇ ਮੋਢੀ ਭਾਈ ਗੁਰਮੁਖ ਸਿੰਘ ਨੇ ਦੇਖਿਆ ਸੀ ਅਤੇ ਹੌਲੀ-ਹੌਲੀ ਇਹ ਸੁਪਨਾ ਸਮੁੱਚੇ ਸਿੱਖ ਪੰਥ ਦਾ ਸਾਂਝਾ ਸੁਪਨਾ ਬਣ ਗਿਆ। ਇਸ ਕਾਲਜ ਦੀ ਮਹੱਤਤਾ ਬਾਰੇ ਗੰਡਾ ਸਿੰਘ ਨੇ ਲਿਖਿਆ ਹੈ, "ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਇਤਿਹਾਸ ਅਮਲੀ ਰੂਪ ਵਿਚ ਸਿੱਖਾਂ ਵਿਚ ਪੁਨਰਜਾਗਰਣ ਦਾ ਇਤਿਹਾਸ ਹੈ। ਪਿਛਲੀ ਸਦੀ ਦੇ ਨੱਬੇ ਦੇ ਦਹਾਕੇ ਵਿਚ ਇਸ ਦੀ ਸਥਾਪਨਾ ਦੇ ਨਾਲ ਸਿੱਖ ਲੜਕੇ ਅਤੇ ਲੜਕੀਆਂ ਦੀ ਸਿੱਖਿਆ ਲਈ ਵਿਆਪਕ ਪੱਧਰ ਤੇ ਇਕ ਅੰਦੋਲਨ ਸ਼ੁਰੂ ਹੋਇਆ। ਪੁਰਾਣੀ ਪੀੜ੍ਹੀ ਦੇ ਉੱਘੇ ਪੜ੍ਹੇ-ਲਿਖੇ ਸਿੱਖਾਂ ਵਿਚੋਂ ਸ਼ਾਇਦ ਹੀ ਕੋਈ ਅਜਿਹਾ ਮਿਲਦਾ ਹੋਵੇ ਜੋ ਕਿਸੇ ਸਮੇਂ ਇਸ ਮਹਾਨ ਸੰਸਥਾ ਨਾਲ ਨਹੀਂ ਸੀ ਜੁੜਿਆ। ਪਟਿਆਲਾ, ਕਪੂਰਥਲਾ, ਨਾਭਾ, ਫਰੀਦਕੋਟ ਅਤੇ

---

[166] "It was, indeed, very unfortunate that i did not come earlier to the place. The joy, the peace, the charm that i felt in that sacred place, and that now has become a part of my life, had, i felt sorry, remained so long away from me. I saw there the worker and the work in their glory, both embodiments of the spirit of sikhism. I grasped for the first time in my life how Sikhs of old could work wonders with meagre material, and against all unfavourable circumstances. I learnt here how a man could become a martyr even in life, how by sheer hard, honest work a crown of thorns could be turned into a golden chaplet." Sardul Singh Caveeshar, "The Sikh Kanya Mahavidyala Ferozepore", *The Singh Sabha and other Socio-Religious Movements in The Punjab*, Ganda Singh (edi.), Patiala: Punjabi University, Third Edition, 1997, p. 101.

[167] Ibid, p. 108.

[168] ਦੀਨ ਦਿਆਲ ਸਿੰਘ (ਸੰਗ੍ਰਹਿ ਕਰਤਾ), *ਪ੍ਰਧਾਨਗੀ ਭਾਸ਼ਨ: ਸਿੱਖ ਐਜੂਕੇਸ਼ਨਲ ਕਾਰਫਰੰਸ (ਭਾਗ ਪਹਿਲਾ)*, ਅੰਮ੍ਰਿਤਸਰ: ਚੀਫ਼ ਖ਼ਾਲਸਾ ਦੀਵਾਨ, 1990, ਪੰਨਾ 10.

ਜੀਂਦ ਦੇ ਮਹਾਰਾਜਿਆਂ ਸਮੇਤ ਸਾਰੇ ਸਿੱਖ ਰਾਜਕੁਮਾਰ ਇਸ ਨਾਲ ਨੇੜਿਓਂ ਜੁੜੇ ਹੋਏ ਹਨ ਅਤੇ ਇਸ ਦੇ ਮੁੱਖ ਸਰਪ੍ਰਸਤਾਂ ਵਿਚ ਗਿਣੇ ਜਾਂਦੇ ਹਨ। ਸਿੱਖਾਂ ਦੇ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਜੀਵਨ ਦੀ ਜੋਤ ਜੋ ਕਿ ਸਿੱਖ ਸਾਮਰਾਜ ਦੇ ਪਤਨ ਤੋਂ ਬਾਅਦ ਹਰ ਦਿਨ ਮੱਧਮ ਅਤੇ ਮੱਧਮ ਹੁੰਦੀ ਜਾ ਰਹੀ ਸੀ, ਨੂੰ ਖ਼ਾਲਸਾ ਕਾਲਜ ਵੱਲੋਂ ਨਾ ਸਿਰਫ ਬਲਦਾ ਰੱਖਿਆ ਗਿਆ ਹੈ, ਸਗੋਂ ਇਸ ਨੇ ਪ੍ਰਕਾਸ਼ ਦੇ ਹੜ੍ਹ ਅਤੇ ਸਿੱਖਿਆ ਨੂੰ ਦੇਸ਼ ਦੇ ਦੂਰ-ਦੁਰਾਡੇ ਅਤੇ ਹਨੇਰੇ ਕੋਨਿਆਂ ਤੱਕ ਪਹੁੰਚਾਇਆ ਹੈ ਅਤੇ ਸਿੱਖ ਭਾਈਚਾਰੇ ਨੂੰ ਸਿੱਖਿਆ ਅਤੇ ਸਮਾਜਕ ਉੱਨਤੀ ਦੇ ਖੇਤਰ ਵਿਚ ਇਸ ਦੀ ਮੌਜੂਦਾ ਈਰਖਾਯੋਗ ਸਥਿਤੀ ਵਿਚ ਲਿਆਉਣ ਵਿਚ ਸਹਾਇਤਾ ਕੀਤੀ ਹੈ।"[169]

ਖ਼ਾਲਸਾ ਦੀਵਾਨ, ਅੰਮ੍ਰਿਤਸਰ ਦੀ ਸਥਾਪਨਾ ਦੇ ਨਾਲ ਹੀ ਖ਼ਾਲਸਾ ਕਾਲਜ ਦੀ ਸਥਾਪਨਾ ਦੀ ਤਜਵੀਜ਼ ਵੀ ਸ਼ੁਰੂ ਹੋ ਗਈ। ਸਿੰਘ ਸਭਾ ਦੁਆਰਾ ਇਸ ਬਾਰੇ ਪ੍ਰਸਤਾਵ ਪਾਸ ਕੀਤਾ ਗਿਆ ਅਤੇ 'ਗੁਰਮੁਖੀ ਅਖ਼ਬਾਰ' ਵਿਚ ਇਸ ਵਿਸ਼ੇ 'ਤੇ ਲੇਖ ਲਿਖੇ ਗਏ। ਇਸ ਤੋਂ ਪਿੱਛੋਂ 5 ਹਾੜ੍ਹ ਸੰ: 414 ਨਾ: ਸ਼ਾ: (1883 ਈ.) ਨੂੰ ਲਾਲਾ ਸੰਤ ਰਾਮ ਦੀ ਕੋਠੀ ਅੰਮ੍ਰਿਤਸਰ ਵਿਖੇ ਸਿੱਖਾਂ ਦਾ ਇਕੱਠ ਹੋਇਆ ਜਿਸ ਵਿਚ ਪੰਥਕ ਮੁਖੀਆਂ ਅੱਗੇ ਭਾਈ ਗੁਰਮੁਖ ਸਿੰਘ ਨੇ ਖ਼ਾਲਸਾ ਕਾਲਜ ਕਾਇਮ ਕਰਨ ਲਈ ਆਪਣੇ ਵਿਚਾਰ ਪੇਸ਼ ਕੀਤੇ। ਸਾਰਿਆਂ ਨੇ ਇਕ ਰਾਇ ਨਾਲ ਇਸ ਖ਼ਿਆਲ ਦੀ ਪ੍ਰੋੜ੍ਹਤਾ ਕੀਤੀ ਅਤੇ ਗੁਰਮਤਾ ਪਾਸ ਕਰ ਕੇ ਕਾਲਜ ਦੀ ਸਥਾਪਤੀ ਲਈ ਮਸੌਦਾ ਤਿਆਰ ਕਰਨ ਲਈ ਇਕ ਕਮੇਟੀ ਨਿਯਤ ਕਰ ਦਿੱਤੀ।[170] ਦੂਜੀ ਵਾਰ ਸਿੱਖ ਮੁਖੀਆਂ ਦਾ ਅਜਿਹਾ ਹੀ ਇਕ ਇਕੱਠ ਲਾਹੌਰ ਦੇ ਲਾਰੰਸ ਹਾਲ ਵਿਚ ਹੋਇਆ ਜਿਸ ਵਿਚ ਕੰਵਰ ਬਿਕ੍ਰਮ ਸਿੰਘ, ਬਾਬਾ ਖੇਮ ਸਿੰਘ ਬੇਦੀ, ਸ. ਮਾਨ ਸਿੰਘ ਸਰਬਰਾਹ, ਭਾਈ ਮੀਹਾਂ ਸਿੰਘ ਲਾਹੌਰ, ਸ. ਭਗਵੰਤ ਸਿੰਘ ਸਪੁੱਤਰ ਸ. ਅਤਰ ਸਿੰਘ ਭਦੌੜ, ਸ. ਸੁਜਾਨ ਸਿੰਘ ਰਾਵਲਪਿੰਡੀ, ਭਾਈ ਗੁਰਮੁਖ ਸਿੰਘ ਆਦਿ ਸੱਜਣ ਸ਼ਾਮਲ ਹੋਏ। ਇਸ ਇਕੱਠ ਵਿਚ ਸਲਾਹ ਕਰ ਕੇ ਲੈਫ਼ਟੀਨੈਂਟ ਗਵਰਨਰ, ਪੰਜਾਬ ਨੂੰ ਐਡਰੈਸ ਪੇਸ਼ ਕਰਕੇ ਕਾਲਜ ਦੀ ਸਥਾਪਨਾ ਲਈ ਸਰਕਾਰ ਨੂੰ ਮਦਦ ਕਰਨ ਲਈ ਬੇਨਤੀ ਕੀਤੀ ਗਈ।[171]

ਸੰਨ 1885 ਈ. ਤੋਂ ਪਿੱਛੋਂ ਖ਼ਾਲਸਾ ਕਾਲਜ ਦੀ ਸਥਾਪਨਾ ਲਈ ਸਰਕਾਰ ਅਤੇ ਸਿੱਖਾਂ ਵਿਚਕਾਰ ਕਈ ਮੀਟਿੰਗਾਂ ਹੋਈਆਂ ਅਤੇ ਅਖੀਰ 1889 ਈ. ਵਿਚ 'ਖ਼ਾਲਸਾ ਕਾਲਜ ਅਸਥਾਪਨ ਕਮੇਟੀ' ਬਣਾਈ ਗਈ। ਇਸ ਕਮੇਟੀ ਦਾ ਪਹਿਲਾ ਇਕੱਠ 22 ਫਰਵਰੀ, 1890 ਈ. ਨੂੰ ਲਾਹੌਰ ਹੋਇਆ। ਸਰਕਾਰੀ ਹੁਕਮ ਨਾਲ ਇਲਾਕੇਵਾਰ

---

[169] "The history of the Khalsa College Amritsar is practically the history of rennaissance among the Sikhs. With its establishment in the nineties of the last century began a movement for the education of Sikh boys and girls on an extensive scale. One hardly comes across an eminent educated Sikh of the older generation who had not, at one time or other, been connected with this great institution. All the Sikh Princes, including the Maharajas of Patiala, Kapurthala, Nabha, Faridkot and Jind are closely associated with it and are counted among its chief patrons. The flickering torch of religious, social and political life among the Sikhs that was becoming dimmer and dimmer every day after the fall of the Sikh empire, has not only been kept burning by the Khalsa College, but it has contributed floods of light and learning to the remotest and dark corners of the country and has helped to raise the Sikh community to its present enviable position in the field of education and social uplift." Ganda Singh, *A History of the Khalsa College Amritsar*, Amritsar, 1949, p. 1.

[170] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 216.

[171] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ 48.

ਚੰਦਾ ਇਕੱਠਾ ਕਰਨ ਲਈ ਫ਼ਰਦਾਂ ਬਣ ਗਈਆਂ ਤੇ ਸਿੱਖ ਰਈਸਾਂ ਪਾਸ ਸਰਕਾਰ ਵੱਲੋਂ ਬਾਕਾਇਦਾ ਸਰਕੂਲਰ ਭੇਜੇ ਗਏ। ਮਹਾਰਾਜਾ ਫਰੀਦਕੋਟ ਅਤੇ ਦਿਆਲ ਸਿੰਘ ਮਜੀਠੀਆ ਵਰਗੇ ਧਨਾਢ ਸਰਦਾਰਾਂ ਦੀ ਮਨੋ ਕਾਮਨਾ ਸੀ ਕਿ ਜੇ ਕਾਲਜ ਉਨ੍ਹਾਂ ਦੇ ਨਾਉਂ 'ਤੇ ਬਣਾ ਦਿੱਤਾ ਜਾਵੇ ਤਾਂ ਉਨ੍ਹਾਂ ਨੂੰ ਆਪਣੀ ਜਾਇਦਾਦ ਦਾ ਵੱਡਾ ਹਿੱਸਾ ਕਾਲਜ ਦੀ ਸਥਾਪਨਾ ਲਈ ਦੇਣ ਬਾਰੇ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ। ਸਿੱਖ ਆਪਣੇ ਕਾਲਜ ਨੂੰ ਵਿਅਕਤੀਗਤ ਰੰਗਤ ਨਹੀਂ ਦੇਣਾ ਚਾਹੁੰਦੇ ਸਨ ਇਸ ਲਈ ਇਨ੍ਹਾਂ ਸਰਦਾਰਾਂ ਦੀ ਇਹ ਮੰਗ ਅਪ੍ਰਵਾਨ ਕਰ ਦਿੱਤੀ ਗਈ।[172]

ਫ਼ੈਸਲਾ ਕੀਤਾ ਗਿਆ ਕਿ ਸਿੱਖ ਰਿਆਸਤਾਂ, ਬ੍ਰਿਟਿਸ਼ ਅਧਿਕਾਰੀਆਂ ਅਤੇ ਹੋਰ ਸਿੱਖ ਪ੍ਰੇਮੀਆਂ ਪਾਸੋਂ ਕਾਲਜ ਲਈ ਚੰਦਾ ਇਕੱਠਾ ਕੀਤਾ ਜਾਵੇ ਅਤੇ ਇਕ ਟਰੱਸਟ ਉਸ ਚੰਦੇ ਦੀ ਮਦਦ ਨਾਲ ਕਾਲਜ ਸ਼ੁਰੂ ਕਰੇ। ਭਾਈ ਗੁਰਮੁਖ ਸਿੰਘ ਅਤੇ ਸ. ਜਵਾਹਰ ਸਿੰਘ ਦੀ ਅਗਵਾਈ ਵਿਚ ਇਕ ਡੈਪੂਟੇਸ਼ਨ ਚੰਦਾ ਇਕੱਠਾ ਕਰਨ ਲਈ ਸਿੱਖ ਮਹਾਰਾਜਿਆਂ ਪਾਸ ਭੇਜਿਆ ਗਿਆ। ਮਹਾਰਾਜਾ ਪਟਿਆਲਾ ਨੇ ਸਭ ਤੋਂ ਪਹਿਲਾਂ ਡੇਢ ਲੱਖ ਰੁਪਿਆ ਦੇ ਕੇ ਖ਼ਾਲਸਾ ਕਾਲਜ ਦਾ ਮੁੱਢ ਬੰਨ੍ਹਿਆ। ਇਸ ਤੋਂ ਪਿੱਛੋਂ ਮਹਾਰਾਜਾ ਨਾਭਾ ਨੇ ਇਕ ਲੱਖ ਗਿਆਰਾ ਹਜ਼ਾਰ, ਕੌਂਸਲ ਜੀਂਦ ਨੇ ਪੰਝੱਤਰ ਹਜ਼ਾਰ ਤੇ ਮਹਾਰਾਜਾ ਕਪੂਰਥਲਾ ਨੇ ਇਕ ਲੱਖ ਰੁਪਏ ਚੰਦਾ ਦਿੱਤਾ। ਹੋਰ ਬ੍ਰਿਟਿਸ਼ ਇਲਾਕੇ ਵੱਲੋਂ ਵੀ ਕਾਫ਼ੀ ਸਹਾਇਤਾ ਪ੍ਰਾਪਤ ਕੀਤੀ ਗਈ। ਇਸ ਤਰ੍ਹਾਂ ਸਿੱਖ ਪ੍ਰੇਮੀਆਂ ਨੇ ਦਿਲ ਖੋਲ੍ਹ ਕੇ ਖ਼ਾਲਸਾ ਕਾਲਜ ਬਣਾਉਣ ਲਈ ਚੰਦਾ ਦਿੱਤਾ।[173]

ਇਸ ਤਰ੍ਹਾਂ ਕਈ ਲੱਖ ਰੁਪਏ ਚੰਦਾ ਜਮ੍ਹਾ ਹੋ ਗਿਆ ਅਤੇ ਖ਼ਾਲਸਾ ਕਾਲਜ ਬਣਾਉਣ ਦੀਆਂ ਤਿਆਰੀਆਂ ਹੋਣ ਲੱਗੀਆਂ। ਮਾਇਆ ਦੀ ਸਮੱਸਿਆ ਤਾਂ ਹੱਲ ਹੋ ਗਈ ਪਰ ਇਸ ਦੇ ਨਾਲ ਹੀ ਇਕ ਨਵੀਂ ਸਮੱਸਿਆ ਖੜ੍ਹੀ ਹੋ ਗਈ ਕਿ ਖ਼ਾਲਸਾ ਕਾਲਜ ਲਾਹੌਰ ਜਾਂ ਅੰਮ੍ਰਿਤਸਰ ਵਿਚੋਂ ਬਣੇ ਕਿੱਥੇ। ਖ਼ਾਲਸਾ ਦੀਵਾਨ, ਲਾਹੌਰ ਦੇ ਮੋਢੀਆਂ ਦੀ ਰਾਇ ਲਾਹੌਰ ਦੇ ਹੱਕ ਵਿਚ ਸੀ ਅਤੇ ਸਰਕਾਰ ਵੀ ਇਹੀ ਚਾਹੁੰਦੀ ਸੀ ਕਿ ਇਹ ਕਾਲਜ ਲਾਹੌਰ ਹੀ ਬਣਾਇਆ ਜਾਵੇ ਪਰ ਅੰਮ੍ਰਿਤਸਰ ਸਿੰਘ ਸਭਾ ਦੇ ਮੋਢੀ ਖ਼ਾਲਸਾ ਕਾਲਜ ਅੰਮ੍ਰਿਤਸਰ ਬਣਾਉਣਾ ਚਾਹੁੰਦੇ ਸਨ। ਲਾਹੌਰ ਵਿਖੇ ਆਰੀਆ ਸਮਾਜੀ ਵੀ ਖ਼ਾਲਸਾ ਕਾਲਜ ਦਾ ਵਿਰੋਧ ਕਰਨ ਲੱਗ ਪਏ ਕਿਉਂਕਿ ਉਨ੍ਹਾਂ ਨੂੰ ਖ਼ਤਰਾ ਜਾਪਣ ਲੱਗਾ ਕਿ ਜੇਕਰ ਖ਼ਾਲਸਾ ਕਾਲਜ ਲਾਹੌਰ ਬਣ ਗਿਆ ਤਾਂ ਉਨ੍ਹਾਂ ਦੀ ਡੀ. ਏ. ਵੀ. ਕਾਲਜ ਬਣਾਉਣ ਦੀ ਸਕੀਮ ਕਾਮਯਾਬ ਨਹੀਂ ਹੋਣੀ। ਸੋ ਕਈ ਮੀਟਿੰਗਾਂ ਤੋਂ ਬਾਅਦ ਖ਼ਾਲਸਾ ਕਾਲਜ ਬਣਾਉਣ ਦਾ ਫ਼ੈਸਲਾ ਅੰਮ੍ਰਿਤਸਰ ਦੇ ਹੱਕ ਵਿਚ ਹੀ ਕਰ ਦਿੱਤਾ ਗਿਆ। ਅੰਮ੍ਰਿਤਸਰ-ਲਾਹੌਰ ਜਰਨੈਲੀ ਸੜਕ ਉੱਪਰ ਅੰਮ੍ਰਿਤਸਰ ਤੋਂ 4 ਮੀਲ ਦੇ ਫ਼ਾਸਲੇ 'ਤੇ ਪਿੰਡ ਕੋਟ ਸੈਦ ਮਹਿਮੂਦ (ਹੁਣ ਕੋਟ ਖ਼ਾਲਸਾ) ਦੇ ਜ਼ਿਮੀਂਦਾਰਾਂ ਤੋਂ 100 ਏਕੜ ਜ਼ਮੀਨ ਕਾਲਜ ਬਣਾਉਣ ਲਈ ਖ਼ਰੀਦੀ ਗਈ ਅਤੇ 5 ਮਾਰਚ, 1892 ਈ. ਨੂੰ ਸਰ ਜੇਮਜ ਲਾਇਲ ਲੈਫ਼ਟੀਨੈਂਟ ਗਵਰਨਰ, ਪੰਜਾਬ ਨੇ ਕਾਲਜ ਦੀ ਨੀਂਹ ਰੱਖ ਦਿੱਤੀ।[174]

---

[172] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ,* ਪੰਨਾ 218.
[173] Ganda Singh, *A History of the Khalsa College Amritsar,* p. 15.
[174] Ibid, p. 22.

ਖ਼ਾਲਸਾ ਕਾਲਜ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਖ਼ਾਲਸਾ ਕਾਲਜ ਅਸਥਾਪਨ ਕਮੇਟੀ ਦਾ ਕੰਮ ਪੂਰਾ ਹੋ ਗਿਆ ਅਤੇ ਇਸ ਤੋਂ ਬਾਅਦ ਖ਼ਾਲਸਾ ਕਾਲਜ ਨੂੰ ਆਪਣੇ ਪੈਰਾ ਸਿਰ ਕਰਨ ਲਈ ਖ਼ਾਲਸਾ ਕਾਲਜ ਕੌਂਸਲ ਦੀ ਸਥਾਪਨਾ ਕੀਤੀ ਗਈ। ਇਸ ਵਿਚ ਸੌ ਤੋਂ ਉੱਪਰ ਮੈਂਬਰ ਲਏ ਗਏ ਅਤੇ ਉਨ੍ਹਾਂ ਵਿਚੋਂ ਤੀਹ ਮੈਂਬਰਾਂ ਦੀ ਪ੍ਰਬੰਧਕੀ ਕਮੇਟੀ ਬਣਾਈ ਗਈ। ਇਸ ਕੌਂਸਲ ਨੂੰ XXI 1860 ਐਕਟ ਅਧੀਨ ਰਜਿਸਟਰਡ ਕਰਵਾਇਆ ਗਿਆ। ਵਿਲੀਅਮ ਐਚ. ਰਟੀਗਨ ਨੂੰ ਪ੍ਰਧਾਨ, ਸ. ਅਤਰ ਸਿੰਘ ਭਦੌੜ ਨੂੰ ਉਪ-ਪ੍ਰਧਾਨ ਅਤੇ ਭਾਈ ਜਵਾਹਰ ਸਿੰਘ ਨੂੰ ਇਸ ਕੌਂਸਲ ਦਾ ਸਕੱਤਰ ਥਾਪਿਆ ਗਿਆ। ਭਾਈ ਰਾਮ ਸਿੰਘ ਅਤੇ ਸ. ਧਰਮ ਸਿੰਘ ਨੂੰ ਕਾਲਜ ਦੀ ਇਮਾਰਤ ਡਿਜ਼ਾਈਨ ਕਰਨ ਲਈ ਨਿਯੁਕਤ ਕੀਤਾ ਗਿਆ।[175]

22 ਅਕਤੂਬਰ, 1893 ਈ. ਵਿਚ ਪਹਿਲਾਂ 'ਖ਼ਾਲਸਾ ਕਾਲਜ ਸਕੂਲ' ਖੋਲ੍ਹਿਆ ਗਿਆ ਅਤੇ ਮਿਡਲ ਤੱਕ ਦੀ ਪੜ੍ਹਾਈ ਸ਼ੁਰੂ ਹੋਈ। ਤਿੰਨ ਸਾਲ ਬਾਅਦ ਸੰਨ 1896 ਈ. ਵਿਚ ਇਸ ਨੂੰ ਹਾਈ ਅਤੇ ਇੰਟਰ ਪੱਧਰ ਤੱਕ ਕਰ ਦਿੱਤਾ ਗਿਆ। ਸੰਨ 1899 ਈ. ਵਿਚ ਬੀ. ਏ. ਦੀਆਂ ਕਲਾਸਾਂ ਸ਼ੁਰੂ ਹੋਈਆਂ, ਸੰਨ 1905 ਈ. ਵਿਚ ਬੀ.ਐਸ.ਸੀ. ਦੀ ਪੜ੍ਹਾਈ ਸ਼ੁਰੂ ਹੋਈ ਅਤੇ ਸੰਨ 1916 ਈ. ਵਿਚ ਐਮ.ਏ. ਦੀਆਂ ਜਮਾਤਾਂ ਲੱਗਣੀਆਂ ਸ਼ੁਰੂ ਹੋ ਗਈਆਂ।[176]

ਇਸ ਕਾਲਜ ਦੀ ਉਸਾਰੀ ਵਿਚ ਪ੍ਰੋ. ਗੁਰਮੁਖ ਸਿੰਘ, ਭਾਈ ਜਵਾਹਰ ਸਿੰਘ, ਸ. ਅਤਰ ਸਿੰਘ ਭਦੌੜ, ਸ. ਸੁੰਦਰ ਸਿੰਘ ਮਜੀਠੀਆ, ਸ. ਹਰਬੰਸ ਸਿੰਘ ਅਟਾਰੀ, ਭਾਈ ਵੀਰ ਸਿੰਘ, ਪ੍ਰੋ. ਜੋਧ ਸਿੰਘ ਆਦਿ ਦਾ ਭਰਵਾਂ ਸਹਿਯੋਗ ਰਿਹਾ ਹੈ। ਇਸ ਤਰ੍ਹਾਂ ਸਿੱਖਾਂ ਦੀ ਇਹ ਅਦੁੱਤੀ ਵਿੱਦਿਅਕ ਸੰਸਥਾ, ਜੋ ਸਿੰਘ ਸਭਾ ਲਹਿਰ ਦੇ ਚਿੰਤਕਾਂ ਦੀਆਂ ਕੁਰਬਾਨੀਆਂ ਦਾ ਫਲ ਹੈ, ਪੰਜਾਬ ਦੇ ਇਕ ਪ੍ਰਸਿੱਧ ਸ਼ਾਹੀ ਕਾਲਜ ਦੀ ਸ਼ਕਲ ਵਿਚ ਬਦਲ ਗਈ। ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਇੱਥੇ ਸਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਈ ਗਈ ਅਤੇ ਧਰਮ ਅਧਿਐਨ ਵਿਭਾਗ ਕਾਇਮ ਕੀਤਾ ਗਿਆ। ਪ੍ਰੋ. ਜੋਧ ਸਿੰਘ ਅਤੇ ਪ੍ਰੋ. ਸਾਹਿਬ ਸਿੰਘ ਵਰਗੇ ਅਧਿਆਪਕ ਇਸ ਵਿਭਾਗ ਦਾ ਸੰਚਾਲਨ ਕਰਦੇ ਰਹੇ। ਸਿੱਖ ਇਤਿਹਾਸ ਨਾਲ ਸੰਬੰਧਿਤ ਲਾਇਬ੍ਰੇਰੀ ਇਸ ਕਾਲਜ ਦੀ ਦੁਰਲੱਭ ਪ੍ਰਾਪਤੀ ਹੈ ਜਿਸ ਨੂੰ ਪੱਕੇ ਪੈਰਾਂ ਉੱਤੇ ਖੜ੍ਹਾ ਕਰਨ ਲਈ ਗੰਡਾ ਸਿੰਘ ਦਾ ਯੋਗਦਾਨ ਅਦੁੱਤੀ ਹੈ। ਸਿੱਖ ਧਰਮ ਦੀਆਂ ਅਨੇਕਾਂ ਮੁੱਖ ਸ਼ਖ਼ਸੀਅਤਾਂ ਇੱਥੋਂ ਹੀ ਪੜ੍ਹੀਆਂ ਅਤੇ ਕਈ ਉੱਘੇ ਵਿਦਵਾਨਾਂ ਦਾ ਸੰਬੰਧ ਇਸ ਕਾਲਜ ਨਾਲ ਰਿਹਾ ਹੈ।[177]

**5.7.6. ਸਿੱਖ ਐਜੂਕੇਸ਼ਨਲ ਕਾਨਫ਼ਰੰਸ:** ਸੰਨ 1907 ਈ. ਦੀਆਂ ਗਰਮੀਆਂ ਦੀਆਂ ਛੁੱਟੀਆਂ ਵਿਚ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ ਦਾ ਇਕ ਜਥਾ ਪ੍ਰਚਾਰ ਲਈ ਕਰਾਚੀ ਗਿਆ। ਉੱਥੇ ਮੁਸਲਿਮ ਐਜੂਕੇਸ਼ਨਲ ਕਾਨਫ਼ਰੰਸ ਦਾ ਸਾਲਾਨਾ ਜਲਸਾ ਹੋ ਰਿਹਾ ਸੀ। ਉਸ ਨੂੰ ਵੇਖ ਕੇ ਸਿੱਖ ਚਿੰਤਕਾਂ ਨੇ ਸੋਚਿਆ ਕਿ ਕਿਉਂ ਨਾ ਸਿੱਖ

---

[175] Ibid, p. 23.
[176] Teja Singh, "Khalsa College Amritsar", *The Singh Sabha and other Socio-Religious Movements in The Punjab,* Ganda Singh (edi.), p. 79.
[177] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ ਦੂਜਾ)*, ਪੰਨਾ 628.

ਐਜੂਕੇਸ਼ਨਲ ਕਾਨਫ਼ਰੰਸ ਦੀ ਨੀਂਹ ਰੱਖੀ ਜਾਵੇ। ਇਹ ਵਿਚਾਰ ਫੁਰਦਿਆਂ ਹੀ ਕਾਨਫ਼ਰੰਸ ਸ਼ੁਰੂ ਕਰਨ ਦੇ ਨਿਯਮ ਬਣਾਉਣ ਲਈ ਸਿੱਖ ਵਿੱਦਿਅਕ ਕਮੇਟੀ ਬਣਾਈ ਗਈ ਅਤੇ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਸ਼ੁਰੂ ਕਰਨ ਦੀਆਂ ਤਿਆਰੀਆਂ ਹੋਣ ਲੱਗੀਆਂ।[178] 9 ਜਨਵਰੀ, 1908 ਈ. ਨੂੰ ਅੰਮ੍ਰਿਤਸਰ ਵਿਚ 21 ਸਿੱਖ ਸ਼ਖ਼ਸੀਅਤਾਂ ਦੀ ਇਕ ਮੀਟਿੰਗ ਹੋਈ ਜਿਸ ਦੀ ਪ੍ਰਧਾਨਗੀ ਸ. ਤ੍ਰਿਲੋਚਨ ਸਿੰਘ ਨੇ ਕੀਤੀ। ਸਕੱਤਰ ਦੀ ਜ਼ਿੰਮੇਵਾਰੀ ਭਾਈ ਜੋਧ ਸਿੰਘ ਨੇ ਨਿਭਾਈ। ਉਸ ਦਿਨ 'ਸਿੱਖ ਐਜੂਕੇਸ਼ਨਲ ਕਾਨਫ਼ਰੰਸ' ਦੀ ਸਥਾਪਨਾ ਦਾ ਫ਼ੈਸਲਾ ਕੀਤਾ ਗਿਆ। ਇਸ ਕਾਨਫ਼ਰੰਸ ਦਾ ਵਿਧਾਨ ਤਿਆਰ ਕਰਨ ਲਈ 19 ਜਨਵਰੀ, 1908 ਈ. ਨੂੰ ਇਕ ਪੰਜ ਮੈਂਬਰੀ ਕਮੇਟੀ (ਸ. ਗੁਰਚਰਨ ਸਿੰਘ, ਸ. ਖੜਕ ਸਿੰਘ, ਭਾਈ ਦਾਨ ਸਿੰਘ, ਪ੍ਰੋ. ਜੋਧ ਸਿੰਘ ਅਤੇ ਭਾਈ ਗੁਲਾਬ ਸਿੰਘ) ਬਣਾਈ ਗਈ। ਇਸ ਕਾਨਫਰੰਸ ਦੀ ਸਥਾਪਨਾ ਪਿੱਛੇ ਭਾਈ ਵੀਰ ਸਿੰਘ ਦੀ ਪ੍ਰੇਰਨਾ ਮੌਜੂਦ ਰਹੀ ਅਤੇ ਇਸ ਦੇ ਵਿਕਾਸ ਲਈ ਉਹ ਸਦਾ ਯਤਨਸ਼ੀਲ ਰਹੇ।[179]

ਇਹ ਵਿੱਦਿਅਕ ਸੰਸਥਾ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੀ ਸਰਪ੍ਰਸਤੀ ਵਿਚ ਕੰਮ ਕਰਦੀ ਸੀ ਅਤੇ ਇਸ ਦਾ ਕਾਰਜ 13 ਮੈਂਬਰੀ ਸਿੱਖ ਐਜੂਕੇਸ਼ਨਲ ਕਮੇਟੀ ਨਿਭਾਉਂਦੀ ਸੀ। ਸਿੱਖ ਸਮਾਜ ਵਿਚ ਵਿੱਦਿਅਕ ਜਾਗ੍ਰਿਤੀ ਲਿਆਉਣ ਵਾਲੀ ਇਸ ਕਾਨਫ਼ਰੰਸ ਦਾ ਪਹਿਲਾ ਸੈਸ਼ਨ ਗੁਜਰਾਂਵਾਲਾ ਵਿਚ 17 ਤੋਂ 19 ਅਪ੍ਰੈਲ, 1908 ਈ. ਤੱਕ ਹੋਇਆ ਜਿਸ ਦੀ ਪ੍ਰਧਾਨਗੀ ਸ. ਬਘੇਲ ਸਿੰਘ ਨੇ ਕੀਤੀ।[180] ਬਾਅਦ ਵਿਚ ਲਗਭਗ ਹਰ ਸਾਲ ਹੋਏ ਇਸ ਦੇ ਸੈਸ਼ਨਾਂ ਦੀ ਪ੍ਰਧਾਨਗੀ ਸਿੱਖ ਕੌਮ ਦੀਆਂ ਮਹਾਨ ਸ਼ਖ਼ਸੀਅਤਾਂ ਕਰਦੀਆਂ ਰਹੀਆਂ। ਇਸ ਕਾਨਫ਼ਰੰਸ ਬਾਰੇ ਭਾਈ ਜੋਧ ਸਿੰਘ ਲਿਖਦੇ ਹਨ, "ਪਹਿਲੀ ਕਾਨਫਰੰਸ ਗੁਜਰਾਂਵਾਲੇ ਹੋਈ। ਸਮਾਚਾਰ ਰਾਹੀਂ ਕਾਨਫਰੰਸ ਦੇ ਡੇਲੀਗੇਟ ਅਤੇ ਵਿਜ਼ਿਟਰ ਬਣਨ ਲਈ ਸਿੱਖਾਂ ਨੂੰ ਮਜ਼ਮੂਨਾਂ ਅਤੇ ਕਵਿਤਾਵਾਂ ਦੁਆਰਾ ਉਤਸ਼ਾਹਿਤ ਕੀਤਾ ਜਾਂਦਾ। ਭਾਈ ਸਾਹਿਬ (ਭਾਈ ਵੀਰ ਸਿੰਘ) ਆਪਣੇ ਨਿੱਜੀ ਪ੍ਰੇਮੀਆਂ ਨੂੰ ਵੀ ਇਸ ਦੀ ਕਾਮਯਾਬੀ ਲਈ ਕੰਮ ਕਰਨ ਲਈ ਪ੍ਰੇਰਦੇ। ਇਹ ਵਾਰਸਿਕ ਇਕੱਠ ਜਿੱਥੇ ਵੀ ਹੁੰਦਾ, ਉਥੇ ਇਕ ਖ਼ਾਲਸਾ ਹਾਈ ਸਕੂਲ ਖੁਲ੍ਹ ਜਾਂਦਾ। ਥੋੜ੍ਹੇ ਚਿਰ ਵਿਚ ਹੀ ਸਿੱਖਾਂ ਨੇ ਵਿਦਿਆ ਦੇ ਮੈਦਾਨ ਵਿਚ ਵੀ ਘਾਟਾ ਪੂਰਾ ਕਰ ਲਇਆ।"[181]

ਪਹਿਲੀ ਕਾਨਫ਼ਰੰਸ ਦੇ ਪ੍ਰਧਾਨਗੀ ਭਾਸ਼ਣ ਵਿਚ ਸ੍ਰ. ਬਘੇਲ ਸਿੰਘ ਨੇ ਸਿੱਖਾਂ ਨੂੰ ਆਪਣੇ-ਆਪਣੇ ਇਲਾਕਿਆਂ ਵਿਚ ਖ਼ਾਲਸਾ ਸਕੂਲ ਖੋਲ੍ਹਣ ਉੱਪਰ ਜੋਰ ਦਿੰਦੇ ਹੋਏ ਕਿਹਾ ਸੀ, "ਸਾਨੂੰ ਵਿਦਿਅਕ ਉੱਨਤੀ 'ਚ ਵਧੀਕ ਤੋਂ ਵਧੀਕ ਮੁਸ਼ਕਲਾਂ ਹਨ। ਸਭ ਤੋਂ ਪਹਿਲੀ ਕਠਨਤਾ ਇਹ ਹੈ ਕਿ ਵਿਦਿਆ ਜੋ ਸਰਕਾਰੀ ਸਕੂਲਾਂ ਵਿਚ ਮਿਲਦੀ ਹੈ, ਸੋ ਦੇਸ਼ ਵਿਚ ਅਨੇਕ ਮਤ ਹੋਣ ਕਰਕੇ ਧਾਰਮਿਕ ਸਿਖਿਆ ਤੋਂ ਖਾਲੀ ਹੁੰਦੀ ਹੈ, ਅਰ ਦੇਸ਼ ਦੀ ਦਸ਼ਾ ਦੇ ਕਾਰਨ

---

[178] ਜੋਧ ਸਿੰਘ, "ਭਾਈ ਵੀਰ ਸਿੰਘ ਤੇ ਸਿੰਘ ਸਭਾ ਲਹਿਰ", *ਭਾਈ ਵੀਰ ਸਿੰਘ: ਜੀਵਨ, ਸਮਾਂ ਤੇ ਰਚਨਾ*, ਸੁਰਿੰਦਰ ਸਿੰਘ ਕੋਹਲੀ ਤੇ ਹਰਨਾਮ ਸਿੰਘ ਸ਼ਾਨ (ਸੰਪਾ.), ਪੰਨਾ 50.

[179] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ ਪਹਿਲਾ)*, ਪੰਨਾ 280.

[180] ਦੀਨ ਦਿਆਲ ਸਿੰਘ (ਸੰਗ੍ਰਹਿ ਕਰਤਾ), *ਪ੍ਰਧਾਨਗੀ ਭਾਸ਼ਨ: ਸਿੱਖ ਐਜੂਕੇਸ਼ਨਲ ਕਾਰਫਰੰਸ (ਭਾਗ ਪਹਿਲਾ)*, ਪੰਨਾ 02.

[181] ਜੋਧ ਸਿੰਘ, "ਭਾਈ ਵੀਰ ਸਿੰਘ ਤੇ ਸਿੰਘ ਸਭਾ ਲਹਿਰ", *ਭਾਈ ਵੀਰ ਸਿੰਘ: ਜੀਵਨ, ਸਮਾਂ ਤੇ ਰਚਨਾ*, ਸੁਰਿੰਦਰ ਸਿੰਘ ਕੋਹਲੀ ਤੇ ਹਰਨਾਮ ਸਿੰਘ ਸ਼ਾਨ (ਸੰਪਾ.), ਪੰਨਾ 50.

ਯੋਗ ਵੀ ਐਸਾ ਹੀ ਹੈ। ਪਰ ਸਾਨੂੰ ਉਸ ਤੋਂ ਹਾਨੀ ਪਹੁੰਚਦੀ ਹੈ। ਸਿੱਖ ਲੜਕੇ ਸਿੱਖ ਧਰਮ ਦੀ ਸਿਖਿਆ ਨਾ ਹੋਣ ਕਰਕੇ ਉਸਤਾਦਾਂ ਦੀ ਤਬੀਅਤ ਦੇ ਝੁਕਾਓ ਅਰ ਕਈ ਹਾਲਤਾਂ ਵਿਚ ਉਨ੍ਹਾਂ ਦੇ ਦਬਾਓ ਦੇ ਕਾਰਨ ਅਨਮਤੀ ਖਿਆਲਾਤ ਦੇ ਹੋ ਜਾਂਦੇ ਹਨ। ਇਨ੍ਹਾਂ ਦੇ ਨਾਲ ਆਰੀਆ, ਮਸੀਹੀ, ਮੁਸਲਮਾਨ, ਬ੍ਰਹਮੋ ਹਿੰਦੂ ਸਕੂਲ ਜਾਰੀ ਹਨ। ਇਥੇ ਪੜ੍ਹਨ ਵਾਲੇ ਸਿੱਖ ਵਿਦਿਆਰਥੀ ਦੂਸਰੇ ਮਤਾਂ ਤੋਂ ਜਾਣੂੰ, ਪਰ ਆਪਣੇ ਮਤ ਤੋਂ ਨਾ ਵਾਕਫ ਹੋਣ ਕਰਕੇ ਪੜ੍ਹ ਤਾਂ ਜਾਂਦੇ ਹਨ ਪਰ ਅਕਸਰ ਕਰਕੇ ਸਿੱਖ ਨਹੀਂ ਰਹਿੰਦੇ। ਸੋ ਇਹ ਵਿਦਿਆ ਪਾਈ ਹੋਈ ਸਾਡੇ ਲਈ ਕੋਈ ਲਾਭ ਦਾ ਕਾਰਨ ਨਹੀਂ, ਸਗੋਂ ਹਾਨੀ ਕਰ ਰਹੀ ਹੈ। ਸਾਡੇ ਮਤ ਦੇ ਕਈ ਦੂਲੇ ਇਸ ਤਰ੍ਹਾਂ ਆਪਣੇ ਧਰਮ ਨੂੰ ਹਾਨੀ ਪੁਚਾ ਰਹੇ ਹਨ। ਇਸੇ ਵਿਖਯੇਪ ਲਈ ਖਾਲਸਾ ਕਾਲਜ ਰਚਿਆ ਸੀ, ਪਰ ਉਥੇ ਸਾਰੇ ਪੰਜਾਬ ਦੇ ਵਿਦਿਆਰਥੀ ਸਮਾ ਨਹੀਂ ਸਕਦੇ। ਸਿੱਖਾਂ ਦੀ ਕੌਮ ਇਕ ਨਿਰਧਨ ਕੌਮ ਹੈ। ਹਰੇਕ ਸਿੱਖ ਦੀ ਇਹ ਪਾਯਾਂ ਕਿਥੇ ਕਿ ਪੁੱਤ੍ਰਾਂ ਨੂੰ ਦੂਰ ਥਾਂ ਭੇਜ ਕੇ ਖ਼ਰਚ ਝੱਲ ਸਕਣ। ਇਸ ਲਈ ਹਰ ਸਿੱਖ ਸੈਂਟਰ 'ਚ ਸਿੱਖ ਸਕੂਲ ਦੀ ਲੋੜ ਹੈ। ਇਸ ਲੋੜ ਨੂੰ ਸਾਰੇ ਸਿੱਖ ਸਮਝਦੇ ਹਨ, ਪਰ ਕੁਝ ਮਾਰੀ ਅਣਹੋਂਦ ਨੇ ਤੇ ਕੁਛ ਮਾਰੀ ਅਣਗੋਂਦ ਨੇ। ਅਜੇ ਤਕ ਕੇਵਲ ਇਕ ਭਾਗੇ ਭਰੀ ਮਿਸਾਲ ਨਜ਼ਰ ਪੈਂਦੀ ਹੈ, ਜੋ ਇਸੇ ਨਗਰ ਵਿਚ ਦਿਸ ਰਹੀ ਹੈ। ਇਸ ਸ਼ਹਿਰ ਦੇ ਖਾਲਸਿਆਂ ਨੇ ਲੋਕਲ ਕੋਸ਼ਿਸ਼ਾਂ ਨਾਲ ਮੁਕੰਮਲ ਖਾਲਸਾ ਹਾਈ ਸਕੂਲ ਚਲਾਇਆ ਹੈ। ਪਰ ਇਸ ਨੇਕ ਮਿਸਾਲ ਨੇ ਰੀਸ ਵੀ ਪੈਦਾ ਨਹੀਂ ਕੀਤੀ। ਭਾਵੇਂ ਸੁਖੋ, ਪਿੰਡੀਘੇਪ, ਸੱਯਦ ਤੇ ਡਿੰਗੇ ਵਿਚ ਵੀ ਸਕੂਲ ਬਣੇ ਹਨ ਅਤੇ ਕਾਰਕਾਂ ਦੀ ਮਿਹਨਤ ਦਾ ਜਸ ਗਾਂਉ ਰਹੇ ਹਨ ਪਰ ਲੋੜ ਦਾ ਅਜੇ ਅੰਸ਼ਵਾਂਸ ਨਹੀਂ ਪੂਰਾ ਹੋਇਆ।"[182]

ਖ਼ਾਲਸਾ ਸਕੂਲ ਖੋਲ੍ਹਣ ਦੀ ਇਸੇ ਲੋੜ ਨੂੰ ਮੁੱਖ ਰੱਖਦੇ ਹੋਏ ਸਿੱਖ ਵਿੱਦਿਅਕ ਕਾਨਫ਼ਰੰਸ ਜਿੱਥੇ ਵੀ ਹੁੰਦੀ ਉਸ ਇਲਾਕੇ ਦੀ ਸੰਗਤ ਨੂੰ ਸਕੂਲ-ਕਾਲਜ ਖੋਲ੍ਹਣ ਲਈ ਪ੍ਰੇਰਿਤ ਕੀਤਾ ਜਾਂਦਾ ਸੀ। ਇਸ ਕਾਨਫ਼ਰੰਸ ਦੇ ਆਰੰਭ ਸਮੇਂ ਖ਼ਾਲਸਾ ਸਕੂਲਾਂ ਦੀ ਗਿਣਤੀ ਸਿਰਫ਼ ਅੱਠ ਸੀ, ਜੋ ਦੇਸ਼ ਵੰਡ ਵੇਲੇ 340 ਹੋ ਗਈ ਸੀ। ਭਾਗ ਸਿੰਘ ਅਣਖੀ ਅਨੁਸਾਰ ਇਹ ਇਕ ਅਜਿਹੀ ਸੰਸਥਾ ਬਣ ਗਈ ਜਿਸ ਨਾਲ ਕੌਮ ਨੇ ਇਕ ਹੰਭਲਾ ਮਾਰਿਆ ਅਤੇ ਦਸਾਂ ਸਾਲਾਂ ਦੇ ਅੰਦਰ ਹੀ 2 ਕਾਲਜ, 22 ਹਾਈ ਸਕੂਲ, 38 ਮਿਡਲ ਸਕੂਲ, 248 ਪ੍ਰਾਇਮਰੀ ਸਕੂਲ ਹੋਂਦ ਵਿਚ ਆ ਗਏ।[183] ਰਵੇਲ ਸਿੰਘ ਬੀ.ਏ. ਨੇ ਸਿੱਖ ਵਿੱਦਿਅਕ ਕਮੇਟੀ ਵੱਲੋਂ ਵਿੱਦਿਆ ਲਈ ਕੀਤੇ ਖ਼ਰਚ ਦਾ ਵੇਰਵਾ ਦਿੰਦੇ ਹੋਏ ਲਿਖਿਆ ਹੈ, "ਐਜ਼ੂਕੇਸ਼ਨਲ ਕਮੇਟੀ ਵਲੋਂ ਮੁਢਲੀ ਵਿਦਿਆ ਦੇਣ ਲਈ ਨੈਸ਼ਨਲ ਫੰਡ ਕਾਇਮ ਕੀਤਾ ਗਿਆ ਜਿਸ ਨਾਲ ਪਿੰਡਾਂ ਦੀਆਂ ਧਰਮਸਾਲਾਂ ਦੇ ਰਾਹੀਂ ਮੁਢਲੀ ਵਿਦਿਆ ਦੇਣ ਦੀ ਸਕੀਮ ਬਣਾਈ ਗਈ। ਇਸ ਸਕੀਮ ਤੋਂ ਹੁਣ ਤਕ 42 ਪਿੰਡ ਲਾਭ ਉਠਾ ਚੁਕੇ ਹਨ ਤੇ 18 ਪਿੰਡਾਂ ਵਿਚ ਅਜੇ ਵੀ ਇਸ ਤਰ੍ਹਾਂ ਵਿਦਿਆ ਦਿਤੀ ਜਾ ਰਹੀ ਹੈ। ਇਹ ਸਕੂਲ ਵਿਦਿਆ ਵਿਚ ਬਹੁਤੇ ਪਿਛੇ ਰਹੇ ਇਲਾਕਿਆਂ ਵਿਚ ਖੋਹਲੇ ਗਏ ਹਨ। ਐਜ਼ੂਕੇਸ਼ਨਲ ਕਮੇਟੀ ਨੇ ਆਪਣੇ ਫੰਡ ਵਿਚੋਂ ਤਕਰੀਬਨ ਪੰਜ ਲੱਖ 16 ਹਜ਼ਾਰ ਰੁਪਿਆ ਸਕੂਲਾਂ ਨੂੰ ਗਰਾਂਟਾਂ ਵਿਚ ਦਿਤਾ ਅਤੇ 71 ਹਜ਼ਾਰ ਰੁਪਿਆ ਗਰੀਬ

---

[182] ਦੀਨ ਦਿਆਲ ਸਿੰਘ (ਸੰਗ੍ਰਹਿ ਕਰਤਾ), *ਪ੍ਰਧਾਨਗੀ ਭਾਸ਼ਨ: ਸਿੱਖ ਐਜੂਕੇਸ਼ਨਲ ਕਾਰਫਰੰਸ (ਭਾਗ ਪਹਿਲਾ)*, ਪੰਨਾ 8.
[183] ਉਹੀ, ਪੰਨਾ ਮੁੱਖ ਸ਼ਬਦ.

ਵਿਦਿਆਰਥੀਆਂ ਤੇ ਅਖੌਤੀ ਅਛੂਤਾਂ ਵਿਚੋਂ ਸਜੇ ਸਿੱਖ ਲੜਕਿਆਂ ਨੂੰ ਵਜ਼ੀਫ਼ਿਆਂ ਵਜੋਂ ਦਿਤਾ ਗਿਆ। 39 ਹਜ਼ਾਰ ਰੁਪਿਆ ਮੁਢਲੀ ਵਿਦਿਆ ਤੇ ਖ਼ਰਚ ਕੀਤਾ ਗਿਆ।"[184]

ਇਸ ਤੋਂ ਇਲਾਵਾ ਵਿੱਦਿਅਕ ਕਮੇਟੀ ਦੁਆਰਾ ਯਤੀਮ, ਨੇਤਰਹੀਣ ਅਤੇ ਅੰਗਹੀਣ ਬੱਚਿਆਂ ਲਈ ਵੀ ਕਈ ਸੰਸਥਾਵਾਂ ਕਾਇਮ ਕੀਤੀਆਂ ਗਈਆਂ। ਕਈ ਪੰਜਾਬੀ ਪੁਸਤਕਾਲਿਆਂ ਦੀ ਵੀ ਵਿਵਸਥਾ ਕੀਤੀ ਗਈ। ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਲਈ ਵੀ ਸ਼ਲਾਘਾਯੋਗ ਉਪਰਾਲੇ ਕੀਤੇ। ਖ਼ਾਲਸਾ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਦੀ ਵਿਵਸਥਾ ਕੀਤੀ ਗਈ ਅਤੇ ਮਤੇ ਪਾਸ ਕਰਕੇ ਸਰਕਾਰ ਉੱਤੇ ਜੋਰ ਪਾਇਆ ਗਿਆ ਕਿ ਪੰਜਾਬ ਵਿਚ ਸਿੱਖਿਆ ਦਾ ਮਾਧਿਅਮ ਪੰਜਾਬੀ ਰੱਖਿਆ ਜਾਏ। ਲੜਕੀਆਂ ਦੀ ਪੜ੍ਹਾਈ ਵੱਲ ਵੀ ਇਸ ਕਾਨਫ਼ਰੰਸ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ।[185]

ਇਸ ਤਰ੍ਹਾਂ ਇਸ ਦੌਰ ਵਿਚ ਸਿੰਘ ਸਭਾ ਲਹਿਰ ਦੀਆਂ ਵਿੱਦਿਅਕ ਪ੍ਰਾਪਤੀਆਂ ਬਹੁਤ ਮਹੱਤਵਪੂਰਨ ਹਨ। ਸਿੰਘ ਸਭਾ ਲਹਿਰ ਨੇ ਅਨੇਕਾਂ ਸਕੂਲ-ਕਾਲਜ ਖੋਲ੍ਹ ਕੇ ਸਿੱਖ ਬੱਚੇ ਅਤੇ ਬੱਚੀਆਂ ਨੂੰ ਵਿੱਦਿਆ ਮੁਹੱਈਆ ਕਰਵਾਈ। ਸਿੱਖ ਰਾਜੇ ਅਤੇ ਰਈਸਾਂ ਨੂੰ ਇਸ ਖੇਤਰ ਵਿਚ ਮਾਇਆ ਲਾਉਣ ਲਈ ਪ੍ਰੇਰਿਤ ਕੀਤਾ। ਬਾਬਾ ਖੇਮ ਸਿੰਘ ਬੇਦੀ ਨੇ ਇਸਤਰੀਆਂ ਦੀ ਪੜ੍ਹਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਅਤੇ ਉਨ੍ਹਾਂ ਲਈ ਸਕੂਲ ਸ਼ੁਰੂ ਕੀਤੇ। ਇਸ ਤਰ੍ਹਾਂ ਸੰਨ 1873 ਈ. ਤੋਂ ਸੰਨ 1910 ਈ. ਦੇ ਸਮੇਂ ਵਿਚ ਸਿੱਖ ਲੜਕਿਆਂ ਦੀ ਵਿੱਦਿਆ ਵੱਲ ਵੀ ਅੱਗੇ ਵਧੇ ਅਤੇ ਲੜਕੀਆਂ ਦੀ ਵਿੱਦਿਆ ਵੱਲ ਵੀ। ਸ਼ਮਸ਼ੇਰ ਸਿੰਘ ਅਸ਼ੋਕ ਨੇ ਸਿੰਘ ਸਭਾ ਲਹਿਰ ਦੇ ਇਸ ਸਮੇਂ ਨੂੰ ਸਿੱਖ ਵਿੱਦਿਆ ਅਤੇ ਇਸਤਰੀ ਵਿੱਦਿਆ ਦਾ 'ਸਵਰਨ ਯੁਗ' ਕਿਹਾ ਹੈ।[186] ਇਹ ਸਿੰਘ ਸਭਾ ਲਹਿਰ ਦੀ ਵਿੱਦਿਅਕ ਲਹਿਰ ਦੀ ਹੀ ਪ੍ਰਾਪਤੀ ਸੀ ਕਿ 1873 ਈ. ਤੋਂ ਪਹਿਲਾਂ ਜਿੱਥੇ ਸਿੱਖ ਦੂਸਰੀਆਂ ਕੌਮਾਂ ਦੇ ਮੁਕਾਬਲੇ 'ਤੇ ਸਭ ਤੋਂ ਘੱਟ ਪੜ੍ਹੇ ਲਿਖੇ ਸਨ, ਉੱਥੇ 1901 ਈ. ਦੀ ਮਰਦਮ ਸ਼ੁਮਾਰੀ ਵਿਚ ਇਹ ਸਭ ਤੋਂ ਵੱਧ ਪੜ੍ਹੀ-ਲਿਖੀ ਕੌਮ ਬਣ ਗਈ।[187]

## 5.8. ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਦੇਣ

ਸਿੰਘ ਸਭਾ ਦਾ ਆਸ਼ਾ ਤਾਂ ਭਾਵੇਂ ਨਿਰੋਲ ਧਾਰਮਿਕ ਸੀ ਪਰ ਧਾਰਮਿਕ ਵਿਲੱਖਣਤਾ ਲਈ ਭਾਸ਼ਾ ਤੇ ਸਾਹਿਤ ਦੀ ਵਿਲੱਖਣਤਾ ਜਰੂਰੀ ਸੀ। ਸਿੱਖਾਂ ਦੀ ਮਾਤ ਭਾਸ਼ਾ ਪੰਜਾਬੀ ਸੀ ਇਸ ਲਈ ਸਿੰਘ ਸਭਾ ਲਹਿਰ ਨੇ ਇਸ ਭਾਸ਼ਾ ਦੀ ਵਿਲੱਖਣਤਾ ਅਤੇ ਸੁਤੰਤਰ ਹੋਂਦ ਦੀ ਸਥਾਪਨਾ ਲਈ ਅਤੇ ਇਸ ਦੇ ਸਰਬ-ਪੱਖੀ ਵਿਕਾਸ ਲਈ ਹਰ ਸੰਭਵ ਯਤਨ ਕੀਤਾ। ਉਨ੍ਹੀਵੀਂ ਸਦੀ ਤੇ ਅਖੀਰ ਤੱਕ ਬਹੁਤ ਸਾਰੇ ਪੱਛਮੀ ਕਲਾ-ਰੂਪ ਪੰਜਾਬੀ ਵਿਚ ਆ ਚੁੱਕੇ ਸਨ ਅਤੇ ਉਨ੍ਹਾਂ ਵਿਚ ਸਾਹਿਤ ਸਿਰਜਣਾ ਹੋਣ ਲਗ ਪਈ ਸੀ। ਇਸ ਤਰ੍ਹਾਂ ਪੰਜਾਬੀ ਸਾਹਿਤ ਦਾ ਮੁਹਾਂਦਰਾ ਨਿੱਖਰ ਕੇ ਸਾਹਮਣੇ ਆਉਣ ਲੱਗ ਪਿਆ ਅਤੇ ਇਸੇ ਨਿੱਖਰੇ ਹੋਏ ਮੁਹਾਂਦਰੇ ਨੇ ਇਸ ਦੀ ਵੱਖਰੀ ਪਛਾਣ ਬਣਾਈ। ਸਿੰਘ ਸਭਾ ਦੇ ਪ੍ਰਭਾਵ

---

184 ਰਵੇਲ ਸਿੰਘ ਬੀ.ਏ., *ਸਿੱਖ ਰਾਜ ਪਿੱਛੋਂ*, ਅੰਮ੍ਰਿਤਸਰ: ਅਜੀਤ ਬੁਕ ਏਜੰਸੀ, 1944, ਪੰਨਾ 70.
185 ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ ਪਹਿਲਾ)*, ਪੰਨਾ 280.
186 ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨਾ 248-49.
187 ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ*, ਪੰਨਾ 52.

ਹੇਠ ਪੰਜਾਬੀ ਸਾਹਿਤ ਨੇ ਆਧੁਨਿਕਤਾ ਵਿਚ ਪ੍ਰਵੇਸ਼ ਕੀਤਾ। ਸਿੰਘ ਸਭਾ ਲਹਿਰ ਤੋਂ ਪਹਿਲਾਂ ਸਾਹਿਤ ਰਚਨਾ ਕੁਝ ਵਿਦਵਾਨਾਂ ਦੇ ਵਾਚਣ ਲਈ ਹੀ ਰਹਿ ਜਾਂਦੀ ਸੀ ਪਰ ਸਿੰਘ ਸਭਾ ਲਹਿਰ ਦੌਰਾਨ ਰਚਿਤ ਸਾਹਿਤ ਨੇ ਨਵੇਂ ਪਾਠਕ ਵਰਗ ਨੂੰ ਪੈਦਾ ਕੀਤਾ ਅਤੇ ਲੋਕਾਂ ਵਿੱਚ ਸਾਹਿਤ ਪੜ੍ਹਨ ਦੀ ਰੁਚੀ ਪੈਦਾ ਕੀਤੀ। ਇਸ ਨੇ ਨੀਂਹ ਦਾ ਕੰਮ ਕੀਤਾ ਜਿਸ ਤੋਂ ਅੱਗੇ ਵਿਚਾਰਾਂ ਦੀ ਉੱਚਤਾ ਤੇ ਗੰਭੀਰਤਾ ਨੂੰ ਪ੍ਰਵਾਨ ਕਰਨ ਵਾਲਾ ਸਾਹਿਤਕ ਰੁੱਖ ਖੜ੍ਹਾ ਹੋ ਗਿਆ। ਸਤਿੰਦਰ ਕੌਰ ਅਨੁਸਾਰ ਇਸ ਨਾਲ ਵਿਸ਼ਵ ਸਾਹਿਤ ਵਿਚ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਵੱਖਰੀ ਪਛਾਣ ਕਾਇਮ ਹੋਈ।[188]

ਗੁਰੂ ਸਾਹਿਬਾਨ ਤੋਂ ਬਾਅਦ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਉੱਨਤੀ ਵੱਲ ਜਥੇਬੰਦਕ ਤੇ ਸੁਚੇਤ ਰੂਪ ਵਿਚ ਸਿੰਘ ਸਭਾ ਲਹਿਰ ਦੀ ਸਥਾਪਨਾ ਨਾਲ ਹੀ ਯਤਨ ਸ਼ੁਰੂ ਹੋਏ। ਸਿੰਘ ਸਭਾ ਲਹਿਰ ਦੇ ਆਗੂਆਂ ਨੇ ਅਨੁਭਵ ਕੀਤਾ ਕਿ ਸਮਾਜਕ ਅਤੇ ਧਾਰਮਿਕ ਸੁਧਾਰ ਲਈ ਮਾਤ-ਭਾਸ਼ਾ ਹੀ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਹੈ। ਇਸ ਲਈ ਸਿੰਘ ਸਭਾ ਲਹਿਰ ਨੇ ਯਤਨ ਕੀਤੇ ਕਿ ਹਰ ਤਰ੍ਹਾਂ ਦੇ ਪ੍ਰਚਲਿਤ ਅਤੇ ਵਿਆਪਕ ਗਿਆਨ ਨੂੰ ਪੰਜਾਬੀ ਦੇ ਮਾਧਿਅਮ ਰਾਹੀਂ ਪੜ੍ਹਾਇਆ ਜਾਵੇ ਅਤੇ ਪੰਜਾਬੀ ਅਖ਼ਬਾਰਾਂ, ਰਸਾਲੇ, ਪੈਂਫ਼ਲਿਟ ਤੇ ਪੁਸਤਕਾਂ ਛਾਪ ਕੇ ਇਸ ਭਾਸ਼ਾ ਨੂੰ ਪ੍ਰਫੁਲਿਤ ਕੀਤਾ ਜਾਵੇ। ਗੁਰਦਰਸ਼ਨ ਸਿੰਘ ਮੰਨਦੇ ਹਨ ਕਿ ਸਿੰਘ ਸਭਾ ਦੀ ਸਥਾਪਨਾ ਨਾਲ ਭਾਸ਼ਾਈ ਅਤੇ ਸਾਹਿਤਕ ਪੁਨਰ-ਉਥਾਨ ਦਾ ਨਵਾਂ ਯੁੱਗ ਆਰੰਭ ਹੋਇਆ।[189] ਇਸ ਤਰ੍ਹਾਂ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਬੁਲੰਦੀ ਉੱਪਰ ਪਹੁੰਚਾਉਣ ਪਿੱਛੇ ਸਿੰਘ ਸਭਾ ਲਹਿਰ ਦਾ ਬਹੁਤ ਵੱਡਾ ਹੱਥ ਹੈ, ਜੋ ਇਸ ਲਹਿਰ ਦੀ ਮਹੱਤਵਪੂਰਨ ਦੇਣ ਹੈ। ਸਿੰਘ ਸਭਾ ਲਹਿਰ ਦੀਆਂ ਪੰਜਾਬੀ ਭਾਸ਼ਾ ਅਤੇ ਸਾਹਿਤ ਸੰਬੰਧੀ ਪ੍ਰਾਪਤੀਆਂ ਨੂੰ ਨਿਮਨ ਭਾਗਾਂ ਵਿਚ ਵੰਡ ਕੇ ਵਿਚਾਰਨ ਦਾ ਯਤਨ ਕੀਤਾ ਗਿਆ ਹੈ:

**5.8.1. ਪੰਜਾਬੀ ਭਾਸ਼ਾ ਨੂੰ ਦੇਣ:** ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਦਫ਼ਤਰੀ ਕੰਮਕਾਰ ਵਧੇਰੇ ਫ਼ਾਰਸੀ ਭਾਸ਼ਾ ਵਿਚ ਹੁੰਦਾ ਸੀ। ਇਸ ਲਈ ਨੌਕਰੀ ਆਦਿ ਪ੍ਰਾਪਤ ਕਰਨ ਲਈ ਲੋਕੀਂ ਫ਼ਾਰਸੀ ਦੀ ਪੜ੍ਹਾਈ ਨੂੰ ਪਹਿਲ ਦਿੰਦੇ ਸਨ ਅਤੇ ਪੰਜਾਬ ਅੰਦਰ ਉਰਦੂ-ਫ਼ਾਰਸੀ ਦੀ ਪੜ੍ਹਾਈ ਦੇ ਕਾਫ਼ੀ ਸਕੂਲ ਸਨ।[190] ਬ੍ਰਿਟਿਸ਼ ਰਾਜ ਵਿਚ ਇਹ ਥਾਂ ਅੰਗ੍ਰੇਜ਼ੀ ਨੇ ਮੱਲ ਲਈ ਅਤੇ ਸਰਕਾਰ ਦੁਆਰਾ ਸ਼ੁਰੂ ਕੀਤੇ ਸਕੂਲਾਂ ਵਿਚ ਅੰਗ੍ਰੇਜ਼ੀ ਪੜ੍ਹਾਈ ਜਾਣ ਲੱਗੀ। ਉਰਦੂ ਨੂੰ ਫ਼ਾਰਸੀ ਲਿਪੀ ਵਿਚ ਸਰਕਾਰੀ ਜ਼ਬਾਨ ਪ੍ਰਵਾਨ ਕਰ ਲਿਆ ਗਿਆ ਅਤੇ 1854 ਈ. ਦੀ ਸਿੱਖਿਆ ਨੀਤੀ ਅਨੁਸਾਰ ਉਰਦੂ ਨੂੰ ਸਰਕਾਰੀ ਅਤੇ ਮਾਨਤਾ ਪ੍ਰਾਪਤ ਸਕੂਲਾਂ ਵਿਚ ਸਿੱਖਿਆ ਦਾ ਇੱਕੋ ਇਕ ਮਾਧਿਅਮ ਬਣਾ ਦਿੱਤਾ ਗਿਆ।

---

[188] ਸਤਿੰਦਰ ਕੌਰ, *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਿਲਤ ਪੰਜਾਬੀ ਸਾਹਿਤ: ਸਰਵੇਖਣ ਅਤੇ ਮੁਲਾਂਕਣ,* ਪਟਿਆਲਾ: ਪੰਜਾਬੀ ਯੂਨੀਵਰਸਿਟੀ, 2005, ਪੰਨਾ 189.

[189] Gurdarshan Singh Dhillon, *Character and Impact of The Singh Sabha Movement on the history of the Punjab*, Fouja Singh (Supervisor), Ph.D. Theses, Patiala: Punjabi University, 1974, p. 238.

[190] ਪ੍ਰੇਮ ਸਿੰਘ ਹੋਤੀ, *ਪੰਜਾਬ ਦਾ ਸਮਾਜਕ ਇਤਿਹਾਸ (ਖ਼ਾਲਸਾ ਰਾਜ-ਕਾਲ ਵਿਖੇ),* ਫ਼ੌਜਾ ਸਿੰਘ (ਸੰਪਾ.), ਪਟਿਆਲਾ: ਪੰਜਾਬੀ ਯੂਨੀਵਰਸਿਟੀ, 2001, ਪੰਨਾ 182.

ਇਸ ਤਰ੍ਹਾਂ ਬ੍ਰਿਟਿਸ਼ ਸਰਕਾਰ ਦੁਆਰਾ ਸ਼ੁਰੂ ਕੀਤੇ ਸਰਕਾਰੀ ਸਕੂਲਾਂ ਵਿਚ ਅੰਗ੍ਰੇਜ਼ੀ ਤਾਂ ਪੜ੍ਹਾਈ ਹੀ ਜਾਂਦੀ ਸੀ ਇਸ ਦੇ ਨਾਲ ਹੀ ਬਾਕੀ ਵਿਸ਼ੇ ਉਰਦੂ ਵਿਚ ਪੜ੍ਹਾਏ ਜਾਣ ਲੱਗੇ ਅਤੇ ਪੰਜਾਬੀ ਨੂੰ ਮੂਲੋਂ ਹੀ ਵਿਸਾਰ ਦਿੱਤਾ ਗਿਆ।[191]

ਇਸ ਦੇ ਬਾਵਜੂਦ ਕੁਝ ਬ੍ਰਿਟਿਸ਼ ਅਧਿਕਾਰੀ ਇਸ ਮੱਤ ਦੇ ਸਮਰਥਕ ਸਨ ਕਿ ਪੰਜਾਬ ਅੰਦਰ ਸਿੱਖਿਆ ਦਾ ਮਾਧਿਅਮ ਪੰਜਾਬੀ ਭਾਸ਼ਾ ਨੂੰ ਹੀ ਬਣਾਇਆ ਜਾਵੇ। ਇਨ੍ਹਾਂ ਵਿਚੋਂ ਲਾਈਟਨਰ ਦਾ ਨਾਂ ਪ੍ਰਮੁੱਖ ਹੈ। ਉਨ੍ਹਾਂ 'ਅੰਜੁਮਨਿ ਪੰਜਾਬ' ਨਾਂ ਦੀ ਸੰਸਥਾ ਦੀ ਸਥਾਪਨਾ ਕੀਤੀ ਜਿਸ ਦਾ ਮੁੱਖ ਮਨੋਰਥ ਪੱਛਮ ਦੇ ਗਿਆਨ ਦੀਆਂ ਟਕਸਾਲੀ ਲਿਖਤਾਂ ਦਾ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਕਰਨਾ ਸੀ। ਇਸ ਦਾ ਇਕ ਭਾਗ ਪੰਜਾਬੀ ਅਨੁਵਾਦ ਕਰਨ ਲਈ ਵੀ ਬਣਾਇਆ ਗਿਆ। ਇਸ ਦੇ ਮੈਂਬਰ ਰਾਇ ਮੂਲ ਸਿੰਘ, ਭਾਈ ਹਰਿਭਗਤ ਸਿੰਘ ਅਤੇ ਲਾਲਾ ਬਿਹਾਰੀ ਲਾਲ ਆਦਿ ਸਨ।[192] ਲਾਈਟਨਰ ਨੇ ਪੰਜਾਬ ਅੰਦਰ ਪੰਜਾਬੀ ਨੂੰ ਯੋਗ ਥਾਂ ਦਿਵਾਉਣ ਅਤੇ ਇਸ ਨੂੰ ਮੁੱਢਲੀ ਸਿੱਖਿਆ ਦਾ ਮਾਧਿਅਮ ਬਣਾਉਣ ਲਈ ਬਹੁਤ ਜੋਰ ਦਿੱਤਾ[193] ਪਰ ਉਨ੍ਹਾਂ ਦਾ ਯਤਨ ਸਫਲ ਨਹੀਂ ਹੋ ਸਕਿਆ ਅਤੇ ਸਰਕਾਰ ਨੇ ਆਪਣੀ ਨੀਤੀ ਵਿਚ ਕੋਈ ਬਦਲਾਅ ਨਾ ਕੀਤਾ।

ਇਹ ਗੱਲ ਸਪਸ਼ਟ ਹੈ ਕਿ ਬੱਚੇ ਨੂੰ ਜੋ ਗੱਲ ਆਪਣੀ ਮਾਤ-ਭਾਸ਼ਾ ਵਿਚ ਸਮਝ ਆ ਸਕਦੀ ਹੈ ਉਹ ਕਿਸੇ ਹੋਰ ਭਾਸ਼ਾ ਵਿਚ ਨਹੀਂ ਆ ਸਕਦੀ। ਸਿੰਘ ਸਭਾ ਲਹਿਰ ਨੇ ਇਸ ਨੁਸਖੇ ਨੂੰ ਬੜੀ ਗੰਭੀਰਤਾ ਨਾਲ ਸਮਝਿਆ ਅਤੇ ਇਸ ਉੱਪਰ ਜੋਰਦਾਰ ਕੰਮ ਵੀ ਕੀਤਾ। ਸਿੱਖ ਸੱਭਿਆਚਾਰ ਦੀ ਰਾਖੀ ਅਤੇ ਪ੍ਰਫੁੱਲਤਾ ਲਈ ਪੰਜਾਬੀ ਭਾਸ਼ਾ ਦੀ ਉੱਨਤੀ ਸਿੰਘ ਸਭਾ ਦਾ ਮੁੱਖ ਨਿਸ਼ਾਨਾ ਬਣ ਗਿਆ। ਇਹ ਨਿਸ਼ਾਨਾ ਜਾਂ ਮਨੋਰਥ ਸਿੰਘ ਸਭਾ ਲਹਿਰ ਦੇ ਮੁੱਢਲੇ ਮਨੋਰਥਾਂ ਵਿਚ ਸ਼ਾਮਿਲ ਕੀਤਾ ਗਿਆ ਅਤੇ ਇਸ ਮਨੋਰਥ ਦੀ ਪੂਰਤੀ ਲਈ ਹਰ ਸੰਭਵ ਯਤਨ ਕੀਤੇ ਗਏ।[194] ਬਾਬਾ ਖੇਮ ਸਿੰਘ ਬੇਦੀ ਜੀ ਦੀ ਪ੍ਰੇਰਨਾ ਸਦਕਾ ਪੋਠੋਹਾਰ (ਪੱਛਮੀ ਪੰਜਾਬ) ਦੇ ਇਲਾਕੇ ਵਿਚ ਕਾਫ਼ੀ ਸਕੂਲ ਸ਼ੁਰੂ ਕੀਤੇ ਗਏ। ਇਨ੍ਹਾਂ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਕੱਲਰ (ਮਿੰਟਗੁਮਰੀ) ਵਿਖੇ ਸਥਾਪਿਤ ਗੁਰਮੁਖੀ ਪਾਠਸ਼ਾਲਾ ਵਿਚ ਆਪ ਜੀ ਦੀ ਪਤਨੀ ਮਾਤਾ ਭਾਨ ਦੇਵੀ ਜੀ ਲੜਕੀਆਂ ਨੂੰ ਪੰਜਾਬੀ ਪੜਾਉਣ ਦੀ ਸੇਵਾ ਕਰਦੇ ਰਹੇ ਸਨ।[195]

ਓਰੀਐਂਟਲ ਕਾਲਜ, ਲਾਹੌਰ ਵਿਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਵਾਉਣਾ ਵੀ ਸਿੰਘ ਸਭਾ ਲਹਿਰ ਦੀ ਵੱਡੀ ਪ੍ਰਾਪਤੀ ਸੀ। 1877 ਈ. ਵਿਚ ਪ੍ਰੋ. ਗੁਰਮੁਖ ਸਿੰਘ ਓਰੀਐਂਟਲ ਕਾਲਜ ਦੇ ਹਿੰਦੀ ਵਿਭਾਗ ਵਿਚ ਸੈਕਿੰਡ ਟੀਚਰ ਨਿਯੁਕਤ ਹੋ ਗਏ। ਉਸ ਸਮੇਂ ਕਾਲਜ ਵਿਚ ਵਿਦਿਆਰਥੀਆਂ ਨੂੰ ਸੰਸਕ੍ਰਿਤ, ਅਰਬੀ ਅਤੇ ਫ਼ਾਰਸੀ ਦੀ ਉਚੇਰੀ ਪੜ੍ਹਾਈ ਕਰਵਾਏ ਜਾਣ ਦੇ ਨਾਲ-ਨਾਲ ਉਨ੍ਹਾਂ ਨੂੰ ਹਿੰਦੀ ਜਾਂ ਉਰਦੂ ਦੇ ਮਾਧਿਅਮ ਦੁਆਰਾ ਗਣਿਤ, ਇਤਿਹਾਸ, ਫ਼ਿਲਾਸਫ਼ੀ ਆਦਿ ਵਿਸ਼ੇ ਵੀ ਪੜ੍ਹਾਏ ਜਾਂਦੇ ਸਨ। ਭਾਈ ਗੁਰਮੁਖ ਸਿੰਘ ਦੀ ਨਿਯੁਕਤੀ ਇਨ੍ਹਾਂ ਵਿਸ਼ਿਆਂ ਨੂੰ ਹਿੰਦੀ

---

[191] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ,* ਪੰਨਾ 54.
[192] ਉਹੀ, ਪੰਨਾ 56.
[193] W. G. Leitner, *History of Indigenous Education in The Panjab,* p. 31.
[194] ਜਗਜੀਤ ਸਿੰਘ, *ਸਿੰਘ ਸਭਾ ਲਹਿਰ,* ਪੰਨਾ 18.
[195] ਗੁਰਨੇਕ ਸਿੰਘ ਨੇਕੀ, *ਸਿੰਘ ਸਭਾ ਲਹਿਰ ਦੇ ਉਸਰੱਈਏ,* ਪੰਨਾ 17.

ਵਿਚ ਪੜ੍ਹਾਉਣ ਲਈ ਕੀਤੀ ਗਈ ਸੀ।[196] ਪ੍ਰੋ. ਗੁਰਮੁਖ ਸਿੰਘ ਨੇ ਉੱਦਮ ਅਤੇ ਡਾਕਟਰ ਲਾਈਟਨਰ ਦੇ ਸਹਿਯੋਗ ਤੇ ਸਹਾਇਤਾ ਨਾਲ 1877 ਈ. ਵਿਚ ਕਾਲਜ ਵਿਚ ਪਹਿਲੀ ਵਾਰ ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ ਕਰਵਾਇਆ ਗਿਆ। ਪੰਜਾਬੀ ਪੜ੍ਹਾਉਣ ਦੀ ਸੇਵਾ ਦਰਬਾਰ ਸਾਹਿਬ ਤਰਨਤਾਰਨ ਦੇ ਗ੍ਰੰਥੀ ਭਾਈ ਹਰਸਾ ਸਿੰਘ ਨੂੰ ਸੌਂਪੀ ਗਈ ਅਤੇ ਕਾਲਜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣਾ ਵੀ ਸ਼ੁਰੂ ਹੋ ਗਿਆ।[197] ਬਾਅਦ ਵਿਚ ਸੰਨ 1883 ਈ. ਵਿਚ ਗਿਆਨੀ ਦਿੱਤ ਸਿੰਘ ਜੀ ਗਿਆਨੀ ਦੀ ਪ੍ਰੀਖਿਆ ਪਾਸ ਕਰਕੇ ਇਸ ਕਾਲਜ ਵਿਚ ਪੰਜਾਬੀ ਦੇ ਪ੍ਰੋਫ਼ੈਸਰ ਨਿਯੁਕਤ ਹੋਏ ਅਤੇ ਸੰਨ 1898 ਈ. ਤੱਕ ਇਸ ਅਹੁਦੇ 'ਤੇ ਸੇਵਾ ਕਰਦੇ ਰਹੇ।[198]

ਇੱਥੇ ਇਕ ਗੱਲ ਸਪਸ਼ਟ ਕਰ ਦੇਣੀ ਜਰੂਰੀ ਪ੍ਰਤੀਤ ਹੁੰਦੀ ਹੈ ਕਿ ਆਮ ਤੌਰ 'ਤੇ ਭਾਈ ਗੁਰਮੁਖ ਸਿੰਘ ਨੂੰ ਪੰਜਾਬੀ ਦਾ ਪਹਿਲਾ ਪ੍ਰੋਫ਼ੈਸਰ ਮੰਨਿਆ ਜਾਂਦਾ ਹੈ। ਅਸਲ ਵਿਚ ਗਿਆਨੀ ਦਿੱਤ ਸਿੰਘ ਪੰਜਾਬੀ ਦੇ ਪਹਿਲੇ ਪ੍ਰੋਫ਼ੈਸਰ ਸਨ। ਓਰੀਐਂਟਲ ਕਾਲਜ ਵਿਚ ਭਾਈ ਗੁਰਮੁਖ ਸਿੰਘ ਦੀ ਨਿਯੁਕਤੀ ਗਣਿਤ, ਇਤਿਹਾਸ ਅਤੇ ਫ਼ਿਲਾਸਫ਼ੀ ਨੂੰ ਹਿੰਦੀ ਵਿਚ ਪੜ੍ਹਾਉਣ ਲਈ ਕੀਤੀ ਗਈ ਸੀ। 1877 ਈ. ਵਿਚ ਜਦੋਂ ਕਾਲਜ ਵਿਚ ਪਹਿਲੀ ਵਾਰ ਪੰਜਾਬੀ ਨੂੰ ਵੱਖਰੇ ਵਿਸ਼ੇ ਦੇ ਤੌਰ 'ਤੇ ਪੜ੍ਹਾਉਣਾ ਸ਼ੁਰੂ ਹੋਇਆ ਤਾਂ ਭਾਈ ਹਰਸਾ ਸਿੰਘ ਨੂੰ ਇਹ ਸੇਵਾ ਸੌਂਪੀ ਗਈ ਸੀ। ਗਿਆਨੀ ਦਿੱਤ ਸਿੰਘ 1883 ਈ. ਵਿਚ ਪੰਜਾਬੀ ਦੇ ਪ੍ਰੋਫ਼ੈਸਰ ਨਿਯੁਕਤ ਹੁੰਦੇ ਹਨ। ਇਹ ਹੋ ਸਕਦਾ ਹੈ ਕਿ 1877 ਈ. ਤੋਂ 1883 ਈ. ਤੱਕ ਛੇ ਸਾਲ ਭਾਈ ਗੁਰਮੁਖ ਸਿੰਘ, ਭਾਈ ਹਰਸਾ ਸਿੰਘ ਨਾਲ ਪੰਜਾਬੀ ਦੀਆਂ ਕਲਾਸਾਂ ਲਗਾਉਂਦੇ ਰਹੇ ਹੋਣ ਅਤੇ ਦੂਜਾ ਕਾਲਜ ਵਿਚ ਪੰਜਾਬੀ ਦੀ ਪੜ੍ਹਾਈ ਭਾਈ ਗੁਰਮੁਖ ਸਿੰਘ ਦੇ ਉੱਦਮ ਨਾਲ ਸ਼ੁਰੂ ਹੋਈ ਸੀ, ਇਸ ਕਾਰਨ ਭਾਈ ਸਾਹਿਬ ਨੂੰ ਪੰਜਾਬੀ ਦਾ ਪਹਿਲਾ ਪ੍ਰੋਫ਼ੈਸਰ ਕਿਹਾ ਜਾਣ ਲੱਗ ਪਿਆ ਹੋਵੇ। ਅਜੋਕੀ ਖੋਜ ਅਨੁਸਾਰ ਅਸਲ ਵਿਚ ਗਿਆਨੀ ਦਿੱਤ ਸਿੰਘ ਜੀ ਪੰਜਾਬੀ ਦੇ ਪਹਿਲੇ ਪ੍ਰੋਫ਼ੈਸਰ ਸਨ।[199]

1882 ਈ. ਵਿਚ ਸਿੰਘ ਸਭਾ ਲਹਿਰ ਦੁਆਰਾ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਉੱਨਤੀ ਲਈ 'ਪੰਜਾਬੀ ਪ੍ਰਚਾਰਨੀ ਸਭਾ' ਨਾਂ ਦੀ ਸੰਸਥਾ ਕਾਇਮ ਕੀਤੀ। ਇਸ ਸੰਸਥਾ ਦੇ ਉੱਘੇ ਸੰਚਾਲਕ ਸੋਢੀ ਹੁਕਮ ਸਿੰਘ, ਲਾਲਾ ਨਾਨਕ ਬਖ਼ਸ਼, ਭਾਈ ਰਤਨ ਸਿੰਘ, ਸਰਦਾਰ ਆਇਆ ਸਿੰਘ, ਭਾਈ ਮੀਹਾਂ ਸਿੰਘ ਆਦਿ ਸਨ। ਭਾਈ ਗੁਰਮੁਖ ਸਿੰਘ ਇਸ ਸੰਸਥਾ ਦੇ ਮੁੱਖ ਸਲਾਹਕਾਰ ਸਨ। ਇਸ ਸੰਸਥਾ ਦਾ ਮਹੱਤਵ ਇਸ ਲਈ ਵਧੇਰੇ ਹੈ ਕਿ ਨਿਰੋਲ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਸਥਾਪਿਤ ਕੀਤੀ ਗਈ ਇਹ ਪਹਿਲੀ ਸੰਸਥਾ ਸੀ। ਇਸ ਸੰਸਥਾ ਨੇ ਪੰਜਾਬੀ ਭਾਸ਼ਾ ਦੇ ਹੱਕ ਵਿਚ ਜਥੇਬੰਦਕ ਤੌਰ 'ਤੇ ਪ੍ਰਚਾਰ ਕੀਤਾ। ਇਸ ਸਭਾ ਨੇ ਸਰਕਾਰ ਉੱਪਰ ਦਬਾਅ ਬਣਾਇਆ ਕਿ ਪੰਜਾਬੀਆਂ ਦੀ ਮਾਤ-ਭਾਸ਼ਾ ਪੰਜਾਬੀ ਹੈ, ਇਸ ਲਈ ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਸਕੂਲਾਂ ਵਿਚ ਇਸ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਵੇ ਅਤੇ ਪੰਜਾਬੀ ਨੂੰ ਰਾਜ-ਪ੍ਰਬੰਧ ਵਿਚ ਵੀ ਯੋਗ ਥਾਂ ਦਿੱਤਾ ਜਾਵੇ।[200]

---

[196] ਗੁਰਦੇਵ ਸਿੰਘ ਸਿੱਧੂ, *ਪ੍ਰੋ. ਗੁਰਮੁਖ ਸਿੰਘ: ਜੀਵਨੀ ਅਤੇ ਰਚਨਾ,* ਪਟਿਆਲਾ: ਪੰਜਾਬੀ ਯੂਨੀਵਰਸਿਟੀ, 1989, ਪੰਨਾ 10.
[197] ਜਗਜੀਤ ਸਿੰਘ, *ਸਿੰਘ ਸਭਾ ਲਹਿਰ,* ਪੰਨਾ 19.
[198] ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ: ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ,* ਪੰਨਾ 74.
[199] ਉਹੀ, ਪੰਨੇ 72-74.
[200] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ,* ਪੰਨਾ 59.

ਸੰਨ 1882 ਈ. ਵਿਚ ਸਰਕਾਰ ਦੁਆਰਾ ਪੰਜਾਬ ਅੰਦਰ ਹੰਟਰ ਕਮਿਸ਼ਨ ਦੀ ਸਥਾਪਨਾ ਕੀਤੀ ਗਈ। ਇਸ ਦਾ ਮੁੱਖ ਮਨੋਰਥ ਭਾਰਤ ਅੰਦਰ ਪ੍ਰਚਲਿਤ ਹਰ ਪੱਧਰ ਦੀ ਵਿੱਦਿਅਕ ਪ੍ਰਣਾਲੀ ਦਾ ਪੁਨਰ-ਮੁਲਾਂਕਣ ਕਰਕੇ ਸਰਕਾਰ ਨੂੰ ਨਵੇਂ ਸੁਝਾ ਦੇਣਾ ਸੀ। ਸਿੰਘ ਸਭਾ ਲਹਿਰ ਦੇ ਆਗੂਆਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਦਸਤਖ਼ਤ ਕਰਕੇ ਇਕ ਮੈਮੋਰੰਡਮ ਇਸ ਕਮਿਸ਼ਨ ਨੂੰ ਦਿੱਤਾ। ਸਰਕਾਰ ਉੱਪਰ ਇਸ ਗੱਲ ਦਾ ਦਬਾਅ ਪਾਇਆ ਗਿਆ ਕਿ ਪੰਜਾਬ ਅੰਦਰ ਸਰਕਾਰੀ ਅਤੇ ਗੈਰ ਸਰਕਾਰੀ ਸਕੂਲਾਂ ਵਿਚ ਸਿੱਖਿਆ ਦਾ ਮਾਧਿਅਮ ਪੰਜਾਬੀ ਬਣਾਇਆ ਜਾਵੇ।[201]

ਸਿੰਘ ਸਭਾ ਲਹਿਰ ਨੇ ਜਿੰਨੇ ਸਕੂਲ ਸ਼ੁਰੂ ਕੀਤੇ ਅਤੇ ਇਸ ਲਹਿਰ ਦੇ ਪ੍ਰਭਾਵ ਹੇਠ ਹੋਰ ਵੀ ਜਿੰਨੇ ਸਕੂਲ ਸ਼ੁਰੂ ਹੋਏ ਲਗਭਗ ਸਾਰਿਆਂ ਵਿਚ ਪੰਜਾਬੀ ਵਿਸ਼ਾ ਲਾਜ਼ਮੀ ਤੌਰ 'ਤੇ ਲਾਗੂ ਕੀਤਾ ਗਿਆ। ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਹੀ ਰਿਆਸਤ ਨਾਭਾ ਨੇ 1893 ਈ. ਵਿਚ ਰਿਆਸਤ ਦਾ ਸਾਰਾ ਕੰਮ-ਕਾਜ ਪੰਜਾਬੀ ਵਿਚ ਕਰਨ ਦਾ ਹੁਕਮ ਜਾਰੀ ਕੀਤਾ। ਇਸੇ ਤਰ੍ਹਾਂ ਪਟਿਆਲਾ ਰਿਆਸਤ ਵਿਚ ਵੀ ਰਾਜ-ਪ੍ਰਬੰਧ ਦਾ ਕਾਰਜ ਪੰਜਾਬੀ ਵਿਚ ਕਰਨ ਦੇ ਹਵਾਲੇ ਮਿਲਦੇ ਹਨ। ਰਿਆਸਤ ਦਾ ਗਜ਼ਟ 29 ਮਈ, 1910 ਈ. ਨੂੰ ਪਹਿਲੀ ਵਾਰ ਪੰਜਾਬੀ ਵਿਚ ਪ੍ਰਕਾਸ਼ਿਤ ਹੋਇਆ।[202] ਸਿੰਘ ਸਭਾ ਲਹਿਰ ਪੰਜਾਬੀ ਭਾਸ਼ਾ ਦੀ ਉੱਨਤੀ ਅਤੇ ਵਿਕਾਸ ਲਈ ਯਤਨ ਕਰਦੀ ਰਹੀ ਅਤੇ ਸਮੇਂ-ਸਮੇਂ ਸਰਕਾਰ ਨੂੰ ਪੰਜਾਬ ਅੰਦਰ ਪੰਜਾਬੀ ਭਾਸ਼ਾ ਦੇ ਮਾਧਿਅਮ ਰਾਹੀਂ ਸਿੱਖਿਆ ਦੇਣ ਹਿਤ ਮੈਮੋਰੈਂਡਮ ਦਿੰਦੀ ਰਹੀ। ਸਰਕਾਰ ਨੇ ਪੰਜਾਬੀ ਨੂੰ ਸਿੱਖਿਆ ਦਾ ਮਾਧਿਅਮ ਤਾਂ ਨਾਂ ਬਣਾਇਆ ਪਰ ਸਿੱਖਾਂ ਨੂੰ ਇਹ ਖੁੱਲ੍ਹ ਜਰੂਰ ਦੇ ਦਿੱਤੀ ਕਿ ਉਹ ਆਪਣੇ ਸਕੂਲ-ਕਾਲਜ ਸ਼ੁਰੂ ਕਰ ਸਕਦੇ ਹਨ ਅਤੇ ਉਨ੍ਹਾਂ ਵਿਚ ਪੰਜਾਬੀ ਮਾਧਿਅਮ ਰਾਹੀਂ ਸਿੱਖਿਆ ਦੇ ਸਕਦੇ ਹਨ। ਇਸ ਦੇ ਨਾਲ ਹੀ ਸਰਕਾਰ ਨੇ ਕੁਝ ਵਿਭਾਗਾਂ ਵਿਚ ਪੰਜਾਬੀ ਲਾਗੂ ਕਰ ਦਿੱਤੀ। ਜਿਵੇਂ ਰੇਲ ਤੇ ਡਾਕ-ਤਾਰ ਵਿਭਾਗ ਨੇ ਆਪਣੇ ਦਫ਼ਤਰਾਂ ਵਿਚ ਪੰਜਾਬੀ ਲਾਗੂ ਕਰ ਦਿੱਤੀ ਅਤੇ ਸਟੇਸ਼ਨਾਂ ਦੇ ਨਾਂ ਗੁਰਮੁਖੀ ਅੱਖਰਾਂ ਵਿਚ ਲਿਖ ਦਿੱਤੇ। ਡਾਕ-ਤਾਰ ਵਿਭਾਗ ਨੇ ਆਪਣੇ ਕਰਮਚਾਰੀਆਂ ਨੂੰ ਪੰਜਾਬੀ ਸਿੱਖਣ ਲਈ ਆਦੇਸ਼ ਜਾਰੀ ਕਰ ਦਿੱਤੇ ਅਤੇ ਇਹ ਵੀ ਕਿਹਾ ਗਿਆ ਕਿ ਜਿਹੜੇ ਕਰਮਚਾਰੀ ਪੰਜਾਬੀ ਨਹੀਂ ਸਿੱਖਣਗੇ, ਉਨ੍ਹਾਂ ਦੀਆਂ ਤਰੱਕੀਆਂ ਰੋਕ ਦਿੱਤੀਆਂ ਜਾਣਗੀਆਂ।[203]

ਇਸ ਤਰ੍ਹਾਂ ਪੰਜਾਬ ਅੰਦਰ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਲਈ ਸਿੰਘ ਸਭਾ ਲਹਿਰ ਦਾ ਯੋਗਦਾਨ ਅਦੁੱਤੀ ਹੈ। ਇਸ ਲਹਿਰ ਨੇ ਜਿੱਥੇ ਆਪਣੇ ਦੁਆਰਾ ਸ਼ੁਰੂ ਕੀਤੇ ਸਕੂਲਾਂ-ਕਾਲਜਾਂ ਵਿਚ ਪੰਜਾਬੀ ਦਾ ਵਿਸ਼ਾ ਪੜ੍ਹਾਉਣਾ ਸ਼ੁਰੂ ਕੀਤਾ, ਉੱਥੇ ਨਾਲ ਹੀ ਓਰੀਐਂਟਲ ਕਾਲਜ ਵਰਗੇ ਸਰਕਾਰੀ ਕਾਲਜ ਵਿਚ ਵੀ ਪੰਜਾਬੀ ਦਾ ਵਿਸ਼ਾ ਲਾਗੂ ਕਰਵਾਇਆ। ਸਰਕਾਰ ਨੂੰ ਵਾਰ-ਵਾਰ ਮੈਮੋਰੰਡਮ ਦਿੱਤੇ ਗਏ ਕਿ ਪੰਜਾਬ ਅੰਦਰ ਸਾਰੇ ਸਰਕਾਰੀ ਅਤੇ ਗੈਰ-ਸਰਕਾਰੀ ਸਕੂਲਾਂ ਵਿਚ ਪੰਜਾਬੀ ਲਾਗੂ ਕੀਤੀ ਜਾਵੇ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਭਾਸ਼ਾ ਨੂੰ ਆਧੁਨਿਕ ਪੱਧਰ ਉੱਪਰ ਪਹੁੰਚਾਉਣ ਲਈ ਸਿੰਘ ਸਭਾ ਲਹਿਰ ਨੇ ਨੀਂਹ ਦਾ ਕੰਮ ਕੀਤਾ ਹੈ।

---

201 ਜਗਜੀਤ ਸਿੰਘ, *ਸਿੰਘ ਸਭਾ ਲਹਿਰ,* ਪੰਨਾ 25.

202 ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ,* ਪੰਨਾ 62-64.

203 ਖ਼ਾਲਸਾ ਐਡਵੋਕੇਟ, 15 ਅਕਤੂਬਰ, 1904, ਉਧਰਿਤ ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ,* ਪੰਨਾ 64.

**5.8.2. ਪੰਜਾਬੀ ਸਾਹਿਤ ਰਚਨਾ:** ਸਿੰਘ ਸਭਾ ਲਹਿਰ ਤੋਂ ਪਹਿਲਾਂ ਹਿੰਦੂ ਅਤੇ ਸਿੱਖ ਵਿਦਵਾਨ ਵਧੇਰੇ ਬ੍ਰਜ ਭਾਸ਼ਾ ਵਿਚ ਸਾਹਿਤ ਰਚਨਾ ਕਰਦੇ ਸਨ ਅਤੇ ਮੁਸਲਮਾਨ ਅਰਬੀ, ਫ਼ਾਰਸੀ ਜਾਂ ਉਰਦੂ ਵਿਚ। ਬਰਤਾਨਵੀ ਹਕੂਮਤ ਵੇਲੇ ਹਿੰਦੂਆਂ ਨੇ ਹਿੰਦੀ ਨੂੰ ਅਪਣਾ ਲਿਆ ਅਤੇ ਮੁਸਲਮਾਨਾਂ ਨੇ ਫ਼ਾਰਸੀ ਤੇ ਉਰਦੂ ਨੂੰ ਅਤੇ ਵਧੇਰੇ ਕਰਕੇ ਉਰਦੂ ਨੂੰ ਪਹਿਲ ਦਿੱਤੀ। ਭਾਵੇਂ ਪੰਜਾਬੀ ਪੰਜਾਬ ਵਾਸੀਆਂ ਦੀ ਮਾਤ-ਭਾਸ਼ਾ ਸੀ ਪਰ ਸਿੰਘ ਸਭਾ ਲਹਿਰ ਤੋਂ ਪਹਿਲਾਂ ਇਸ ਭਾਸ਼ਾ ਵਿਚ ਸਾਹਿਤ ਸਿਰਜਨਾ ਬਹੁਤ ਘੱਟ ਸੀ। ਜੇਕਰ ਕੋਈ ਰਚਨ ਦੀ ਕੋਸ਼ਿਸ਼ ਵੀ ਕਰਦਾ ਸੀ ਤਾਂ ਉਸ ਨੂੰ ਇਹ ਕਹਿ ਕੇ ਰੋਕ ਦਿੱਤਾ ਜਾਂਦਾ ਸੀ ਕਿ ਇਹ ਤਾਂ ਪੇਂਡੂ ਲੋਕਾਂ ਦੀ ਗੰਵਾਰੂ ਭਾਸ਼ਾ ਹੈ ਅਤੇ ਇਸ ਵਿਚ ਸਾਹਿਤ ਰਚਨਾ ਨਹੀਂ ਕੀਤੀ ਜਾ ਸਕਦੀ। ਇਸ ਸੰਬੰਧੀ ਭਾਈ ਵੀਰ ਸਿੰਘ ਦੀ ਉਦਾਹਰਨ ਦੇਖੀ ਜਾ ਸਕਦੀ ਹੈ। ਉਨ੍ਹਾਂ ਜਦੋਂ ਪਹਿਲੀ ਵਾਰ ਪੰਜਾਬੀ ਭਾਸ਼ਾ ਵਿਚ ਕਵਿਤਾ ਦੀ ਰਚਨਾ ਕੀਤੀ ਤਾਂ ਉਨ੍ਹਾਂ ਦੇ ਪਿਤਾ ਚਰਨ ਸਿੰਘ ਦੇ ਮਿੱਤਰ ਬਾਬਾ ਸੁਮੇਰ ਸਿੰਘ, ਮਹੰਤ ਸ੍ਰੀ ਪਟਨਾ ਸਾਹਿਬ ਨੇ ਕਿਹਾ ਕਿ, "ਸੁਣਿਆ ਹੈ ਕਿ ਆਪ ਦਾ ਟਿੱਕਾ ਪੰਜਾਬੀ ਵਿਚ ਕਵਿਤਾ ਕਹਿੰਦਾ ਹੈ, ਤੁਸੀਂ ਉਸ ਨੂੰ ਪੰਜਾਬੀ ਵਲੋਂ ਰੋਕ ਕੇ ਬ੍ਰਿਜ ਭਾਸ਼ਾ ਵਲ ਲਾਓ। ਪੰਜਾਬੀ ਵਿਚ ਕੋਈ ਕਵੀ ਕੀ ਲਿਖ ਸਕਦਾ ਹੈ ਤੇ ਕੀ ਜੌਹਰ ਦਿਖਾ ਸਕਦਾ ਹੈ?"[204] ਭਾਈ ਵੀਰ ਸਿੰਘ ਨੇ ਬਾਬਾ ਜੀ ਨੂੰ ਜਦੋਂ ਰਾਣਾ ਸੂਰਤ ਸਿੰਘ ਦਾ ਇਕ ਕਾਂਡ ਸੁਣਾਇਆ ਤਾਂ ਬਾਬਾ ਜੀ ਹੈਰਾਨ ਹੋ ਗਏ ਅਤੇ ਅੱਗੇ ਤੋਂ ਭਾਈ ਵੀਰ ਸਿੰਘ ਨੂੰ ਪੰਜਾਬੀ ਵਿਚ ਸਾਹਿਤ ਰਚਨ ਲਈ ਉਤਸ਼ਾਹਿਤ ਹੀ ਨਹੀਂ ਕੀਤਾ ਸਗੋਂ ਖ਼ੁਦ ਵੀ ਪੰਜਾਬੀ ਭਾਸ਼ਾ ਵਿਚ ਸਾਹਿਤ ਰਚਨ ਦਾ ਵਾਅਦਾ ਕੀਤਾ।[205] ਪਰਮਿੰਦਰ ਸਿੰਘ ਅਨੁਸਾਰ, "ਸਿੰਘ ਸਭਾ ਲਹਿਰ ਦੀ ਪੰਜਾਬੀ ਭਾਸ਼ਾ ਨੂੰ ਸੱਭ ਤੋਂ ਵੱਡੀ ਦੇਣ ਇਹ ਹੈ ਕਿ ਉਨ੍ਹੀਵੀਂ ਸਦੀ ਦੇ ਅਖੀਰ ਤਕ ਇਸ ਉਤੋਂ ਬ੍ਰਜੀ ਦਾ ਪ੍ਰਭਾਵ ਪੂਰੀ ਤਰ੍ਹਾਂ ਹਟ ਗਿਆ ਅਤੇ ਇਸ ਨੂੰ ਇਕ ਸੰਪੂਰਨ ਤੇ ਵਿਕਸਤ ਸਾਹਿਤਕ ਭਾਸ਼ਾ ਦਾ ਦਰਜਾ ਮਿਲ ਗਿਆ। ਉਨ੍ਹੀਵੀਂ ਸਦੀ ਦੇ ਅਖ਼ੀਰ ਤੱਕ ਜਿੱਥੇ ਭਾਸ਼ਾ ਦਾ ਠੁਕ ਬੱਝ ਚੁੱਕਾ ਸੀ ਉਥੇ ਇਸ ਦੇ ਸ਼ਬਦ-ਜੋੜਾਂ ਵਿਚ ਵੀ ਇਕਸਾਰਤਾ ਆ ਗਈ ਸੀ। ਸ਼ਬਦ ਭੰਡਾਰ ਵੀ ਚੋਖਾ ਸੀ ਜਿਸ ਨਾਲ ਹਰ ਪ੍ਰਕਾਰ ਦੇ ਵਿਸ਼ਿਆਂ ਉਤੇ ਬਿਨਾਂ ਔਕੜ ਕਲਮ ਚਲਾਈ ਜਾ ਸਕਦੀ ਸੀ ਤੇ ਭਾਸ਼ਾ ਦੀ ਸਮੱਰਥਾ ਵੀ ਸ਼ਕਤੀਸ਼ਾਲੀ ਹੋ ਗਈ ਸੀ।"[206]

ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਪੰਜਾਬੀ ਭਾਸ਼ਾ ਵਿਚ ਸਾਹਿਤ ਰਚਨਾ ਦੀ ਇਕ ਲਹਿਰ ਚੱਲ ਪਈ। ਥੋੜ੍ਹੇ ਸਮੇਂ ਵਿਚ ਹੀ ਧਾਰਮਿਕ ਸੁਧਾਰ, ਸਿੱਖ ਰਹਿਤ-ਮਰਯਾਦਾ ਅਤੇ ਸਮਾਜ ਸੁਧਾਰ ਆਦਿ ਵਿਸ਼ਿਆਂ 'ਤੇ ਪੰਜਾਬੀ ਭਾਸ਼ਾ ਵਿਚ ਪੁਸਤਕਾਂ, ਰਸਾਲੇ, ਅਖ਼ਬਾਰ ਅਤੇ ਟ੍ਰੈਕਟ ਛਾਪੇ ਜਾਣ ਲੱਗੇ। ਗੁਰਮੁਖੀ ਵਿਚ ਪੁਸਤਕਾਂ ਛਾਪਣ ਲਈ ਕੋਈ ਵੱਡਾ ਛਾਪਾਖ਼ਾਨਾ ਨਹੀਂ ਸੀ। ਇਸ ਸਮੱਸਿਆ ਨੂੰ ਦੂਰ ਕਰਦੇ ਹੋਏ ਭਾਈ ਵੀਰ ਸਿੰਘ ਜੀ ਨੇ ਅੰਮ੍ਰਿਤਸਰ ਵਿਖੇ

---

[204] ਹਰਬੰਸ ਸਿੰਘ, "ਭਾਈ ਵੀਰ ਸਿੰਘ ਦੀ ਜੀਵਨ ਕਥਾ", *ਭਾਈ ਵੀਰ ਸਿੰਘ: ਜੀਵਨ ਸਮਾਂ ਤੇ ਰਚਨਾ*, ਸੁਰਿੰਦਰ ਸਿੰਘ ਕੋਹਲੀ ਤੇ ਹਰਨਾਮ ਸਿੰਘ ਸ਼ਾਨ (ਸੰਪਾ.), ਪੰਨਾ 67.

[205] ਉਹੀ.

[206] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ,* ਪੰਨੇ 196-97.

ਭਾਈ ਵਜ਼ੀਰ ਸਿੰਘ ਨਾਲ ਰਲ ਕੇ ਵਜ਼ੀਰ ਹਿੰਦ ਪ੍ਰੈੱਸ ਦੀ ਨੀਂਹ ਰੱਖੀ।[207] ਸੰਨ 1893 ਈ. ਵਿਚ ਖ਼ਾਲਸਾ ਟ੍ਰੈਕਟ ਸੁਸਾਇਟੀ ਦੀ ਸਥਾਪਨਾ ਨਾਲ ਪੰਜਾਬੀ ਭਾਸ਼ਾ ਵਿਚ ਛੋਟੇ-ਛੋਟੇ ਟ੍ਰੈਕਟ ਛਾਪਣ ਵਿਚ ਤੇਜ਼ੀ ਆ ਗਈ। ਇਨ੍ਹਾਂ ਟ੍ਰੈਕਟਾਂ ਵਿਚ ਸਿੱਖ ਇਤਿਹਾਸ, ਰਹਿਤ-ਮਰਯਾਦਾ, ਗੁਰਬਾਣੀ ਵਿਆਖਿਆ ਅਤੇ ਸਮਾਜਿਕ ਕੁਰੀਤੀਆਂ ਪ੍ਰਤੀ ਲੇਖ ਛਪਦੇ ਸਨ। ਇਨ੍ਹਾਂ ਦੀ ਬੋਲੀ ਸੌਖੀ ਰੱਖੀ ਗਈ ਅਤੇ ਅੱਖਰੀ ਤੇ ਭਾਵ ਅਰਥ ਇਸ ਤਰ੍ਹਾਂ ਲਿਖੇ ਗਏ ਕਿ ਸਾਧਾਰਨ ਸਮਝ ਰੱਖਣ ਵਾਲੇ ਸੱਜਣ ਨੂੰ ਵੀ ਇਨ੍ਹਾਂ ਦੀ ਆਸਾਨੀ ਨਾਲ ਸਮਝ ਆ ਜਾਂਦੀ ਸੀ। ਟ੍ਰੈਕਟਾਂ ਰਾਹੀਂ ਪ੍ਰਚਾਰ ਦਾ ਅੰਦਾਜ਼ਾ ਇਸ ਗਿਣਤੀ ਤੋਂ ਲਾਇਆ ਜਾ ਸਕਦਾ ਹੈ ਕਿ 1901 ਈ. ਤੋਂ 1905 ਈ. ਤੱਕ 6,01,837 ਟ੍ਰੈਕਟ ਛਾਪ ਕੇ ਵੰਡੇ ਗਏ।[208]

ਸਿੰਘ ਸਭਾ ਲਹਿਰ ਦੇ ਲੇਖਕਾਂ ਨੇ ਸਿੱਖ ਇਤਿਹਾਸ, ਗੁਰਬਾਣੀ ਵਿਆਖਿਆ, ਰਹਿਤ-ਮਰਯਾਦਾ ਅਤੇ ਸਮਾਜਿਕ ਕੁਰੀਤੀਆਂ ਪ੍ਰਤੀ ਤਾਂ ਲਿਖਿਆ ਹੀ ਇਸ ਦੇ ਨਾਲ ਹੀ ਸਾਹਿਤ ਦੇ ਨਵੇਂ ਰੂਪ ਵੀ ਪੰਜਾਬੀ ਸਾਹਿਤ ਦੀ ਝੋਲੀ ਪਾਏ। ਪੰਜਾਬੀ ਕਵਿਤਾ ਨੇ ਇਸ ਦੌਰ ਵਿਚ ਆਧੁਨਿਕਤਾ ਵਿਚ ਪ੍ਰਵੇਸ਼ ਕੀਤਾ ਅਤੇ ਕਵਿਤਾ ਵਿਚ ਕੁੱਝ ਨਵੇਂ ਸਫਲ ਪ੍ਰਯੋਗ ਹੋਏ।[209] ਪੰਜਾਬੀ ਵਾਰਤਕ ਦੇ ਖੇਤਰ ਵਿੱਚ ਖ਼ਾਸ ਕਰਕੇ ਇਸ ਲਹਿਰ ਦੀ ਹੋਰ ਵੀ ਬਹੁਮੁੱਲੀ ਦੇਣ ਹੈ। ਵਾਰਤਕ ਲੇਖਕਾਂ ਵਿਚ ਗਿਆਨੀ ਗਿਆਨ ਸਿੰਘ, ਪੰ. ਤਾਰਾ ਸਿੰਘ ਨਰੋਤਮ, ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਮੋਹਨ ਸਿੰਘ ਵੈਦ, ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਚਰਨ ਸਿੰਘ ਸ਼ਹੀਦ, ਕਰਮ ਸਿੰਘ ਹਿਸਟੋਰੀਅਨ, ਬਾਬਾ ਪ੍ਰੇਮ ਸਿੰਘ ਹੋਤੀ ਅਤੇ ਪ੍ਰੋ. ਪੂਰਨ ਸਿੰਘ ਆਦਿ ਲੇਖਕ ਪ੍ਰਮੁੱਖ ਹਨ। ਇਸ ਕਾਲ ਵਿਚ ਵਾਰਤਕ ਵਿਚ ਨਵੇਂ-ਨਵੇਂ ਵਿਸ਼ੇ ਛੂਹੇ ਗਏ। ਵਿਆਕਰਨਿਕ ਨੁਕਤੇ ਤੋਂ ਵਿਸ਼ਰਾਮ ਚਿੰਨ੍ਹ ਅਤੇ ਵਾਕ ਬਣਤਰ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਪੰਜਾਬੀ ਵਾਰਤਕ ਹੁਣ ਵਧੇਰੇ ਨਿੱਖਰ ਕੇ ਸਾਹਮਣੇ ਆਈ। ਇਸ ਵਿਚਲਾ ਸਧੂਕੜੀ ਤੇ ਬ੍ਰਜੀ ਰੰਗ ਘਟਣ ਲੱਗ ਪਿਆ ਅਤੇ ਇਹ ਵਧੇਰੇ ਠੇਠ ਤੇ ਕੇਂਦਰੀ ਪੰਜਾਬੀ ਦਾ ਰੂਪ ਧਾਰਨ ਕਰ ਗਈ।[210] ਕਿਰਪਾਲ ਸਿੰਘ ਕਸੇਲ ਅਤੇ ਪਿਆਰ ਸਿੰਘ ਦੁਆਰਾ ਸੰਪਾਦਿਤ 'ਪੰਜਾਬੀ ਸਾਹਿਤ ਦਾ ਇਤਿਹਾਸ' ਵਿਚ ਇਸ ਦੌਰ ਦੀ ਵਾਰਤਕ ਬਾਰੇ ਲਿਖਿਆ ਹੈ, "ਪੰਜਾਬੀ ਵਾਰਤਕ ਦੇ ਵਾਕ ਦਾ ਪੂਰਾ ਠੁਕ ਇਸ ਕਾਲ ਵਿਚ ਬੱਝਾ। ਭਾਰਤੀ ਪਰੰਪਰਾ ਅਨੁਸਾਰ ਹੀ ਪੰਜਾਬੀ ਵਿਚ ਪਹਿਲਾਂ ਕਰਤਾ, ਫਿਰ ਕ੍ਰਿਆ ਆਂਦੇ ਹਨ। ਅੰਗਰੇਜ਼ੀ ਪ੍ਰਭਾਵ ਥੱਲੇ ਪੰਜਾਬੀ ਵਿਚ ਵਾਕ-ਅੰਸ਼ਾਂ ਦਾ ਫਿਕਰੇ ਵਿਚ ਪ੍ਰਯੋਗ ਹੋਣ ਲੱਗਾ ਤੇ ਇਸ ਸਮੇਂ ਵਿਚ ਹੀ ਪੰਜਾਬੀ ਵਿਸ਼ੇਸ਼ਣਾਂ, ਕ੍ਰਿਆ ਵਿਸ਼ੇਸ਼ਣਾਂ, ਸਬੰਧਕਾਂ ਤੇ ਯੋਜਕਾਂ ਨੇ ਆਪਣੇ ਰੂਪ ਤੇ ਵਰਤੋਂ-ਢੰਗ ਨੂੰ ਸਥਿਰ ਕਰ ਲਿਆ। ਪੰਜਾਬੀ ਬੋਲੀ ਦੇ

---

[207] ਜੋਧ ਸਿੰਘ, "ਭਾਈ ਵੀਰ ਸਿੰਘ ਤੇ ਸਿੰਘ ਸਭਾ ਲਹਿਰ", *ਭਾਈ ਵੀਰ ਸਿੰਘ: ਜੀਵਨ ਸਮਾਂ ਤੇ ਰਚਨਾ*, ਸੁਰਿੰਦਰ ਸਿੰਘ ਕੋਹਲੀ ਤੇ ਹਰਨਾਮ ਸਿੰਘ ਸ਼ਾਨ (ਸੰਪਾ.), ਪੰਨਾ 47.

[208] ਉਹੀ.

[209] ਸਤਿੰਦਰ ਕੌਰ, *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਿਲਤ ਪੰਜਾਬੀ ਸਾਹਿਤ: ਸਰਵੇਖਣ ਅਤੇ ਮੁਲਾਂਕਣ,* ਪੰਨਾ 225.

[210] ਉਹੀ, ਪੰਨਾ 187.

ਮੁਹਾਵਰਿਆਂ ਦੀ ਬੋਲ ਚਾਲ ਵਾਲੀ ਅਮੀਰੀ ਨੂੰ ਲਿਖਤੀ ਵਾਰਤਕ ਵਿਚ ਦਾਖਲ ਕੀਤਾ ਗਿਆ। ਪੰਜਾਬੀ ਫਿਕਰਾ ਲੰਮਾ ਹੋਣ ਲੱਗਾ ਤੇ ਉਸ ਵਿਚ ਵਾਕ ਅੰਸ਼ ਪਰਵੇਸ਼ ਕਰਨ ਲੱਗੇ।"[211]

ਪੰਜਾਬੀ ਭਾਸ਼ਾ ਵਿਚ ਮੌਲਿਕ ਨਾਵਲ ਲਿਖਣ ਦੀ ਕਲਾ ਵੀ ਸਿੰਘ ਸਭਾ ਲਹਿਰ ਤੋਂ ਸ਼ੁਰੂ ਹੋਈ ਮੰਨੀ ਜਾਂਦੀ ਹੈ। ਡਾਕਟਰ ਚਰਨ ਸਿੰਘ ਨੂੰ ਪੰਜਾਬੀ ਦੇ ਪਹਿਲੇ ਨਾਵਲਕਾਰਾਂ ਵਿਚ ਮੰਨਿਆ ਜਾਂਦਾ ਹੈ। ਉਨ੍ਹਾਂ ਨੇ 'ਜੰਗ ਮੜੌਲੀ' ਅਤੇ 'ਸ਼ਾਮ ਸੁੰਦਰ' ਨਾਵਲ ਲਿਖੇ।[212] ਡਾਕਟਰ ਚਰਨ ਸਿੰਘ ਦੇ ਨਾਵਲ 'ਜੰਗ ਮੜੌਲੀ' ਬਾਰੇ ਪ੍ਰਿੰ. ਸ. ਸ. ਅਮੋਲ ਨੇ ਲਿਖਿਆ ਹੈ ਕਿ, "ਜੰਗ ਮੜੋਲੀ ਪੰਜਾਬੀ ਗਲਪਕਾਰੀ ਵਿਚ ਆਪਣੀ ਕਿਸਮ ਦੀ ਰਚਨਾ ਹੈ। ਇਸ ਤੋਂ ਮਗਰੋਂ ਇਤਨੀ ਕਲਪਨਾ ਦੇ ਬਲ ਵਾਲੀ ਰਚਨਾ ਪੰਜਾਬੀ ਵਿਚ ਨਹੀਂ ਹੋਈ ਜਿਸ ਦਾ ਉਪਦੇਸ਼ਾਤਮਕ ਤੇ ਆਚਰਨ ਲਈ ਉਸਾਰੂ ਪਖ ਇੰਨਾ ਜੋਰਦਾਰ ਹੋਵੇ।"[213] ਭਾਈ ਵੀਰ ਸਿੰਘ ਨੇ ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ ਅਤੇ ਬਾਬਾ ਨੌਧ ਸਿੰਘ ਆਦਿ ਨਾਵਲਾਂ ਦੀ ਰਚਨਾ ਕੀਤੀ। ਸਵਿੰਦਰ ਸਿੰਘ ਉੱਪਲ ਅਨੁਸਾਰ ਭਾਈ ਵੀਰ ਸਿੰਘ ਨਵੀਨ ਪੰਜਾਬੀ ਸਾਹਿਤ ਦਾ ਮੋਢੀ ਹੋਣ ਦੇ ਨਾਲ-ਨਾਲ ਮੌਲਿਕ ਪੰਜਾਬੀ ਨਾਵਲ ਦਾ ਸੰਚਾਲਕ ਵੀ ਹੈ।[214] ਹਾਲਾਂਕਿ ਪੰਜਾਬੀ ਗਲਪ ਦੇ ਖੇਤਰ ਵਿਚ ਪਹਿਲ ਮਸੀਹੀ ਮਿਸ਼ਨਰੀਆਂ ਨੇ ਕੀਤੀ ਸੀ ਤੇ 'ਪਿਲਗ੍ਰਿੱਮਜ਼ ਪ੍ਰਾਗਰੈਸ' ਦਾ ਪੰਜਾਬੀ ਅਨੁਵਾਦ (1849 ਈ.) ਕਰ ਕੇ ਛਪਵਾਇਆ ਸੀ। ਪਿੱਛੋਂ 'ਜਯੋਤ੍ਰਉਦੇ' ਨਾਂ ਦਾ ਮੌਲਿਕ ਨਾਵਲ ਵੀ ਲੁਧਿਆਣਾ ਮਿਸ਼ਨ ਵੱਲੋਂ ਛਾਪਿਆ ਗਿਆ ਸੀ।[215] ਪਰ ਪੰਜਾਬੀ ਲੇਖਕਾਂ ਵਿਚੋਂ ਮੌਲਿਕ ਨਾਵਲਕਾਰਾਂ ਵਿਚ ਡਾਕਟਰ ਚਰਨ ਸਿੰਘ ਅਤੇ ਭਾਈ ਵੀਰ ਸਿੰਘ ਦਾ ਨਾਂ ਹੀ ਮੁੱਢਲੇ ਨਾਵਲਕਾਰਾਂ ਵਿਚ ਆਉਂਦਾ ਹੈ। ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ ਵਿਚ ਪੁਰਾਤਨ ਸਿੱਖ ਇਤਿਹਾਸਕ ਘਟਨਾਵਾਂ ਨੂੰ ਨਾਵਲ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਨ੍ਹਾਂ ਨਾਵਲਾਂ ਦੇ ਰਚਨ ਦੇ ਮਨੋਰਥ ਬਾਰੇ ਸੁੰਦਰੀ ਨਾਵਲ ਦੀ ਭੂਮਿਕਾ ਵਿਚੋਂ ਸਮਸ਼ਟ ਹੋ ਜਾਂਦਾ ਹੈ ਜਿਸ ਵਿਚ ਲਿਖਿਆ ਹੈ, "ਇਸ ਪੁਸਤਕ ਦੇ ਲਿਖਣ ਤੋਂ ਸਾਡਾ ਤਾਤਪਰਜ ਇਹ ਹੈ ਕਿ ਪੁਰਾਣੇ ਸਮਾਚਾਰ ਪੜ੍ਹ ਸੁਣ ਕੇ ਸਿੱਖ ਆਪਣੇ ਧਰਮ ਵਿਚ ਪੱਕੇ ਹੋਣ, ਪਰਮੇਸ਼ਰ ਦੀ ਭਗਤੀ ਤੇ ਜਗਤ ਦੇ ਵਿਹਾਰ ਦੋਹਾਂ ਨੂੰ ਨਿਭਾਉਣ, ਕੁਰੀਤੀਆਂ ਦਾ ਤਿਆਗ ਹੋਵੇ, ਧਰਮ ਦਾ ਵਾਧਾ ਹੋਵੇ ਅਰ ਸਿੱਖਾਂ ਨੂੰ ਆਪਣੇ ਉੱਤਮ ਅਸੂਲ ਪਿਆਰੇ ਲਗਣ, ਆਪਣੇ ਵਿਚ ਜਥੇਬੰਦ ਹੋ ਕੇ ਸਿੰਘ ਦੂਜੀਆਂ ਕੌਮਾਂ ਨੂੰ ਇਕ-ਰਸ ਜਾਣ ਕੇ ਕਿਸੇ ਨਾਲ ਅਤਿ ਵੈਰ ਤੇ ਕਿਸੇ ਨਾਲ ਅਤਿ ਮੋਹ ਨਾ ਕਰਨ, ਸਗੋਂ 'ਮਾਨਸ ਕੀ ਜਾਤਿ ਸਭੈ ਏਕੋ ਪਹਿਚਾਨਬੋ' ਵਾਲੀ ਗੁਰੂ ਸਿਖਯਾ ਪੁਰ ਟੁਰ ਕੇ ਅਟੱਲ ਰਹਿਣ।"[216]

---

[211] ਕਿਰਪਾਲ ਸਿੰਘ ਕਸੇਲ (ਸੰਪਾ.), *ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ),* ਪਟਿਆਲਾ: ਭਾਸ਼ਾ ਵਿਭਾਗ ਪੰਜਾਬ, ਚੌਥਾ ਐਡੀਸ਼ਨ, 2011, ਪੰਨਾ 463.

[212] ਉਹੀ, ਪੰਨਾ 337.

[213] ਉਹੀ, ਪੰਨਾ 338.

[214] ਸਵਿੰਦਰ ਸਿੰਘ ਉੱਪਲ, "ਭਾਈ ਵੀਰ ਸਿੰਘ ਦੇ ਨਾਵਲ", *ਭਾਈ ਵੀਰ ਸਿੰਘ: ਜੀਵਨ ਸਮਾਂ ਤੇ ਰਚਨਾ*, ਸੁਰਿੰਦਰ ਸਿੰਘ ਕੋਹਲੀ ਤੇ ਹਰਨਾਮ ਸਿੰਘ ਸ਼ਾਨ (ਸੰਪਾ.), ਪੰਨਾ 155.

[215] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ,* ਪੰਨਾ 199.

[216] ਵੀਰ ਸਿੰਘ, *ਸੁੰਦਰੀ,* ਨਵੀਂ ਦਿੱਲੀ: ਭਾਈ ਵੀਰ ਸਿੰਘ ਸਾਹਿਤ ਸਦਨ, ਮੁੜ ਪ੍ਰਕਾਸ਼ਨ, 2011, ਭੂਮਿਕਾ.

ਭਾਈ ਮੋਹਨ ਸਿੰਘ ਵੈਦ ਦੁਆਰਾ ਲਿਖੇ ਨਾਵਲ ਵੀ ਪੰਜਾਬੀ ਸਾਹਿਤ ਨੂੰ ਹੋਰ ਬਲਵਾਨ ਕਰਦੇ ਹਨ। ਭਾਈ ਸਾਹਿਬ ਮੁੱਖ ਤੌਰ 'ਤੇ ਵੈਦ ਸਨ ਅਤੇ ਨਾਲ ਹੀ ਸਾਹਿਤ ਰਚਨਾ ਵਿਚ ਵੀ ਰੁਚੀ ਰੱਖਦੇ ਸਨ। ਉਨ੍ਹਾਂ ਚੋਖੀ ਗਿਣਤੀ ਵਿਚ ਨਾਵਲ ਲਿਖੇ, ਜਿਨ੍ਹਾਂ ਵਿਚੋਂ 'ਸੁਸ਼ੀਲ ਨੂੰਹ', 'ਸੁਭਾਗ ਕੌਰ', 'ਸ਼ੇਰ ਬਹਾਦਰ ਸ਼ੇਰ ਸਿੰਘ', 'ਰਾਮਿੰਦਰ ਸਿੰਘ', 'ਕਰਮ ਯੋਗ', 'ਸਿਆਣੀ ਮਾਤਾ', 'ਸੁਖੀ ਪਰਵਾਰ', 'ਸੁਖਦੇਵ ਕੌਰ', 'ਸੁਘੜ ਨੂੰਹ ਤੇ ਲੜਾਕੀ ਸੱਸ', 'ਪਛਤਾਵਾ', 'ਇਕ ਸਿੱਖ ਘਰਾਣਾ', 'ਸੁਸ਼ੀਲ ਵਿਧਵਾ', 'ਕਪਟੀ ਮਿਤ੍ਰ' ਅਤੇ 'ਕਮਾਈ ਦੀ ਬਰਕਤ' ਆਦਿ ਵਰਨਣਯੋਗ ਹਨ। ਇਨ੍ਹਾਂ ਨਾਵਲਾਂ ਵਿਚ ਸੰਸਾਰਿਕ ਵਿਸ਼ੇ ਛੂਹੇ ਗਏ ਹਨ। ਇਨ੍ਹਾਂ ਨਾਵਲਾਂ ਦਾ ਮੁੱਖ ਉਦੇਸ਼ ਘਰੋਗੀ ਜੀਵਨ ਨੂੰ ਸੁੱਖੀ ਅਤੇ ਸੰਗੀਤਮਈ ਬਣਾਉਣਾ ਹੈ।ਇਨ੍ਹਾਂ ਨਾਵਲਾਂ ਵਿਚ ਉੱਚ ਆਚਰਨ ਦੇ ਵੱਡੇ ਆਧਾਰ- ਨੇਕ ਕਮਾਈ, ਨੇਕ ਪਤੀ-ਪਤਨੀ ਸੰਬੰਧ, ਮਾਤਾ ਪਿਤਾ ਤੇ ਬਜ਼ੁਰਗਾਂ ਨਾਲ ਨੇਕ ਵਤੀਰਾ, ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ ਆਦਿ ਵਿਸ਼ਿਆਂ ਨੂੰ ਪੇਸ਼ ਕੀਤਾ ਗਿਆ ਹੈ। ਭਾਈ ਮੋਹਨ ਸਿੰਘ ਵੈਦ ਇਨ੍ਹਾਂ ਨਾਵਲਾਂ ਵਿਚ ਅਰੋਗਤਾ ਦਾ ਸੰਦੇਸ਼ ਦਿੰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਅਰੋਗ ਵਤੀਰੇ ਕਰਕੇ ਹੀ ਸਰੀਰਕ, ਮਾਨਸਿਕ, ਆਤਮਿਕ, ਸਮਾਜਕ, ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਅਰੋਗਤਾ ਸਥਾਪਿਤ ਹੋ ਸਕਦੀ ਹੈ।[217]

ਚਰਨ ਸਿੰਘ ਸ਼ਹੀਦ ਨੇ ਸਿੰਘ ਸਭਾ ਲਹਿਰ ਦੇ ਮਨੋਰਥਾਂ ਦੇ ਤਹਿਤ ਪੰਜਾਬੀ ਭਾਸ਼ਾ ਵਿਚ ਨਾਵਲ ਦੀ ਰਚਨਾ ਕੀਤੀ। ਉਨ੍ਹਾਂ ਦੇ 'ਦਲੇਰ ਕੌਰ', 'ਰਣਜੀਤ ਕੌਰ', 'ਗ੍ਰਿਹਸਤ ਦੀ ਬੇੜੀ', 'ਦੋ ਵਹੁਟੀਆਂ', 'ਚੰਚਲ ਮੂਰਤੀ', 'ਜੋਗਨ ਜਾਦੂਗਰਨੀ', 'ਜਗਤ ਤਮਾਸ਼ਾ', 'ਹਾਸੇ ਦੀ ਵਰਖਾ' ਅਤੇ 'ਸੁਆਦ ਦੇ ਟੋਕਰੇ' ਨਾਵਲ ਲਿਖੇ। ਇਨ੍ਹਾਂ ਨਾਵਲਾਂ ਵਿਚੋਂ ਇਤਿਹਾਸਕ ਨਾਵਲਾਂ ਵਿਚ ਭਾਈ ਵੀਰ ਸਿੰਘ ਵਾਂਗ ਇਤਿਹਾਸਕ ਘਟਨਾਵਾਂ ਨੂੰ ਪ੍ਰੇਰਨਾਮਈ ਢੰਗ ਨਾਲ ਪੇਸ਼ ਕੀਤਾ ਗਿਆ ਹੈ ਅਤੇ ਸਮਾਜਿਕ ਨਾਵਲਾਂ ਵਿਚ ਰਿਸ਼ਤਿਆਂ ਦੀ ਅਹਿਮੀਅਤ ਉੱਪਰ ਚਾਨਣ ਪਾਉਂਦੇ ਹੋਏ ਸਮਾਜਿਕ ਰਿਸ਼ਤਿਆਂ ਪਿਛਲੇ ਮਨੋਵਿਗਿਆਨ ਨੂੰ ਵਧੇਰੇ ਯਥਾਰਥਵਾਦੀ ਢੰਗ ਨਾਲ ਬਿਆਨ ਕੀਤਾ ਹੈ।[218] ਗਿਆਨੀ ਗਿਆਨ ਸਿੰਘ ਦਾ 'ਬਲਵੰਤ ਕੌਰ', ਭਾਈ ਸੁੰਦਰ ਸਿੰਘ ਮਨਚਿੰਦਾ ਦਾ 'ਸ੍ਰੀ ਗੁਰੂ ਨਾਨਕ ਸੁਖ ਮੰਡਲ', ਅਰੂੜ ਸਿੰਘ ਦਾ 'ਦੇਵੀ ਮਾਤਾ ਯਾ ਚੋਰ ਸਾਧੂ' ਆਦਿ ਨਾਵਲ ਵੀ ਪੰਜਾਬੀ ਸਾਹਿਤ ਦੇ ਮੁੱਢਲੇ ਨਾਵਲਾਂ ਵਿਚ ਸ਼ਾਮਿਲ ਹਨ। ਨਿਰਮਲ ਸਿੰਘ ਅਨੁਸਾਰ, "ਇਹ ਰਚਨਾਵਾਂ ਪੰਜਾਬੀ ਸਾਹਿਤ ਵਿਚ ਨਾਵਲ ਦੇ ਖੇਤਰ ਦੀਆਂ ਮੁੱਢਲੀਆਂ ਰਚਨਾਵਾਂ ਹਨ। ਇਹਨਾਂ ਨਾਲ ਹੀ ਪੰਜਾਬੀ ਨਾਵਲ ਦਾ ਮੁੱਢ ਬੱਝਦਾ ਹੈ ਅਤੇ ਆਰੰਭ ਵਿਚ ਹੀ ਇਹ ਗਲਪ ਸਾਹਿਤ ਪੰਜਾਬ ਦੇ ਇਤਿਹਾਸ ਦੇ ਖੇਤਰ ਵਿਚ ਵਿਚਰਦਾ ਹੈ ਜੋ ਅਸਲ ਵਿਚ ਗੁਰੂ ਸਾਹਿਬ ਤੋਂ ਬਾਦ ਸਿੱਖਾਂ ਦਾ ਇਤਿਹਾਸ ਹੀ ਤਾਂ ਹੈ ਸੁ ਇਹਨਾਂ ਰਚਨਾਵਾਂ ਦੀ ਆਧੁਨਿਕ ਸਾਹਿਤ ਵਿਚ ਇਤਿਹਾਸਕ ਮਹਤਤਾ ਬਹੁਤ ਹੈ।"[219]

---

[217] ਕਿਰਪਾਲ ਸਿੰਘ ਕਸੇਲ (ਸੰਪਾ.), *ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ)*, ਪੰਨਾ 342.

[218] ਉਹੀ, ਪੰਨੇ 345-46.

[219] Nirmal Singh, *Imact of Singh Sabha Movement on Punjabi Literature*, Kartar Singh Suri (Supervisor), Ph.D. Theses, p. 257.

ਪੰਜਾਬੀ ਭਾਸ਼ਾ ਵਿਚ ਨਿੱਕੀ ਕਹਾਣੀ ਲਿਖਣ ਦੀ ਸ਼ੁਰੂਆਤ ਵੀ ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਕੀਤੀ। ਭਾਈ ਮੋਹਨ ਸਿੰਘ ਵੈਦ ਨੂੰ ਨਿੱਕੀ ਕਹਾਣੀ ਦਾ ਮੋਢੀ ਮੰਨਿਆ ਜਾਂਦਾ ਹੈ। ਉਨ੍ਹਾਂ ਦੇ ਤਿੰਨ ਕਹਾਣੀ ਸੰਗ੍ਰਹਿ– 'ਹੀਰੇ ਦੀਆਂ ਕਣੀਆਂ', 'ਰੰਗ ਬਰੰਗੇ ਫੁਲ' ਅਤੇ 'ਕਿਸਮਤ ਦਾ ਚੱਕਰ'– ਪ੍ਰਕਾਸ਼ਿਤ ਹੋਏ ਹਨ। 'ਹੀਰੇ ਦੀਆਂ ਕਣੀਆਂ' ਤੇ 'ਰੰਗ ਬਰੰਗੇ ਫੁਲ' ਦੀਆਂ ਕਹਾਣੀਆਂ ਪੱਛਮੀ ਦੇਸ਼ਾਂ ਦੀਆਂ ਘਟਨਾਵਾਂ ਤੇ ਕਹਾਣੀਆਂ ਦੇ ਆਧਾਰ 'ਤੇ ਰਚੀਆਂ ਗਈਆਂ ਹਨ ਅਤੇ 'ਕਿਸਮਤ ਦਾ ਚੱਕਰ' ਵਿਚ ਪ੍ਰਕਾਸ਼ਿਤ ਕਹਾਣੀਆਂ ਭਾਰਤੀ ਸਾਹਿਤ ਵਿਚੋਂ ਲਈਆਂ ਗਈਆਂ ਹਨ।[220] ਭਾਈ ਮੋਹਨ ਸਿੰਘ ਵੈਦ ਦੀਆਂ ਬਹੁਤੀਆਂ ਕਹਾਣੀਆਂ ਮੌਲਿਕ ਨਹੀਂ ਸਨ ਸਗੋਂ ਹੋਰਨਾਂ ਸੋਮਿਆਂ ਤੋਂ ਲਈਆਂ ਗਈਆਂ ਸਨ। ਅਸਲ ਵਿਚ ਨਿਰੋਲ ਮੌਲਿਕ ਕਹਾਣੀ ਲਿਖਣ ਵਿਚ ਪਹਿਲ ਚਰਨ ਸਿੰਘ ਸ਼ਹੀਦ ਨੇ ਕੀਤੀ। ਉਨ੍ਹਾਂ ਨੇ ਅੰਗ੍ਰੇਜ਼ੀ ਤੇ ਹਿੰਦੀ ਸਾਹਿਤ ਵਿਚੋਂ ਵੀ ਕਈ ਕਹਾਣੀਆਂ ਗ੍ਰਹਿਣ ਕੀਤੀਆਂ ਪਰ ਉਨ੍ਹਾਂ ਦੀ ਵਿਸ਼ੇਸ਼ਤਾ ਵਿਅੰਗ ਤੇ ਹਾਸ ਰਸ ਵਿਚ ਰੰਗੀ ਮੌਲਿਕ ਕਹਾਣੀ ਕਰਕੇ ਹੈ। ਉਨ੍ਹਾਂ ਦੀਆਂ ਇਸ ਤਰ੍ਹਾਂ ਦੀਆਂ ਕਹਾਣੀਆਂ ਦਾ ਸੰਗ੍ਰਹਿ 'ਹਸਦੇ ਹੰਝੂ' ਨਾਂ ਹੇਠ ਛਪਿਆ ਹੈ।[221]

ਸਿੰਘ ਸਭਾ ਲਹਿਰ ਨੇ ਪੰਜਾਬੀ ਭਾਸ਼ਾ ਵਿਚ ਨਾਟਕ ਲਿਖਣ ਦੀ ਕਲਾ ਵੀ ਪੰਜਾਬੀ ਸਾਹਿਤ ਦੀ ਝੋਲੀ ਪਾਈ। ਸਿੰਘ ਸਭਾ ਲਹਿਰ ਤੋਂ ਪਹਿਲਾਂ ਪੰਜਾਬੀ ਭਾਸ਼ਾ ਵਿਚ ਨਾਟਕ ਨਾਂਮਾਤਰ ਮਿਲਦੇ ਸਨ। ਸਭ ਤੋਂ ਪਹਿਲਾਂ ਚਰਨ ਸਿੰਘ ਨੇ ਕਾਲੀਦਾਸ ਦੇ ਸੰਸਕ੍ਰਿਤ ਨਾਟਕ 'ਸ਼ਕੁੰਤਲਾ' ਦਾ ਅਨੁਵਾਦ ਕਰਕੇ ਪੰਜਾਬੀ ਭਾਸ਼ਾ ਵਿਚ ਛਪਵਾਇਆ। ਗਿਆਨੀ ਦਿੱਤ ਨੇ 'ਸਵਪਨ ਨਾਟਕ' ਅਤੇ 'ਡਰਪੋਕ ਸਿੰਘ' ਨਾਟਕ ਲਿਖੇ। ਹਾਲਾਂਕਿ 'ਸਵਪਨ ਨਾਟਕ' ਨਾਟਕ ਨਹੀਂ ਹੈ ਸਗੋਂ ਹਿੰਦੀ ਭਾਸ਼ਾ ਵਿਚ ਲਿਖੀ ਇਕ ਲੰਬੀ ਕਵਿਤਾ ਹੈ ਜਿਸ ਵਿਚ ਉਨ੍ਹਾਂ ਆਪਣੇ ਵਿਰੋਧੀਆਂ ਦਾ ਮਜ਼ਾਕ ਉਡਾਇਆ ਹੈ।[222] 'ਡਰਪੋਕ ਸਿੰਘ' ਨਾਟਕ ਦੇ ਵਧੇਰੇ ਨੇੜੇ ਹੈ ਜਿਸ ਵਿਚ ਲੇਖਕ ਨੇ ਡਰਪੋਕ ਸਿੰਘ ਤੇ ਦਲੇਰ ਸਿੰਘ ਨਾਂ ਦੇ ਪਾਤਰਾਂ ਰਾਹੀਂ ਆਪਣੀ ਗੱਲ ਪਾਠਕਾਂ ਅੱਗੇ ਰੱਖੀ ਹੈ।[223] ਜੋਧ ਸਿੰਘ ਦੁਆਰਾ ਰਚਿਤ 'ਸੱਚਾ ਧਰਮੀ ਅਰਥਾਤ ਭਾਈ ਸ਼ਾਹਬਾਜ਼ ਸਿੰਘ ਦਾ ਜੀਵਨ ਬ੍ਰਿਤਾਂਤ' ਵੀ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਲਿਖੇ ਗਏ ਮੁੱਢਲੇ ਨਾਟਕਾਂ ਵਿਚ ਸ਼ਾਮਿਲ ਹੈ। ਇਸ ਵਿਚ ਸੱਤ ਪਾਤਰ– ਰੋਡਾ ਸਿੰਘ, ਸ਼ਾਹਬਾਜ਼ ਸਿੰਘ, ਸੂਬਾ, ਜਲਾਦ, ਗੁਰਮੁਖ ਸਿੰਘ, ਮੌਲਵੀ ਤੇ ਧਰਮ ਸਿੰਘ ਦੀ ਵਾਰਤਾਲਾਪ ਕਰਵਾਈ ਗਈ ਹੈ ਅਤੇ ਖ਼ਾਲਸੇ ਦੇ ਨਿਆਰੇਪਣ ਨੂੰ ਸਪਸ਼ਟ ਕੀਤਾ ਗਿਆ ਹੈ।[224] ਮਖ਼ਮੂਰ ਚੰਦ ਦੇ ਲਿਖੇ ਨਾਟਕ ਨੂੰ ਵੀ ਸਿੰਘ ਸਭਾ ਦੁਆਰਾ ਸਥਾਪਿਤ ਕਈ ਸੁਸਾਇਟੀਆਂ ਦੀਆਂ ਡਰਾਮਾਂ ਕੰਪਨੀਆਂ ਨੇ ਖੇਡ ਕੇ ਦਿਖਾਇਆ ਪਰ ਇਹ ਨਾਟਕ ਪ੍ਰਕਾਸ਼ਿਤ ਰੂਪ ਵਿਚ

---

[220] ਕਿਰਪਾਲ ਸਿੰਘ ਕਸੇਲ (ਸੰਪਾ.), *ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ),* ਪੰਨਾ 383–84.
[221] ਉਹੀ, ਪੰਨਾ 384.
[222] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ*, ਪੰਨਾ 202.
[223] Nirmal Singh, *Imact of Singh Sabha Movement on Punjabi Literature*, Kartar Singh Suri (Supervisor), Ph.D. Theses, p. 268.
[224] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ*, ਪੰਨਾ 202.

ਪ੍ਰਾਪਤ ਨਹੀਂ ਹੋਇਆ। 'ਅਸੀਂ ਤਾਂ ਭੁੱਲੇ ਹੀ ਰਹੇ' ਨਾਟਕ 1908 ਈ. ਦੇ ਨੇੜੇ ਛਪਿਆ ਜਾਪਦਾ ਹੈ, ਇਸ ਵਿਚ ਭਰਮੀ ਸਿੰਘ ਤੇ ਭਰਮ ਤੋੜ ਸਿੰਘ ਦੀ ਚਰਚਾ ਦਾ ਵਰਣਨ ਹੈ ਜਿਸ ਰਾਹੀਂ ਸ਼ੁੱਧੀ ਦਾ ਪ੍ਰਚਾਰ ਕੀਤਾ ਗਿਆ ਹੈ।[225]

ਭਾਈ ਵੀਰ ਸਿੰਘ ਨੇ ਵੀ 'ਰਾਜਾ ਲਖਦਾਤਾ ਸਿੰਘ' ਨਾਂ ਦਾ ਨਾਟਕ 1910 ਈ. ਵਿਚ ਛਪਵਾਇਆ। ਇਸ ਦਾ ਪੂਰਾ ਨਾਂ 'ਸਿਖੀ ਸੁਧਾਰ ਦਾ ਪਹਿਲਾ ਪੰਜਾਬੀ ਨਾਟਕ, ਸਿਖ ਦੀ ਪਰਵਿਰਤ ਦਸ਼ਾ ਦੇ ਦਰਸ਼ਨ ਅਤੇ ਰਾਜਾ ਲਖਦਾਤਾ ਸਿੰਘ ਦੀ ਰਾਹੀਂ ਉਸ ਦਾ ਸੁਧਾਰ' ਹੈ। ਇਸ ਨਾਟਕ ਦੇ ਮਨੋਰਥ ਬਾਰੇ ਭਾਈ ਸਾਹਿਬ ਦਸਦੇ ਹਨ, "ਸਿੱਖਾਂ ਦੀ ਹਾਲਤ ਜਿਸ ਉਚਾਈ ਤੇ ਸੀ ਉਸਤੋਂ ਹੇਠਾਂ ਆਕੇ ਅੱਠ ਅੱਠ ਹੰਝੂ ਰੁਆਉਣ ਵਾਲੀ ਹੋ ਰਹੀ ਹੈ। ਇਸ ਦੇ ਸੁਧਾਰ ਦੇ ਯਤਨ ਉਪਦੇਸ਼ਾਂ, ਅਖ਼ਬਾਰਾਂ, ਪੁਸਤਕਾਂ ਅਨੇਕ ਢੰਗਾਂ ਨਾਲ ਹੋ ਰਹੇ ਹਨ, ਪ੍ਰੰਤੂ ਅਸਲੀ ਹਾਲਤ ਨੂੰ ਰੰਗਭੂਮੀ ਵਿਚ ਅੱਖਾਂ ਦੇ ਅਗੇ ਲਿਆ ਦੇਣਾ ਬੀ ਇਕ ਸੁਧਾਰ ਦਾ ਲਾਭਵੰਦ ਤ੍ਰੀਕਾ ਹੈ। ਇਸ ਖਿਆਲ ਤੇ ਅਰ ਪੰਜਾਬੀ ਬੋਲੀ ਵਿਚ ਨਾਟਕ ਦੀ ਨੀਂਹ ਰੱਖਣੇ ਦੇ ਆਸ਼ਯ ਤੇ ਇਹ ਨਿੱਕਾ ਜਿਹਾ ਲੇਖ ਪ੍ਰਕਾਸ਼ਤ ਕੀਤਾ ਜਾਂਦਾ ਹੈ। ਇਹ ਨਾਟਕ 'ਕੌਮੀ ਡਰਾਮਾ' ਦੇ ਆਧਾਰ ਤੇ ਲਿਖਿਆ ਗਿਆ ਹੈ, ਅਰ ਇਸ ਦੀਆਂ ਝਾਕੀਆਂ ਨੂੰ ਸਿਖਾਂ ਦੀ ਮੌਜੂਦਾ ਦਸ਼ਾ ਦਾ ਹੂ-ਬ-ਹੂ ਦਰਪਨ ਬਣਾਨ ਤੇ ਸੁਧਾਰ ਦਾ ਨਕਸ਼ਾ ਜਮਾ ਦੇਣ ਦਾ ਪ੍ਰਯਤਨ ਕੀਤਾ ਗਿਆ ਹੈ।"[226]

ਸਿੰਘ ਸਭਾ ਲਹਿਰ ਦੇ ਲੇਖਕਾਂ ਨੇ ਜਿੱਥੇ ਪੰਜਾਬੀ ਵਾਰਤਕ ਦੀ ਨੀਂਹ ਰੱਖੀ ਉੱਥੇ ਨਾਵਲ, ਨਾਟਕ, ਕਹਾਣੀ ਆਦਿ ਵੰਨਗੀਆਂ ਵਿਚ ਪੰਜਾਬੀ ਸਾਹਿਤ ਰਚਨਾ ਕੀਤੀ। ਗੁਰਬਾਣੀ ਦੇ ਕੋਸ਼ ਅਤੇ ਟੀਕੇ ਤਿਆਰ ਕੀਤੇ ਗਏ। ਨਿਬੰਧ ਲਿਖਣ ਦੀ ਕਲਾ ਨੂੰ ਪੰਜਾਬੀ ਭਾਸ਼ਾ ਵਿਚ ਲਿਆਂਦਾ ਗਿਆ। ਭਾਈ ਮੀਹਾਂ ਸਿੰਘ ਦੁਆਰਾ ਪੰਜਾਬੀ-ਅੰਗ੍ਰੇਜ਼ੀ ਸ਼ਬਦਕੋਸ਼ ਤਿਆਰ ਕੀਤਾ ਗਿਆ, ਜੋ ਇਸ ਤਰ੍ਹਾਂ ਦਾ ਪਹਿਲਾ ਸ਼ਬਦਕੋਸ਼ ਸੀ।[227] ਦੂਜੇ ਸਾਹਿਤ ਦੇ ਮਹੱਤਵਪੂਰਨ ਕਾਰਜਾਂ ਦਾ ਪੰਜਾਬੀ ਭਾਸ਼ਾ ਵਿਚ ਉਲਥਾ ਕੀਤਾ ਗਿਆ। ਇਸ ਤਰ੍ਹਾਂ ਸਾਹਿਤ ਦੀ ਲਗਭਗ ਹਰ ਵੰਨਗੀ ਨੂੰ ਪੰਜਾਬੀ ਭਾਸ਼ਾ ਵਿਚ ਵਰਤਣ ਦਾ ਸਿਹਰਾ ਸਿੰਘ ਸਭਾ ਲਹਿਰ ਦੇ ਲੇਖਕਾਂ ਦੇ ਸਿਰ ਬੱਝਦਾ ਹੈ।

**5.8.3. ਸਿੱਖ ਵਿਦਵਾਨ ਪੈਦਾ ਕਰਨਾ:** ਸਿੰਘ ਸਭਾ ਲਹਿਰ ਨੇ ਪੰਜਾਬ ਅੰਦਰ ਵਿੱਦਿਆ ਦੇ ਪਾਸਾਰ ਨੂੰ ਜਿੱਥੇ ਆਪਣੇ ਪ੍ਰਮੁੱਖ ਮਨੋਰਥਾਂ ਵਿਚ ਸ਼ਾਮਿਲ ਕੀਤਾ, ਉੱਥੇ ਨਾਲ ਹੀ ਇਸ ਮਨੋਰਥ ਦੀ ਪੂਰਤੀ ਲਈ ਯਤਨ ਵੀ ਕੀਤੇ। ਇਸ ਲਹਿਰ ਦੇ ਪ੍ਰਚਾਰ ਅਤੇ ਮਿਹਨਤ ਦਾ ਹੀ ਨਤੀਜਾ ਸੀ ਕਿ ਬਹੁਤ ਥੋੜ੍ਹੇ ਸਮੇਂ ਅੰਦਰ ਪੰਜਾਬ ਵਿਚ ਚੋਖੀ ਗਿਣਤੀ ਵਿਚ ਸਕੂਲ-ਕਾਲਜ ਸ਼ੁਰੂ ਹੋ ਗਏ ਅਤੇ ਵੱਡੀ ਗਿਣਤੀ ਵਿਚ ਬੱਚੇ ਵਿੱਦਿਆ ਪ੍ਰਾਪਤ ਕਰਨ ਲੱਗੇ। ਸਿੱਖ ਪਛਾਣ ਨੂੰ ਕਾਇਮ ਕਰਨ, ਸਿੱਖ ਇਤਿਹਾਸ ਅਤੇ ਗੁਰਬਾਣੀ ਦੀ ਗੁਰਮਤਿ ਅਨੁਸਾਰ ਵਿਆਖਿਆ ਕਰਨ ਅਤੇ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਪ੍ਰਫੁਲਿਤ ਕਰਨ ਵਿਚ ਸਿੰਘ ਸਭਾ ਲਹਿਰ ਨੇ ਨਿੱਗਰ ਯੋਗਦਾਨ ਪਾਇਆ ਹੈ। ਇਸ ਲਹਿਰ ਦੇ ਪ੍ਰਭਾਵ ਅਧੀਨ ਅਨੇਕਾਂ ਸਿੱਖ ਵਿਦਵਾਨ ਪੈਦਾ ਹੋਏ ਜਿਨ੍ਹਾਂ ਸਿੱਖ ਇਤਿਹਾਸ, ਪਰੰਪਰਾ ਅਤੇ ਸਿੱਖੀ ਦੇ ਸਿਧਾਂਤਕ ਮਸਲਿਆ ਸੰਬੰਧੀ ਆਪਣੇ ਵਿਚਾਰ ਪ੍ਰਗਟਾਏ ਅਤੇ ਉਸ ਦੇ ਨਾਲ-ਨਾਲ ਪੰਜਾਬੀ ਸਾਹਿਤ ਵਿਚ ਆਪਣਾ

---

[225] Nirmal Singh, *Imact of Singh Sabha Movement on Punjabi Literature*, Kartar Singh Suri (Supervisor), Ph.D. Theses, p. 269.

[226] ਵੀਰ ਸਿੰਘ, *ਰਾਜਾ ਲਖਦਾਤਾ ਸਿੰਘ*, ਅੰਮ੍ਰਿਤਸਰ: ਵਜ਼ੀਰ ਹਿੰਦ ਪ੍ਰੈਸ, ਦੂਜੀ ਵਾਰ, 1925, ਬਿਨਯ.

[227] ਕਿਰਪਾਲ ਸਿੰਘ ਕਸੇਲ (ਸੰਪਾ.), *ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ)*, ਪੰਨਾ 531.

ਯੋਗਦਾਨ ਪਾਇਆ ਹੈ। ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪੈਦਾ ਹੋਏ ਵਿਦਵਾਨ ਲੇਖਕਾਂ ਦੀ ਸੂਚੀ ਕਾਫ਼ੀ ਲੰਮੀ ਹੈ ਪਰ ਇੱਥੇ ਅਸੀਂ ਚੋਣਵੇਂ ਵਿਦਵਾਨਾਂ ਦੇ ਜੀਵਨ ਅਤੇ ਕਾਰਜਾਂ ਬਾਰੇ ਜਾਣਨ ਦਾ ਯਤਨ ਕਰਾਂਗੇ।

**5.8.3.1 ਪ੍ਰੋ. ਗੁਰਮੁਖ ਸਿੰਘ:** ਪ੍ਰੋ. ਗੁਰਮੁਖ ਸਿੰਘ, ਸਿੰਘ ਸਭਾ ਲਾਹੌਰ ਦੇ ਮੋਢੀ ਆਗੂ ਸਨ। ਉਨ੍ਹਾਂ ਦਾ ਜਨਮ 15 ਅਪ੍ਰੈਲ, 1849 ਈ. ਨੂੰ ਕਪੂਰਥਲਾ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਵਿਸਾਵਾ ਸਿੰਘ ਕੰਵਰ ਬਿਕ੍ਰਮ ਸਿੰਘ ਦੇ ਸੇਵਾਦਾਰ ਵਜੋਂ ਨੌਕਰੀ ਕਰਦੇ ਸਨ। ਕੰਵਰ ਬਿਕ੍ਰਮ ਸਿੰਘ ਦੇ ਦਰਬਾਰ ਵਿਚ ਵਿਸਾਵਾ ਸਿੰਘ ਦਾ ਚੰਗਾ ਮਾਣ-ਸਤਿਕਾਰ ਸੀ। ਇਸ ਲਈ ਉਨ੍ਹਾਂ ਵਿਸਾਵਾ ਸਿੰਘ ਦੇ ਪੁੱਤਰ ਭਾਈ ਗੁਰਮੁਖ ਸਿੰਘ ਦੀ ਸਿੱਖਿਆ ਦਾ ਪ੍ਰਬੰਧ ਆਪਣੀ ਨਿਜੀ ਦੇਖ-ਰੇਖ ਹੇਠ ਕੀਤਾ।[228] ਪ੍ਰੋ. ਗੁਰਮੁਖ ਸਿੰਘ ਨੇ 1873 ਈ. ਵਿਚ ਸ਼ੁਰੂ ਹੋਈ ਸਿੰਘ ਸਭਾ ਲਹਿਰ ਦੀਆਂ ਸਰਗਰਮੀਆਂ ਵਿਚ ਵੱਧ-ਚੜ੍ਹ ਕੇ ਭਾਗ ਲਿਆ। 1877 ਈ. ਵਿਚ ਉਨ੍ਹਾਂ ਨੂੰ ਓਰੀਐਂਟਲ ਕਾਲਜ, ਲਾਹੌਰ ਵਿਖੇ ਹਿੰਦੀ ਵਿਭਾਗ ਵਿਚ ਲੈਕਚਰਾਰ ਨਿਯੁਕਤ ਕੀਤਾ ਗਿਆ, ਜਿੱਥੇ ਵੱਡੀ ਜੱਦੋ-ਜਹਿਦ ਤੋਂ ਬਾਅਦ ਉਨ੍ਹਾਂ ਕਾਲਜ ਦੇ ਪਾਠ-ਕਰਮ ਵਿਚ ਪੰਜਾਬੀ ਦੀ ਵਿਵਸਥਾ ਕਰਵਾਈ। 1879 ਈ. ਵਿਚ ਉਨ੍ਹਾਂ ਲਾਹੌਰ ਵਿਖੇ ਨਵੀਂ ਸਿੰਘ ਸਭਾ ਦੀ ਸਥਾਪਨਾ ਕੀਤੀ ਅਤੇ ਇਸ ਸਭਾ ਨੇ ਸਕੱਤਰ ਦੀ ਜ਼ਿੰਮੇਵਾਰੀ ਸੰਭਾਲੀ। 1883 ਈ. ਵਿਚ ਖ਼ਾਲਸਾ ਦੀਵਾਨ, ਅੰਮ੍ਰਿਤਸਰ ਦੇ ਸਕੱਤਰ ਅਤੇ 1886 ਈ. ਵਿਚ ਖ਼ਾਲਸਾ ਦੀਵਾਨ, ਲਾਹੌਰ ਦੇ ਸਕੱਤਰ ਵਜੋਂ ਸੇਵਾ ਸੰਭਾਲੀ। ਪ੍ਰੋ. ਗੁਰਮੁਖ ਸਿੰਘ ਸਿੱਖ ਪੰਥ ਵਿਚੋਂ ਹਰ ਤਰ੍ਹਾਂ ਦੀ ਕੁਰੀਤੀ ਨੂੰ ਖ਼ਤਮ ਕਰਕੇ ਗੁਰੂ ਸਾਹਿਬਾਨ ਵੱਲੋਂ ਸਥਾਪਿਤ ਨਿਰਮਲ ਪੰਥ ਨੂੰ ਪ੍ਰਗਟ ਕਰਨਾ ਚਾਹੁੰਦੇ ਸਨ। ਇਸ ਮਨੋਰਥ ਦੀ ਪੂਰਤੀ ਲਈ ਉਨ੍ਹਾਂ ਨੂੰ ਕੁਝ ਰੂੜੀਵਾਦੀ ਪੁਜਾਰੀਆਂ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਇਹ ਵਿਰੋਧ ਇੱਥੋਂ ਤੱਕ ਪਹੁੰਚ ਗਿਆ ਕਿ 18 ਮਾਰਚ, 1887 ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਉਨ੍ਹਾਂ ਨੂੰ ਸਿੱਖ ਪੰਥ ਵਿਚੋਂ ਛੇਕ ਦਿੱਤਾ।[229] ਇਸ ਸਭ ਦੇ ਬਾਵਜੂਦ ਪ੍ਰੋ. ਗੁਰਮੁਖ ਸਿੰਘ ਸਿੱਖ ਪੰਥ ਦੀ ਚੜ੍ਹਦੀਕਲਾ ਲਈ ਕਾਰਜ ਕਰਦੇ ਰਹੇ। ਖ਼ਾਲਸਾ ਕਾਲਜ ਦੀ ਸਥਾਪਨਾ ਲਈ ਉਨ੍ਹਾਂ ਦਿਨ-ਰਾਤ ਮਿਹਨਤ ਕੀਤੀ ਅਤੇ ਇਸੇ ਕਾਲਜ ਲਈ ਚੰਦਾ ਇਕੱਠਾ ਕਰਦੇ ਹੋਏ 23 ਸਤੰਬਰ, 1898 ਈ. ਨੂੰ ਕੰਡਾ ਘਾਟ ਵਿਖੇ ਉਨ੍ਹਾਂ ਦਾ ਦੇਹਾਂਤ ਹੋ ਗਿਆ।[230]

ਪ੍ਰੋ. ਗੁਰਮੁਖ ਸਿੰਘ ਨੇ ਜਿੱਥੇ ਸਿੰਘ ਸਭਾ ਲਹਿਰ ਦੇ ਮਨੋਰਥਾਂ ਦੀ ਕਾਮਯਾਬੀ ਲਈ ਦਿਨ-ਰਾਤ ਮਿਹਨਤ ਕੀਤੀ ਉੱਥੇ ਨਾਲ ਹੀ ਕਲਮ ਰਾਹੀਂ ਪੰਜਾਬੀ ਸਾਹਿਤ ਵਿਚ ਆਪਣਾ ਯੋਗਦਾਨ ਪਾਇਆ ਹੈ। ਉਨ੍ਹਾਂ ਦੁਆਰਾ ਰਚਿਤ 'ਸੰਕ੍ਰਾਤੀ ਪੱਤ੍ਰ ਅਥਵਾ ਗੁਰਬਰਸ 421' ਅਜਿਹੀ ਰਚਨਾ ਹੈ ਜਿਸ ਵਿਚ ਉਨ੍ਹਾਂ ਨਾਨਕਸ਼ਾਹੀ ਸੰਮਤ (ਜਿਸ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਮੰਨਿਆ ਗਿਆ ਹੈ) ਨੂੰ ਆਧਾਰ ਬਣਾ ਕੇ ਤਿਥ-ਪੱਤ੍ਰੀ ਤਿਆਰ ਕੀਤੀ ਅਤੇ ਆਪਣੀ ਖੋਜ ਦੇ ਆਧਾਰ 'ਤੇ ਸਿੱਧ ਕੀਤਾ ਕਿ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਕੱਤਕ ਦੀ ਪੂਰਨਮਾਸ਼ੀ ਦੀ ਬਜਾਇ ਵਿਸਾਖ ਸੁਦੀ ਤਿੰਨ ਨੂੰ ਹੋਇਆ ਸੀ। ਪ੍ਰੋ. ਗੁਰਮੁਖ ਸਿੰਘ ਥਾਂ-ਥਾਂ ਜਾ ਕੇ ਸੰਗਤਾਂ ਨੂੰ ਸਿੱਖ

---

[228] ਗੁਰਨੇਕ ਸਿੰਘ ਨੇਕੀ, *ਸਿੰਘ ਸਭਾ ਲਹਿਰ ਦੇ ਉਸਰੱਈਏ*, ਪੰਨਾ 21.

[229] ਗੁਰਦੇਵ ਸਿੰਘ ਸਿੱਧੂ, *ਪ੍ਰੋ. ਗੁਰਮੁਖ ਸਿੰਘ: ਜੀਵਨੀ ਅਤੇ ਰਚਨਾ*, ਪੰਨਾ 20.

[230] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ*, ਪੰਨਾ 215.

ਧਰਮ ਪ੍ਰਤੀ ਭਾਸ਼ਣ ਵੀ ਦਿੰਦੇ ਸਨ। ਬਾਅਦ ਵਿਚ ਉਨ੍ਹਾਂ ਆਪਣੇ ਇਹ ਭਾਸ਼ਣ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਵੀ ਕੀਤੇ ਪਰ ਵਰਤਮਾਨ ਸਮੇਂ ਇਹ ਅਧੂਰੇ ਰੂਪ ਵਿਚ ਪ੍ਰਾਪਤ ਹਨ। 1895 ਈ. ਵਿਚ ਉਨ੍ਹਾਂ ਦਾ ਇਕ ਨਿਬੰਧ 'ਲਾਸਾਨੀ ਕਰਾਮਾਤ' ਪ੍ਰਕਾਸ਼ਿਤ ਹੋਇਆ। ਇਸ ਵਿਚ ਉਨ੍ਹਾਂ ਗੁਰੂ ਗੋਬਿੰਦ ਸਿੰਘ ਦੁਆਰਾ ਖ਼ਾਲਸਾ ਪੰਥ ਦੀ ਸਾਜਣਾ ਨੂੰ ਲਾਸਾਨੀ ਕਰਾਮਾਤ ਕਹਿ ਕੇ ਵਡਿਆਇਆ ਹੈ। ਇਸ ਤੋਂ ਇਲਾਵਾ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਉਨ੍ਹਾਂ ਦੇ ਕਈ ਲੇਖ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਵਿਚ ਉਨ੍ਹਾਂ ਸਿੱਖ ਧਰਮ ਦੇ ਨਿਆਰੇਪਣ ਨੂੰ ਸਪਸ਼ਟ ਕਰਦੇ ਹੋਏ ਗੁਰੂ ਉਪਦੇਸ਼ਾਂ ਦੀ ਵਿਆਖਿਆ ਕੀਤੀ ਹੈ।[231]

**5.8.3.2. ਗਿਆਨੀ ਦਿੱਤ ਸਿੰਘ:** ਸਿੰਘ ਸਭਾ ਲਹਿਰ ਦੇ ਪ੍ਰਮੁੱਖ ਆਗੂ ਗਿਆਨੀ ਦਿੱਤ ਸਿੰਘ ਦਾ ਜਨਮ ਫ਼ਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਪਿੰਡ ਨੰਦਪੁਰ ਕਲੌੜ ਵਿਖੇ ਸ. ਦੀਵਾਨ ਸਿੰਘ ਦੇ ਘਰ ਮਾਈ ਰਾਮ ਕੌਰ ਦੀ ਕੁੱਖੋਂ 21 ਅਪ੍ਰੈਲ, 1850 ਈ. ਨੂੰ ਹੋਇਆ।[232] ਗਿਆਨੀ ਦਿੱਤ ਸਿੰਘ ਨੇ ਅੰਬਾਲਾ ਜ਼ਿਲ੍ਹੇ ਦੇ ਪਿੰਡ ਤਿਉੜ ਵਿਖੇ ਸੰਤ ਗੁਰਬਖ਼ਸ਼ ਸਿੰਘ ਗੁਲਾਬਦਾਸੀਏ ਪਾਸੋਂ ਪੰਜ ਗ੍ਰੰਥੀ, ਭਗਤ ਬਾਣੀ, ਵਾਰਾਂ ਅਤੇ ਕਬਿੱਤ ਸਵੱਯੇ ਭਾਈ ਗੁਰਦਾਸ ਦਾ ਅਧਿਐਨ ਕੀਤਾ ਅਤੇ ਉਰਦੂ, ਪੰਜਾਬੀ, ਪਿੰਗਲ, ਵੇਦਾਂਤ ਆਦਿ ਉੱਪਰ ਮੁਹਾਰਤ ਹਾਸਿਲ ਕੀਤੀ। ਇਸ ਤੋਂ ਇਲਾਵਾ ਗਿਆਨੀ ਜੀ ਨੇ ਲਾਹੌਰ ਵਿਖੇ ਸੰਤ ਦੇਸਾ ਸਿੰਘ ਗੁਲਾਬਦਾਸੀਏ ਪਾਸੋਂ ਭਾਰਤੀ ਦਰਸ਼ਨ ਅਤੇ ਕਾਵਿ-ਸ਼ਾਸਤਰ ਦਾ ਵੀ ਅਧਿਐਨ ਕੀਤਾ।[233] ਪ੍ਰੋ. ਗੁਰਮੁਖ ਸਿੰਘ ਦੀ ਪ੍ਰੇਰਨਾ ਸਦਕਾ 1878 ਈ. ਦੇ ਕਰੀਬ ਗਿਆਨੀ ਦਿੱਤ ਸਿੰਘ ਨੇ 'ਗਿਆਨੀ' ਦਾ ਇਮਤਿਹਾਨ ਪਾਸ ਕਰ ਲਿਆ ਅਤੇ ਓਰੀਐਂਟਲ ਕਾਲਜ, ਲਾਹੌਰ ਵਿਖੇ ਬਤੌਰ ਪੰਜਾਬੀ ਅਧਿਆਪਕ ਨੌਕਰੀ ਕਰਨ ਲੱਗੇ।[234] ਗਿਆਨੀ ਜੀ ਨੇ ਆਪਣੀ ਸਾਰੀ ਉਮਰ ਸਿੱਖ ਧਰਮ ਦੇ ਸਿਧਾਂਤਕ ਅਤੇ ਵਿਹਾਰਿਕ ਸਰੂਪ ਦੀ ਪੁਨਰ-ਵਿਆਖਿਆ ਕਰਨ ਦੇ ਲੇਖੇ ਲਗਾ ਦਿੱਤੀ। ਇਨ੍ਹਾਂ ਨੇ ਸਿੱਖ ਇਤਿਹਾਸ ਅਤੇ ਪਰੰਪਰਾ ਦਾ ਚਿਤਰਨ ਇਸ ਢੰਗ ਨਾਲ ਦਾ ਯਤਨ ਕੀਤਾ ਕਿ ਉਸ ਵਿਚੋਂ ਵਰਤਮਾਨ ਸਮੇਂ ਦੀਆਂ ਸਮੱਸਿਆਵਾਂ ਦਾ ਹੱਲ ਲੱਭਿਆ ਜਾ ਸਕੇ। ਆਪਣੇ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਉਨ੍ਹਾਂ ਨੇ ਪ੍ਰੋ. ਗੁਰਮੁਖ ਸਿੰਘ ਨਾਲ ਮਿਲ ਕੇ 1886 ਈ. ਵਿਚ 'ਖ਼ਾਲਸਾ ਅਖ਼ਬਾਰ' ਸ਼ੁਰੂ ਕੀਤਾ। ਇਸ ਪੱਤਰ ਵਿਚ ਜ਼ਿਆਦਾਤਰ ਲੇਖ ਗਿਆਨੀ ਜੀ ਦੇ ਹੁੰਦੇ ਸਨ ਜੋ ਉਨ੍ਹਾਂ ਦੀ ਤੁਲਨਾਤਮਿਕ ਬੌਧਿਕਤਾ ਦੇ ਲਖਾਇਕ ਸਨ। 1901 ਈ. ਵਿਚ ਗਿਆਨੀ ਦਿੱਤ ਸਿੰਘ ਜਿਗਰ ਦੀ ਬਿਮਾਰੀ ਕਾਰਨ ਅਕਾਲ ਚਲਾਣਾ ਕਰ ਗਏ।[235]

ਗਿਆਨੀ ਦਿੱਤ ਸਿੰਘ ਨੂੰ ਖੜਗ ਦੇ ਧਾਰਨੀ ਅਤੇ ਗਿਆਨ ਯੁੱਧ ਦੇ ਨਿਰਭੈ ਯੋਧੇ ਆਦਿ ਲਕਬਾਂ ਨਾਲ ਸਤਿਕਾਰਿਆ ਗਿਆ ਹੈ। ਸਿੰਘ ਸਭਾ ਲਹਿਰ ਵਿਚ ਪ੍ਰਵੇਸ਼ ਕਰਨ ਤੋਂ ਬਾਅਦ ਉਨ੍ਹਾਂ ਨੇ ਲਹਿਰ ਦੇ ਮਨੋਰਥਾਂ ਨੂੰ ਪ੍ਰਚਾਰਨ ਲਈ ਵੱਡੇ ਪੱਧਰ 'ਤੇ ਸਾਹਿਤ ਰਚਨਾ ਕੀਤੀ। ਉਨ੍ਹਾਂ ਨੇ ਸਿੱਖ ਇਤਿਹਾਸ, ਧਰਮ-ਸ਼ਾਸਤਰ, ਰਹਿਤ-

---

[231] ਗੁਰਦੇਵ ਸਿੰਘ ਸਿੱਧੂ, *ਪ੍ਰੋ. ਗੁਰਮੁਖ ਸਿੰਘ: ਜੀਵਨੀ ਅਤੇ ਰਚਨਾ*, ਪੰਨਾ 58.
[232] ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ: ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ*, ਪੰਨਾ 60.
[233] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ-ਤੀਜਾ)*, ਪੰਨਾ 1107.
[234] ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ: ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ*, ਪੰਨਾ 73.
[235] ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਪੰਨਾ 80.

ਮਰਯਾਦਾ, ਗੁਰਬਾਣੀ-ਵਿਆਖਿਆ ਆਦਿ ਵਿਸ਼ਿਆਂ ਉੱਪਰ ਖ਼ੂਬ ਲਿਖਿਆ। ਸਿੱਖ ਪੰਥ ਦੀ ਸਿਧਾਂਤਕ ਮੌਲਿਕਤਾ ਅਤੇ ਧਾਰਮਿਕ-ਸਮਾਜਿਕ ਵਿਲੱਖਣਤਾ ਉੱਪਰ ਉਠਾਏ ਗਏ ਸਵਾਲਾਂ ਦੇ ਜਵਾਬ ਵਜੋਂ ਅਤੇ ਸਿੱਖ ਪੰਥ ਵਿਚ ਪ੍ਰਵੇਸ਼ ਕਰ ਚੁੱਕੀਆਂ ਧਾਰਮਿਕ-ਸਮਾਜਿਕ ਕੁਰੀਤੀਆਂ ਵਿਰੁੱਧ ਸੰਘਰਸ਼ ਲਈ ਉਨ੍ਹਾਂ ਅਨੇਕਾਂ ਰਚਨਾਵਾਂ ਦੀ ਰਚਨਾ ਕੀਤੀ। ਸਿੰਘ ਸਭਾ ਲਹਿਰ ਦੁਆਰਾ ਸਿੱਖ ਪੰਥ ਵਿਚ ਪੈਦਾ ਕੀਤੀ ਪੁਨਰ-ਜਾਗ੍ਰਿਤੀ ਦੀ ਲਹਿਰ ਨੂੰ ਸਫਲ ਬਣਾਉਣ ਲਈ ਅਤੇ ਪੰਜਾਬੀ ਸਾਹਿਤ ਨੂੰ ਪ੍ਰਫੁਲਿਤ ਕਰਨ ਵਿਚ ਗਿਆਨੀ ਦਿੱਤ ਸਿੰਘ ਦੁਆਰਾ ਰਚੇ ਸਾਹਿਤ ਦਾ ਅਹਿਮ ਸਥਾਨ ਹੈ। ਉਹ ਇਕ ਸੂਝਵਾਨ ਅਤੇ ਦੂਰਦ੍ਰਿਸ਼ਟੀ ਰੱਖਣ ਵਾਲੇ ਵਿਦਵਾਨ ਸਨ। ਉਨ੍ਹਾਂ ਦੁਆਰਾ ਰਚਿਤ ਪੁਸਤਕਾਂ ਦੀ ਸੂਚੀ ਇਸ ਤਰ੍ਹਾਂ ਹੈ:[236]

**ਇਤਿਹਾਸਕ ਜੀਵਨੀਆਂ:** ਦਸਮ ਗੁਰੂ ਜੀ ਦੇ ਚਰਿੱਤ (1888-89 ਈ.), ਸ੍ਰੀ ਗੁਰੂ ਨਾਨਕ ਪ੍ਰਬੋਧ (1889 ਈ.), ਜੀਵਨ ਕਥਾ ਗੁਰੂ ਅਰਜਨ ਦੇਵ ਜੀ (1889 ਈ.), ਜੀਵਨ ਕਥਾ ਗੁਰੂ ਤੇਗ ਬਹਾਦੁਰ ਜੀ (1889 ਈ.), ਭਾਰਤ ਮੰਗਲ (1889 ਈ.), ਜੀਵਨ ਕਥਾ ਗੁਰੂ ਹਰਿਰਾਇ ਜੀ (1890 ਈ.), ਜਨਮ ਸਾਖੀ ਸ੍ਰੀ ਗੁਰੂ ਨਾਨਕ ਸਾਹਿਬ ਜੀ (1896 ਈ.), ਜੀਵਨ ਕਥਾ ਗੁਰੂ ਅੰਗਦ ਦੇਵ ਜੀ (1897 ਈ.), ਕਲਗੀਧਰ ਉਪਕਾਰ (1898-99 ਈ.)

**ਸਿੱਖ ਸ਼ਹਾਦਤਾਂ:** ਗੁਰੂ ਅਰਜਨ ਚਰਿੱਤ (1896 ਈ.), ਸਿੱਖ ਬੱਚੇ ਦੀ ਸ਼ਹੀਦੀ (1898 ਈ.), ਸਿੰਘਣੀਆਂ ਦੇ ਸਿਦਕ (1898 ਈ.), ਤਾਰਾ ਸਿੰਘ ਵਾਈਏਂ ਦੀ ਸ਼ਹੀਦੀ (1899 ਈ.), ਮੀਰਾਂ ਕੋਟੀਏ ਮਤਾਬ ਸਿੰਘ ਦੀ ਬਹਾਦਰੀ (1899 ਈ.), ਭਾਈ ਤਾਰੂ ਸਿੰਘ ਦੀ ਸ਼ਹੀਦੀ (1899 ਈ.), ਸੁਬੇਗ ਸਿੰਘ ਦੀ ਸ਼ਹੀਦੀ (1899 ਈ.), ਭਾਈ ਬੋਤਾ ਸਿੰਘ ਦੀ ਸ਼ਹੀਦੀ (1900 ਈ.)

**ਧਰਮ ਅਤੇ ਫ਼ਲਸਫ਼ਾ:** ਨਕਲੀ ਸਿੱਖ ਪ੍ਰਬੋਧ (1893 ਈ.), ਡਰਪੋਕ ਸਿੰਘ ਦਲੇਰ ਸਿੰਘ (1895 ਈ.), ਦੁਰਗਾ ਪ੍ਰਬੋਧ (1899 ਈ.), ਗੁਰਮਤਿ ਆਰਤੀ ਪ੍ਰਬੋਧ (1900 ਈ.), ਧਰਮ ਦਰਪਨ (1900 ਈ.),

**ਵਿਅੰਗ ਅਤੇ ਆਲੋਚਨਾ:** ਸਵਪਨ ਨਾਟਕ (1887 ਈ.), ਪੰਮਾ ਪ੍ਰਬੋਧ (1887 ਈ.), ਗੁੱਗਾ ਗਪੌੜਾ (1895 ਈ.), ਸੁਲਤਾਨ ਪੁਆੜਾ (1896 ਈ.), ਦੰਭ ਵਿਦਾਰਨ (1900 ਈ.), ਮੇਰਾ ਅਤੇ ਸਾਧੂ ਦਯਾਨੰਦ ਜੀ ਦਾ ਸੰਬਾਦ (1900 ਈ.), ਮੀਰਾਂ ਮਨੌਤ ਤੇ ਸੈਲਾਨੀ ਸਿੰਘ (1901 ਈ.)

**ਨੀਤੀ ਸ਼ਾਸਤਰ:** ਰਾਜ ਪ੍ਰਬੋਧ ਨਾਟਕ (1890 ਈ.), ਨੀਤੀ ਪ੍ਰਕਾਸ਼ (1895 ਈ.), ਨੀਤੀ ਗੁਲਦਸਤਾ (1895 ਈ.), ਪ੍ਰਤੱਗਯਾ ਪਾਲਨ (1896 ਈ.)

**ਗੁਰਬਾਣੀ ਵਿਆਖਿਆ:** ਸ੍ਰੀ ਗੁਰੂ ਅਰਜਨ ਪ੍ਰਬੋਧ (1893-98 ਈ.), ਗੁਰਬਾਣੀ ਪ੍ਰਬੋਧ (1900 ਈ.)

**ਗੁਲਾਬਦਾਸੀ ਸਾਹਿਤ:** ਅਬਲਾ ਨਿੰਦ (1875 ਈ.), ਮਨ ਸੰਬੋਧਨ ਗ੍ਰੰਥ (1877 ਈ.)

**ਕਿੱਸਾ ਕਾਵਿ:** ਸ਼ੀਰੀ ਫ਼ਰਹਾਦ (1872 ਈ.)

[236] ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ: ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ*, ਪੰਨਾ 105.

**5.8.3.3. ਗਿਆਨੀ ਗਿਆਨ ਸਿੰਘ:** ਠੇਠ ਪੰਜਾਬੀ ਦੀ ਵਾਰਤਕ ਸ਼ੈਲੀ ਦੇ ਪਹਿਲੇ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਦਾ ਜਨਮ 15 ਅਪ੍ਰੈਲ, 1822 ਈ. ਨੂੰ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਪ੍ਰਸਿੱਧ ਕਸਬੇ ਲੌਂਗੋਵਾਲ ਵਿਖੇ ਹੋਇਆ।[237] ਉਨ੍ਹਾਂ ਸਾਧ-ਸੰਤਾਂ ਦੇ ਡੇਰਿਆਂ ਤੋਂ ਹੀ ਗੁਰਮੁਖੀ ਪੜ੍ਹਨਾ-ਲਿਖਣਾ ਸਿੱਖਿਆ ਅਤੇ ਬਾਅਦ ਵਿਚ ਆਪਣੀ ਲਗਨ ਅਤੇ ਨਿਸ਼ਚਾ ਸਦਕਾ, ਸਿੱਖ ਧਰਮ ਗ੍ਰੰਥਾਂ ਅਤੇ ਸੰਸਕ੍ਰਿਤ ਦੇ ਚੰਗੇ ਵਿਦਵਾਨ ਬਣ ਗਏ। ਕੁਝ ਸਮਾਂ ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਨੌਕਰੀ ਕੀਤੀ ਅਤੇ ਉੱਥੇ ਹੀ ਉਨ੍ਹਾਂ ਨੇ ਉਰਦੂ ਅਤੇ ਫ਼ਾਰਸੀ ਦੀ ਤਾਲੀਮ ਹਾਸਿਲ ਕੀਤੀ।[238] ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਹ ਪਟਿਆਲਾ ਰਿਆਸਤ ਦੀ ਫ਼ੌਜ ਵਿਚ ਨੌਕਰੀ ਕਰਨ ਲੱਗੇ। ਇਕ ਫ਼ੌਜੀ ਮੁਹਿੰਮ ਦੌਰਾਨ ਉਹ ਜ਼ਖ਼ਮੀ ਹੋ ਗਏ ਜਿਸ ਕਾਰਨ ਉਨ੍ਹਾਂ ਦੀ ਲੱਤ ਖ਼ਰਾਬ ਹੋ ਗਈ।[239] ਜਦੋਂ ਉਨ੍ਹਾਂ ਦੀ ਲੱਤ ਥੋੜ੍ਹੀ ਠੀਕ ਹੋ ਗਈ ਤਾਂ ਉਹ ਨਿਰਮਲ ਸੰਪਰਦਾਇ ਨਾਲ ਜੁੜ ਗਏ। ਉਨ੍ਹਾਂ ਨੇ 1854 ਈ. ਤੋਂ 1895 ਈ. ਤੱਕ ਦੇਸ਼ ਦੇ ਕੋਨੇ-ਕੋਨੇ ਵਿਚ ਘੁੰਮ ਫਿਰ ਕੇ ਸਿੱਖ ਇਤਿਹਾਸ ਦੀ ਜਾਣਕਾਰੀ ਇਕੱਠੀ ਕੀਤੀ ਅਤੇ ਬਾਅਦ ਵਿਚ ਇਹੀ ਜਾਣਕਾਰੀ ਉਨ੍ਹਾਂ ਦੀਆਂ ਲਿਖਤਾਂ ਦੀ ਅਮੀਰੀ ਬਣੀ। ਉਹ ਲੰਬੀ ਬਿਮਾਰੀ ਨਾਲ ਲੜਦੇ ਰਹੇ ਪਰ ਉਨ੍ਹਾਂ ਖੋਜ, ਅਧਿਐਨ ਅਤੇ ਲੇਖਨ ਜਾਰੀ ਰੱਖਿਆ। ਉਨ੍ਹਾਂ ਦੁਆਰਾ ਲਿਖਿਆ ਸਿੱਖ ਇਤਿਹਾਸ ਸਿੱਖ ਸਮਾਜ ਨੂੰ ਵਡਮੁੱਲੀ ਦੇਣ ਹੈ। 24 ਸਤੰਬਰ, 1921 ਈ. ਨੂੰ ਲੰਬੀ ਬਿਮਾਰੀ ਤੋਂ ਬਾਅਦ ਨਾਭੇ ਵਿਖੇ ਉਨ੍ਹਾਂ ਦਾ ਦੇਹਾਂਤ ਹੋ ਗਿਆ।[240]

ਗਿਆਨ ਗਿਆਨ ਸਿੰਘ ਦੇ ਨਾਂ ਨਾਲ ਤਵਾਰੀਖ ਅੰਮ੍ਰਿਤਸਰ (1876 ਈ.), ਸ੍ਰੀ ਗੁਰੂ ਪੰਥ ਪ੍ਰਕਾਸ਼ (1880 ਈ.), ਗੁਰਧਾਮ ਸੰਗ੍ਰਹਿ (1884 ਈ.), ਤਵਾਰੀਖ ਗੁਰੂ ਖ਼ਾਲਸਾ (1891-92 ਈ.), ਨਿਰਮਲ ਪੰਥ ਪ੍ਰਦੀਪਕਾ (1891 ਈ.), ਖ਼ਾਲਸਾ ਧਰਮ ਪਤਿਤ ਪਾਵਨ (1893 ਈ.), ਰਿਪੂਦਮਨ ਪ੍ਰਕਾਸ਼ (1917 ਈ.) ਅਤੇ ਇਤਿਹਾਸ ਰਿਆਸਤ ਬਾਗੜੀਆਂ ਆਦਿ ਰਚਨਾਵਾਂ ਸੰਬੰਧਤ ਹਨ। ਇਨ੍ਹਾਂ ਵਿਚੋਂ ਬਹੁਤੀਆਂ ਰਚਨਾਵਾਂ ਪੰਜਾਬੀ ਕਵਿਤਾ ਅਤੇ ਬ੍ਰਜ ਕਵਿਤਾ ਦੇ ਮਿਲਵੇਂ ਰੂਪ ਵਿਚ ਹਨ ਪਰ ਤਵਾਰੀਖ ਗੁਰੂ ਖ਼ਾਲਸਾ ਠੇਠ ਪੰਜਾਬੀ ਵਾਰਤਕ ਵਿਚ ਹੈ। ਇਸ ਦੇ ਪੰਜ ਭਾਗ ਹਨ- (1) ਦਸਾਂ ਸਤਿਗੁਰਾਂ ਦੇ ਜੀਵਨ ਚਰਿਤ੍ਰ, (2) ਸ਼ਮਸ਼ੇਰ ਖ਼ਾਲਸਾ, (3) ਰਾਜ ਖ਼ਾਲਸਾ, (4) ਸਰਦਾਰ ਖ਼ਾਲਸਾ, (5) ਪੰਥ ਖ਼ਾਲਸਾ।

ਪਰਮਿੰਦਰ ਸਿੰਘ ਅਨੁਸਾਰ ਸਿੰਘ ਸਭਾ ਦੇ ਪ੍ਰਭਾਵ ਹੇਠ ਗਿਆਨੀ ਗਿਆਨ ਸਿੰਘ ਨੇ ਬ੍ਰਜ ਦੀ ਥਾਂ ਸ਼ੁੱਧ ਪੰਜਾਬੀ ਵਿਚ ਸਿੱਖ ਇਤਿਹਾਸ ਲਿਖ ਕੇ ਪੰਜਾਬੀ ਸਾਹਿਤ ਦੀ ਵਡਮੁੱਲੀ ਸੇਵਾ ਕੀਤੀ ਹੈ। ਪੰਜਾਬੀ ਵਾਰਤਕ ਨੂੰ ਆਧੁਨਿਕ ਬਣਾਉਣ, ਫ਼ਾਰਸੀ ਤੇ ਬ੍ਰਜ ਦੇ ਅਸਰਾਂ ਤੋਂ ਮੁਕਤ ਕਰਨ, ਇਸ ਨੂੰ ਅੰਗ੍ਰੇਜ਼ੀ ਢੰਗ ਦੀ ਨਿਖੇੜੂ ਵਾਰਤਕ ਬਣਾਉਣ ਤੇ ਲੋਕ-ਬੋਲੀ ਦੇ ਨਿਕਟ ਲਿਆਉਣ ਵਿਚ ਗਿਆਨੀ ਜੀ ਦਾ ਵਿਸ਼ੇਸ਼ ਹੱਥ ਹੈ। ਸਰਲਤਾ ਤੇ ਸਪਸ਼ਟਤਾ

---

[237] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ ਦੂਜਾ)*, ਪੰਨਾ 669.

[238] ਰੂਪ ਸਿੰਘ (ਸੰਪਾ.), *ਪ੍ਰਮੁੱਖ ਸਿੱਖ ਸਖ਼ਸ਼ੀਅਤਾਂ*, ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬਧੰਕ ਕਮੇਟੀ, 1996, ਪੰਨਾ 190.

[239] ਗਿਆਨ ਸਿੰਘ, *ਗੁਰਧਾਮ ਸੰਗ੍ਰਹਿ*, ਚੰਡੀਗੜ: ਸਿੰਘ ਸਭਾ ਅਕੈਡਮੀ, 1997, ਪੰਨਾ 6.

[240] ਸੁਖਦਿਆਲ ਸਿੰਘ, "ਗਿਯਾਨੀ ਗਿਯਾਨ ਸਿੰਘ", *ਵਿਸ਼ਵ ਧਰਮ ਬਾਨੀ ਗ੍ਰੰਥ ਸੰਪ੍ਰਦਾਇ ਅਤੇ ਚਿੰਤਕ (ਭਾਗ-4)*, ਸਰਬਜਿੰਦਰ ਸਿੰਘ (ਸੰਪਾ.), ਪਟਿਆਲਾ: ਪੰਜਾਬੀ ਯੂਨੀਵਰਸਿਟੀ, 2012, ਪੰਨਾ 279.

ਗਿਆਨੀ ਜੀ ਦੀ ਵਾਰਤਕ ਦਾ ਵਿਸ਼ੇਸ਼ ਲੱਛਣ ਹੈ।[241] ਸੁਖਦਿਆਲ ਸਿੰਘ ਦਾ ਵਿਚਾਰ ਹੈ ਕਿ ਗਿਆਨੀ ਗਿਆਨ ਸਿੰਘ ਸਿੱਖਾਂ ਦੇ ਪਹਿਲੇ ਇਤਿਹਾਸਕਾਰ ਹੋਏ ਹਨ ਜਿਨ੍ਹਾਂ ਸਿੱਖ ਇਤਿਹਾਸ ਨੂੰ ਇਤਿਹਾਸਕ ਵਿਧੀ ਅਨੁਸਾਰ ਲਿਖਣ ਦੀ ਕੋਸ਼ਿਸ਼ ਕੀਤੀ ਅਤੇ ਸਭ ਤੋਂ ਪਹਿਲਾਂ ਸਿੱਖ ਇਤਿਹਾਸ ਨੂੰ ਵਾਰਤਕ ਰੂਪ ਵਿਚ ਲਿਖਿਆ।[242]

**5.8.3.4. ਚਰਨ ਸਿੰਘ:** ਚਰਨ ਸਿੰਘ, ਸਿੰਘ ਸਭਾ ਲਹਿਰ ਦੀ ਪ੍ਰਮੁੱਖ ਸ਼ਖ਼ਸੀਅਤ ਭਾਈ ਵੀਰ ਸਿੰਘ ਦੇ ਪਿਤਾ ਸਨ। ਉਨ੍ਹਾਂ ਦਾ ਜਨਮ 7 ਮਾਰਚ, 1853 ਈ. ਨੂੰ ਬਾਬਾ ਕਾਹਨ ਸਿੰਘ ਦੇ ਘਰ ਮਾਈ ਰੂਪ ਕੌਰ ਦੀ ਕੁੱਖੋਂ ਅੰਮ੍ਰਿਤਸਰ ਨਗਰ ਦੇ ਕਟੜਾ ਗਰਭਾ ਸਿੰਘ ਵਿਚ ਹੋਇਆ।[243] ਬਾਬਾ ਕਾਹਨ ਸਿੰਘ ਆਪ ਆਪਣੇ ਸਮੇਂ ਦੇ ਪ੍ਰਸਿੱਧ ਕਵੀ ਅਤੇ ਸੰਸਕ੍ਰਿਤ ਦੇ ਵੱਡੇ ਵਿਦਵਾਨ ਸਨ। ਡਾਕਟਰ ਸਾਹਿਬ ਦੀ ਸਾਹਿਤਕ ਸੂਝ, ਘਰ ਦੇ ਵਾਤਾਵਰਨ ਤੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਮੌਲੀ ਅਤੇ ਵਿਕਸਤ ਹੋਈ। ਹਿਕਮਤ ਤੇ ਡਾਕਟਰੀ ਤੋਂ ਬਿਨਾਂ ਆਪ ਸੰਸਕ੍ਰਿਤ, ਹਿੰਦੀ ਅਤੇ ਬ੍ਰਜ ਦੇ ਵਿਦਵਾਨ ਅਤੇ ਫ਼ਾਰਸੀ ਤੇ ਅੰਗ੍ਰੇਜ਼ੀ ਦੇ ਚੰਗੇ ਗਿਆਤਾ ਸਨ। ਇਸ ਬਹੁ-ਭਾਸ਼ੀ ਗਿਆਨ ਤੇ ਸਾਹਿਤਕ ਲਗਨ ਨੇ ਆਪ ਨੂੰ ਆਪਣੇ ਸਮੇਂ ਦਾ ਪ੍ਰਤੀਨਿਧ ਲੇਖਕ ਬਣਾ ਦਿੱਤਾ ਜਿਸ ਦਾ ਪ੍ਰਮਾਣ ਵੱਖ-ਵੱਖ ਵਿਸ਼ਿਆਂ ਸੰਬੰਧੀ ਉਨ੍ਹਾਂ ਦੁਆਰਾ ਰਚੀਆਂ ਦੋ ਦਰਜਨ ਦੇ ਕਰੀਬ ਪੁਸਤਕਾਂ ਹਨ:

1. ਸ੍ਰੀ ਅਟਲ ਪ੍ਰਕਾਸ਼ (1891 ਈ.), 2. ਸ੍ਰੀ ਮਹਾਰਾਣੀ ਸ਼ਰਾਬ ਕੌਰ (1893 ਈ.), 3. ਦਸਮ ਗੁਰ ਚਰਿਤ੍ਰ (1897 ਈ.), 4. ਫਰਿਯਾਦ (1898 ਈ.), 5. ਹੀਰ ਭਾਈ ਗੁਰਦਾਸ (1900 ਈ.), 6. ਸ਼ਕੁੰਤਲਾ ਨਾਟਕ-ਅਨੁਵਾਦ (1900 ਈ.), 7. ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰਾ (1902 ਈ.), 8. ਇਕ ਟੇਡੀ ਚਾਲ (1902 ਈ.), 9. ਹੋਲੀ ਹੈ (1902 ਈ.), 10. ਜੰਗ ਮੜੌਲੀ (1903 ਈ.), 11. ਨੀਤੀ ਵਾਰਤਾ (1904 ਈ.), 12. ਹੂੜ੍ਹ ਮਤਿ (1904 ਈ.), 13. ਬੇਨਤੀ (1904 ਈ.), 14. ਗੜਗੱਜ ਬੋਲੇ (1904 ਈ.), 15. ਬਿਨੈ ਪੱਤ੍ਰ (1907 ਈ.), 16. ਸ਼ਬਦ ਬ੍ਰਿਤੀ ਪ੍ਰਕਾਸ਼ (1910 ਈ.), 17. ਖੋਟ ਬੁਰਾ (1910 ਈ.), 18. ਗੁਰਮਤ ਸੰਗੀਤ ਨਿਰਣਯ (1925 ਈ.), 19. ਲਾਟੂ ਸਿੰਘ ਤੇ ਅਡੋਲਕ ਸਿੰਘ (1933 ਈ.), 20. ਜੈ ਜੈ ਸੀਤਾ ਰਾਮ (1933 ਈ.)

ਇਨ੍ਹਾਂ ਵਿਚੋਂ ਪਹਿਲੀਆਂ ਪੰਦਰਾਂ ਪੁਸਤਕਾਂ ਉਨ੍ਹਾਂ ਦੇ ਜੀਵਨ ਕਾਲ ਦੌਰਾਨ ਪ੍ਰਕਾਸ਼ਿਤ ਹੋ ਗਈਆਂ ਸਨ ਅਤੇ ਬਾਕੀ ਉਨ੍ਹਾਂ ਦੀ ਮੌਤ ਤੋਂ ਬਾਅਦ ਛਪੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਕੁਝ ਅਪ੍ਰਕਾਸ਼ਿਤ ਰਚਨਾਵਾਂ ਵੀ ਮਿਲਦੀਆਂ ਹਨ ਜੋ ਉਨ੍ਹਾਂ ਦੇ ਸਪੁੱਤਰ ਬਲਬੀਰ ਸਿੰਘ ਨੇ 'ਸ਼੍ਰੀ ਚਰਣ ਹਰਿ ਵਿਸਥਾਰ' ਵਿਚ ਪ੍ਰਕਾਸ਼ਿਤ ਕਰ ਦਿੱਤੀਆਂ ਹਨ।[244] ਚਰਨ ਸਿੰਘ ਨੇ ਸੰਸਕ੍ਰਿਤ, ਬ੍ਰਜ ਅਤੇ ਫ਼ਾਰਸੀ ਭਾਸ਼ਾਵਾਂ ਦਾ ਵੀ ਨਿਠ ਕੇ ਅਧਿਐਨ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੂੰ ਛੰਦ-ਸ਼ਾਸਤਰ ਉੱਤੇ ਵੀ ਪੂਰਾ ਅਧਿਕਾਰ ਹਾਸਲ ਸੀ। ਉਹ ਸਾਧਾਰਨ ਗੱਲ ਨੂੰ ਵੀ ਕਵਿਤਾ ਦਾ ਜਾਮਾ ਪਹਿਨਾ ਦਿੰਦੇ ਸਨ। ਉਨ੍ਹਾਂ ਨੇ 'ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰਾ' ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਕਾਵਿ ਰੂਪਾਂ, ਛੰਦਾਂ ਅਤੇ ਰਾਗਾਂ ਉੱਤੇ ਗੰਭੀਰਤਾ ਨਾਲ ਝਾਤ ਪਾਈ। ਇਸ ਤੋਂ ਇਲਾਵਾ ਉਨ੍ਹਾਂ ਨੇ 'ਜੰਗ

[241] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ*, ਪੰਨਾ 221.
[242] ਸੁਖਦਿਆਲ ਸਿੰਘ, "ਗਿਯਾਨੀ ਗਿਯਾਨ ਸਿੰਘ", *ਵਿਸ਼ਵ ਧਰਮ ਬਾਨੀ ਗ੍ਰੰਥ ਸੰਪ੍ਰਦਾਇ ਅਤੇ ਚਿੰਤਕ (ਭਾਗ-4)*, ਪੰਨਾ 279.
[243] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ ਦੂਜਾ)*, ਪੰਨਾ 855.
[244] ਬਲਬੀਰ ਸਿੰਘ (ਸੰਪਾ.), *ਸ਼੍ਰੀ 'ਚਰਣਹਰਿ' ਵਿਸਥਾਰ*, ਸੂਚੀ ਪੱਤ੍ਰ.

ਮੜੋਲੀ', 'ਸ੍ਰੀ ਮਹਾਰਾਣੀ ਸ਼ਰਾਬ ਕੌਰ', 'ਹੀਰ ਭਾਈ ਗੁਰਦਾਸ', 'ਗੜਗੱਜ ਬੋਲੇ' ਆਦਿ ਪੁਸਤਕਾਂ ਦੀ ਰਚਨਾ ਪੰਜਾਬੀ ਵਿਚ ਕਰਕੇ ਪੰਜਾਬੀ ਸਾਹਿਤ ਵਿਚ ਯੋਗਦਾਨ ਪਾਇਆ। 13 ਨਵੰਬਰ, 1908 ਈ. ਨੂੰ ਉਨ੍ਹਾਂ ਦਾ ਅੰਮ੍ਰਿਤਸਰ ਵਿਖੇ ਦੇਹਾਂਤ ਹੋ ਗਿਆ।[245]

**5.8.3.5. ਭਾਈ ਕਾਨ੍ਹ ਸਿੰਘ ਨਾਭਾ:** ਸਿੰਘ ਸਭਾ ਲਹਿਰ ਦੇ ਉੱਘੇ ਲੇਖਕ ਭਾਈ ਕਾਨ੍ਹ ਸਿੰਘ ਨਾਭਾ ਦਾ ਜਨਮ ਸ. ਨਰਾਇਣ ਸਿੰਘ ਦੇ ਘਰ ਮਾਤਾ ਹਰਿ ਕੌਰ ਦੀ ਕੁੱਖੋਂ 30 ਅਗਸਤ, 1861 ਈ. ਨੂੰ ਪਟਿਆਲਾ ਜ਼ਿਲ੍ਹੇ ਵਿਚ ਪੈਂਦੇ 'ਸਬਜ਼ ਬਨੇਰਾ' ਨਾਮੀ ਪਿੰਡ ਵਿਖੇ ਹੋਇਆ।[246] ਭਾਈ ਸਾਹਿਬ ਦੇ ਪਿਤਾ ਨਾਭੇ ਵਿਖੇ ਗੁਰਦੁਆਰਾ ਬਾਬਾ ਅਜਾਪਾਲ ਸਿੰਘ ਦੇ ਮਹੰਤ ਸਨ। ਇਸ ਕਾਰਨ ਭਾਈ ਕਾਨ੍ਹ ਸਿੰਘ ਦਾ ਵਧੇਰੇ ਜੀਵਨ ਗੁਰਦੁਆਰਾ ਸਾਹਿਬ ਵਿਖੇ ਹੀ ਬੀਤਿਆ। ਇਸ ਤਰ੍ਹਾਂ ਦੇ ਧਾਰਮਿਕ ਵਾਤਾਵਰਨ ਵਿਚ ਭਾਈ ਸਾਹਿਬ ਨੇ ਸਿੱਖ ਧਰਮ ਦੇ ਪ੍ਰਮੁੱਖ ਗ੍ਰੰਥਾਂ ਦਾ ਅਧਿਐਨ ਛੋਟੀ ਉਮਰ ਵਿਚ ਹੀ ਸੰਪੂਰਨ ਕਰ ਲਿਆ। ਫ਼ਾਰਸੀ ਅਤੇ ਅੰਗ੍ਰੇਜ਼ੀ ਭਾਸ਼ਾ ਦੀ ਵਿੱਦਿਆ ਹਾਸਿਲ ਕਰਨ ਲਈ ਉਨ੍ਹਾਂ ਨੂੰ ਦਿੱਲੀ, ਲਖਨਊ ਅਤੇ ਲਾਹੌਰ ਜਾਣਾ ਪਿਆ, ਜਿੱਥੇ ਰਹਿ ਕੇ ਉਹ ਇਨ੍ਹਾਂ ਭਾਸ਼ਾਵਾਂ ਦੇ ਚੰਗੇ ਗਿਆਤਾ ਬਣ ਗਏ।[247]

ਭਾਈ ਕਾਨ੍ਹ ਸਿੰਘ ਨਾਭਾ ਨੇ ਸਿੱਖ-ਇਤਿਹਾਸ, ਮਰਯਾਦਾ ਅਤੇ ਦਰਸ਼ਨ ਦੀ ਪੁਨਰ ਵਿਆਖਿਆ ਲਈ ਕਈ ਮਹੱਤਵਪੂਰਨ ਲਿਖਤਾਂ ਪੰਥ ਦੀ ਝੋਲੀ ਪਾਈਆਂ। ਇਨ੍ਹਾਂ ਲਿਖਤਾਂ ਵਿਚੋਂ 'ਗੁਰਮਤਿ ਪ੍ਰਭਾਕਰ', 'ਗੁਰਮਤਿ ਸੁਧਾਕਰ' ਅਤੇ 'ਹਮ ਹਿੰਦੂ ਨਹੀਂ' ਸਿੱਖ ਪੰਥ ਅੰਦਰ ਕਲਾਸੀਕਲ ਲਿਖਤਾਂ ਦਾ ਦਰਜਾ ਹਾਸਿਲ ਕਰ ਚੁੱਕੀਆਂ ਹਨ। ਭਾਈ ਸਾਹਿਬ ਦੀ ਸ਼ਾਹਕਾਰ ਰਚਨਾ 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਹੈ। ਇਸ ਤਰ੍ਹਾਂ ਦਾ ਪੰਜਾਬੀ ਭਾਸ਼ਾ ਵਿਚ ਸਰਬਪੱਖੀ ਕੋਸ਼ ਨਾ ਤਾਂ ਇਸ ਤੋਂ ਪਹਿਲਾਂ ਸੀ ਅਤੇ ਨਾ ਹੀ ਬਾਅਦ ਵਿਚ ਲਿਖਿਆ ਗਿਆ ਹੈ। ਇਹ ਰਚਨਾ ਉਨ੍ਹਾਂ 14 ਸਾਲਾਂ ਦੇ ਲੰਬੇ ਅਰਸੇ (1912 ਈ. ਤੋਂ 1926 ਈ.) ਵਿਚ ਸੰਪੂਰਨ ਕੀਤੀ। ਆਪਣੇ ਜੀਵਨ ਕਾਲ ਦੌਰਾਨ ਭਾਈ ਸਾਹਿਬ ਨੇ ਆਪਣੀ ਵਿਦਵਤਾ, ਲਗਨ ਅਤੇ ਨਿਸ਼ਚਾ ਦੀ ਬਦੌਲਤ ਕਈ ਉੱਚ ਅਹੁਦੇ ਅਤੇ ਪਦਵੀਆਂ ਪ੍ਰਾਪਤ ਕੀਤੀਆਂ। ਭਾਈ ਸਾਹਿਬ ਨੇ ਨਾਭਾ ਅਦਾਲਤ ਵਿਖੇ ਜੱਜ, ਵਕੀਲ ਅਤੇ ਨਾਭੇ ਦੇ ਰਾਜੇ ਰਿਪੁਦਮਨ ਦੇ ਟਿਊਟਰ (ਅਧਿਆਪਕ) ਵਜੋਂ ਵੀ ਸੇਵਾ ਨਿਭਾਈ। 1932 ਈ. ਵਿਚ ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਦੀ ਵਿਦਵਤਾ ਦੀ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਨੂੰ 'ਸਰਦਾਰ ਬਹਾਦਰ' ਦਾ ਖਿਤਾਬ ਦਿੱਤਾ। ਇਸ ਤੋਂ ਇਲਾਵਾ 'ਪੰਥ ਰਤਨ' ਅਤੇ 'ਵਿਦਿਆ ਭੂਸ਼ਣ' ਦੀਆਂ ਉਪਾਧੀਆਂ ਵੀ ਉਨ੍ਹਾਂ ਦੀ ਵਿੱਦਿਅਕ ਯੋਗਤਾ ਦੀਆਂ ਲਖਾਇਕ ਹਨ।[248] ਭਾਈ ਸਾਹਿਬ 77 ਸਾਲ ਦੀ ਉਮਰ ਭੋਗ ਕੇ 1938 ਈ. ਵਿਚ ਨਾਭਾ ਵਿਖੇ ਅਕਾਲ ਚਲਾਣਾ ਕਰ ਗਏ।

ਭਾਈ ਕਾਨ੍ਹ ਸਿੰਘ ਨਾਭਾ ਦਾ ਸਿੰਘ ਸਭਾ ਲਹਿਰ ਦੀ ਸਫਲਤਾ ਵਿਚ ਅਹਿਮ ਯੋਗਦਾਨ ਰਿਹਾ ਹੈ। ਜਗਜੀਤ ਸਿੰਘ ਅਨੁਸਾਰ ਪ੍ਰੋ. ਗੁਰਮੁਖ ਸਿੰਘ ਨੂੰ ਸਿੱਖ ਰਿਆਸਤਾਂ, ਖਾਸ ਕਰ ਨਾਭੇ ਵਿਚ ਪ੍ਰਤਿਸ਼ਠਾ ਤੇ ਇੱਜ਼ਤ ਦਿਵਾਉਣੀ ਆਪ ਜੀ ਦਾ ਹੀ ਕੰਮ ਸੀ ਜਿਸ ਕਰਕੇ ਸਿੰਘ ਸਭਾ ਲਹਿਰ ਨੂੰ ਇੰਨੀ ਕਾਮਯਾਬੀ ਹਾਸਲ ਹੋਈ।

---

[245] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ ਦੂਜਾ)*, ਪੰਨਾ 856.

[246] ਸੁਖਜੀਤ ਕੌਰ, *ਭਾਈ ਕਾਨ੍ਹ ਸਿੰਘ ਨਾਭਾ ਤੇ ਉਨ੍ਹਾਂ ਦੀਆਂ ਰਚਨਾਵਾਂ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1973, ਪੰਨਾ 1.

[247] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ ਦੂਜਾ)*, ਪੰਨਾ 565.

[248] ਸੁਖਜੀਤ ਕੌਰ, *ਭਾਈ ਕਾਨ੍ਹ ਸਿੰਘ ਨਾਭਾ ਤੇ ਉਨ੍ਹਾਂ ਦੀਆਂ ਰਚਨਾਵਾਂ*, ਪੰਨਾ 6.

ਮੈਕਾਲਿਫ਼ ਨੂੰ ਸਿੱਖ ਇਤਿਹਾਸ ਲਿਖਣ ਅਤੇ ਛਾਪਣ ਵਿਚ ਸਭ ਤੋਂ ਵੱਧ ਮਦਦ ਆਪ ਜੀ ਨੇ ਹੀ ਕੀਤੀ ਸੀ। ਇਸ ਤੋਂ ਇਲਾਵਾ ਸਰ ਅਤਰ ਸਿੰਘ ਭਦੌੜ ਅਤੇ ਮਹਾਰਾਜਾ ਸਾਹਿਬ ਹੀਰਾ ਸਿੰਘ ਨਾਭਾ ਦੀ ਸੁਲ੍ਹਾ ਸਫਾਈ ਕਰਾ ਕੇ ਖ਼ਾਲਸਾ ਕਾਲਜ ਅੰਮ੍ਰਿਤਸਰ ਕਾਇਮ ਕਰਨ ਵਿਚ ਵੀ ਆਪ ਜੀ ਦਾ ਅਹਿਮ ਯੋਗਦਾਨ ਸੀ।[249]

ਭਾਈ ਸਾਹਿਬ ਦੁਆਰਾ ਲਿਖਿਤ, ਸੰਪਾਦਿਤ ਅਤੇ ਅਣਛਪੀਆਂ ਪੁਸਤਕਾਂ ਦੀ ਗਿਣਤੀ ਤਕਰੀਬਨ ਦੋ ਦਰਜਨ ਦੇ ਕਰੀਬ ਹੈ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

**ਮੌਲਿਕ ਰਚਨਾਵਾਂ:** ਰਾਜ ਧਰਮ (1884 ਈ.), ਨਾਨਕ ਭਾਵਾਰਥ ਦਿਪੀਕਾ (1888 ਈ.), ਹਮ ਹਿੰਦੂ ਨਹੀਂ (1898 ਈ.), ਗੁਰਗਿਰਾ ਕਸੌਟੀ (1899 ਈ.), ਟੀਕਾ ਵਿਸ਼ਨੂੰ ਪੁਰਾਣ (1903 ਈ.), ਸ਼ਰਾਬ ਨਿਸ਼ੇਧ (1907 ਈ.), ਸੱਦ ਦਾ ਪਰਮਾਰਥ, ਗੁਰਛੰਦ ਦਿਵਾਕਰ (1921 ਈ.), ਗੁਰ ਸ਼ਬਦਾਲੰਕਾਰ (1924 ਈ.), ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ (1930 ਈ.), ਚੰਡੀ ਦੀ ਵਾਰ ਦਾ ਸਟੀਕ (1935 ਈ.)

**ਸੰਪਾਦਿਤ ਪੁਸਤਕਾਂ:** ਗੁਰੁਮਤ ਸੁਧਾਕਰ (1898 ਈ.), ਸਮੱਸਯਾ ਪੂਰਤੀ (1899 ਈ.), ਗੁਰਮਤ ਪ੍ਰਭਾਕਰ (1912 ਈ.), ਰੂਪਦੀਪ ਪਿੰਗਲ (1925 ਈ.), ਅਨੇਕਾਰਥ ਕੋਸ਼ (1925 ਈ.), ਗੁਰਮਤ ਮਾਰਤੰਡ (1938 ਈ.), ਨਾਮਮਾਲਾ ਕੋਸ਼

**ਅਣਛਪੀਆਂ ਰਚਨਾਵਾਂ:** ਪਹਾੜ ਯਾਤਰਾ, ਵਿਲਾਇਤ ਯਾਤਰਾ, ਇਕ ਜੋਤਿਸ਼ ਗ੍ਰੰਥ, ਗੁਰ ਮਹਿਮਾ, ਵੈਦਗੀ ਤੇ ਸਿਹਤ ਸੰਬੰਧੀ-ਇਕ ਗ੍ਰੰਥ

**5.8.3.6. ਭਾਈ ਵੀਰ ਸਿੰਘ:** ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ, 1872 ਈ. ਨੂੰ ਡਾਕਟਰ ਚਰਨ ਸਿੰਘ ਦੇ ਘਰ ਮਾਤਾ ਉਤੱਰ ਕੌਰ ਦੀ ਕੁੱਖੋਂ ਅੰਮ੍ਰਿਤਸਰ ਸਾਹਿਬ ਦੇ ਕਟੜਾ ਗਰਭਾ ਸਿੰਘ ਵਿਖੇ ਹੋਇਆ।[250] ਭਾਈ ਵੀਰ ਸਿੰਘ ਦੇ ਪਿਤਾ ਚਰਨ ਸਿੰਘ ਅਤੇ ਨਾਨਾ ਹਜ਼ਾਰਾ ਸਿੰਘ ਸਿੱਖੀ ਆਚਰਨ ਵਾਲੇ ਗੰਭੀਰ ਵਿਦਵਾਨ ਸਨ। ਇਸ ਕਾਰਨ ਆਪ ਨੂੰ ਵਿਦਵਤਾ, ਗੁਰਮਤਿ-ਗਿਆਨ ਅਤੇ ਸਿੱਖੀ ਆਚਰਨ ਵਿਰਸੇ ਵਿਚ ਹੀ ਪ੍ਰਾਪਤ ਹੋ ਗਿਆ।[251] ਉਨ੍ਹਾਂ ਨੂੰ ਸਾਹਿਤ ਸਿਰਜਨਾ ਦੀ ਚੇਟਕ ਬਚਪਨ ਤੋਂ ਹੀ ਲੱਗ ਗਈ ਸੀ। ਲਗਭਗ 19 ਸਾਲ ਦੀ ਉਮਰ ਵਿਚ ਭਾਈ ਸਾਹਿਬ ਨੇ ਇਕ ਅੰਗ੍ਰੇਜ਼ੀ ਦੀ ਕਵਿਤਾ ਨੂੰ ਆਪਣੇ ਭਾਵਾਂ ਅਨੁਸਾਰ ਪੰਜਾਬੀ ਵਿਚ ਲਿਖ ਕੇ ਆਪਣੀ ਕਾਵਿ-ਪ੍ਰਤਿਭਾ ਪੇਸ਼ ਕਰ ਦਿੱਤੀ ਸੀ।[252]

ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਦੀ ਉੱਨਤੀ ਅਤੇ ਸਿੱਖ ਇਤਿਹਾਸ ਤੇ ਗੁਰਮਤਿ ਸਿਧਾਂਤ ਦੇ ਪ੍ਰਚਾਰ ਜਾਂ ਪਾਸਾਰ ਲਈ 1894 ਈ. ਵਿਚ ਆਪ ਜੀ ਨੇ 'ਖ਼ਾਲਸਾ ਟ੍ਰੈਕਟ ਸੁਸਾਇਟੀ' ਦੀ ਸਥਾਪਨਾ ਕੀਤੀ। ਇਸ ਦਾ ਮਕਸਦ ਨਿੱਕੇ-ਨਿੱਕੇ ਟ੍ਰੈਕਟਾਂ ਰਾਹੀਂ ਧਰਮ-ਪ੍ਰਚਾਰ ਕਰਨਾ ਸੀ। 1899 ਈ. ਵਿਚ 'ਖ਼ਾਲਸਾ ਸਮਾਚਾਰ' ਨਾਂ ਦਾ

---

249 ਜਗਜੀਤ ਸਿੰਘ, *ਸਿੰਘ ਸਭਾ ਲਹਿਰ,* ਪੰਨਾ 84.

250 ਸੰਤ ਸਿੰਘ ਸੇਖੋਂ, *ਭਾਈ ਵੀਰ ਸਿੰਘ ਤੇ ਉਨ੍ਹਾਂ ਦੀ ਰੱਚਨਾ*, ਲੁਧਿਆਣਾ: ਲਾਹੌਰ ਬੁੱਕ ਸ਼ਾਪ, ਮਿਤੀਹੀਨ, ਪੰਨਾ 10.

251 ਬਲਬੀਰ ਸਿੰਘ, "ਭਾਈ ਵੀਰ ਸਿੰਘ ਜੀਵਨ ਅਤੇ ਸੰਦੇਸ਼", *ਨਿਰਗੁਣੀਆਰਾ*, ਸ. ਪ. ਸਿੰਘ (ਮੁੱਖ ਸੰਪਾ.), ਅੰਮ੍ਰਿਤਸਰ: ਖ਼ਾਲਸਾ ਟ੍ਰੈਕਟ ਸੋਸਾਇਟੀ, (ਜਨ., ਫਰ., ਮਾਰਚ 2015), ਪੰਨਾ 5.

252 ਉਹੀ, ਪੰਨਾ 5.

ਸਪਤਾਹਿਕ ਅਖ਼ਬਾਰ ਸ਼ੁਰੂ ਕੀਤਾ। 'ਨਿਰਗੁਣੀਆਰਾ' ਪੱਤ੍ਰਿਕਾ ਸ਼ੁਰੂ ਕੀਤੀ, ਜੋ ਵਰਤਮਾਨ ਸਮੇਂ ਤੱਕ ਪ੍ਰਕਾਸ਼ਿਤ ਹੋ ਰਹੀ ਹੈ। ਜਿਸ ਸਮੇਂ ਪੰਜਾਬ ਦੀ ਦਫ਼ਤਰੀ ਭਾਸ਼ਾ ਉਰਦੂ ਹੋਣ ਕਾਰਨ ਅਤੇ ਸਾਹਿਤ ਉੱਪਰ ਬ੍ਰਜ ਭਾਸ਼ਾ ਦਾ ਪ੍ਰਭਾਵ ਹੋਣ ਕਾਰਨ, ਹਰ ਕੋਈ ਉਰਦੂ ਅਤੇ ਬ੍ਰਜ ਦਾ ਕਾਇਲ ਸੀ, ਉਸ ਸਮੇਂ ਭਾਈ ਵੀਰ ਸਿੰਘ ਨੇ ਆਪਣੀਆਂ ਰਚਨਾਵਾਂ ਦਾ ਮਾਧਿਅਮ ਪੰਜਾਬੀ ਭਾਸ਼ਾ ਨੂੰ ਬਣਾਇਆ। ਪੰਜਾਬੀ ਬੋਲੀ ਨੂੰ ਮਿਲਣ ਵਾਲਾ ਇਹ ਵੱਡਾ ਮਾਣ ਸੀ ਜਿਸ ਨੇ ਪੰਜਾਬੀ ਭਾਸ਼ਾ ਨੂੰ ਸਾਹਿਤਕ ਭਾਸ਼ਾ ਦੇ ਰੂਪ ਵਿਚ ਸਥਾਪਤ ਕੀਤਾ। ਇਸ ਤਰ੍ਹਾਂ ਲਗਭਗ ਅੱਧੀ ਸਦੀ ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਦੀ ਪੁਨਰ-ਜਾਗ੍ਰਿਤੀ ਵਿਚ ਵਡਮੁੱਲਾ ਯੋਗਦਾਨ ਪਾ ਕੇ ਭਾਈ ਵੀਰ ਸਿੰਘ 10 ਜੂਨ, 1957 ਈ. ਨੂੰ ਅਕਾਲ ਚਲਾਣਾ ਕਰ ਗਏ।[253]

ਸੁਰਿੰਦਰ ਸਿੰਘ ਕੋਹਲੀ ਨੇ ਭਾਈ ਸਾਹਿਬ ਦੀ ਗੱਦ-ਸ਼ੈਲੀ ਦਾ ਮੁਲਾਂਕਣ ਕਰਦੇ ਹੋਏ ਲਿਖਿਆ ਹੈ, "ਭਾਈ ਵੀਰ ਸਿੰਘ ਪੰਜਾਬੀ ਗੱਦ ਦੇ ਖੇਤਰ ਵਿਚ ਪਹਿਲੇ ਸ਼ੈਲੀਕਾਰ ਮੰਨੇ ਜਾਂਦੇ ਹਨ। ਉਹ ਪਹਿਲੇ ਪੰਜਾਬੀ ਲਿਖਾਰੀ ਹਨ, ਜਿਨ੍ਹਾਂ ਉਤੇ ਬ੍ਰਜ਼-ਭਾਸ਼ਾ ਦਾ ਨਾਂ-ਮਾਤ੍ਰ ਪ੍ਰਭਾਵ ਹੀ ਰਹਿ ਗਿਆ ਸੀ। ਉਨ੍ਹਾਂ ਦੀ ਸ਼ੈਲੀ ਵਿਚ ਦਾਰਸ਼ਨਿਕ, ਪਰਿਭਾਸ਼ਕ, ਮਨੋ-ਵਿਗਿਆਨਕ ਆਦਿ ਕਈ ਰੰਗ ਮਿਲਦੇ ਹਨ। ਕਿਤੇ ਕਿਤੇ ਸ਼ੈਲੀ ਕਾਵਿ-ਮਈ ਤੇ ਅਲੰਕ੍ਰਿਤ ਹੋ ਜਾਂਦੀ ਹੈ ਅਤੇ ਇਹਦੇ ਵਿਚ ਭਾਵੁਕਤਾ ਅਤੇ ਬੁਧੀ ਦਾ ਸੁਮੇਲ ਮਿਲਦਾ ਹੈ। ਬਿਆਨ ਬੜਾ ਢੁਕਵਾਂ, ਵਿਸਥਾਰ-ਭਰਿਆ ਅਤੇ ਵਿਆਖਿਆ-ਮਈ ਹੁੰਦਾ ਹੈ। ਸ਼ਬਦਾਂ ਦੀ ਚੋਣ ਅਤੇ ਬਿਆਨ ਦੀ ਬਾਰੀਕੀ, ਚਿੱਤਰ ਉਲੀਕਣ ਵਿਚ ਸਹਾਇਕ ਹੁੰਦੇ ਹਨ।"[254]

ਭਾਈ ਵੀਰ ਸਿੰਘ ਨੇ ਸਾਹਿਤ ਰਚਨਾ ਕਵਿਤਾ ਤੋਂ ਸ਼ੁਰੂ ਕੀਤੀ ਸੀ ਅਤੇ ਫਿਰ ਨਾਵਲ, ਪੱਤਰਕਾਰੀ ਅਤੇ ਸੰਪਾਦਨ ਦਾ ਕੰਮ ਬੜੀ ਹੀ ਲਗਨ, ਮਿਹਨਤ ਤੇ ਨਿਸ਼ਠਾ ਨਾਲ ਕਰਦੇ ਰਹੇ। ਉਨ੍ਹਾਂ ਦੁਆਰਾ ਰਚਿਤ ਪ੍ਰਮੁੱਖ ਰਚਨਾਵਾਂ ਇਸ ਤਰ੍ਹਾਂ ਹਨ:

**ਮਹਾਕਾਵਿ (ਕਵਿਤਾ):** ਰਾਣਾ ਸੂਰਤ ਸਿੰਘ (1910 ਈ.), ਤ੍ਰੇਲ ਤੁਪਕੇ (1921 ਈ.), ਦਿਲ ਤਰੰਗ (1922 ਈ.), ਮਟਕ ਹੁਲਾਰੇ (1922 ਈ.), ਬਿਜਲੀਆਂ ਦੇ ਹਾਰ (1927 ਈ.), ਲਹਿਰਾਂ ਦੇ ਹਾਰ (1928 ਈ.), ਮੇਰੇ ਸਾਈਆਂ ਜੀਉ (1953 ਈ.)

**ਨਾਵਲ:** ਸੁੰਦਰੀ (1898 ਈ.), ਬਿਜੈ ਸਿੰਘ (1899 ਈ.), ਸਤਵੰਤ ਕੌਰ (1900 ਈ.), ਬਾਬਾ ਨੌਧ ਸਿੰਘ (1921 ਈ.)

**ਨਾਟਕ:** ਰਾਜਾ ਲਖਦਾਤਾ ਸਿੰਘ (1910 ਈ.),

**ਜੀਵਨੀਆਂ:** ਗੁਰੂ ਕਲਗੀਧਰ ਚਮਤਕਾਰ (1925 ਈ.), ਗੁਰੂ ਨਾਨਕ ਚਮਤਕਾਰ (1928 ਈ.), ਅਸ਼ਟ ਗੁਰੂ ਚਮਤਕਾਰ (1951 ਈ.)

---

[253] ਹਰਬੰਸ ਸਿੰਘ, "ਭਾਈ ਵੀਰ ਸਿੰਘ ਦੀ ਜੀਵਨ-ਕਥਾ", *ਭਾਈ ਵੀਰ ਸਿੰਘ ਜੀਵਨ, ਸਮਾਂ ਤੇ ਰਚਨਾ*, ਸੁਰਿੰਦਰ ਸਿੰਘ ਕੋਹਲੀ ਤੇ ਹਰਨਾਮ ਸਿੰਘ ਸ਼ਾਨ (ਸੰਪਾ.), ਪੰਨਾ 65.

[254] ਸੁਰਿੰਦਰ ਸਿੰਘ ਕੋਹਲੀ (ਸੰਪਾ.), *ਪਰਖ (ਭਾਈ ਵੀਰ ਸਿੰਘ ਵਿਸ਼ੇਸ਼ ਅੰਕ),* 1972, ਪੰਨਾ 156-57.

**ਦਰਸ਼ਨ:** ਖਰਾ ਸੌਦਾ (1923 ਈ.), ਦੇਵੀ ਪੂਜਨ ਪੜਤਾਲ (1932 ਈ.), ਗੁਰਮਤਿ ਨਾਮ (1958 ਈ.), ਹਮਦਰਦੀ ਪੱਤਰ (1984 ਈ.), ਗੁਰਮੁੱਖ ਸੰਦੇਸ਼ (1996 ਈ.), ਸ੍ਰੀ ਦਰਬਾਰ ਸਾਹਿਬ ਮਹੱਤਤਾ

**ਸੰਪਾਦਨ:** ਸਿੱਖਾਂ ਦੀ ਭਗਤਮਾਲਾ (1912 ਈ.), ਗੁਰ ਪ੍ਰਤਾਪ ਸੂਰਜ ਗ੍ਰੰਥ (1925 ਈ.), ਪੁਰਾਤਨ ਜਨਮਸਾਖੀ (1926 ਈ.), ਪ੍ਰਾਚੀਨ ਪੰਥ ਪ੍ਰਕਾਸ਼ (1934 ਈ.)

**5.8.3.7. ਹੋਰ ਵਿਦਵਾਨ:** ਉਪਰੋਕਤ ਵਿਦਵਾਨ ਤਾਂ ਸਿੰਘ ਸਭਾ ਲਹਿਰ ਦੇ ਪ੍ਰਮੁੱਖ ਵਿਦਵਾਨ ਸਨ, ਜਿਨ੍ਹਾਂ ਇਸ ਲਹਿਰ ਦੇ ਮਨੋਰਥਾਂ ਦੇ ਪ੍ਰਚਾਰ ਅਤੇ ਪਾਸਾਰ ਲਈ ਸਾਹਿਤ ਸਿਰਜਨਾ ਕੀਤੀ ਅਤੇ ਪੰਜਾਬੀ ਸਾਹਿਤ ਦੀ ਵਡਮੁੱਲੀ ਸੇਵਾ ਕੀਤੀ। ਇਨ੍ਹਾਂ ਤੋਂ ਇਲਾਵਾ ਹੋਰ ਵੀ ਦਰਜਨਾਂ ਵਿਦਵਾਨ ਸਨ ਜੋ ਇਸ ਲਹਿਰ ਦੇ ਪ੍ਰਭਾਵ ਅਧੀਨ ਪੈਦਾ ਹੋਏ ਅਤੇ ਇਸ ਲਹਿਰ ਦੇ ਮਨੋਰਥਾਂ ਅਨੁਸਾਰ ਸਾਹਿਤ ਸਿਰਜਨਾ ਕਰਦੇ ਰਹੇ। ਜਿਨ੍ਹਾਂ ਵਿਚੋਂ ਕਰਮ ਸਿੰਘ ਹਿਸਟੋਰੀਅਨ, ਪ੍ਰੋ. ਪੂਰਨ ਸਿੰਘ, ਭਾਈ ਜੋਧ ਸਿੰਘ, ਤੇਜਾ ਸਿੰਘ, ਗੰਡਾ ਸਿੰਘ, ਪ੍ਰੋ. ਸਾਹਿਬ ਸਿੰਘ, ਪ੍ਰਿ. ਸਤਿਬੀਰ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਬਾਵਾ ਹਰਿਕ੍ਰਿਸ਼ਨ ਸਿੰਘ, ਪ੍ਰੋ. ਨਰਿੰਜਨ ਸਿੰਘ, ਮਾਸਟਰ ਤਾਰਾ ਸਿੰਘ, ਪ੍ਰੋ. ਨਰੈਣ ਸਿੰਘ, ਸ. ਸਰਦੂਲ ਸਿੰਘ ਕਵੀਸ਼ਰ ਅਤੇ ਭਗਤ ਲਛਮਣ ਸਿੰਘ ਆਦਿ ਵਰਨਣਯੋਗ ਹਨ। ਇਨ੍ਹਾਂ ਲੇਖਕਾਂ ਨੇ ਆਪਣੀਆਂ ਲਿਖਤਾਂ ਵਿਚ ਸਿੱਖ ਇਤਿਹਾਸ, ਗੁਰਬਾਣੀ ਵਿਆਖਿਆ ਅਤੇ ਗੁਰਮਤਿ ਦੇ ਸਿਧਾਂਤਕ ਸੰਕਲਪਾਂ ਨੂੰ ਬਿਆਨ ਕੀਤਾ ਹੈ। ਇਨ੍ਹਾਂ ਲੇਖਕਾਂ ਦਾ ਯੋਗਦਾਨ ਇਸ ਲਈ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਕਿ ਇਨ੍ਹਾਂ ਨੇ ਜੋ ਵੀ ਕਾਰਜ ਕੀਤਾ ਉਹ ਮੁਢੱਲਾ ਅਤੇ ਮੌਲਿਕ ਕਾਰਜ ਸੀ। ਇਸ ਕਾਰਜ ਨੇ ਬਾਅਦ ਵਾਲੇ ਲੇਖਕਾਂ ਲਈ ਆਧਾਰ ਸਮੱਗਰੀ ਦੀ ਭੂਮਿਕਾ ਨਿਭਾਈ।

## 5.9. ਪੰਜਾਬੀ ਪੱਤਰਕਾਰੀ ਨੂੰ ਦੇਣ

ਪੱਤਰਕਾਰੀ ਇਕ ਸਿਰਜਨਾਤਮਕ ਕਲਾ ਹੈ ਅਤੇ ਇਸ ਦਾ ਮਨੁੱਖੀ ਜੀਵਨ ਨਾਲ ਬਹੁਤ ਡੂੰਘਾ ਸੰਬੰਧ ਹੈ। ਇਹ ਖ਼ਬਰਾਂ ਅਤੇ ਉਨ੍ਹਾਂ ਸੰਬੰਧੀ ਸਮੀਖਿਆ ਨੂੰ ਵਿਸ਼ਾਲ ਘੇਰੇ ਤੱਕ ਪਹੁੰਚਾਉਣ ਵਾਲਾ ਹੁਨਰ ਹੈ। ਮਨੁੱਖ ਇਕ ਸਮਾਜਿਕ ਜੀਵ ਹੈ, ਇਸ ਲਈ ਸਮਾਜ ਵਿਚ ਜੋ ਕੁਝ ਵਾਪਰਦਾ ਹੈ, ਉਸ ਦਾ ਦਿਸਦਾ ਅਤੇ ਅਣਦਿਸਦਾ ਪ੍ਰਭਾਵ ਉਸ ਦੇ ਜੀਵਨ 'ਤੇ ਪੈਂਦਾ ਹੈ। ਪੱਤਰਕਾਰੀ ਮਨੁੱਖ ਉੱਪਰ ਪੈ ਰਹੇ ਇਸ ਪ੍ਰਭਾਵ ਨੂੰ ਉਸ ਸਾਹਮਣੇ ਪੇਸ਼ ਕਰਨ ਦਾ ਸਾਧਨ ਹੈ। ਦੂਜੇ ਸ਼ਬਦਾਂ ਵਿਚ ਪੱਤਰਕਾਰੀ ਮਨੁੱਖ ਦੇ ਆਲੇ-ਦੁਆਲੇ ਦੇ ਤਤਕਾਲੀ ਵਰਤਾਰਿਆਂ, ਘਟਨਾਵਾਂ, ਸਥਿਤੀਆਂ ਅਤੇ ਸੰਭਾਵਿਤ ਆਫ਼ਤਾਂ ਤੋਂ ਮਨੁੱਖ ਨੂੰ ਤੁਰੰਤ ਸੂਚਿਤ ਕਰਨ ਵਾਲਾ ਇਕ ਪ੍ਰਬੰਧ ਹੈ।[255] ਸਾਹਿਤ, ਜਿੱਥੇ ਮਨੁੱਖੀ ਮਨ ਅਤੇ ਬੁੱਧੀ ਨੂੰ, ਮਾਨਸਿਕ, ਬੌਧਿਕ ਅਤੇ ਭਾਵੁਕ ਹਲੂਣਾ ਦਿੰਦਾ ਹੈ, ਉੱਥੇ ਪੱਤਰਕਾਰੀ ਦਿਨ ਪ੍ਰਤੀ ਦਿਨ

---

[255] ਹਰਜਿੰਦਰ ਵਾਲੀਆ, *ਪੱਤਰਕਾਰੀ ਅਤੇ ਪੰਜਾਬੀ ਸਾਹਿਤਕ ਪੱਤਰਕਾਰੀ,* ਨਵੀਂ ਦਿੱਲੀ: ਨੈਸ਼ਨਲ ਬੁੱਕ ਸ਼ਾਪ, 2003, ਪੰਨਾ 10.

ਦੀਆਂ ਹਰ ਕਿਸਮ ਦੀਆਂ ਵੰਨ-ਸੁਵੰਨੀਆਂ ਘਟਨਾਵਾਂ ਦੇ ਕਰਮ ਅਤੇ ਪ੍ਰਤੀਕਰਮ ਪ੍ਰਤੀ ਮਨੁੱਖ ਨੂੰ ਸੁਚੇਤ ਕਰਦੀ ਹੈ।[256] ਇਕ ਉਸਾਰੂ ਸਮਾਜ ਦੀ ਸਿਰਜਨਾ ਵਿਚ ਪੱਤਰਕਾਰੀ ਅਹਿਮ ਭੂਮਿਕਾ ਨਿਭਾਉਂਦੀ ਹੈ।

**5.9.1. ਭਾਰਤ ਵਿਚ ਪੱਤਰਕਾਰੀ ਦਾ ਇਤਿਹਾਸ:** ਭਾਰਤ ਵਿਚ ਪੱਤਰਕਾਰੀ ਦੇ ਜਨਮ ਦੀ ਕਹਾਣੀ ਅਠਾਰ੍ਹਵੀਂ ਸਦੀ ਦੇ ਪਿਛਲੇ ਅੱਧ ਨਾਲ ਜਾ ਜੁੜਦੀ ਹੈ। ਭਾਰਤ ਵਿਚ ਪਹਿਲਾ ਪੱਤਰ ਪ੍ਰਕਾਸ਼ਿਤ ਕਰਨ ਦਾ ਯਤਨ ਈਸਟ ਇੰਡੀਆ ਕੰਪਨੀ ਦੇ ਨਾਰਾਜ਼ ਅਧਿਕਾਰੀ ਵਿਲੀਅਮ ਬੋਲਟਾਸ ਦੁਆਰਾ 1766 ਈ. ਵਿਚ ਕੀਤਾ ਗਿਆ। ਇਸ ਪੱਤਰ ਵਿਚ ਕੰਪਨੀ ਦੇ ਅਧਿਕਾਰੀਆਂ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਨੰਗਾ ਕਰਨ ਦਾ ਐਲਾਨ ਕੀਤਾ ਗਿਆ ਸੀ, ਇਸ ਲਈ ਕੰਪਨੀ ਨੇ ਦਬਾਅ ਪਾ ਕੇ ਇਹ ਪੱਤਰ ਪ੍ਰਕਾਸ਼ਿਤ ਨਾ ਹੋਣ ਦਿੱਤਾ। ਭਾਰਤ ਵਿਚ ਪਹਿਲਾ ਪੱਤਰ ਪ੍ਰਕਾਸ਼ਿਤ ਕਰਨ ਦਾ ਸਫਲ ਯਤਨ ਕੰਪਨੀ ਦੇ ਮੁਲਾਜ਼ਮ ਜੇਮਜ਼ ਅਗਸਟ ਹਿੱਕੀ ਨੇ 29 ਜਨਵਰੀ, 1780 ਈ. ਨੂੰ ਕਲਕੱਤੇ ਤੋਂ 'ਕਲਕੱਤਾ ਜਨਰਲ ਐਡਵਰਟਾਈਜ਼ਰ' ਜਾਂ 'ਬੰਗਾਲ ਗਜ਼ਟ' ਨਾਂ ਦਾ ਪੱਤਰ ਪ੍ਰਕਾਸ਼ਿਤ ਕਰਕੇ ਕੀਤਾ। ਇਸ ਪੱਤਰ ਵਿਚ ਵੀ ਬ੍ਰਿਟਿਸ਼ ਅਧਿਕਾਰੀਆਂ ਵਿਚ ਫੈਲੇ ਭ੍ਰਿਸ਼ਟਾਚਾਰ ਬਾਰੇ ਖੁੱਲ੍ਹ ਕੇ ਲਿਖਿਆ ਗਿਆ। ਇਸ ਕਾਰਨ ਕੁਝ ਸਮੇਂ ਬਾਅਦ ਹੀ ਇਹ ਪੱਤਰ ਬੰਦ ਹੋ ਗਿਆ ਅਤੇ ਜੇਮਜ਼ ਅਗਸਟ ਹਿੱਕੀ ਨੂੰ ਜੇਲ੍ਹ ਭੇਜ ਦਿੱਤਾ ਗਿਆ।[257]

'ਬੰਗਾਲ ਗਜ਼ਟ' ਨੇ ਭਾਰਤ ਅੰਦਰ ਪੱਤਰਕਾਰੀ ਦੀ ਨੀਂਹ ਰੱਖ ਦਿੱਤੀ ਅਤੇ ਦੋ ਸਾਲਾਂ ਵਿਚ ਹੀ ਬੰਗਾਲ ਵਿਚ ਪੰਜ ਪੱਤਰ ਪ੍ਰਕਾਸ਼ਿਤ ਹੋਣ ਲੱਗ ਪਏ। ਸੰਨ 1800 ਈ. ਤੱਕ ਸਮੁੱਚੇ ਭਾਰਤ ਵਿਚ 19 ਪੱਤਰ ਛਪਣੇ ਸ਼ੁਰੂ ਹੋਏ, ਜਿਨ੍ਹਾਂ ਵਿਚੋਂ ਗਿਆਰਾਂ ਪੱਤਰ ਹੀ ਸਫਲਤਾ ਨਾਲ ਚਲਦੇ ਰਹੇ। ਇਨ੍ਹਾਂ ਸਾਰੇ ਪੱਤਰਾਂ ਦੇ ਮਾਲਕ ਤੇ ਸੰਪਾਦਕ ਅੰਗ੍ਰੇਜ਼ ਹੀ ਸਨ ਅਤੇ ਇਨ੍ਹਾਂ ਦੀ ਬੋਲੀ ਵੀ ਅੰਗ੍ਰੇਜ਼ੀ ਹੀ ਸੀ।[258] ਭਾਰਤੀ ਬੋਲੀਆਂ ਵਿਚ ਪੱਤਰਕਾਰੀ, ਅੰਗ੍ਰੇਜ਼ੀ ਪੱਤਰਕਾਰੀ ਦੇ ਮੁਕਾਬਲੇ ਕਾਫ਼ੀ ਪਛੜ ਕੇ ਆਈ। ਹਿੰਦੀ ਭਾਸ਼ਾ ਵਿਚ ਪਹਿਲਾ ਪੱਤਰ 'ਉਦੰਤ ਮਾਰਤੰਡ' ਦੇਵਨਾਗਰੀ ਲਿਪੀ ਵਿਚ 1826 ਈ. ਵਿਚ ਜਾਰੀ ਹੋਇਆ। ਇਹ ਹਫ਼ਤਾਵਾਰ ਪੱਤਰ ਸੀ ਅਤੇ ਇਸ ਦੇ ਸੰਪਾਦਕ, ਛਾਪਕ ਤੇ ਪ੍ਰਕਾਸ਼ਕ 'ਯੁਗਲ ਕਿਸ਼ੋਰ ਸ਼ੁਕੁਲ' ਸਨ।[259] ਇਸ ਤੋਂ ਬਾਅਦ 'ਬੰਗਦੂਤ', 'ਪਰਜਾਮਿਤਰ', 'ਸਾਮਯਾਦੰਤ ਮਾਰਤੰਡ' ਅਤੇ ਹਿੰਦੀ ਦਾ ਪਹਿਲਾ ਰੋਜ਼ਾਨਾ ਪੱਤਰ ਸਮਾਚਾਰ 'ਸੁਧਾਵਰਸ਼ਣ' ਵਰਨਣਯੋਗ ਹਨ। ਇਨ੍ਹਾਂ ਪੱਤਰਾਂ ਦਾ ਵਧੇਰੇ ਜੋਰ 1857 ਈ. ਤੱਕ ਰਿਹਾ। 1857 ਈ. ਤੋਂ ਬਾਅਦ ਭਾਰਤੀ ਪੱਤਰਕਾਰੀ ਨੂੰ ਨਵੀਂ ਸੇਧ ਮਿਲੀ ਅਤੇ 1861 ਈ. ਵਿਚ 'ਇੰਡੀਆ ਮਿਰਰ', 'ਸੁਲਭ ਸਮਾਚਾਰ', 'ਇੰਗਲਿਸ਼ਮੈਨ', 1865 ਈ. ਵਿਚ 'ਪਾਇਨੀਅਰ', 1875 ਈ. ਵਿਚ 'ਸਟੇਟਸਮੈਨ', 1881 ਈ. ਵਿਚ 'ਟ੍ਰਿਬਿਊਨ' ਆਦਿ ਮਹੱਤਵਪੂਰਨ ਪੱਤਰ

---

[256] ਸਤਿੰਦਰ ਕੌਰ, *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਿਲਤ ਪੰਜਾਬੀ ਸਾਹਿਤ: ਸਰਵੇਖਣ ਅਤੇ ਮੁਲਾਂਕਣ,* ਪੰਨਾ 159.

[257] ਨਰਿੰਦਰ ਸਿੰਘ ਕਪੂਰ, *ਪੰਜਾਬੀ ਪੱਤਰਕਾਰੀ ਦਾ ਵਿਕਾਸ,* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2012, ਪੰਨਾ 21-23.

[258] ਮੇਘਾ ਸਿੰਘ, *ਪੰਜਾਬੀ ਪੱਤਰਕਾਰੀ ਦਾ ਇਤਿਹਾਸ,* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2001, ਪੰਨਾ 50.

[259] ਨਰਿੰਦਰ ਸਿੰਘ ਕਪੂਰ, *ਪੰਜਾਬੀ ਪੱਤਰਕਾਰੀ ਦਾ ਵਿਕਾਸ,* ਪੰਨਾ 28.

ਜਾਰੀ ਹੋਏ। ਇਸ ਕਾਲ ਨੂੰ ਭਾਰਤੀ ਪੱਤਰਕਾਰੀ ਦਾ ਸੁਨਹਿਰੀ ਕਾਲ ਮੰਨਿਆ ਜਾਂਦਾ ਹੈ ਅਤੇ ਆਜ਼ਾਦੀ ਅੰਦੋਲਨ ਦੌਰਾਨ ਜਾਂ ਬਾਅਦ ਵਿਚ ਸ਼ੁਰੂ ਹੋਈ ਪੱਤਰਕਾਰੀ ਉੱਪਰ ਇਸ ਕਾਲ ਦੇ ਪੱਤਰਾਂ ਦਾ ਡੂੰਘਾ ਪ੍ਰਭਾਵ ਰਿਹਾ ਹੈ।[260]

**5.9.2. ਪੰਜਾਬੀ ਪੱਤਰਕਾਰੀ ਦੀ ਸ਼ੁਰੂਆਤ:** ਪੰਜਾਬੀ ਪੱਤਰਕਾਰੀ ਦਾ ਆਰੰਭ ਉਨ੍ਹੀਵੀਂ ਸਦੀ ਦੇ ਉਤਰਾਰਧ ਵਿਚ ਹੋਇਆ। ਪੰਜਾਬ ਵਿਚ ਪਹਿਲਾ ਪੱਤਰ ਮਸੀਹੀ ਮਿਸ਼ਨਰੀਆਂ ਨੇ 1850-60 ਈ. ਵਿਚਕਾਰ ਲੁਧਿਆਣੇ ਤੋਂ ਜਾਰੀ ਕੀਤਾ ਜਿਸ ਦਾ ਨਾਂ 'ਚੁਪੱਤ੍ਰੀਆ' ਸੀ। 1839 ਈ. ਵਿਚ ਲੁਧਿਆਣਾ ਮਿਸ਼ਨ ਨੇ 'ਲੁਧਿਆਣਾ ਅਖ਼ਬਾਰ' ਸ਼ੁਰੂ ਕੀਤਾ। ਇਹ ਮਸੀਹੀ ਮਿਸ਼ਨਰੀਆਂ ਨੇ ਆਪਣੇ ਧਰਮ ਦੇ ਪ੍ਰਚਾਰ ਲਈ ਸ਼ੁਰੂ ਕੀਤੇ ਸਨ। 1838 ਈ. ਵਿਚ ਪਟਿਆਲੇ ਤੋਂ 'ਜਗਤ ਪ੍ਰਕਾਸ ਦਰਸ' ਨਾਂ ਦਾ ਪੰਜਾਬੀ ਪੱਤਰ ਜਾਰੀ ਹੋਇਆ। ਇਸ ਵਿਚ 'ਜਾਮੇ-ਜਹਾਂਨੁਮਾ' ਪੱਤਰ ਦਾ ਗੁਰਮੁਖੀ ਅੱਖਰਾਂ ਵਿਚ ਭਾਸ਼ਾ ਅੰਤਰ ਛਪਦਾ ਸੀ ਪਰ ਭਾਸ਼ਾ ਇਸ ਦੀ ਹਿੰਦੀ ਹੀ ਸੀ।[261] 1856 ਈ. ਵਿਚ ਲਾਹੌਰ ਤੋਂ ਅੰਗ੍ਰੇਜ਼ੀ, ਪੰਜਾਬੀ ਅਤੇ ਫ਼ਾਰਸੀ ਦਾ ਇਕ ਸਾਂਝਾ ਪੱਤਰ 'ਪੰਜਾਬੀ' ਜਾਰੀ ਹੋਇਆ। 1866 ਈ. ਵਿਚ 'ਅਖ਼ਬਾਰ ਸ੍ਰੀ ਦਰਬਾਰ ਸਾਹਿਬ' ਗੁਰਮੁਖੀ ਅੱਖਰਾਂ ਵਿਚ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਇਆ ਪਰ ਇਸ ਦੀ ਭਾਸ਼ਾ ਵੀ ਹਿੰਦੀ ਸੀ। ਇਸ ਤੋਂ ਪਿੱਛੋਂ 'ਸੁਕਾਵਯ ਸੰਬੋਧਨੀ' (1875 ਈ.) ਅਤੇ 'ਅਖ਼ਬਾਰ ਕਾਵਯ-ਚੰਦ੍ਰੋਦਯ' (1876 ਈ.) ਪ੍ਰਕਾਸ਼ਿਤ ਹੋਣੇ ਸ਼ੁਰੂ ਹੋਏ ਪਰ ਇਨ੍ਹਾਂ ਦੀ ਭਾਸ਼ਾ ਵੀ ਪੰਜਾਬੀ ਘੱਟ ਅਤੇ ਹਿੰਦੀ ਵਧੇਰੇ ਸੀ। ਇਹ ਪੱਤਰ ਗੁਰਮੁਖੀ ਲਿਪੀ ਵਿਚ ਜਰੂਰ ਸਨ ਪਰ ਇਨ੍ਹਾਂ ਦੀ ਭਾਸ਼ਾ ਹਿੰਦੀ ਹੀ ਰਹੀ, ਸਹੀ ਅਰਥਾਂ ਵਿਚ ਪੰਜਾਬੀ ਪੱਤਰਕਾਰੀ ਦੀ ਨਿਸ਼ਚਿਤ ਸ਼ੁਰੂਆਤ ਸਿੰਘ ਸਭਾ ਲਹਿਰ ਦੇ ਪ੍ਰਭਾਵ ਥੱਲੇ ਹੀ ਹੋਈ ਮੰਨੀ ਜਾਂਦੀ ਹੈ।

**5.9.3. ਸਿੰਘ ਸਭਾ ਲਹਿਰ ਦੀ ਪੰਜਾਬੀ ਪੱਤਰਕਾਰੀ ਨੂੰ ਦੇਣ:** ਸਿੰਘ ਸਭਾ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਉਂਜ ਤਾਂ ਪੰਜ ਤੋਂ ਵੱਧ ਪੱਤਰ ਪੰਜਾਬੀ ਦੇ ਸ਼ੁਰੂ ਹੋ ਚੁੱਕੇ ਸਨ ਅਤੇ ਪੰਜਾਬੀ ਪੱਤਰਕਾਰੀ ਦੀ ਨੀਂਹ ਰੱਖੀ ਜਾ ਚੁੱਕੀ ਸੀ। ਇਨ੍ਹਾਂ ਪੱਤਰਾਂ ਦੀ ਲਿਪੀ ਗੁਰਮੁਖੀ ਜਰੂਰ ਸੀ ਪਰ ਭਾਸ਼ਾ ਹਿੰਦੀ ਸੀ। ਇਸ ਕਾਰਨ ਇਨ੍ਹਾਂ ਨੂੰ ਪੰਜਾਬੀ ਪੱਤਰਾਂ ਦੀ ਕਤਾਰ ਵਿਚ ਨਹੀਂ ਰੱਖਿਆ ਜਾ ਸਕਦਾ। ਇਹ ਪੱਤਰ ਆਪੋ-ਆਪਣੇ ਮਨੋਰਥਾਂ ਦੀ ਪ੍ਰਾਪਤੀ ਲਈ ਗੁਰਮੁਖੀ ਲਿਪੀ ਵਿਚ ਜਾਰੀ ਕੀਤੇ ਗਏ ਸਨ। ਸਹੀ ਅਰਥਾਂ ਵਿਚ ਪੰਜਾਬੀ ਪੱਤਰਕਾਰੀ ਦੀ ਸ਼ੁਰੂਆਤ ਸਿੰਘ ਸਭਾ ਲਹਿਰ ਦੀ ਸਥਾਪਨਾ ਨਾਲ ਹੀ ਸ਼ੁਰੂ ਹੋਈ। ਪਰਮਿੰਦਰ ਸਿੰਘ ਅਨੁਸਾਰ, "ਸਿੰਘ ਸਭਾ ਦੇ ਪ੍ਰਭਾਵ ਹੇਠ ਪੰਜਾਬੀ ਪੱਤਰਕਾਰੀ ਦਾ ਮੁਢ ਵੀ ਬੱਝਾ ਤੇ ਇਸ ਦਾ ਵਿਕਾਸ ਵੀ ਹੋਇਆ। ਪਰਚਾਰ ਦੇ ਮਨੋਰਥਾਂ ਲਈ ਪੱਤਰਕਾਰੀ ਦੇ ਮਹੱਤਵ ਤੋਂ ਸਿੰਘ ਸਭਾ ਦੇ ਆਗੂ ਭਲੀ ਪ੍ਰਕਾਰ ਸੁਚੇਤ ਸਨ ਤੇ ਇਸ ਮਾਧਿਅਮ ਦਾ ਵੱਧ ਤੋਂ ਵੱਧ ਉਪਯੋਗ ਕਰ ਕੇ ਧਰਮ, ਇਤਿਹਾਸ, ਭਾਸ਼ਾ ਤੇ ਸਾਹਿਤ ਦੀ ਵਡਮੁਲੀ ਸੇਵਾ ਕੀਤੀ।"[262] ਨਰਿੰਦਰ ਸਿੰਘ ਨੇ ਇਸ ਸੰਬੰਧੀ ਲਿਖਿਆ ਹੈ, "ਸੰਨ 1873 ਵਿੱਚ ਸਿੰਘ ਸਭਾ ਦੀ ਸਥਾਪਤੀ ਨਾਲ ਪੰਜਾਬੀ ਪੱਤਰਕਾਰੀ ਨੇ ਸੱਚੇ ਅਰਥਾਂ ਵਿੱਚ ਜਨਮ ਲਿਆ। ਭਾਵੇਂ ਅਜੇ ਵੀ ਪੰਜਾਬੀ ਉੱਤੇ ਸੰਸਕ੍ਰਿਤ, ਬ੍ਰਜ਼ ਤੇ ਹਿੰਦੀ ਦਾ ਪ੍ਰਭਾਵ ਪ੍ਰਤੱਖ ਸੀ, ਪਰ ਪੰਜਾਬੀ ਨੂੰ ਇਨ੍ਹਾਂ ਬੋਲੀਆਂ ਦੇ ਪ੍ਰਭਾਵ ਥੱਲੋਂ

---

[260] ਉਹੀ, ਪੰਨਾ 32.
[261] ਮੇਘਾ ਸਿੰਘ, *ਪੰਜਾਬੀ ਪੱਤਰਕਾਰੀ ਦਾ ਇਤਿਹਾਸ,* ਪੰਨਾ 51.
[262] ਪਰਮਿੰਦਰ ਸਿੰਘ, *ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ,* ਪੰਨਾ 190.

ਕੱਢਣ ਦੇ ਸੁਚੇਤ ਯਤਨ ਸ਼ੁਰੂ ਜ਼ਰੂਰ ਹੋ ਗਏ ਸਨ।"[263] ਉਪਰੋਕਤ ਵਿਦਵਾਨਾਂ ਦੇ ਸ਼ਬਦਾਂ ਦੀ ਪ੍ਰੋੜ੍ਹਤਾ ਕਰਦੇ ਹੋਏ ਮੇਘਾ ਸਿੰਘ ਨੇ ਲਿਖਿਆ ਹੈ, "ਸਿੰਘ ਸਭਾ ਨੇ ਸਿੱਖ ਧਰਮ ਦੀ ਪੁਨਰ ਸੁਰਜੀਤੀ ਦੇ ਮਨੋਰਥ ਅਧੀਨ ਧਰਮ ਪ੍ਰਚਾਰ ਲਈ ਪੰਜਾਬੀ ਪੱਤਰਕਾਰੀ ਨੂੰ ਪ੍ਰਮੁੱਖ ਮਾਧਿਅਮ ਬਣਾਇਆ। ਇਸ ਦੇ ਮਨੋਰਥ ਵਿੱਚ ਪੰਜਾਬੀ ਭਾਸ਼ਾ ਦੇ ਮਾਧਿਅਮ ਰਾਹੀਂ ਵਿਦਿਆ ਪ੍ਰਦਾਨ ਕਰਨਾ ਅਤੇ ਅਖ਼ਬਾਰਾਂ ਤੇ ਰਸਾਲਿਆਂ ਰਾਹੀਂ ਪ੍ਰਚਾਰ ਕਰਨਾ ਪ੍ਰਮੁੱਖ ਸੀ। ਇਸ ਤਰ੍ਹਾਂ ਪੰਜਾਬੀ ਪੱਤਰਕਾਰੀ ਦਾ ਨਿਸ਼ਚਿਤ ਤੇ ਨਿਯਮਤ ਰੂਪ ਵਿੱਚ ਅਰੰਭ ਸਿੰਘ ਸਭਾ ਦੀ ਸਥਾਪਨਾ ਨਾਲ ਹੀ ਮੰਨਿਆ ਜਾ ਸਕਦਾ ਹੈ।"[264] ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਪੱਤਰਕਾਰੀ ਦੀ ਸ਼ੁਰੂਆਤ ਕਰਨ ਵਿਚ ਸਿੰਘ ਸਭਾ ਲਹਿਰ ਦਾ ਅਹਿਮ ਰੋਲ ਰਿਹਾ ਹੈ, ਜੋ ਇਸ ਲਹਿਰ ਦੀ ਮਹੱਤਵਪੂਰਨ ਪ੍ਰਾਪਤੀ ਹੈ।

ਸਿੰਘ ਸਭਾ ਲਹਿਰ ਦੌਰਾਨ ਲਾਹੌਰ ਵਿਖੇ 'ਖ਼ਾਲਸਾ ਪ੍ਰੈੱਸ' ਤੇ ਅੰਮ੍ਰਿਤਸਰ ਵਿਖੇ 'ਵਜ਼ੀਰ ਹਿੰਦ ਪ੍ਰੈੱਸ' ਛਾਪੇਖ਼ਾਨੇ ਖੁੱਲ੍ਹੇ, ਗੁਰਮੁਖੀ ਅੱਖਰਾਂ ਦੇ ਨਵੇਂ ਟਾਈਪ ਢਾਲੇ ਗਏ ਅਤੇ ਪੰਜਾਬੀ ਸਮਾਚਾਰ ਪੱਤਰ ਆਮ ਛਪਣ ਲੱਗੇ। ਇਸ ਸਮੇਂ ਸਪਤਾਹਿਕ ਤੇ ਮਾਹਵਾਰੀ ਪੱਤਰ ਹੀ ਛਪਦੇ ਸਨ।[265] ਇਸ ਲਹਿਰ ਦੇ ਪ੍ਰਭਾਵ ਅਧੀਨ ਸ਼ੁਰੂ ਹੋਏ ਪ੍ਰਮੁੱਖ ਪੰਜਾਬੀ ਪੱਤਰਾਂ ਦਾ ਸੰਖੇਪ ਵੇਰਵਾ ਹੇਠਾਂ ਦਿੱਤਾ ਜਾ ਰਿਹਾ ਹੈ:

**5.9.3.1. ਅਕਾਲ ਪ੍ਰਕਾਸ਼:** ਆਮ ਮੰਨਿਆ ਜਾਂਦਾ ਹੈ ਕਿ ਭਾਈ ਗੁਰਮੁਖ ਸਿੰਘ ਦੁਆਰਾ ਸ਼ੁਰੂ ਕੀਤਾ 'ਗੁਰਮੁਖੀ ਅਖ਼ਬਾਰ' ਪੰਜਾਬੀ ਦਾ ਪਹਿਲਾ ਪੱਤਰ ਦੀ ਪਰ ਇਹ ਠੀਕ ਧਾਰਨਾ ਨਹੀਂ ਹੈ। ਅਸਲ ਵਿਚ 'ਅਕਾਲ ਪ੍ਰਕਾਸ਼' ਪੰਜਾਬੀ ਭਾਸ਼ਾ ਦਾ ਸੁਚੇਤ ਰੂਪ ਵਿਚ ਪਹਿਲਾ ਪੱਤਰ ਸੀ। ਇਹ ਪੱਤਰ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ 21 ਹਾੜ, ਸੰਮਤ ਨਾਨਕਸ਼ਾਹੀ 407 ਅਰਥਾਤ ਜੂਨ, 1876 ਈ. ਵਿਚ ਭਾਈ ਪ੍ਰਤਾਪ ਸਿੰਘ ਗਿਆਨੀ ਦੀ ਸੰਪਾਦਨਾ ਹੇਠ ਲਾਹੌਰ ਤੋਂ ਪ੍ਰਕਾਸ਼ਿਤ ਹੋਇਆ। ਇਹ ਇਕ ਮਾਸਕ ਪੱਤਰ ਸੀ ਅਤੇ ਪੱਥਰ ਦੇ ਛਾਪੇ ਨਾਲ ਛਾਪਿਆ ਜਾਂਦਾ ਸੀ। ਇਸ ਪੱਤਰ ਵਿਚ ਧਾਰਮਿਕ ਸਮਗਰੀ ਤੋਂ ਇਲਾਵਾ ਸਿੰਘ ਸਭਾਵਾਂ ਦੀਆਂ ਮੀਟਿੰਗਾਂ ਦੀਆਂ ਕਾਰਵਾਈਆਂ ਤੇ ਆਗਾਮੀ ਪ੍ਰੋਗਰਾਮ ਛਪਦੇ ਸਨ। ਇਹ ਪੱਤਰ 'ਗੁਰਮੁਖੀ ਅਖ਼ਬਾਰ' ਦੇ ਜਾਰੀ ਹੋਣ ਤੱਕ ਚਲਦਾ ਰਿਹਾ ਅਤੇ ਬਾਅਦ ਵਿਚ ਇਸ ਦੇ ਸੰਪਾਦਕ ਨੇ ਇਹ ਪੱਤਰ ਬੰਦ ਕਰ ਦਿੱਤਾ ਅਤੇ ਆਪਣਾ ਸਹਿਯੋਗ 'ਗੁਰਮੁਖੀ ਅਖ਼ਬਾਰ' ਨੂੰ ਦੇਣਾ ਸ਼ੁਰੂ ਕਰ ਦਿੱਤਾ। ਇਸ ਪੱਤਰ ਨੇ ਪੰਜਾਬੀ ਭਾਸ਼ਾ ਉੱਤੋਂ ਫ਼ਾਰਸੀ, ਉਰਦੂ, ਬ੍ਰਜ, ਹਿੰਦੀ ਤੇ ਸੰਸਕ੍ਰਿਤ ਦੇ ਗਲਬੇ ਨੂੰ ਲਾਹ ਕੇ ਪੂਰਨ ਰੂਪ ਵਿਚ ਸ਼ੁੱਧ ਤੇ ਠੇਠ ਪੰਜਾਬੀ ਵਾਰਤਕ ਦੀ ਨੀਂਹ ਰੱਖੀ।[266]

**5.9.3.2. ਗੁਰਮੁਖੀ ਅਖ਼ਬਾਰ:** ਇਹ ਪੱਤਰ ਸਿੰਘ ਸਭਾ ਲਾਹੌਰ ਵੱਲੋਂ ਭਾਈ ਗੁਰਮੁਖ ਸਿੰਘ ਜੀ ਨੇ 10 ਨਵੰਬਰ, 1880 ਈ. ਨੂੰ ਲਾਹੌਰ ਤੋਂ ਆਰੰਭ ਕੀਤਾ।[267] ਇਸ ਦਾ ਆਰੰਭ ਇਕ ਸਪਤਾਹਿਕ ਪੱਤਰ ਦੇ ਰੂਪ ਵਿਚ ਹੋਇਆ

---

[263] ਨਰਿੰਦਰ ਸਿੰਘ ਕਪੂਰ, *ਪੰਜਾਬੀ ਪੱਤਰਕਾਰੀ ਦਾ ਵਿਕਾਸ,* ਪੰਨਾ 36.
[264] ਮੇਘਾ ਸਿੰਘ, *ਪੰਜਾਬੀ ਪੱਤਰਕਾਰੀ ਦਾ ਇਤਿਹਾਸ,* ਪੰਨਾ 53.
[265] ਸਤਿੰਦਰ ਕੌਰ, *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਿਲਤ ਪੰਜਾਬੀ ਸਾਹਿਤ: ਸਰਵੇਖਣ ਅਤੇ ਮੁਲਾਂਕਣ,* ਪੰਨਾ 170.
[266] ਨਰਿੰਦਰ ਸਿੰਘ ਕਪੂਰ, *ਪੰਜਾਬੀ ਪੱਤਰਕਾਰੀ ਦਾ ਵਿਕਾਸ,* ਪੰਨਾ 58.
[267] ਜਗਜੀਤ ਸਿੰਘ, "ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਵਲੋਂ ਕੀਤੇ ਗਏ ਮਹਾਨ ਸੁਨਹਿਰੀ ਪਰਉਪਕਾਰ", *ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ,* ਗਿ: ਕਰਤਾਰ ਸਿੰਘ 'ਸੂਹੱਦੀ' (ਸੰਪਾ.), ਪੰਨਾ 117.

ਪਰ 1893 ਈ. ਤੋਂ ਪਿੱਛੋਂ ਦਸ ਰੋਜ਼ਾ ਹੋ ਕੇ 1895 ਈ. ਤੱਕ ਛਪਦਾ ਰਿਹਾ।[268] ਇਸ ਦਾ ਉਦੇਸ਼ ਨਿਰੋਲ ਸਿੰਘ ਸਭਾ ਦੇ ਮਨੋਰਥਾਂ ਦਾ ਪ੍ਰਚਾਰ ਕਰਨਾ ਸੀ। ਇਸ ਪੱਤਰ ਦੀ ਭਾਸ਼ਾ ਠੇਠ ਪੰਜਾਬੀ ਅਤੇ ਸ਼ੈਲੀ ਸੁਚੱਜੀ ਤੇ ਠੁੱਕ ਬੱਝਵੀਂ ਸੀ। ਇਸ ਕਰਕੇ ਕਈ ਵਿਦਵਾਨ ਇਸੇ ਪੱਤਰ ਨੂੰ ਹੀ ਸ਼ੁੱਧ ਪੰਜਾਬੀ ਦਾ ਪਹਿਲਾ ਪੱਤਰ ਮੰਨਦੇ ਹਨ।[269] ਇਸ ਪੱਤਰ ਵਿੱਚ ਸਿੱਖ ਧਰਮ ਦੀ ਪ੍ਰਫੁੱਲਤਾ ਸੰਬੰਧੀ ਕਵਿਤਾਵਾਂ ਅਤੇ ਲੇਖਾਂ ਤੋਂ ਇਲਾਵਾ ਸਿੰਘ ਸਭਾ ਦੀਆਂ ਸਰਗਰਮੀਆਂ ਦੇ ਸਮਾਚਾਰ ਵੀ ਪ੍ਰਕਾਸ਼ਿਤ ਕੀਤੇ ਜਾਂਦੇ ਸਨ। ਇਸ ਪੱਤਰ ਨਾਲ ਪੰਜਾਬੀ ਮੁਹਾਵਰੇ ਅਤੇ ਅਖਾਣਾਂ ਦੇ ਭੰਡਾਰ ਵਿਚ ਵਾਧਾ ਹੋਇਆ। ਇਸ ਪੱਤਰ ਦੇ ਸੰਪਾਦਕੀ ਅਤੇ ਹਰ ਲੇਖ ਡੂੰਘੇ ਪ੍ਰਭਾਵਾਂ ਵਾਲੇ ਹੁੰਦੇ ਸਨ। ਇਸ ਪੱਤਰ ਦੇ ਪ੍ਰਚਾਰ ਨਾਲ ਪੰਜਾਬ ਵਿਚ ਸਿੰਘ ਸਭਾਵਾਂ ਦਾ ਜਾਲ ਵਿਛ ਗਿਆ ਅਤੇ ਸਿੱਖਾਂ ਵਿਚ ਵਿੱਦਿਆ ਪ੍ਰਤੀ ਚੇਤਨਾ ਵੀ ਪੈਦਾ ਹੋਈ। ਫਲਸਰੂਪ ਪੰਜਾਬੀ ਭਾਸ਼ਾ ਅਤੇ ਸਾਹਿਤ ਵੱਲ ਪੰਜਾਬੀ ਪਿਆਰਿਆਂ ਦਾ ਮੋਹ ਜਾਗਿਆ ਅਤੇ ਪਾਠਕਾਂ ਤੇ ਲੇਖਕਾਂ ਦਾ ਘੇਰਾ ਵਿਸ਼ਾਲ ਹੋਇਆ। ਇਸ ਪੱਤਰ ਵਿਚ ਧਾਰਮਿਕ ਲੇਖਾਂ ਦੇ ਨਾਲ-ਨਾਲ ਰਾਜਸੀ ਵਿਸ਼ਿਆਂ ਉੱਤੇ ਵੀ ਲੇਖ ਛਾਪੇ ਜਾਂਦੇ ਸਨ।[270]

**5.9.3.3. ਵਿਦਯਾਰਕ ਪੰਜਾਬ:** ਪ੍ਰੋ. ਗੁਰਮੁਖ ਸਿੰਘ ਜੀ ਦੀ ਸੰਪਾਦਨਾ ਹੇਠ ਨਵੰਬਰ, 1881 ਈ. ਵਿਚ ਸਿੰਘ ਸਭਾ, ਲਾਹੌਰ ਵੱਲੋਂ ਮਾਸਕ ਪੱਤਰ ਦੇ ਰੂਪ ਵਿਚ 'ਵਿਦਿਯਾਰਕ ਪੰਜਾਬ' ਜਾਰੀ ਹੋਇਆ। ਇਸ ਪੱਤਰ ਦਾ ਉਦੇਸ਼ ਸਿੱਖਾਂ ਵਿਚ ਵਿੱਦਿਆ ਦੇ ਪਾਸਾਰ ਹਿਤ ਚੇਤਨਾ ਪੈਦਾ ਕਰਨਾ ਸੀ। ਇਸ ਪੱਤਰ ਦੇ ਹੇਠ ਲਿਖੇ ਛੇ ਉਦੇਸ਼ ਮਿਥੇ ਗਏ ਸਨ, ਜਿਨ੍ਹਾਂ ਵਿਚੋਂ ਪਹਿਲੇ ਦੋ ਜਰੂਰੀ ਸਨ:[271]

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਪ੍ਰਕਾਸ਼ਿਤ ਕਰਨਾ।
2. ਸ੍ਰੀ ਗੁਰੂ ਖ਼ਾਲਸੇ ਜੀ ਦਾ ਇਤਿਹਾਸ ਅਤੇ ਦਸਾਂ ਪਾਤਸ਼ਾਹੀਆਂ ਦਾ ਜੀਵਨ ਬ੍ਰਿਤਾਂਤ ਛਾਪਣਾ।
3. ਸਿੱਖ ਧਰਮ ਦੀਆਂ ਰਹੁ-ਰੀਤਾਂ ਦਾ ਵਿਧਾਨ ਅਤੇ ਨਿਰੂਪਣ ਕਰਨਾ।
4. ਵਿੱਦਿਆ ਸੰਬੰਧੀ ਖ਼ਬਰਾਂ ਛਾਪਣਾ।
5. ਸੁਧਾਰਕ ਅਤੇ ਵਿਹਾਰਕ ਸਿੱਖਿਆ ਦੇਣਾ।
6. ਪੁਸਤਕਾਂ ਦੇ ਰੀਵਿਊ ਛਾਪਣਾ।

ਇਹ ਪੱਤਰ ਭਾਵੇਂ ਕੁਝ ਮਹੀਨੇ ਹੀ ਚੱਲਿਆ ਪਰੰਤੂ ਇਸ ਨੇ ਪੁਸਤਕਾਂ ਦੇ ਰੀਵਿਊ ਛਾਪਣੇ ਸ਼ੁਰੂ ਕੀਤੇ। ਗੁਰੂ ਸਾਹਿਬਾਨ ਦੇ ਜੀਵਨ ਬ੍ਰਿਤਾਂਤ ਪ੍ਰਕਾਸ਼ਿਤ ਕਰਕੇ ਧਾਰਮਿਕ ਜੀਵਨੀ ਸਾਹਿਤ ਦੀ ਨੀਂਹ ਰੱਖੀ ਅਤੇ ਸਾਹਿਤ

[268] ਸਤਿੰਦਰ ਕੌਰ, *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਿਲਤ ਪੰਜਾਬੀ ਸਾਹਿਤ: ਸਰਵੇਖਣ ਅਤੇ ਮੁਲਾਂਕਣ,* ਪੰਨਾ 211.

[269] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬੀ ਪੱਤਰਕਲਾ,* ਪਟਿਆਲਾ: ਭਾਸ਼ਾ ਵਿਭਾਗ, 1953, ਪੰਨਾ 18.

[270] ਨਰਿੰਦਰ ਸਿੰਘ ਕਪੂਰ, *ਪੰਜਾਬੀ ਪੱਤਰਕਾਰੀ ਦਾ ਵਿਕਾਸ,* ਪੰਨਾ 61.

[271] ਜਗਜੀਤ ਸਿੰਘ, "ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਵਲੋਂ ਕੀਤੇ ਗਏ ਮਹਾਨ ਸੁਨਹਿਰੀ ਪਰਉਪਕਾਰ", *ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ,* ਗਿ: ਕਰਤਾਰ ਸਿੰਘ 'ਸੁਹੱਦੀ' (ਸੰਪਾ.), ਪੰਨਾ 117.

ਆਲੋਚਨਾ ਸੰਬੰਧੀ ਲੇਖ ਛਾਪੇ। ਇਸ ਤੋਂ ਇਲਾਵਾ ਸਿੱਖ ਧਰਮ ਦੀ ਮਰਯਾਦਾ ਦੇ ਵਿਧਾਨ ਸੰਬੰਧੀ ਲੇਖ ਛਾਪੇ ਅਤੇ ਦਾਰਸ਼ਨਿਕ ਤੇ ਬ੍ਰਿਤਾਂਤੀ ਪੰਜਾਬੀ ਵਾਰਤਕ ਦਾ ਮੁੱਢ ਬੰਨ੍ਹਿਆ।[272]

**5.9.3.4. ਸ੍ਰੀ ਗੁਰਮਤਿ ਪ੍ਰਕਾਸ਼ਕ:** ਸ੍ਰੀ ਗੁਰੂ ਸਿੰਘ ਸਭਾ ਰਾਵਲਪਿੰਡੀ ਦੀ ਸਰਪ੍ਰਸਤੀ ਅਧੀਨ 13 ਅਪ੍ਰੈਲ, 1885 ਈ. ਨੂੰ ਭਾਈ ਅਵਤਾਰ ਸਿੰਘ ਵਹੀਰੀਏ ਦੀ ਸੰਪਾਦਨਾ ਹੇਠ ਦਸ ਰੋਜ਼ਾ ਪੱਤਰ 'ਸ੍ਰੀ ਗੁਰਮਤਿ ਪ੍ਰਕਾਸ਼ਕ' ਜਾਰੀ ਹੋਇਆ।[273] ਇਸ ਦੇ ਪਿੱਛੇ ਕੁਝ ਪੰਨੇ ਉਰਦੂ ਵਿਚ ਵੀ ਹੁੰਦੇ ਸਨ ਅਤੇ 1893 ਈ. ਤੋਂ ਬਾਅਦ ਇਹ ਪੂਰਨ ਰੂਪ ਵਿਚ ਪੰਜਾਬੀ ਭਾਸ਼ਾ ਵਿਚ ਛਪਣ ਲੱਗ ਪਿਆ। ਇਸ ਪੱਤਰ ਨੇ ਗੁਰਮੁਖੀ ਲਿਪੀ ਅਤੇ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਜੋਰਦਾਰ ਯਤਨ ਕੀਤੇ। ਇਸ ਪੱਤਰ ਵਿਚ ਗੁਰਬਾਣੀ ਦੀ ਟੀਕਾਕਾਰੀ ਦੇ ਸੁੰਦਰ ਨਮੂਨੇ ਪੇਸ਼ ਹੋਏ। ਭਾਈ ਨਰਾਇਣ ਜੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਜ਼ਫ਼ਰਨਾਮਾ' ਦਾ ਸਟੀਕ ਵੀ ਇਸ ਪੱਤਰ ਵਿਚ ਲਗਾਤਾਰ ਛਪਦਾ ਰਿਹਾ। ਇਹ ਪੱਤਰ ਵੀ ਪ੍ਰਚਾਰ ਦੇ ਮੰਤਵ ਨਾਲ ਹੀ ਸ਼ੁਰੂ ਹੋਇਆ ਸੀ। ਇਸ ਸਾਰੇ ਪੱਤਰ ਵਿਚ ਗੁਰੂ ਕੌਣ ਹੈ? ਗੁਰਬਾਣੀ ਕੀ ਹੈ? ਨਿੱਤਨੇਮ ਕੀ ਹੈ? ਸਰੀਰ ਦੀ ਅਰੋਗਤਾ ਜਿਹੇ ਸਵਾਲ ਪੁੱਛੇ ਜਾਂਦੇ ਤੇ ਗੁਰਬਾਣੀ ਦੇ ਆਧਾਰ ਤੇ ਉੱਤਰ ਦਿੱਤੇ ਜਾਂਦੇ ਸਨ। ਇਸ ਪੱਤਰ ਵਿਚ ਖ਼ਬਰਾਂ ਤਾਂ ਘੱਟ ਹੀ ਛਪਦੀਆਂ, ਸਿਰਫ਼ ਗੁਰਬਾਣੀ, ਰਹਿਤ-ਮਰਯਾਦਾ ਅਤੇ ਸਿੱਖੀ 'ਤੇ ਹੀ ਲੰਮੇ ਲੇਖ ਛਪਦੇ ਸਨ।[274]

**5.9.3.5. ਸੁਧਾਰਾਰਕ:** ਇਹ ਪੱਤਰ ਭਾਈ ਗੁਰਮੁਖ ਸਿੰਘ ਨੇ ਅਪ੍ਰੈਲ, 1886 ਈ. ਵਿੱਚ ਲਾਹੌਰ ਤੋਂ ਪ੍ਰਕਾਸ਼ਿਤ ਕੀਤਾ। ਇਹ ਮਾਸਿਕ ਪੱਤਰ ਸੀ ਅਤੇ ਕੁਝ ਸਮਾਂ ਪ੍ਰਕਾਸ਼ਿਤ ਹੁੰਦਾ ਰਿਹਾ। ਇਸ ਪੱਤਰ ਵਿਚ ਸਿੱਖ ਧਰਮ, ਦਰਸ਼ਨ, ਵਿੱਦਿਅਕ, ਸਮਾਜਕ ਅਤੇ ਕੌਮੀ ਆਦਿ ਵਿਸ਼ਿਆਂ ਉੱਪਰ ਸਮਾਚਾਰ ਤੇ ਵਿਚਾਰਾਂ ਦੇ ਨਾਲ-ਨਾਲ ਸਾਹਿਤਕ ਲੇਖ ਵੀ ਛਪਦੇ ਸਨ। ਇਸ ਪਰਚੇ ਨੇ ਸਿੱਖ ਧਰਮ ਅਤੇ ਸਾਹਿਤ ਸੰਬੰਧੀ ਵਿਗਿਆਨਕ ਤੇ ਤਰਕਸ਼ੀਲ ਵਿਚਾਰਾਂ ਦਾ ਮੁੱਢ ਬੰਨ੍ਹਿਆ ਅਤੇ ਸਿੱਖ ਇਤਿਹਾਸ ਵਿਚ ਸ਼ਾਮਲ ਗਲਤੀਆਂ ਅਤੇ ਭੁਲੇਖਿਆਂ ਸੰਬੰਧੀ ਵਿਚਾਰ ਪ੍ਰਕਾਸ਼ਿਤ ਕੀਤੇ। ਇਸ ਦੇ ਇਕ ਅੰਕ ਵਿਚ ਭਾਈ ਬਾਲੇ ਵਾਲੀ ਜਨਮ ਸਾਖੀ ਸੰਬੰਧੀ ਇਕ ਬਹੁਤ ਖੋਜ ਭਰਪੂਰ ਲੇਖ ਛਪਿਆ ਜਿਸ ਨੂੰ ਪੜ੍ਹ ਕੇ ਹੀ ਭਾਈ ਕਰਮ ਸਿੰਘ ਹਿਸਟੋਰੀਅਨ ਨੂੰ 'ਕੱਤਕ ਕਿ ਵਿਸਾਖ' ਪੁਸਤਕ ਲਿਖਣ ਦਾ ਉਤਸ਼ਾਹ ਮਿਲਿਆ।[275] ਇਸ ਪਰਚੇ ਵਿਚ ਦੇਵੀ ਦੇਵਤਿਆਂ, ਮੂਰਤੀ ਪੂਜਾ ਤੇ ਗੁਰੂ ਡੰਮ੍ਹ ਦੇ ਵਿਰੋਧੀ ਲੇਖ ਪ੍ਰਕਾਸ਼ਿਤ ਹੁੰਦੇ ਸਨ। ਇਸ ਤਰ੍ਹਾਂ ਇਸ ਪੱਤਰ ਨੇ ਪੰਜਾਬੀ ਵਿਚ ਪਹਿਲੀ ਵਾਰ ਸ਼ਰਧਾ ਦੀ ਥਾਂ ਤਰਕਸ਼ੀਲ ਵਾਰਤਕ ਦਾ ਮੁੱਢ ਬੰਨ੍ਹਿਆ।

---

[272] ਮੇਘਾ ਸਿੰਘ, *ਪੰਜਾਬੀ ਪੱਤਰਕਾਰੀ ਦਾ ਇਤਿਹਾਸ,* ਪੰਨਾ 54.

[273] ਉਹੀ, ਪੰਨਾ 55.

[274] ਸਤਿੰਦਰ ਕੌਰ, *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਿਲਤ ਪੰਜਾਬੀ ਸਾਹਿਤ: ਸਰਵੇਖਣ ਅਤੇ ਮੁਲਾਂਕਣ,* ਪੰਨਾ 217.

[275] ਜਗਜੀਤ ਸਿੰਘ, '*ਸਿੰਘ ਸਭਾ ਲਹਿਰ*' ਪੰਨਾ 34.

**5.9.3.6. ਖ਼ਾਲਸਾ ਅਖ਼ਬਾਰ:** ਖ਼ਾਲਸਾ ਦੀਵਾਨ, ਲਾਹੌਰ ਨੇ ਆਪਣੇ ਉਦੇਸ਼ਾਂ ਦੇ ਪ੍ਰਚਾਰ ਲਈ 12 ਜੂਨ, 1886 ਈ. ਨੂੰ ਪ੍ਰੋ. ਗੁਰਮੁਖ ਸਿੰਘ ਜੀ ਦੀ ਸਰਪ੍ਰਸਤੀ ਹੇਠ 'ਖ਼ਾਲਸਾ ਅਖ਼ਬਾਰ' ਸਪਤਾਹਿਕ ਪੱਤਰ ਦੇ ਰੂਪ ਵਿਚ ਸ਼ੁਰੂ ਕੀਤਾ। ਜਗਜੀਤ ਸਿੰਘ ਨੇ ਇਸ ਪੱਤਰ ਦੇ ਹੇਠ ਲਿਖੇ ਵੱਡੇ ਮਨੋਰਥ ਦੱਸੇ ਹਨ:[276]

1. ਦਸਾਂ ਗੁਰਾਂ ਦੇ ਜੀਵਨ ਚਰਿਤ੍ਰਾਂ ਵਿਚੋਂ ਪ੍ਰਸੰਗ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿ ਉਪਦੇਸ਼ਾਂ ਨੂੰ ਪ੍ਰਗਟ ਕਰਨਾ
2. ਵਿੱਦਿਆ ਦੀ ਉੱਨਤੀ ਲਈ ਯਤਨ ਕਰਨਾ।
3. ਖ਼ਾਲਸਾ ਧਰਮ ਦੀ ਬ੍ਰਿਧੀ ਦੇ ਉਪਾਉ ਲੱਭਣਾ।
4. ਸਿੰਘ ਸਭਾ ਦੇ ਪ੍ਰਯੋਜਨ ਤੇ ਲਾਭ ਦੱਸਣਾ।
5. ਖ਼ਾਲਸਾ ਧਰਮ ਵਿਚ ਪਈਆਂ ਕੁਰੀਤੀਆਂ ਨੂੰ ਦੂਰ ਕਰਨਾ ਆਦਿ।

ਇਸ ਦੇ ਪਹਿਲੇ ਐਡੀਟਰ ਝੰਡਾ ਸਿੰਘ ਫਰੀਦਕੋਟੀ ਸਨ ਮਗਰੋਂ ਗਿਆਨੀ ਦਿੱਤ ਸਿੰਘ ਜੀ ਇਸ ਦੇ ਸੰਪਾਦਕ ਰਹੇ। ਇਹ ਪੱਤਰ 1889 ਈ. ਦੇ ਅੱਧ ਤੱਕ ਚਲਦਾ ਰਿਹਾ ਅਤੇ ਫਿਰ ਅੰਮ੍ਰਿਤਸਰੀ ਧਿਰ ਵੱਲੋਂ ਸੁਵਪਨ ਨਾਟਕ ਬਾਰੇ ਮੁਕੱਦਮਾ ਚੱਲਣ ਕਾਰਨ ਅਤੇ ਮਾਇਕ ਆਦਿ ਕੁਝ ਹੋਰ ਕਾਰਨਾਂ ਕਰਕੇ ਕੁਝ ਸਮੇਂ ਲਈ ਬੰਦ ਕਰ ਦਿੱਤਾ ਗਿਆ। 1 ਮਈ, 1892 ਈ. ਨੂੰ ਇਹ ਪੱਤਰ ਨਵੇਂ ਸਿਰੇ ਤੋਂ ਛਪਣਾ ਸ਼ੁਰੂ ਹੋਇਆ ਅਤੇ 1905 ਈ. ਤੱਕ ਛਪਦਾ ਰਿਹਾ।[277] ਇਸ ਪੱਤਰ ਵਿਚ ਮੁੱਖ ਤੌਰ 'ਤੇ ਲਾਹੌਰ ਦੀਆਂ ਸਥਾਨਕ ਖ਼ਬਰਾਂ, ਦੇਸਾਂਤਰੀ ਖ਼ਬਰਾਂ, ਧਾਰਮਿਕ ਸਮਾਚਾਰ, ਪਾਠਕਾਂ ਦੇ ਪੱਤਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼, ਨੀਤੀ ਬਚਨ ਅਤੇ ਸਿੱਖੀ ਨਾਲ ਸੰਬੰਧਿਤ ਜੀਵਨੀਆਂ ਤੇ ਕਹਾਣੀਆਂ ਪ੍ਰਕਾਸ਼ਿਤ ਹੁੰਦੀਆਂ ਸਨ। ਇਸ ਤੋਂ ਇਲਾਵਾ ਇਸ ਵਿਚ ਪੁਸਤਕਾਂ ਤੇ ਦਵਾਈਆਂ ਦੇ ਇਸ਼ਤਿਹਾਰ ਵੀ ਪ੍ਰਕਾਸ਼ਿਤ ਹੁੰਦੇ ਸਨ। ਇਸ ਦੇ ਸੰਪਾਦਕੀ ਲੇਖ, ਗੁਰਬਾਣੀ ਉਪਦੇਸ਼ ਅਤੇ ਨੀਤੀ ਬਚਨ ਉਸ ਵੇਲੇ ਦੀ ਅਧਿਆਤਮਕ ਵਾਰਤਕ ਦਾ ਉੱਤਮ ਨਮੂਨਾ ਪੇਸ਼ ਕਰਦੇ ਹਨ।[278]

ਵਾਰਤਕ ਤੋਂ ਬਿਨਾਂ ਇਸ ਪੱਤਰ ਵਿਚ ਗਿਆਨੀ ਦਿੱਤ ਸਿੰਘ ਜੀ ਦੀ ਕਾਵਿ ਰਚਨਾ ਸ਼ਹੀਦੀਆਂ ਪ੍ਰਕਾਸ਼ਿਤ ਹੋਈ ਜਿਸ ਵਿਚ ਸ਼ਹੀਦ ਭਾਈ ਸੁਬੇਗ ਸਿੰਘ, ਭਾਈ ਤਾਰੂ ਸਿੰਘ, ਭਾਈ ਬੋਤਾ ਸਿੰਘ ਦੇ ਜੀਵਨ ਬ੍ਰਿਤਾਂਤ ਸ਼ਾਮਲ ਹਨ। ਇਨ੍ਹਾਂ ਰਚਨਾਵਾਂ ਦੇ ਨਮੂਨੇ ਇਸ ਪੱਤਰ ਦੀਆਂ 1898 ਈ. ਤੋਂ 1900 ਈ. ਦੀਆਂ ਜਿਲਦਾਂ ਵਿਚ ਵੇਖੇ ਜਾ ਸਕਦੇ ਹਨ। ਪ੍ਰੋ. ਗੁਰਮੁਖ ਸਿੰਘ ਦੀਆਂ ਵਾਰਤਕ ਤੇ ਕਾਵਿ ਲਿਖਤਾਂ ਵੀ ਇਸ ਪੱਤਰ ਦਾ ਸ਼ਿੰਗਾਰ ਰਹੀਆਂ। ਇਸ ਵਿਚ ਪ੍ਰਕਾਸ਼ਿਤ ਸਿੱਖ ਧਰਮ ਨਾਲ ਸੰਬੰਧਿਤ ਸਾਖੀਆਂ ਤੇ ਜੀਵਨੀਆਂ ਵੀ ਜੀਵਨੀ ਸਾਹਿਤ ਦੀਆਂ ਕ੍ਰਿਤਾਂ ਵਜੋਂ ਵਾਚਣ ਯੋਗ ਹਨ। ਇਸ ਤਰ੍ਹਾਂ ਇਸ ਪੱਤਰ ਨੇ ਪੰਜਾਬੀ ਵਾਰਤਕ, ਕਵਿਤਾ, ਜੀਵਨੀ, ਟੀਕਾਕਾਰੀ, ਰੀਵਿਊ ਅਤੇ ਨਾਟਕ ਆਦਿ ਸਾਹਿਤ ਰੂਪਾਂ ਦੀ ਪ੍ਰਕਾਸ਼ਨਾ ਤੇ ਵਿਕਾਸ ਕਰਨ ਵਿਚ ਭਰਪੂਰ ਯੋਗਦਾਨ ਪਾਇਆ। ਇਹ ਇਸ ਕਾਲ

[276] ਉਹੀ.

[277] ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ: ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ*, ਪੰਨਾ 80.

[278] ਖ਼ਾਲਸਾ ਅਖ਼ਬਾਰ, 18 ਜਨਵਰੀ, 1895, ਪੰਨਾ 3.

ਦਾ ਇੱਕੋ-ਇੱਕ ਪੱਤਰ ਸੀ ਜਿਹੜਾ ਕਿ ਲੰਮਾ ਸਮਾਂ ਚਲਦਾ ਰਿਹਾ ਅਤੇ ਧਾਰਮਿਕ ਸਾਹਿਤਕ ਲਿਖਤਾਂ ਪ੍ਰਕਾਸ਼ਿਤ ਕਰਦਾ ਰਿਹਾ।[279]

**5.9.3.7. ਸਿੰਘ ਸਭਾ ਗਜ਼ਟ:** ਸਿੰਘ ਸਭਾ, ਅੰਮ੍ਰਿਤਸਰ ਦੇ ਉਦੇਸ਼ਾਂ ਅਤੇ ਸਰਗਰਮੀਆਂ ਦੇ ਪ੍ਰਚਾਰ ਲਈ ਭਾਈ ਲਾਹੌਰਾ ਸਿੰਘ ਦੀ ਸੰਪਾਦਨਾ ਹੇਠ 1890 ਈ. ਵਿਚ ਅੰਮ੍ਰਿਤਸਰ ਤੋਂ ਸਪਤਾਹਿਕ ਪੱਤਰ 'ਸਿੰਘ ਸਭਾ ਗਜ਼ਟ' ਜਾਰੀ ਹੋਇਆ। ਸੰਨ 1902 ਈ. ਵਿਚ ਇਸ ਦਾ ਨਾਂ 'ਨੌਰਤਨ' ਰੱਖ ਕੇ ਇਸ ਨੂੰ ਮਾਸਿਕ ਕਰ ਦਿੱਤਾ ਗਿਆ ਅਤੇ 1934 ਈ. ਵਿਚ ਇਹ ਪੱਤਰ ਬੰਦ ਹੋ ਗਿਆ।[280] ਇਸ ਪੱਤਰ ਦੇ ਉਦੇਸ਼ ਬਾਰੇ 12 ਅਗਸਤ, 1890 ਈ. ਦੀ ਸੰਪਾਦਕੀ ਵਿਚ ਲਿਖਿਆ ਹੈ, "ਇਸ ਅਖ਼ਬਾਰ ਵਿਚ ਕੀ ਲਿਖਿਯਾ ਜਾਏਗਾ? ਨਵੀਆਂ ਨਵੀਆਂ ਖ਼ਬਰਾਂ, ਦੇਸ਼ ਦੇ ਸਮਾਚਾਰ, ਮੁਲਕੀ ਅਤੇ ਜੰਗੀ ਖ਼ਬਰਾਂ, ਸੋਹਣੇ ਸੋਹਣੇ ਲੇਖ, ਸੁੰਦਰ ਸੁੰਦਰ ਵਾਰਤਾ, ਗੁਰੂ ਜੀ ਦੇ ਉਪਕਾਰ, ਗੁਰਮਤ ਦਾ ਪ੍ਰਚਾਰ, ਗੁਰ ਮ੍ਰਿਯਾਦਾ ਦਾ ਵਿਸਤਾਰ, ਸਿੰਘ ਸਭਾ ਦੇ ਸਮਾਚਾਰ, ਗੁਰਪੁਰਬ ਤੇ ਸਿੰਘ ਸਭਾ ਦੇ ਅਨੰਦ ਦਾਇਕ ਜੋੜ-ਮੇਲਾਂ ਦੇ ਇਸ਼ਤਿਹਾਰ, ਪੰਥ ਦੀਆਂ ਧਾਰਮਿਕ ਕਾਰਵਾਈਆਂ, ਗੁਰੂ ਅਸਥਾਨਾਂ ਤੇ ਤਖਤ ਸਾਹਿਬਾਨ ਅਤੇ ਉਨ੍ਹਾਂ ਦੇ ਕਰਮਚਾਰੀਆਂ ਦੀਆਂ ਕਾਰਵਾਈਆਂ, ਰਾਜਾ ਤੇ ਪ੍ਰਜਾ ਵਿਚ ਪ੍ਰੇਮ ਅਤੇ ਭਗਤੀ ਬਧਾਉਣ ਵਾਲੇ ਲੇਖ, ਧਰਮ ਸ਼ਾਸਤ੍ਰ ਦੇ ਸ਼ੰਖੇਪ ਖੁਲਾਸੇ, ਪੰਥ ਪ੍ਰਗਟ ਕਰਨ ਦੇ ਕਾਰਨ, ਦਸਾਂ ਗੁਰੂਆਂ ਦੇ ਕ੍ਰਿਪਾਲੂ ਉਪਦੇਸ਼, ਕਲਜੁਗੀ ਸਿੱਖਾਂ ਦੇ ਹਾਲ, ਸਾਹਿਬਜ਼ਾਦਿਆਂ ਅਤੇ ਹੋਰ ਸ਼ਹੀਦਾਂ ਦਾ ਵਰਨਣ, ਦੇਸ਼ ਵਿਚ ਕੁਰੀਤੀਆਂ ਦਾ ਪਰੀਤਿਆਗ, ਸਿੰਘ ਸਭਾ ਦੇ ਦਸਾਂ ਨਿਯਮਾਂ ਦਾ ਪ੍ਰਚਾਰ, ਗੁਰਬਾਣੀ ਤੇ ਗੁਰਮਤ ਦੇ ਪੁਸਤਕਾਂ ਦੀ ਸ਼ੁੱਧਤਾਈ ਪਰ ਲੇਖ, ਗੁਰਮੁਖੀ ਵਿਦਿਯਾ ਦੀ ਬ੍ਰਿਧੀ ਲਈ ਪੁਕਾਰ, ਰਹਿਤ ਬਹਿਤ, ਅਸੂਲ, ਨਿਯਮ, ਮਨੋਰਥ ਧਰਮ, ਸਵਾਮੀ ਦੀ ਨਮਕ ਹਲਾਲੀ ਦੇ ਲਈ ਲੇਖ ਆਦਿ।"[281]

ਇਸ ਸੰਪਾਦਕੀ ਵਿਚ ਇਸ ਪੱਤਰ ਦੇ ਇਕ ਸੰਪੂਰਨ ਸਿੱਖ ਧਾਰਮਿਕ ਪੱਤਰ ਹੋਣ ਦੇ ਸਪਸ਼ਟ ਚਿੰਨ੍ਹ ਦਿਖਾਈ ਦਿੰਦੇ ਹਨ। ਇਸ ਪੱਤਰ ਵਿਚ ਧਾਰਮਿਕ ਵਾਰਤਕ ਲੇਖ, ਜੀਵਨੀਆਂ ਅਤੇ ਗੁਰਬਾਣੀ ਟੀਕਾਕਾਰੀ ਸੰਬੰਧੀ ਮਹੱਤਵਪੂਰਨ ਲੇਖ ਪ੍ਰਕਾਸ਼ਿਤ ਹੋਏ। ਇਸ ਤੋਂ ਇਲਾਵਾ ਇਸ ਪੱਤਰ ਨੇ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਦੇ ਵਿਕਾਸ ਲਈ ਸਿੱਖ ਪੰਥ ਨੂੰ ਲਗਾਤਾਰ ਅਪੀਲਾਂ ਕੀਤੀਆਂ ਅਤੇ ਵੰਗਾਰਿਆ ਜਿਸ ਨਾਲ ਸਿੱਖਾਂ ਵਿਚ ਪੰਜਾਬੀ ਬੋਲੀ ਦੀ ਪ੍ਰਗਤੀ ਲਈ ਉਤਸ਼ਾਹ ਤੇ ਲਗਨ ਪੈਦਾ ਹੋਈ। ਇਸ ਪੱਤਰ ਨੇ ਪੰਜਾਬੀ ਸਾਹਿਤ ਦੇ ਵੱਖ ਵੱਖ ਸਾਹਿਤ ਰੂਪਾਂ- ਜੀਵਨੀ, ਟੀਕਾਕਾਰੀ ਤੇ ਲੇਖਾਂ ਆਦਿ ਰਾਹੀਂ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ।

**5.9.3.8. ਖ਼ਾਲਸਾ ਧਰਮ ਪ੍ਰਚਾਰਕ:** 'ਖ਼ਾਲਸਾ ਧਰਮ ਪ੍ਰਚਾਰਕ' ਸਿੰਘ ਸਭਾ, ਅੰਮ੍ਰਿਤਸਰ ਦੀ ਸਰਪ੍ਰਸਤੀ ਹੇਠ ਭਾਈ ਲਾਹੌਰਾ ਸਿੰਘ ਨੇ 17 ਮਈ, 1894 ਈ. ਨੂੰ ਅੰਮ੍ਰਿਤਸਰ ਤੋਂ ਸਪਤਾਹਿਕ ਪੱਤਰ ਸ਼ੁਰੂ ਕੀਤਾ। ਇਹ ਪੱਤਰ

---

[279] ਮੇਘਾ ਸਿੰਘ, *ਪੰਜਾਬੀ ਪੱਤਰਕਾਰੀ ਦਾ ਇਤਿਹਾਸ,* ਪੰਨਾ 59.

[280] ਨਰਿੰਦਰ ਸਿੰਘ ਕਪੂਰ, *ਪੰਜਾਬੀ ਪੱਤਰਕਾਰੀ ਦਾ ਵਿਕਾਸ,* ਪੰਨਾ 70.

[281] ਸਿੰਘ ਸਭਾ ਗਜ਼ਟ, ਅੰਮ੍ਰਿਤਸਰ, 12 ਅਗਸਤ, 1890, ਪੰਨਾ 3.

ਸਿੰਘ ਸਭਾ ਅੰਮ੍ਰਿਤਸਰ ਦੇ ਉਦੇਸ਼ਾਂ ਅਨੁਸਾਰ ਸਿੱਖ ਧਰਮ, ਵਿੱਦਿਆ ਦੇ ਪਾਸਾਰ ਅਤੇ ਸਮਾਜ ਸੁਧਾਰ ਹਿਤ ਲੇਖ ਪ੍ਰਕਾਸ਼ਿਤ ਕਰਦਾ ਸੀ। ਇਸ ਤੋਂ ਇਲਾਵਾ ਇਸ ਵਿਚ ਆਰੀਆ ਸਮਾਜ ਅਤੇ ਮੁਸਲਮਾਨੀ ਕਾਦਿਆਨੀ ਲਹਿਰ ਦੇ ਵਿਰੋਧ ਵਿਚ ਵੀ ਲੇਖ ਕਵਿਤਾਵਾਂ ਆਦਿ ਛਪਦੇ ਰਹਿੰਦੇ ਸਨ।[282] ਇਸ ਪੱਤਰ ਨੇ ਪਹਿਲੀ ਵਾਰ ਨਾਵਲ ਦੀ ਲੜੀਵਾਰ ਪ੍ਰਕਾਸ਼ਨਾ ਆਰੰਭ ਕੀਤੀ। ਇਸ ਪੱਤਰ ਦੇ 26 ਨਵੰਬਰ, 1895 ਈ. ਦੇ ਪੱਤਰ ਤੋਂ 'ਦੋ ਸਹੇਲੀਆਂ ਦਾ ਸੰਵਾਦ' ਨਾਂ ਦਾ ਨਾਵਲ ਲੜੀਵਾਰ ਛਾਪਣਾ ਸ਼ੁਰੂ ਹੋਇਆ। ਇਸੇ ਤਰ੍ਹਾਂ ਇਕ ਹੋਰ ਨਾਵਲ ਰੂਪੀ ਰਚਨਾ 'ਇੱਕ ਸਿੰਘ ਅਰ ਜ਼ਿਮੀਂਦਾਰ' ਵੀ ਇਸ ਪੱਤਰ ਵਿਚ 4 ਮਈ, 1895 ਈ. ਤੋਂ ਸ਼ੁਰੂ ਹੋ ਕੇ 35 ਕਿਸ਼ਤਾਂ ਵਿਚ ਪ੍ਰਕਾਸ਼ਿਤ ਹੁੰਦੀ ਰਹੀ। ਇਸ ਤਰਾਂ ਇਸ ਪੱਤਰ ਵਿਚ ਵੱਖ-ਵੱਖ ਸਾਹਿਤਕ ਰੂਪਾਂ ਦੀ ਪ੍ਰਕਾਸ਼ਨਾ ਦੇ ਪ੍ਰਮਾਣ ਮਿਲਦੇ ਹਨ।[283]

**5.9.3.9. ਨਿਰਗੁਣੀਆਰਾ:** ਇਹ ਪੱਤਰ ਚਰਨ ਸਿੰਘ ਨੇ 1892 ਈ. ਵਿਚ ਮਾਸਿਕ ਟ੍ਰੈੱਕਟ ਦੇ ਰੂਪ ਵਿਚ ਸ਼ੁਰੂ ਕੀਤਾ ਸੀ। ਇਸ ਦੇ ਪਹਿਲੇ ਤਿੰਨ ਅੰਕ 'ਪ੍ਰੇਮ ਪਾਤੀ' ਨਾਂ ਨਾਲ ਨਿਕਲੇ ਸਨ। 1894 ਈ. ਵਿਚ ਇਹ 'ਖ਼ਾਲਸਾ ਟ੍ਰੈਕਟ ਸੁਸਾਇਟੀ' ਵੱਲੋਂ ਪ੍ਰਕਾਸ਼ਿਤ ਹੋਣਾ ਸ਼ੁਰੂ ਹੋ ਗਿਆ। 'ਖ਼ਾਲਸਾ ਟ੍ਰੈਕਟ ਸੁਸਾਇਟੀ' ਸੀ ਸਥਾਪਨਾ ਪ੍ਰਮੁੱਖ ਸਿੱਖ ਵਿਦਵਾਨਾਂ ਭਾਈ ਕੌਰ ਸਿੰਘ ਧੂਪੀਆ, ਭਾਈ ਵੀਰ ਸਿੰਘ ਤੇ ਹਕੀਮ ਹਰਨਾਮ ਸਿੰਘ ਨੇ ਸਿੱਖ ਧਰਮ ਦੇ ਵਿਕਾਸ, ਸਮਾਜ ਸੁਧਾਰ, ਵਿੱਦਿਅਕ ਉੱਨਤੀ ਅਤੇ ਸਾਹਿਤ ਸੇਵਾ ਦੇ ਉਦੇਸ਼ਾਂ ਨੂੰ ਮੁੱਖ ਰੱਖਦਿਆਂ ਦਸੰਬਰ, 1894 ਈ. ਵਿਚ ਅੰਮ੍ਰਿਤਸਰ ਵਿਖੇ ਕੀਤੀ ਸੀ। ਇਸ ਸੁਸਾਇਟੀ ਨੇ ਚਰਨ ਸਿੰਘ ਜੀ ਵੱਲੋਂ ਜਾਰੀ ਕੀਤੇ ਗਏ ਪੱਤਰ 'ਨਿਰਗੁਣੀਆਰਾ' ਨੂੰ ਆਪਣੇ ਪੱਤਰ ਵਜੋਂ ਅਪਣਾ ਲਿਆ ਅਤੇ ਇਸ ਤਰ੍ਹਾਂ 'ਨਿਰਗੁਣੀਆਰਾ' ਪੂਰਨ ਰੂਪ ਵਿਚ ਖ਼ਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਦਾ ਬੁਲਾਰਾ ਬਣ ਗਿਆ।[284]

ਵਿਸ਼ਾ ਪੱਖ ਤੋਂ ਇਸ ਪੱਤਰ ਵਿੱਚ ਪ੍ਰਕਾਸ਼ਿਤ ਸਮਗਰੀ ਦਾ ਖੇਤਰ ਬਹੁਤ ਵਿਸ਼ਾਲ ਹੈ। ਇਸ ਵਿਚ ਸਿੱਖ ਧਰਮ ਦੀ ਪੁਨਰ-ਜਾਗ੍ਰਿਤੀ, ਸਿੱਖੀ ਦੇ ਪ੍ਰਚਾਰ ਤੇ ਪਾਸਾਰ ਸੰਬੰਧੀ ਲੇਖ, ਧਾਰਮਿਕ ਜੀਵਨੀਆਂ, ਗੁਰਬਾਣੀ ਦੇ ਟੀਕੇ, ਸਮਾਜ ਸੁਧਾਰਕ ਸਾਹਿਤ ਆਦਿ ਵਿਸ਼ਿਆਂ ਉੱਪਰ ਲੇਖ ਪ੍ਰਕਾਸ਼ਿਤ ਹੁੰਦੇ ਰਹੇ। ਧਾਰਮਿਕ ਸਾਹਿਤ ਤੋਂ ਇਲਾਵਾ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੇ ਵਿਕਾਸ ਵਿਚ ਵੀ 'ਨਿਰਗੁਣੀਆਰਾ' ਦਾ ਵੱਡਾ ਯੋਗਦਾਨ ਹੈ। ਪੰਜਾਬੀ ਭਾਸ਼ਾ ਦੀ ਉੱਨਤੀ ਸੰਬੰਧੀ ਸਾਰਥਕ ਯਤਨਾਂ ਹਿਤ ਉਰਦੂ ਜਾਣਨ ਵਾਲਿਆਂ ਨੂੰ ਗੁਰਮੁਖੀ ਪੜ੍ਹਾਉਣ ਲਈ ਲੇਖ ਪ੍ਰਕਾਸ਼ਿਤ ਹੋਏ ਅਤੇ ਜੀਵਨ ਦੇ ਹਰ ਖੇਤਰ ਨਾਲ ਸੰਬੰਧਿਤ ਗਿਆਨਮਈ ਸਾਹਿਤ ਨੂੰ ਪੰਜਾਬੀ ਭਾਸ਼ਾ ਵਿਚ ਪ੍ਰਕਾਸ਼ਿਤ ਕਰਕੇ ਇਸ ਪੱਤਰ ਨੇ ਪੰਜਾਬੀ ਸਾਹਿਤ ਦੇ ਭੰਡਾਰ ਨੂੰ ਹੋਰ ਅਮੀਰ ਕੀਤਾ। ਨਰਿੰਦਰ ਸਿੰਘ ਕਪੂਰ ਅਨੁਸਾਰ, "ਖ਼ਾਲਸਾ ਟ੍ਰੈਕਟ ਸੁਸਾਇਟੀ ਨੇ 'ਨਿਰਗੁਣਿਆਰਾ' ਪੱਤਰ ਰਾਹੀਂ ਪੰਜਾਬੀ ਭਾਸ਼ਾ ਤੇ ਪੰਜਾਬੀ ਵਾਰਤਕ ਦੀ ਯਾਦਗਾਰੀ ਸੇਵਾ ਕੀਤੀ ਹੈ। ਇਸ ਦੇ ਲੇਖਕਾਂ ਨੇ ਪੰਜਾਬੀ ਵਾਰਤਕ ਨੂੰ ਬ੍ਰਜੀ, ਸੰਸਕ੍ਰਿਤ ਆਦਿ ਬੋਲੀਆਂ ਦੇ ਪੰਡਤਾਊ ਪ੍ਰਭਾਵ ਹੇਠੋਂ ਕੱਢ ਕੇ ਇਸ ਨੂੰ ਸੰਜੋਗਾਤਮਕ ਦੀ ਥਾਂ ਵਿਜੋਗਾਤਮਕ ਬਣਾਇਆ ਤੇ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕੀਤੀ।

---

[282] ਖ਼ਾਲਸਾ ਧਰਮ ਪ੍ਰਚਾਰਕ, ਅੰਮ੍ਰਿਤਸਰ, 19 ਫਰਵਰੀ, 1896, ਪੰਨਾ 5.

[283] ਮੇਘਾ ਸਿੰਘ, *ਪੰਜਾਬੀ ਪੱਤਰਕਾਰੀ ਦਾ ਇਤਿਹਾਸ,* ਪੰਨਾ 61.

[284] ਉਹੀ, ਪੰਨਾ 62.

ਸੰਜਮ, ਸਪਸ਼ਟਤਾ ਤੇ ਸੁਭਾਵਕਤਾ ਲਿਆ ਕੇ ਪੰਜਾਬੀ ਬੋਲੀ ਦੀ ਵਿਵੇਚਨ ਅਤੇ ਅਭਿਵਿਅੰਜਨ ਸ਼ਕਤੀ ਨੂੰ ਬਲਵਾਨ ਬਣਾਇਆ ਹੈ ਅਤੇ ਸੂਖਮ ਤੋਂ ਸੂਖਮ ਅਨੁਭੂਤੀਆਂ ਨੂੰ ਅਭਿਵਿਅਕਤ ਕਰਨ ਦੀ ਸਮਰੱਥਾ ਪ੍ਰਦਾਨ ਕੀਤੀ ਹੈ। ਇਸ ਪੱਤਰ ਦੇ ਸੰਪਾਦਕਾਂ ਨੇ ਪੰਜਾਬੀ ਵਾਰਤਕ ਨੂੰ ਨਿਰੋਲ ਭਾਵੁਕਤਾ ਤੇ ਕਲਪਨਾ ਦੀ ਤੰਗ ਬੁੱਕਲ ਵਿਚੋਂ ਕੱਢ ਕੇ ਦਰਸ਼ਨ ਤੇ ਬੁੱਧੀ ਦੇ ਗੰਭੀਰ ਮੰਡਲ ਵਿਚ ਪਹੁੰਚਾਇਆ ਅਤੇ ਸ਼ਰਧਾ ਦੀ ਥਾਂ ਨਿਆਇ, ਵਿਵੇਕ ਅਤੇ ਉਕਤੀ-ਯੁਕਤੀ ਨੂੰ ਲਿਆਂਦਾ।"[285]

ਇਸ ਪੱਤਰ ਨੇ ਲਗਭਗ ਸਾਰੇ ਆਧੁਨਿਕ ਪੱਛਮੀ ਸਾਹਿਤ ਰੂਪਾਂ ਜਿਵੇਂ ਨਾਵਲ, ਨਾਟਕ, ਕਹਾਣੀ, ਜੀਵਨੀ, ਮਹਾਂਕਾਵਿ, ਇਤਿਹਾਸ, ਨਿਬੰਧ, ਅਨੁਵਾਦ, ਟੀਕੇ ਆਦਿ ਰਾਹੀਂ ਪੰਜਾਬੀ ਵਾਰਤਕ ਦੇ ਖੇਤਰ ਵਿਚ ਭਰਪੂਰ ਯੋਗਦਾਨ ਪਾਇਆ ਹੈ। ਭਾਈ ਵੀਰ ਸਿੰਘ ਦੀ ਬਹੁਤੀ ਮੌਲਿਕ ਰਚਨਾ ਪਹਿਲਾਂ ਨਿਰਗੁਣੀਆਰਾ ਵਿਚ ਹੀ ਛਪੀ। ਇਸ ਪੱਤਰ ਨੇ ਸਰਲ ਤੇ ਸੌਖੀ ਬੋਲੀ ਵਿਚ ਨਵੀਨ ਤੇ ਸਪਸ਼ਟ ਸ਼ੈਲੀ ਨੂੰ ਪੈਦਾ ਕੀਤਾ ਅਤੇ ਪੰਜਾਬੀ ਲਿਖਤ ਦੇ ਵਿਸ਼ੇ ਖੇਤਰ ਨੂੰ ਵਿਸ਼ਾਲ ਕੀਤਾ। ਇਸ ਪੱਤਰ ਨੇ ਲੱਖਾਂ ਦੀ ਗਿਣਤੀ ਵਿਚ ਪਾਠਕ ਪੈਦਾ ਕੀਤੇ ਅਤੇ ਕਈ ਗੁਮਨਾਮ ਲੇਖਕ ਪਾਠਕਾਂ ਦੇ ਸਾਹਮਣੇ ਲਿਆਂਦੇ। ਏਸ਼ੀਆਈ ਤੇ ਪੱਛਮੀ ਰਚਨਾਵਾਂ ਦੇ ਪੰਜਾਬੀ ਅਨੁਵਾਦ ਛਾਪਣ ਵਿਚ ਵੀ ਪਹਿਲ ਕੀਤੀ। ਸਿੱਖਾਂ ਨੂੰ ਕਿੱਸੇ-ਕਹਾਣੀਆਂ ਛੁਡਵਾ ਕੇ ਉੱਚਾ ਸਾਹਿਤ ਪੈਦਾ ਕਰਨ ਤੇ ਪੜ੍ਹਨ ਦੀ ਪਿਰਤ ਪਾਉਣ ਵਿਚ ਇਸ ਪੱਤਰ ਦੀ ਦੇਣ ਮਹੱਤਵਪੂਰਨ ਹੈ।

**5.9.3.10. ਖ਼ਾਲਸਾ ਸਮਾਚਾਰ:** ਇਹ ਪੱਤਰ ਚਰਨ ਸਿੰਘ ਦੀ ਸਰਪ੍ਰਸਤੀ ਹੇਠ 17 ਨਵੰਬਰ, 1899 ਈ. ਨੂੰ ਅੰਮ੍ਰਿਤਸਰ ਤੋਂ ਸ਼ੁਰੂ ਹੋਇਆ। ਇਸ ਪੱਤਰ ਦੇ ਮੁੱਖ ਸੰਪਾਦਕ ਭਾਈ ਵੀਰ ਸਿੰਘ ਸਨ। ਭਾਈ ਵੀਰ ਸਿੰਘ ਜੀ ਦੀਆਂ ਲਗਭਗ ਸਾਰੀਆਂ ਮੁੱਢਲੀਆਂ ਰਚਨਾਵਾਂ ਕਵਿਤਾਵਾਂ, ਨਾਵਲ, ਨਾਟਕ, ਚਮਤਕਾਰ ਅਤੇ ਲੇਖ, ਇਸੇ ਪੱਤਰ ਵਿਚ ਛਪਦੀਆਂ ਰਹੀਆਂ ਅਤੇ ਬਾਅਦ ਵਿਚ ਪੁਸਤਕ ਰੂਪ ਵਿਚ ਛਪੀਆਂ। ਸੰਨ 1910 ਈ. ਵਿਚ ਇਸ ਪੱਤਰ ਦਾ ਸੰਪਾਦਨ ਕੁਝ ਸਮੇਂ ਲਈ ਲਾਲਾ ਧਨੀ ਰਾਮ ਚਾਤ੍ਰਿਕ ਨੇ ਕੀਤਾ, ਫਿਰ ਇਹ ਸੇਵਾ ਭਾਈ ਸੇਵਾ ਸਿੰਘ ਨੇ ਸੰਭਾਲੀ ਅਤੇ 1942 ਈ. ਵਿਚ ਮਹਾਂ ਸਿੰਘ ਨੇ ਇਸ ਪੱਤਰ ਦੇ ਸੰਪਾਦਨ ਦਾ ਕਾਰਜ ਸੰਭਾਲਿਆ। ਭਾਵੇਂ ਸਮੇਂ-ਸਮੇਂ ਇਸ ਪੱਤਰ ਦੇ ਸੰਪਾਦਕ ਬਦਲਦੇ ਰਹੇ ਪਰ ਸਹੀ ਅਰਥਾਂ ਵਿਚ ਇਸ ਪੱਤਰ ਦੀ ਰੂਹ ਭਾਈ ਵੀਰ ਸਿੰਘ ਜੀ ਹੀ ਰਹੇ।[286]

ਇਸ ਪੱਤਰ ਵਿੱਚ ਖ਼ਬਰਾਂ ਵੱਖ ਵੱਖ ਸਿਰਲੇਖਾਂ ਜਿਵੇਂ ਅਖ਼ਬਾਰੀ ਖ਼ਬਰਾਂ, ਧਾਰਮਿਕ ਖ਼ਬਰਾਂ, ਜੰਗੀ ਖ਼ਬਰਾਂ, ਅੰਮ੍ਰਿਤਸਰ ਦੀਆਂ ਖ਼ਬਰਾਂ, ਦੇਸਾਂਤ੍ਰੀ ਖ਼ਬਰਾਂ ਤੇ ਵਿਹਾਰਿਕ ਖ਼ਬਰਾਂ ਆਦਿ ਸਿਰਲੇਖਾਂ ਹੇਠ ਛਪਦੀਆਂ ਸਨ। ਇਸ ਵਿਚ ਅਖ਼ਬਾਰੀ ਖ਼ਬਰਾਂ ਤੋਂ ਇਲਾਵਾ ਸਿੱਖ ਧਰਮ ਅਤੇ ਦਰਸ਼ਨ ਸੰਬੰਧੀ ਉੱਚ ਪੱਧਰੀ ਲੇਖ, ਕਵਿਤਾਵਾਂ, ਜੀਵਨੀਆਂ ਅਤੇ ਗੁਰਬਾਣੀ ਸੰਬੰਧੀ ਵਿਚਾਰ ਛਪਦੇ ਸਨ। ਗੁਰਮਤਿ ਪ੍ਰਚਾਰ ਅਤੇ ਪੰਜਾਬੀ ਭਾਸ਼ਾ ਦੇ ਪਾਸਾਰ ਵਿਚ ਇਸ ਪੱਤਰ ਦੀ ਦੇਣ ਬਹੁਤ ਮਹਾਨ ਹੈ। ਇਸ ਪੱਤਰ ਵਿਚ ਭਾਈ ਵੀਰ ਸਿੰਘ ਤੋਂ ਇਲਾਵਾ ਪੰਥ ਦੇ ਪ੍ਰਸਿੱਧ ਪੰਜਾਬੀ ਲੇਖਕਾਂ- ਪ੍ਰੋ.

---

[285] ਨਰਿੰਦਰ ਸਿੰਘ ਕਪੂਰ, *ਪੰਜਾਬੀ ਪੱਤਰਕਾਰੀ ਦਾ ਵਿਕਾਸ*, ਪੰਨਾ 75.

[286] ਹਰਨਾਮ ਸਿੰਘ ਸ਼ਾਨ, "ਸੰਪਾਦਕ ਭਾਈ ਵੀਰ ਸਿੰਘ", *ਭਾਈ ਵੀਰ ਸਿੰਘ: ਜੀਵਨ ਸਮਾਂ ਤੇ ਰਚਨਾ*, ਸੁਰਿੰਦਰ ਸਿੰਘ ਕੋਹਲੀ ਤੇ ਹਰਨਾਮ ਸਿੰਘ ਸ਼ਾਨ (ਸੰਪਾ.), ਪੰਨਾ 193-197.

ਪੂਰਨ ਸਿੰਘ, ਭਾਈ ਮੋਹਨ ਸਿੰਘ ਵੈਦ, ਭਾਈ ਕਾਨ੍ਹ ਸਿੰਘ ਨਾਭਾ, ਭਾਈ ਜੋਧ ਸਿੰਘ, ਬਲਬੀਰ ਸਿੰਘ ਅਤੇ ਭਾਈ ਸੇਵਾ ਸਿੰਘ ਆਦਿ ਦੀਆਂ ਰਚਨਾਵਾਂ ਵੀ ਛਪਦੀਆਂ ਰਹੀਆਂ ਹਨ। ਇਸ ਪੱਤਰ ਵਿਚ ਧਾਰਮਿਕ ਅਤੇ ਇਤਿਹਾਸਕ ਵਿਸ਼ਿਆਂ ਦੇ ਨਾਲ-ਨਾਲ ਸਮਾਜਕ ਕੁਰੀਤੀਆਂ ਨੂੰ ਰੋਕਣ ਅਤੇ ਸਿੱਖੀ ਦੇ ਪ੍ਰਚਾਰ ਲਈ ਕਾਫ਼ੀ ਲੇਖ ਲਿਖੇ ਜਾਂਦੇ ਰਹੇ। ਇਸ ਪੱਤਰ ਵਿਚ ਵੀ ਖ਼ਾਲਸਾ ਅਖ਼ਬਾਰ ਦੀ ਤਰ੍ਹਾਂ ਇਕ ਵਿਦਵਤਾ ਭਰਪੂਰ ਲੇਖ ਹਰ ਪਰਚੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਬਾਰੇ ਜਰੂਰ ਛਪਦਾ।[287]

ਨਰਿੰਦਰ ਸਿੰਘ ਕਪੂਰ ਅਨੁਸਾਰ, "ਇਸ ਪੱਤਰ ਵਿਚ ਛੱਪਦੇ ਲੇਖਾਂ ਸਦਕਾ ਸਿੱਖਾਂ ਵਿਚ ਗੁਰਸਿੱਖੀ ਲਈ ਬੜਾ ਸ਼ਰਧਾ ਭਾਵ ਜਾਗਿਆ, ਜਿਸ ਦੇ ਬਲ ਸਦਕਾ ਗੁਰਦੁਆਰਾ ਸੁਧਾਰ ਲਹਿਰ ਵਰਗੇ ਉਦਮ ਸਫਲ ਹੋਏ। ਹਰ ਸਮਕਾਲੀ ਪੰਜਾਬੀ ਪੱਤਰ ਉੱਤੇ ਇਸ ਪੱਤਰ ਦੀ ਬੋਲੀ ਅਤੇ ਸ਼ੈਲੀ ਦੀ ਮੋਹਰ ਲੱਗ ਗਈ ਸੀ। ਪੰਜਾਬੀ ਪੱਤਰਕਾਰੀ ਨੂੰ ਇਸ ਪੱਤਰ ਨੇ ਇਕ ਸੰਭਾਵਨਾ ਤੇ ਨਵਾਂ ਹੁਲਾਰਾ ਦਿੱਤਾ। ਨਿੱਕੀ ਕਵਿਤਾ, ਗੁਰਪੁਰਬੀ ਗੀਤ ਤੇ ਨਿੱਕੇ ਲੇਖ ਦਾ ਇਸ ਪੱਤਰ ਨੇ ਹੀ ਠੁੱਕ ਬੰਨਿਆ। ਇਸੇ ਪੱਤਰ ਨੇ ਹੀ ਗੁਰਬਾਣੀ ਟੀਕਾਕਾਰੀ ਵਿਚ ਨਵੀਂ ਲੀਹ ਪਾਈ ਅਤੇ ਪੰਜਾਬੀ ਬੋਲੀ ਦੇ ਪ੍ਰਚਾਰ ਲਈ ਨਿੱਗਰ ਯਤਨ ਕੀਤੇ।"[288] ਇਸ ਪੱਤਰ ਨੇ ਉਰਦੂ ਫ਼ਾਰਸੀ ਤੇ ਹੋਰ ਦੂਜੀਆਂ ਭਾਸ਼ਾਵਾਂ ਤੋਂ ਇਲਾਵਾ ਅੰਗ੍ਰੇਜ਼ੀ ਭਾਸ਼ਾ ਦੀ ਕਾਫ਼ੀ ਸ਼ਬਦਾਵਲੀ ਜਿਵੇਂ ਪ੍ਰੈਜ਼ੀਡੈਂਟ, ਸਿਵਲ, ਮਿਲਟਰੀ, ਕੌਟਨ ਮਿਲਜ਼, ਸਕੂਲ, ਵਾਇਸਰਾਏ ਆਦਿ ਅਨੇਕਾਂ ਸ਼ਬਦ ਵਰਤੋਂ ਵਿਚ ਲਿਆ ਕੇ ਪੰਜਾਬੀ ਭਾਸ਼ਾ ਦੇ ਸ਼ਬਦ ਭੰਡਾਰ ਨੂੰ ਅਮੀਰ ਕੀਤਾ।[289]

1902 ਈ. ਵਿਚ ਜਦੋਂ ਖ਼ਾਲਸਾ ਕਾਲਜ ਦੀ ਨੀਂਹ ਰੱਖੀ ਗਈ ਤਾਂ ਇਸ ਪੱਤਰ ਦੀ ਇਕ ਕਾਪੀ ਬੋਤਲ ਵਿਚ ਪਾ ਕੇ ਸਨਮਾਨ ਵਜੋਂ ਨੀਂਹ ਵਿਚ ਰੱਖੀ ਗਈ। ਬੋਲੀ ਤੇ ਸ਼ੈਲੀ ਪੱਖੋਂ ਇਸ ਪੱਤਰ ਨੇ ਬਾਕੀ ਦੇ ਆਉਣ ਵਾਲੇ ਪੱਤਰਾਂ ਦੀ ਅਗਵਾਈ ਕੀਤੀ। ਇਸ ਪੱਤਰ ਨੇ ਸਾਹਿਤ ਦੇ ਹਰ ਰੂਪ ਨੂੰ ਉਤਸ਼ਾਹ ਦਿੱਤਾ ਅਤੇ ਪੰਜਾਬੀ ਸਾਹਿਤ ਵਿਚ ਨਵੀਆਂ ਲੀਹਾਂ ਪਾਈਆਂ। ਨਾਵਲ, ਕਹਾਣੀ, ਲੇਖ, ਨਿਬੰਧ, ਜੀਵਨੀਆਂ ਤੇ ਕਵਿਤਾਵਾਂ ਤੋਂ ਛੁੱਟ ਸਾਹਿਤ ਦੀ ਹਰ ਇਕ ਆਧੁਨਿਕ ਵੰਨਗੀ, ਜੋ ਹੋਂਦ ਵਿੱਚ ਆ ਚੁੱਕੀ ਸੀ, ਇਸ ਵਿਚ ਛਪਦੀ ਰਹੀ ਤੇ ਪਾਠਕਾਂ ਵਿੱਚ ਪ੍ਰਵਾਨ ਚੜ੍ਹਦੀ ਰਹੀ। ਇਹੋ ਰਚਨਾਵਾਂ ਮੁੜ ਕਿਤਾਬਾਂ ਦੀ ਸ਼ਕਲ ਵਿਚ ਅੱਜ ਤੱਕ ਸੁਰੱਖਿਅਤ ਹਨ।[290]

ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਸ਼ੁਰੂ ਹੋਈ ਪੱਤਰਕਾਰੀ ਨੂੰ ਵਿਚਾਰਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਠੇਠ ਪੰਜਾਬੀ ਪੱਤਰਕਾਰੀ ਨੂੰ ਸ਼ੁਰੂ ਕਰਨ ਅਤੇ ਇਸ ਨੂੰ ਸਮਕਾਲ ਦੇ ਹਾਣ ਦਾ ਬਨਾਉਣ ਕਰਨ ਵਿਚ ਸਿੰਘ ਸਭਾ ਲਹਿਰ ਨੇ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬੀ ਵਾਰਤਕ ਨੂੰ ਸ਼ੁੱਧ ਰੂਪ ਦੇਣ ਵਿਚ ਇਸ ਲਹਿਰ ਦੇ ਪੱਤਰਾਂ

---

[287] ਸਤਿੰਦਰ ਕੌਰ, *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਿਲਤ ਪੰਜਾਬੀ ਸਾਹਿਤ: ਸਰਵੇਖਣ ਅਤੇ ਮੁਲਾਂਕਣ,* ਪੰਨਾ 216.

[288] ਨਰਿੰਦਰ ਸਿੰਘ ਕਪੂਰ, *ਪੰਜਾਬੀ ਪੱਤਰਕਾਰੀ ਦਾ ਵਿਕਾਸ,* ਪੰਨਾ 85.

[289] ਮੇਘਾ ਸਿੰਘ, *ਪੰਜਾਬੀ ਪੱਤਰਕਾਰੀ ਦਾ ਇਤਿਹਾਸ,* ਪੰਨਾ 65.

[290] ਸਤਿੰਦਰ ਕੌਰ, *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਿਲਤ ਪੰਜਾਬੀ ਸਾਹਿਤ: ਸਰਵੇਖਣ ਅਤੇ ਮੁਲਾਂਕਣ,* ਪੰਨਾ 216.

ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਸਾਹਿਤ ਦੀਆਂ ਆਧੁਨਿਕ ਵੰਨਗੀਆਂ ਜਿਵੇਂ ਨਾਵਲ, ਨਾਟਕ, ਨਿੱਕੀ ਕਹਾਣੀ ਆਦਿ ਨੂੰ ਪਾਠਕਾਂ ਵਿਚ ਹਰਮਨ ਪਿਆਰਾ ਬਣਾਉਣ ਲਈ ਵੀ ਇਸ ਕਾਲ ਦੇ ਪੱਤਰਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

# ਸਾਰਾਂਸ਼

ਉਨ੍ਹੀਂਵੀ ਸਦੀ ਦੇ ਦੂਜੇ ਅੱਧ ਵਿਚ ਸ਼ੁਰੂ ਹੋਈ ਸਿੰਘ ਸਭਾ ਲਹਿਰ ਨੇ ਸਿੱਖ ਪੰਥ ਵਿਚ ਆਪਣੇ ਧਰਮ, ਪਰੰਪਰਾ ਅਤੇ ਸਿਧਾਂਤ ਪ੍ਰਤੀ ਜਾਗ੍ਰਿਤੀ ਪੈਦਾ ਕਰਨ ਲਈ ਅਹਿਮ ਰੋਲ ਅਦਾ ਕੀਤਾ ਹੈ। ਇਸ ਲਹਿਰ ਨੇ ਸਿੱਖ ਧਰਮ ਵਿਚ ਸਮੇਂ ਦੇ ਨਾਲ ਆ ਚੁੱਕੀ ਗਿਰਾਵਟ ਨੂੰ ਦੂਰ ਕਰਨ ਦੇ ਉਪਰਾਲੇ ਕੀਤੇ। ਸਿੱਖੀ ਦੇ ਸਿਧਾਂਤਕ ਪੱਖ ਨੂੰ ਸਪਸ਼ਟ ਕਰਦੇ ਹੋਏ ਅੰਮ੍ਰਿਤ ਅਤੇ ਅਨੰਦ ਕਾਰਜ ਦੀਆਂ ਰਸਮਾਂ ਦਾ ਪ੍ਰਚਾਰ ਕੀਤਾ। ਗੁਰਮਤਿ ਦੇ ਮੁੱਖ ਸੰਕਲਪਾਂ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਬਿਆਨ ਕੀਤਾ। ਗੁਰਮਤਿ ਮਰਯਾਦਾ ਜਿਸ ਤੋਂ ਸਿੱਖ ਅਵੇਸਲੇ ਹੋ ਰਹੇ ਸਨ, ਉਸ ਨੂੰ ਮੁੜ ਸੁਰਜੀਤ ਕਰਨ ਲਈ ਯਤਨ ਕੀਤੇ।

ਸਿੱਖ ਪਛਾਣ ਨੂੰ ਕਾਇਮ ਕਰਨ ਲਈ ਸਿੰਘ ਸਭਾ ਲਹਿਰ ਨੂੰ ਹਿੰਦੂ, ਮਸੀਹੀਅਤ, ਕਾਦੀਅਨ ਅਤੇ ਆਰੀਆ ਸਮਾਜ ਨਾਲ ਸਿਧਾਂਤਕ ਸੰਘਰਸ਼ ਕਰਨਾ ਪਿਆ। ਇਸ ਲਹਿਰ ਨੇ ਸਿੱਖਾਂ ਨੂੰ ਇਨ੍ਹਾਂ ਫਿਰਕਿਆਂ ਵਿਚ ਜ਼ਜਬ ਹੋਣ ਤੋਂ ਬਚਾਇਆ ਅਤੇ ਸਿੱਖੀ ਦੀ ਵੱਖਰੀ ਪਛਾਣ ਨੂੰ ਸਿਧਾਂਤਕ ਤੇ ਵਿਹਾਰਕ ਤੌਰ ’ਤੇ ਸਪਸ਼ਟ ਕੀਤਾ।

ਸਿੰਘ ਸਭਾ ਲਹਿਰ ਨੇ ਗੁਰਬਾਣੀ ਵਿਆਖਿਆ ਦੇ ਖੇਤਰ ਵਿਚ ਬਹੁਮੁੱਲਾ ਯੋਗਦਾਨ ਪਾਇਆ ਹੈ। ਇਸ ਲਹਿਰ ਤੋਂ ਪਹਿਲਾਂ ਜੋ ਗੁਰਬਾਣੀ ਵਿਆਖਿਆ ਹੋਈ ਉਸ ਉੱਪਰ ਵੇਦਾਂਤ ਦਾ ਪ੍ਰਭਾਵ ਸੀ। ਇਕ ਤੁੱਕ ਦੇ ਕਈ-ਕਈ ਅਰਥ ਕਰਨ ਅਤੇ ਬੇਲੋੜੀਆਂ ਮਿਥਿਹਾਸਕ ਉਥਾਨਕਾਵਾਂ ਦੇਣ ਦਾ ਰੁਝਾਨ ਸੀ। ਇਹ ਕਾਰਜ ਬ੍ਰਜ ਅਤੇ ਸਾਧ ਭਾਸ਼ਾ ਵਿਚ ਹੁੰਦਾ ਰਿਹਾ। ਅੰਗ੍ਰੇਜ਼ੀ ਭਾਸ਼ਾ ਵਿਚ ਟਰੰਪ ਨੇ ਜੋ ਕਾਰਜ ਕੀਤਾ ਉਹ ਵੀ ਸਿੱਖ ਵਿਸ਼ਵਾਸ਼ ਅਤੇ ਪਰੰਪਰਾ ਤੋਂ ਵਿਹੁਣਾ ਰਿਹਾ। ਇਸ ਵਿਚ ਗੁਰਬਾਣੀ ਦੇ ਮੂਲ ਭਾਵ ਨੂੰ ਸਮਝੇ ਬਿਨਾਂ ਗੁਰਬਾਣੀ ਦੇ ਗਲਤ ਅਰਥ ਕੀਤੇ ਗਏ। ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਟੀਕਾਕਾਰਾਂ ਨੇ ਸ਼ਬਦ ਜਾਂ ਸੰਪੂਰਨ ਬਾਣੀ ਦੀ ਅਗਲੀ ਪਿਛਲੀ ਰਚਨਾ ਨਾਲ ਸੰਬੰਧ ਦਸ ਕੇ ਟੀਕਾਕਾਰੀ ਕੀਤੀ। ਔਖੇ ਸ਼ਬਦਾਂ ਦੀਆਂ ਨਿਰੁਕਤੀਆਂ ਅਤੇ ਵਿਉਤਪਤੀਆਂ ਦੱਸ ਕੇ ਅਰਥ ਕੀਤੇ। ਔਖੇ ਸ਼ਬਦਾਂ ਨਾਲ ਸੰਬੰਧਿਤ ਵਾਕਫ਼ੀਅਤ ਜਨ ਸਾਧਾਰਨ ਦੀ ਬੋਲੀ ਵਿਚ ਪੇਸ਼ ਕਰਕੇ ਗੁਰਬਾਣੀ ਦੇ ਅਰਥ ਗੁਰਬਾਣੀ ਵਿਚੋਂ ਲੱਭਣ ਦੀ ਕੋਸ਼ਿਸ਼ ਕੀਤੀ। ਠੇਠ ਪੰਜਾਬੀ ਭਾਸ਼ਾ ਵਿਚ ਟੀਕੇ ਲਿਖਣ ਦੀ ਸ਼ੁਰੂਆਤ ਹੋਈ। ਇਕ ਤੁਕ ਦਾ ਇਕ ਅਰਥ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਉਥਾਨਕਾਵਾਂ ਸੰਖੇਪ ਰੂਪ ਵਿਚ ਦਰਜ ਕੀਤੀਆਂ ਗਈਆਂ। ਇਨ੍ਹਾਂ ਉਪਰਾਲਿਆਂ ਨੇ ਟੀਕਾਕਾਰੀ ਨੂੰ ਵਧੇਰੇ ਸਪਸ਼ਟ ਤੇ ਸਰਲ ਕੀਤਾ ਅਤੇ ਆਉਣ ਵਾਲੇ ਟੀਕਾਕਾਰਾਂ ਨੂੰ ਨਵੀਂ ਸੇਧ ਪ੍ਰਦਾਨ ਕੀਤੀ।

ਸਿੰਘ ਸਭਾ ਲਹਿਰ ਦੇ ਚਿੰਤਕਾਂ ਨੇ ਸਿੱਖ ਇਤਿਹਾਸ ਵਿਚ ਪ੍ਰਚਲਿਤ ਗ਼ਲਤ ਧਾਰਨਾਵਾਂ ਦੀ ਪੁਣ-ਛਾਣ ਕੀਤੀ ਅਤੇ ਸੁਣੀਆਂ-ਸੁਣਾਈਆਂ ਮਾਨਤਾਵਾਂ ਦਾ ਵਿਸ਼ਲੇਸ਼ਣ ਤੇ ਨਿਰੀਖਣ ਕੀਤਾ। ਸਿੱਖ ਇਤਿਹਾਸ ਵਿਚ ਰਲਗੱਡ ਹੋ ਚੁੱਕੇ ਤੱਥਾਂ ਦੀ ਨਿਸ਼ਾਨਦੇਹੀ ਕਰਦੇ ਹੋਏ ਸਿੱਖ ਇਤਿਹਾਸ ਨੂੰ ਗੁਰਮਤਿ ਅਨੁਸਾਰ ਪੇਸ਼ ਕਰਨ ਦਾ ਯਤਨ ਕੀਤਾ ਗਿਆ। ਇਸੇ ਸਮੇਂ ਦੌਰਾਨ ਸਿੱਖ ਇਤਹਾਸ ਨੂੰ ਵਾਰਤਕ ਰੂਪ ਵਿਚ ਪੇਸ਼ ਕਰਨ ਦੀ ਸ਼ੁਰੂਆਤ ਹੋਈ। ਗੁਰੂ

ਸਾਹਿਬਾਨ ਦੇ ਪ੍ਰਕਾਸ਼ ਸੰਬੰਧੀ ਮਿਤੀਆਂ ਦੀ ਖੋਜ-ਪੜਤਾਲ ਕਰਕੇ ਗੁਰਪ੍ਰਣਾਲੀਆਂ ਤਿਆਰ ਕੀਤੀਆਂ ਗਈਆਂ। ਪੁਰਾਤਨ ਇਤਿਹਾਸਕ ਸਰੋਤਾਂ ਦਾ ਸੰਪਾਦਨ ਕੀਤਾ ਗਿਆ। ਇਸ ਲਹਿਰ ਦੇ ਲੇਖਕਾਂ ਨੇ ਸਿੱਖ ਇਤਿਹਾਸ ਲਿਖਣ ਸਮੇਂ ਜਿੱਥੇ ਵਿਗਿਆਨਕ ਪਹੁੰਚ ਅਪਣਾਈ ਉੱਥੇ ਸਿੱਖ ਵਿਸ਼ਵਾਸ ਅਤੇ ਪਰੰਪਰਾ ਨੂੰ ਵੀ ਵਿਸਰਨ ਨਹੀਂ ਦਿੱਤਾ। ਭਾਈ ਵੀਰ ਸਿੰਘ ਵੱਲੋਂ ਲਿਖਿਆ ਚਮਤਕਾਰ ਸਾਹਿਤ ਇਸ ਦੀ ਸਪਸ਼ਟ ਉਦਾਹਰਨ ਹੈ।

ਸਿੰਘ ਸਭਾ ਲਹਿਰ ਦੇ ਸ਼ੁਰੂ ਹੋਣ ਤੱਕ ਜਾਤ-ਪਾਤ, ਛੂਤ-ਛਾਤ, ਨਸ਼ਾ, ਸਤੀ ਪ੍ਰਥਾ, ਪਰਦਾ ਪ੍ਰਥਾ, ਬਾਲ ਵਿਆਹ, ਕੁੜੀਆਂ ਨੂੰ ਜੰਮਦੇ ਮਾਰਨਾ ਅਤੇ ਹੋਰ ਅਨੇਕਾਂ ਸਮਾਜਿਕ ਕੁਰੀਤੀਆਂ ਸਿੱਖ ਸਮਾਜ ਦਾ ਅੰਗ ਬਣ ਗਈਆਂ ਸਨ। ਸਿੰਘ ਸਭਾ ਲਹਿਰ ਨੇ ਸਿੱਖ ਸਮਾਜ ਅੰਦਰ ਪ੍ਰਚਲਿਤ ਇਨ੍ਹਾਂ ਕੁਰੀਤੀਆਂ ਨੂੰ ਸੁਧਾਰਨ ਲਈ ਗੁਰਬਾਣੀ ਅਤੇ ਸਿੱਖ ਇਤਿਹਾਸ ਵਿਚੋਂ ਹਵਾਲੇ ਦੇ ਕੇ ਸਿੱਖਾਂ ਨੂੰ ਇਸ ਪ੍ਰਤੀ ਜਾਗਰੂਕ ਕੀਤਾ।

ਸਿੰਘ ਸਭਾ ਲਹਿਰ ਨੇ ਸਿੱਖਾਂ ਅੰਦਰ ਵਿੱਦਿਆ ਪ੍ਰਤੀ ਚੇਤਨਤਾ ਪੈਦਾ ਕੀਤੀ। ਇਸ ਲਹਿਰ ਨੇ ਅਨੇਕਾਂ ਸਕੂਲ-ਕਾਲਜ ਖੋਲ੍ਹੇ ਅਤੇ ਪਾਠ-ਪੁਸਤਕਾਂ ਤਿਆਰ ਕੀਤੀਆਂ। ਬਾਬਾ ਖੇਮ ਸਿੰਘ ਬੇਦੀ ਨੇ ਇਸਤਰੀਆਂ ਦੀ ਪੜ੍ਹਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਅਤੇ ਉਨ੍ਹਾਂ ਲਈ ਸਕੂਲ ਸ਼ੁਰੂ ਕੀਤੇ। ਇਸ ਮਨੋਰਥ ਲਈ ਸਿੱਖ ਰਿਆਸਤਾਂ ਦੇ ਹੁਕਮਰਾਨਾਂ ਅਤੇ ਸਿੱਖ ਸਰਦਾਰਾਂ ਦਾ ਮਿਲਵਰਤਨ ਤੇ ਸਹਾਇਤਾ ਪ੍ਰਾਪਤ ਕੀਤੀ ਗਈ। ਸਕੂਲਾਂ-ਕਾਲਜਾਂ ਵਿਚ ਪੰਜਾਬੀ ਬੋਲੀ ਲਾਗੂ ਕਰਵਾਈ ਗਈ। 1873 ਈ. ਤੋਂ ਪਹਿਲਾਂ ਸਿੱਖ ਪੰਜਾਬ ਅੰਦਰ ਦੂਸਰੀਆਂ ਕੌਮਾਂ ਦੇ ਮੁਕਾਬਲੇ ਸਭ ਤੋਂ ਘੱਟ ਪੜ੍ਹੇ ਲਿਖੇ ਸਨ। ਸਿੰਘ ਸਭਾ ਦੁਆਰਾ ਸ਼ੁਰੂ ਕੀਤੀ ਵਿੱਦਿਅਕ ਲਹਿਰ ਨਾਲ 1901 ਈ. ਤੱਕ ਸਿੱਖ ਸਭ ਤੋਂ ਵੱਧ ਪੜ੍ਹੇ-ਲਿਖੇ ਬਣ ਗਏ।

ਸਿੰਘ ਸਭਾ ਲਹਿਰ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਗੁਰੂ ਸਾਹਿਬਾਨ ਤੋਂ ਬਾਅਦ ਪਹਿਲੀ ਵਾਰ ਜਥੇਬੰਦ ਰੂਪ ਵਿਚ ਯਤਨ ਕੀਤੇ। ਇਸ ਲਹਿਰ ਨੇ ਪੰਜਾਬੀ ਮਾਧਿਅਮ ਰਾਹੀਂ ਵਿੱਦਿਆ ਦੇਣ ਦੇ ਯਤਨ ਕੀਤੇ। ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਵਿਚ ਸਾਹਿਤ ਸਿਰਜਨਾ ਕੀਤੀ। ਪੰਜਾਬੀ ਭਾਸ਼ਾ ਵਿਚ ਅਖ਼ਬਾਰ ਅਤੇ ਰਸਾਲੇ ਜਾਰੀ ਕੀਤੇ ਗਏ। ਇਸ ਨਾਲ ਪੰਜਾਬੀ ਦੇ ਵਿਦਿਆਰਥੀਆਂ ਅਤੇ ਪਾਠਕਾਂ ਵਿਚ ਆਪਣੀ ਭਾਸ਼ਾ ਪ੍ਰਤੀ ਜਾਗ੍ਰਿਤੀ ਪੈਦਾ ਹੋਈ ਤੇ ਪੰਜਾਬੀ ਨੂੰ ਯੋਗ ਮਾਣ ਹਾਸਿਲ ਹੋ ਸਕਿਆ। ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਠੇਠ ਪੰਜਾਬੀ ਵਾਰਤਕ ਦੀ ਸ਼ੁਰੂਆਤ ਹੋਈ। ਇਸ ਲਹਿਰ ਦੇ ਚਿੰਤਕਾਂ ਨੇ ਸਾਹਿਤ ਵਿਧਾ ਦੇ ਕਈ ਨਵੇਂ ਕਲਾ ਰੂਪ ਪੰਜਾਬੀ ਸਾਹਿਤ ਵਿਚ ਪੈਦਾ ਕੀਤੇ। ਇਸ ਕਾਲ ਵਿਚ ਟੀਕਾਕਾਰੀ, ਨਿਬੰਧਕਾਰੀ, ਜੀਵਨੀ, ਇਤਿਹਾਸਕ ਜੀਵਨੀਆਂ, ਆਲੋਚਨਾ, ਨਾਵਲ, ਕਹਾਣੀ, ਨਾਟਕ, ਇਕਾਂਗੀ, ਸਫ਼ਰਨਾਮਾ ਅਤੇ ਸਵੈ-ਜੀਵਨੀ ਆਦਿ ਰੂਪ ਵਿਚ ਬਹੁਤ ਸਾਹਿਤ ਰਚਨਾ ਹੋਈ। ਇਸ ਲਹਿਰ ਨੇ ਪੰਜਾਬੀ ਸਾਹਿਤ ਨੂੰ ਨਵੇਂ ਸਿਧਾਂਤ, ਕਲਾ ਰੂਪ ਅਤੇ ਵਿਸ਼ੇ ਉਪਲਬਧ ਕਰਵਾਏ। ਇਸ ਲਹਿਰ ਤੋਂ ਪਹਿਲਾਂ ਸਾਹਿਤ ਜਿੱਥੇ ਧਾਰਮਿਕ, ਅਧਿਆਤਮਿਕ, ਸਦਾਚਾਰਕ ਅਤੇ ਸਮਾਜਿਕ ਗੱਲਾਂ ਤੱਕ ਹੀ ਸੀਮਤ ਸੀ ਉੱਥੇ ਇਸ ਲਹਿਰ ਦੇ ਪ੍ਰਭਾਵ ਹੇਠ ਦਾਰਸ਼ਨਿਕ, ਵਿਗਿਆਨਿਕ, ਇਤਿਹਾਸਿਕ, ਗਣਿਤ, ਜੋਤਿਸ਼ ਅਤੇ ਭੂਗੋਲਿਕ ਗੱਲਾਂ ਵੀ ਕੀਤੀਆਂ ਗਈਆਂ।

ਸਿੰਘ ਸਭਾ ਲਹਿਰ ਨੇ ਪੰਜਾਬੀ ਦਾ ਛਾਪਾਖਾਨਾ ਸ਼ੁਰੂ ਕੀਤਾ ਅਤੇ ਪੰਜਾਬੀ ਪੱਤਰਕਾਰੀ ਦੀ ਨੀਂਹ ਰੱਖੀ। ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਖਾਲਸਾ ਟ੍ਰੈਕਟ ਸੁਸਾਇਟੀ ਕਾਇਮ ਕੀਤੀ। ਇਸ ਸੁਸਾਇਟੀ ਨੇ ਗੁਰਮਤ ਸਾਹਿਤ ਦੇ ਪ੍ਰਸਾਰ ਤੇ ਪੰਜਾਬੀ ਵਾਰਤਕ ਦੀ ਪ੍ਰਫੁਲਤਾ ਵਿਚ ਵੱਡਾ ਯੋਗਦਾਨ ਪਾਇਆ। ਛਾਪਖਾਨੇ ਦੀ ਸ਼ੁਰੂਆਤ ਅਤੇ ਟ੍ਰੈਕਟ ਸੁਸਾਇਟੀ ਦੀ ਸਥਾਪਨਾ ਨਾਲ ਟ੍ਰੈਕਟ ਛਾਪਣ ਵਿਚ ਕ੍ਰਾਂਤੀਕਾਰੀ ਬਦਲਾਅ ਆਇਆ। ਇਨ੍ਹਾਂ ਟ੍ਰੈਕਟਾਂ ਦੀ ਬੋਲੀ ਤੇ ਸ਼ੈਲੀ ਉੱਚ ਸਾਹਿਤਿਕ ਪੱਧਰ ਦੀ ਸੀ। ਭਾਈ ਵੀਰ ਸਿੰਘ ਭਾਰੀ ਗਿਣਤੀ ਵਿਚ ਟ੍ਰੈਕਟ ਲਿਖੇ। ਇਸ ਤਰ੍ਹਾਂ ਪੰਜਾਬੀ ਭਾਸ਼ਾ ਵਿਚ ਲਿਖਣ, ਛਾਪਣ ਤੇ ਪੜ੍ਹਨ ਦੀ ਮੰਗ ਵੱਧਦੀ ਗਈ ਅਤੇ ਪੰਜਾਬੀ ਭਾਸ਼ਾ ਉੱਪਰੋ ਬ੍ਰਜ, ਸੰਸਕ੍ਰਿਤ ਤੇ ਸਾਧਾ ਭਾਸ਼ਾ ਦਾ ਪ੍ਰਭਾਵ ਘਟਦਾ ਗਿਆ।

ਸਿੰਘ ਸਭਾ ਲਹਿਰ ਤੋਂ ਪਹਿਲਾਂ ਮਨਮਤਿ ਦੇ ਪ੍ਰਭਾਵ ਸਦਕਾ ਸਿੱਖ ਸਮਾਜ ਕੁਰੀਤੀਆਂ ਦਾ ਸ਼ਿਕਾਰ ਹੋ ਕੇ ਢਹਿੰਦੀਆਂ ਕਲਾਂ ਵਾਲੇ ਹਾਲਾਤ ਵਿਚ ਪਹੁੰਚ ਗਏ ਸਨ। ਸਿੰਘ ਸਭਾ ਲਹਿਰ ਨੇ ਅਜਿਹੇ ਸਮੇਂ ਸਿੱਖ ਪੰਥ ਦੀ ਅਗਵਾਈ ਕੀਤੀ ਜਦੋਂ ਕਿਸੇ ਧਾਰਮਿਕ ਜਾਂ ਰਾਜਨੀਤਿਕ ਆਗੂ ਦੀ ਅਣਹੋਂਦ ਵਿਚ ਸਿੱਖੀ ਚਾਰੇ ਪਾਸਿਆਂ ਤੋਂ ਘਿਰੀ ਹੋਈ ਸੀ। ਇਸ ਲਹਿਰ ਨੇ ਗੁਰੂ ਸਾਹਿਬਾਨ ਦੇ ਜੀਵਨ, ਗੁਰਬਾਣੀ ਅਤੇ ਅਧਿਆਤਮ ਵਿਚੋਂ ਸਿੱਖੀ ਦੇ ਸਹੀ ਮਾਰਗ ਦਾ ਪ੍ਰਚਾਰ ਕੀਤਾ ਅਤੇ ਸਿੱਖੀ ਉੱਪਰ ਹੋ ਰਹੇ ਸਿਧਾਂਤਕ ਹਮਲਿਆਂ ਦਾ ਖੰਡਨ ਕੀਤਾ। ਇਸ ਕਾਰਜ ਰਾਹੀਂ ਇਹ ਗੱਲ ਸਪਸ਼ਟ ਤੌਰ ’ਤੇ ਸਾਹਮਣੇ ਆਈ ਹੈ ਕਿ ਸਿੰਘ ਸਭਾ ਲਹਿਰ ਨੇ ਸਿੱਖੀ ਦੇ ਉਸੇ ਸਰੂਪ ਨੂੰ ਪੁਨਰ-ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ, ਜੋ ਗੁਰੂ ਸਾਹਿਬਾਨ ਨੇ ਸਥਾਪਿਤ ਕੀਤਾ ਸੀ। ਇਸ ਨਾਲ ਉਨ੍ਹਾਂ ਧਾਰਨਾਵਾਂ ਦਾ ਖੰਡਨ ਹੋ ਜਾਂਦਾ ਹੈ ਜੋ ਇਹ ਦਾਅਵਾ ਕਰਦੀਆਂ ਹਨ ਕਿ ਸਿੰਘ ਸਭਾ ਲਹਿਰ ਨੇ ਸਿੱਖੀ ਦੇ ਮੂਲ ਖਾਸੇ ਵਿਚ ਤਬਦੀਲੀ ਲਿਆ ਦਿੱਤੀ ਸੀ। ਜੇਕਰ ਸਿੰਘ ਸਭਾ ਲਹਿਰ ਨੇ ਸਿੱਖੀ ਦੀ ਵੱਖਰੀ ਪਛਾਣ ਨੂੰ ਉਭਾਰਨ ਦਾ ਜਤਨ ਕਾਇਮ ਕੀਤਾ। ਤਾਂ ਇਸ ਵਿਚ ਗਲਤ ਵੀ ਕੀ ਕੀਤਾ। ਸਿੱਖ ਧਰਮ ਦੀ ਵੱਖਰੀ ਪਛਾਣ ਤਾਂ ਗੁਰੂ ਸਾਹਿਬਾਨ ਨੇ ਸਥਾਪਿਤ ਕਰ ਦਿੱਤੀ ਸੀ। ਸਿੰਘ ਸਭਾ ਲਹਿਰ ਨੇ ਤਾਂ ਉਸ ਨੂੰ ਪੁਨਰ-ਸੁਰਜੀਤ ਕਰਨ ਲਈ ਯਤਨ ਕੀਤੇ। ਸਿੰਘ ਸਭਾ ਲਹਿਰ ਨੇ ਗੁਰਦੁਆਰਿਆਂ ਅੰਦਰ ਸਥਾਪਿਤ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦਾ ਵਿਰੋਧ ਕੀਤਾ। ਇਹ ਵੀ ਸਿੱਖ ਮਰਯਾਦਾ ਅਨੁਸਾਰ ਹੀ ਕੀਤਾ ਗਿਆ। ਗੁਰੂ ਸਾਹਿਬਾਨ ਦੇ ਜੀਵਨ ਅਤੇ ਗੁਰਬਾਣੀ ਦੇ ਅਧਿਐਨ ਤੋਂ ਸਪਸ਼ਟ ਹੈ ਕਿ ਸਿੱਖ ਧਰਮ ਵਿਚ ਹਿੰਦੂ ਦੇਵੀ-ਦੇਵਤਿਆਂ ਅਤੇ ਮੂਰਤੀ ਪੂਜਾ ਦੀ ਕੋਈ ਥਾਂ ਨਹੀਂ ਹੈ। ਸਿੰਘ ਸਭਾ ਲਹਿਰ ਨੇ ਸਤੀ ਪ੍ਰਥਾ, ਪਰਦਾ ਪ੍ਰਥਾ, ਕੁੜੀਆਂ ਨੂੰ ਜੰਮਦੇ ਮਾਰਨਾ ਅਤੇ ਬਾਲ ਵਿਆਹ ਵਰਗੀਆਂ ਕੁਰੀਤੀਆਂ ਦਾ ਵਿਰੋਧ ਕੀਤਾ ਅਤੇ ਅੰਤਰ-ਜਾਤਿ ਵਿਆਹ ਤੇ ਵਿਧਵਾ ਵਿਆਹ ਦਾ ਪ੍ਰਚਾਰ ਕੀਤਾ। ਸਿੱਖ ਪਰੰਪਰਾ ਵਿਚ ਕਿਤੇ ਵੀ ਸਤੀ ਪ੍ਰਥਾ, ਪਰਦਾ ਪ੍ਰਥਾ ਅਤੇ ਕੁੜੀਆਂ ਨੂੰ ਜੰਮਦੇ ਮਾਰਨ ਨੂੰ ਜਾਇਜ ਨਹੀਂ ਠਹਿਰਾਇਆ ਗਿਆ। ਸਗੋਂ ਗੁਰੂ ਨਾਨਕ ਦੇਵ ਜੀ ਨੇ ‘ਸੋ ਕਿਉ ਮੰਦਾ ਆਖਿਐ ਜਿਤੁ ਜੰਮਹਿ ਰਾਜਾਨ’ ਕਹਿ ਕੇ ਇਸਤਰੀ ਲਈ ਬਰਾਬਰਤਾ ਦੀ ਗੱਲ ਕੀਤੀ ਹੈ। ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿਚ ਸਤੀ ਪ੍ਰਥਾ ਵਰਗੀ ਕੁਰੀਤੀ ਦਾ ਖੰਡਨ ਕੀਤਾ ਹੈ। ਇਸ ਤਰ੍ਹਾਂ

ਸਿੰਘ ਸਭਾ ਲਹਿਰ ਨੇ ਸਿੱਖੀ ਦੇ ਉਸੇ ਸਰੂਪ, ਸਿਧਾਂਤ, ਮਰਯਾਦਾ ਅਤੇ ਸੰਸਥਾਵਾਂ ਦੀ ਪੁਨਰ-ਸੁਰਜੀਤੀ ਕੀਤੀ ਜਿਨ੍ਹਾਂ ਦੀ ਸਥਾਪਨਾ ਗੁਰੂ ਸਾਹਿਬਾਨ ਨੇ ਕੀਤੀ ਸੀ।

ਇਸ ਲਹਿਰ ਨੂੰ ਦਰਪੇਸ਼ ਚੁਣੌਤੀਆਂ ਅਤੇ ਪ੍ਰਾਪਤੀਆਂ ਦਾ ਅਧਿਐਨ ਕਰਨ ਤੋਂ ਬਾਅਦ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਸ ਲਹਿਰ ਨੇ ਬਰਤਾਨਵੀ ਅਧਿਕਾਰੀਆਂ ਨਾਲ ਆਪਣੇ ਅਸਰ ਰਸੂਖ ਨੂੰ ਸਿੱਖੀ ਦੇ ਹਿਤ ਲਈ ਵਰਤਿਆ ਹੈ। ਇਸ ਨੂੰ ਨਿਰੋਲ ਬਰਤਾਨਵੀ ਪੱਖੀ ਜਾਂ ਉਨ੍ਹਾਂ ਅਸਰ ਹੇਠ ਪੈਦਾ ਹੋਈ ਲਹਿਰ ਨਹੀਂ ਕਿਹਾ ਜਾ ਸਕਦਾ। ਇਸ ਲਹਿਰ ਦੀ ਸ਼ੁਰੂਆਤ ਤਾਂ ਸਿੱਖਾਂ ਵਿਚ ਆਏ ਨਿਘਾਰ ਅਤੇ ਧਰਮ ਪਰਿਵਰਤਨ ਦੇ ਰੁਝਾਨ ਦੇ ਪ੍ਰਤੀਕਰਮ ਵਜੋਂ ਹੋਈ ਸੀ। ਇਸ ਲਹਿਰ ਦੁਆਰਾ ਸਿੱਖਾਂ ਅੰਦਰ ਪੈਦਾ ਕੀਤੀ ਵਿੱਦਿਅਕ ਕ੍ਰਾਂਤੀ ਨੇ ਬਰਤਾਨਵੀ ਰਾਜ ਵਿਰੁਧ ਸ਼ੁਰੂ ਹੋਏ ਆਜ਼ਾਦੀ ਦੇ ਸੰਘਰਸ਼ ਵਿਚ ਬੀਜ ਦਾ ਕਾਰਜ ਕੀਤਾ ਹੈ। ਸਿੰਘ ਸਭਾ ਲਹਿਰ ਦੀ ਵੱਡੀ ਦੇਣ ਅਕਾਲੀ ਲਹਿਰ ਦੇ ਰੂਪ ਵਿਚ ਸਾਕਾਰ ਹੋਈ ਜਿਸ ਨੇ ਸ੍ਰੀ ਨਨਕਾਣਾ ਸਾਹਿਬ, ਜੈਤੋ, ਗੰਗਸਰ, ਗੁਰੂ ਕੇ ਬਾਗ ਅਤੇ ਪੰਜਾ ਸਾਹਿਬ ਆਦਿ ਗੁਰਧਾਮਾਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਬੇਮਿਸਾਲ ਸ਼ਹੀਦੀਆਂ ਦਿੱਤੀਆਂ। ਅੱਗੇ ਚੱਲ ਕੇ ਇਸੇ ਜਾਗ੍ਰਿਤੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਢ ਬੰਨ੍ਹਿਆ। ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਇਸ ਲਹਿਰ ਦਾ ਸਿੱਖੀ ਦੀ ਪੁਨਰ-ਸੁਰਜੀਤੀ ਵਿਚ ਮਹੱਤਵਪੂਰਨ ਸਥਾਨ ਹੈ। ਇਸ ਲਹਿਰ ਨੇ ਜਿੱਥੇ ਸਿੱਖਾਂ ਨੂੰ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਤੌਰ ’ਤੇ ਜਥੇਬੰਦ ਕੀਤਾ ਉੱਥੇ ਵਿੱਦਿਅਕ, ਭਾਸ਼ਾਈ ਅਤੇ ਕੌਮੀ ਪਛਾਣ ਦੇ ਤੌਰ ’ਤੇ ਸਿੱਖਾਂ ਵਿਚ ਜਾਗ੍ਰਿਤੀ ਪੈਦਾ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ।